ੴ ਸਤਿਗੁਰ ਪ੍ਰਸਾਦਿ॥

# ਸੰਤ ਬਿਮਲਾ ਸਿੰਘ

[ਪੂਰਬਾਰਧ]

ਭਾਈ ਸਾਹਿਬ ਭਾਈ ਵੀਰ ਸਿੰਘ

ਭਾਈ ਵੀਰ ਸਿੰਘ ਸਾਹਿਤ ਸਦਨ
ਨਵੀਂ ਦਿੱਲੀ-110 001

 www.sikhbookclub.com

Sant Bimla Singh (Vol. - I)

*Bhai Vir Singh*

© ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ

ਛੇਵੀਂ ਐਡੀਸ਼ਨ : ਜੁਲਾਈ, 2005

**<u>ਛਪਾਈ ਦਾ ਵੇਰਵਾ</u>**

| | | |
|---|---|---|
| ਪਹਿਲੀ | ਵਾਰ | ਮਾਰਚ, ੧੯੭੪ |
| ਦੂਜੀ | " | ਜੂਨ, ੧੯੮੩ |
| ਤੀਜੀ | " | |
| ਚੌਥੀ | " | ਜਨਵਰੀ, ੧੯੮੭ |
| ਪੰਜਵੀਂ | " | ਦਸੰਬਰ, ੨੦੦੪ |
| ਛੇਵੀਂ | " | ਜੁਲਾਈ, ੨੦੦੫ (Computerized) |

*ਪ੍ਰਕਾਸ਼ਕ :*

ਭਾਈ ਵੀਰ ਸਿੰਘ ਸਾਹਿਤ ਸਦਨ

ਭਾਈ ਵੀਰ ਸਿੰਘ ਮਾਰਗ

ਨਵੀਂ ਦਿੱਲੀ

*ਪ੍ਰਿੰਟਰ :*

ਭਾਈ ਵੀਰ ਸਿੰਘ ਪ੍ਰੈਸ

ਭਾਈ ਵੀਰ ਸਿੰਘ ਮਾਰਗ

ਨਵੀਂ ਦਿੱਲੀ

ਮੁੱਲ : 130/- ਰੁਪਏ



www.sikhbookclub.com

੧ੳੰ ਸ੍ਰੀ ਵਾਹਿਗੁਰੂ ਜੀ ਕੀ ਫਤਹ॥

# ਮੁੱਢਲੀ ਬੇਨਤੀ

"**ਸੁਭਾਗ** ਜੀ ਦਾ ਸੁਧਾਰ ਹੱਥੀਂ ਬਾਬਾ ਨੌਧ ਸਿੰਘ" ਰਚਨਾ ਵਿਚ, ਉਸ ਦੇ ਪਰਮ ਸਤਿਕਾਰ ਯੋਗ ਲੇਖਕ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨੇ ਕਿਰਤੀ ਗ੍ਰਿਹਸਤੀ ਸਿਖ ਜੀਵਨ ਦਾ ਆਦਰਸ਼ ਮੂਰਤੀਮਾਨ ਕੀਤਾ ਹੈ। ਜਿਸ ਵਿਚ ਦੱਸਿਆ ਹੈ ਕਿ ਬਾਬਾ ਨੌਧ ਸਿੰਘ ਸਰਬੱਤ ਦੇ ਭਲੇ ਵਿਚ, ਸਰਬੱਤ ਦੀ ਹਮਦਰਦੀ ਭਰਿਆ ਤੇ ਸਰਬੱਤ ਦੀ ਸੇਵਾ ਸਹਾਇਤਾ ਵਿਚ ਤਤਪਰ ਨਾਮ ਜਪਦਾ, ਧਰਮ ਦੀ ਕਿਰਤ ਕਰਦਾ ਤੇ ਵੰਡ ਛਕਦਾ ਕਿਵੇਂ ਜੀਵਨ ਬਸਰ ਕਰਦਾ ਹੈ। ਇਹ ਵਰਣਨ ਐਸਾ ਮੋਹਨਹਾਰ ਪੈਰਾਏ ਵਿਚ ਹੈ ਜੋ ਪਾਠਕ ਨੂੰ ਐਸਾ ਜੀਵਨ ਜੀਉਣ ਦੀ ਪ੍ਰੇਰਨਾ ਤੇ ਉਤਸ਼ਾਹ ਅਵੱਸ਼ ਬਖਸ਼ਦਾ ਹੈ ਤੇ ਹਾਂ, ਸਤਿਕਾਰ ਯੋਗ ਲੇਖਕ ਜੀ ਦੀ ਇਹ ਲਾਲਸਾ ਸਹੀ ਹੁੰਦੀ ਹੈ ਕਿ ਜੇ ਐਸੇ ਸਰਵ ਸੁਖਦਾਈ ਜੀਵਨ ਦਾ ਜਗਤ ਭਾਈਚਾਰੇ ਵਿਚ ਵਾਧਾ ਹੁੰਦਾ ਰਹੇ ਤਾਂ ਜਗਤ ਦੇ ਚੋਖੇ ਦੁਖ ਕਲੇਸ਼ ਘਟਾਏ ਜਾ ਸਕਦੇ ਹਨ।

ਹਾਂ, ਉਸ ਰਚਨਾਂ ਵਿਚ ਤਾਂ ਕਿਰਤੀ ਗ੍ਰਿਹਸਤੀ ਸਿਖ ਜੀਵਨ ਦਾ ਆਦਰਸ਼ ਮੂਰਤੀਮਾਨ ਹੋਇਆ ਹੈ ਤੇ ਇਸ "ਸੰਤ ਬਿਮਲਾ ਸਿੰਘ" ਰਚਨਾਂ ਵਿਚ ਸਿਖ ਉਪਦੇਸ਼ਟਾ, ਜੋ ਚਾਹੋ ਵਿਰਕਤ ਹੈ ਚਾਹੋ ਅਤੀਤ, ਉਸਦਾ ਆਦਰਸ਼ ਦਰਸਾਇਆ ਹੈ, ਜੋ ਬੀ ਜਗਤ ਦੇ ਕੰਡੇ ਸਮੇਟਣ ਦੇ ਤਰੱਦਦ ਵਿਚ ਚੱਕ੍ਰਵਰਤੀ ਜੀਵਨ ਅਪਣਾਕੇ ਥਾਂ ਥਾਂ ਤੇ ਵਿਚ੍ਰਦਾ ਗੁਰਸਿਖੀ, ਗੁਰਮਤਿ, ਗੁਰਬਾਣੀ ਤੇ ਗੁਰੂ ਜੀਵਨਾਂ ਦੀ ਰੌਸ਼ਨੀ ਵਿਚ ਸਰਵ ਸੁਖਦਾਈ ਮਾਨਵ ਜੀਵਨ ਦੀ ਸੁਸਿਖਯਾ ਤੇ ਪ੍ਰੇਰਨਾ ਦਿੰਦਾ ਹੈ।

ਪਰਮ ਸਤਿਕਾਰ ਯੋਗ ਭਾਈ ਸਾਹਿਬ ਜੀ ਇਸੇ ਪੁਸਤਕ ਵਿਚ ਇਕ ਥਾਂਵੇਂ ਲਿਖਦੇ ਹਨ :--

"ਸਾਡਾ ਮਾਰਗ ਹੈ ਤਾਂ ਗ੍ਰਿਹਸਤ ਉਦਾਸ ਦਾ, ਪਰ ਸਾਡੇ ਵਿਚ ਵਿਰਕਤ ਹੋਣਾ ਯਾ ਅਤੀਤ ਹੋਣਾ ਯਾ ਡੇਰੇਦਾਰ ਹੋਣਾ ਖਾਸ ਹਾਲਤਾਂ ਵਿਚ ਕਿਸੇ ਗਲ ਦੀ ਮਨਾਹੀ ਨਹੀਂ, ਪਰ ਅਤੀਤਾਂ ਤੇ ਵਿਰਕਤਾਂ ਲਈ ਆਦਰਸ਼ ਬੜਾ ਕਠਨ ਤੇ ਉੱਚਾ ਹੈ, ਜੋ ਉਸ ਉੱਚ ਅਵਸਥਾ ਨੂੰ ਅੱਪੜਦੇ ਨਹੀਂ, ਓਹ ਨਾ ਅਪਣਾ ਜੀਵਨ ਸਫਲਾ ਕਰ ਸਕਦੇ ਹਨ, ਨਾਂ ਉਨ੍ਹਾਂ ਦੇ ਨਮੂਨੇ ਤੋਂ ਨਾਂ ਉਨ੍ਹਾਂ ਦੇ ਉਪਦੇਸ਼ਾਂ ਤੋਂ ਜਗਤ ਸੁਖੀ ਹੁੰਦਾ ਹੈ। ਤਿਵੇਂ ਜੋ ਗ੍ਰਿਹਸਤ ਵਿਚ ਰਹਿਕੇ ਨਾਮ ਬਾਣੀ ਤੋਂ ਵਿਰਵੇ ਹਨ, ਸ਼ੁਭ ਆਚਰਣੀ ਨਹੀਂ, ਘਾਲ ਕੋਈ ਨਹੀਂ ਕਰਦੇ, ਮੋਹ ਮਾਇਆ ਵਿਚ ਵਿਚਰਦੇ ਹਨ ਤੇ ਫੇਰ ਜਗਤ ਨੂੰ ਉਪਦੇਸ਼ ਕਰਦੇ ਹਨ, ਉਹ ਉਪਦੇਸ਼ ਕਰਤਾ ਕਿ ਉਪਦੇਸ਼ਟਾ ਨੈਣਾਂ ਤੋਂ ਵਿਰਵੇ ਤੇ ਕੰਨਾਂ ਤੋਂ ਬੋਲੇ ਹਨ। ਐਸਾ ਗ੍ਰਿਹਸਤ ਵਿਚ ਬੈਠਾ ਉਪਦੇਸ਼ਕ ਅਗਯਾਨ ਵਿਚ ਬਰੜਾ ਰਿਹਾ ਹੈ ਤੇ ਉਪਦੇਸ਼ਜੀ ਸੁਣਦਾ ਹੋਇਆ ਨਹੀਂ ਸੁਣ ਰਿਹਾ। ਦੋਹਾਂ ਦੇ ਅਮਲ ਅਗਯਾਨ ਵਸ਼ ਹਨ, ਕਲਯਾਨ ਦਾ ਫਲ ਉਨ੍ਹਾਂ ਨੂੰ ਨਹੀਂ ਪੈਂਦਾ।"

*(ਪੰਨਾ ੨੨੧-੨੨*

ਸੋ ਉਪਦੇਸ਼ਟਾ ਜੋ ਚਾਹੇ ਵਿਰਕਤ ਹੈ ਤੇ ਚਾਹੇ ਗ੍ਰਿਹਸਤੀ ਯਾ ਡੇਰੇਦਾਰ ਹੋਕੇ ਜੀਵਨ ਜੀਉ ਰਿਹਾ ਹੈ ਉਸ ਲਈ ਇਹ ਪੁਸਤਕ ਸੁਜਾਖੇ ਤੇ ਚੈਤੰਨ ਉਪਦੇਸ਼ਟਾ ਬਣਨ ਦਾ ਸੁਚੱਜਾ ਰਾਹ ਦਰਸਾਉਂਦੀ ਤੇ ਅਗੁਵਾਈ ਕਰਦੀ ਹੈ।

ਇਸ ਸੰਚਯ ਵਿਚ ਭਾਈ ਸਾਹਿਬ ਜੀ ਰਚਿਤ ੧੧ ਲੇਖ ਦਿੱਤੇ ਗਏ ਹਨ, ਜੋ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਪੁਰਬਾਂ ਪਰ ਸਮੇਂ ਸਮੇਂ ਲਿਖੇ ਗਏ ਤੇ ਪ੍ਰਚਾਰਿਤ ਹੋਏ। ਇਨ੍ਹਾਂ ਵਿਚ ਸੰਤ

 www.sikhbookclub.com

ਬਮਲਾ ਸਿੰਘ ਜੀ ਨੂੰ ਐਸੇ ਹੀ ਗੁਰ ਨਾਨਕ ਅਵਤਾਰ ਪੁਰਬਾਂ ਪਰ ਅਨੇਕ ਥਾਂਈਂ ਵਿਚਰਦੇ ਕਥਾ ਵਾਰਤਾ ਕਰਦੇ ਤੇ ਸੰਗਤਾਂ ਵਲੋਂ ਕੀਤੇ ਗਏ ਸੰਸੇ ਮਈ ਪ੍ਰਸ਼ਨਾ ਦੇ ਉਤਰ ਦਿੰਦੇ ਤੇ ਗੁਰਮਤ ਦੀ ਸਹੀ ਰੋਸ਼ਨੀ ਪ੍ਰਦਾਨ ਕਰਦੇ ਦਰਸਾਇਆ ਗਿਆ ਹੈ। ਏਹ ਸੰਸੇ ਤੇ ਸ਼ੱਕ ਐਸੇ ਨਹੀਂ ਜੋ ਵਕਤੀ ਸੰਸੇ ਕਹੇ ਜਾਣ ਪਰ ਐਸੇ ਸੰਸੇ ਅਨੇਕ ਸਮਿਆਂ ਵਿਚ ਹੋਏ, ਹੁੰਦੇ ਹਨ ਤੇ ਅਗੋਂ ਹੁੰਦੇ ਰਹਿਣਗੇ। ਇਨ੍ਹਾਂ ਲੇਖਾਂ ਨੂੰ ਇਕ ਸੰਚਯ ਵਿਚ ਕਰਨ ਦਾ ਸਤਿਕਾਰਯੋਗ ਲੇਖਕ ਜੀ ਦਾ ਨਿਜੀ ਮਨਸ਼ਾ ਬੀ ਸੀ, ਤਾਂ ਕਿ ਜੋ ਨੁਕਤੇ ਇਨ੍ਹਾਂ ਵਿਚ ਵੀਚਾਰਾਂ ਹੇਠ ਆਏ ਤੇ ਹੱਲ ਕੀਤੇ ਗਏ ਹਨ, ਓਹ ਆਉਣ ਵਾਲੇ ਸਮਿਆਂ ਦੇ ਸੰਸੇ ਕਰਤਾਵਾਂ ਨੂੰ ਬੀ ਸਹਿਲੇ ਉਤਰ ਦੇਕੇ ਮਾਨਸਿਕ ਤਸੱਲੀਆਂ ਪ੍ਰਦਾਨ ਕਰਦੇ ਰਹਿਣ। ਸੋ ਇਸ ਦਾ ਪ੍ਰਕਾਸ਼ਨ ਉਨ੍ਹਾਂ ਦੀ ਮਨਸ਼ਾ ਅਧੀਨ ਹੀ ਹੈ।

ਇਸ ਸੰਚਯ ਵਿਚ ਆਏ ਸਾਰੇ ਲੇਖ ਗੁਰੂ ਨਾਨਕ ਅਵਤਾਰ ਪੁਰਬਾਂ ਪਰ ਲਿਖੇ ਗਏ ਹੀ ਲੇਖ ਹਨ। ਜੋ ਲੇਖ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅਵਤਾਰ ਪੁਰਬਾਂ ਪਰ ਇਸੇ ਰੋਸ਼ਨੀ ਵਿਚ ਲਿਖੇ ਗਏ ਹਨ ਓਹ ਇਸੇ ਪੁਸਤਕ ਦੇ ਦੂਜੇ ਭਾਗ ਵਿਚ, ਗੁਰੂ ਮਿਹਰ ਹੇਠ, ਛੇਤੀ ਹੀ ਸੰਗ੍ਰਹੀਤ ਕੀਤੇ ਜਾਣਗੇ।

ਬਿਨੈਕਾਰ ਦਾਸ
ਮਹਾਂ ਸਿੰਘ

੩੦ ਮਾਰਚ ੧੯੭੪

## ਛੇਵੀਂ ਐਡੀਸ਼ਨ

ਦੂਜੀ ਤੋਂ ਪੰਜਵੀਂ ਐਡੀਸ਼ਨ ਸਭ ਪਹਿਲੀ ਐਡੀਸ਼ਨ ਦੀਆਂ ਹੀ ਨਕਲਾਂ ਸਨ। ਇਹ ਛੇਵੀਂ ਐਡੀਸ਼ਨ ਕਮਪਯੂਟਰਾਈਜ਼ (Computerize) ਕੀਤੀ ਗਈ ਹੈ। ਜਿਥੋ ਤਕ ਹੋ ਸਕਿਆ ਹੈ ਆਪਣੇ ਵਲੋਂ ਪੂਰੀ ਕੋਸ਼ਿਸ਼ ਕੀਤੀ ਹੈ ਕਿ ਗੁਰਬਾਣੀ ਸੋਧੀ ਜਾਵੇ ਤੇਂ ਨਾਲ ਨਾਲ ਉਸਦੀ ਰੈਫ਼ਰੈਂਸ (Refrence) ਵੀ ਦਿੱਤੀ ਜਾਵੇ। ਪਾਠਕ ਜਨ ਕ੍ਰਿਪਾ ਕਰਕੇ ਜਿਥੇ ਕ਼ੋਈ ਗ਼ਲਤੀ ਯਾ ਹੋਰ ਕੋਈ ਤ੍ਰੁਟੀ ਦੇਖਨ ਤਾਂ ਭਾਈ ਵੀਰ ਸਿੰਘ ਸਾਹਿਤ ਸ੍ਹਦਨ ਨੂੰ ਲਿਖ ਭੇਜਨ। ਅਸੀਂ ਦਿਲੋਂ ਧੰਨਵਾਦੀ ਹੋਵਾਂਗੇ।

ਭਾਈ ਵੀਰ ਸਿੰਘ ਸਾਹਿਤ ਸਦਨ

ਦਸੰਬਰ, ੨੦੦੪


www.sikhbookclub.com

# ਲੇਖ ਸੂਚੀ


| ਲੇਖ | ਵੀਚਾਰਿਤ ਨੁਕਤੇ ਤੇ ਹਵਾਲੇ | ਪੰਨਾ |
|---|---|---|
| ੧. ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦੂਸਰੇ ਅਵਤਾਰ ਦੀ ਕਥਾ। | ਸੰਤ ਜੀ ਦਾ ਮੁੱਢਲਾ ਜੀਵਨ। ਗੁਰੂ ਨਾਨਕ ਦੇਵ ਜੀ ਦੇ ਤਪ ਤੇ ਧਾਣਕ ਰੂਪ ਧਾਰਨ ਦਾ ਭਾਵ। | ੧ |
| ੨. ਅਰਸ਼ੀ ਪਰਉਪਕਾਰੀ | ਉਤਮ ਉਦਾਸੀ। ਏਕਾਂਤ। ਦਾਨ ਅਧਿਕਾਰੀ। ਪਰਉਪਕਾਰ। ਦਯਾ। ਗ੍ਰਿਹਸਤ ਉਦਾਸ। | ੩੬ |
| ੩. ਭਾਈ ਮਾਲੋ ਤੇ ਭਾਈ ਮਾਂਗਾ | ਰਾਗੀਆਂ ਕਥਾਕਾਰਾਂ ਨੂੰ ਸੁਸਿਖਜਾ। ਦੇਹਧਾਰੀ ਪਖੰਡੀ ਆਗੂਆਂ ਤੋਂ ਬਚਾਉ। ਵਿਸ਼ਵਾਸ਼। ਬੰਗਾਲੀ ਰਿਖੀ ਸੁਰੇਦਰ ਨਾਥ। ਸੰਤ ਰਾਮ ਸ਼ਰਣ। ਬੁੰਦਿਆਂ ਵਾਲੇ ਸੰਤ ਤੇ ਛਾਲੋਣੇ ਵਾਲੇ ਬਾਬਾ ਜੀ। | ੫੯ |
| ੪. ਭਾਈ ਭੂਮੀਆਂ | ਇਨਸਾਨੀ ਭੁੱਲ। ਜੀਵਨ ਅਜੀਵਨ ਸੰਗਮ। ਮੋਤੀ ਚੂਰ ਜੰਗਲ। ਅਸਲੀ ਗ੍ਰਹਣ ਤੇ ਤਿਆਗ। ਸਿਮਰਨ ਤੇ ਸੱਚ ਦੀ ਧਾਰਨਾ। | ੭੭ |
| ੫. ਬਿਹਾਰ ਤੇ ਬੰਗਾਲ ਯਾਤ੍ਰਾ | ਅਸਲ ਚੁੱਪ। ਅਸਲ ਬੋਲਣਾ। ਅਸਲ ਸੁਣਨਾ। ਬਿਹਾਰ ਬੰਗਾਲ ਦੇ ਪ੍ਰਸਿਧ ਨਗਰਾਂ ਵਿਚ ਗੁਰ ਨਾਨਕ ਯਾਤ੍ਰਾ ਦੇ ਸਮਾਚਾਰ। | ੧੦੩ |
| ੬. ਗੋਸ਼ਟ ਮਛੰਦਰ ਨਾਥ | ਸੰਸਾਰ ਵਾਕ ਰਚਨਾ। ਭੋਗਾਂ ਦੀ ਨਿਸ਼ਫਲਤਾ। ਉੱਦਮ। ਸੱਚੀ ਪਰਮ ਆਪੇ ਦੀ ਟੇਕ। ਮਾਨ ਪ੍ਰਤਿਸ਼ਠਾ ਟੇਕ ਦੀ ਨਿਸ਼ਫਲਤਾ। ਫੈਲਸੂਫ ਫਕੀਰ ਨਾਲ ਗੋਸ਼ਟ। ਜੀਵਨ। ਮਰਨਾ। ਆਸਾ ਵਿਚ ਨਿਰਾਸ਼ਾ। ਗ੍ਰਿਹਸਤ ਉਦਾਸ। | ੧੨੧ |
| ੭. ਪੀੜਾ-ਹਰਨ ਦਾਤਾ | ਅਰਦਾਸ ਦਾ ਰੂਪ, ਲੋੜ ਤੇ ਲਾਭ। ਨਿਆਂ ਤੇ ਰਹਿਮ। ਭਗਤੀ ਸਾਂਈ ਦੇ ਨੇੜੇ ਤੇ ਅਭਗਤੀ ਦੂਰ ਕਿਵੇਂ? ਨੇਕੀ ਸਰੀਰਕ ਸਫਲਤਾ ਹੈ। ਲੋੜ ਦੇ ਨੁਸਖੇ ਮਾਇਆ ਦੇ ਨੋਟ। ਰਬ ਹੈ ਚਾਹੇ ਦਿਸਦਾ ਨਹੀਂ। | ੧੩੭ |
| ੮. ਪਿਆਰਾਂ ਦਾ ਸਾਂਈ | ਕੀਰਤਨ- ਇਸ ਦਾ ਗੁਣ ਤੇ ਅਸਰ। ਵਿਸਮਾਦ ਦਸ਼ਾ। ਆਪੇ ਦਾ ਸੁਖ। ਹਉਮੈ ਰੋਗ। ਬਾਣੀ ਦੇ ਲਾਭ। ਪ੍ਰੇਮ। ਸਿਫਤ ਸਾਲਾਹ। ਗੁਰੂ ਨਾਨਕ ਕਰਨੀ। ਅਕਲ, ਭਾਵ ਤੇ ਵਲਵਲਾ। ਪ੍ਰੇਮ ਖਿੱਚ। | ੧੬੯ |
| ੯. ਗੁਰੂ ਨਾਨਕ ਦੇਵ ਜੀ ਦੀ ਤਾਲੀਮ | ਹਮਦਰਦੀ। ਸਾਂਈਂ ਦੀ ਯਾਦ। ਸਰਬੱਤ ਦਾ ਭਲਾ। ਮੁਕਤੀ। ਪ੍ਰੇਮ ਤੇ ਨਫਰਤ,ਦੁਖ ਦਾਰੂ। ਆਪਾ ਕੋਹੂ ਸਾਧਨ। ਵਾਸ਼ਨਾ ਦਮਨ, ਸੈਲਫ ਡਿਸਿਪਲਿਨ। ਅਰਦਾਸ। ਗੁਰਮੁਖ ਜੀਵਨ। ਜਪ, ਤਪ, ਸੰਜਮ ਹਠ। ਸਤਿਸੰਗ। ਸੰਤ ਭੋਲਾ ਸਿੰਘ ਜੀ ਦਾ ਮੁੱਢਲਾ ਜੀਵਨ। | ੧੯੯ |
| ੧੦. ਭਾਈ ਸੋਮਾ (ਸਾਧੂ ਸੰਗ) | ਸਤਿਸੰਗ। ਸਾਧੂ ਸੰਗ ਦੇ ਗੁਣ। 'ਪਿੰਗਲ ਪਰਬਤ ਪਾਰਿ-ਪਰੇ' ਸ਼ਬਦ ਦੀ ਵਜਾਖਜਾ ਗੁਰ ਨਾਨਕ ਜੀਵਨ ਦੀਆਂ ਸਾਖੀਆਂ ਨਾਲ। | ੨੨੨ |
| ੧੧. ਕਿਰਤਾਰਥ ਜੀਵਨ। | ਰਜ਼ਾਈ ਦੀ ਰਜ਼ਾ ਵਿਚ ਰਾਜ਼ੀ ਹੋਣ ਦੀ ਔਧੀ। ਨਿਆਂ ਤੇ ਰਹਿਮ। ਹੁਕਮ ਤੇ ਕਰਮ। ਈਮਾਨਦਾਰੀ। ਪਾਪ ਪੁੰਨ ਕਰਮਾਂ ਦਾ ਪ੍ਰੇਰਕ। ਭੇਖੀਆਂ ਦੀ ਦਸ਼ਾ। ਕ੍ਰਿਤਾਂਰਥ ਅਵਸਥਾ। | ੨੩੮ |


 www.sikhbookclub.com

੧ੴ ਸਤਿਗੁਰ ਪ੍ਰਸਾਦਿ॥

# ਸੰਤ ਬਿਮਲਾ ਸਿੰਘ

ਭਾਗ ੧

## ੧. ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦੂਸਰੇ ਅਵਤਾਰ ਦੀ ਕਥਾ*।

{ ਸੰਤ ਜੀ ਦਾ ਮੁੱਢਲਾ ਜੀਵਨ। ਗੁਰੂ ਨਾਨਕ ਦੇਵ ਜੀ ਦਾ ਤਪ ਤੇ ਧਾਣਕ ਰੂਪ ਦਾ ਭਾਵ।

੧

ਹੈ 'ਹਿਸਾਬੀ' ਆਖਦਾ "ਮੈਂ ਕਰ ਹਿਸਾਬਾਂ ਸਾਰੀਆਂ",
"ਕਿਧਰੇ ਤੇਰੇ ਮਹਬੂਬ ਦੇ ਡਿੱਠੇ ਨਕਸ਼ ਨਾ ਧਾਰੀਆਂ।"
ਲੈਕੇ ਫ਼ੀਤੇ ਅਕਲ ਦੇ ਕਰਦਾ ਫਿਰੇ ਹੈ ਮਿਣਤੀਆਂ,
ਖੋਜਦਾ ਤੇ ਭਾਲਦਾ ਦਿਲ,-ਲਾਕੇ ਟੁੱਭੀ ਤਾਰੀਆਂ।
ਸੌਂ ਰਹੇ ਗਾਫ਼ਲ ਕਈ ਸਿਰਦਰਦੀਆਂ ਸਭ ਛੱਡ ਕੇ,
ਮਾਣ ਮੌਜਾਂ ਕੁਛ ਰਹੇ ਦੁਨੀਆਂ ਨੇ ਹਨ ਜੁ ਖਿਲਾਰੀਆਂ।
ਹਾਇ! ਸਾਨੂੰ ਰਮਜ਼ ਕੇਹੀ ਗ਼ੈਬ ਤੋਂ ਹੈ ਪੈ ਗਈ,
ਖੁਲ੍ਹ ਪਈਆਂ ਹਨ ਸਾਹਮਣੇ ਸਾਡੇ ਕਿਤਾਬਾਂ ਨਜਾਰੀਆਂ।
ਸੁਹਲ ਵਰਕਿਆਂ ਵਾਲੜਾ ਦਫ਼ਤਰ ਗੁਲਾਬਾਂ ਖੁਹਲਿਆ,
ਨਕਸ਼ ਹਰ ਵਰਕੇ ਪਏ ਤੇ ਖ਼ਤ ਤੇ ਪਈਆਂ ਧਾਰੀਆਂ।
ਜੀਉਂਦਾ ਵਰਕਾ ਹੈ ਲਿਖਿਆ, ਹੈ ਜੋ ਸੋਸਨ ਪੰਖੜੀ,
ਲਿਖੀ ਇਸਤੇ ਲਿਖਤ ਜੀਉਂਦੀ, ਲਿਖੀ ਜ਼ੁਗੈਬ ਲਿਖਾਰੀਆਂ।
ਨਕਸ਼ ਹੈ, ਹਾਂ ਰੂਪ ਹੈ, ਹਾਂ ਜਿੰਦ ਹੈ, ਹਾਂ ਆਪ ਹੈ,
ਲਪਟ ਹੈ ਤੇਰੀ ਪਿਆਰੇ ! ਕਰ ਰਹੀ ਦਿਲਦਾਰੀਆਂ।
ਦੇਖਕੇ ਇਕ ਵੇਰ ਤੈਨੂੰ ਫਸ ਗਏ ਇਸ ਘੇਰ ਵਿਚ,
ਨੈਣ ਨਕਸਾਂ ਨੇ ਫੜੇ, ਸੈਨਤ ਨੇ ਹੋਸ਼ਾਂ ਮਾਰੀਆਂ।

ਅੰਮ੍ਰਿਤ ਵੇਲਾ ਹੈ, ਘੜਿਆਲੀ ਨੇ ਤ੍ਰਿਪਹਿਰੇ ਮਗਰੋਂ ਹੋਰ ਦੋ ਘੜੀਆਂ ਵਜਾ ਦਿੱਤੀਆਂ ਹਨ। ਇਕ ਨਿੱਕਾ ਜੇਹਾ ਬਗੀਚਾ ਹੈ। ਵਿਚਾਲੇ ਕੱਚਾ ਥੜਾ ਹੈ, ਪਰ ਸਾਫ ਸੁਥਰਾ ਲਿੱਪਿਆ ਪੁਚਿਆ ਹੈ। ਇਸ ਦੇ ਦੁਆਲੇ ਤ੍ਰੈ ਗਜ਼ ਮੁਰੱਬਾ ਦਾ ਇਕ ਕੋਠਾ ਹੈ। ਇਸਦਾ ਬੂਹਾ ਖੁਲ੍ਹਿਆ, ਅੰਦਰੋਂ ਇਕ

---

* ਇਹ ਲੇਖ ਗੁਰਪੁਰਬ ਕੱਤਕ ਪੂਰਨਮਾਸ਼ੀ ਸੰ: ਗੁ: ਨਾ: ਸਾ: ੪੬੫(੨ ਨਵੰਬਰ ੧੯੩੩) ਨੂੰ ਖਾ: ਟ੍ਰੈ: ਸੁਸਾਇਟੀ ਦੇ ਟ੍ਰੈਕਟ ਨੰ: ੬੯੦, ੬੯੧ ਰਾਹੀਂ ਸੰਗਤਾਂ ਵਿਚ ਪ੍ਰਚਾਰਿਤ ਹੋਇਆ ਸੀ।


www.sikhbookclub.com

ਸੁਹਣੇ ਲੰਮੇ ਪਤਲੇ ਸਿੰਘ ਜੀ ਗਾਉਂਦੇ ਗਾਉਂਦੇ ਬਾਹਰ ਨਿਕਲੇ, ਅਸਮਾਨਾਂ ਵਲ ਤੱਕੇ, ਚੰਦ ਵਲ ਝਾਤ ਪਾਈ, ਮੁਸਕ੍ਰਾਏ ਤੇ ਆਪੇ ਨਾਲ ਬੋਲੇ :— ਵਾਹ ਵਾਹ ਕੁਦਰਤ ! ਮੇਰੇ ਕਾਦਰ ਦੀ ਪਿਆਰੀ ! ਮੇਰੇ ਕਾਦਰ ਦੀ ਲਿਖਿਤ !...ਮਨਾਂ ! ਦੁਨੀਆਂ ਰੰਗਾਂ ਵਿਚ ਹੈ, ਮੌਜਾਂ ਵਿਚ ਹੈ, ਪਦਾਰਥਾਂ ਦੇ ਆਨੰਦ ਲੈ ਰਹੀ ਹੈ। ਕੋਈ ਹਾਲ ਮਸਤ ਹੈ, ਕੋਈ ਮਾਲ ਮਸਤ ਹੈ, ਕੋਈ ਭਾਲ ਮਸਤ ਹੈ, ਕੋਈ ਗ਼ਾਫਲ ਹੈ, ਕੋਈ ਅਕਲਾਂ ਨਾਲ ਖਨ ਖਨ ਕੇ ਦੁਨੀਆਂ ਖੋਜ ਖੋਜ ਕੇ ਆਖਦਾ ਹੈ 'ਕੁਛ ਨਹੀਂ ਹੈ'। ਦਾਨੇ ਤੇ ਅਨਜਾਨੇ ਸਾਰੇ ਗ਼ਾਫ਼ਲ ਹਨ। ਹੇ ਮੇਰੇ ਕਾਦਰ ! ਤੂੰ ਤਾਂ ਪਰਤੱਖ ਹੈਂ। ਜ਼ਾਹਿਰ ਹੈਂ। ਹਾਜ਼ਰਾ ਹਜ਼ੂਰ ਹੈਂ!

ਵਾਹ ਵਾਹ ਭਾਗ ! ਸਾਨੂੰ ਪਿੰਡ ਦਾਦਨ ਖਾਂ ਤੋਂ ਸਾਡੇ ਹੀ ਪਿੰਡ ਦੇ ਜੈਨ ਸਾਧੂ ਸ੍ਵਾਮੀ ਆਤਮਾ ਰਾਮ ਦੇ ਸੰਗ ਨੇ ਕੱਢਿਆ। ਆਪ ਵੀ ਪਿੰਡ ਦਾਦਨ ਖਾਂ ਦੇ ਸਨ। ਆਪ ਦੇ ਸੰਗ ਨੇ ਸਾਨੂੰ ਜੈਨ ਮਾਰਗ ਦੀਆਂ ਕਠਨ ਸਾਧਨਾਂ ਤੇ ਸੰਜਮਾਂ ਵਿਚ ਪਾਇਆ। ਸਾਧਨ ਕਰ ਕਰ ਲਿੱਸੇ ਪਤਲੇ ਤੇ ਉਦਾਸ ਹੋ ਗਏ ਪਰ ਹੱਥ ਕਿਤੇ ਨਾ ਪਿਆ। ਸੁਹਣੇ ਮੰਦਰ ਤਾਂ ਮਿਲੇ ਪਰ ਆਪਾ ਕੁਹਾ ਕੁਹਾ ਘਾਲਾਂ ਨੇ ਥਕਾ ਦਿੱਤਾ, ਸੋ ਅਸੀਂ ਇਨ੍ਹਾਂ ਤੋਂ ਬੀ ਉਦਾਸ ਹੋਏ। ਜੋਗੀਆਂ ਵਿਚ ਜਾ ਰਲੇ। ਜੋਗ ਕੀਤੇ, ਹਠ ਪਾਲੇ, ਬ੍ਰਤ ਰੱਖੇ, ਨਿਉਲੀ ਆਦਿ ਕਰਮ ਕੀਤੇ। ਜੋਗ ਦਾ ਸਿਖਿਆ ਦਾਤਾ ਕਹੇ ਤੇਰੇ ਤਪ ਕਰਨ ਦੀ ਥਾਂਵੇਂ ਏਕਾਂਤ ਕਾਫੀ ਨਹੀਂ ਹੈ। ਸੋ ਫੇਰ ਏਕਾਂਤ ਢੂੰਡਦੇ ਅਸੀਂ ਭਰਥਰੀ ਹਰੀ ਦੇ ਤਪੋਥਾਨ ਪਹੁੰਚੇ। ਤਾਲ ਦਾ ਕਿਨਾਰਾ, ਭਰਥਰੀ ਦੀ ਗੁਫਾ, ਹਾਂ ਜਿਸ ਨੇ ਰਾਜ ਛਡਕੇ ਜੋਗ ਕੀਤਾ ਉਸਦੀ ਜੋਗ ਗੁਫਾ। ਏਥੇ ਤਪ ਕਰਦਿਆਂ ਨੂੰ, ਹਾਇ ! ਸਿਖਯਾ ਦਾਤੇ ਨੇ ਕਿਹਾ ਏਥੇ ਬੀ ਏਕਾਂਤ ਕਾਫੀ ਨਹੀਂ। ਸੋ ਅਸੀਂ ਅਚਲ ਗੜ੍ਹੇ ਦੇ ਉਪਰ ਚੜ੍ਹੇ, ਭਾਰੀ ਚਿਟਾਨ ਦੇ ਵਿਚ ਗੋਪੀ ਚੰਦ ਦੀ ਗੁਫਾ ਮਿਲੀ। ਇਸਤੋਂ ਵਧ ਨਿਰਜਨ ਥਾਂ ਕਿਹੜਾ ਹੋਵੇ। ਪੰਜ ਬਰਸ ਏਥੇ ਰਹੇ, ਰੱਜ ਰੱਜਕੇ ਸਾਧਨ ਕੀਤੇ, ਦਿਲ ਟਿਕੇ, ਸ਼ੂਨ ਵਰਤੇ ਪਰ ਖਬਰੇ ਕੀਹ ਢੂੰਡਦੇ ਸਾਂ, ਦਿਲ ਜੋਗ ਸਾਧਨਾਂ ਨਾਲ ਨਾ ਤ੍ਰਿਪਤਿਆ। ਇਕ ਦਿਨ ਗੁਫਾ ਵਿਚੋਂ ਨਿਕਲ ਕੇ ਉੱਪਰ ਚਿਟਾਨ ਦੇ ਧੁਰ ਸਿਖਰੇ ਐਨ ਗੁਫਾ ਦੇ ਉੱਪਰ ਚੜ੍ਹੇ। ਇਥੇ ਇਕ ਮਕਾਨ ਹੈ, ਢੱਠਾ, ਪਤਾ ਕੀਤਾ। ਪਤਾ ਲਗਾ ਕਿ ਰਾਣਾ ਤੇ ਰਾਣੀ ਕੁੰਭਾ ਦਾ ਮਹਲ ਹੈ। ਵਾਹ ਮਨਾਂ ! ਰਾਣੇ ਦਾ ਹਾਲ ਸੁਣਕੇ ਮਨ ਨੇ ਕਿਹਾ : ਦੇਖ ! ਏਸ ਬਨ ਵਿਚ ਤ੍ਰੈ ਆਏ, ਤ੍ਰੈਏ ਰਾਜੇ। ਭਰਥਰੀ ਨੂੰ ਵੈਰਾਗ ਹੋਇਆ ਇਸਤ੍ਰੀ ਦੀ ਮੌਤ ਤੋਂ*। ਗੋਪੀਚੰਦ ਨੂੰ ਵੈਰਾਗ ਹੋਇਆ ਮਾਂ ਦੀ ਮੱਤ ਨਾਲ। ਦੁਇ ਜਗਤ ਨੂੰ ਦੁਖ ਰੂਪ ਜਾਣਕੇ ਜਗਤ ਤੋਂ ਨੱਸੇ। ਕਈ ਤਰ੍ਹਾਂ ਦੇ ਤਪ ਹਠ ਕੀਤੇ। ਅੰਤ ਏਥੇ ਆਕੇ ਏਕਾਂਤ ਸੇਵੀ। ਭਰਥਰੀ ਨੇ ਵੈਰਾਗ ਸ਼ੱਤਕ ਲਿਖਿਆ। ਗੋਪੀਚੰਦ ਨੇ ਚੁੱਪ ਦਾ ਨਕਸ਼ ਏਸੇ ਗੁਫਾ ਤੇ ਖਿੱਚਿਆ। ਤੀਜੇ ਆਏ ਕੁੰਭਾ ਜੀ ਰਾਣੀ ਸਣੇ, ਗੁਜਰਾਤ ਦੇ ਮੁਸਲਮਾਨ ਹਮਲਾ ਆਵਰਾਂ ਤੋਂ ਜਾਨ ਬਚਾਉਣ। ਇਹ ਬੀ ਮਾਯਾ ਤੋਂ ਨੱਠੇ। ਪਰ ਕੇਹੜੀ ਮਾਯਾ ? ਜੋ ਰਾਜ ਭਾਗ ਖੋਹਣ ਆਈ ਸੀ। ਏਹ ਸਨ ਪ੍ਰਜਾ ਪਾਲਕ। ਇਨ੍ਹਾਂ ਨੂੰ ਮਾਯਾ ਭਰਥਰੀ ਤੇ ਗੋਪੀ ਚੰਦ ਵਰਗੀ ਕੌੜੀ ਨਹੀਂ ਲੱਗੀ, ਐਨਾਂ ਕਸ਼ਟ ਪਾਕੇ ਬੀ ਜੋਗੀ ਨਹੀਂ ਬਣੇ, ਇਨ੍ਹਾਂ ਦੇ ਅੰਦਰ ਕੁਛ ਪਿਆਰ ਮਾਯਾ ਦਾ, ਕੁਛ ਦਰਦ ਪਰਜਾ ਦਾ ਸੀ। ਚਾਹ ਸੀ ਕਿ ਜਿੰਦ ਬਚੇ, ਜਦੋਂ ਜ਼ਾਲਮ ਮੁੜੇ ਤਾਂ ਫੇਰ ਪਰਜਾ ਪਾਲਾਂ। ਸੋ ਤ੍ਰੈਏ ਵਖੋ ਵੱਖ ਖਿਆਲਾਂ ਤੋਂ ਏਥੇ ਆਏ। ਹੇ ਮਨ ! ਤੂੰ ਕੀਹ ਕਰਨ ਆਯਾ ਹੈਂ? ਨਾਂ ਮਾਂ ਨੇ ਤੋਰਿਆ ਨਾ ਇਸਤ੍ਰੀ ਦੇ ਵਿਯੋਗ ਨੇ, ਨਾ ਜ਼ਾਲਮ ਦੇ ਜ਼ੁਲਮ ਨੇਂ, ਨਾ ਪ੍ਰਜਾ ਦੇ ਪਿਆਰ ਨੇ। ਇਕ ਸਾਧੂ ਦਾ ਸੰਗ ਘਰੋਂ ਲੈ ਤੁਰਿਆ ਤੇ ਆਹ ਦਿਨ ਆ ਗਏ। ਮੈਂ ਏਕਾਂਤ ਵਾਸੀ ਤਾਂ ਹਾਂ, ਜੋਗੀ ਬੀ

* ਕਈ ਕਹਿੰਦੇ ਹਨ ਇਸਤ੍ਰੀ ਦੇ ਮਾੜੇ ਆਚਰਨ ਤੋਂ। ਵਿਸਥਾਰ ਲਈ ਦੇਖੋ ਭਰਥਰੀ ਹਰੀ ਜ਼ੀਵਨ ਤੇ ਨੀਤੀ ਸ਼ੱਤਕ ਜੋ ਭਾਈ ਵੀਰ ਸਿੰਘ ਸਾਹਿਤ ਸਦਨ ਤੋਂ ਮਿਲਦਾ ਹੈ।


www.sikhbookclub.com

ਹਾਂ, ਸਾਧਕ ਬੀ ਹਾਂ, ਪਰ ਕੀਹ ਮੈਂ ਇਨ੍ਹਾਂ ਪੱਥਰਾਂ ਤੋਂ ਕੁਛ ਵੱਧ ਹੋ ਗਿਆ ਹਾਂ, ਜੋ ਵਿਚੋਂ ਪੁਲਾੜੇ ਹੋਕੇ ਗੁਫਾ ਬਣਕੇ ਮੈਨੂੰ ਮੀਂਹ, ਠੰਢ, ਧੁੱਪ ਤੋਂ ਆਸਰਾ ਦੇ ਰਹੇ ਹਨ। ਹੇ ਮੇਰੇ ਮਨ ! ਤੂੰ ਫੇਰ ਉਦਾਸੀ ਖਾਧੀ। ਗੁਫਾ ਤੋਂ ਉਦਾਸੀ, ਜਿਥੇ ਉਦਾਸੀ ਜਾਂਦੇ ਹਨ। ਸੋ ਹੁਣ ਫੇਰ ਟੁਰਿਆ। ਵਸ਼ਿਸ਼ਟ ਜਾ ਡੇਰੇ ਲਾਏ, ਗਊ ਮੁਖ ਦਾ ਨਿਰਮਲ ਜਲ, ਆਸ਼੍ਰਮ ਦਾ ਠੰਢਾ ਥਾਂ, ਮੂਰਤੀਆਂ ਦੀ ਪੂਜਾ। ਥੋੜੇ ਦਿਨ ਏਹ ਬੀ ਰੰਗ ਡਿੱਠਾ ਪਰ ਚਿੱਤ ਇਸ ਨਿਰਜਨ ਤਪੋਭੂਮੀ ਤੋਂ ਬੀ ਉਦਾਸ ਹੋ ਗਿਆ। ਹੇਠਾਂ ਉਤਰਿਆ ਪਰਬਤ ਤੋਂ ਨਾਥ ਦੁਆਰੇ ਹੁੰਦਾ ਹੋਇਆ ਬਨਾਰਸ ਆਯਾ। ਮੇਰੇ ਕ੍ਰਿਸ਼ ਤਨ ਤੇ ਤਪ ਤੇ ਮੇਰੇ ਟਿਕਾਉ ਤੱਕਕੇ ਲੋਕਾਂ ਸਨਮਾਨ ਦਿੱਤਾ, ਪਰ ਮੇਰਾ ਮਨ ਸੱਖਣਾ ਸੀ, ਉਦਾਸ ਸੀ। ਫਿਰਦੇ ਫਿਰਾਂਦੇ ਇਕ ਦਿਨ ਨੌਵੇਂ ਗੁਰਾਂ ਦੇ ਦੁਆਰੇ ਜਾ ਅਲਖ ਜਗਾਈ ਮਧੂਕਰੀ ਵਾਸਤੇ, ਲੰਗਰ ਤਾਂ ਤਿਆਰ ਨਹੀਂ ਸੀ ਪਰ ਕੋਈ ਪਾਠ ਕਰ ਰਿਹਾ ਸੀ; ਕੁਛ ਪਤਾ ਨਹੀਂ ਸੀ ਕਾਹਦਾ ? ਮੈਂ ਸੁਣਿਆ, ਬੈਠ ਗਿਆ : ਹਾਂ ਉਹ ਕੀ ਪਾਠ ਸੀ :—

*ਪਾਠੁ ਪੜਿਓ ਅਰੁ ਬੇਦੁ ਬੀਚਾਰਿਓ ਨਿਵਲਿ ਭੁਅੰਗਮ ਸਾਧੇ॥ ਪੰਚ ਜਨਾ ਸਿਉ ਸੰਗੁ ਨ ਛੁਟਕਿਓ ਅਧਿਕ ਅਹੰਬੁਧਿ ਬਾਧੇ॥੧॥ ਪਿਆਰੇ ਇਨ ਬਿਧਿ ਮਿਲਣੁ ਨ ਜਾਈ ਮੈ ਕੀਏ ਕਰਮ ਅਨੇਕਾ॥ ਹਾਰ ਪਰਿਓ ਸੁਆਮੀ ਕੈ ਦੁਆਰੈ ਦੀਜੈ ਬੁਧਿ ਬਿਬੇਕਾ॥ ਰਹਾਉ॥ ਮੋਨਿ ਭਇਓ ਕਰ ਪਾਤੀ ਰਹਿਓ ਨਗਨ ਫਿਰਿਓ ਬਨ ਮਾਹੀ। ਤਟ ਤੀਰਥ ਸਭ ਧਰਤੀ ਭ੍ਰਮਿਓ ਦੁਬਿਧਾ ਛੁਟਕੈ ਨਾਹੀਂ॥੨॥ ਮਨ ਕਾਮਨਾ ਤੀਰਥ ਜਾਇ ਬਸਿਓ ਸਿਰਿ ਕਰਵਤ ਧਰਾਏ॥ ਮਨ ਕੀ ਮੈਲੁ ਨ ਉਤਰੈ ਇਹ ਬਿਧਿ ਜੇ ਲਖ ਜਤਨ ਕਰਾਏ॥੩॥ ਕਨਿਕ ਕਾਮਿਨੀ ਹੈਵਰ ਗੈਵਰ ਬਹੁ ਬਿਧਿ ਦਾਨੁ ਦਾਤਾਰਾ॥ ਅੰਨ ਬਸਤ੍ਰ ਭੂਮਿ ਬਹੁ ਅਰਪੇ ਨਹ ਮਿਲੀਐ ਹਰਿ ਦੁਆਰਾ॥੪॥ ਪੂਜਾ ਅਰਚਾ ਬੰਦਨ ਡੰਡਉਤ ਖਟੁ ਕਰਮਾ ਰਤੁ ਰਹਤਾ॥ ਹਉ ਹਉ ਕਰਤ ਬੰਧਨ ਮਹਿ ਪਰਿਆ ਨਹ ਮਿਲੀਐ ਇਹ ਜੁਗਤਾ॥੫॥ ਜੋਗ ਸਿਧ ਆਸਣ ਚਉਰਾਸੀਹ ਏ ਭੀ ਕਰਿ ਕਰਿ ਰਹਿਆ॥ ਵਡੀ ਆਰਜਾ ਫਿਰਿ ਫਿਰਿ ਜਨਮੈ ਹਰਿ ਸਿਉ ਸੰਗੁ ਨ ਗਹਿਆ॥੬॥ ਰਾਜ ਲੀਲਾ ਰਾਜਨ ਕੀ ਰਚਨਾ ਕਰਿਆ ਹੁਕਮੁ ਅਫਾਰਾ॥ ਸੇਜ ਸੋਹਨੀ ਚੰਦਨੁ ਚੋਆ ਨਰਕ ਘੋਰ ਕਾ ਦੁਆਰਾ॥੭॥ ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ॥ ਕਹੁ ਨਾਨਕ ਤਿਸੁ ਭਇਓ ਪਰਾਪਤਿ ਜਿਸੁ ਪੁਰਬ ਲਿਖੇ ਕਾ ਲਹਣਾ॥੮॥ ਤੇਰੋ ਸੇਵਕੁ ਇਹ ਰੰਗਿ ਮਾਤਾ॥ ਭਇਓ ਕ੍ਰਿਪਾਲੁ ਦੀਨ ਦੁਖ ਭੰਜਨੁ ਹਰਿ ਹਰਿ ਕੀਰਤਨਿ ਇਹੁ ਮਨੁ ਰਾਤਾ॥ ਰਹਾਉ ਦੂਜਾ॥੧॥੩॥* (ਸੋਰਠਿ ਮ: ੫-੬੪੧)

ਵਾਹ ਵਾਹ ! ਮੈਂ ਨਿਰਾਸ ਨੂੰ ਇਕ ਨਵੀਂ ਆਸ ਫੁੱਟ ਪਈ। ਕਿ ਹੈਂ, ਹਠਾਂ ਤਪਾਂ ਤੋਂ ਛੁੱਟ ਕੁਛ ਹੋਰ ਬੀ ਹੈ। ਪੁੱਛਿਆ ਇਹ ਕੀ ਹੈ ? ਪਤਾ ਲੱਗਾ—ਆਪਣੇ ਹੀ ਵਤਨ ਦੀ ਅੰਮ੍ਰਿਤ ਗੰਗਾ ਹੈ। ਕੌਣ ਪੜ੍ਹਦਾ ਸੀ ? ਇਕ ਗ੍ਰਿਹਸਤੀ। ਖਯਾਲ ਆਇਆ ਕਿ ਗ੍ਰਿਹਸਤੀ ਤਾਂ ਮੋਹ ਵਿਚ ਖਚਿਤ ਹੁੰਦਾ ਹੈ ! ਇਸ ਨੂੰ ਕੌਣ ਪੁੱਛੇ ? ਫਿਰ ਪਤਾ ਕੀਤਾ ਕਿ ਸੰਤ ਬੀ ਕੋਈ ਇਸ ਅੰਮ੍ਰਿਤ ਗੰਗਾ ਦਾ ਪੁਜਾਰੀ ਇਸ ਨਗਰੀ ਵਿਚ ਹੈ ? ਤਾ ਨਿਰਮਲ ਟਿਕਾਣੇ ਦਾ ਪਤਾ ਲੱਗਾ। ਮੈਂ ਉਥੇ ਪੁੱਜਾ। ਕੋਈ ਸੰਤ ਪਾਠ ਕਰਦਾ ਸੀ, ਭਗਵੇ ਵੇਸ, ਵੈਰਾਗੀ, ਵਿਰੱਕਤ: ਉਸ ਤੋਂ ਮੈਂ ਪਾਠ ਸੁਣਿਆਂ। ਹੁਣ ਮੈਨੂੰ ਖੁਸ਼ੀ ਹੋਈ ਕਿ ਤਯਾਗੀ ਹੋਕੇ ਮੈਨੂੰ ਗ੍ਰਿਹਸਤੀ ਅਗੇ ਨਿਉਣ ਦੀ ਲਾਜ ਨਾ ਝੱਲਣੀ ਪਈ। ਸੰਤ ਤੋਂ ਪਾਠ ਸੁਣਿਆ। ਰੋਜ਼ ਸੁਣਿਆ। ਫਿਰ ਤਾਂ ਮੈਂ ਉਥੇ ਹੀ ਟਿਕ ਗਿਆ। ਸੁਣਾਂ, ਰੋਜ਼ ਸੁਣਾਂ। ਆਖਾਂ ਕਦੇ

ਸੁਣਨੋਂ ਕੰਨ ਸੱਖਣੇ ਨਾ ਰਹਿਣ। ਸੁਣਦਿਆਂ ਸੁਣਦਿਆਂ ਕਦੇ ਕੋਈ ਓਥੇ ਕੋਈ ਦਾਤਾ ਜੀ ਆ ਗਏ। ਮੈਨੂੰ ਆਖਣ ਲੱਗੇ:-'ਘਾਲਾਂ ਘਾਲਕੇ ਜੋ ਆਪਾ ਧੁਪਦਾ ਹੈ, ਧੋਤੇ ਨੂੰ ਰੰਗ ਚਾੜ੍ਹੀਦਾ ਹੈ।'' ਮੈਂ ਕਿਹਾ 'ਤਰਸਦਾ ਹਾਂ, ਪਰ ਰੰਗ ਕਿਵੇਂ ਚੜ੍ਹੇ ?' ਆਪ ਬੋਲੇ 'ਕੁਦਰਤ ਦਾ ਕਾਦਰ ਹੈ, ਕੁਦਰਤ ਵਿਚ ਵਸਦਾ ਹੈ। ਹਰ ਰੰਗ, ਹਰ ਰੂਪ ਵਿਚੋਂ ਪੱਤ ਪੱਤ, ਡਾਲ ਡਾਲ, ਫੁੱਲ ਫੁੱਲ, ਫਲ ਫਲ ਵਿਚੋਂ ਸੈਨਤਾਂ ਮਾਰਦਾ ਹੈ, ਦੇਖ !' ਮੈਂ ਅਗੋਂ ਕਿਹਾ 'ਕਿੱਥ ਦੇਖਾਂ?' ਆਖਣ ਲੱਗੇ। ''ਉਹ ਹੈ', ਯਾਦ ਰਖ ਕਿ 'ਹੈ'। 'ਉਹ ਪ੍ਰੇਮ ਹੈ', ਯਾਦ ਰੱਖ ਕਿ ਤੈਨੂੰ 'ਪਿਆਰ ਕਰਦਾ ਹੈ'। ਉਹ 'ਆਨੰਦ' ਹੈ ਤੇ 'ਆਨੰਦ ਦਾਤਾ' ਹੈ, ਯਾਦ ਰੱਖ ਕਿ ਤੂੰ 'ਉਸਦੀ ਆਨੰਦ ਛਹਿਬਰ' ਵਿਚ ਬੈਠਾ ਹੈਂ। ਬੱਸ ਐਉਂ ਭਾਂਡਾ ਸਿੱਧਾ ਹੋ ਜਾਏਗਾ, ਅੰਮ੍ਰਿਤ ਪਵੇਗਾ।'' ਮੈਂ ਕਿਹਾ, 'ਕੋਈ ਮੋਟੀ ਗਲ ਦੱਸੋ'। ਆਖਣ ਲੱਗੇ, ਕਹੁ 'ਵਾਹਿਗੁਰੂ'। ਮੈਂ ਕਿਹਾ 'ਵਾਹਿਗੁਰੂ'। ਮੇਰਾ ਕਹਿਣਾ ਸੀ ਕਿ ਕੁਛ ਆਇਆ, ਜੋ ਅੱਗੇ ਕਦੇ ਨਹੀਂ ਸੀ ਆਇਆ, ਸੁਆਦ ਸੁਆਦ ਮੇਰੇ ਲੂੰ ਕੁਛ ਛਿੜੇ, ਅੱਖਾਂ ਵਿਚ ਕੁਛ ਹੋਇਆ। ਜਿੰਦ ਕੁਛ ਪੰਘਰੀ ਹੋਈ ਲੱਗੇ। ਆਖਣ ਲੱਗੇ :-

*ਕਹੁ ਵਾਹਿਗੁਰੂ*

ਮੈਂ ਫੇਰ ਕਿਹਾ। ਕਹਿਣ ਲੱਗੇ 'ਕਹਿੰਦਾ ਰਹੁ'। 'ਕਹਿੰਦਾ ਜਾਹ'। 'ਏਹ ਹਈ ਦਿਲ ਨੂੰ ਹੁਲਾਰਾ ਦੇਕੇ ਜਿੰਦ ਪਾਉਣ ਵਾਲੀ ਤੇ ਉਮਾਹ ਦੀ ਜਿੰਦ ਭਰਕੇ ਸੁਹਣੇ ਜਗਤ ਦੇ ਅਸਲੇ ਵਲ ਧੂ ਲਿਜਾਣ ਵਾਲੀ, ਜੀਉਂਦੀ ਤਾਂਘ, -'ਤਾਂਘ ਜਿੰਦ'। ਬਸ ਮਿਲੇਂਗਾ, ਵੇਖੇਂਗਾ ਨਕਸ਼ ਹਰ ਰੰਗੇ ਹਰ ਜਾਈ, ਫੇਰ ਖਿੜੇਂਗਾ।'

ਸੱਚ ਕਿਹਾ ਸੀ ਦਾਤਾ ਨੇ। ਮੈਂ ਤਪਾਂ ਅਠਾਂ ਨਾਲ ਸੰਗ ਮਰਮਰ ਵਾਂਙੂ ਨਿਰਮਲ ਤੇ ਚਿੱਟਾ ਤਾਂ ਹੋ ਗਿਆ ਸਾਂ, ਪਰ ਸਾਂ ਨਿਰਜਿੰਦ। ਇਸ ਸੰਗਤ ਨਾਲ ਹੋ ਗਿਆ ਜੀਉਂਦਾ ਜਾਗਦਾ ਕੰਵਲ ਫੁਲ। ਹੁਣ ਸੁਆਦ ਆਇਆ ਏਕਾਂਤ ਦਾ। ਤਦ ਤੋਂ ਏਕਾਂਤ ਸੁਆਦ ਦੇਂਦੀ ਹੈ। ਹੇ ਮਨ ਮੇਰੇ ! ਹੁਣ ਤੂੰ ਕਿਹਾ ਆਰਾਮ ਨਾਲ ਅੰਦਰ ਬੈਠਾ ਸੈਂ। ਕੈਸਾ ਸੁਖੀ ਹੋਇਆ ਹੈਂ ਬਾਹਰ ਆਕੇ ਏਸ ਏਕਾਂਤ ਰਾਤ ਵਿਚ। ਦਾਤਾ ! ਪਿਆਰਾ ! ਮੇਰਾ ਖੁਸ਼ਬੂ ਰੂਪ-ਮਾਲਕ **'ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ'** ਉਹ ਮੇਰੇ ਘਟ ਵਿਚ ਹੈ, ਕੀਕੂੰ ਮਿਲ ਰਿਹਾ ਹੈ ਮੇਰੇ ਆਪੇ ਨਾਲ ! ਵਾਹ ਵਾਹ ! ਪਰ ਹਾਂ, ਮਨ ! ਫੜੀ ਰਖ, ਗਹੁ ਕਰਕੇ ਫੜੀ ਰਖ :-

*'ਬਾਰੰਬਾਰ ਬਾਰ ਪ੍ਰਭੁ ਜਪੀਐ॥ ਪੀ ਅੰਮ੍ਰਿਤ ਇਹੁ ਮਨੁ ਤਨੁ ਧ੍ਰਪੀਐ॥'* (ਸੁਖਮਨੀ)

ਧੰਨ ਨਾਮੀ, ਧੰਨ ਮਾਲਕ, ਧੰਨ ਪਿਆਰਾ ਵਾਹਿਗੁਰੂ, ਧੰਨ ਨਾਮ ! ਲੈ ਮਨ ਹੁਣ ਤਖਤਪੋਸ਼ ਤੇ ਬੈਠਕੇ ਆਰਾਮ ਲੈ।

ਇਹ ਮਨ ਵਿੱਚ ਵਿਚਾਰਾਂ ਕਰਦੇ ਸੰਤ ਜੀ ਬੈਠ ਗਏ-ਚੰਦ ਵਿਚ ਤੂੰ, ਤਾਰੇ ਵਿਚ ਤੂੰ, ਤੂੰ ਮੇਰੇ ਸੁਗੰਧੀ ਰੂਪ, ਬਿਜਲੀ ਰੂਪ, ਭਾਵ ਰੂਪ, ਆਤਮ ਰੂਪ, ਆਪੇ ਆਪ ਨਿਰੰਜਨ ! ਤੂੰ ਮੇਰੇ ਨਾਲ ਮੇਰੇ ਕੋਲ, ਮੇਰੇ ਵਿਚ ਹਾਂ ਮੇਰੇ ਪ੍ਰਤੱਖ ਵਾਹਿਗੁਰੂ!

ਹੈਂ ਅੱਜ ਕੀ ਹੈ ? ਅੱਜ ਦਾਤਾ ਜੀ ਦਾ ਅਵਤਾਰ ਦਿਨ ਹੈ, ਜਿਸ ਗੁਰ ਨਾਨਕ ਸੁਆਮੀ ਨੇ ਇਹ ਅੰਮ੍ਰਿਤ ਗੰਗਾ ਆਕਾਸ਼ ਤੋਂ ਆਂਦੀ, ਉਸ ਦਾ ਜਨਮ ਦਿਨ ਹੈ। ਨਹੀਂ ਉਸ ਦਾ ਆਗਮ ਹੈ। ਉਹ ਜਨਮ ਵਿਚ ਕਾਸਨੂੰ ਹੈ!

ਹਾਂ ਮੇਰੇ ਗੁਰੂ ਨਾਨਕ ! ਤੂੰ ਸੱਚਾ ਸਦਾਸ਼ਿਵ ਹੈਂ, ਕਲਜਾਨ ਦਾ ਅਵਤਾਰ ਤੂੰ ਹੈਂ, ਉਹ ਸ਼ਿਵ ਜਿਸ ਨੇ ਆਤਮ ਆਕਾਸ਼ ਵਿਚੋਂ ਗੁਰਬਾਣੀ ਦੀ ਅੰਮ੍ਰਿਤ ਗੰਗਾ ਧਰਤੀ ਤੇ ਆਂਦੀ! ਹੋਰ ਕੌਣ ਲਿਆ ਸਕਦਾ ਸੀ, ਹੋਰ ਕੌਣ ਆਪਣੀਆਂ ਜਟਾਂ ਵਿਚ ਇਸਨੂੰ ਪੀ ਜਾ ਸਕਦਾ ਸੀ! ਤੇਰਾ ਹੀ ਇਲਾਹੀ ਅੰਤਹ-ਕਰਣ ਸੁਧ ਸਤੋ ਅੰਸ਼ ਤੋਂ ਬਣਿਆ ਅੰਤਹਕਰਣ-ਇਸ ਅੰਮ੍ਰਿਤ ਨੈਯਾ ਨੂੰ ਆਪਣੇ ਸ਼੍ਰੱਛ

ਨਿਰਮਲ ਅਸਲੇ ਵਿਚ ਸਮਾ ਸਕਦਾ ਸੀ ਅਤੇ ਆਪਣੀ ਰਸਨਾਂ ਦੇ ਬਿਮਲ ਚਸ਼ਮੇਂ ਤੋਂ ਬਾਣੀ ਦੇ ਹਿਮਾਲਯ ਤੋਂ ਬੋਲੀ ਵਿਚ ਰੂਪਵਾਨ ਕਰਕੇ ਅੱਗੇ ਟੋਰ ਸਕਦਾ ਸੀ। ਵਾਹ ਵਾਹ ਮੇਰੀ ਅੰਮ੍ਰਿਤ ਗੰਗਾ ! ਮੇਰੇ ਜਗਤ ਦੇ ਆਧਾਰ ਸੁਗੰਧੀ ਰੂਪ ਪਿਆਰੇ ਦੀ ਲਪਟ ! ਜੋ ਮੇਰੇ ਪਿਆਰੇ ਗੁਰੂ ਨਾਨਕ ਦੇ ਹ੍ਰਿਦੇ ਵਿਚ ਆਕੇ ਗੁਲਾਬ ਵਾਂਗੂ ਰੂਪ ਧਾਰੀ ਹੋਕੇ ਸਾਨੂੰ ਮਿਲੀ, ਸਾਨੂੰ ਸੁਗੰਧਤ ਕਰ ਦਿੱਤਾ। ਧੰਨ ਗੁਰੂ ਨਾਨਕ !

ਅਜ ਹੇ ਧੰਨ ਗੁਰ ਨਾਨਕ ! ਆਪਦਾ ਆਗਮ ਹੈ।

ਹੇ ਮਨ ! ਉੱਠ ਅੱਜ ਗੁਰਦਵਾਰੇ ਚਲ। ਅੱਜ ਏਕਾਂਤ ਚੰਗੀ ਨਹੀਂ। ਜਿਸ ਦਾਤੇ ਤੈਨੂੰ ਸੁਰਜੀਤ ਕੀਤਾ ਸੀ, ਕਹਿੰਦੇ ਹੁੰਦੇ ਸਨ, ਕਿ ਜਦ ਕੋਈ ਜੀਉ ਪਵੇ ਤਾਂ ਆਪੇ ਵਿਚ ਇਕੱਲਾ ਨ ਜੀਵੇ। ਸਾਂਈਂ ਕੁਦਰਤ ਵਿਚ ਵਸਦਾ ਹੈ। ਉਹ ਭੀ ਕੁਦਰਤ ਵਿਚ ਰੱਬੀ ਜਲਾਲ ਦਾ ਪ੍ਰਕਾਸ਼ ਕਰੇ। ਚੱਲ ਮਨਾਂ ! ਕੀਰਤਨ ਸੁਣ, ਲਾਹਾ ਲੈ। ਜੇ ਗੁਰੂ ਭਾਵੇ ਤਾਂ ਤੂੰ ਬੀ ਆਪਣੇ ਮਦਾਸ਼ਿਵ, ਅਸਲੀ ਸ਼ਿਵ, ਕਲਜਾਨ ਅਵਤਾਰ ਸ਼ਿਵ, ਸੁਲਹ ਤੇ ਪ੍ਰੇਮ ਦੇ ਅਵਤਾਰ ਗੁਰਬਾਣੀ ਦੀ ਅੰਮ੍ਰਿਤ ਗੰਗਾ ਦੇ ਪ੍ਰਵਾਹ ਨੂੰ ਦੁਨੀਆਂ ਵਿਚ ਅਮਰੀ ਰੌ ਕਰਕੇ ਵਗਾ ਦੇਣ ਵਾਲੇ ਦਾਤੇ ਦੇ ਗੁਣਾਨੁਵਾਦ ਕਰ। ਚੱਲ, ਕਰ ਇਸ਼ਨਾਨ, ਹੋ ਤਿਆਰ। ਪਹਿਨ ਚੋਲਾ, ਸਜਾ ਦਸਤਾਰਾ, ਫੜ ਸੋਟਾ ਤੇ ਟੁਰ। ਚੱਲ ਉਥੇ ਜਿੱਥੇ ਮੇਰੀ ਅੰਮ੍ਰਿਤ ਗੰਗਾ ਦਾ ਬਿਮਲ ਪਰਵਾਹ ਅਜ ਠਾਠਾਂ ਮਾਰਕੇ ਵਗੇਗਾ। ਜਿੱਥੇ ਅਜ ਮੇਰੀ ਅਮਰ ਨੱਯਾ ਦੀ ਕਾਂਗ ਚੜ੍ਹੇਗੀ। ਚਲ, ਦੇਖ ਸੰਗਮ ਸਾਗਰ ਦਾ ਅਤੇ ਇਸ ਅੰਮ੍ਰਿਤ ਨੈਂ ਦਾ।

---o---

੨.

**ਇਕ** ਨੱਗਰ ਹੈ। ਅੰਮ੍ਰਿਤ ਵੇਲਾ ਲੰਘ ਚੁਕਾ ਹੈ, ਪਰ ਅਜੇ ਸਵੇਰਾ ਹੈ। ਸੂਰਜ ਨਹੀਂ ਚੜ੍ਹਿਆ, ਮਿਠੀ ਮਿਠੀ ਠੰਢ ਪੈ ਰਹੀ ਹੈ, ਏਕਾਂਤ ਤੇ ਸੁਆਂ ਹੈ। ਇਕ ਘਰ ਅੱਗੇ ਇਕ ਸੱਜਣ ਆਵਾਜ਼ ਦੇ ਰਿਹਾ ਹੈ 'ਭਾਈ ਪੁਰਸ਼ੋਤਮ ਸਿੰਘ ਜੀ ! ਆਓ ਚੱਲੀਏ ਗੁਰਦੁਆਰੇ।'

ਪੁਰਸ਼ੋਤਮ ਸਿੰਘ–ਤੁਸੀਂ ਚਲੋ, ਮੈਂ ਆਯਾ।

ਨਰੋਤਮ ਸਿੰਘ–ਵੀਰ ਜੀਓ ! ਛੇਤੀ ਆਓ, ਮੈਨੂੰ ਗੁਰਦੁਆਰੇ ਤੋਂ ਵਡਾ ਕਾਕਾ, ਜੋ ਅੱਜ ਤ੍ਰੈ ਵਜੇ ਗਿਆ ਸੀ, ਆਕੇ ਦਸ ਗਿਆ ਹੈ, ਕਿ ਸੰਤ ਮਹਾਰਾਜ ਬਿਮਲਾ ਸਿੰਘ ਜੀ ਕੁਟੀਆ ਤੋਂ ਗੁਰਦੁਆਰੇ ਆ ਗਏ ਹਨ ਤੇ ਅੱਜ ਕਥਾ ਕਰਨਗੇ। ਆਓ ਛੇਤੀ, ਵੀਰ ਜੀ ! ਸੰਤਾਂ ਦੇ ਅੰਮ੍ਰਿਤ ਬਚਨਾਂ ਤੋਂ ਵਿਰਵੇ ਨਾ ਰਹਿ ਜਾਈਏ।

ਪੁਰਸ਼ੋਤਮ ਸਿੰਘ–ਹੱਛਾ, ਇਹ ਤਾਂ ਧੰਨ ਭਾਗ ਹਨ, ਲਓ ਠਹਿਰੋ ਮੈਂ ਪਲ ਵਿਚ ਆਯਾ।

ਥੋੜੇ ਚਿਰ ਮਗਰੋਂ ਦੁਇ ਗੁਰਦੁਆਰੇ ਨੂੰ ਜਾ ਰਹੇ ਸਨ। ਰਾਹ ਵਿਚ ਨਰੋਤਮ ਸਿੰਘ ਨੇ ਕਿਹਾ : 'ਵੀਰ ਜੀਓ ! ਉਸ ਦਿਨ ਸੰਗਤ ਗਈ ਤਾਂ ਸੰਤਾਂ ਦੇ ਬਚਨਾਂ ਤੋਂ ਆਸ ਨਹੀਂ ਸੀ ਬੱਝਦੀ ਕਿ ਸੰਤ ਅਜ ਗੁਰਦੁਆਰੇ ਆਉਣਗੇ, ਉਹ ਏਕਾਂਤ ਦੇ ਪਿਆਰੇ ਹਨ, ਪਰ ਅੱਜ ਦੇਖੋ ਆ ਹੀ ਗਏ ਹਨ, ਬੜੇ ਕਰਨੀ ਵਾਲੇ ਹਨ। ਵਿਦਵਾਨ ਤਾਂ ਸੰਤ ਬਹੁਤ ਮਿਲਦੇ ਹਨ ਪਰ ਕਰਨੀ ਵਾਲੇ ਹੋਣ, ਵਿਦਵਾਨ ਹੋਣ ਤੇ ਘਾਲਾਂ ਦੇ ਵਿਚ ਦੀ ਲੰਘੇ ਹੋਏ ਹੋਣ, ਇਹ ਜ਼ਰਾ ਕਠਨ ਮੇਲ ਮਿਲਦਾ ਹੈ'।

ਪੁਰਸ਼ੋਤਮ ਸਿੰਘ-ਸੱਚ ਪੁੱਛੋ ਤਾਂ ਸਾਡੇ ਸੰਤ ਸੰਸਕ੍ਰਿਤ ਵਿਦਯਾ ਪਾਕੇ ਫੇਰ ਕੁਛ ਓਹੋ ਜੇਹੀਆਂ ਗਲਾਂ ਕਰਨ ਲਗ ਜਾਂਦੇ ਹਨ ਜਿਹੜੀਆਂ ਕਿ ਸਿਆਣੀਆਂ ਤਾਂ ਬੜੀਆਂ ਹੁੰਦੀਆਂ ਹਨ, ਪਰਚਾ ਵੀ ਹੁੰਦਾ ਹੈ, ਪਰ ਜਿਨ੍ਹਾਂ ਵਿਚ ਰਸ ਨਹੀਂ ਆਉਂਦਾ। ਅਸਲ ਵਿਚ ਕਈ ਅਨਜਾਣ ਤਾਂ ਅੰਦਰੋਂ ਗੁਰਬਾਣੀ ਤੋਂ ਬੀ ਸ਼ਰਧਾ ਹੀਨ ਹੋ ਜਾਂਦੇ ਹਨ, ਉਤੋਂ ਉਤੋਂ ਵਾਕ ਰਚਨਾ ਤ੍ਰਿਖੀ ਕਰ ਲੈਂਦੇ ਹਨ।

ਨਰੋਤਮ ਸਿੰਘ--ਭਾਈ ਜਿਵੇਂ ਆਪਾਂ ਨੂੰ ਬਾਬਾ ਬਿਮਲਾ ਸਿੰਘ ਜੀ ਨੇ ਸਮਝਾਇਆ ਸੀ ਕਿ ਗੁਰਬਾਣੀ ਆਤਮਰਸ ਭਰੀ ਅੰਮ੍ਰਿਤ ਗੰਗਾ ਹੈ, ਉਹ ਠੀਕ ਹੈ। ਸਤ ਦੱਸਦੇ ਸਨ ਕਿ ਅਸਾਂ ਜੋਗ

ਸਾਧਨ ਕੀਤੇ ਹਨ, ਸ਼ਾਸਤ੍ਰ ਪੜ੍ਹੇ ਹਨ, ਸਗੋਂ ਦਸਦੇ ਸੀ : ਅਸਾਂ ਜੈਨ ਸ਼ਾਸਤ੍ਰ ਬੀ ਪੜ੍ਹੇ ਤੇ ਉਨ੍ਹਾਂ ਦੇ ਬੇੜੇ ਕਠਨ ਸਾਧਨ ਕੀਤੇ ਹੋਏ ਹਨ, ਵੇਦਾਂਤ ਦੇ ਬੀ ਪੂਰੇ ਜਾਣੂ ਹਨ। ਪਰ ਓਦਿਨ ਦਸਦੇ ਸਨ ਕਿ ਸਾਨੂੰ ਤੜਪ ਤੜਪ ਕੇ, ਸਹਿਕ ਸਹਿਕ ਕੇ, ਚਿਰਕੇ ਜਾਕੇ ਗੁਰਬਾਣੀ ਮਿਲੀ ਹੈ, ਸਾਨੂੰ ਇਸਦੀ ਕਦਰ ਹੈ ਤਸਾਨੂੰ ਮਾਂ ਦੇ ਦੁੱਧ ਨਾਲ ਹੀ ਕੰਨੀ ਪੈਣ ਲਗ ਜਾਂਦੀ ਹੈ, ਤੁਸੀਂ ਇਸਦੀ ਕਦਰ ਨਹੀਂ ਪਾਉਂਦੇ।

ਪੁਰਸ਼ੋਤਮ ਸਿੰਘ–ਠੀਕ ਹੈ, ਸਚ ਕਿਹਾ ਸਾਨੇ, ਪਰ ਵੀਰ ਜੀ ! ਪੜ੍ਹੇ ਹੋਏ ਕਿਉਂ ਨਹੀਂ ਸਮਝਦੇ?

ਨਰੋਤਮ ਸਿੰਘ–ਸ਼ਾਸਤ੍ਰ ਪੜ੍ਹਕੇ ਬੁਧੀ ਸਾਣ ਚੜ੍ਹ ਜਾਂਦੀ ਹੈ ਤੇ ਬੁੱਧੀ ਦੇ ਚਮਤਕਾਰ ਮਨ ਨੂੰ ਮੋਹ ਲੈਂਦੇ ਹਨ; ਤਦੋਂ ਮਨ ਨਾਲ ਜਾਣ ਲੈਣ ਨੂੰ 'ਗਜਾਨ' ਸਮਝਕੇ ਭੁੱਲ ਵਿਚ ਪੈ ਜਾਈਦਾ ਹੈ। ਸੰਤ ਦੱਸਦੇ ਸਨ ਕਿ ਕੋਈ ਗਿਆਨ ਗਿਆਨ ਨਹੀਂ ਜਦ ਤਕ ਕਿ ਨਾਮ ਸਿਮਰਨ ਨਾਲ ਉਥੇ ਨਾ ਅੱਪੜੇ ਜਿਥੇ ਸੁਗੰਧੀ ਰੂਪ ਵਾਹਿਗੁਰੂ ਦੇ ਨਾਲ ਜਾ ਲਗੀਦਾ ਹੈ! ਬਿਨਾਂ ਸਿਮਰਨ ਦੇ ਆਪਾ ਰਸ ਰੂਪ ਵਾਹਿਗੁਰੂ ਨਾਲ ਲੱਗਕੇ ਰਸ ਰੂਪ ਨਹੀਂ ਹੁੰਦਾ, ਇਸ ਕਰਕੇ ਸਾਰੇ ਗਿਆਨ ਧਿਆਨ ਨਾਮ ਬਿਨਾਂ ਸਫਲੇ ਨਹੀਂ ਹੁੰਦੇ। ਕਿਉਂਕਿ ਸਾਡੀ ਸੁਰਤ ਵਿਚ, ਜਾਂ ਸੰਤ ਜਿਵੇਂ ਕਹਿੰਦੇ ਸੀ, ਸਾਡੀ ਬਿਰਤੀ ਵਿਚ, ਅਕਾਲ ਪੁਰਖ ਆਰੂੜ੍ਹ ਹੋਕੇ ਨਿਰੰਤਰ ਮੇਲ ਵਾਂਙੂ ਨਹੀਂ ਜਦ ਤਾਂਈਂ ਬੈਠਦਾ, ਤਦ ਤਾਂਈਂ ਹਰ ਵੇਲੇ ਰਸ ਰੂਪ ਨਹੀਂ ਹੋ ਸਕੀਦਾ। ਉਸ ਵੇਲੇ ਉਨ੍ਹਾਂ ਨੇ ਇਹ ਪਉੜੀ ਬੀ ਪੜ੍ਹੀ ਸੀ :–

*ਇਕ ਦੂ ਜੀਭੌ ਲਖ ਹੋਹਿ ਲਖ ਹੋਵਹਿ ਲਖ ਵੀਸ॥ ਲਖੁ ਲਖੁ ਗੇੜਾ*
*ਆਖੀਅਹਿ ਏਕੁ ਨਾਮੁ ਜਗਦੀਸ॥ ਏਤੁ ਰਾਹਿ ਪਤਿ ਪਵੜੀਆ ਚੜੀਐ*
*ਹੋਇ ਇਕੀਸ॥ ਸੁਣ ਗਲਾ ਆਕਾਸ ਕੀ ਕੀਟਾ ਆਈ ਰੀਸ॥ ਨਾਨਕ*
*ਨਦਰੀ ਪਾਈਐ ਕੂੜੀ ਕੂੜੈ ਠੀਸ॥* (ਜਪਜੀ–੩੨–੭)

ਸੋ ਵੀਰ ਜੀਓ, ਸਤਾਂ ਦਾ ਦਮ ਬੜਾ ਗ਼ਨੀਮਤ ਹੈ, ਏਹ ਪੰਛੀ ਲੋਕ ਹਨ, ਪਤਾ ਨਹੀਂ ਕਦੋਂ ਏਥੋਂ ਟੁਰ ਜਾਣ, ਸਾਨੂੰ ਲਾਹਾ ਲੈ ਲੈਣਾ ਚਾਹੀਦਾ ਹੈ, ਓਹ ਨਾ ਹੋਵੇ ਕਿਸੇ ਵੇਲੇ ਉਡਾਰੀ ਮਾਰ ਜਾਣ।

ਪੁਰਸ਼ੋਤਮ ਸਿੰਘ–ਸਚ ਕਿਹਾ ਨੇ, ਮੈਂ ਤਾਂ ਜਿੰਨੇ ਦਿਨ ਏਥੇ ਛੁੱਟੀ ਤੇ ਹਾਂ ਰੋਜ਼ ਚਲਿਆ ਕਰਾਂਗਾ, ਕਰਨੀ ਵਾਲੇ ਗੁਰਮੁਖ ਦੁਰਲਭ ਹੋ ਰਹੇ ਹਨ।

ਇੰਨੇ ਨੂੰ ਗੁਰਦੁਆਰਾ ਆ ਗਿਆ ਤੇ ਦੂਇ ਅੰਦਰ ਚਲੇ ਗਏ।

ਆਸਾ ਦੀ ਵਾਰ ਦੇ ਕੀਰਤਨ ਦਾ ਭੋਗ, ਜੋ ਕੀਰਤਨ ਕਿ ਸੰਗਤ ਨੇ ਆਪ ਸ਼ੁਰੂ ਕੀਤਾ ਹੋਇਆ ਸੀ, ਤਿਆਰ ਸੀ ਸੋ ਥੋੜੀ ਦੇਰ ਬਾਦ ਪੈ ਗਿਆ। ਸੰਤ ਸ੍ਰੀ ਗੁਰੂ ਜੀ ਦੀ ਤਾਬਿਆ ਬੈਠੇ ਸਨ। ਜਦ ਕਦੇ ਸੰਤ ਗੁਰਦੁਆਰੇ ਆ ਜਾਣ ਤਦੋਂ ਇਕ ਸ਼ਬਦ ਦੀ ਕਥਾ ਕਰਿਆ ਕਰਦੇ ਸਨ। ਜੋ ਸ਼ਬਦ ਕਿ ਪਹਿਲੇ ਆ ਜਾਵੇ ਉਸੇ ਦੀ ਵਿਆਖਿਆ ਕਰਦੇ ਸਨ। ਸੰਤ ਉਨ੍ਹਾਂ ਸਾਧਾਂ ਵਾਙੂੰ ਨਹੀਂ ਸਨ ਕਿ ਜੋ ਕਾਂਸ਼ੀ ਜਾਂ ਰਿਖੀ ਕੇਸ਼ ਆਦਿ ਥਾਂਈਂ ਰਹਿਕੇ ਸੰਸਕ੍ਰਿਤ ਵਿਦਯਾ ਦੇ ਪੰਡਤ ਹੋਕੇ ਜਦ ਮੌਕਿਆ ਬਣੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਕਥਾ ਕਰਨ ਬੈਠ ਤਾਂ ਜਾਂਦੇ ਹਨ ਪਰ ਬਾਣੀ ਦੇ ਅਰਥ ਨਾ ਲਾਏ ਹੋਣ ਕਰਕੇ ਅਕਸਰ ਅਰਥ ਉਲਟ ਪੁਲਟ ਕਰਦੇ ਹਨ ਤੇ ਹਰ ਖਿਆਲ ਨੂੰ ਖੁਸ਼ਕ ਵੇਦਾਂਤ ਵਿਚ ਢਾਲਣ ਦਾ ਯਤਨ ਕਰਦੇ ਹਨ। ਇਨ੍ਹਾਂ ਸੰਤਾਂ ਨੂੰ, ਜਦ ਤੋ ਕਿ ਆਪ ਗੁਰਬਾਣੀ ਦੇ ਪਿਆਰ ਵਿਚ ਆਏ ਸੇ ਤੇ ਉਪਦੇਸ਼ ਮਿਲਿਆ ਸੀ ਕਿ ਵਾਹਿਗੁਰੂ ਨੂੰ ਪ੍ਰਿਯ ਸਰੂਪ ਜਾਣਕੇ ਸਦਾ ਸਿਮਰਨ ਕਰੋ, ਤਦੋਂ ਹੀ ਤੋ ਮਹਾਂ ਪੁਰਖਾਂ ਨੇ ਸੁਖਮਨੀ ਸਾਹਿਬ ਦੇ ਰੋਜ਼ ਪਾਠ ਦੀ ਤਾਕੀਦ ਕੀਤੀ ਸੀ। ਆਪ ਨੂੰ ਜੋ ਐਉਂ ਗੁਰਬਾਣੀ ਦਾ ਸੁਆਦ ਪਿਆ ਤਾਂ ਆਪ ਨੇ ਇਕ ਸੰਪ੍ਰਦਾਈ ਸਿਆਣੇ ਤੋਂ ਸ੍ਰੀ ਗੁਰੂ ਜੀ ਦੇ ਅਰਥ ਵਿਚਾਰ ਲਏ ਸਨ। ਵਿਦਵਾਨ ਤੇ ਕਰਨੀ ਵਾਲੇ ਹੋਣ ਕਰਕੇ ਫਿਰ ਆਪ ਤੇ ਸਾਰੇ ਗੁਹਯ ਭਾਵ ਖੁੱਲ੍ਹ ਪਏ। ਸੋ ਆਪ ਜਦ ਕਦੇ ਮੌਕਿਆ ਬਣੇ ਤਾਂ ਇਸ ਭਾਵ ਨੂੰ ਲੈਕੇ ਕਥਾ ਕਰਦੇ ਕਿ ਇਟ ਸ੍ਰੀ ਗੁਰੂ ਸਾਹਿਬ ਜੀ ਦੀ ਸੇਵਾ ਹੈ, ਸਾਧ ਸੰਗਤ ਨੂੰ ਹਰਿਜਸ ਵਲ ਪ੍ਰੇਰਨਾ ਹੈ। **"ਆਪ ਜਪੈ ਅਵਰਹ ਨਾਮੁ ਜਪਾਵੈ"** ਹੁਕਮ ਦੀ ਪਾਲਣਾ

ਹੈ। ਕਥਾ ਐਸੀ ਮਨੋਹਰ ਕਰਦੇ ਸਨ ਕਿ ਸੁਣਨ ਵਾਲੇ ਮੋਹਿਤ ਹੋ ਜਾਂਦੇ। ਅੱਜ ਜਦ ਆਪ ਨੇ ਰੁਮਾਲ ਉਠਾਇਆ ਤਾਂ ਪਹਿਲਾ ਵਾਕ ਸ੍ਰੀ ਗੁਰੂ ਜੀ ਦਾ ਇਹ ਆਇਆ :-

*ਸੋਰਠਿ ਮਹਲਾ ੫॥*

*ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ ਸਰਬ ਜੀਆ ਕਾ ਦਾਤਾ ਰੇ॥ ਪ੍ਰਤਿਪਾਲੈ ਨਿਤ ਸਾਰਿ ਸਮਾਲੈ ਇਕੁ ਗੁਨੁ ਨਹੀ ਮੂਰਖਿ ਜਾਤਾ ਰੇ॥੧॥ ਹਰਿ ਆਰਾਧਿ ਨਾ ਜਾਨਾ ਰੇ॥ ਹਰਿ ਹਰਿ ਗੁਰੁ ਗੁਰੁ ਕਰਤਾ ਰੇ॥ ਹਰਿ ਜੀਉ ਨਾਮੁ ਪਰਿਓ ਰਾਮਦਾਸੁ ॥ਰਹਾਉ॥ ਦੀਨ ਦਇਆਲ ਕ੍ਰਿਪਾਲ ਸੁਖ ਸਾਗਰ ਸਰਬ ਘਟਾ ਭਰਪੂਰੀ ਰੇ॥ ਪੇਖਤ ਸੁਨਤ ਸਦਾ ਹੈ ਸੰਗੇ ਮੈ ਮੂਰਖ ਜਾਨਿਆ ਦੂਰੀ ਰੇ॥੨॥ ਹਰਿ ਬਿਅੰਤੁ ਹਉ ਮਿਤਿ ਕਰਿ ਵਰਨਉ ਕਿਆ ਜਾਨਾ ਹੋਇ ਕੈਸੋ ਰੇ॥ ਕਰਉ ਬੇਨਤੀ ਸਤਿਗੁਰ ਅਪੁਨੇ ਮੈ ਮੂਰਖ ਦੇਹੁ ਉਪਦੇਸੋ ਰੇ॥੩॥ ਮੈ ਮੂਰਖ ਕੀ ਕੇਤਕ ਬਾਤ ਹੈ ਕੋਟਿ ਪਰਾਧੀ ਤਰਿਆ ਰੇ॥ ਗੁਰੁ ਨਾਨਕੁ ਜਿਨਿ ਸੁਣਿਆ ਪੇਖਿਆ ਸੇ ਫਿਰਿ ਗਰਭਾਸਿ ਨ ਪਰਿਆ ਰੇ॥੪॥੨॥੧੩॥-੬੧੨*

ਸੰਤ ਬਿਮਲਾ ਸਿੰਘ ਜੀ ਨੇ ਇਸ ਸਬਦ ਦਾ ਪਾਠ ਕਰਕੇ ਫਿਰ ਕਥਾ ਆਰੰਭੀ। ਐਸੀ ਸੁਹਣੀ ਤੇ ਪ੍ਰਭਾਵ ਵਾਲੀ ਕਥਾ ਕੀਤੀ ਕਿ ਸੰਗਤ ਸਾਰੀ ਦੀ ਸੁਰਤ ਏਕਾਗਰ ਹੋਕੇ ਉੱਚੀ ਹੋ ਗਈ। ਜਦੋਂ ਸੰਤ ਭੋਗ ਪਾ ਚੁਕੇ ਤਾਂ ਥੋੜੀ ਦੇਰ ਚੁਪ ਵਰਤੀ ਰਹੀ। ਫੇਰ ਪੁਰਸ਼ੋਤਮ ਸਿੰਘ ਨੇ ਹਥ ਜੋੜਕੇ ਕਿਹਾ :- ਸ੍ਰੀ ਸਤਿਕਾਰ ਜੋਗ ਜੀਓ! ਮੈਂ ਕਿਸੇ ਸ਼ੰਕਾ ਦੇ ਭਾਵ ਨਾਲ ਨਹੀਂ ਪਰ ਅਪਣੇ ਸੁਖ ਲਈ ਇਕ ਗਲ ਪੁੱਛਣੀ ਹੈ, ਜੇ ਆਗਿਆ ਕਰੋ ਤਾਂ ਪੁੱਛਾਂ ?

ਸੰਤ-ਜੀ ਸਦਕੇ ਪੁੱਛੋ, ਜੋ ਦਾਸ ਨੂੰ ਗੁਰਮਤ ਦਾ ਪ੍ਰਾਪਤ ਹੈ, ਹਾਜ਼ਰ ਹੈ।

ਪੁਰਸ਼ੋਤਮ ਸਿੰਘ-ਆਪ ਨੇ ਜਿਸ ਸ਼ਬਦ ਦੀ ਕਥਾ ਕੀਤੀ ਹੈ ਬੜੀ ਹੀ ਮਨੋਹਰ ਹੋਈ ਹੈ। ਸ਼ਬਦ ਬੀ ਆਪ ਦੀ ਵਿਆਖਯਾ ਮੂਜਬ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਪ੍ਰੇਮ ਨਾਲ ਡੁੱਲ੍ਹ ਡੁੱਲ੍ਹ ਪੈ ਰਿਹਾ ਹੈ। ਜੋ ਗਲ ਮੈਂ ਮੂਰਖ ਨੇ ਪੁੱਛਣੀ ਹੈ ਉਹ ਇਹ ਹੈ ਕਿ ਪੰਜਵੇਂ ਗੁਰੂ ਜੀ ਦੇ ਸੂਹੀ ਰਾਗ ਦੇ ਇਕ ਸ਼ਬਦ ਵਿਚ ਆਯਾ ਹੈ:-*'ਜਨਮ ਮਰਨ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ॥ ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ'॥੨॥* ਆਪ ਨੇ ਆਪਣੀ ਕਥਾ ਵਿਚ ਇਸ ਤੁਕ ਦਾ ਪ੍ਰਮਾਣ ਦਿੱਤਾ ਹੈ ਤੇ ਦੱਸਿਆ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਜਨਮ ਮਰਨ ਦੋਹਾਂ ਵਿਚ ਨਹੀਂ ਹਨ, ਏਸ ਤੁਕ ਦਾ ਇਹ ਮਤਲਬ ਹੈ। ਪਰ ਜੀਓ, ਸ੍ਰੀ ਗੁਰੂ ਜੀ ਜਗਤ ਵਿਚ ਆਏ ਤੇ ਏਥੋਂ ਫੇਰ ਗਏ। ਅਸੀਂ ਹੁਣ ਤਾਂਈਂ ਆਪ ਜੀ ਦੇ ਆਉਣ ਤੇ ਜਾਣਦੇ ਦਿਨਾਂ ਪਰ ਗੁਰਪੁਰਬ ਮਨਾਉਂਦੇ ਹਾਂ। ਫੇਰ 'ਜਨਮ ਮਰਨ ਦੁਹਹੂ ਮਹਿ ਨਾਹੀ' ਵਾਲੀ ਗਲ ਕੀਕੂੰ ਠੀਕ ਹੋਈ ?

ਇਹ ਸੁਣਕੇ ਸਾਰੀ ਸੰਗਤ ਦਾ ਧਿਆਨ ਦਮ ਲੈਣ ਵਾਲਾ ਹੋਕੇ ਸੰਤਾਂ ਵਲ ਲੱਗ ਗਿਆ।

ਸੰਤ-ਖਾਲਸਾ ਜੀ ! ਜਦੋਂ ਜੀਵ ਸਰੀਰ ਦਾ ਜਾਮਾ ਪਾ ਲੈਂਦਾ ਹੈ ਤਾਂ ਕਰਮ ਕਰਦਾ ਹੈ। ਇਨ੍ਹਾਂ ਕਰਮਾਂ ਨਾਲ ਉਸਦਾ ਸੁਭਾਵ ਤੇ ਵਾਸ਼ਨਾਂ ਬਣਦੀਆਂ ਹਨ, ਉਸਦੇ ਕੀਤੇ ਕਰਮਾਂ ਦੇ ਨਤੀਜੇ ਨਿਕਲਦੇ ਹਨ, ਅਥਵਾ ਉਸ ਨੂੰ ਫਲ ਲਗਦੇ ਹਨ, ਸੋ ਏਹ ਕਰਮ ਤੇ ਇਸ ਤੋਂ ਅੰਦਰ ਖਹਿ ਗਈਆਂ ਵਾਸ਼ਨਾਂ ਉਸ ਨੂੰ ਜਨਮ ਮਰਨ ਦੇਂਦੀਆਂ ਹਨ। ਜਨਮ ਧਾਰਕੇ ਫਲ ਭੋਗਦਾ ਤੇ ਹੋਰ ਕਰਮ ਕਰਦਾ ਹੈ। ਇਸ ਤਰ੍ਹਾਂ ਹਰ ਜੀਵ ਅਪਣੇ ਕਰਮਾਂ ਦਾ ਬੱਧਾ ਏਥੇ ਆਉਂਦਾ ਹੈ। ਇਸ ਨੂੰ ਕਹੀਦਾ ਹੈ ਕਿ ਹਰ ਜੀਵ ਜਨਮ ਮਰਨ ਵਿਚ ਹੈ। ਜੇ ਕੋਈ ਏਥੇ ਕਰਮਾਂ ਦੇ ਬੰਧਨ ਤੋਂ ਬਿਨਾਂ ਆਵੇ ਜਾਵੇ ਤਾਂ ਉਸ ਨੂੰ ਕਹੀਦਾ ਹੈ 'ਇਹ ਜਨਮ ਮਰਨ ਵਿਚ ਨਹੀਂ ਹੈ'। ਜੇ ਇਸ ਗਲ ਨੂੰ ਤੁਸਾਂ ਜੀ ਨੇ ਦ੍ਰਿਸ਼ਟਾਂਤ ਨਾਲ ਸਮਝਣਾ ਹੋਵੇ ਤਾਂ ਇਹ ਮਿਸਾਲ ਲੈ ਲਓ। ਇਕ ਜੇਲਖਾਨਾ ਹੈ; ਇਸ ਦੇ ਅੰਦਰ ਜੀਵ ਜਾਂਦੇ ਆਉਂਦੇ ਹਨ। ਜੇਲ ਵਿਚ ਜਾਣਾ ਜੇਲ ਦਾ ਜਨਮ ਹੈ ਤੇ ਜੇਲ ਤੋਂ ਬਾਹਰ ਆਉਣਾ ਜੇਲ ਵਿਚੋਂ ਮਰਨੇ ਤੁੱਲ ਸਮਝੋ। ਸੋ ਜੇਲ ਵਿਚ ਜਨਮ ਮਰਨ ਕਰਮ ਬੱਧ ਹੁੰਦਾ ਹੈ। ਜੋ ਜਾਂਦੇ ਹਨ ਸੋ ਕਰਮ ਬੱਧ ਜਾਂਦੇ ਹਨ। ਪਰ ਉਸੇ

ਜੇਲ ਵਿਚ ਉਸੇ ਬੂਹੇ ਥਾਂਣੀ ਦਰੋਗਾ ਤੇ ਪਹਿਰੇਦਾਰ ਤੇ ਸਿਪਾਹੀ ਜਾਂਦੇ ਹਨ। ਉਹ ਸਜ਼ਾਵਾਂ ਪਾਕੇ ਅਪਣੇ ਕਰਮਾਂ ਦੇ ਬੱਧੇ ਉਥੇ ਨਹੀਂ ਜਾਂਦੇ। ਮਗੋਂ ਇਹ ਕਿਸੇ ਫਰਜ਼ ਦੇ ਨਿਬਾਹ ਲਈ ਜਾਂਦੇ ਹਨ। ਤੀਸਰੇ ਹਨ ਧਾਰਮਕ ਜੀਵਨ ਵਾਲੇ ਜੋ ਜੇਲ ਵਿਚ ਸੁਤੰਤਰ ਇੱਛਿਆ ਨਾਲ ਜਾਂਦੇ ਹਨ। ਉਹ ਅੰਦਰ ਉਸੇ ਰਸਤੇ ਜਾਂਦੇ ਹਨ ਪਰ ਉਹ ਕਰਮਬੱਧ ਨਹੀਂ ਜਾਂਦੇ, ਉਹ ਪਰਉਪਕਾਰ ਲਈ ਜਾਂਦੇ ਹਨ ਕਿ ਜੀਵਾਂ ਨੂੰ ਸੁਮੱਤਿ ਦੇਣ ਕਿ ਉਹ ਭਲੇ ਹੋ ਜਾਣ ਤਾਂ ਕਿ ਫੇਰ ਜੇਲ ਵਿਚ ਨਾ ਜਾਣ। ਇਸੀ ਤਰ੍ਹਾਂ ਸ੍ਰੀ ਗੁਰੂ ਨਾਨਕ ਦੇਵ ਜੀ (ਤੇ ਦਸੋਂ ਗੁਰੂ ਸਾਹਿਬ) ਏਸ ਜਗਤ ਵਿਚ ਕਰਮ ਬੱਧ ਨਹੀਂ ਆਏ ਓਹ ਪਰਉਪਕਾਰ ਲਈ ਸੁਤੰਤ੍ਰ ਆਏ, ਸਾਨੂੰ ਜਨਮ ਮਰਨ ਤੋਂ ਛੁੱਟਣ ਦੀ ਜਾਚ ਦੱਸਣ ਆਏ। ਹਾਂ, ਓਹ ਸਾਨੂੰ ਏਥੇ ਸੁਖੀ ਵੱਸਣ ਦਾ ਵੱਲ ਦੱਸਣ ਆਏ, ਅੱਗੇ ਜਾਕੇ '**ਬਹੁੜਿ ਨ ਹੋਵੀ ਜਨਮੜਾ**' ਦੀ ਤਰਕੀਬ ਸਿਖਾਉਣ ਆਏ। ਇਸ ਲਈ ਪੰਚਮ ਸਤਿਗੁਰੂ ਜੀ ਨੇ ਫੁਰਮਾਇਆ ਕਿ ਸ੍ਰੀ ਗੁਰੂ ਨਾਨਕ ਦੇਵ ਜੀਓ(ਤੇ ਦਸੇ ਗੁਰੂ ਸਾਹਿਬ) ਪਰਉਪਕਾਰ ਲਈ ਸੁਤੰਤ੍ਰਤਾ ਵਿਚ ਆਏ ਹਨ, ਉਹਨਾਂ ਦਾ ਆਉਣਾ ਜਨਮ ਮਰਨ ਨਹੀਂ ਕਹਿਲਾ ਸਕਦਾ। ਓਹ ਏਥੇ ਆਕੇ ਜੀਅਦਾਨ ਦੇਂਦੇ ਹਨ। ਮਾਇਆ ਵਿਚ ਮੋਏ ਮਨ ਨੂੰ ਜੀਵਾਲਦੇ ਹਨ, ਕੀਕੂੰ ? ਵਾਹਿਗੁਰੂ ਦੀ ਭਗਤੀ ਅਰਥਾਤ ਉਸਦੇ ਪ੍ਰੇਮ ਵਿਚ ਲਾ ਦੇਂਦੇ ਹਨ, ਐਸਾ ਕਿ ਉਸ ਨਾਲ ਮਿਲਾ ਦੇਂਦੇ ਹਨ। ਸੋ ਐਉਂ ਓਹ ਜਨਮ ਮਰਨ ਵਿਚ ਨਹੀਂ ਹਨ।

ਸਾਰੀ ਸੰਗਤ ਤੋਂ ਆਵਾਜ਼ ਆਈ, ਵਾਹ ਵਾਹ ਧੰਨ ਜਨਮ ਹੈ। ਫਿਰ ਸੰਤ ਖਿਮਲਾ ਸਿੰਘ ਜੀ ਬੋਲੇ- ਸਾਧ ਸੰਗਤ ਜੀ ! ਜੇ ਇਸ ਗੁਰੂ ਕੇ ਟਹਿਲੀਏ ਦੀ ਬੇਨਤੀ ਮੰਨੋਂ ਤਾਂ ਸਤਿਗੁਰਾਂ ਦੇ ਗੁਰਪੁਰਬ ਵਾਲੇ ਦਿਨ ਨੂੰ 'ਜਨਮ ਦਿਨ' ਨਾ ਆਖਿਆ ਕਰੋ, ਉਹ ਜਨਮ ਵਿਚ ਨਹੀਂ ਹਨ। 'ਅਵਤਾਰ ਦਾ ਦਿਨ' ਆਖਿਆ ਕਰੋ। ਅਤੇ ਏਥੋਂ ਟੁਰ ਜਾਣ ਦੇ ਦਿਨ ਨੂੰ 'ਜੋਤੀ ਜੋਤ ਸਮਾਉਣ ਦਾ ਦਿਨ' ਆਖਿਆ ਕਰੋ! ਐਡੇ ਉੱਚੇ ਪਿਆਰਿਆਂ ਲਈ ਅਦਬ ਚਾਹੀਏ। ਬੰਦਗੀ ਦਾ ਮੂਲ ਅਦਬ ਹੈ, ਪ੍ਰੇਮ ਦਾ ਮੁੱਢ ਅਦਬ ਹੈ। ਤੇ ਯਥਾਰਥ ਬਾਤ ਇਹ ਹੈ ਕਿ ਉਹ ਆਪ ਹਨ ਜੋ ਸੁਤੰਤ੍ਰ ਆਉਂਦੇ ਹਨ ਅਰਥਾਤ ਅਵਤਾਰ ਲੈਂਦੇ ਹਨ। ਸੰਗਤ ਨੇ ਆਖਿਆ : 'ਸਤਿਬਚਨ ਮਹਾਰਾਜ ਜੀਓ।'

ਹੁਣ ਇਕ ਸੱਜਣ ਨੇ, ਜਿਸ ਦਾ ਨਾਉਂ ਪ੍ਰੀਤਮ ਸਿੰਘ ਸੀ, ਬੇਨਤੀ ਕੀਤੀ ਕਿ ਮਹਾਰਾਜ ਜੀ ਜੇ ਖ਼ੇਚਲ ਨਾ ਹੋਵੇ ਤਾਂ ਅੱਜ ਸਤਿਗੁਰਾਂ ਦੇ ਜਨਮ ਦੀ ਕਥਾ ਆਪ ਹੀ ਸੰਗਤ ਨੂੰ ਸ੍ਰਵਣ ਕਰਾਓ।

ਸੰਤ ਜੀ-ਸਤਿ ਬਚਨ ! 'ਅਵਤਾਰ ਦੀ ਕਥਾ' ਆਖੋ ਨਾ।

ਪ੍ਰੀਤਮ ਸਿੰਘ-ਭੁਲ ਹੋ ਗਈ ਜੀਉ ! 'ਅਵਤਾਰ ਦੀ ਕਥਾ'।

ਸੰਤ ਜੀ-ਸਾਧ ਸੰਗਤ ਜੀ ! ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਦੋ ਅਵਤਾਰ ਕਥਾ ਹਨ। ਇਕ ਪਹਿਲੀ ਇਕ ਦੂਜੀ। ਕੇਹੜੀ ਸੁਣਾਂਵਾਂ ?

ਸੰਗਤ ਸੁਣਕੇ ਹੈਰਾਨ ਹੋ ਗਈ। ਭਾਈ ਸ਼ੇਰ ਸਿੰਘ ਨੇ ਉੱਠਕੇ ਕਿਹਾ 'ਮਹਾਰਾਜ ਜੀਓ ! ਪਹਿਲੀ ਕੇਹੜੀ ਤੇ ਦੂਜੀ ਕੇਹੜੀ ?'

ਸੰਤ ਜੀ-ਪਹਿਲੀ ਤਾਂ ਸ੍ਰੀ ਗੁਰੂ ਜੀ ਦਾ 'ਇਸ ਮਾਤ ਲੋਕ ਵਿਚ ਅਵਤਰਣ ਹੈ', ਤੇ ਦੂਸਰੀ ਹੈ 'ਸਾਡੇ ਕੋਲੇ ਰਹਿ ਪੈਣ ਦੀ।' ਪਹਿਲੀ ਤੁਸਾਂ ਬਹੁਤ ਵੇਰ ਸੁਣੀ ਹੋਈ ਹੈ। ਗੁਰੂ ਜਸ ਸੁਣਦਿਆਂ ਕੰਨ ਸਿੱਖਾਂ ਦੇ ਨਹੀਂ ਰਜਦੇ, ਸੋ ਜੇਹੜੀ ਆਖੋ।

ਸੰਗਤ-ਮਹਾਰਾਜ ਜੀ ! ਫੇਰ ਦੂਜੀ 'ਸਾਡੇ ਕੋਲ ਰਹਿ ਪੈਣ' ਵਾਲੀ ਸੁਣਾਓ।

ਸੰਤ ਜੀ-ਦੇਖੋ ਭਾਈ, ਜੇ ਗੁਲਾਬ ਦੇ ਬੂਟੇ ਨਾਲੋਂ ਫੁਲ ਤੋੜੀਏ ਤਾਂ ਹਥ ਵਿਚ ਫੁਲ ਆ ਜਾਂਦਾ ਹੈ, ਪਰ ਟਹਿਣੀ ਨਾਲ ਕੋਈ ਨਹੀਂ ਰਹਿੰਦਾ। ਅਸਾਂ ਸੁਣਿਆਂ ਹੈ ਕਿ ਇਸ ਰਚਨਾਂ ਦੀ ਕਿਸੇ ਸੂਖਮ ਦੁਨੀਆਂ ਵਿਚ ਐਸੀ ਹਾਲਤ ਹੈ ਕਿ ਉਥੇ ਜੇ ਟਾਹਣੀ ਨਾਲੋਂ ਫੁੱਲ ਤੋੜੋ ਤਾਂ ਫੁੱਲ ਤੁਹਾਡੇ ਹੱਥ ਵਿਚ ਬੀ ਹੋਏਗਾ ਤੇ ਟਾਹਣੀ ਨਾਲ ਭੀ ਉਸੇ ਤਰ੍ਹਾਂ ਲਹਿ-ਲਹਾਉਂਦਾ ਹੋਏਗਾ। ਇਸੇ ਪ੍ਰਮਾਣ ਤੋਂ ਖਿਆਲ

ਕਰ ਲਓ, ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਐਸੀ ਕਲਾ ਵਰਤਾਈ ਕਿ ਆਪ ਇੱਥੋਂ ਚਲੇ ਬੀ ਗਏ ਤੇ ਸਾਡੇ ਪਾਸ ਬੀ ਰਹਿ ਪਏ। ਚਲੇ ਗਏ ਦੀ ਸਾਖੀ ਤਾਂ ਤੁਸਾਂ ਪੜੀ ਸੁਣੀ ਹੈ, ਰਹਿ ਪੈਣ ਦੀ ਸਾਖੀ ਐਉਂ ਹੈ :-

੩.

**ਜਗਤ** ਜਲੰਦੇ ਨੂੰ ਉਖਾਰਨ ਲਈ ਜੋ ਉਦਾਸੀਆਂ ਸਤਿਗੁਰ ਨਾਨਕ ਦੇਵ ਜੀ ਨੇ ਕੀਤੀਆਂ ਉਹਨਾਂ ਵਿਚੋਂ ਪਹਿਲੀ ਉਦਾਸੀ ਦੇ ਮਗਰੋਂ ਦੇਸ਼ ਦਾ ਚੱਕਰ ਲਾਕੇ ਆਪ ਜੀ ਨੇ ਕਰਤਾਰ ਪੁਰ ਵਸਾਉਣ ਦਾ ਕੌਤਕ ਵਰਤਾਇਆ। ਇਸਤੋਂ ਮਗਰੋਂ ਜਦ ਬੀ ਉਦਾਸੀ ਕਰਕੇ ਦੇਸ਼ ਮੁੜੇ ਕਰਤਾਰ ਪੁਰੇ ਆਕੇ ਰਹੇ। ਜਦੋਂ ਫੇਰ ਬਿਦੇਸ ਜਾਣਾ ਸੁੱਖ ਹੋ ਗਿਆ ਤਾਂ ਆਪ ਕਰਤਾਰ ਪੁਰੇ ਜੋਤਿ ਜਗਾਕੇ ਦੁਨੀਆਂ ਤਾਰਣ ਲੱਗੇ। ਉਦਾਸੀਆਂ ਛੱਡੀਆਂ ਤਦ ਉਹ ਭੇਖ ਭਗਵਾ ਪਹਿਨਕੇ ਜੋ ਉਦਾਸੀ ਰੰਗਤ ਚਲਾਈ ਸੀ ਉਤਾਰ ਦਿੱਤਾ। ਜਗਤ ਨੂੰ ਦੱਸ ਦਿੱਤਾ ਕਿ ਬਾਬਾ ਨਾਨਕ ਕਿਸੇ ਬੰਦਸ਼ ਵਿਚ ਬੰਦ ਨਹੀਂ। ਸੰਗਤਾਂ ਲੱਗੀਆਂ ਫੇਰ ਆਉਣ ਤੇ ਤਰਨ। ਕਰਤਾਰ ਪੁਰੇ ਦੀ ਆਪ ਦੀ ਬੱਧੀ ਧਰਮਸਾਲ ਵਿਚ ਕੀਰਤਨ ਉਪਦੇਸ਼ ਜੀਅਦਾਨ ਦਾ ਰੰਗ ਲੱਗਾ ਰਹੇ। ਕੌਤਕੀ ਸਤਿਗੁਰੂ ਨੇ ਧਰਮ ਕਿਰਤ ਦਾ ਹੁਕਮ ਦਿੱਤਾ ਸੀ, ਸੋ ਕਰਤਾਰ ਪੁਰੇ ਆਪ ਪੈਲੀਆਂ ਬਿਜਵਾਈਆਂ। ਆਪ ਖੇਤਾਂ ਵਿਚ ਜਾਇਆ ਕਰਦੇ ਸੇ। ਸੰਗਤਾਂ ਕਿਰਤ ਕਰਦੀਆਂ, ਫ਼ਸਲ ਹੁੰਦੇ, ਓਹ ਫਸਲ ਲੰਗਰ ਵਿਚ ਪਕਦੇ। ਪਰ ਜਦੋਂ ਐਸੇ ਆਦਮੀਆਂ ਦੀ ਭੀੜ ਹੋ ਜਾਂਦੀ ਕਿ ਜੋ ਨਾ ਨਾਮ ਜਪਦੇ, ਨਾ ਕਿਰਤ ਕਰਦੇ ਤਦ ਆਪ ਸਭ ਸਾਮਾਨ ਵਿਸਰਜਨ ਕਰਕੇ ਥੋੜੇ ਵਕਤ ਲਈ ਲੰਗਰ ਮਸਤ ਕਰ ਦੇਂਦੇ ਤੇ ਐਉਂ ਸੱਚੇ ਪ੍ਰੇਮ ਦੀ ਲਗਨ ਵਾਲੇ ਬੰਦੇ ਨਿਤਰ ਆਉਂਦੇ। ਦੇਖੋ ਇਹ ਕੌਤਕ ਕੇਡਾ ਅਨੂਪਮ ਵਰਤਾਇਆ। ਸੰਨਜਾਸ ਧਾਰਕੇ, ਅਰਥਾਤ ਫਕੀਰੀ ਭੇਖ ਧਾਰਕੇ, ਕੋਈ ਵਿਰਕਤ ਸਾਧੂ ਮੁੜ ਗ੍ਰਿਹਸਤ ਵਿਚ ਨਹੀਂ ਜਾਂਦਾ। ਪਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ, ਜੀਉਂਦੇ ਹੁਲਾਰਿਆਂ ਵਾਲੇ ਖੁੱਲਾਂ ਦੇ ਮਾਲਕ ਨੇ ਜਦ ਡਿੱਠਾ ਕਿ ਬੇਬੇ ਸੁਲੱਖਣੀ ਜੀ ਪੇਕੇ ਘਰ ਬੜੇ ਦੁਖੀ ਹਨ, ਬੱਚਿਆਂ ਸਣੇਂ ਓਹ ਪੇਕੇ ਪਰਵਾਰ ਤੇ ਭਾਰੂ ਹਨ, ਸਾਕ ਅੰਗ ਮੇਹਣਿਆਂ ਨਾਲ ਖੇਦ ਦੇਂਦੇ ਹਨ ਤੇ ਓਹ ਸਦਾ ਉਦਾਸ ਤੇ ਗ਼ਮ ਵਿਚ ਰਹਿੰਦੇ ਹਨ ਤਾਂ ਆਪ ਨੇ ਉਨ੍ਹਾਂ ਦੇ ਬੇਨਤੀ ਕਰਨੇ ਪਰ ਉਨ੍ਹਾਂ ਨੂੰ ਕਰਤਾਰ ਪੁਰ ਰਹਿਣੇ ਦੀ ਆਗਿਆ ਦੇ ਦਿੱਤੀ। ਭੇਖ ਧਾਰਕੇ ਭੇਖ ਦੇ ਕੈਦੀ ਹੋ ਜਾਣ ਵਾਲੇ ਜੋਗੀਆਂ ਨੇ ਗੁਰੂ ਜੀ ਨੂੰ ਉਲ੍ਹਾਮਾਂ ਬੀ ਦਿੱਤਾ, ਪਰ ਦਾਤਾ ਜੀ ਨੇ ਪਰਵਾਹ ਨਾ ਕੀਤੀ। ਉਨ੍ਹਾਂ ਦਾ ਅਸੂਲ 'ਸੱਚ' ਤੇ ਟੁਰਨਾ, ਅਮਲੀ ਸਚਿਆਰ ਹੋਣਾ, ਆਤਮ ਸੱਚ ਤੇ ਟਿਕੇ ਰਹਿਣਾ, ਇਸ ਦਿਸਦੇ ਪਰ ਬਦਲਦੇ ਜਗਤ ਦਾ ਮੂਲ ਆਧਾਰ, ਜੋ ਸੱਚ ਸਰੂਪ ਹੈ, ਉਸ ਵਿਚ ਨਿਵਾਸ ਰੱਖਣਾ ਸਿਖਾਉਣਾ ਸੀ। ਗੱਲ ਕੀ ਹਰ ਗੱਲੇ ਸੱਚ ਦਾ ਰੂਪ ਗੁਰੂ ਜੀ ਨੇ ਦੱਸਿਆ ਹੈ ਤੇ ਚਲਾਇਆ ਹੈ। ਉਨ੍ਹਾਂ ਨੇ ਅਮਲੀ ਜੀਵਨ ਬੀ ਸੱਚ ਦਾ ਅਰਥਾਤ ਦਰੁਸਤ ਬਸਰ ਕਰਨ ਦਾ ਵੱਲ ਸਿਖਾਇਆ ਹੈ। ਮਾਤਾ ਜੀ ਦੁਖੀ ਸਨ, ਦੁਖ ਨਵਿਰਤ ਕਰਨਾ ਗੁਰੂ ਜੀ ਦਾ ਉਦੇਸ਼ ਸੀ। ਸੋ ਉਹ ਦੂਰ ਕਰਨਾ ਇਕ ਆਤਮ ਸੱਤਜਤਾ ਸੀ, ਜਿਸਦੇ ਕਰਨ ਵਿਚ ਗੁਰੂ ਜੀ ਨੂੰ ਕਿਸੇ ਜਗਤ ਦੀ ਨੁਕਤਾਚੀਨੀ ਦੀ ਪਰਵਾਹ ਨਹੀਂ ਸੀ, ਇਸ ਲਈ ਪਰਵਾਰ ਬੀ ਕਰਤਾਰ ਪੁਰੇ ਆ ਗਿਆ। ਸੋ ਕਰਤਾਰ ਪੁਰੇ ਵਿਚ ਸਤਿਗੁਰਾਂ ਨੇ ਆਪਣੀ ਆਯੂ ਦਾ ਸੁਹਾਵਣਾ ਬਿਰਧਾਪਨ ਜਗਤ ਉਧਾਰ ਨਮਿੱਤ ਕੀਤਾ।

ਇਕ ਦਿਨ ਆਪ ਬਾਹਰ ਖੜੇ ਸਨ ਤਾਂ ਇਕ ਸੁਭਾਗ ਆਤਮਾ ਘੋੜੀ ਪਰ ਚੜ੍ਹੇ ਹੋਏ ਆਏ ਤੇ ਪਾਸ ਖੜੋਕੇ ਸਿਰ ਨਿਵਾਕੇ ਪੁੱਛਣ ਲਗੇ : 'ਸੁਹਣੇ ਨੈਣਾਂ ਵਾਲੇ ਜੀਓ ! ਏਥੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਨਿਵਾਸ ਦੱਸੀਦਾ ਹੈ, ਮੈਂ ਚਰਨ ਪਰਸਨੇ ਹਨ। ਕੀ ਤੁਸੀਂ ਮੈਨੂੰ ਟਿਕਾਣੇ ਦਾ ਥਹੁ ਦੱਸ ਸਕਦੇ ਹੋ?' ਆਪ ਪੁਛਦੇ ਸਨ, ਕੁਝ ਝਰਨਾਟ ਅੰਦਰ ਛਿੜਦੀ ਸੀ, ਚਿਹਰੇ ਵਲ ਤਕਦੇ ਸਨ ਤਾਂ ਧੂਹ ਜੇਹੀ

ਪੈਂਦੀ ਸੀ; ਬ੍ਰਿਧਾਪਨ ਤਕਦੇ ਸਨ ਪਰ ਸੁੰਦਰਤਾ ਦਾ ਜਲਾਲ ਝੱਲ ਨਹੀਂ ਸੀ ਹੁੰਦਾ, ਅਚਰਜ ਹੁੰਦੇ ਸਨ, ਪ੍ਰਰ ਕਾਰਣ ਨਹੀਂ ਸੀ ਭਾਸਦਾ ਕਿ ਕੀ ਹੈ ?

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨੂਰੀ ਨੈਣਾਂ ਨੇ ਸਵਾਰ ਨੂੰ ਡਿੱਠਾ, ਚਮਕਦੇ ਨੈਣ ਚਮਕੇ, ਮੁਸਕ੍ਰਾਏ ਤੇ ਆਖਣ ਲੱਗੇ: 'ਪੁਰਖਾ ! ਮੇਰੇ ਮਗਰ ਮਗਰ ਆਓ ਤੈਨੂੰ ਤੇਰੇ ਟਿਕਾਣੇ ਤੇ ਅਪੜਾ ਦੇਈਏ'। ਚੋਜੀ ਮਾਲਕ ਅੱਗੇ ਅੱਗੇ ਪੈਦਲ ਟੁਰ ਪਏ ਹਨ ਤੇ ਪੁੱਛਣ ਵਾਲਾ ਪ੍ਰੇਮੀ ਘੋੜੀ ਤੇ ਚੜ੍ਹਿਆ ਮਗਰ ਮਗਰ ਜਾ ਰਿਹਾ ਹੈ। ਜਾ ਰਿਹਾ ਹੈ ਪਰ ਕਲੇਜਾ ਅਨੋਖੀਆਂ ਝਰਨਾਟਾਂ ਨਾਲ ਝਰਨ ਝਰਨ ਕਰ ਰਿਹਾ ਹੈ। ਟਿਕਾਣੇ ਦਾ ਬੂਹਾ ਦੱਸਕੇ ਆਪ ਗੁਰੂ ਜੀ ਦੂਜੇ ਪਾਸਿਓਂ ਅੰਦਰ ਚਲੇ ਗਏ ਤੇ ਸੋਹਣੇ ਸਵਾਰ ਨੇ ਉਤਰਕੇ ਘੋੜੀ ਬੂਹੇ ਦੇ ਬਾਹਰ ਬੱਧੀ ਤੇ ਆਪ ਦਲ੍ਹੀਜਾਂ ਤੇ ਸਿਰ ਧਰਕੇ ਅੰਦਰ ਕਦਮ ਧਰਿਆ। ਅਗੇ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਬੈਠੇ ਸਨ। ਸੁਭਾਗ ਮੂਰਤੀ ਜੀ ਦੇਖਕੇ ਅਚੰਭਾ ਹੋ ਗਏ ਕਿ ਹੈਂ ਇਹੋ ਗੁਰੂ ਨਾਨਕ ਦੇਵ ਜੀ ਹਨ, ਇਹੋ ਜੋ ਮੈਨੂੰ ਟਿਕਾਣਾ ਦੱਸਦੇ ਪੈਦਲ ਟੁਰੇ ਆਏ ਤੇ ਮੈਂ ਬੇਅਦਬੀ ਕੀਤੀ; ਘੋੜੀ ਤੇ ਚੜ੍ਹਿਆ ਆਇਆ। ਇਕ ਵੇਰ ਤਾਂ ਐਸੀ ਸ਼ਰਮ ਆਈ ਕਿ ਤਨ ਬਦਨ ਮੁੜ੍ਹਕੇ ਨ੍ਹਾਤਾ ਗਿਆ। ਫੇਰ ਦੂਜੀ ਵੇਰ ਸਿਰ ਧਰਤੀ ਤੇ ਰਖਿਆ ਤੇ ਮਨ ਹੀ ਮਨ ਭੁੱਲ ਦੀ ਖਿਮਾਂ ਵਿਚ ਅਰਜ਼ੋਈਆਂ ਦਾ ਰੂਪ ਹੋ ਗਏ। ਜਾਂ ਸਾਵਧਾਨ ਹੋ ਕੇ ਬੈਠੇ ਤਾਂ ਸਤਿਗੁਰੂ ਜੀ ਨੇ ਪੁਛਿਆ: 'ਪੁਰਖਾ! ਕਿਥੋਂ ਆਇਆ ਹੈਂ ?' ਆਪ ਨੇ ਰੁਕੇ ਹੋਏ ਗਲੇ ਤੋਂ ਆਖਿਆ 'ਜੀ ਮੈਂ ਖਡੂਰ ਤੋਂ ਆਇਆ ਹਾਂ*। ਸੁਹਣੇ ਸ੍ਰੀ ਗੁਰੂ ਜੀ ਨੇ ਪੁੱਛਿਆ 'ਪੁਰਖਾ ! ਇਹੋ ਹੈ ਪਿੱਛਾ ?' ਤਾਂ ਸੁਭਾਗ ਜੀ ਨੇ ਕਿਹਾ 'ਹੇ ਗੁਰੂ ! ਪਿੱਛਾ ਤਾਂ ਮੱਤੇ ਦੀ ਸਰਾਂ ਤੇ ਹਰੀਕੇ ਦਾ ਹੈ ਹੁਣ ਵਸੇਬਾ ਖਡੂਰ ਹੈ ਤੇ ਵਿਹਾਰ ਕਾਰ ਕਰਦਾ ਹਾਂ।' ਫਿਰ ਮਾਲਕ ਜੀ ਬੋਲੇ 'ਕਿਧਰ ਚੱਲੇ ਹੋ ?' ਸੁਭਾਗ ਮਨ ਜੀ ਨੇ ਆਖਿਆ 'ਸੰਗ ਨਾਲ ਹੈ ਤੇ ਦੇਵੀ ਦੇ ਦਰਸ਼ਨ ਨੂੰ ਜਾ ਰਹੇ ਹਾਂ'। ਫਿਰ ਸ੍ਰੀ ਗੁਰੂ ਜੀ ਨੇ ਪੁਛਿਆ: 'ਪੁਰਖਾ ! ਤੇਰਾ ਨਾਉਂ ਕੀ ਹੇ ?' ਸੁਹਣੇ ਭਾਗਾਂ ਵਾਲੇ ਨੇ ਹੱਥ ਬੰਨ੍ਹਕੇ ਤੇ ਕੰਬਕੇ ਕਿਹਾ, 'ਜੀਓ ਜੀ, ਨਾਮ ਲਹਿਣਾ ਕਰਕੇ ਮਦਦੇ ਹਨ'। ਤਾਂ ਆਪ ਕਿਸੇ ਅਗੰਮੀ ਰੰਗ ਦੀ ਰੰਗਣ ਵਿਚ ਆ ਕੇ ਡਾਢੇ ਪਿਆਰ ਨਾਲ ਬੋਲੇ-- ਆ ਭਾਈ ਲਹਿਣਾ, ਤੂੰ ਲਹਿਣਾ ਤੇ ਅਸਾਂ ਤੇਰਾ ਦੇਣਾ'।

ਭਾਗਭਰੇ ਲਹਿਣਾ ਜੀ ਨੂੰ ਕੀਹ ਪਤਾ ਸੀ ਕਿ ਐਸ ਵੇਲੇ ਮਾਲਕ ਜੀ ਨੇ ਕੀਹ ਆਖਿਆ ਹੈ: ਸੀ ਤਾਂ ਗਲ ਇਕੋ, ਪਰ ਲਹਿਣਾ ਜੀ ਨੂੰ ਮਾਂਈਂ ਨੇ ਸਿੱਖੀ ਦਾ ਨਮੂਨਾ ਬਣਾਕੇ ਪਿੱਛੋਂ ਗੁਰਿਆਈ ਦੀ ਸ਼ਮਾ-ਸਿਖਿਆ ਦੇਣ ਦਾ ਦੀਪਕ-ਬਣਾਉਣਾ ਸੀ। ਇਸ ਲਈ ਸਿੱਖੀ ਦੀ ਆਸ ਵਿਚ ਆਏ ਸ੍ਰੀ ਲਹਿਣਾ ਜੀ ਨੂੰ ਕਹਿ ਪਤਾ ਸੀ ਕਿ ਸ੍ਰੀ ਗੁਰ ਨਾਨਕ ਦੇਵ ਜੀ ਨੇ ਸੁਹਣੇ ਲਬਾਂ ਤੋਂ ਕੀਹ ਫੁਰਮਾਇਆ ਹੈ। ਗੁਰੂ ਨਾਨਕ ਤਾਂ ਅਮਤੇਜ ਹੈ। ਅਰਥਾਤ ਕਿਸੇ ਤੋਂ ਕੁਛ ਨਾ ਲੈਣ ਵਾਲਾ। ਜਿਸ ਨੇ ਕੁਛ ਨਹੀਂ ਕਦੇ ਲੈਣਾ ਉਸ ਨੇ ਕਿਸੇ ਦਾ ਕੁਛ ਦੇਣਾ ਕਿਉਂ ਹੋਇਆ ? ਕੁਛ ਨਹੀਂ ਦੇਣਾ ਕਿਸੇ ਦਾ ਗੁਰੂ ਨਾਨਕ ਨੇ। ਹਾਂ ਉਹ ਤਾਂ ਸਦਾ ਦਾਤਾ ਹੈ। ਤਾਂ ਦੱਸੋ ਗੁਰੂ ਕੀ ਸੰਗਤ! ਸ੍ਰੀ ਗੁਰੂ ਨਾਨਕ ਦੇਵ ਜੀ ਕੀ ਹੋਏ ? (ਉੱਤਰ) 'ਤੂੰ ਦਾਤਾ ਜਗ ਮੰਗਤਾ।' ਗੁਰੂ ਨਾਨਕ ਸਦਾ ਦੇਂਦਾ ਹੈ, ਜੀਅ ਦਾਤਾਂ ਦਾ ਦਾਤਾ ਹੈ। ਇਸ ਕਰਕੇ ਉਹ ਦੇਣ ਜੋਗ ਹੋਇਆ, ਤਾਂ ਦਾਤਾ ਹੋ ਕੇ ਉਸ ਦੇਣਾ ਹੀ ਹੋਇਆ। ਅੱਗੇ ਤਾਂ ਸਭ ਨੂੰ ਦੇਂਦਾ ਸੀ ਜੀਅ ਦਾਨ ਤੇ ਸੁਭਾਗ ਲਹਿਣਾ ਜੀ ਨੂੰ ਕੀ ਰਮਜ਼ ਮਾਰੀ ਨੇ ? ਏਥੇ ਗੁਰੂ ਬਾਬੇ ਨੇ ਦੇਣਾ ਹੈ 'ਆਪਾ'।

੪.

**ਦੇਵੀ** ਦੇ ਦਰਸ਼ਨ ਨੂੰ ਜਾਣ ਵਾਲਾ ਇਕ ਸੰਗ ਕਰਤਾਰ ਪੁਰੇ ਦੇ ਬਾਹਰ ਉਤਰਿਆ ਪਿਆ ਹੈ। ਜੋਤਿ ਜਗ ਰਹੀ ਹੈ। ਛੈਣੇ ਖੜਕ ਰਹੇ ਹਨ। ਲਾਟਾਂ ਵਾਲੀ ਦੀ ਜੈ ਹੋ ਰਹੀ ਹੈ। ਪਰ ਭੇਟਾਂ ਗਾਉਣ

---

* ਖਡੂਰ ਦੇ ਨਾਲ ਸੰਘਰ ਨਾਮ ਦੇ ਪਿੰਡ ਦਾ ਥੇਹ ਹੈ। ਖਜਾਲ ਇਹ ਵੀ ਕੀਤਾ ਜਾਂਦਾ ਹੈ ਕਿ ਤਦੋਂ (ਸ੍ਰੀ) ਲਹਿਣਾ ਜੀ ਏਥੇ ਰਿਹਾ ਕਦਰਦੇ ਸੀ।

ਵਾਲੇ ਮੂੰਹ ਚੱਕ ਚੱਕ ਤੱਕਦੇ ਹਨ। ਕਿਸ ਨੂੰ ? ਆਪਣੇ ਸੰਗ ਦੇ ਪਰਧਾਨ ਸ੍ਰੀ ਲਹਿਣਾ ਜੀ ਨੂੰ, ਜੋ ਹਰ ਸਾਲ ਸੰਗ ਲੈ ਕੇ ਦੇਵੀ ਤੇ ਜਾਇਆ ਕਰਦੇ ਸਨ। ਐਤਕੀ ਬੀ ਚੱਲੇ ਸਨ, ਪਰ ਐਤਕੀਂ ਕੰਨੀ ਕੋਈ ਬਾਣੀ ਦੀ ਸੱਦ ਪਈ ਸੀ। ਉਸ ਬਾਣੀ ਨੇ ਅਣੀਆਲੇ ਅਣੀਆਂ ਵਾਲਾ ਕੰਮ ਕੀਤਾ ਸੀ। ਉਸ ਨੇ ਉਸ ਮਨ ਵਿਚ, ਜੋ ਉਛਾਲ ਰਖਦਾ ਸੀ ਦੇਵੀ ਪੂਜਨ ਦਾ, ਹੁਣ ਪੀਰ ਪਿਰੰਮ ਦੀ ਲਾ ਰੱਖੀ ਸੀ! ਸ੍ਰੀ ਲਹਿਣਾ ਜੀ ਨੇ ਤਦੋਂ ਹੀ ਪਤਾ ਲਿਆ ਸੀ ਕਿ ਕਿਸ ਦੀ ਬਾਣੀ ਹੈ। ਹਾਂ ਬਾਣੀਆਂ ਦੇ ਸਰਦਾਰ ਦਾ ਥਹੁ ਕਰਤਾਰ ਪੁਰੇ ਦਾ ਪਤਾ ਲੈ ਕੇ ਸ੍ਰੀ ਜੀ ਦੇਵੀ ਨੂੰ ਜਾਂਦੇ ਥੋੜਾ ਰਸਤਾ ਵਟਾ ਕੇ ਕਰਤਾਰ ਪੁਰ ਅੱਪੜੇ ਸਨ। ਸੰਗ ਬਾਹਰ ਉਤਾਰਿਆ ਸੀ ਤੇ ਆਪ ਕਹਿ ਗਏ ਸਨ ਕਿ ਮੈਂ ਏਥੇ ਵਸਦੇ ਤਪਾ ਜੀ ਦਾ ਦਰਸ਼ਨ ਕਰ ਆਵਾਂ ਤੇ ਫੇਰ ਕੱਲ ਅੱਗੇ ਟੁਰਾਂਗੇ। ਆਪ ਸੁਣ ਚੁਕੇ ਹੋ ਕਿ ਇਸ ਸੰਗ ਦੇ ਆਗੂ ਸ੍ਰੀ ਪਰਮ ਪਾਵਨ ਲਹਿਣਾ ਜੀ ਗੁਰ ਨਾਨਕ ਦਰਸ਼ਨ ਨੂੰ ਗਏ ਹੋਏ ਸਨ। ਇਧਰ ਰਾਤ ਪੈ ਗਈ ਸੀ। ਸੰਗ ਖਾ ਪੀ ਕੇ ਵਿਹਲਾ ਹੋ ਜੋਤਾਂ ਜਗਾ ਭੇਟਾਂ ਗਾਉਂ ਰਿਹਾ ਸੀ ਤੇ ਕਦੇ ਕਦੇ ਮੂੰਹ ਚਕ ਚਕ ਤੱਕ ਰਿਹਾ ਸੀ ਕਿ ਸਵੇਰ ਦੇ ਗਏ ਭਗਤ ਜੀ ਮੁੜੇ ਨਹੀਂ, ਸੁਖ ਹੋਵੇ। ਇਸ ਵੇਲੇ ਸਭ ਨੂੰ ਪੱਕ ਸੀ ਕਿ ਆਪ ਭੇਟਾਂ ਗਾਉਣ ਦੇ ਵੇਲੇ ਨੂੰ ਨਹੀਂ ਘੁਸਾਉਣਗੇ। ਪਰ ਆਪ ਨਹੀਂ ਆਏ। ਸਵੇਰਾ ਹੋ ਗਿਆ। ਧਰਮਸਾਲੇ ਆਸਾ ਦੀ ਵਾਰ ਦਾ ਭੋਗ ਪੈ ਗਿਆ। ਲੂਣ ਦੀ ਪੁਤਲੀ ਜੋ ਸਾਗਰ ਵਿਚ ਵੜੀ ਸੀ ਹੁਣ ਫਰਜ਼ ਨੂੰ ਯਾਦ ਕਰਕੇ ਫੇਰ ਰੂਪਵਾਨ ਹੋ ਕੇ ਬਾਹਰ ਨਿਕਲਦੀ ਹੈ। ਡੇਰੇ ਅੱਪੜਦੀ ਹੈ ਤੇ ਸਾਥ ਨੂੰ ਆਖਦੀ ਹੈ :-

ਸੱਜਣੋਂ ! ਮੈਂ ਕੱਲ ਦਾ ਗਿਆ ਆ ਨਹੀਂ ਸਕਿਆ, ਤੁਸਾਨੂੰ ਉਡੀਕਾਂ ਦੀ ਖੇਚਲ ਹੋਈ। ਹੁਣ ਮੈਂ ਆਇਆ ਹਾਂ ਇਹ ਦੱਸਣ ਕਿ ਮੈਂ ਏਥੇ ਹੀ ਰਹਿ ਪਿਆ ਹਾਂ। ਤੁਸੀਂ ਜਾਓ, ਦਰਸ਼ਨ ਕਰੋ ਤੇ ਘਰਾਂ ਨੂੰ ਮੁੜੋ। ਮੈਂ ਤੁਸਾਂ ਨਾਲ ਹੁਣ ਸਾਥ ਨਹੀਂ ਨਿਬਾਹ ਸਕਦਾ।

ਸੰਗ ਵਿਚ ਤਾਂ ਉਦਾਸੀ ਵਰਤ ਗਈ। ਆਖਣ ਲੱਗੇ :-ਪਿਆਰੇ ਲਹਿਣਾ ਜੀ ! ਸਾਡੇ ਸਿਰ ਦੇ ਸਾਂਈਆਂ ਜੀਓ ! ਇਹ ਕੀਹ ਸੁਣਾਉਣੀ ਸੁਣਾਈ ਨੇ। ਰਾਜਾ ਬਿਨ ਰੱਯਤ ਕਿਵੇਂ ਸੁਹਾਵੇਗੀ ?

ਸੁਭਾਗ ਲਹਿਣਾ ਜੀ ਬੋਲੇ-ਸੱਜਣੋਂ ਧੁਰ ਦੀ ਵਹਿ ਗਈ, ਜੋ ਧੁਰੋਂ ਠਟੀ ਸੀ। ਜਿਸ ਦੀਆਂ ਭੇਟਾਂ ਮੇਰਾ ਅੰਦਰਲਾ ਅਨਜਾਣੇ ਗਾਉਂਦਾ ਸੀ ਉਹ ਲੱਭ ਪਿਆ ਹੈ। ਜਿਸ ਲਾਟਾਂ ਵਾਲੀ ਨੂੰ ਮੈਂ ਆਰਾਧਦਾ ਸਾਂ ਉਹ ਜਵਾਲਾ ਦਾ ਮਾਲਕ ਮੈਨੂੰ ਮਿਲ ਪਿਆ ਹੈ। ਮੇਰੇ ਹਿਰਦੇ ਪੁੜ ਗਈ ਹੈ। ਜੋ ਭਾਲ ਸੀ ਮਿਲ ਪਈ ਹੈ। ਮੈਂ ਹੁਣ ਹਿੱਲਣ ਜੋਗਾ ਨਹੀਂ। ਤੁਸੀਂ ਸੱਚੇ ਦੁਖੀ ਹੁੰਦੇ ਹੋ, ਪਰ ਮੇਰੇ ਵਸ ਨਹੀਂ ਜੇ। ਧ੍ਰੂਹੀ ਜੇ, ਜੇ ਮੇਰੇ ਵਸ ਦੀ ਹੁੰਦੀ ਤਾਂ ਮੈਂ ਯਾਤ੍ਰਾ ਕਰਵਾਕੇ ਘਰ ਅਪੜਾ ਕੇ ਕੁਛ ਹੋਰ ਕਰਦਾ। ਪਰ ਹੁਣ ਮੈਂ ਕੀਹ ਕਰਾਂ। ਫੌਲਾਦ ਦੀ ਘੁੰਮਦੀ ਡਲੀ ਨੂੰ ਚੁੰਬਕ ਮਿਲ ਪਿਆ ਹੈ ਤੇ ਚੁੰਬਕ ਦੀ ਖਿੱਚ ਨੇ ਕਿਤੇ ਹਿੱਲਣ ਜੋਗਾ ਨਹੀਂ ਛੱਡਿਆ।

ਸੰਗ ਸਾਰਾ ਹੈਰਾਨ ਹੋ ਗਿਆ। ਪਰ ਸ੍ਰੀ ਜੀ ਦੇ ਵਾਕ ਅਟੱਲਵੇਂ ਸਨ। ਸਭ ਨੂੰ ਮੰਨਣੇ ਪਏ। ਫਿਰ ਸਾਰੇ ਆਖਣ ਲਗੇ ਸਾਨੂੰ ਭੀ ਦਰਸ਼ਨ ਕਰਾਓ। ਆਪ ਨੇ ਕਿਹਾ ਤੁਸਾਂ ਦੇ ਮਨ ਕਿਸੇ ਹੋਰ ਆਹਰੇ ਹਨ, ਤੁਸੀਂ ਹੁਣ ਜਾਓ। ਮੁੜਦੀ ਵਾਰ ਤੁਸਾਂਨੂੰ ਬੀ ਦਰਸ਼ਨ ਕਰਾਸਾਂ। ਹੁਣ ਸਾਰੇ ਰੋ ਰੋ ਕੇ ਸ੍ਰੀ ਲਹਿਣਾ ਜੀ ਤੋਂ ਵਿੱਛੜੇ।

ਇਧਰ ਸ੍ਰੀ ਗੁਰੂ ਜੀ ਵਲੋਂ ਸ੍ਰੀ ਲਹਿਣਾ ਜੀ ਨੂੰ ਘਰ ਜਾਣੇ ਦੀ ਆਗਿਆ ਹੋਈ ਤਾਂ ਆਪ ਘਰ ਜਾ ਕੇ ਫੇਰ ਮੁੜਕੇ ਆਏ! ਮਲੂੰਮ ਹੁੰਦਾ ਹੈ ਕਿ ਸ੍ਰੀ ਲਹਿਣਾ ਜੀ ਨੇ ਘਰ ਜਾ ਕੇ ਆਪਣੀ ਸੁਪਤਨੀ ਜੀ ਨੂੰ ਸਮਝਾਇਆ ਹੈ। ਉਹਨਾਂ ਦੇ ਪਿਆਰ ਤੋਂ ਆਪ ਨੇ ਮਨੋਰਥ ਸਿੱਧੀ ਲਈ ਅਨੁਕੂਲਤਾ ਲਈ ਹੈ ਤੇ ਵਿਹਾਰਕਾਰ ਸਮੇਟੇ ਹਨ। ਇਉਂ ਸੁਤੰਤ੍ਰ ਹੋ ਕੇ ਫਿਰ ਕਰਤਾਰ ਪੁਰ ਆ ਕੇ ਟਿਕ ਗਏ ਹਨ। ਜਦੋਂ ਆਪ ਫੇਰ ਕਰਤਾਰ ਪੁਰ ਅੱਪੜਨ ਲਈ ਆਪਣੇ ਗਿਰਾਂ ਤੋਂ ਟੁਰੇ ਹਨ ਤਾਂ ਗਿਰਾਂ ਤੋਂ ਪੰਡ ਲੂਣ ਦੀ ਸਿਰ ਚਾਈ ਤੇ ਕਰਤਾਰ ਪੁਰ ਤਕ ਚਾਈ ਆਏ। ਸਾਧ ਸੰਗਤ ਜੀ ! ਸ੍ਰੀ ਲਹਿਣਾ ਜੀ ਚੰਗੇ ਸਰਦੇ ਪੁਜਦੇ

ਵਾਲੇ ਸੇ। ਆਪਦਾ ਆਪਣਾ ਪਿੰਡ ਮਤੇ ਕੀ ਸਰਾਇ ਤਾਂ ਧਾੜਵੀਆਂ ਨੇ ਢਹਿ ਢੇਰੀ ਕਰ ਛਡਿਆ ਸੀ। ਪਰ ਇਥੇ ਆ ਕੇ ਆਪ ਚੰਗੇ ਸੁਖੀ ਹੋ ਗਏ ਸੇ। ਆਪਦੇ ਸਾਹਵਰੇ ਬੀ ਧਨਾਢ ਸੇ। ਸੋ ਆਪ ਸੁਹਲ ਤੇ ਸੁਖੀ ਰਹਿਣ ਵਾਲੇ ਹੋਕੇ ਭੀ ਪ੍ਰੇਮ ਵਿੱਚ ਐਡੀ ਪੰਡ ਐਨੇ ਕੋਹ ਸਿਰ ਤੇ ਚਾਈ ਲਿਆਏ। ਤੇ ਏਥੇ ਆ ਕੇ ਸੇਵਾ ਵਿਚ ਲੱਗ ਪਏ। ਮੁਖ ਸੇਵਾ ਆਪਦੀ ਕੀਹ ਸੀ ? ਗੁਰ ਨਾਨਕ ਪ੍ਰੇਮ ਵਿਚ ਰੱਤੇ ਰਹਿਣਾ।

ਇਕ ਦਿਨ ਸ੍ਰੀ ਗੁਰੂ ਜੀ ਧਾਈਆਂ ਦੇ ਖੇਤਾਂ ਦਾ ਨਦੀਣਾ ਕਰਵਾ ਰਹੇ ਸਨ ਕਿ ਸ੍ਰੀ ਲਹਿਣਾ ਜੀ ਆ ਗਏ। ਆਪਦੇ ਗਲ ਸਹੁਰੇ ਘਰੋਂ ਆਇਆ ਵਡਮੁੱਲਾ ਜਾਮਾ ਸੀ। ਸੇਵਾ ਹੁੰਦੀ ਦੇਖ ਕੇ ਸ੍ਰੀ ਲਹਿਣਾ ਜੀ ਬੀ ਲੱਗ ਪਏ। ਥੋੜੀ ਦੇਰ ਮਗਰੋਂ ਸ੍ਰੀ ਗੁਰੂ ਜੀ ਨੇ ਆਗਿਆ ਕੀਤੀ: 'ਤੁਸਾਂ ਲਈ ਇਹ ਕੰਮ ਨਵਾਂ ਹੈ, ਪੁੱਠੇ ਜੋ ਨਦੀਣਾ ਕਰਕੇ ਕੱਢੇ ਹਨ, ਚਾ ਲਓ ਤੇ ਡੇਰੇ ਜਾ ਕੇ ਡੰਗਰਾਂ ਨੂੰ ਪਾਓ'। ਸੋ ਆਪ ਨੇ ਉਹ ਗਿਲੇ ਪੱਠੇ ਚਾ ਲਏ, ਚਿਕੜ ਜੋ ਵਗਦਾ ਸੀ ਉਸ ਨਾਲ, ਜਾਮੇ ਤੇ ਛਿਟਾਂ ਪੈ ਗਈਆਂ। ਜਦੋਂ ਸ੍ਰੀ ਗੁਰੂ ਜੀ ਡੇਰੇ ਆਏ ਤਾਂ ਮਾਤਾ ਜੀ ਨੇ ਕਿਹਾ, 'ਦੇਖੋ ਇਸ ਦਾ ਕੇਹਾ ਚੰਗਾ ਜਾਮਾ ਚਿਕੜ ਨਾਲ ਖਰਾਬ ਹੋ ਗਿਆ ਹੈ।' ਤਾਂ ਆਪ ਮੁਸ਼ਕ੍ਰਾ ਕੇ ਬੋਲੇ 'ਸੁਲੱਖਣੀ ! ਹਛੀ ਤਰ੍ਹਾਂ ਵੇਖ, ਚਿਕੜ ਹੈ ਕਿ ਚੰਦਨ* ? ਪੰਡ ਹੈ ਕਿ ਦੀਨ ਦੁਨੀਆਂ ਦਾ ਛਤਰ'। ਤਦ ਮਾਤਾ ਜੀ ਅਚਰਜ ਹੋ ਕੇ ਚੁੱਪ ਰਹਿ ਗਏ।

ਮਿਠਿਆਂ, ਕੂਲਿਆਂ ਤੇ ਸੁਹਣਿਆਂ ਦੇ ਸਿਰਤਾਜ ਸ੍ਰੀ ਲਹਿਣਾ ਜੀ ਕਰਤਾਰ ਪੁਰੇ ਟਿਕ ਕੇ ਸੇਵਾ ਵਿਚ ਲੀਨ ਹੋ ਗਏ। ਪਹਿਲੀ ਸੇਵਾ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮੁਖ ਚੰਦਰਮਾ ਪਰ ਕਵਲ ਵਾਂਗੂ ਸਦਾ ਖਿੱਚ ਖਾਂਦੇ ਰਹਿਣ ਦੀ ਸੀ। ਆਪਦਾ ਮਨ ਸਦਾ ਪਿਆਰ ਦੇ ਹੁਲਾਰਿਆਂ ਨਾਲ ਗੁਰੂ ਜੀ ਵਲ ਲਗਾ ਰਹਿੰਦਾ। ਦੂਜੀ ਸੇਵਾ ਸੀ ਰਜ਼ਾ ਵਿਚ ਟੁਰਨ ਦੀ। ਜਦੋਂ ਅੰਦਰ ਪ੍ਰੇਮ ਭਾਵ ਆ ਜਾਵੇ, ਹੇ ਸਾਧ ਸੰਗਤ ਗੁਰੂ ਕੇ ਪਿਆਰੇ ਜੀਓ ! ਤਾਂ ਪਜਾਰੇ ਦੀ ਰਜ਼ਾ ਵਿਚ ਰਾਜ਼ੀ ਹੋਣਾ ਇਹ ਉਸ ਪਿਆਰ ਦਾ ਦਿਲ ਪੁਰ ਇਕ ਵਿਦਿਤ ਸਰੂਪ ਨਕਸ਼ ਹੋ ਜਾਂਦਾ ਹੈ ਤੇ ਅਨੁਕੂਲਤਾ ਦਾ ਦਿਲ ਵਿਚ ਇਕ ਪੱਕਾ ਪਰ ਬੇਮਲੂਮ ਆਸ਼ਾ ਬਣ ਜਾਂਦਾ ਹੈ। ਅਰਥਾਤ ਦਿਲ ਰਜ਼ਾ ਦਾ ਰੁਖ ਫੜ ਲੈਂਦਾ ਹੈ। ਪਿਆਰ ਵਾਲਾ ਦਿਲ ਨਹੀਂ ਸਹਿ ਸਕਦਾ ਕਿ ਆਪਣੇ ਪਿਆਰੇ ਜੀ ਦੀ ਰਜ਼ਾ ਦੇ ਉਲਟ ਕੁਛ ਹੋ ਜਾਵੇ। ਪਿਆਰ ਵਾਲਾ ਦਿਲ ਅਨੁਕੂਲ ਹੋ ਜਾਂਦਾ ਹੈ, ਅਨਕੂਲ ਵਿਚ ਪ੍ਰਤਿਕੂਲਤਾ (ਅਰਥਾਤ ਉਲਟਾਪਨ) ਨਹੀਂ ਰਹਿੰਦੀ। ਤੀਜੀ ਸੇਵਾ ਹੁੰਦੀ ਹੈ ਅਮਲ, ਪਿਆਰੇ ਦੇ ਹੁਕਮ ਦੀ ਪਾਲਨਾ, ਉਹ ਕੰਮ ਹੋ ਆਉਣੇ ਜੋ ਪਿਆਰੇ ਨੂੰ ਪ੍ਰਸੰਨਤਾ ਵਿਚ ਰੱਖਣ। ਐਉਂ ਸ੍ਰੀ ਲਹਿਣਾ ਜੀ ਗੁਰੂ ਦੁਆਰੇ ਰਹਿਕੇ ਹੁਣ ਸੇਵਾ ਵਿਚ ਜੁੱਟ ਪਏ। ਦਿਲ ਨੇ ਖਿੱਚੇ ਰਹਿਣਾ ਸਿਮਰਨ ਵਿਚ, ਹੱਥਾਂ ਨੇ ਕਰਦੇ ਰਹਿਣਾ ਟਹਿਲ।

ਇਨ੍ਹਾਂ ਦਿਨਾਂ ਵਿਚ ਸੰਗ ਦੇਵੀ ਤੋਂ ਮੁੜ ਆਇਆ। ਸ੍ਰੀ ਲਹਿਣਾ ਜੀ ਦਾ ਨੂਰ ਚਮਕਦਾ ਪਰ ਵੈਰਾਗ ਤੇ ਪਿਆਰ ਦੇ ਕਿਸੇ ਮਿਠੇ ਰਸ ਨਾਲ ਭਰਿਆ ਚਿਹਰਾ ਦੇਖਕੇ ਸਾਰੇ ਖਿੜ ਗਏ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਦਰਸ਼ਨ ਕਰਕੇ ਆਨੰਦ ਆ ਗਿਆ, ਸਾਰਿਆਂ ਨੇ ਮਨੋਕਾਮਨਾਂ ਪਾਈਆਂ ਤੇ ਘਰਾਂ ਨੂੰ ਵਿਦਾ ਹੋਏ।

ਖਡੂਰ ਆਦਿ ਲਾਗਲੇ ਸਾਰੇ ਪਿੰਡਾਂ ਵਿਚ ਕੀਰਤ ਪਸਰ ਗਈ ਕਿ ਸ੍ਰੀ ਲਹਿਣਾ ਜੀ ਦੇ ਵਡੇ ਭਾਗ ਜਾਗੇ ਹਨ, ਉਨ੍ਹਾਂ ਨੂੰ ਪੂਰਨ ਪੁਰਖ ਮਿਲ ਪਏ ਹਨ।

ਇਕ ਦਿਨ ਸ੍ਰੀ ਲਹਿਣਾ ਜੀ ਨੇ ਗੁਰੂ ਜੀ ਨੂੰ ਬਿਰਾਜੇ ਹੋਏ ਵੇਖਿਆ, ਗਰਮੀ ਵਧੇਰੇ ਸੀ, ਸੋ ਪੱਖਾ ਲੈਕੇ ਝੱਲਣ ਲਗ ਪਏ। ਕੀਹ ਦੇਖਦੇ ਹਨ ਕਿ ਇਕ ਮੂਰਤ ਅਚਾਨਕ ਅਸਮਾਨਾਂ ਤੋਂ ਉਤਰੀ ਹੈ, ਤੇ ਸ੍ਰੀ ਗੁਰੂ ਜੀ ਦੇ ਚਰਨ ਦੱਬਣ ਲਗ ਗਈ ਹੈ, ਸੋ ਆਪ ਅਚਰਜ ਹੋ ਕੇ ਤਕਦੇ ਰਹੇ। ਆਪਦੇ ਵੇਖਦੇ ਵੇਖਦੇ ਉਹ ਸੂਰਤ ਮੱਥਾ ਟੇਕਕੇ ਉਸੇ ਤਰ੍ਹਾਂ ਲੋਪ ਹੋ ਗਈ। ਆਪ ਦੇਖ ਰਹੇ ਸਨ ਕਿ ਇਹ ਕੋਈ

---

* ਪੁ: ਜਨਮਸਾਖੀ--ਚੰਦਨ। ਸ੍ਰੀ ਗੁਰੂ ਨਾਨਕ ਪ੍ਰ:--ਕੇਸਰ।

ਸਰੀਰ ਧਾਰੀ ਨਹੀਂ, ਪਰ ਕੋਈ ਅਰੂਪ ਸ਼ੈ ਰੂਪਵਾਨ ਹੋਈ ਹੋਈ ਉਤੋਂ ਉਤਰੀ ਹੈ। ਪਿਛੋਂ ਆਪ ਨੂੰ ਪਤਾ ਲੱਗਾ ਕਿ ਇਹ ਮਾਇਆ ਸੀ[1]। ਪੁੱਛਣੇ ਪਰ ਸ੍ਰੀ ਗੁਰੂ ਜੀ ਨੇ ਦੱਸਿਆ ਕਿ ਮਾਇਆ ਸੀ, ਚਾਹੁੰਦੀ ਹੈ ਸਾਧ ਸੰਗਤ ਵਿਚ ਵਾਸਾ, ਪਰ ਅਸੀਂ ਬਾਰਾਂ ਕੋਹ ਤੇ ਹਟਕ ਕੇ ਰਖਦੇ ਹਾਂ। ਖਾਲਸਾ ਜੀ ! ਇਹ ਬੀ ਲਿਖਿਆ ਹੈ ਕਿ ਸ੍ਰੀ ਲਹਿਣਾ ਜੀ ਨੂੰ ਗੁਰੂ ਕੇ ਦੁਆਰੇ ਝਾੜੂ ਦੇਂਦਿਆਂ ਦੇਵੀ ਦੇ ਦਰਸ਼ਨ ਹੋਏ[2]। ਜਿਸਦਾ ਮਤਲਬ ਇਹ ਹੈ ਕਿ ਜਿਸ ਦੇਵੀ ਦੇ ਦੁਆਰੇ ਆਪ ਜਾਇਆ ਕਰਦੇ ਸਨ, ਉਹ ਆਪ ਨੂੰ ਦਿੱਸ ਪਿਆ ਕਿ ਗੁਰੂ ਜੀ ਦੇ ਪਦਪੰਕਜ ਵਿਚ ਵਸਦੀ ਹੈ। ਫਿਰ ਇਕ ਦਿਨ ਆਪ ਬਿਰਾਜ ਰਹੇ ਸਨ, ਸ੍ਰੀ ਲਹਿਣਾ ਜੀ ਪੱਖਾ ਕਰ ਰਹੇ ਸਨ ਕਿ ਸ੍ਰੀ ਗੁਰੂ ਜੀ ਦੇ ਚਰਨ ਥੋੜੇ ਥੋੜੇ ਹਿਲਦੇ ਦੇਖੇ। ਇਸਦਾ ਕਾਰਨ ਆਪ ਨੂੰ ਪਤਾ ਲੱਗ ਗਿਆ ਕਿ ਦੇਵਤੇ ਨਮਸਕਾਰਾਂ ਕਰਕੇ ਜਾ ਰਹੇ ਹਨ। ਸਾਧ ਸੰਗਤ ਜੀ ! ਇਸਦਾ ਅਰਥ ਇਹ ਹੈ ਕਿ ਸ੍ਰੀ ਲਹਿਣਾ ਜੀ ਜਿਉਂ ਜਿਉਂ ਪ੍ਰੇਮ ਵਿਚ ਭਿਜਦੇ ਤੇ ਸੇਵਾ ਵਿਚ ਆਪਾ ਵਾਰ ਪਿਆਰ ਕਰਦੇ ਹਨ ਤਿਉਂ ਤਿਉਂ ਉਨਾਂ ਦੀ ਦਿੱਬ ਦ੍ਰਿਸ਼ਟੀ ਖੁਲ੍ਹਦੀ ਜਾਂਦੀ ਹੈ ਤੇ ਅਣਦਿਸਦੇ ਜਗਤ ਦੇ ਭੇਤ ਉਨ੍ਹਾਂ ਤੇ ਪ੍ਰਗਟ ਹੁੰਦੇ ਆਉਂਦੇ ਹਨ। ਦੂਜੇ ਇਹ ਕਿ ਸਭ ਤਾਕਤਾਂ ਆਪ ਨੂੰ ਆਪਣੇ ਪਿਆਰੇ ਜੀ ਦੇ ਚਰਨ ਸ਼ਰਨ ਵਿਚ ਵਸਦੀਆਂ ਦਿੱਸ ਪੈਂਦੀਆਂ ਹਨ। ਇਸ ਤਰ੍ਹਾਂ ਸੇਵਾ ਕਰਦਿਆਂ ਤੇ ਪਿਆਰ ਵਿਚ ਚਰਨ ਸ਼ਰਨ ਵਸਦਿਆਂ ਆਪ ਰਸ ਰੂਪ ਹੁੰਦੇ ਗਏ। ਇਕ ਦਿਨ ਆਪ ਸ੍ਰੀ ਗੁਰੂ ਜੀ ਦੇ ਚਰਨ ਕਵਲ ਪਿਆਰ ਨਾਲ ਘੁੱਟ ਰਹੇ ਸਨ, ਕਿ ਸ੍ਰੀ ਗੁਰੂ ਜੀ ਟਿਕ ਗਏ। ਅਚਾਨਕ ਆਪ ਕੀ ਦੇਖਦੇ ਹਨ ਕਿ ਗੁਰੂ ਨਾਨਕ ਦੇਵ ਜੀ ਦੇ ਚਰਨਾਂ ਤੇ ਪਿੰਡਲੀਆਂ ਉਤੇ ਝਰੀਟਾਂ ਪੈਂਦੀਆਂ ਜਾਂਦੀਆਂ ਹਨ। ਸ੍ਰੀ ਲਹਿਣਾ ਜੀ ਅਚਰਜ ਹੋਣ ਕਿ ਸੁਤਿਆਂ ਇਹ ਕੀ ਭਾਣਾ ਵਰਤ ਰਿਹਾ ਹੈ। ਜਾਂ ਸ੍ਰੀ ਜੀ ਨੇ ਪਾਸਾ ਪਰਤਿਆ ਤਾਂ ਲਹਿਣਾ ਜੀ ਪੁੱਛਣ ਲੱਗੇ: ਪਾਤਸ਼ਾਹ ! ਚਰਨਾਂ ਤੇ ਪਿੰਡਲੀਆ ਉਤੇ ਝਰੀਟਾਂ ਪੈ ਗਈਆਂ ਹਨ, ਇਹ ਕੀਹ ਵਰਤਿਆ ? ਤਾਂ ਗੁਰੂ ਜੀ ਨੇ ਸਮਝਾਇਆ ਕਿ ਲਹਿਣਾ ਜੀਓ, ਬਾਹਰ ਇਕ ਅਯਾਲੀ ਧਿਆਨ ਵਿਚ ਮਗਨ ਹੈ। ਉਸ ਪ੍ਰੇਮ ਵਿਚ ਆਇਆ ਹੋਇਆ ਸੋਹਿਲੇ ਦਾ ਪਾਠ ਕਰਦਾ ਹੈ ਤੇ ਜਿਥੇ ਫਿਰਦਾ ਪਾਠ ਕਰਦਾ ਹੈ ਉਹ ਥਾਂ ਕੰਡਿਆਂ ਝਾੜੀਆਂ ਵਾਲੀ ਹੈ। ਉਥੋਂ ਉਸਨੂੰ ਪੈਣ ਵਾਲੀਆਂ ਝਰੀਟਾਂ ਸਾਨੂੰ ਆ ਰਹੀਆਂ ਹਨ।

ਤਦੋਂ ਭਾਈ ਨਰੋਤਮ ਸਿੰਘ ਨੇ ਦੀਵਾਨ ਵਿਚੋਂ ਉੱਠਕੇ ਹੱਥ ਜੋੜਕੇ ਨਿੰਮ੍ਰਿਤਾ ਨਾਲ ਕਿਹਾ, ਪਾਤਸ਼ਾਹ! ਐਦਾਂ ਹੋ ਸਕਦਾ ਹੈ ?

ਸੰਤ ਜੀ-ਸਿੰਘ ਜੀ, ਪ੍ਰੇਮ ਤੇ ਪ੍ਰੇਮ ਵਿਚ ਬੱਝੇ ਧਿਆਨ ਨਾਲ ਦੋਹੁੰ ਸਰੀਰਾਂ ਵਿਚ ਇਕ ਤਰ੍ਹਾਂ ਦਾ ਮੇਲ ਹੁੰਦਾ ਹੈ। ਦੁਇ ਮਨ ਇਉਂ ਨੇੜੇ ਹੋ ਕੇ ਇੱਕ ਹੋ ਜਾਂਦੇ ਹਨ, ਜਿਵੇਂ ਜੱਫੀ ਪਾਇਆਂ ਦੋਏ ਸਰੀਰ ਇੱਕ ਹੋ ਜਾਂਦੇ ਹਨ, ਤਦੋਂ ਇਸ ਤਰ੍ਹਾਂ ਦੇ ਅਸਰ ਪੈ ਜਾਂਦੇ ਹਨ, ਇਹ ਰੂਹਾਨੀ ਵਿਦਿਆ ਦੇ ਅਸੂਲ ਹਨ। ਅਯਾਲੀ ਗੁਰੂ ਕੇ ਧਿਆਂਨ ਵਿਚ ਮਗਨ ਸੀ, ਧਿਆਨ ਦੀ ਪਰਪੱਕਤਾ ਬੜੀ ਗਲ ਹੁੰਦੀ ਹੈ। ਸੋ ਉਸਦੇ ਕੰਡੇ ਉਧਰ ਅਸਰ ਕਰਦੇ ਸਨ। ਮੋਟੀ ਗਲ ਐਉਂ ਮੰਨ ਲਓ ਕਿ ਪ੍ਰੇਮ ਅਧੀਨਾਂ ਦੀ ਰਾਖੀ ਗੁਰੂ ਆਪ ਕਰਦਾ ਹੈ। ਅਯਾਲੀ ਨੂੰ ਤਾਂ ਪ੍ਰੇਮ ਵਿਚ ਹੋਸ਼ ਨਹੀਂ ਸੀ ਪਰ ਗੁਰੂ ਜੀ ਸਹੈਤਾ ਕਰਦੇ ਸਨ। ਸੋ ਗੁਰੂ ਪਿਆਰਿਓ। ਉਸ ਦਿਨ ਤੋਂ ਸ੍ਰੀ ਲਹਿਣਾ ਜੀ ਦੇ ਸੁਹਲ ਪਿਆਰ ਦੇ ਕਾਰਣ ਸੋਹਿਲੇ ਦਾ ਪਾਠ ਰਾਤ ਨੂੰ ਸੌਣ ਸਮੇਂ ਆਰਾਮ ਨਾਲ ਬੈਠਕੇ ਕਰਨੇ ਦੀ ਮਰਿਯਾਦਾ ਟੁਰ ਪਈ। ਇਸ ਤਰ੍ਹਾਂ ਤ੍ਰੈ ਸਾਲ ਪਿਆਰ ਵਿਚ ਸੇਵਾ ਕਰਦਿਆਂ ਤੇ ਆਤਮ ਰੰਗ ਚੜ੍ਹਦਿਆਂ ਬੀਤੇ ਤਾਂ ਗੁਰੂ ਜੀ ਨੇ ਆਗਿਆ ਕੀਤੀ। 'ਲਹਿਣਿਆਂ ! ਚਿਰ ਹੋ ਗਿਆ ਹੈ ਘਰੋਂ ਆਇਆਂ, ਹੁਣ ਜਾਓ ਕੁਛ ਦਿਨ ਘਰ ਰਹਿ ਆਓ' !

ਜਾਂ ਹੁਕਮ ਹੋਇਆ ਤਾਂ ਆਪ ਤੁਰ ਪਏ। ਘਰ ਪਹੁੰਚੇ। ਵਿਛੜੇ ਪਰਵਾਰ ਨੇ ਬੜਾ ਹੀ ਪਿਆਰ

1 ਸ੍ਰੀ ਗੁ. ਨਾ: ਪ੍ਰ:  2. ਖਾ: ਤਵਾ:।


www.sikhbookclub.com

ਕੀਤਾ, ਪਿੰਡ ਦੇ ਲੋਕਾਂ ਨੇ ਬੜਾ ਮਤਿਕਾਰ ਕੀਤਾ। ਸਭਨਾਂ ਨੇ ਜਾਣਿਆਂ ਕਿ ਪੂਰੇ ਗੁਰੂ ਦੇ ਦੁਆਰੇ ਘਾਲ ਕਰਕੇ ਤੇ ਸੁਫਲ ਲੈ ਕੇ ਆਇਆ ਹੈ; ਤਾਂ ਤੇ ਸ੍ਰੀ ਲਹਿਣਾ ਜੀ ਬੜਾ ਭਾਗਸ਼ੀਲ ਹੈ। ਇਕ ਚੌਧਰੀ ਹੁੰਦਾ ਸੀ ਤਖਤਮਲ ਉਸਨੇ ਤਾਂ ਬਹੁਤ ਹੀ ਪਿਆਰ ਤੇ ਆਦਰ ਕੀਤਾ। ਸ੍ਰੀ ਲਹਿਣਾ ਜੀ ਨੇ ਕਿਹਾ 'ਚੌਧਰੀ ! ਤੂੰ ਲੋਕਾਂ ਵਿਚ ਵੱਡਾ ਹੈਂ ਤੈਨੂੰ ਆਦਰ ਕਰਨਾ ਨਹੀਂ ਬਣਦਾ।' ਤਾਂ ਉਸਨੇ ਨੈਣ ਭਰਕੇ ਆਖਿਆ, 'ਅਸੀਂ ਸੇਵਾ ਕਰਨ ਜੋਗੇ ਨਹੀਂ, ਪਰ ਸੇਵਾ ਕਰਕੇ ਦਰਗਾਹੇ ਮਾਣ ਪਾਣ ਵਾਲਿਆਂ ਦਾ ਆਦਰ ਬੀ ਨਾ ਕਰੀਏ ਤਾਂ ਅਸੀਂ ਕਾਹਦੇ ਹੋਏ। ਹੇ ਸਾਡੇ ਸਿਰਤਾਜ ਲਹਿਣਾ ਜੀ ! ਤੁਸੀਂ ਧੰਨ ਹੋ, ਜੋ ਇਸ ਮਰਾਤਬੇ ਚੜ੍ਹੇ ਹੋ। ਸਾਡਾ ਬੀ ਤੁਸਾਂ ਦੇ ਦਰਸ਼ਨ ਨਾਲ ਭਲਾ ਹੋਸੀ।' ਇਸ ਵੇਲੇ ਚੰਗੀ ਭੀੜ ਜੁੜ ਰਹੀ ਸੀ, ਸ੍ਰੀ ਲਹਿਣਾ ਜੀ ਗੁਰੂ ਨਾਨਕ ਪ੍ਰੇਮ ਵਿਚ ਬਿਹਬਲ ਹੋ ਗਏ ਤੇ ਪ੍ਰੇਮ ਵਿਚ ਇਹ ਸ਼ਬਦ ਗਾਵੇਂ ਜੋ ਮੈਂ ਸੁਣਾਉਂਦਾ ਹਾਂ। ਸੋ 'ਹੇ' ਪਿਆਰਿਓ ਜਿਨ੍ਹਾਂ ਵਿਚ ਗੁਰੂ ਨਾਨਕ ਦੇਵ ਦਾ ਪ੍ਰੇਮ ਵੱਸੇਗਾ ਉਹ ਸੁਖ ਪਾਉਣਗੇ ਸ਼ਬਦ ਇਹ ਹੈ:-

*ਸੂਹੀ ਮਹਲਾ ੧॥*

*ਜਿਨ ਕਉ ਭਾਂਡੈ ਭਾਉ ਤਿਨਾ ਸਵਾਰਸੀ॥ ਸੂਖੀ ਕਰੈ ਪਸਾਉ ਦੂਖ ਨਿਵਾਰਸੀ॥ ਸਹਸਾ ਮੂਲੇ ਨਾਹਿ ਸਰਪਰ ਤਾਰਸੀ॥੧॥ ਤਿਨਾ ਮਿਲਿਆ ਗੁਰੁ ਆਇ ਜਿਨ ਕਉ ਲੀਖਿਆ॥ ਅੰਮ੍ਰਿਤੁ ਹਰਿ ਕਾ ਨਾਉ ਦੇਵੈ ਦੀਖਿਆ॥ ਚਾਲਹਿ ਸਤਿਗੁਰ ਭਾਇ ਭਵਹਿ ਨ ਭੀਖਿਆ॥੨॥ ਜਾਕਉ ਮਹਲੁ ਹਦੂਰਿ ਦੂਜੇ ਨਿਵੈ ਕਿਸੁ॥ ਦਰਿ ਦਰਵਾਣੀ ਨਾਹਿ ਮੂਲੇ ਪੁਛ ਤਿਸੁ॥ ਛੂਟੈ ਤਾ ਕੈ ਬੋਲਿ ਸਾਹਿਬ ਨਦਰਿ ਜਿਸੁ ॥੩॥ ਘਲੇ ਆਣੇ ਆਪਿ ਜਿਸੁ ਨਾਹੀ ਦੂਜਾ ਮਤੈ ਕੋਇ॥ ਢਾਹਿ ਉਸਾਰੇ ਸਾਜਿ ਜਾਣੈ ਸਭ ਕੋਇ॥ ਨਾਉ ਨਾਨਕ ਬਖਸੀਸ ਨਦਰੀ ਕਰਮੁ ਹੋਇ॥੪॥੩॥੫॥-੭੨੯*

ਸਬਦ ਸੁਣਕੇ ਕੇ ਆਪ ਦਾ ਉਪਦੇਸ਼ ਸੁਣਕੇ ਸਾਰੇ ਨਿਹਾਲ ਹੋਏ। ਕੁਛ ਦਿਨ ਆਪ ਘਰ ਰਹੇ। ਪਰ ਪਿਆਰ ਦੀ ਲੱਗੀ ਬੜੀ ਡਾਢੀ ਹੁੰਦੀ ਹੈ। ਘਰ ਰਹਿਣ ਨਾ ਹੋਵੇ। ਘਰ ਦੇ ਬੀ ਜ਼ੋਰ ਲਾਉਣ। ਆਪ ਬੀ ਪਰਚਣ, ਪਰ ਦਿਲ ਨਾ ਪਰਚੇ। ਕਦੇ ਘਰ ਕਦੇ ਵੇਹੜੇ ਕਦੇ ਬਾਹਰ, ਬਨ, ਖੇਤਾਂ ਜੂਹਾਂ ਵਿਚ ਜਾਂ ਬੈਠਣ ਪਰ ਮਨ ਲੱਗੇ ਨਾ। ਮਨ ਪਰਚਦਾ ਸਾਧ ਸੰਗਤ ਜੀ ਕਿਸ ਤਰ੍ਹਾਂ ? ਅਸਲ ਵਿਚ ਜੋ ਅੰਦਰਲਾ ਮਨ ਸੀ ਸੋ ਤਾਂ ਕਰਤਾਰ ਪੁਰੇ ਰਹਿ ਗਿਆ ਸੀ, ਇਹ ਤਾਂ ਸਰੀਰ ਤੇ ਹੁਕਮ ਦੀ ਤਾਰ ਨਾਲ ਬੱਧਾ ਮਨ ਦਾ ਕੋਈ ਹਿੱਸਾ ਘਰ ਆਇਆ ਸੀ, ਸੋ ਚੈਨ ਕੀਕੂੰ ਪਕੜਦਾ। ਸ੍ਰੀ ਲਹਿਣਾ ਜੀ ਲੋਕਾਂ ਨੂੰ ਉਦਾਸ ਨਜ਼ਰ ਪੈਂਦੇ। ਜੇ ਜੀ ਨਾ ਪਰਚੇ ਬਾਹਰ ਦੇ ਰੰਗਾਂ ਵਿਚ ਤੇ ਅੰਦਰੋਂ ਦਿਲ ਨੂੰ ਖਿਚ ਰੱਖੇ ਖਿੱਚੀ ਪਿਆਰੇ ਵਲ, ਫੇਰ ਤਾਂ ਉਦਾਸ ਹੀ ਦਿੱਸ ਪੈਣਾ ਹੋਇਆ ਨਾਂ। ਇਸ ਤਰ੍ਹਾਂ ਕਦੇ ਨੀਰ ਭਰੇ ਭਰ ਆਉਣ ਅੱਖੀਆਂ ਨਦੀਆਂ ਹੋ ਵਹਿਣ। ਕਦੇ ਠੰਢੇ ਸੁਆਸਾਂ ਦੀ ਵਾਉ ਝੱਲੇ। ਸੋ ਕੁਛ ਦਿਨ ਗੁਜ਼ਾਰਕੇ ਫੇਰ ਆਪ ਕਰਤਾਰ ਪੁਰ ਆ ਪਹੁੰਚੇ। ਪਦ ਪੰਕਜ ਨੂੰ ਚੰਬੜ ਗਏ। ਛਾਤੀ ਨਾਲ ਲਾਏ ਚਰਨ, ਠੰਢ ਪਈ। ਸ੍ਰੀ ਗੁਰੂ ਜੀ ਪੁੱਛਿਆ ਛੇਤੀ ਮੁੜ ਆਏ ਹੋ ? ਆਖਣ ਲੱਗੇ, ਸੱਚੇ ਸਤਿਗੁਰੂ ! ਮੇਰੇ ਵੱਸ ਨਹੀਂ ਰਿਹਾ, ਘਰ ਰਹਿ ਨਹੀਂ ਹੁੰਦਾ, ਆਪ ਦੇ ਦਰਸ਼ਨਾਂ ਬਿਨਾਂ ਟਿਕ ਨਹੀਂ ਹੁੰਦਾ।

੫.

**ਲਿਖਿਆ** ਹੈ ਕਿ ਇਸ ਸਮੇਂ ਲੰਗਰ ਗੁਰੂ ਕਾ ਖੇਤੀ ਅਪਣੀ ਤੋਂ ਉਪਜੇ ਅੰਨ ਦਾ ਚਲਦਾ ਸੀ। ਸ੍ਰੀ ਗੁਰੂ ਜੀ ਭੇਟਾ ਨਹੀਂ ਸਨ ਲੈਂਦੇ*। ਇਨੀਂ ਦਿਨੀਂ ਇਕ ਵੇਰ ਝੜੀ ਲੱਗੀ। ਦਿਨ ਰਾਤ ਮੀਂਹ ਲੱਥਾ, ਐਸਾ ਕਿ ਜਲ ਥਲ ਹੋ ਗਿਆ। ਚੁਫੇਰੇ ਪਾਣੀ ਖੜੇ ਹੋ ਗਏ। ਤ੍ਰੈ ਦਿਨ ਮੀਂਹ ਨਾ ਬੰਦ

* ਦੇਹਿਂ ਉਪਾਇਨ ਲੇਹਿਂ ਸੁ ਨਾਹੀ। (ਗੁ: ਨਾ: ਪ੍ਰ: ਧਿ: ੪੯-੬)

ਦਰਬ ਉਪਾਇਨ ਆਨਹਿ ਕੋਈ। ਕਿਸਤੇ ਲੇਹਿਂ ਨ ਫੇਰਹਿਂ ਸੋਈ। (ਗੁ: ਨਾ: ਪ੍ਰ: ਧਿ: ੪੯-੪੦)


www.sikhbookclub.com

ਹੋਇਆ। ਲੰਗਰ ਪੱਕਣ ਦੀ ਬਿਧਿ ਨਾ ਬਣੀ। ਨਾ ਲੱਕੜਾਂ ਆ ਸਕਣ, ਨਾ ਅੰਨ ਪੀਠਾ ਜਾ ਸਕੇ। ਲੰਗਰ ਦੇ ਕੋਠੇ ਚੋ ਚੋ ਜਲ ਨਾਲ ਭਰ ਗਏ। ਸੰਗਤ ਬੜੀ ਆਈ ਹੋਈ ਸੀ। ਧਰਮਸਾਲ ਭੀੜ ਨਾਲ ਭਰ ਗਈ। ਸਭ ਨੂੰ ਭੁੱਖ ਦਾ ਦੁੱਖ ਝੱਲਦੇ ਵੇਖਕੇ ਸ੍ਰੀ ਗੁਰੂ ਜੀ ਨੇ ਅਪਣੇ ਆਤਮ ਬਲ ਨੂੰ ਵਰਤਣਾ ਚਾਹਿਆ। ਉਹ ਜੋ ਸਿੱਧਾਂ ਦੇ ਕਹਿਣ ਤੇ ਕਰਾਮਾਤ ਨਹੀਂ ਸਨ ਦਿਖਾਲਦੇ, ਸਾਧ ਸੰਗਤ ਦੀ ਖਾਤਰ ਮੇਹਰ ਦੇ ਘਰ ਆਏ ਤੇ ਆਪਣੇ ਆਤਮ ਬਲ ਨਾਲ ਦੁਖ ਦੂਰ ਕਰਨ ਲੱਗੇ। ਤਦ ਸ੍ਰੀ ਚੰਦ ਨੂੰ ਗੁਰੂ ਜੀ ਨੇ ਕਿਹਾ, 'ਜਾਓ ਬੇਟਾ! ਬ੍ਰਿੱਛਾਂ ਤੇ ਚੜ੍ਹਕੇ ਹਲੂਣੋ ਜੋ ਭੋਜਨ ਡਿੱਗੇ ਤੇ ਸੰਗਤ ਛਕੇ।'

ਸ੍ਰੀ ਚੰਦ ਜੀ ਬੋਲੇ: 'ਬੂਟਿਆਂ ਨਾਲ ਭੋਜਨ ਕੌਣ ਟੰਗ ਗਿਆ ਹੈ ਜੋ ਹਲੂਣਿਆਂ ਡਿੱਗੇਗਾ। ਅਗੇ ਕਦੇ ਕਿਸੇ ਅਵਤਾਰ ਦੇ ਸਮੇਂ ਐਸਾ ਨਹੀਂ ਹੋਇਆ। ਮੈਂ ਨਹੀਂ ਕਰਦਾ। ਐਵੇਂ ਨਾ ਹੋਣ ਤੇ ਜਗਤ ਦੀ ਹਾਸੀ ਮੈਨੂੰ ਹੋਵੇਗੀ।' ਇਹ ਸੁਣਕੇ ਕੌਤਕਹਾਰ ਜੀ ਨੇ ਲਖਮੀਚੰਦ ਜੀ ਨੂੰ ਆਖਿਆ। ਉਨ੍ਹਾਂ ਬੀ ਇਹੋ ਜਿਹਾ ਉੱਤਰ ਦਿੱਤਾ। ਤਦ ਸ੍ਰੀ ਜੀ ਨੇ ਸ੍ਰੀ ਲਹਿਣਾ ਜੀ ਨੂੰ ਕਿਹਾ:-'ਲਹਿਣਿਆ ਤੂੰ ਲਹਿਣੇਹਾਰ ਹੈਂ, ਉਠ, ਸੰਗਤ ਨੂੰ ਮਗਰੇ ਮਗਰ ਲੈ ਜਾਹ। ਬਾਹਰ ਬ੍ਰਿੱਛ ਤੇ ਚੜ੍ਹ ਕੇ ਝੰਜੂਣ। ਦੇਖ ਕਲਾ ਵਰਤੇਗੀ, ਕਰਤਾਰ ਅਪਣੀ ਰਚੀ ਨੂੰ ਆਪ ਪਾਲੇਗਾ।' ਹੁਕਮ ਪਾ ਕੇ ਆਪ ਛੇਤੀ ਨਾਲ ਉੱਠੇ, ਕਪੜਿਆਂ ਦੀ ਸੰਭਾਲ ਨਾ ਰਹੀ। ਜੋ ਹੁਕਮ ਹੋਇਆ ਸੀ ਸੋ ਜਾ ਕੇ ਕਮਾਇਆ। ਸਾਂਈਂ ਦੀ ਮਿਹਰ ਨਾਲ ਸਦਾ ਸੱਚ ਦੇ ਤਖਤ ਤੇ ਬੈਠੇ ਸ੍ਰੀ ਗੁਰੂ ਨਾਨਕ ਦਾ ਸਤਜਵਾਕ ਸੱਤਜ ਹੋਇਆ। ਜੋ ਰਸਨਾ ਅਸੱਤ ਨਾਲ ਜਾਣੂ ਨਹੀਂ ਉਸਦਾ ਉਚਾਰਿਆ ਅਸੱਤ ਨਹੀਂ ਹੋ ਸਕਦਾ! ਖਾਣੇ ਢਠੇ ਤੇ ਸੰਗਤ ਤ੍ਰਿਪਤ ਹੋਈ। ਇਹ ਹੁਕਮ ਦੀ ਕਾਰ ਕਰਕੇ ਲਹਿਣਾ ਜੀ ਮੁੜੇ। ਧਰਮਸਾਲ ਆ ਕੇ ਸ੍ਰੀ ਗੁਰੂ ਜੀ ਦੇ ਚਰਨਾਂ ਤੇ ਮੱਥਾ ਟੇਕਿਆ। ਮਗਰੇ ਸੰਗਤ ਆਈ। ਗੁਰ ਨਾਨਕ ਦੀ ਆਤਮ-ਸੱਤਜਾ ਉਹ ਸ਼ਕਤੀ ਜੋ ਆਤਮ ਮੰਡਲ ਦੇ ਜ਼ਰੀਏ ਕੰਮ ਕਰ ਲੈਂਦੀ ਹੈ, ਅਜ ਸ੍ਰੀ ਲਹਿਣਾ ਜੀ ਵਿਚ ਪਰਵੇਸ਼ ਕਰ ਗਈ। ਅਜ ਹੀ ਮਾਨੋਂ ਸ੍ਰੀ ਗੁਰੂ ਜੀ ਨੇ ਹੋਣਹਾਰ ਬੰਨ੍ਹ ਦਿੱਤੀ ਹੈ ਕਿ ਅੱਗੇ ਅੱਗੇ ਸ੍ਰੀ ਲਹਿਣਾ ਜੀ ਜਾ ਰਹੇ ਹਨ ਤੇ ਮਗਰ ਮਗਰ ਸੰਗਤ ਹੈ, ਓਹ ਦਾਨ ਦੇਂਦੇ ਹਨ ਤੇ ਸੰਗਤ ਲੈਂਦੀ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਕੌਤਕ ਅਚਰਜ ਹਨ। ਅਜ ਕਲ ਆਪ ਸਵਾ ਪਹਿਰ ਰਾਤ ਰਹਿੰਦੀ ਰਾਵੀ ਵਿਚ ਜਾ ਖੜੋਂਦੇ ਸਨ ਤੇ ਉਸ ਸੀਤ ਜਲ ਵਿਚ ਖੜੇ ਸਾਂਈਂ ਵਿਚ ਨਿਮਗਨ ਹੋ ਜਾਂਦੇ ਸਨ। ਮੌਸਮ ਸਿਆਲ ਦਾ ਸੀ; ਪਾਲਾ ਬਹੁਤ ਸੀ। ਜੋ ਗੁਰੂ ਜੀ ਤਪਾਂ ਤੋਂ ਵਰਜਦੇ ਸਨ ਆਪ ਤਪ ਕਰ ਰਹੇ ਹਨ। ਸੋ ਦੇਖੋ ਹੁਣ ਜਦ ਜਲ ਵਿਚ ਜਾ ਖੜੋਂਦੇ ਹਨ ਸ੍ਰੀ ਲਹਿਣਾ ਜੀ ਨਾਲ ਜਾਂਦੇ ਹਨ ਤੇ ਆਪ ਦੇ ਬਸਤ੍ਰ ਲੈ ਕੇ ਬਾਹਰ ਗੁਰੂ ਗੁਰੂ ਜਪਦੇ ਬੈਠੇ ਰਹਿੰਦੇ ਤੇ ਦਰਸ਼ਨ ਕਰਦੇ ਪ੍ਰਸੰਨ ਹੁੰਦੇ ਰਹਿੰਦੇ ਹਨ। ਇਕ ਦਿਨ ਇਸ ਤਰ੍ਹਾਂ ਬੈਠਿਆਂ ਨੱਕੇ ਦੀ ਪੌਣ ਚਲ ਪਈ। ਡਾਢੀ ਠੰਢ ਵੇਖਕੇ ਸ੍ਰੀ ਲਹਿਣਾ ਜੀ ਦੇ ਜੀ ਵਿਚ ਵੈਰਾਗ ਵਸ ਗਿਆ; 'ਹਾਇ ਮੈਂ ਬਾਹਰ ਆਰਾਮ ਨਾਲ ਬੈਠਾ ਹਾਂ ਤੇ ਗੁਰੂ ਜੀ ਐਸ ਪਾਲੇ ਵੇਲੇ ਠੰਢੇ ਜਲ ਵਿਚ ਖੜੇ ਹਨ'। ਇਸ ਹਾਲ ਵਿਚ ਪਾਲਾ ਲਗਣ ਲੱਗ ਗਿਆ ਤੇ ਆਪ ਕੰਬਕੇ ਬੇਸੁਧ ਹੋ ਗਏ, ਰੰਗ ਬਦਲ ਗਿਆ ਤੇ ਸਰੀਰ ਸੁੰਨ ਹੋ ਗਿਆ।*

ਸ੍ਰੀ ਗੁਰੂ ਜੀ ਜਦੋਂ ਬਾਹਰ ਨਿਕਲੇ ਤਾਂ ਅਪਨੇ ਤਾਰੇ ਹੋਏ ਪ੍ਰੇਮੀ ਦੇ ਸਰੀਰ ਦੀ ਦਸ਼ਾ ਦੇਖੀ। ਚਰਨ ਕਮਲ ਛੁਹਾਏ। ਉਨ੍ਹਾਂ ਦੇ ਤੇਜ ਬਲ ਨਾਲ ਸ੍ਰੀ ਲਹਿਣਾ ਜੀ ਵਿਚ ਗਰਮੀ ਦੀ ਰੌ ਫਿਰ ਗਈ, ਹੋਸ਼ ਪਰਤੀ ਤੇ ਧੰਨ ਗੁਰੂ ਨਾਨਕ ਕਹਿੰਦੇ ਉਠ ਬੈਠੇ। ਸ੍ਰੀ ਗੁਰੂ ਜੀ ਨੇ ਸਿਰ ਤੇ ਪਿਆਰ ਦਿੱਤਾ

---

* ਪ੍ਰਸੰਗ ਇਉਂ ਬੀ ਸੁਣਿਆਂ ਹੈ ਕਿ ਸ੍ਰੀ ਲਹਿਣਾ ਜੀ ਬੀ ਜਲ ਵਿਚ ਖੜੇ ਗਏ ਕਿ ਜਦ ਮੇਰੇ ਸੁਾਮੀ, ਮੇਰੇ ਪਿਆਰੇ, ਜਲ ਦਾ ਕਸਟ ਝੱਲ ਰਹੇ ਹਨ ਮੈਂ ਕਿਉਂ ਕਿਨਾਰੇ ਬੈਠਾ ਹਾਂ। ਤਦ ਜਲ ਦੀ ਠੰਢ ਨਾਲ ਆਪ ਬੇਹੋਸ਼ ਹੋ ਕੇ ਢਹਿ ਪਏ। ਆਵਾਜ ਸੁਣਕੇ ਸ੍ਰੀ ਗੁਰੂ ਜੀ ਤੱਕੇ ਤੇ ਬਾਹਰ ਆਏ। ਅਗੋਂ ਪ੍ਰਸੰਗ ਉਹੋ ਹੈ।

ਤੋ ਆਖਿਆ, 'ਹੇ ਲਹਿਣੇ ! ਤੂੰ ਕਿਉਂ ਸਰਦੀ ਨਾਲ ਬਿਆਕੁਲ ਹੋਇਆ, ਦੇਖ ਮੈਂ ਜੋ ਘਾਲ ਕਰਦਾ ਹਾਂ ਸਭ ਸਿੱਖਾਂ ਲਈ ਹੈ। ਹੇ ਸਿੱਖ ! ਮੇਰਾ ਆਪਾ ਤੇਰੇ ਲਈ ਹੈ, ਮੇਰੀ ਘਾਲ ਤੇਰੇ ਲਈ ਹੈ। ਜੋ ਸ਼ਬਦ ਦੀ ਕਮਾਈ ਕਰੇਗਾ ਇਸ ਮੇਰੀ ਘਾਲ ਦਾ ਫਲ ਪਾਏਗਾ।'

ਸ੍ਰੀ ਲਹਿਣਾ ਜੀ ਨੇ ਸੀਸ ਨਿਵਾਇਆ ਤੇ ਫੇਰ ਰਲਕੇ ਧਰਮਸਾਲ ਆਏ।

ਇਸ ਵੇਲੇ ਦੀਵਾਨ ਵਿਚੋਂ ਇਕ ਸਿਖ ਭਾਈ ਲੱਧਾ ਸਿੰਘ ਨਾਮੇ ਹਥ ਜੋੜਕੇ ਆਖਣ ਲੱਗਾ ਸ੍ਰੀ ਸੰਤ ਜੀ ! ਜੋ ਬੱਝੇ ਰਸ ਵਿਚ ਫਰਕ ਪਾਏ ਸੋ ਤਨਖਾਹੀਆ ਕਰਨਾ ਚਾਹੀਦਾ ਹੈ, ਪਰ ਸਮਾਂ ਚੰਚਲਤਾਈ ਦਾ ਹੈ, ਫੋਕੀ ਵਿਦਜਾ ਨੇ ਮੱਤਾਂ ਖਿੰਡਾ ਦਿੱਤੀਆਂ ਹਨ। ਜੇ ਆਪ ਮੇਰੀ ਭੁੱਲ ਤੇ ਖਿਮਾ ਕਰੋ ਤਾਂ ਮੈਂ ਇਕ ਬੇਨਤੀ ਕਰਾਂ। ਜੇ ਸ੍ਰੀ ਗੁਰੂ ਜੀ ਨੇ ਤਪ ਹਠ ਮਨ੍ਹਾ ਕੀਤੇ ਹਨ ਤਾਂ ਆਪ ਕਿਉਂ ਕੀਤੇ ਹਨ ?

ਸੰਤ ਬਿਮਲਾ ਸਿੰਘ ਜੀ-ਭਾਈ ਲੱਧਾ ਸਿੰਘ ਜੀ ! ਗੁਰੂ ਤੁਸਾਂ ਨੂੰ ਭਾਈ ਲੱਧੇ ਪਰ-ਉਪਕਾਰੀ ਵਾਲੀ ਬੁੱਧੀ ਦਾਨ ਕਰੇ। ਸ਼ੰਕਾ ਬਿਸ਼ਕ ਨਵਿਰਤ ਕਰ ਲਓ, ਉਂਞ ਤਾਂ ਸ਼ੰਕਾ ਨਵਿਰਤ ਕਰਨ ਲਈ ਵੱਖਰਾ ਸਮਾਂ ਚਾਹੀਦਾ ਹੈ। ਕਥਾ ਵਿਚ ਤੁਸਾਂ ਠੀਕ ਕਿਹਾ ਹੈ, ਸਾਧ ਸੰਗਤ ਦਾ ਰਸ ਭੰਗ ਹੁੰਦਾ ਹੈ। ਪਰ ਹੁਣ ਤੁਸਾਂ ਸ਼ੰਕਾ ਕੀਤੀ ਹੈ ਤਾਂ ਜੋ ਦਾਸ ਦੀ ਸਮਝੇ ਆਉਂਦਾ ਹੈ ਹਾਜ਼ਰ ਹੈ। ਸ੍ਰੀ ਗੁਰੂ ਜੀ ਧਾਰਮਕ ਕਮਾਈ ਦੀ ਗੱਲ ਉੱਤੇ ਆਪਣੀ ਜੋ ਰਾਇ ਦਿਆ ਕਰਦੇ ਸਨ ਉਹਨਾਂ ਆਪ ਕਮਾਈ ਕਰਕੇ ਦੇਖੀ ਹੋਈ ਹੁੰਦੀ ਸੀ; ਅਰਥਾਤ ਜੇ ਕਿਸੇ ਪ੍ਰਸ਼ਨ ਕੀਤਾ ਕਿ ਬ੍ਰਤ ਕਰਨ ਦਾ ਕੀ ਲਾਭ ਹੈ ਤਾਂ ਗੁਰੂ ਨਾਨਕ ਦੇਵ ਜੀ ਬ੍ਰਤ ਦੇ ਅਪਣੇ ਕੀਤੇ ਤਜਰਬੇ ਤੋਂ ਉੱਤਰ ਦੇਂਦੇ ਹੁੰਦੇ ਸਨ। ਇਸ ਲਈ ਆਪ ਨੇ ਤਪ, ਹਠ, ਜੋਗ, ਬ੍ਰਤ ਸਾਰੇ ਕੀਤੇ ਹੋਏ ਸਨ। ਦੂਸਰੀ ਬਾਤ ਇਹ ਹੈ ਕਿ ਹੁਣ ਸੰਗਤ ਬਹੁਤ ਆਉਂਦੀ ਸੀ। ਜਿੱਥੇ ਭੀੜਾਂ ਕੱਠੀਆਂ ਹੋਣ, ਉਥੇ ਭਾਈਚਾਰਕ ਪਰਚੇ ਆਰੰਭ ਹੋ ਜਾਂਦੇ ਹਨ। ਤੁਸੀ ਵੇਖਣਾ ਜਿੱਥੇ ਕੋਈ ਸੰਤ ਹੈ ਤੇ ਲੋਕੀਂ ਕੱਠੇ ਹੁੰਦੇ ਹਨ। ਚਾਹੇ ਸੰਤ ਭਲਾ ਭੀ ਹੋਵੇ, ਅਕਸਰ ਲੋਕੀ ਉਥੇ ਸਾਰੇ ਉਸ ਭਲਜਾਈ ਤੇ ਜਤਨ ਵਿਚ ਨਹੀਂ ਹੁੰਦੇ ਕਿ ਜੋ ਜਤਨ ਸੰਤ ਆਪ ਕਰ ਰਿਹਾ ਹੁੰਦਾ ਹੈ ਸੋ ਜੇ ਸੰਤ ਪੂਰਾ ਹੈ ਤਾਂ ਉਹ ਘਾਲ ਵਿਚ ਹੋਵੇਗਾ, ਆਪ ਬਹੁਤੀ ਘਾਲ ਕਰੇਗਾ; ਇਸ ਤਰ੍ਹਾਂ ਦੀ ਸਾਵਧਾਨਤਾ ਨਾਲ ਓਹ ਸੰਗਤ ਵਿਚ ਕਸਰਾਂ ਨਾ ਪੈਣ ਦੇਵੇਗਾ, ਆਲਸ ਦੂਰ ਕਰਦਾ ਰਹੇਗਾ, ਉੱਦਮ ਦੇਂਦਾ ਰਹੇਗਾ, ਸੰਗਤ ਦੇ ਮੇਲ ਨੂੰ ਮੇਲਾ ਮਾਤ੍ਰ, ਪਰਚਾ ਮਾਤ੍ਰ, ਭਾਈਚਾਰਕ ਤਅੱਲਕ ਪੈਦਾ ਕਰਨ ਦਾ ਇਕ ਇਕੱਠ ਮਾਤ੍ਰ ਨਾ ਬਣਨ ਦੇਵੇਗਾ। ਕਿਉਂਕਿ ਲਿਖਜਾ ਹੈ; "**ਸਤਿਸੰਗਤਿ ਕੈਸੀ ਜਾਣੀਐ॥ ਜਿਥੈ ਏਕੋ ਨਾਮ ਵਖਾਣੀਐ**"॥ ਸੋ ਭਾਈ ਲਧਾ ਸਿੰਘ ਜੀ ! ਇਕ ਪ੍ਰੋਜਨ ਇਹ ਬੀ ਹੋਣਾ ਹੈ ਕਿ ਸਾਧ ਸੰਗਤ ਵਿਚ ਆਲਸ ਨਾ ਪਵੇ। ਅੰਮ੍ਰਿਤ ਵੇਲੇ ਲੋਕੀ ਉੱਠਣ, ਉਸ ਵੇਲੇ ਨਾਮ ਦੀ ਘਾਲ ਕਰਨ। ਜੇ ਸ੍ਰੀ ਗੁਰੂ ਜੀ ਆਪ ਇਸ ਤਰ੍ਹਾਂ ਮੇਹਨਤ ਕਰਦੇ ਸਨ ਤਾਂ ਹੀ ਸੰਗਤ ਗਾਫਲ ਨਹੀਂ ਨਾ ਹੋ ਸਕਦੀ। ਇਨਸਾਨ ਵਿਚ ਤੁਸੀਂ ਜਾਣਦੇ ਹੋ, ਹੁਕਮ ਮੰਨਣ ਦਾ ਮਾਦਾ ਘੱਟ ਹੈ, ਪਰ ਰੀਸ ਤੇ ਨਕਲ ਕਰਨ ਦਾ ਮਾਦਾ ਬਹੁਤ ਹੈ, ਸੋ ਗੁਰੂ ਜੀ ਨੂੰ ਕਠਨ ਘਾਲਾਂ ਕਰਦਿਆਂ ਤੱਕ ਕੇ ਫੇਰ ਸੰਗਤ ਵਿਚ ਆਲਸ ਨਹੀਂ ਸੀ ਵਰਤ ਸਕਦਾ। ਤੀਸਰਾ ਕਾਰਣ ਇਹ ਬੀ ਹੋਊ, ਕਿ ਜੋ ਤਪ ਹਠ ਦਾ ਅਰਥ ਤੁਸੀਂ ਸਮਝਦੇ ਹੋ ਯਾ ਜੋ ਮੈਂ ਪਹਿਲੀ ਉਮਰ ਵਿਚ ਕਰਕੇ ਵੇਖੇ ਹਨ, ਓਹੋ ਜੇਹੇ ਕਰਨੇ ਤਾਂ ਗੁਰੂ ਜੀ ਨੇ ਮਨ੍ਹੇ ਕੀਤੇ ਹਨ ਪਰ ਨਾਲ ਹੀ ਦੇਖੋ, ਤੁਸੀਂ ਬਾਣੀ ਦੇ ਪੜ੍ਹਨ ਵਾਲੇ ਹੋ, ਨਾਮ ਧਿਆਉਣ ਨੂੰ ਸ੍ਰੀ ਗੁਰੂ ਅੰਗਦ ਦੇਵ ਜੀ ਨੇ 'ਮੁਸਕਤ ਘਾਲਣਾ' ਆਖਿਆ ਹੈ।* ਇਹ ਘਾਲ ਬੀ ਹੈ, ਇਹ ਕਮਾਈ ਬੀ ਹੈ। ਹਾਂ, ਇਹ ਮੁਸ਼ੱਕਤ ਭੀ ਹੈ, ਪਰ ਇਹ ਪ੍ਰਾਪਤੀ ਬੀ ਹੈ, ਰਸ ਰੂਪ ਬੀ ਹੈ। ਸੋ ਘਾਲ ਤੇ ਰਸ ਨਾਲ ਨਾਲ ਟੁਰੇ ਰਹਿੰਦੇ ਹਨ। ਉਹ ਹਠ ਤਪ ਤਾਂ ਗੁਰਾਂ ਨੇ ਵਰਜੇ ਹਨ ਜੋ ਐਵੇਂ ਮਨ ਮਾਰਨ ਵਾਸਤੇ ਕੀਤੇ ਜਾਂਦੇ ਹਨ। ਜਿਨ੍ਹਾਂ ਦਾ ਪ੍ਰੋਜਨ ਜਾਂ ਤਾਂ ਇਹ ਹੁੰਦਾ ਹੈ ਕਿ ਮਨ ਨੂੰ ਕੋਹ ਕੋਹ ਕੇ ਸਾਧਿਆ ਜਾਵੇ, ਯਾ ਇਹ ਹੁੰਦਾ ਹੈ ਕਿ ਵਿਭੂਤੀਆਂ ਲੱਭ ਪੈਣ। ਵਿਭੂਤੀਆਂ

---

* ਦੇਖੋ ਰਾਗ ਮਾਝ ਦੀ ੧੯ਵੀਂ ਵਾਰ - ਪੰਨਾ ੧੪੬

ਕੀ ਹੁੰਦੀਆਂ ਹਨ ? ਕਰਾਮਾਤਾਂ ਕਰ ਲੈਣ ਦਾ ਬਲ। ਇਨ੍ਹਾਂ ਗਲਾਂ ਲਈ ਹਠ ਤਪ ਕਰਨੇ ਮਨ੍ਹੇਂ ਹਨ। ਪਰ ਮੋਏ ਮਨ ਨੂੰ ਜਿਵਾਲਣ ਵਾਸਤੇ, ਮਨੂਰ ਹੋਏ ਨੂੰ ਕੰਚਨ ਕਰਨ ਵਾਸਤੇ ਘਾਲ ਕਰਨੀ ਉਚਿਤ ਹੈ। ਮਨ ਸੁਰਜੀਤ ਹੋ ਜਾਏ, ਜੀਉ ਪਵੇ, ਕਿਸ ਜੀਵਨ ਵਿਚ ? ਨਾਮ ਦੇ ਜੀਵਨ ਵਿਚ, ਆਤਮ ਹੁਲਾਰਿਆਂ ਦੇ ਜੀਵਨ ਵਿਚ, ਸੋ ਭਾਈ ਸਾਹਿਬ ਜੀ ! ਮਾਇਆ ਦੀ ਮਸਤੀ ਦੇ ਜੀਵਨ ਤੋਂ ਅਸਾਂ ਮਨ ਨੂੰ ਮਾਰਨਾ ਹੈ, **'ਮਨੁ ਮਰੈ ਧਾਤੁ ਮਰਿ ਜਾਇ॥'** ਹੁਕਮ ਹੈ, ਪਰ ਸਰੀਰਕ ਰਸਾਂ ਕਸਾਂ ਭੋਗਾਂ ਵਿਚ ਮਰ ਚੁਕਿਆ ਤੇ ਮਨੂਰ ਹੋ ਚੁਕਿਆ ਮਨ ਅਸਾਂ ਮੁੜਕੇ ਸੁਰਜੀਤ ਕਰਨਾ ਹੈ, ਲੋਹਾ ਨਹੀਂ ਮੁੜਕੇ ਬਨਾਉਣਾ, ਸਗੋਂ ਸੋਨਾ, ਦੇਖੋ ਹੁਕਮ ਹੈ:- **'ਭਇਆ ਮਨੂਰੁ ਕੰਚਨੁ ਫਿਰਿ ਹੋਵੈ...'** ਸੋ ਕੰਮ ਨਾਮ ਦੀ ਘਾਲ ਕੀਤਿਆਂ ਸਿਰੇ ਚੜ੍ਹਦਾ ਹੈ, ਨਾਮ ਦੀ ਘਾਲ ਮਨ ਨੂੰ ਕੰਚਨ ਕਰਦੀ ਹੈ। ਅੰਮ੍ਰਿਤ ਵਲੇ ਉੱਠਣਾ ਘਾਲ ਹੈ। ਨਾਮ ਜਪਣਾ ਘਾਲ ਹੈ, ਸਿਆਲ ਹੁਨਾਲ ਗਰਮੀ ਸਰਦੀ ਸਹਿਣੀ ਘਾਲ ਹੈ। ਜੋ ਸਰਦੀ ਸਹਾਰ ਨਹੀਂ ਸਕਦਾ, ਸਿਆਲ ਵਿਚ ਸਵੇਰੇ ਨਹੀਂ ਉਠੇਗਾ। ਜੋ ਉੱਠੇਗਾ ਉਸ ਲਈ ਆਪੇ ਘਾਲ ਹੋ ਗਈ। ਮਨ ਨੂੰ ਵਿਕਾਰਾਂ ਤੋਂ ਰੋਕਣਾ ਘਾਲ ਹੈ, ਦਸਵੰਧ ਦੇਣਾ ਘਾਲ ਹੈ, ਅੱਠ ਪਹਿਰ ਉੱਚ ਸੁਰਤੇ ਰਹਿਣਾ ਘਾਲ ਹੈ। ਐਸੀ ਕਮਾਈ ਕਰਦਿਆਂ ਸਰੀਰ ਅਰੋਗ ਤੇ ਉਸ਼ਨ ਸੀਤ ਸਹਿਣ ਵਾਲਾ ਆਪੇ ਹੋ ਜਾਂਦਾ ਹੈ। ਖਾਲਸਾ ਜੀ ! ਵਿਚਾਰ ਕਰਨੀ। ਅੰਮ੍ਰਿਤ ਵੇਲੇ ਨਾ ਉੱਠਣਾ, ਬਾਣੀ ਨਾ ਪੜ੍ਹਨੀ, ਨਾਮ ਨਾ ਜਪਣਾ, ਸਤਿਸੰਗ ਨਾ ਕਰਨਾ, ਮਨ ਨੂੰ ਵਿਕਾਰਾਂ ਤੋਂ ਨਾ ਵਰਜਣਾ; ਕੀਹ ਹਠ ਤਪ ਨਾ ਕਰਨ ਤੋਂ ਗੁਰੂ ਜੀ ਦਾ ਏਹ ਮਤਲਬ ਸੀ ? ਸਮਝ ਲਿਆ ਨੇ ਪਿਆਰਿਓ ! ਕਿ ਇਸ ਤਰ੍ਹਾਂ ਦੇ ਦਰਿਦ੍ਰੀ ਤੇ ਨਾਮ ਬਿਮੁਖ ਬਣਕੇ ਕਹਿਣਾ ਕਿ ਅਸੀਂ ਗੁਰੂ ਦਸਾਂ ਪਾਤਸ਼ਾਹੀਆਂ ਦੇ ਹੁਕਮ ਮੰਨ ਰਹੇ ਹਾਂ, ਭੁੱਲ ਹੈ। ਹਠ ਤਪ ਨਾ ਕਰਨੇ ਦਾ ਇਹ ਅਰਥ ਨਹੀਂ ਸੀ ਕਿ ਸਾਰੀ ਰਾਤ ਸੌਂਕੇ ਗੁਜ਼ਾਰੋ, ਬਾਣੀ ਨਾ ਪੜ੍ਹੋ, ਨਾਮ ਨਾ ਜਪੋ, ਨਾਮ ਲਈ ਤਪ ਨਾ ਕਰੋ। ਇਸਦਾ ਅਰਥ ਸੀ ਕਿ ਨਿਰੇ ਹਠ ਦੇ ਆਸਰੇ ਹੋ ਕੇ ਫੋਕੇ ਤਪ ਮਾਤ੍ਰ ਨਾ ਕਰੋ। **'ਹਠ ਕਰ ਮਰੈ ਨ ਲੇਖੈ ਪਾਇ'** ਕਿਉਂਕਿ ਨਿਰੇ ਹਠ ਨਾਲ ਜੋ ਕੰਮ ਕਰੀਏ ਉਹ ਹਉਮੈਂ ਕਰਾਉਂਦੀ ਹੈ, ਇਸਦੇ ਉਲਟ ਗੁਰੂ ਆਸ੍ਰੇ ਹੋ ਕੇ ਨਾਮ ਦੀ ਘਾਲ ਕਰਨੀ ਹੈ। ਸੋ ਗੁਰੂ ਆਸ੍ਰੇ ਹੋ ਕੇ ਨਾਮ ਦਾ ਤਪ ਕਰੇ, ਕਰਕੇ ਵਾਹਿਗੁਰੂ ਦੇ ਅਰਪਣ ਕਰੇ। **'ਆਪਸ ਕਉ ਕਰ ਕਿਛੁ ਨ ਜਨਾਵੈ'**। ਜੋ ਲੋਕ ਬਾਣੀ, ਨਾਮ, ਸ਼ੁਭ ਜੀਵਨ ਤੋਂ ਬੇਮੁਖ ਹਨ ਤੇ 'ਪੰਥ ਸੇਵਾ' 'ਪੰਥ ਸੇਵਾ' ਕੂਕਦੇ ਹਨ, ਜਦ ਤੁਸੀਂ ਪੜਤਾਲ ਕਰੋਗੇ ਤਾਂ ਉਨ੍ਹਾਂ ਨੂੰ 'ਹਉ' ਦੇ ਭਗਤ ਦੇਖੋਗੇ। ਉਹ ਜੋ ਕੁਛ ਕਰਦੇ ਹਨ ਹਠ ਨਾਲ, ਤੇ ਜੋ ਕੁਛ ਕਰਦੇ ਹਨ ਹਉਮੈਂ ਨੂੰ ਪਾਲਣ ਲਈ ਕਰਦੇ ਹਨ! ਸੋ ਤਪ ਨਾ ਕਰੇ ਦਾ ਅਰਥ ਆਲਸ, ਦਰਿਦ੍ਰ, ਨਾਮ ਬਾਣੀ ਤੋਂ ਵਿਸਾਰਾ ਤੇ ਨਿਸ਼ਕਾਮ ਨੇਕੀਆਂ ਤੋਂ ਬੇਮੁਖਤਾਈ ਨਹੀਂ ਹੈ ? ਨਾਲੇ ਹੱਠ ਦਾ ਅਰਥ ਜਦੋਂ ਹੈ ਨਿਰ ਅਰਥਕ ਜ਼ਿਦ, ਤਦੋਂ ਤਾਂ ਹਠ ਮਨ੍ਹੇ ਹੈ। ਤੇ ਜਦੋਂ ਹਠ ਦਾ ਅਰਥ ਹੈ ਦ੍ਰਿੜਤਾ, ਜਿਸ ਨੂੰ ਫਾਰਸੀ ਬੋਲੀ ਵਿਚ ਇਸਤਕਲਾਲ ਕਹਿੰਦੇ ਹਨ, ਤਦੋਂ ਹਠ ਸ਼ੋਭਾ ਜੋਗ ਹੈ ਤੇ ਅਸੀ 'ਹਠੀਆਂ ਜਪੀਆਂ ਤਪੀਆਂ' ਦਾ ਧਿਆਨ ਧਾਰਨ ਦਾ ਰੋਜ਼ ਅਰਦਾਸਾ ਕਰਦੇ ਹਾਂ। ਚੌਥੀ ਗਲ ਸਾਧ ਸੰਗਤ ਜੀ ਹੈ, **'ਗੁਰੂ ਕੀ ਗਤਿ ਗੁਰੂ ਜਾਣੇ'**। ਗੁਰੂ ਜੀ ਨੂੰ ਅਪਣੀ ਕਲਿਆਣ ਵਾਸਤੇ ਹਠ ਤਪ ਦੀ ਲੋੜ ਨਹੀਂ ਸੀ, ਓਹ ਪਾਰਗਿਰਾਮੀ ਸੇ, ਗੁਰ ਅਵਤਾਰ ਸੇ, ਸੋ ਓਹ ਹੱਠਾਂ ਤਪਾਂ ਤੋਂ ਬੇਲੋੜ ਸਨ। ਉਸ ਵੇਲੇ, ਉਸ ਸਮੇਂ ਕੀਹ ਗਲ ਸੀ, ਕੌਣ ਕਾਰਣ ਵਰਤ ਰਹੇ ਸੇ ਜਿਨ੍ਹਾਂ ਕਰਕੇ ਆਪ ਨੇ ਇਹ ਤਪ ਉਸ ਬ੍ਰਿਧ ਅਵਸਥਾ ਵਿਚ ਬੀ ਕਰਕੇ ਦਸਿਆ ਇਸਦਾ ਅਸਲ ਕਾਰਨ ਆਪ ਨੂੰ ਪਤਾ ਹੈ। ਦੇਖੋ ਆਪ ਕਰਦੇ ਸੇ ਪਰ ਸ੍ਰੀ ਲਹਿਣਾ ਜੀ ਨੂੰ ਕਹਿੰਦੇ ਸੇ ਇਹ ਸਭ ਸਿੱਖਾਂ ਲਈ ਹੈ, ਤੇਰੇ ਲਈ ਹੈ। ਸਪਸ਼ਟ ਹੈ ਕਿ ਉਨ੍ਹਾਂ ਨੂੰ ਲੋੜ ਨਹੀਂ ਸੀ ਓਹ ਸਾਡੇ ਭਲੇ ਲਈ ਸਭ

ਕੁਛ ਕਰਦੇ ਸੇ।

ਲੱਧਾ ਸਿੰਘ-ਖੜੀ ਮਿਹਰ ਕੀਤੀ ਨੇ। ਮੈਂ ਕੀਤੀ ਤਾਂ ਭੁੱਲ ਹੈ, ਪਰ ਆਪ ਦੇ ਉੱਤਮ ਖਿਆਲ ਪਰਗਟ ਹੋ ਗਏ ਤੇ ਹਮਾਤੜਾਂ ਕਈਆਂ ਦਾ ਭਲਾ ਹੋ ਗਿਆ। ਸਮਝ ਆ ਗਈ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਆਪਾ ਸਾਡੇ ਨਿਕਾਰਿਆਂ ਤੋਂ ਆਪ ਵਾਰਿਆ ਹੈ ਤੇ ਤਪ ਆਦਿਕ ਬੀ ਸਾਡੇ ਹੀ ਭਲੇ ਲਈ ਕੀਤੇ ਹਨ। ਹੁਣ ਮਹਾਰਾਜ! ਅੱਗੇ ਕਿਰਪਾ ਕਰੋ।

ਸੰਤ ਜੀ-ਸੋ ਭਾਈ ਜੀਓ ! ਗੁਰੂ ਕੀ ਗਤਿ ਗੁਰੂ ਜਾਣੇ। ਅਸਾਂ ਹੁਕਮ ਕਮਾਉਣਾ ਹੈ, ਹੁਕਮ ਕੀ ਹੈ? ਏਕੋ ਨਾਮ। ਸੋ ਹੁਣ ਅੱਗੇ ਸੁਣੋਂ। ਇਨ੍ਹਾਂ ਦਿਨਾਂ ਵਿਚ ਗੁਰੂ ਜੀ ਨੇ ਫੇਰ ਮੁੜਕੇ ਤਪ ਦੇ ਕੌਤਕ ਕੀਤੇ। ਇਕ ਰੋੜਾਂ ਦੀ ਸਿਹਜਾ ਬਣਵਾਈ, ਧਰਮਸਾਲਾ ਤੋਂ ਦੁਰਾਡੇ, ਇਕ ਕੁਟੀ ਇਸਦੇ ਉਦਾਲੇ ਪਾ ਲਈ। ਇਸ ਕੁਟੀ ਵਿਚ ਰਿਹਾ ਕਰਨ। ਦੋ ਵੇਲੇ ਰਾਵੀ ਸ਼ਨਾਨ ਕਰਨ ਜਾਣ, ਪਰ ਭੋਜਨ ਲਈ ਲੰਗਰ ਵਿਚ ਆ ਜਾਯਾ ਕਰਨ। ਆਪਦੇ ਛਕਣ ਮਗਰੋਂ ਦੇਗ ਵਰਤੇ। ਆਪ ਬਾਕੀ ਦਾ ਸਮਾਂ ਉਸੇ ਕੁਟੀ ਵਿਚ ਬਿਤਾਉਣ। ਹੁਣ ਆਪ ਨੇ ਭੋਜਨ ਬੀ ਛੱਡ ਦਿੱਤਾ। ਅਠਾਂ ਪਹਿਰਾਂ ਮਗਰੋਂ ਇਕ ਡੋਡੀ ਅੱਕ ਦੀ ਖਾ ਛੱਡਣ। ਜਿਵੇਂ ਭਾਈ ਲਾਲੋ ਦੇ ਘਰ 'ਰੋੜੀ ਸਾਹਿਬ' ਤਪ ਕੀਤੇ ਸਨ ਓਹੋ ਸ਼ੁਰੂ ਹੋ ਗਏ। ਜਾਂ ਸਾਧ ਸੰਗਤ ਜੀ, ਮੇਰਾ ਐਵੇਂ ਖਿਆਲ ਹੈ ਪਰ ਖਨਿਆ ਸਾਖੀਆਂ ਪੜ੍ਹਕੇ ਹੈ ਕਿ ਜਦੋਂ ਆਪ ਸੁਲਤਾਨ ਪੁਰੋਂ ਟੁਰੇ ਹਨ ਤੇ ਏਮਨਾਬਾਦ ਗਏ ਹਨ ਤਾਂ ਰਸਤੇ ਵਿਚ, ਬਨ ਵਿਖ, ਜਿਥੇ ਬੇਰੀਆਂ ਦੀ ਸੰਘਣੀ ਛਾਂ ਸੀ ਤੇ ਹੁਣ ਸੋਹਣਾ ਹਰੀ ਮੰਦਰ ਹੈ, ਆਪ ਨੇ ਕੁਛ ਚਿਰ ਇਸ ਤਰ੍ਹਾਂ ਤਪ ਕੀਤਾ ਹੈ।

ਫੇਰ ਸ੍ਰੀ ਗੁਰੂ ਜੀ ਨੇ ਦੋ ਕੋਹਾਂ ਦੇ ਸਿਰਿਆਂ ਤੇ ਨਿਸ਼ਾਨੀ ਰੱਖ ਲਈ ਤੇ ਇਨ੍ਹਾਂ ਦੇ ਵਿਚ ਫਿਰਦੇ ਰਹਿਣਾ ਤੇ ਪਿਆਰੇ ਦਾ ਆਲਾਪ ਕਰਦੇ ਰਹਿਣਾ। ਦਿਹਾੜੀ ਸਾਰੀ ਇਸ ਤਰ੍ਹਾਂ ਬੀਤ ਜਾਵੇ! ਫੇਰ ਕਪੜੇ ਬੀ ਲਾਹ ਦਿਤੇ। ਸਿਰ ਤੇ ਇਕ ਸਾਫਾ ਤੇ ਲਕ ਤਾਂਬੇ ਰੰਗੀ ਕੁਪੀਨ ਰਖ ਲਈ। ਬਸ ਸਾਰਾ ਦਿਨ ਘੁੰਮਕੇ ਰਾਤ ਕੁਟੀ ਵਿਚ ਰੋੜਾਂ ਦੀ ਸੇਜ਼ ਤੇ ਟਿਕ ਰਹਿਣ। ਅੰਮ੍ਰਿਤ ਵੇਲੇ ਰਾਵੀ ਦਾ ਇਸ਼ਨਾਨ ਕਰਕੇ ਦਿਨੇ ਉਸੇ ਤਰ੍ਹਾਂ ਦੇ ਕੋਹਾਂ ਦੇ ਵਿਚਾਲੇ ਘੁੰਮਦੇ ਰਹਿਣ। ਫੇਰ ਅੱਕ ਦੀ ਡੋਡੀ ਬੀ ਛੱਡ ਦਿੱਤੀ। ਚਿੱਟੀ ਸਾਫ ਰੇਤ ਇਕ ਮਾਸਾ ਭਰ ਅੱਠ ਪਹਿਰ ਮਗਰੋਂ ਤਲੀ ਮਾਰ ਲੈਣ। ਹੁਣ ਸਾਰਾ ਦਿਨ ਘੁੰਮਦੇ। ਜੋ ਬਚਨ ਉਚਾਰਨ ਉਹ ਸਮਝੇ ਪਵੇ ਕਿ ਕਹਿ ਰਹੇ ਹਨ 'ਨਾਮ ਸੁਹਾਵਾ ਵਖਤ ਸੁਹਾਵਾਂ' ਪਰ ਜੋ ਆਪ ਪੜ੍ਹਦੇ ਸਨ ਸੋ ਵਡਹੰਸ ਦੀ ਪਉੜੀ ਹੈ ਸ੍ਰੀ ਗੁਰੂ ਜੀ ਦੀ ਉਚਾਰੀ ਹੋਈ:-

*ਤੇਰਾ ਵਖਤੁ ਸੁਹਾਵਾ ਅੰਮ੍ਰਿਤੁ ਤੇਰੀ ਬਾਨੀ॥ ਸੇਵਕ ਸੇਵਹਿ ਭਾਉ ਕਰਿ ਲਾਗਾ ਸਾਉ ਪਰਾਣੀ॥ ਸਾਉ ਪ੍ਰਾਣੀ ਤਿਨਾ ਲਾਗਾ ਜਿਨੀ ਅੰਮ੍ਰਿਤੁ ਪਾਇਆ॥ ਨਾਮਿ ਤੇਰੈ ਜੋਇ ਰਾਤੇ ਨਿਤ ਚੜਹਿ ਸਵਾਇਆ॥ ਇਕੁ ਕਰਮੁ ਧਰਮੁ ਨ ਹੋਇ ਸੰਜਮੁ ਜਾਮਿ ਨ ਏਕੁ ਪਛਾਣੀ॥ ਵਖਤੁ ਸੁਹਾਵਾ ਸਦਾ ਤੇਰਾ ਅੰਮ੍ਰਿਤ ਤੇਰੀ ਬਾਣੀ॥੩॥-੫੬੬*

ਸੋ ਸਾਧ ਸੰਗਤ ਜੀ ਇਹ ਪੌੜੀ ਦੱਸ ਰਹੀ ਹੈ ਕਿ ਜੇਹੜੇ ਖੁਸ਼ਕ ਤੇ ਹਠ ਦੇ ਆਸਰੇ ਹਉਂ ਵਿਚ ਵੇੜ੍ਹੇ ਹੋ ਕੇ ਮੈਂ ਤਪ ਕੀਤੇ ਹਨ, ਜਿਨ੍ਹਾਂ ਦਾ ਨਿਸ਼ਾਨਾ ਵਾਹਿਗੁਰੂ ਨਹੀਂ ਸੀ ਪਰ ਕੇਵਲ ਮਨ ਨੂੰ ਕੋਹਣਾ ਤੇ ਇੰਦ੍ਰਿਆਂ ਨੂੰ ਕੋਹਣਾ ਸੀ, ਉਹ ਤਪ ਗੁਰੂ ਬਾਬੇ ਦਾ ਨਹੀਂ ਸੀ। ਇਹ ਤਾਂ ਨਾਮ ਰੰਗ ਦੀ ਲਹਿਰ ਸੀ ਤੇ ਡਾਢੇ ਉੱਚੇ ਉੱਦਮ ਦੀ ਅਵਸਥਾ ਸੀ! ਬਿਧਾਪਨ ਤੇ ਇਹ ਘਾਲ ਤੇ ਇਹ ਨਾਮ ਦਾ ਚਾਉ ! ਇਹ ਗੁਰੂ ਨਾਨਕ ਕਮਾਲ ਹੈ ! ਸਾਨੂੰ ਪੰਜਵੇਂ ਸਤਿਗੁਰਾਂ ਦਸਿਆ ਹੈ:-। *"ਪ੍ਰਭੁ ਕੀ ਉਸਤਤ ਕਰਉ ਸੰਤ ਮੀਤ॥ ਸਾਵਧਾਨ ਏਕਾਗਰ ਚੀਤ"* (ਸੁਖਮਨੀ) ਸੋ ਸਾਵਧਾਨਤਾ ਨਾਮ ਜਪਣ ਵਿਚ ਅਤਿ ਲੋੜੀਦੀ ਹੈ।

ਇਨ੍ਹਾਂ ਦਿਨਾਂ ਵਿਚ ਗੁਰੂ ਜੀ ਬੜੇ ਤੇਜ ਵਿਚ ਸਨ। ਦਰਸ਼ਨ ਦੀ ਝਾਲ ਝੱਲ ਨਹੀਂ ਸੀ ਹੁੰਦੀ। ਦੂਰੋਂ ਦੂਰੋਂ ਲੋਕੀ ਦਰਸ਼ਨ ਕਰਨ ਆਉਂਦੇ ਤੇ ਇਕ ਦੋ ਦਿਨ ਦਰਸ਼ਨ ਕਰਕੇ ਚਲੇ ਜਾਂਦੇ, ਜੇ ਕੋਈ ਮੱਥਾ ਟੇਕਦਾ ਤਾਂ ਸ੍ਰੀ ਗੁਰੂ ਜੀ ਬੋਲਦੇ 'ਬਸ ਕਰ ਪੁਰਖਾ, ਤੇਰਾ ਭਲਾ ਹੋਵੇ, ਜਾਹ ਨਾਮ ਜਪ ਜੋ ਦੁਖ ਦੂਰ ਹੋਣੀ।' ਇਨ੍ਹਾਂ ਦਿਨਾਂ ਵਿਚ ਸ੍ਰੀ ਲਹਿਣਾ ਜੀ ਦਾ ਕੀ ਹਾਲ ਸੀ ? ਖ਼ਿਆਲ ਕਰੋ। ਜੇ ਗੁਰੂ

ਜੀ ਰੋੜਾਂ ਦੀ ਕੁਟੀ ਵਿਚ ਹਨ ਤਾਂ ਆਪ ਕਿਤੇ ਨੇੜੇ ਤੇੜੇ ਕੁਟੀ ਦਾ ਦਰਸ਼ਨ ਕਰਦੇ ਖੜੇ ਹਨ ਜਾਂ ਗੁਰੂ ਗੁਰੂ ਜਪਦੇ ਬੈਠੇ ਹਨ। ਜੇ ਗੁਰੂ ਜੀ ਦੋ ਮੀਲਾਂ ਵ੍ਹਿਚ ਫਿਰ ਰਹੇ ਹਨ ਤਾਂ ਸ੍ਰੀ ਲਹਿਣਾ ਜੀ ਕਿਸੇ ਰੁੱਖ ਨਾਲ ਸਿਰ ਲਾਈ ਦੂਰ ਖੜੇ ਹਨ, ਨਾਮ ਨਿਮਗਨ ਹਨ ਤੇ ਦਰਸ਼ਨ ਕਰ ਰਹੇ ਹਨ। ਜਦ ਗੁਰੂ ਜੀ ਨਜ਼ਰੋਂ ਓਝਲ ਹੁੰਦੇ ਹਨ ਤਾਂ ਆਪ ਬੀ ਟੁਰ ਪੈਂਦੇ ਹਨ, ਫੇਰ ਕਿਤੇ ਖੜੋ ਰਹਿੰਦੇ ਹਨ! ਗਲ ਕੀ ਜਿੱਥੇ ਤਕ ਨਜ਼ਰ ਪੈਂਦੀ ਰਹੇ ਓਨੀ ਵਿੱਥ ਤੇ ਰਹਿਕੇ ਆਪ ਕਦੇ ਖੜੋਂਦੇ ਕਦੇ ਚਲਦੇ ਹਨ। ਜੇ ਆਪ ਨੇ ਅਹਾਰ ਤਿਆਗਿਆ ਹੈ ਤਾਂ ਸ੍ਰੀ ਲਹਿਣਾ ਜੀ ਦਾ ਖਾਣਾ ਪੀਣਾ ਬੀ ਅਤਿ ਘਟ ਗਿਆ ਹੈ। ਉਧਰ ਸੁਣ ਸੁਣ ਕੇ ਸੰਗਤਾਂ ਬੇਅੰਤ ਆ ਰਹੀਆਂ ਹਨ। ਭੀੜ ਪਈ ਰਹਿੰਦੀ ਹੈ। ਧਰਮਸਾਲ ਵਿਚ ਆਸਾ ਦੀ ਵਾਰ, ਬਿਲਾਵਲ, ਸੋਦਰ ਦੇ ਦੀਵਾਨ ਲਗਦੇ ਹਨ ਤੇ ਪਰਮੇਸ਼ਰ ਸਿਮਰਨ ਦਾ ਰੰਗ ਲਗਾ ਰਹਿੰਦਾ ਹੈ।

ਹੁਣ ਇਕ ਦਿਨ ਸ੍ਰੀ ਗੁਰੂ ਜੀ ਨੇ ਸਾਰੇ ਸਿੱਖਾਂ ਨੂੰ ਕਿਹਾ: ਸਾਰੇ ਹਲ ਵਾਹੋ ਜੋ ਕਣਕ ਹੋਵੇ। ਇਹ ਸੁਣਕੇ ਕਈ ਤਾਂ ਖਿਸਕੰਤ ਹੋ ਗਏ ਤੇ ਬਾਕੀ ਦੇ ਲੱਗ ਪਏ। ਕੁਛ ਦਿਨਾਂ ਮਗਰੋਂ ਇਹਨਾਂ ਵਿਚੋਂ ਬੀ ਕਈ ਖਿਸਕ ਗਏ। ਹੁਕਮ ਹੋਇਆ ਸੀ ਕਿ ਲੰਗਰ ਇਕ ਵੇਲੇ ਪੱਕੇ ਸੋ ਹਲ ਵਾਹ ਕੇ ਅੱਠੀ ਪਹਿਰੀਂ ਅੰਨ ਕੌਣ ਖਾਵੇ। ਅੱਧਿਓਂ ਵਧ ਹੁਣ ਟੁਰ ਗਏ। ਖਾਲਸਾ ਜੀ ਤੱਕਣਾ, ਹੁਣ ਗੁਰੂ ਕੀ ਕਮਾਲ ਦੀ ਕਾਰ, ਕਿ ਸਿਖ ਹਨ, ਸ਼ਰਧਾ ਨਾਲ ਆਉਂਦੇ ਹਨ ਪਰ ਗੁਰੂ ਜੀ ਭੀੜਾਂ ਨਹੀਂ ਕੱਠੀਆਂ ਕਰਦੇ! ਕੇਵਲ ਭੀੜ ਮਾਤਰ ਕੱਠੀ ਕਰਨੀ ਉਹਨਾ ਦਾ ਪਰੋਜਨ ਨਹੀਂ ਸ਼ੀ, ਪਰਖ ਕੇ ਤੋਲਕੇ ਸੁੱਚੇ ਹੀਰੇ ਪੈਦਾ ਕਰਨੇ ਆਪ ਦਾ ਕਮਾਲ ਸੀ। ਅਤੇ ਢਿੱਲੇ ਮੱਠੇ ਨਿਰੇ ਸੰਸਾਰਕ ਗਰਜ਼ਾਂ ਲਈ ਆਏ ਤੇ ਪ੍ਰਸ਼ਾਦਿਆਂ ਦੇ ਪ੍ਰੇਮੀਆਂ ਦੀ ਭੀੜ ਮਾਤ੍ਰ ਨਹੀਂ ਜਮਾ ਹੋਣ ਦੇਂਦੇ ਸੇ। ਗੁਰੂ ਬਾਬੇ ਦੇ ਘਰ ਛਾਂਟ ਹੁੰਦੀ ਰਹਿੰਦੀ ਸੀ। ਹੁਣ ਆਗਿਆ ਹੋਈ ਕਿ ਲੰਗਰ ਦੂਏ ਦਿਨ ਪੱਕੇ। ਸੋ ਹੁਣ ਹੋਰ ਲੋਕੀਂ ਖਿਸਕ ਗਏ। ਬਹੁਤ ਥੋੜੇ ਰਹਿ ਗਏ। ਏਹ ਹਲ ਵਾਹੁਣ, ਕਾਰ ਕਰਨ, ਗੁਰੂ ਗੁਰੂ ਜਪਣ ਤੇ ਠਾਣ ਬੈਠੇ ਕਿ ਮਰੀਏ ਚਹਿ ਜੀਵੀਏ ਸੇਵਾ ਨਹੀਂ ਛੋੜਨੀ। ਤਦੋਂ ਫੇਰ ਕੌਤਕੀ ਸਤਿਗੁਰ ਨੇ ਦੋ ਵੇਲੇ ਲੰਗਰ ਦਾ ਹੁਕਮ ਦੇ ਦਿੱਤਾ। ਇਨੇਂ ਨੂੰ ਫਸਲ ਤਿਆਰ ਹੋ ਗਏ। ਹੁਕਮ ਹੋਇਆ 'ਤੁਹਾਡੀ ਘਾਲ ਥਾਂ ਪਈ ਸ਼ੁਭ ਹੋਇਆ। ਵਾਹਿਗੁਰੂ ਭਲਾ ਕਰੇ। ਪਰ ਹੁਣ ਗਾਹ ਨ ਪਾਓ, ਭਰੀਆਂ ਬੰਨ੍ਹਕੇ ਢੇਰ ਖੜੇ ਕਰ ਦਿਓ।' ਜਾਂ ਢੇਰ ਲਗ ਗਏ, ਹੁਕਮ ਹੋਇਆ 'ਅੱਗ ਲਾ ਦਿਓ'। ਕਿਤਨੇ ਤਾਂ ਬੁਰਾ ਮੰਨਕੇ ਕਿ ਅੰਨ ਐਨੀ ਮਿਹਨਤ ਦਾ ਪੈਦਾ ਕੀਤਾ ਕੀਕੂੰ ਫੂਕੀਏ, ਪਰੇ ਹਟ ਗਏ। ਪਰ ਕੁਛ ਆਖਣ ਲਗੇ ਜਦ ਅਸੀਂ ਸਿੱਖ ਹਾਂ ਤੇ ਏਹ ਸਾਡੇ ਗੁਰੂ ਸੁਆਮੀ ਧੁਰ ਤੋਂ ਆਏ ਹਨ, ਜੋ ਬਚਨ ਕਰਦੇ ਹਨ ਠੀਕ ਹੈ, ਅਸੀਂ ਬਚਨ ਪਾਲੀਏ, ਸਾਨੂੰ ਇਸ ਅੰਨ ਦੇ ਢੇਰ ਨਾਲ ਕੀਹ ? ਉਨ੍ਹਾਂ ਸਤਜ ਸਤਜ ਕਹਿਕੇ ਅੱਗੇ ਹੋ ਕੇ ਅੱਗ ਲਾ ਦਿੱਤੀ। ਹੁਣ ਇਨ੍ਹਾਂ ਸਿਖਾਂ ਨੂੰ ਨਾਲ ਲੈਕੇ, ਜਿਨ੍ਹਾਂ ਨੇ ਫਸਲ ਫੂਕ ਦਿੱਤੀ ਸੀ, ਆਪ ਧਰਮਸਾਲ ਆ ਗਏ, ਸ੍ਰੀ ਲਹਿਣਾ ਜੀ ਬੀ ਇਨਾਂ ਵਿਚ ਹਨ ਤੇ ਨਾਲ ਆਏ ਹਨ। ਕੁਛ ਦਿਨ ਧਰਮਸਾਲ ਪਹਿਲੇ ਰੰਗਾਂ ਦੇ ਬੀਤੇ। ਅੰਨ ਬੀ ਪੱਕੇ, ਸਭੇ ਛਕਣ, ਗੁਰੂ ਜੀ ਬੀ ਛਕਣ, ਮਿਹਰਾਂ ਹੋਣ। ਕੁਛ ਸਮਾਂ ਫੇਰ ਸੁਖਾਂ ਦਾ ਲੰਘ ਗਿਆ। ਇਕ ਦਿਨ ਗੁਰੂ ਜੀ ਨੇ ਧਾਣਕ ਰੂਪ ਧਾਰ ਲਿਆ। ਇਹ ਦੇਖਕੇ ਸਾਰੇ ਪਿਛੇ ਹਟ ਗਏ ਤੇ ਆਪੋ ਵਿਚ ਅਚਰਜ ਹੋ ਹੋ ਆਖਣ, ਕਿ 'ਕੀਹ ਭਾਣਾ ਵਰਤਿਆ, ਦੀਵਾਨੇ ਕਿਉਂ ਹੋ ਗਏ ਹਨ'। ਤਦੋਂ ਗੁਰੂ ਜੀ ਬਨ ਨੂੰ ਗਏ। ਹੋਰ ਤਾਂ ਪਿੱਛੇ ਹਟ ਰਹੇ ਪਰ ਸ੍ਰੀ ਲਹਿਹਣਾ ਜੀ ਨਾਲ ਹੀ ਰਹੇ। ਗਹਿਬਰ ਬਨ ਵਿਚ ਜਾ ਕੇ ਗੁਰੂ ਜੀ ਨੇ ਕਿਹਾ 'ਪੁਰਖਾ ! ਕਿਉਂ ਸਾਡੇ ਨਾਲ ਆਯਾ ਹੈਂ'? ਸ੍ਰੀ ਲਹਿਣਾ ਜੀ ਬੋਲੇ 'ਪਾਤਸ਼ਾਹ ਆਪ ਬਿਨਾਂ ਮੈਂ ਕਿਵੇਂ ਰਹਿ ਸਕਦਾ ਹਾਂ, ਆਪ ਨੇ ਸਾਂਗ ਆਰੰਭਿਆ ਹੈ, ਆਪ ਉਹੋ; ਵਾਹਿਗੁਰੂ ਰੂਪ ਹੋ। ਜੇ ਮਾਰੋ ਤਾਂ ਰਜ਼ਾ ਜੇ ਰੱਖੋ ਤਾਂ ਰਜ਼ਾ, ਜਮਾਲ ਵਿਚ ਦਿੱਸੋ ਤਾਂ ਮੇਰੇ ਧੰਨ ਭਾਗ ਜੇ ਜਲਾਲ ਵਿਚ ਆ ਕੇ ਤੇਜ ਧਾਰਨ ਕਰੋ ਤਾਂ ਮਿਹਰ ਕਰੋ ਜੋ ਮੈਂ ਨਾ ਡੋਲਾਂ। ਸੁਣਕੇ ਬੋਲੇ : 'ਮੈਂ ਤਾਂ ਮਨ ਭਾਈਆਂ ਕਰ ਰਿਹਾ ਹਾਂ। ਮਾਨੁਖ ਮੈਨੂੰ ਪਾਸ ਚੰਗਾ ਨਹੀਂ ਲਗਦਾ। ਜੇ ਤੂੰ ਬਚਨ ਪਾਲਣਾ ਹੈ ਤਾਂ ਇਸੀ ਵੇਲੇ ਮੇਰੇ ਪਾਸੋਂ ਟੁਰ ਜਾਹ।' ਸ੍ਰੀ ਲਹਿਣਾ ਜੀ ਨੇ ਸੁਣਕੇ ਚਰਨਾਂ ਤੇ ਸੀਸ ਧਰਿਅ, ਮਾਨੋਂ

ਪਵਿਤ੍ਰ ਅਥਰੂਆਂ ਨਾਲ ਚਰਨਾਂ ਨੂੰ ਧੋ ਦਿਤਾ। ਹਥ ਜੋੜੇ ਤੇ ਬਿਨਾਂ ਪਿੱਠ ਕੀਤੇ ਦੇ ਪਿੱਛੇ ਪਿੱਛੇ ਹਟਦੇ ਦਰਸ਼ਨ ਕਰਦੇ ਸੀਸ ਨਿਵਾਉਂਦੇ 'ਧੰਨ ਪ੍ਰਭੂ ਨਾਨਕ' ਕਹਿੰਦੇ ਛੇਤੀ ਛੇਤੀ ਧਰਮਸਾਲ ਜਾ ਪਹੁੰਚੇ। ਅੱਗੋਂ ਸੰਗਤਾਂ ਨੇ ਪੁਛਿਆ : 'ਸੁਣਾਓ ਜੀ ਕਿਵੇਂ ਹੋਈ'? ਤਦ ਆਪ ਨੇ ਕਿਹਾ 'ਪਜਾਰਿਓ ! ਘਬਰਾਓ ਨਾਂ, ਗੁਰੂ ਜੀ ਵਾਹਿਗੁਰੂ ਰੂਪ ਹਨ, ਡੋਲੋ ਨਾ। ਗੁਰੂ ਗੁਰੂ ਹੈ ਚਾਹੇ ਸੋ ਕਰੇ। ਅਰਦਾਸ ਕਰੋ ਜੋ ਅਸੀਂ ਨਾ ਡੋਲੀਏ, ਸਾਨੂੰ ਸਿਦਕ ਦਾਨ ਮਿਲੇ'। ਇੰਨੇ ਨੂੰ ਗੁਰੂ ਜੀ ਆ ਗਏ ਤੇ ਬੋਲੇ 'ਸਭ ਚਲੇ ਜਾਓ।' ਸਿੱਖਾਂ ਬਚਨ ਕੀਤਾ 'ਤੇਰੇ ਸਿੱਖ ਹਾਂ'। ਤਦ ਗੁਰੂ ਜੀ ਨੇ, ਕੁਤਕਾ ਉਲਾਰਿਆ। ਇਹ ਵੇਖਕੇ ਕਿੰਨੇ ਸਿੱਖ ਭਜ ਪਏ ਤੇ ਗੁਰੂ ਜੀ ਨੇ, ਜੋ ਖੜੋਤੇ ਰਹਿ ਗਏ ਥੋੜੇ ਜਿਹੇ, ਉਨ੍ਹਾਂ ਨੂੰ ਕਿਹਾ 'ਆਓ ਮੇਰੇ ਪਿੱਛੇ'। ਇਟ ਕਹਿਕੇ ਆਪ ਬਨ ਨੂੰ ਟੁਰ ਪਏ। ਜਾਂ ਬੜੀ ਉਜਾੜ ਆਈ ਤਾਂ ਆਪ ਬੋਲੇ 'ਔਹ ਦੇਖੋ ਇਕ ਮੁਰਦਾ ਪਿਆ ਹੈ, ਜੇ ਸਿਖ ਹੋ ਤਾਂ ਖਾਓ, ਨਹੀਂ ਤਾਂ ਜਾਓ'। ਇਸ ਪਰ ਸਭ ਚਲੇ ਗਏ, ਇਕ ਸ੍ਰੀ ਲਹਿਣਾ ਜੀ ਰਹੇ। ਤਦੋਂ ਨੂੰ ਆਪ ਸ੍ਰੀ ਲਹਿਣਾ ਜੀ ਵਲ ਤੱਕੇ, 'ਲਹਿਣਿਆਂ ਤੂੰ ਨਹੀਂ ਗਿਆ ?' ਲਹਿਣਾ ਜੀ ਬੋਲੇ :-'ਅਸਮਾਨ, ਧਰਤੀ, ਜਲ, ਪੌਣ, ਦਹੁਵੀਂ ਲਾਂਭੀ ਮੇਰਾ ਟਿਕਾਣਾ ਆਪ ਹੋ, ਤੇ ਮੈਂ ਕਿੱਥੇ ਜਾਵਾਂ'। ਆਪ ਬੋਲੇ ਜੇ 'ਮੇਰਾ ਹੈਂ ਤਾਂ ਇਹ ਮੁਰਦਾ ਖਾਹਿ'। ਆਪ ਬੋਲੇ 'ਕਿਸ ਪਾਸਿਓਂ ਆਰੰਭ ਕਰਾਂ ?' ਗੁਰੂ ਜੀ ਬੋਲੇ 'ਪੈਰਾਂ ਵੱਲੋਂ'*। ਜਦ ਸ੍ਰੀ ਲਹਿਣਾ ਜੀ ਨੇ ਚਾਦਰ ਉਠਾਈ ਤਾਂ ਹੇਠਾਂ ਮੁਰਦਾ ਨਹੀਂ, ਕੜਾਹ ਪਿਆ ਸੀ। ਅਚਰਜ ਹੋ ਸ੍ਰੀ ਲਹਿਣਾ ਜੀ ਚਰਨਾਂ ਨਾਲ ਲਿਪਟ ਗਏ ਤੇ ਗੁਰੂ ਕੀ ਕੀਰਤਿ ਗਾਂਵੇਂ :-

*ਪਾਰਬ੍ਰਹਮ ਕਰਤਾਰ ਅਪਾਰੀ। ਏਕੰਕਾਰ ਸਰਬ ਜਗ ਕਾਰੀ।*
*ਕਲਿ ਕੇ ਕਰਨ ਉਧਾਰਨ ਕਾਰਨ। ਧਰਜੋ ਦੇਹ ਕੀਰਤ ਬਿਸਥਾਰਨ।*
*ਤੁਮਰੀ ਕੁਦਰਤ ਤੁਮ ਬਨਿ ਆਈ। ਨਹਿ ਔਰਨ ਤੇ ਜਾਨੀ ਜਾਈ।*

ਤਦ ਸਤਿਗੁਰੂ ਜੀ ਨੇ ਕ੍ਰਿਪਾਲ ਨਦਰ ਪਾਈ ਤੇ ਉਚਾਰਿਆ:-

*ਕਹਜੋ ਜੋ ਮੇਰੇ ਅਹੈ ਸਰੂਪਾ। ਸੋ ਤੁਮ ਹ੍ਵੈ ਹੈ ਪਰਮ ਅਨੂਪਾ।*
*ਤੇਰੋ ਰੂਪ ਹੋਹਿਗੋ ਮੋਹੀ। ਐਸੀ ਅਬ ਅਭੇਦਤਾ ਹੋਹੀ।*

ਇਸ ਵੇਲੇ ਗੁਰੂ ਕੇ ਵਾਕ ਹੋਣੇ ਪਰ ਸ੍ਰੀ ਲਹਿਣਾ ਜੀ ਨੂੰ ਅਪਣੀ ਇਲਾਹੀ ਅਸਲੀਅਤ ਪੂਰੀ ਪਰਕਾਸ਼ ਹੋ ਗਈ, ਉਹ ਜੋ ਧੁਰੋਂ ਕਾਰਕ ਹੋ ਕੇ ਆਏ ਸੇ, ਜੋ ਗੁਰੂ ਅਵਤਾਰ ਸੇ ਪਰ ਹੁਣ ਤਕ ਸ੍ਰੀ ਲਹਿਣਾ ਜੀ ਦੇ ਸਰੂਪ ਵਿਚ ਪੂਰਨ ਸਿੱਖ ਹੋ ਕੇ ਨਿਭੇ ਸੇ, ਹੁਣ ਉਨ੍ਹਾਂ ਨੂੰ ਅਪਣੀ ਅਸਲੀਅਤ ਤੇ ਵਾਹਿਗੁਰੂ ਰੂਪਤਾ ਦਾ ਪਤਾ ਲੱਗ ਗਿਆ। ਸ੍ਰੀ ਗੁਰੂ ਜੀ ਦੀ ਮਿਹਰ ਨਾਲ ਉਹ ਜੋ ਸ਼ਕਤੀਆਂ ਕਹੀਦੀਆਂ, ਹਨ ਜੋ ਅਵਤਾਰ ਦੇ ਹੁਕਮ ਵਿਚ ਹੁੰਦੀਆਂ ਹਨ, ਸੋ ਭੀ ਉਨ੍ਹਾਂ ਦੇ ਹੁਕਮ ਵਿਚ ਹੋ ਗਈਆਂ। ਫਿਰ ਜਿਵੇਂ ਜਗਤ ਦਾ ਉਧਾਰ ਗੁਰੂ ਨਾਨਕ ਨੇ ਆਪ ਕੀਤਾ ਸੀ, ਸੋ ਸ੍ਰੀ ਲਹਿਣਾ ਜੀ ਦੇ ਸਪੁਰਦ ਹੋ ਗਿਆ। ਸੋ ਸਾਧ ਸੰਗਤ ਜੀ ! ਦੇਖੋ ਕਿ ਗੁਰੂ ਨਾਨਕ ਚੋਜੀ ਪਿਆਰੇ ਜੀ ਆਪਣੇ ਦੂਸਰੇ ਅਵਤਾਰ ਦੀ ਆਪ ਤਿਆਰੀ ਕਰ ਰਹੇ ਸੇ, ਕਿਵ ਤਪ ਹਠ ਕਰਕੇ ਸੰਗਤਾਂ ਨੂੰ ਉੱਚਾ ਕੀਤਾ। ਕਿਵ ਪਰਤਾਵੇ ਕਰਕੇ ਸਿਖ ਨਿਤਾਰੇ। ਕਿਵ ਕਸਵੱਟੀ ਤੇ ਲਾ ਕੇ ਦਿਖਾ ਦਿਤਾ ਕਿ ਲਹਿਣਾ ਪੂਰਾ ਸਿਖ ਹੈ, ਪਰ ਇਹੋ ਪੂਰਾ ਮੇਰਾ ਰੂਪ ਮੇਰਾ ਆਪਾ-ਗੁਰੂ ਰੂਪ-ਹੈ।

---

* ਪੁ: ਜ: ਸਾ: ਵਿਚ ਲਿਖਿਆ ਹੈ ਕਿ ਗੁਰੂ ਜੀ ਜੰਗਲ ਨੂੰ ਗਏ, ਸੰਗਤ ਨਾਲ ਗਈ ਰਸਤੇ ਵਿਚ ਪੈਸਿਆਂ ਦੀ ਧਰਤੀ ਭਰੀ ਪਈ ਸੀ, ਲੋਕ ਓਥੇ ਚੁਣਨ ਬਹਿ ਗਏ, ਅਗੇ ਫੇਰ ਰੁਪੱਯੇ, ਉਸ ਤੋਂ ਅਗੇ ਮੁਹਰਾਂ ਖਿਲਰੀਆਂ ਪਈਆਂ ਸਨ, ਕੋਈ ਰਪਯਾਂ ਤੇ ਕੋਈ ਮੁਹਰਾਂ ਤੇ ਭਰਮੇ। ਕੇਵਲ ਦੋ ਸਿਖ ਨਾਲ ਰਹੇ। ਅੱਗੇ ਤਾਂ ਮੁਰਦਾ ਸੀ, ਗੁਰੂ ਜੀ ਨੇ ਕਿਹਾ ਕੋਈ ਹੈ ਜੋ ਇਸ ਨੂੰ ਭੱਖੇ, ਤਾਂ ਇਕ ਸਿਖ ਨੇ ਥੁੱਕ ਸੁਟੀ ਤੇ ਚਲਾ ਗਿਆ। ਦੂਜਾ ਸਿਖ ਸ੍ਰੀ ਲਹਿਣਾ ਜੀ ਸੇ, ਉਨ੍ਹਾਂ ਨੇ ਕਿਹਾ ਮਟਾਰਾਮ ਕਿਸ ਪਾਸਿਓਂ ਛਕਾਂ, ਤਾਂ ਕਿਹਾ ਪੈਰਾਂ ਵਲੋਂ।

੬.

**ਸਿੱਖੀ** ਦੀ ਪਰਖ ਹੋ ਗਈ, ਸਭ ਨੂੰ ਪਤਾ ਲੱਗ ਗਿਆ ਕਿ ਸਿੱਖੀ ਦਾ ਕਮਾਲ ਸ੍ਰੀ ਲਹਿਣਾ ਜੀ ਵਿਚ ਹੈ। ਸਾਰੀ ਗ੍ਰਿਸ਼ਟੀ ਜੋ ਤਾਉ ਵਿਚ ਕੱਸੀ ਨਿਕਲਦੀ ਰਹੀ ਸੀ, ਬਖਸ਼ੀ ਗਈ, ਸ੍ਰੀ ਲਹਿਣਾ ਜੀ ਦੀ ਤੁਫੈਲ ਬਖਸ਼ੀ ਗਈ। ਕਿਸੇ ਤੇ ਸਤਿਗੁਰੂ ਖਫ਼ੇ ਨਹੀਂ ਹੋਏ। ਆਪ ਨੇ ਦੱਸਿਆ ਕਿ ਜੋ ਪਰਖਣਾ ਸੀ ਕਿਸੇ ਹੋਰ ਭਾਵ ਲਈ ਸੀ, ਸੰਗਤ ਵਿਚ ਭਾਈ ਬੁੱਢੇ ਵਰਗੇ ਪੂਰਨ ਪੁਰਖ ਬੀ ਸੇ ਜੋ ਹੁਣ ਸਾਰੇ ਸਮਝਦੇ ਸੇ ਕਿ ਸ੍ਰੀ ਲਹਿਣਾ ਜੀ ਧੁਰੋਂ ਬਖਸ਼ੇ ਹੋਏ ਆਏ ਹਨ ਤੇ ਗੁਰੂ ਜੀ ਨੇ ਥਾਪਣੇ ਹਨ। ਇਹ ਕੌਤਕ ਇਸ ਲਈ ਵਰਤਾਇਆ ਸੀ ਕਿ ਸਾਨੂੰ ਸਭ ਨੂੰ ਸਮਝ ਆ ਜਾਵੇ ਕਿ ਗੁਰੂ ਨਾਨਕ ਦੀ ਚੋਣ ਠੀਕ ਹੈ, ਤੇ ਉਹ ਚੋਣ ਅਗੰਮੀ ਹੁਕਮ ਹੈ, ਸਾਡੇ ਸਿਦਕ ਅੱਗੋਂ ਨੂੰ ਬਣੇ ਰਹਿਣ ਤੇ ਅਸੀਂ ਭਟਕੀਏ ਨਾਂ। ਸੋ ਸਿੱਖਾਂ ਵਿਚ ਕੋਈ ਖੁਣਸ ਕੋਈ ਸ਼ਰੀਕਾ ਬਾਕੀ ਨਾ ਰਿਹਾ, ਸਾਰੇ ਸਤਿਕਾਰ ਨਾਲ ਤੱਕਦੇ ਹਨ ਤੇ ਸ੍ਰੀ ਲਹਿਣਾ ਜੀ ਨੂੰ ਵੇਖਕੇ 'ਧੰਨ ਜਨਮ', 'ਧੰਨ ਕਮਾਈ' ਆਖਦੇ ਹਨ। ਪਰ ਇਸ ਨਿਤਾਰੇ ਦਾ ਅਸਰ ਪਰਵਾਰ ਤੇ ਭਲਾ ਨਾ ਪਿਆ, ਮਾਤਾ ਜੀ ਤੇ ਪੁੱਤ੍ਰਾਂ ਨੂੰ ਬੁਰਾ ਲੱਗਾ ਕਿ ਇਹ ਜੋ ਸੇਵਕ ਬਣਕੇ ਆਯਾ ਸੀ ਇਹੋ ਹੀ ਸਾਬਤ ਹੋਇਆ ਹੈ, ਇਹ ਗੱਦੀ ਨਾ ਲੈ ਜਾਏ। ਓਹ ਗੱਦੀ ਦੁਨੀਆਂ ਦੀ ਕੋਈ ਸਰਦਾਰੀ ਸਮਝਦੇ ਸੇ। ਪਰ ਗੱਦੀ ਤਾਂ ਦਾਤ ਇਲਾਹੀ ਸੀ ਤੇ ਉਸੇ ਨੂੰ ਮਿਲਣੀ ਸੀ ਜੋ ਇਸ ਨੂੰ ਸੰਭਾਲ ਸਕਦਾ ਸੀ, ਯਥਾ:-

*ਨਹਿ ਕਿਸਹੂੰ ਕੇ ਕਰ ਬਿਖੈ ਸਭ ਕਰਤਾਰ ਅਧੀਨ।*
*ਜਿਸ ਪਰ ਕਰੁਨਾ ਦ੍ਰਿਸ਼ਟਿ ਹ੍ਵੈ ਤਿਨਹਿ ਬਸਤੁ ਇਹ ਲੀਨ।*

ਇਹ ਉੱਤਰ ਉਸ ਵੇਲੇ ਗੁਰੂ ਜੀ ਨੇ ਦਿੱਤਾ ਸੀ ਜਦੋਂ ਮਾਤਾ ਜੀ ਨੇ ਆ ਕੇ ਆਖਿਆ ਕਿ ਗੱਦੀ ਪੁਤਰਾਂ ਨੂੰ ਦਿਓ। ਸੋ ਹੁਣ ਜਦ ਮਾਤਾ ਜੀ ਗੁਰੂ ਜੀ ਦੇ ਭਾਵ ਨੂੰ ਨਾ ਸਮਝੇ ਤਾਂ ਉਨ੍ਹਾਂ ਪੁੱਤ੍ਰਾਂ ਦੀ ਪਰਖ ਆਰੰਭੀ। ਪਹਿਲੀ ਹੀ ਪਰਖ ਵਿਚ ਪੁੱਤ੍ਰਾ ਨੇ ਆਖਾ ਮੰਨਣ ਦੀ ਥਾਂ ਤੇ ਤਰਕ ਕੀਤੀ ਤੇ ਸ੍ਰੀ ਲਹਿਣਾ ਜੀ ਤਤਕਾਲ ਆਗਜਾ ਪਾਲਨ ਕਰ ਆਏ। ਉਸ ਵੇਲੇ ਗੁਰੂ ਜੀ ਨੇ ਆਖਿਆ:-

*ਮੂਲੇ ਸੁਤਾ ! ਪਿਖਹੁ ਮਨ ਗੁਨੀਏ॥ ਏ ਨਿਜ ਸੁਤ, ਸੋ ਪਰ ਸੁਤ ਜਨੀਏ॥*

ਹੇ ਸੁਲੱਖਣੀ! ਦੇਖ ਇਹ ਅਪਣੇ ਪੁਤ੍ਰ ਹਨ ਜੋ ਕਦੇ ਬਚਨ ਨਹੀਂ ਮੰਨਦੇ, ਓਹ ਪਰਾਇਆ ਪੁੱਤਰ ਹੈ ਜੋ ਸਦਾ ਆਗਜਾ ਵਿਚ ਟੁਰਦਾ ਹੈ। ਫੇਰ ਇਕ ਵੇਰ ਰਾਤ ਸਮੇਂ ਗੁਰੂ ਜੀ ਨੇ ਸ੍ਰੀ ਚੰਦ ਜੀ ਨੂੰ ਕਿਹਾ, ਕਿ ਚਾਦਰ ਧੋ ਲਿਆਓ; ਉਸਨੇ ਕਿਹਾ ਕਿ ਰਾਤ ਦਾ ਵੇਲਾ ਹੈ, ਦਿਨ ਹੋਵੇਗਾ ਦਾਸ ਤੋਂ ਧੁਆ ਦਿਆਂਗਾ। ਇਹੋ ਉੱਤਰ ਅਗੋਂ ਲਖਮੀ ਦਾਸ ਜੀ ਨੇ ਕਿਹਾ। ਫੇਰ ਸ੍ਰੀ ਲਹਿਣਾ ਜੀ ਨੂੰ ਕਿਹਾ ਤਾਂ ਓਹ ਉਸੇ ਵੇਲੇ ਗਏ ਤੇ ਆਗਿਆ ਦਾ ਪਾਲਣ ਕਰ ਆਏ। ਇਹ ਕੌਤਕ ਦਿਖਾਕੇ ਫੇਰ ਇਕ ਦਿਨ ਸ੍ਰੀ ਸੁਲਖਣੀ ਜੀ ਨੂੰ ਇਕ ਕੌਤਕ ਹੋਰ ਗੁਰੂ ਜੀ ਨੇ ਦਿਖਾਇਆ। ਇਕ ਭਾਂਡਾ ਇਕ ਚਿਕੜੈਲੇ ਥਾਂ ਵਿਚ ਸਿੱਟ ਦਿੱਤਾ। ਪੁਤਰਾਂ ਨੂੰ ਕਿਹਾ: ਕੱਢ ਲਿਆਓ, ਪਰ ਦੋਹਾਂ ਨੇ ਮੈਲੇ ਥਾਂ ਹਥ ਪਾਉਣੋਂ ਨਾਂਹ ਕੀਤੀ। ਫਿਰ ਸ੍ਰੀ ਲਹਿਹਣਾ ਜੀ ਵਲ, ਜੋ ਬੜੇ ਸੁੱਛ ਬਸਤਰਾਂ ਵਿਚ ਬੈਠੇ ਸਨ, ਗੁਰੂ ਜੀ ਨੇ ਤੱਕਿਆ ਤਦ ਓਹ ਉਸ ਵੇਲੇ ਗਏ, ਭਾਂਡਾ ਕੱਢਿਆ ਆਪਣੇ ਕਪੜੇ ਮੈਲੇ ਹੋ ਗਏ ਪਰ ਪਰਵਾਹ ਨਹੀਂ ਕੀਤੀ, ਧੋ ਬਣਾ ਕੇ ਲਿਆ ਕੇ ਅੱਗੇ ਧਰਿਆ। ਇਸ ਤਰ੍ਹਾਂ ਪੁੱਤ੍ਰਾਂ ਦੀ ਬੀ ਖੋਜ ਭਾਲ ਹੋ ਗਈ। ਓਹ ਆਪਣੇ ਮਾਨ ਵਿਚ ਸਨ, ਹਉਂ ਵਿਚ, ਸਨ, ਓਹ ਗੁਰਿਆਈ ਨੂੰ ਮਾਨਤਾ ਤੇ ਮਹਾਨਤਾ ਸਮਝਦੇ ਸਨ। ਪਰ ਇਹ ਤਾਂ ਦੀਨ ਦੁਨੀ ਦਾ ਭਾਰ ਸੀ; ਜ਼ਿੰਮੇਵਾਰੀ ਸੀ, ਫਰਜ ਸੀ ਜੋ ਗੁਰੂ ਨਾਨਕ ਹੀ ਉਠਾ ਸਕਦਾ ਸੀ, ਜਿਸ ਲਈ ਦੂਸਰਾ ਅਵਤਾਰ ਗੁਰੂ ਨਾਨਕ ਹੁਣ ਆਪ ਹੀ ਧਾਰ ਰਿਹਾ ਸੀ।

ਜਾਂ ਕਥਾ ਇਥੇ ਕੁ ਅੱਪੜੀ ਤਾਂ ਦੀਵਾਨ ਵਿਚ ਇਕ ਭਗਵੇ ਬਸਤ੍ਰਾਂ ਵਾਲਾ ਸਾਧੂ 'ਨਿਹਚਲ ਦਾਸ' ਨਾਮੇ ਬੈਠਾ ਕਥਾ ਸੁਣ ਰਿਹਾ ਸੀ। ਉਹ ਸੰਤਾਂ ਦੀ ਵਿਦਿਆ, ਤਪੋਸ਼ਕਤੀ ਤੇ ਜੀਵਨ ਅੱਗੇ ਸਿਰ

ਝੁਕਾਉਂਦਾ ਸੀ, ਪਰ ਹੁਣ ਉੱਠ ਖੜੋਤਾ ਤੇ ਕਹਿਣ ਲਗਾ 'ਜੀਓ ਆਪ ਨੇ ਜੋ ਕਥਨ ਕੀਤਾ ਹੈ ਉਸ ਵਿਚ ਉਜ਼ਰ ਨਹੀਂ, ਇਤਿਹਾਸ ਹੈ, ਪਰ ਕੀਹ ਇਤਿਹਾਸ ਤੋਂ ਵੱਡਾ ਪ੍ਰਮਾਣ ਬੀ ਪੁੱਤ੍ਰਾਂ ਦੇ ਆਗਯਾਕਾਰੀ ਨਾ ਹੋਣ ਦਾ ਸ੍ਰੀ ਜੀ ਕੋਈ ਦਸ ਸਕਦੇ ਹਨ, ਜੋ ਮੇਰੀ ਪੂਰੀ ਨਿਸ਼ਾ ਹੋ ਜਾਵੇ; ਖਿਮਾ ਕਰਨੀ।

ਸੰਤ ਜੀ-ਸਾਧਾਰਾਮ ਜੀ ! ਆਪ ਦਾ ਪ੍ਰਸ਼ਨ ਸੁਖਦਾਈ ਹੈ। ਖਿਮਾ ਦੀ ਕੋਈ ਗਲ ਨਹੀਂ। ਅਸੀਂ ਪੱਖ ਵਾਦ ਦੀ ਵਾਰਤਾ ਕਰ ਹੀ ਨਹੀਂ ਰਹੇ। ਜੋ ਵਰਤਿਆ ਸੋ ਸੱਚੋ ਸੱਚ ਕਹਿ ਦੇਣਾ ਸੱਚ ਨੂੰ ਪ੍ਰਤਿਪਾਦਨ ਕਰਨਾ ਹੈ। ਦੂਸਰੇ ਰਹੀ ਬੇਅਦਬੀ, ਅਸੀਂ ਗੁਰੂ ਕੇ ਸਿੱਖ ਹਾਂ, ਪਰ ਅਸੀਂ ਗੁਰੂ ਕੇ ਪੁੱਤ੍ਰਾਂ ਨਾਲ ਕੋਈ ਬੇਅਦਬੀ ਦਾ ਭਾਵ ਨਹੀਂ ਧਾਰਨ ਕਰਦੇ। ਇਹ ਤਾਂ ਨਿਹਸੰਕ ਕਹਾਂਗੇ ਕਿ ਟਿੱਕੇ ਗੁਰੂ ਅੰਗਦ ਜੀ ਗਏ, ਓਹ ਉੱਚੇ ਸਨ ਪੁੱਤ੍ਰਾਂ ਕੋਲੋਂ, ਪਰਖ ਵਿਚ ਬੀ ਗੁਰੂ ਜੀ ਨੇ ਸ੍ਰੀ ਲਹਿਣਾ ਜੀ ਨੂੰ ਨਿਤਾਰਕੇ ਉੱਚਾ ਕਰ ਦੱਸਿਆ ਹੈ, ਸੋ ਬਾਤ ਸੱਚ ਹੈ, ਤੇ ਸੱਚ ਤੋਂ ਸਿਰ ਫੇਰਨਾ ਠੀਕ ਨਹੀਂ। ਬਾਕੀ ਰਹੀ ਗ਼ਲ ਸਾਡੀ ਤੇ ਬਾਬਾ ਸ੍ਰੀ ਚੰਦ ਜੀ ਦੀ। ਓਹ ਵੱਡੇ ਹਨ, ਗੁਰੂ ਪੁੱਤ੍ਰ ਹਨ, ਸਾਡੇ ਸਨਮਾਨ ਦੇ ਥਾਂ ਹਨ, ਸਾਡੇ ਸਭਨਾਂ ਦੇ ਆਦਰ ਜੋਗ ਹਨ। ਤੇ ਜੋ ਕਥਾ ਦਾਸ ਨੇ ਕੀਤੀ ਹੈ ਉਸਦੇ ਹੋਰ ਉਚੇਰੇ ਸਬੂਤ ਆਪ ਚਾਹੁੰਦੇ ਹੋ ਸੋ ਭਾਈ ਗੁਰਦਾਸ ਜੀ ਦੀ ਬਾਣੀ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਹੈਨ। ਆਪ ਸੁਣੋ ਤਾਂ ਮੈਂ ਆਪ ਜੋਗ ਕੁਛ ਸੁਣਾਉਂਦਾ ਹਾਂ। ਇਹ ਕਹਿਕੇ ਆਪਨੇ ਟਿੱਕੇ ਦੀ ਵਾਰ ਕੱਢੀ ਤੇ ਪਾਠ ਸੁਣਾਇਆ ਤੇ ਫੇਰ ਆਖਿਆ ਕਿ ਲਓ ਇਨ੍ਹਾਂ ਤੁਕਾਂ ਨੂੰ ਖਾਸ ਧਿਆਨ ਨਾਲ ਵਿਚਾਰ ਲਓ। ਵੇਖ ਲਓ ਕਿ ਏਥੇ ਪੁੱਤ੍ਰਾਂ ਦਾ ਪਰਤਾਵਾ ਤੇ ਉਨ੍ਹਾਂ ਦਾ ਕਾਮਯਾਬ ਨਾ ਨਿਕਲਣਾ ਅੰਕਿਤ ਹੈ:-

*ਪੁਤ੍ਰੀ ਕਉਲੁ ਨ ਪਾਲਿਓ ਕਰਿ ਪੀਰਹੁ ਕੰਨ ਮੁਰਟੀਐ॥*
*ਦਿਲਿ ਖੋਟੈ ਆਕੀ ਫਿਰਨਿ ਬੰਨਿ ਭਾਰੁ ਉਚਾਇਨਿ ਛਟੀਐ॥* (ਭਾ: ਗੁ)

ਇਕ ਹੋਰ ਤੁਕ ਸੁਣਾਉਂਦਾ ਹਾਂ ਇਸ ਵਿਚ ਸਿਖਾਂ ਤੇ ਪੁਤ੍ਰਾਂ ਨੂੰ, ਦੋਹਾਂ ਨੂੰ, ਪਰਤਾਕੇ ਸ੍ਰੀ ਲਹਿਣਾ ਜੀ ਨੂੰ ਟਿੱਕਣ ਦਾ ਜ਼ਿਕਰ ਹੈ:-

*ਸਿਖਾਂ ਪੁਤ੍ਰਾਂ ਘੋਖਿ ਕੈ ਸਭ ਉਮਤਿ ਵੇਖਹੁ ਜਿ ਕਿਓਨੁ॥*
*ਜਾਂ ਸੁਧੋਸ ਤਾਂ ਲਹਣਾ ਟਿਕਿਓਨੁ॥* (ਰਾਮ: ਵਾਰ-੪)

ਇਹ ਉਗਾਹੀ ਸਾਧ ਸੰਗਤ ਜੀ ਉਨ੍ਹਾਂ ਦੀ ਹੈ ਜੋ ਉਸ ਵੇਲੇ ਹੋਏ ਹਨ ਤੇ ਉਨ੍ਹਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਪੰਜਵੇਂ ਸਤਿਗੁਰਾਂ ਨੇ ਆਪ ਚਾੜ੍ਹੀ ਹੈ, ਇਸੀ ਤਰ੍ਹਾਂ ਭਾਈ ਗੁਰਦਾਸ ਜੀ ਦਾ ਵਾਕ ਹੈ:-

*ਉਲਟੀ ਗੰਗ ਵਹਾਈਓਨਿ ਗੁਰ ਅੰਗਦੁ ਸਿਰਿ ਉਪਰਿ ਧਾਰਾ॥*
*ਪੁੱਤ੍ਰੀਂ ਕਉਲੁ ਨ ਪਾਲਿਆ ਮਨ ਖੋਟੇ ਆਕੀ ਨਸਿਆਰਾ॥* (ਵਾਰ ੧-੩੮)
*ਪੁਨਾ :-ਥਾਪਿਆ ਲਹਿਣਾ ਜੀਂਵਦੇ ਗੁਰਿਆਈ ਸਿਰ ਛਤ੍ਰ ਫਿਰਾਇਆ॥*
*ਜੋਤੀ ਜੋਤਿ ਮਿਲਾਇਕੈ ਸਤਿਗੁਰ ਨਾਨਕ ਰੂਪ ਵਟਾਯਾ॥* (ਵਾਰ ੧-੪੫)

ਸੋ ਸਾਧੂ ਜੀ ਆਪ ਦੇ ਪ੍ਰਸ਼ਨ ਦਾ ਉਤ੍ਰ ਦੇ ਕੇ ਆਗਿਆ ਹੋਵੇ ਤਾਂ ਹੁਣ ਅਗੇ ਟੁਰੀਏ: ਆਪ ਨੇ ਏਹ ਤਾਂ ਸਮਝ ਲਿਆ ਹੈ ਕਿ ਇਹ ਇਕ ਇਤਿਹਾਸਿਕ ਸਚਾਈ ਹੈ ਜੋ ਪ੍ਰਸੰਗ ਸਿਰ ਆਈ ਹੈ, ਵੈਸੇ ਮੇਰੇ ਚਿਤ ਵਿਚ ਬਾਬਾ ਸ੍ਰੀ ਚੰਦ ਜੀ ਤੇ ਬਾਬਾ ਲਖਮੀ ਚੰਦ ਜੀ ਨਾਲ ਕੋਈ ਮਾੜਾ ਭਾਵ ਨਹੀਂ, ਬਹੁਤ ਸਤਿਕਾਰ ਹੈ।

ਸਾਧੂ-ਬਹੁਤ ਠੀਕ ਹੈ ਜੀ, ਆਪ ਜੀ ਦੀ ਨਿਰਵੈਰਤਾ ਤੇ ਸਚਾਈ ਦੋਹਾਂ ਦੇ ਬਲਿਹਾਰ ਹਾਂ।

ਸੰਤ ਬਿਮਲਾ ਸਿੰਘ ਜੀ-ਜਦੋਂ ਇਹ ਵਾਰਤਾਂ ਹੋ ਬੀਤੀਆਂ ਤਾਂ ਲਿਖਿਆ ਹੈ ਕਿ ਭਾਈ ਬੁੱਢਾ ਜੀ, ਜੋ ਪਰਮ ਸਿਦਕਵਾਨ ਸਿਖ ਸੇ, ਤੇ ਜੋ ਪਿਛਲੀਆਂ ਪਰਖਾਂ ਵਿਚ ਨਿਸ਼ਾ ਪਾ ਚੁਕੇ ਸੇ ਕਿ ਸ੍ਰੀ ਲਹਿਣਾ ਜੀ ਸਾਡੇ ਵਿਚ ਵਰਤਦੇ ਤਾਂ ਸਿਖਾਂ ਵਾਂਙੂ ਹਨ ਪਰ ਓਹ ਧੁਰੋਂ ਬਖਸ਼ਿਸ਼ਾਂ ਵਾਲੇ ਹੋ ਆਏ

ਹਨ, ਹੁਣ ਕੁਛ ਡੋਲੇ ਕਿ ਮੇਰਾ ਸਿਦਕ ਤੇ ਪ੍ਰੇਮ ਬੀ ਤਾਂ ਘੱਟ ਨਹੀਂ, ਕਿਉਂ ਮੇਰੇ ਪਰ ਓਤਨੀ ਕ੍ਰਿਪਾ ਨਹੀਂ। ਜਾਪਦਾ ਹੈ ਕਿ ਅੰਤਮ ਸਿੱਖ-ਪ੍ਰੀਖਜਾ ਵੇਲੇ ਜੋ ਦੂਸਰੇ ਸਿੱਖ ਸੇ ਸੋ ਆਪ ਸੇ। ਪਰ ਪ੍ਰੀਖਜਾ ਵਿਚ ਤਾਂ ਆਪ ਦਾ ਨਾਮ ਸਾਫ ਆਉਂਦਾ ਹੈ। ਇਕ ਵੇਰੀ ਰਾਤ ਵੇਲੇ ਸਤਿਗੁਰਾਂ ਨੇ ਭਾਈ ਬੁੱਢੇ ਨੂੰ ਆਖਿਆ, ਬੁਢਿਆ ! ਬਾਹਰ ਜਾ ਕੇ ਵੇਖ ਕਿ ਰਾਤ ਕਿੰਨੀ ਕੁ ਹੈ ? ਤਾਂ ਉਸਨੇ ਆ ਕੇ ਦੱਸਿਆ ਅੱਧੀ ਰਾਤ ਹੈ। ਫੇਰ ਗੁਰੂ ਜੀ ਨੇ ਭਾਈ ਭਗੀਰਥ ਜੀ ਨੂੰ ਤੇ ਮਗਰੋਂ ਭਾਈ ਸਧਾਰਨੇ ਨੂੰ ਕਿਹਾ ਕਿ ਦੇਖੋ ਕਿੰਨੀ ਕੁ ਰਾਤ ਬੀਤੀ ਹੈ ? ਦੋਹਾਂ ਨੇ ਕਿਹਾ ਕਿ ਜੀ ਅੱਧੀ ਰਾਤ ਹੈ। ਤਦ ਗੁਰੂ ਜੀ ਨੇ ਕਿਹਾ ਤੁਸੀਂ ਜਜੋਤਸ਼ ਨਹੀਂ ਪੜ੍ਹੇ ਰਾਤ ਕਿਵੇਂ ਗਿਣੀ ਨੇ ? ਤ੍ਰੈਹਾਂ ਨੇ ਕਿਹਾ ਕਿ ਅਸੀਂ ਖੇਤੀਆਂ ਕਰਦੇ ਰਾਖੀਆਂ ਭਰਦੇ ਰਾਤ ਜਾਗਦੇ ਹਾਂ, ਇਸ ਤਰ੍ਹਾਂ ਅਭਿਆਸ ਹੋ ਗਿਆ ਹੈ। ਤਦੋਂ ਗੁਰੂ ਜੀ ਨੇ ਸ੍ਰੀ ਲਹਿਣਾ ਜੀ ਨੂੰ ਇਹੋ ਗਲ ਆਖੀ। ਉਨ੍ਹਾਂ ਨੇ ਜੋ ਉੱਤਰ ਦਿੱਤਾ ਸੋ ਮੈਂ ਆਪ ਨੂੰ ਮਹਿਮਾਂ ਪ੍ਰਕਾਸ਼ ਵਿਚੋਂ ਉਹੋ ਤੁਕਾਂ ਹੀ ਸੁਣਾਉਂਦਾ ਹਾਂ ਜੋ ਬੜੀਆਂ ਸੁਆਦਲੀਆਂ ਹਨ:-

***ਕਰ ਜੋੜ ਲਹਿਣਾ ਜੀ ਬਿਨਤੀ ਕੀਨਾ। ਤੁਮ ਸਭ ਕਿਛੁ ਜਾਨੋ ਦਿਆਲ ਪ੍ਰਬੀਨਾ।***
***ਰਾਤ ਦਿਵਸ ਤੁਮਰੋ ਹੈ ਕੀਆ। ਤੁਮ ਬਿਨ ਅਵਰ ਨ ਜਾਨਤ ਬੀਆ।***
***ਲਗੀ ਲਗਨ ਮਨ ਚਰਨ ਸਰੋਜਨ। ਨਿਸ ਦਿਨ ਮੈਂ ਕਿਛੁ ਨਹੀਂ ਪਰੋਜਨ।***
***ਚਾਤ੍ਰਿਕਬੂੰਦ ਕਿਰਖੀ ਕਉ ਮੇਂਹੁ। ਹਮਰੋ ਪ੍ਰਭ ਚਰਨ ਕਮਲ ਸਿਉ ਨੇਂਹੁ।***
***ਸਰਧਾ ਰਾਖਨਪਰਮ ਸੁਜਾਨ। ਰਾਤ ਦਿਵਸ ਹਮ ਜਾਨਤ ਨਾਹੀਂ।...***

ਇਸ ਪਰ ਸਾਧੂ ਜੀ ਫੇਰ ਉਠ ਖੜੇ ਹੋਏ ਤੇ ਕਹਿਣ ਲੱਗੇ, "ਸੰਤ ਜੀ! ਆਪਦੀ ਕਥਨੀ ਦੀ ਲੜੀ ਨਦੀ ਵਾਂਙ ਚਲ ਰਹੀ ਹੈ, ਇਸ ਵਿਚ ਅਪਣੇ ਵੇਗ ਵਿਚ ਟੁਰਨੋ ਵਿਘਨਕਾਰੀ ਹੋ ਰਿਹਾ ਹਾਂ, ਕਿਰਪਾ ਕਰਕੇ ਸਾਨੂੰ ਸਮਝਾਓ। ਇਹ ਪਰਖ ਤਾਂ ਬੜੀ ਸੁਹਣੀ ਆਈ ਹੈ, ਪਰ ਸਮਝ ਨਹੀਂ ਪਿਆ ਕਿ ਤਾਤ-ਪਰਜ ਕੀ ਹੈ? ਜ਼ਰਾ ਵਿਆਖਿਆ ਕਰਨ ਦੀ ਕ੍ਰਿਪਾ ਕਰੋ।" ਤਦ ਸੰਤ ਜ਼ੀ ਬੋਲੇ:-ਵਾਹ ਵਾਹ, ਜਿਵੇਂ ਸੰਗਤ ਦੀ ਰਜ਼ਾ। ਪਿਆਰਿਓ, ਵਾਕਿਆਤ ਵਰਤਣ ਵੇਲੇ ਦਾਸ ਜਾਂ ਆਪ ਇਸ ਜਾਮੇ ਵਿਚ ਨਹੀਂ ਸੇ। ਭਲੇ ਪੁਰਖਾਂ ਦੇ ਲਿਖੇ ਹਾਲਾਂ ਤੋਂ ਜੋ ਦਾਸ ਦੀ ਸਮਝ ਆਉਂਦਾ ਹੈ ਬੇਨਤੀ ਕਰਦਾ ਹਾਂ:-

ਤ੍ਰੈਹਾਂ ਸਿਖਾਂ ਦੇ ਬਚਨਾਂ ਵਿਚ ਕਾਲ ਦੇ ਗਿਆਨ ਦੀ ਸੰਭਾਵਨਾ ਹੈ, ਉਨ੍ਹਾਂ ਨੂੰ ਰਾਤ ਵੇਲੇ ਪਤਾ ਹੈ ਕਿ ਕਿੰਨੀ ਰਾਤ ਬੀਤੀ ਹੈ, ਤੇ ਅਪਣੇ ਗਜਾਨ ਉੱਤੇ ਮਾਣ ਬੀ ਹੈ ਕਿ ਸਾਨੂੰ ਅੱਭਜਾਸ ਹੈ, ਇਸ ਵਿਚ ਦੋਸ਼ ਕੋਈ ਨਹੀਂ, ਪਰ ਸ੍ਰੀ ਲਹਿਣਾ ਜੀ ਦੇ ਉੱਤਰ ਤੋਂ ਸਮਝ ਪੈਂਦੀ ਹੈ ਕਿ ਉਹਨਾਂ ਨੂੰ ਜੋ ਇਕ ਲਗਾਤਾਰੀ ਰਸ ਪਿਆਰੇ ਦੇ ਪ੍ਰੇਮ ਦਾ ਅਰ ਲਿਵ ਦੀ ਤਾਰ ਦਾ ਨਿਰੰਤਰ ਖੱੜੇ ਰਹਿਣ ਦਾ ਪ੍ਰਾਪਤ ਹੋ ਗਿਆ ਸੀ, ਉਸ ਵਿਚ ਕਾਲ ਦੇ ਬੀਤਣ ਵਲ ਧਿਆਨ ਦੇ ਜਿਸ ਹਿੱਸੇ ਨੇ ਜਾਣਾ ਹੈ, ਉਹ ਨਹੀਂ ਸੀ ਜਾਂਦਾ। ***'ਸੁਣਿਐ ਲਾਗੈ ਸਹਜ ਧਿਆਨ'।*** ਆਪ ਦਾ ਧਿਆਨ ਸਹਜ ਧਿਆਨ ਹੋ ਕੇ ਐਸਾ ਲਗਾ ਹੈ ਕਿ ਉਸ ਵਿਚ ਵਿਰਲ ਵਿੱਥ ਨਹੀਂ ਰਹੀ ਸੀ। ਜ਼ਰਾ ਧਿਆਨ ਦੇ ਕੇ ਸਮਝਣਾ, ਸਾਧ ਸੰਗਤ ਜੀ ਹਰ ਛਿਨ ਦੇ ਬਾਅਦ ਛਿਨ ਆਉਂਦੀ ਹੈ, ਚਾਹੋ ਨਾਲੋ ਨਾਲ ਆਉਂਦੀ ਹੈ, ਪਰ ਵਿਚ ਵਿਚ ਵਿੱਥ ਹੁੰਦੀ ਹੈ, ਚਾਹੋ ਕਿੰਨੀ ਘੱਟ ਹੋਵੇ। ਨਾਮ ਜਪੀਦਾ ਹੈ ਤਾਂ ਇਕ ਵੇਰ ਕਹਿਣ ਦੇ ਬਾਦ ਦੂਜੀ ਵੇਰ ਕਹਿਣੇ ਵਿਚ ਵਿੱਥ ਹੁੰਦੀ ਹੈ। ਜਦੋਂ ਕਹਿੰਦੇ ਕਹਿੰਦੇ ਇਹ ਵਿੱਥ ਇੰਨੀ ਘਟ ਜਾਂਦੀ ਹੈ ਕਿ ਸਾਡੀ ਬੁੱਧਿ ਉਸਨੂੰ ਨਾ ਲਖ ਸਕੇ ਤਾਂ ਉਹ ਦਸ਼ਾ ਲਿਵ ਕਹੀਦੀ ਹੈ। ਇਹ ਪਰਪੱਕਤਾ ਸਹਿਜ ਧਿਆਨ ਹੈ। ਸਹਿਜ ਧਿਆਨ ਵਿਚ ਸੁਤੇ ਤੇ ਲਗਾਤਾਰ ਅੰਦਰਲਾ ਨਾਮ ਵਿਚ ਲਗਾ ਰਹਿੰਦਾ ਹੈ। ਸੋ ਪ੍ਰੇਮ ਲਗਨ ਵਿਚ ਸ੍ਰੀ ਲਹਿਣਾ ਜੀ ਦੀ ਲਿਵ ਲਗਾਤਾਰੀ ਹੈ, ਅਰ ਉਸ ਰਸ ਵਿਚ ਲਗੀ ਹੋਰ ਪਾਸੇ ਜਾਂਦੀ ਨਹੀਂ। ਰਸ ਵਿਚ ਮਗਨ ਹੋਇਆਂ ਰਸੀਆਂ ਨੂੰ ਕਾਲ ਬੀਤਦਾ ਨਹੀਂ ਜਾਪਦਾ। ਮੋਟੀ ਜਿਹੀ ਗਲ ਤੁਸੀਂ ਦੇਖ ਲਓ ਕਿ ਤੁਸੀਂ ਜੇ ਕਿਸੇ ਕੰਮ ਵਿਚ ਸਾਰੇ ਖਚਿਤ ਹੋ ਕੇ ਲੱਗ ਜਾਓ ਤਾਂ ਤੁਹਾਨੂੰ ਜਾਪੇਗਾ ਕਿ ਇਕ


www.sikhbookclub.com

ਘੜੀ ਬੀਤੀ ਹੈ ਪਰ ਹੈਰਾਨ ਹੋਵੋਗੇ ਕਿ ਤ੍ਰੈ ਘੜੀਆਂ ਬੀਤ ਗਈਆਂ ਹਨ। ਕਈ ਵੇਰੀ ਕਹੀਦਾ ਹੈ, ਹੈਂ ਮੈਂ ਤਾਂ ਏਡਾ ਰੁੱਝਾ ਰਿਹਾ ਕਿ ਸਮਾਂ ਬੀਤਦੇ ਦਾ ਪਤਾ ਹੀ ਨਹੀਂ ਲੱਗਾ। ਸੋ ਸ੍ਰੀ ਗੁਰੂ ਜੀ ਦੀ ਬਖਸ਼ੀ ਲਿਵ ਵਿਚ ਤੇ ਪ੍ਰੇਮ ਵਿਚ ਸ੍ਰੀ ਲਹਿਣਾ ਜੀ ਸਹਿਜ ਧਿਆਨ ਵਿਚ ਜੀਉ ਰਹੇ ਸਨ, ਕਾਲ ਲੰਘਦੇ ਦੀ ਪਰਵਾਹ ਤੇ ਪਤਾ ਉਨ੍ਹਾਂ ਨੂੰ ਨਹੀਂ ਸੀ। ਦੂਜੀ ਗਲ ਇਕ ਹੋਰ ਹੈ, ਕਿ ਰਾਤ ਪਹਿਰ ਕੁ ਹੀ ਬਾਕੀ ਸੀ। ਸਿਖ ਕਹਿ ਰਹੇ ਸਨ ਕਿ ਨਹੀਂ ਠੀਕ ਅੱਧੀ ਰਾਤ ਬਾਕੀ ਹੈ। ਇਹ ਗੁਰੂ ਕੇ ਬਚਨ ਦਾ ਫੇਰ ਹੋ ਰਿਹਾ ਸੀ। ਗੁਰੂ ਜੀ ਤ੍ਰਿਪਹਿਰੇ ਵਜੇ ਭਜਨ ਵਿਚ ਬੈਠ ਜਾਂਦੇ ਸਨ, ਇਸ਼ਨਾਨ ਇਸ ਤੋਂ ਕੁਛ ਪਹਿਲੇ ਅਰਥਾਤ ਤੀਜੇ ਪਹਿਰ ਵਿਚ ਆਪ ਕਰਦੇ ਸੇ। ਸੋ ਸਿੱਖ ਤਾਂ ਦਸਦੇ ਸੇ ਕਿ ਅੱਧੀ ਰਾਤ ਹੈ ਤੇ ਸੀ ਤੀਜਾ ਪਹਿਰ ਲਗ ਪਗ ਬੀਤ ਚੁਕਾ। ਗੁਰੂ ਜੀ ਦਾ ਕਹਿਣਾ ਠੀਕ ਸੀ ਤੇ ਸਿਖਾਂ ਦਾ ਠੀਕ ਨਹੀਂ ਸੀ, ਕਿਉਂਕਿ ਉਹ ਤਾਂ ਤੀਜਾ ਪਹਿਰ ਸੀ। ਤੇ ਸ੍ਰੀ ਲਹਿਣਾ ਜੀ ਦੇ ਆਪਣੇ ਚਿਤ ਦੀ ਅਵਸਥਾ ਲਗਨ ਦੀ ਲਿਵ ਦੀ ਸੀ, ਨਾ ਦੂਜੇ ਤੀਜੇ ਪਹਿਰ ਵਲ ਧਿਆਨ ਸੀ ਨਾ ਕਿਸੇ ਤਜਰਬੇ ਦਾ ਮਾਣ ਸੀ।

ਸੋ ਏਸ ਪ੍ਰਕਾਰ ਦੇ ਵਰਤਾਰੇ ਕਈ ਵਰਤੇ ਹੋਣਗੇ ਜਿਨ੍ਹਾਂ ਨਾਲ ਸਤਿਗੁਰ ਨੇ ਸਾਬਤ ਕਰ ਦਿੱਤਾ ਕਿ ਸ੍ਰੀ ਲਹਿਣਾ ਜੀ ਦਾ ਵਜੂਦ ਐਸਾ ਹੈ ਕਿ ਜੋ ਨਿਰੰਤਰ ਸਾਂਈਂ ਮੇਲ ਵਿਚ ਰਹਿੰਦਾ ਤਦਰੂਪ ਹੀ ਹੋ ਚੁਕਾ ਹੈ, ਸੋ ਤਯਾਰ ਸਨ ਕਿ ਇਸ ਰੂਪ ਵਿਚ ਹੁਣ ਸਾਡਾ ਦੂਜਾ ਅਵਤਾਰ ਹੋਵੇ। ਨਾਲੇ ਤਾਂ ਸ੍ਰੀ ਗੁਰੂ ਨਾਨਕ ਜੋਤੀ ਜੋਤ ਜਾ ਬਿਰਾਜਣ, ਨਾਲੇ ਸ੍ਰੀ ਲਹਿਣਾ ਜੀ ਵਿਚ ਅਵਤਰਣ ਹੋ ਜਾਵਣ। ਏਹ ਸਰੀਰਕ ਗਲਾਂ ਨਹੀਂ ਆਤਮ ਗੱਲਾਂ ਹਨ; ਜਿਵੇਂ ਮੈਂ ਦੱਸਿਆ ਸੀ; ਇਕ ਦ੍ਰਿਸ਼ਟਾਂਤ ਮਾਤ੍ਰ, ਕਿ ਕਿਸੇ ਸੂਖਮ ਸੰਸਾਰ ਵਿਚ ਬੂਟੇ ਨਾਲ ਬੀ ਫੁਲ ਲੱਗਾ ਰਹਿੰਦਾ ਹੈ ਨਾਲੇ ਤੋੜਿਆਂ ਸਾਡੇ ਹਥ ਵਿਚ ਬੀ ਹੁੰਦਾ ਹੈ। ਸੋ ਦੇਖੋ ਭਾਈ ਸੰਤੋਖ ਸਿੰਘ ਜੀ ਨੇ ਬੀ ਇੰਜ ਹੀ ਲਿਖਿਆ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਸੰਕਲਪ ਕੀਤਾ ਕਿ 'ਪਲਟੌਂ ਬੇਖ-ਭਲੇ ਉਰ ਠਾਨੀ', ਫੇਰ ਲਿਖਦੇ ਹਨ ਕਿ 'ਸੋ ਗੁਰੂ ਨਾਨਕ ਠਾਨ ਲਈ ਮਨ-ਅੰਗਦ ਦੇਹਿ ਮੈਂ ਜਾਉਂ ਸਮਾਏ'। ਫੇਰ ਲਿਖਦੇ ਹਨ 'ਸੋ ਗੁਰ ਨਾਨਕ ਜੀਅ ਠਟੀ-ਲਹਿਣੇ ਤਨ ਬੀਚ ਬਿਰਾਜਹੁੰ ਜਾਏ'।

ਜੋ ਗੁਰੂ ਨਾਨਕ ਦੇਵ ਜੀ ਹੀ ਹੁਣ ਦੂਜਾ ਅਵਤਾਰ ਧਾਰਨ ਲੱਗੇ ਹਨ। ਇਕ ਦਿਨ ਅੰਮ੍ਰਿਤ ਵੇਲੇ ਸ੍ਰੀ ਬਾਬਾ ਜੀ ਰਾਵੀ ਇਸ਼ਨਾਨ ਕਰਨ ਗਏ, ਨਿੱਤ ਵਾਂਙੂ ਸ੍ਰੀ ਲਹਿਣਾ ਜੀ ਨਾਲ ਗਏ। ਕਪੜੇ ਲਹਿਣਾ ਜੀ ਨੂੰ ਫੜਾਏ ਤੇ ਆਪ ਨਦੀ ਵਿਚ ਹੀ ਖੜੇ ਰਹੇ ! ਸ੍ਰੀ ਲਹਿਣਾ ਜੀ ਸ਼ਨਾਨ ਕਰਕੇ ਕਪੜੇ ਪਾ ਕੇ ਕਿਨਾਰੇ ਬੈਠ ਗਏ। ਆਪ ਜਲ ਵਿਚ ਖੜੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਮੂਰਤੀ ਵਲ ਪ੍ਰੇਮ ਨਾਲ ਤੱਕ ਰਹੇ ਸਨ ਕਿ ਤਕਦੇ ਤਕਦੇ ਨੈਣ ਜੁੜ ਗਏ, ਐਸੇ ਜੁੜੇ ਕਿ ਉਸ ਬੱਝੇ ਧਿਆਨ ਵਿਚ ਸ੍ਰੀ ਲਹਿਣਾ ਜੀ ਵਿਦੇਹ ਹੋ ਗਏ। ਜਦ ਸ੍ਰੀ ਗੁਰੂ ਜੀ ਬਾਹਰ ਆਏ ਕੀ ਦੇਖਦੇ ਹਨ ਕਿ ਸ੍ਰੀ ਲਹਿਣਾ ਜੀ ਦੇਹ ਦੀ ਸੁਧ ਤੋਂ ਬੇਸੁਧ ਹਨ ਅਰ ਇਸ ਵੇਲੇ ਸਰੂਪ ਵਿਚ ਮਗਨ ਹਨ। ਤਦ ਸ੍ਰੀ ਗੁਰੂ ਜੀ ਨੇ ਉਸ ਧਯਾਨ ਦੀ ਮੂਰਤੀ ਨੂੰ ਜਿਸ ਪਰ ਟਿਕੇ ਹੋਏ ਸ੍ਰੀ ਲਹਿਣ ਜੀ ਵਿਦੇਹ ਹੋ ਰਹੇ ਸਨ ਖਿੱਚ ਲਿਆ। ਇਸ ਦੇ ਖਿਚਦੇ ਸਾਰ ਸ੍ਰੀ ਲਹਿਣਾ ਜੀ ਦੇ ਨੈਣ ਖੁਲ ਗਏ। ਪਰਤੱਖ ਗੁਰੂ; ਸਮਰਥ ਗੁਰੂ, ਸਿਰ ਤੇ ਹੱਥ ਧਰਕੇ ਪਿਆਰ ਦੇਂਦਾ ਖੜਾ ਦੇਖਿਆ। ਚਰਨਾਂ ਤੇ ਸਿਰ ਧਰਿਆ ਤੇ ਸ੍ਰੀ ਗੁਰੂ ਜੀ ਦੀ ਆਗਿਆ ਵਿਚ ਨਾਲ ਹੋ ਟੁਰੇ ਅਰ ਧਰਮਸਾਲ ਅੱਪੜੇ। ਇਸ ਵੇਲੇ ਚਾਨਣਾ ਹੋ ਰਿਹਾ ਸੀ। ਧਰਮਸਾਲ ਵਿਚ ਸੰਗਤ ਜੁੜੀ ਹੋਈ ਸੀ; ਮੁਖੀ ਸਿੱਖ ਬੀ ਹਾਜ਼ਰ ਸੇ। ਜੋ ਨਹੀਂ ਸੇ, ਬੁਲਾ ਘੱਲੇ ਤਾਂ ਪੁਤਾਂ ਨੂੰ ਬੀ ਸਦਵਾ ਭੇਜਿਆ। ਫਿਰ ਸ੍ਰੀ ਲਹਿਣਾ ਜੀ ਨੂੰ ਮਸਨਦ ਤੇ ਬਿਠਾਕੇ ਪੰਜ ਪੈਸੇ ਤੇ ਨਲਯੇਰ ਅੱਗੇ ਧਰਿਆ ਤੇ ਹੱਥ ਜੋੜਕੇ ਸੀਸ ਨਿਵਾਇਆ। ਸੀਸ਼ ਨਿਵਾਉਂਦੇ ਸਾਰ ਸ੍ਰੀ ਗੁਰੂ ਜੀ ਅਵਤਰਣ ਕਰ ਗਏ ਲਹਿਣਾ ਸਰੂਪ ਵਿਚ। ਸ੍ਰੀ ਪਰਮ ਪਾਵਨ ਲਹਿਣਾ ਸ੍ਰੀ ਗੁਰੂ ਨਾਨਕ ਹੋ ਗਿਆ। ਹਾਂ ਗੁਰੂ ਬਾਬੇ ਨੇ 'ਅੰਗਦ' ਕਰਕੇ ਪੁਕਾਰਿਆ ਕਿ ਇਹ ਗੁਰੂ ਨਾਨਕ ਦਾ ਹੀ ਸਰੀਰ ਹੈ। ਪ੍ਰੇਮ ਦੇ ਰੰਗਾਂ ਨਾਲ ਕੋਮਲ ਹੋਏ ਗੁਰੂ ਅੰਗਦ ਜੀ ਨੇ ਅਪਣੇ ਪਿਆਰੇ ਸਿਰਤਾਜ

ਦਾ ਸੀਸ ਨੀਉਂਦਾ ਨਾ ਸਹਾਰਿਆ, ਤਦ ਗੁਰੂ ਜੀ ਨੇ ਹੋੜਿਆ: ਖਬਰਦਾਰ ਮੂੰਹੋ ਕੁਛ ਨਹੀਂ ਕੱਢਣਾ:-

*'ਆਇਸ ਮੰਨਹੁ ਅਸ ਮਤ ਮੇਰੋ; ਭਾ ਸਭ ਕੋ ਗੁਰੁ ਹੂੈ ਜਗ ਚੇਰੋ।*

*'ਅੰਗਦ ਨਾਮ ਅਜ ਤੇ ਹੋਈ। ਨਿਜ ਅੰਗਨ ਤੇ ਕੀਨੋ ਤੋਹੀ।*

*'ਸਿਮਰਨ ਸਤਿਨਾਮ ਪ੍ਰਗਟਾਵੋ। ਜਹਿੰ ਤਹਿੰ ਸਿਖੀ ਰੀਤਿ ਚਲਾਵੋ।'*

ਜਾਂ ਸੰਤ ਜੀ ਕਥਾ ਕਰਦੇ ਏਥੇ ਕੁ ਅੱਪੜੇ ਤੇ ਸੰਗਤ ਗਦ ਗਦ ਹੋ ਰਹੀ ਸੀ ਤਾਂ ਫੇਰ ਓਹ ਭਗਵੇ ਕਪੜਿਆਂ ਵਾਲੇ ਗੁਰੂ ਘਰ ਦੇ ਸਾਧੂ ਜੀ ਖੜੇ ਗਏ ਤੇ ਬੋਲੇ: "ਹੇ ਭਗਵਨ ! ਕੋਈ ਵਿਸ਼ੇਸ਼ ਪਰਮਾਣ ਬੀ ਹੈ ਜਿਸ ਵਿਚ 'ਗੁਰੂ ਨਾਨਕ ਦੇਵ ਜੀ ਹੀ ਸ੍ਰੀ ਲਹਿਣਾ ਜੀ ਬਣ ਗਏ', ਜਿਸ ਤੋਂ ਨਿਸਚਤ ਇਹ ਗੱਲ ਸਿੱਧ ਹੋ ਜਾਵੇ ?"

ਇਹ ਸੁਣਕੇ ਇਕ ਛਿਨ ਵਿਚਾਰ ਕੇ ਸੰਤ ਬਿਮਲਾ ਸਿੰਘ ਜੀ ਬੋਲੇ : "ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਉਪਰ ਹੋਰ ਕਿਹੜਾ ਵਿਸ਼ੇਸ਼ ਪ੍ਰਮਾਣ ਗੁਰ ਸਿਖਾਂ ਵਾਸਤੇ ਹੈ। ਏਹ ਸਬਦ ਪ੍ਰਮਾਣ ਹੈ, ਆਪਤ ਵਚਨ ਹੈ ਤੇ ਪ੍ਰਤੱਖ ਵੇਖਣ ਹਾਰਿਆਂ ਸਤਿ ਵਕਤਿਆਂ ਦੀ ਸਤਜੋਕਤੀ ਅਰਥਾਤ ਸੱਚ ਵਰਨਣ ਕਰਨਾ ਹੈ। ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਮਾਣ ਦਾਸ ਨੂੰ ਯਾਦ ਆਉਂਦੇ ਹਨ ਸੋ ਸੁਣਾਉਂਦਾ ਹਾਂ :-

***ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕ ਕਹਾਯਉ।***

***ਤਾਤੇ ਅੰਗਦੁ ਭਯਉ ਤਤ ਸਿਉ ਤਤ ਮਿਲਾਯਉ॥*** *(ਸਵ: ਮ:੫ ਕੇ-੧੩)* ਹਾਂ ਹੋਰ ਸੁਣੋਂ:-

***ਸਤਿਗੁਰਿ ਨਾਨਕਿ ਭਗਤਿ ਕਰੀ ਇਕ ਮਨਿ ਤਨੁ ਮਨੁ ਧਨੁ ਗੋਬਿੰਦ ਦੀਅਉ॥***

***ਅੰਗਦਿ ਅਨੰਤ ਮੂਰਤਿ ਨਿਜ ਧਾਰੀ ਅਗਮ ਗ੍ਯਾਨਿ ਰਸਿ ਰਸ੍ਉ ਹੀਅਉ॥*** *(ਸਵ:ਮਰਕੇ -੫੪)*

ਹਾਂ ਜੀ, ਸਾਧ ਸੰਗਤ ਜੀ ! ਬੋਲੋ ਸ੍ਰੀ ਵਾਹਿਗੁਰੂ, ਧਿਆਨ ਕਰੋ ਸ੍ਰੀ ਪਦ ਪਦਮ ਵਲ, ਤੇ ਸ੍ਰਵਣ ਕਰੋ:-

***'ਜੋਤਿ ਸਮਾਣੀ ਜੋਤਿ ਮਾਹਿ ਆਪੁ ਆਪੈ ਸੇਤੀ ਮਿਕਿਓਨੁ॥'*** *(ਰਾਮ: ਵਾਰ-੪)*

ਹੋਰ : ***'ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ।'*** *(ਰਾਮ: ਵਾਰ-੨)*

ਪੁਨ : ***'ਨਾਨਕੁ ਕਾਇਆ ਪਲਟੁ ਕਰਿ ਮਲਿ ਤਖਤੁ ਬੈਠਾ ਸੈ ਡਾਲੀ।'*** *(ਰਾਮ: ਵਾਰ-੩)*

ਸੰਗਤ-ਬਲਿਹਾਰ ਬਲਿਹਾਰ ! ਧੰਨ ਗੁਰੂ ਨਾਨਕ ! ਵਾਹ ਵਾਹ ! ਸਚਮੁਚ ਗੁਰੂ ਅੰਗਦ ਜੀ ਗੁਰੂ ਨਾਨਕ ਦੇਵ ਜੀ ਦਾ ਹੀ ਦੂਸਰਾ ਅਵਤਾਰ ਹੋਏ। ਸੰਤ ਜੀ ਆਪ ਦੀ ਰਸਨਾ ਤੋਂ ਬਲਿਹਾਰ !

ਹੁਣ ਨਰੋਤਮ ਸਿੰਘ ਜੀ ਫੇਰ ਬੋਲ ਪਏ। ਆਪ ਜੀ ਦੀ ਕਥਨੀ ਤੇ ਆਪਦੇ ਉੱਤਰ ਆਨੰਦ ਦੇ ਰਹੇ ਹਨ। ਅਸੀਂ ਵਿਘਨ ਪਾਉਂਦੇ ਰਹੇ ਹਾਂ। ਐਸਾ ਕਰਨਾ ਜੈਸਾ ਅਸੀਂ ਕਰਦੇ ਰਹੇ ਹਾਂ ਰਸ ਭੰਗ ਕਰਦਾ ਹੈ। ਪਰ ਅਸੀਂ ਤ੍ਰਿਹਾਏ ਆਦਮੀ ਵਾਂਙ ਕਟੋਰਾ ਲੱਭੇ ਤੇ ਬਹੁਤਾ ਪੀਣ ਦੇ ਮਗਰ ਪਏ ਹੋਏ ਹਾਂ। ਕਿਰਪਾ ਕਰਕੇ ਇਕ ਮੇਰੀ ਮੂਰਖਿ ਮੱਤਿ ਨੂੰ ਸੁਮੱਤਿ ਦੇ ਦਿਓ। ਆਪ ਦੇ ਉੱਚੇ ਖਿਆਲ ਤੇ ਆਤਮ ਭਾਵ ਦਿਲਾਂ ਤੇ ਅਸਰ ਕਰ ਗਏ ਹਨ, ਕੋਈ ਮੋਟੀ ਮਿਸਾਲ ਇਸ ਦਿਸਦੇ ਜਗਤ ਦੀ ਬੀ ਦੱਸ ਦਿਓ ਕਿ ਇਕ ਸ਼ੈ ਅਪਨਾ ਹੋਰ ਰੂਪ ਬੀ ਧਾਰ ਲਏ ਤੇ ਅਪਣੇ ਆਪ ਵਿਚ ਬੀ ਕਾਇਮ ਰਹੇ ਤੇ ਹੋਵੇ ਬੀ ਕੋਈ ਸੂਖਮ ਗਤੀ ਦੀ।

ਤਾਂ ਸੰਤ ਜੀ ਬੋਲੇ :-ਸਿੰਘ ਜੀ ! ਇਕ ਦੀਪਕ ਬਲ ਰਿਹਾ ਹੈ। ਇਕ ਦੂਜਾ ਦੀਪਕ ਹੈ, ਉਸ ਵਿਚ ਤੇਲ ਵਟੀ ਸਭ ਕੁਛ ਹੈ, ਪਰ ਜੋਤ ਨਹੀਂ। ਜਦੋਂ ਉਸ ਨੂੰ ਜਗਦੇ ਦੀਪਕ ਦਾ ਸਤਿਸੰਗ ਮਿਲਦਾ ਹੈ ਤਾਂ ਉਹ ਬੀ ਜੋਤ ਰੂਪ ਹੋ ਜਾਂਦਾ ਹੈ। ਹੁਣ ਦੇਖੋ ਜਜੋਤਿ ਦਾਨ ਕਰਨ ਵਾਲਾ ਦੀਪਕ ਜਜੋਤੀ ਸਰੂਪ ਹੈ। ਤੇ ਦੂਜਾ ਬੀ ਉਹੋ ਜਿਹਾ ਜਜੋਤੀ ਸਰੂਪ ਹੋ ਗਿਆ ਹੈ। ਪਹਿਲੇ ਨੇ ਦੂਏ ਨੂੰ ਜੋਤ ਦਾਨ ਕੀਤੀ ਹੈ ਪਰ ਆਪ ਬੀ ਜੋਤ ਰੂਪ ਕਾਇਮ ਹੈ। ਇਹ ਇਕ ਮੋਟੀ ਮਿਸਾਲ ਹੋ ਸਕਦੀ ਹੈ। ਇਕ ਹੋਰ ਬੇਨਤੀ ਕਰਦਿਆਂ ਕਿ ਮਿਸਾਲ ਯਾ ਦ੍ਰਿਸ਼ਟਾਂਤ ਸਦਾ ਦਲੀਲ ਦਾ ਦਰਜਾ ਨਹੀਂ ਰਖਦੇ ਪਰ ਦ੍ਰਿਸ਼ਟਾਂਤ ਨਾਲ

ਗਲ ਸਮਝ ਸੌਖੀ ਆ ਜਾਂਦੀ ਹੈ ਪਰ ਇਕ ਹੋਰ ਖਿਆਲ ਕਰ ਲਿਆ ਜੇ ਕਿ ਦ੍ਰਿਸ਼ਟਾਂਤ ਦਾ ਇਕੋ ਅੰਗ ਲਈਦਾ ਹੈ, ਸਾਰਾ ਨਹੀਂ ਘਟਾਈਦਾ।

ਸੰਗਤ-ਬਹੁਤ ਠੀਕ ਹੈ ਜੀਓ ! ਹੁਣ ਆਪ ਅਗਲੀ ਕਥਾ ਸੁਣਾਓ।

ਸੰਤ ਜੀ -ਇਨ੍ਹਾਂ ਕੌਤਕਾਂ ਦੇ ਬੀਤ ਜਾਣ ਮਗਰੋਂ ਸ੍ਰੀ ਗੁਰੂ ਜੀ ਨੇ ਗੁਰੂ ਅੰਗਦ ਜੀ ਨੂੰ ਆਗਿਆ ਕੀਤੀ, ਕਿ ਹੁਣ ਤੁਸੀਂ ਜਗਤ ਦੇ ਉਧਾਰ ਵਾਸਤੇ ਬਾਣੀ ਇਕੱਠੀ ਕਰੋ, ਤਾਂ ਜੋ ਬਾਣੀ ਥਿਰ ਰਹੇ ਤੇ ਸਾਥੋਂ ਪਿੱਛੇ ਆਉਣ ਵਾਲਿਆਂ ਦਾ ਬੀ ਉਧਾਰ ਹੋਵੇ। ਤਦੋਂ ਸ੍ਰੀ ਗੁਰੂ ਜੀ ਨੇ ਜਪੁਜੀ ਸਾਹਿਬ ਇਕੱਠੀ ਕੀਤੀ ਤੇ ਆ ਕੇ ਸੁਣਾਈ। ਐਸਾ ਖਿਆਲ ਪੈਂਦਾ ਹੈ ਕਿ ਕਈ ਪੌੜੀਆਂ ਗੁਰੂ ਨਾਨਕ ਦੇਵ ਜੀ ਨੇ ਉਨ੍ਹੀ ਦਿਨੀਂ ਰਚੀਆਂ ਤੇ ਕਈ ਪਹਿਲੇ ਦੀਆਂ ਸਨ। ਸਾਰੀ ਇਕੱਠੀ ਕੀਤੀ ਬਾਣੀ ਦਾ ਨਾਮ 'ਜਪੁ' ਰਖਿਆ। ਇਸ ਦੇ ਅਖੀਰ ਪਰ ਜੋ ਸਲੋਕੁ ਹੈ ਉਹ ਮਾਝ ਦੀ ਵਾਰ ਤੋਂ ਪਤਾ ਲਗਦਾ ਹੈ ਕਿ ਗੁਰੂ ਅੰਗਦ ਦੇਵ ਜੀ ਦਾ ਹੈ।* ਸੋ ਜਾਪਦਾ ਹੈ ਕਿ ਜਪੁਜੀ ਦੇ ਅਖੀਰ ਤੇ ਇਹ ਸਲੋਕ ਗੁਰ ਨਾਨਕ ਦੇਵ ਜੀ ਨੇ ਆਪ ਰਖਵਾਇਆ ਕਿ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਬਾਣੀ ਤੇ ਉਹਨਾਂ ਦੀ ਬਾਣੀ ਇਕ ਤੁੱਲ ਹੋਵੇ ਤੇ ਉਹਨਾਂ ਦੇ ਹੁੰਦਿਆਂ 'ਨਾਨਕ' ਪਦ ਗੁਰੂ ਅੰਗਦ ਜੀ ਵਰਤ ਲੈਣ ਤੇ ਸੰਗਤਾਂ ਸਿਰ ਝੁਕਾ ਦੇਣ।

ਤਦ ਸ੍ਰੀ ਗੁਰੂ ਜੀ ਨੇ ਆਪ ਜਪੁਜੀ ਦੇ ਪਾਠ ਦਾ ਮਹਾਤਮ ਦੱਸਿਆ ਤੇ ਰੋਜ਼ ਪਾਠ ਕਰਨ ਦਾ ਹੁਕਮ ਦਿੱਤਾ। ਸੋ ਸਾਧ ਸੰਗਤ ਜੀ ! ਜੋ ਸਿੱਖੀ ਦਾ ਚਾਹਵਾਨ ਹੋਵੇ ਸੋ ਸਵੇਰੇ ਉੱਠਕੇ ਜਪੁਜੀ ਸਾਹਿਬ ਦਾ ਪਾਠ ਕਰੇ। ਪਾਠ ਕਰਦਿਆਂ ਚਿਤ ਪਾਠ ਵਿਚ ਰੱਖੇ ਤੇ ਬਾਣੀ ਦੇ ਅਰਥਾਂ ਵਲ ਬੀ ਰੁਚੀ ਰੱਖੇ। ਇਸ ਨਾਲ ਮਨ ਟਿਕੇਗਾ, ਮੈਲ ਉਤਰੇਗੀ ਤੇ ਚਿਤ ਨਾਮ ਵਿਚ ਜਾਏਗਾ। ਇਹ ਬਾਣੀ ਕਲਿਆਨ ਦੀ ਸਹਾਇਕ ਹੈ ਤੇ ਕਲਿਆਨ ਦੀ ਦਾਤੀ ਹੈ। ਮਨ ਦੇ ਦੁਖ ਕਲੇਸ਼ ਸਰੀਰ ਦੇ ਔਖ ਆਦਿ ਬੀ ਇਸਦੇ ਪਾਠ ਨਾਲ ਘਟਣਗੇ ਤੇ ਦੂਰ ਹੋਣਗੇ। ਸੋ ਜਪੁਜੀ ਸਿੱਖਾਂ ਦਾ ਜਪ ਮੰਤ੍ਰ ਹੈ ਜੋ ਸਵੇਰੇ ਸਭ ਤੋਂ ਪਹਿਲਾਂ ਕਰਕੇ ਮਗਰੋਂ ਹੋਰ ਕੁਛ ਕਰਦੇ ਹਨ। ਸਾਰੇ ਗੁਰੂ ਸਾਹਿਬ ਆਪ ਪਾਠ ਕਰਦੇ ਸੇ। ਅੰਤ ਸਮੇਂ ਬੀ ਹਰ ਗੁਰੂ ਸਾਹਿਬ ਨੇ ਜਪੁਜੀ ਦਾ ਪਾਠ ਕੀਤਾ ਹੈ। ਸਾਧ ਸੰਗਤ ਜੀ, ਨੇਮ ਧਾਰੋ ਕਿ ਰੋਜ਼ ਮਨ ਜੋੜਕੇ ਪਾਠ ਕਰਿਆ ਕਰਾਂਗੇ।

ਮੈਨੂੰ ਸੰਸਾ ਪੈਂਦਾ ਹੈ ਕਿ ਹੁਣੇ ਕਿਸੇ ਸਜਨ ਨੇ ਦੀਵਾਨ ਵਿਚੋਂ ਉੱਠਕੇ ਆਖਣਾ ਹੈ ਕਿ ਇਕ ਵੇਰੀ ਸਮਝ ਲਿਆ ਰੋਜ਼ ਰੋਜ਼ ਦੇ ਪਾਠ ਦਾ ਕੀ ਲਾਭ ਹੈ। ਸੋ ਮੈਂ ਆਪ ਹੀ ਇਕ ਦ੍ਰਿਸ਼ਟਾਂਤ ਦੇ ਕੇ ਖੁਹਲਕੇ ਦੱਸਦਾ ਹਾਂ। ਸਾਧ ਸੰਗਤ ਜੀ ਵਿਚਾਰ ਕਰਨਾ ਕਿ ਸਾਡੇ ਘਰਾਂ ਵਿਚ ਰੋਜ਼ ਧੂੜ ਪੈਂਦੀ ਹੈ। ਬੰਦ ਮਕਾਨਾਂ ਵਿਚ ਬੀ ਪੈਂਦੀ ਹੈ। ਫੇਰ ਰੋਜ਼ ਸਫਾਈ ਕਰੀਦੀ ਹੈ। ਸਾਧ ਸੰਗਤ ਜੀ ! ਜੋ ਘੜੀ ਤੁਸਾਡੇ ਖੀਸੇ ਵਿਚ ਹੈ, ਕਿਤਨੀ ਬੰਦ ਕੀਤੀ ਹੋਈ ਹੈ, ਜਦੋਂ ਘੜੀ ਸਾਜ਼ ਕੋਲ ਕਦੇ ਲਿਜਾਓ ਤਾਂ ਕਹਿੰਦਾ ਹੈ: ਮੈਲੀ ਹੋ ਗਈ ਹੈ। ਮੈਲ ਉਸ ਬੰਦ ਘੜੀ ਵਿਚ ਬੀ ਲੰਘ ਜਾਂਦੀ ਹੈ। ਸੋ ਤਿਵੇਂ ਮਨ ਤੇ ਰੋਜ਼ ਮੈਲ ਪੈਂਦੀ ਹੈ। ਇਹ ਮੈਲ ਅੰਦਰ ਦੀ ਹੈ ਕਿਉਂਕਿ ਸਾਡੇ ਅੰਦਰੋਂ ਵਾਸ਼ਨਾ ਪਸੂਆਂ ਨਾਲ ਸਾਂਝੀ ਕਿਸਮ ਦੀਆਂ ਆਪੇ ਉੱਠਦੀਆਂ ਹਨ, ਓਹ ਮੈਲ ਹੈ ਸਾਡੇ ਅੰਦਰ ਦੀ, ਇਹ ਮੈਲ ਬਾਹਰ ਦੀ ਬੀ ਹੈ ਕਿਉਂਕਿ ਬਾਹਰੋਂ ਜੋ ਅਸੀਂ ਪਦਾਰਥਾਂ ਮਨੁੱਖਾਂ ਆਦਿ ਨੂੰ ਵੇਖਕੇ ਮੋਹ ਵਿਚ, ਭੈ ਵਿਚ, ਨਫਰਤ ਵਿਚ, ਗੁੱਸੇ ਵਿਚ, ਕਾਮ ਵਿਚ, ਲੋਭ ਵਿਚ ਜਾਂਦੇ ਹਾਂ, ਇਹ ਮਨ ਉਤੇ ਜੋ ਅਕਸ ਪੈਂਦੇ ਹਨ ਸੋ ਮਾਨੋਂ ਧੂੜ ਪੈਂਦੀ ਹੈ। ਲੋਕੀ ਤੇ ਸੰਬੰਧੀ ਜਿਸ ਭਾਵ ਨਾਲ ਸਾਡੇ ਵਲ ਤੱਕਦੇ ਹਨ, ਓਹ ਬੀ ਕੁਛ ਆਪਣਾ ਅਸਰ ਕਰਦੇ ਹਨ। ਫੇਰ ਜੋ ਅਸੀਂ ਕਰਮ ਕਰਦੇ ਹਾਂ, ਉਹਨਾਂ ਦਾ ਕਰਨਾ 'ਵਾਦੀ' ਬਣਦਾ ਹੈ। ਵਾਦੀ ਅੰਦਰ ਜੰਮਕੇ ਸਾਨੂੰ ਮੈਲੇ ਪਾਸੇ ਦੀ ਰੁਚੀ ਦੇਂਦੀ ਹੈ। ਇਹ ਰੁਚੀ ਜੰਮੀ ਹੋਈ ਮੈਲ ਬਣਦੀ ਹੈ, ਇਸ ਕਰਕੇ ਸਾਨੂੰ ਕੋਈ ਉਪਰਾਲਾ ਮੈਲ ਧੋਣ ਦਾ ਬੀ ਲੋੜੀਏ। ਜਪੁਜੀ ਦਾ ਪਾਠ ਸਾਨੂੰ ਇਸ ਧੋਣ

* ਦੇਖੋ ਰਾਗ ਮਾਝ ਦੀ ੧੯ਵੀਂ ਵਾਰ - ਪੰਨਾ ੧੪੯

ਦਾ ਕੰਮ ਦੇਂਦਾ ਹੈ। ਇਹ ਬਾਣੀ ਮਨ ਦੇ ਇਕ ਪਾਸੇ ਹੋਣ ਦਾ, ਏਕਾਗਰ ਹੋਣ ਦਾ ਅਸਰ ਪਾਉਂਦੀ ਹੈ। ਮਨ ਜੋ ਹਰ ਵੇਲੇ ਹੋਰ ਹੋਰ ਪਾਸੇ ਧਾ ਰਿਹਾ ਹੈ ਇਕ ਪਾਸੇ ਤੇ ਭਲੇ ਪਾਸੇ ਆਉਂਦਾ ਹੈ। ਫਿਰ ਜਦ ਨਾਲ ਨਾਲ ਅਰਥ ਵਿਚਾਰ ਕਰਦੇ ਹਾਂ ਤਾਂ ਬਾਣੀ ਦਾ ਭਾਵ ਸਾਨੂੰ ਸੱਚੇ ਸੁੱਚੇ ਖਿਆਲ ਦੇਂਦਾ ਹੈ। ਮਾੜੇ ਕਰਮਾਂ ਤੇ ਸੋਚਾਂ ਤੋਂ ਹੋੜਦਾ ਹੈ ਤੇ ਰੱਬ ਜੀ ਦੀ ਸਿਫਤ ਸਲਾਹ ਦੇ ਭਾਵ ਪੈਦਾ ਕਰਦਾ ਹੈ। ਸੋ ਜਪਜੀ ਦੇ ਪਾਠ ਨਾਲ ਉਚੇ ਭਾਵ ਪੈਦਾ ਹੁੰਦੇ ਹਨ, ਨੀਵੇਂ ਦੂਰ ਹੁੰਦੇ ਹਨ, ਮਨ ਖਿੰਡਾਉ ਤੋਂ ਏਕਾਗਰਤਾ ਦੇ ਦਾਇਰੇ ਵਿਚ ਆਉਂਦਾ ਹੈ। ਇਉਂ ਜਦ ਦਿਲ ਲਾ ਕੇ ਪਾਠ ਕਰੋ ਤਾਂ ਮਗਰੋਂ ਵੇਖੋ ਕਿ ਮਨ ਹਲਕਾ ਤੇ ਉੱਜਲ ਉੱਜਲ ਹੁੰਦਾ ਹੈ।

ਤਾਂ ਇਕ ਸਿੰਘ ਸ਼ੇਰ ਸਿੰਘ ਉੱਠਕੇ ਬੋਲਿਆ-ਸੰਤ ਜੀ ਜ਼ੋਰ ਤਾਂ ਲਾਈਦਾ ਹੈ, ਪਰ ਮਨ ਪਾਠ ਵਿਚ ਲਗਦਾ ਨਹੀਂ, ਮਨ ਨਾ ਲਗੇ ਤਾਂ ਜੇਹਾ ਕੀਤਾ ਤੇਹਾ ਨਾ ਕੀਤਾ। ਕੋਈ ਜੁਗਤ ਦੱਸੋ ਜੋ ਮਨ ਲੱਗੇ ?

ਤਦ ਸੰਤ ਜੀ ਬੋਲੇ-ਭਾਈ, ਇਹ ਗਲ ਮੁੜਕੇ ਨਾ ਕਹਿਣੀ ਕਿ ਜੇਹਾ ਕੀਤਾ ਤੇਹਾ ਨਾ ਕੀਤਾ। ਕਰਨਾ ਨਾ ਕਰਨ ਤੋਂ ਸਦਾ ਚੰਗਾ ਹੈ, ਕਿਉਂਕਿ ਜੇ ਸਾਰੇ ਪਾਠ ਪੁਰ ਇਕ ਪੱਕੀ ਘੜੀ ਲਗ ਜਾਵੇ ਤੇ ਮਨ ਉਡਦਾ ਬੀ ਰਹੇ ਤਾਂ ਭੀ ਜੇ ਵਿਚੋਂ ਦੋ ਚਾਰ ਪਲਾਂ ਛਿਨਾਂ ਕੁਛ ਵਕਤ ਹੀ ਮਨ ਲਗ ਗਿਆ, ਕਿਤੇ ਹੀ ਪਰਮੇਸ਼ਰ ਜੀ ਦੀ ਸਿਫਤ ਸਲਾਹ ਦਾ ਭਾਵ ਚਿਤ ਆ ਗਿਆ, ਤਾਂ ਉਨਾਂ ਸਮਾਂ ਹੀ ਸਫਲ ਹੋ ਗਿਆ। ਸੋ ਸੋਚ ਲਓ, ਕਿ ਕਰਨਾ ਨਾ ਕਰਨੇ ਤੋਂ ਸਦਾ ਚੰਗਾ ਹੈ। ਬਾਕੀ ਰਿਹਾ ਦਿਲ ਲੱਗਣਾ। ਸੋ ਦੋ ਭਾਵਾਂ ਨਾਲ ਹੁੰਦਾ ਹੈ, ਪ੍ਰੇਮ ਨਾਲ, ਭੈ ਨਾਲ। ਜੇ ਵਾਹਿਗੁਰੂ ਜੀ ਨਾਲ ਪ੍ਰੇਮ ਹੈ ਤਾਂ ਇਹ ਬਾਣੀ ਉਸਦੀ ਸਿਫਤ ਸਲਾਹ ਹੈ। ਪ੍ਰੇਮ ਨਾਲ ਪੜ੍ਹਿਆਂ ਉਸ ਦੇ ਪ੍ਰੇਮ ਵਿਚ ਚਿੱਤ ਲੱਗੇਗਾ। ਜੇ ਨਹੀਂ ਤਾਂ ਭੈ-ਸੁਹਣਾ ਭੈ-ਲਿਆਓ ਮਨ ਵਿਚ। ਪਾਠ ਵੇਲੇ ਖਯਾਲ ਕਰੋ ਕਿ ਗੁਰੂ ਨਾਨਕ ਦੇਵ ਜੀ ਗੁਰੂ ਹਨ ਤੇ ਓਹ ਅਮਰ ਹਨ ਤੇ ਹਰ ਥਾਂ ਹਨ ਤੇ ਮੇਰੇ ਨਾਲ ਹਨ, ਮੈਂ ਇਹ ਪਾਠ ਉਨ੍ਹਾਂ ਦੀ ਹਜ਼ੂਰੀ ਵਿਚ ਕਰਨ ਲਗਾ ਹਾਂ। ਜਿਵੇਂ ਉਸਤਾਦ ਦੀ ਹਜ਼ੂਰੀ ਵਿਚ ਸੰਥਯਾ ਦਿਲ ਲਾ ਕੇ ਸੁਣਾਈਦੀ ਹੈ, ਤਿਵੇਂ ਪਾਠ ਗੁਰੂ ਜੀ ਨੂੰ ਸੁਣਾਓ। ਸੋਚ ਲਓ ਜਦੋਂ ਸਬਕ ਸੁਣਾਓ ਤੇ ਉਸਤਾਦ ਸੁਣਦਾ ਹੋਵੇ ਤਾਂ ਵਿਦਯਾਰਥੀ ਦਿਲ ਲਾ ਕੇ ਸੁਣਾਉਂਦਾ ਹੈ, ਉਸਤਾਦ ਦੀ ਹਜ਼ੂਰੀ ਦਾ ਭੈ ਉਸਨੂੰ ਹੁੰਦਾ ਹੈ; ਐਉਂ ਹਜ਼ੂਰੀ ਸਮਝਕੇ ਪਾਠ ਕਰੋ। ਭਾਵ ਇਹ ਕਿ ਪਾਠ ਐਉਂ ਕਰੋ ਕਿ ਪਾਠ ਗੁਰੂ ਜੀ ਨੂੰ ਸੁਣਾ ਰਹੇ ਹੋ। ਜੇ ਮਨ ਭੱਜੇ ਤਾਂ ਭੈ ਕਰੋ ਤੇ ਮਨ ਨੂੰ ਸਮਝਾਓ ਕਿ ਹਜ਼ੂਰੀ ਵਿਚ ਬਹਿਕੇ ਮਾੜੇ ਖਯਾਲਾਂ ਵਲ ਕਿਉਂ ਜਾਂਦਾ ਹੈਂ? ਹਜ਼ੂਰੀ ਵਿਚ ਮਨ ਸਾਫ ਰੱਖੋ ਤੇ ਪਾਠ ਵਿਚ ਮਨ ਜੋੜਕੇ ਪਾਠ ਕਰੋ। ਐਉਂ ਫਿਰ ਮਨ ਸਾਫ ਹੁੰਦਾ ਜਾਂਦਾ ਹੈ ਤੇ ਜੁੜਦਾ ਜਾਂਦਾ ਹੈ। ਨਾਲੇ ਹਜ਼ੂਰੀ ਦਾ ਸਬਕ ਪੱਕਣ ਲਗ ਜਾਂਦਾ ਹੈ। ਬਾਣੀ ਜਦ ਅਪਣਾ ਅਸਰ ਕਰ ਲੈਂਦੀ ਹੈ ਤਦ ਮਨ ਸਾਫ ਹੁੰਦਾ ਜਾਂਦਾ ਹੈ, ਫਿਰ ਨਾਮ ਜਪੋ। ਜਪਦਿਆਂ ਨਾਮ ਸਿਮਰਨ ਬਣ ਜਾਂਦਾ ਹੈ। ਸਿਮਰਨ ਲਗਾਤਾਰ ਹੋ ਕੇ ਹਜ਼ੂਰੀ-ਵਾਸ ਹੋ ਜਾਂਦਾ ਹੈ। ਜੋ ਅਠ ਪਹਿਰ ਹਜ਼ੂਰੀ ਵਿਚ ਹੈ ਸੋ ਪਾਰਗਿਰਾਮੀ ਹੈ। ਅਠ ਪਹਿਰ ਮਨ ਦਾ ਪਰਵਾਹ ਸੰਕਲਪਾਂ ਵਿਕਲਪਾਂ ਵਿਚ ਹੈ, ਸੁਪਨਿਆਂ ਵਿਚ ਬੀ ਮਨ ਫੁਰਨਿਆਂ ਵਿਚ ਹੈ। ਹੇ ਸਾਧ ਸੰਗਤ ਜੀ ! ਜਦ ਮਨ ਉਡਦਾ ਹੀ ਰਹਿੰਦਾ ਹੈ ਤੇ ਮੈਲੇ ਖਿਆਲਾਂ ਵਲ ਬੀ ਜਾਂਦਾ ਰਹਿੰਦਾ ਹੈ ਤਾਂ ਇਸ ਦੇ ਜੁੜਨ ਤੇ ਸਫਾਈ ਲਈ ਜਪੁਜੀ ਸਾਹਿਬ ਦਾ ਸਤਿਸੰਗ ਬੀ ਰੋਜ਼ ਲੋੜੀਂਦਾ ਹੈ। ਫਿਰ ਇਹ ਗੁਰੂ ਜੀ ਦਾ ਹੁਕਮ ਹੈ। ਤਾਂ ਤੇ ਰੋਜ਼ ਪਾਠ ਕਰੋ।

ਸੋ ਸਾਧ ਸੰਗਤ ਜੀ! ਜਪੁਜੀ ਸੰਕਲਤ ਹੋ ਗਈ ਤਾਂ ਜਾਪਦਾ ਹੈ ਗੁਰੂ ਅੰਗਦ ਦੇਵ ਜੀ ਨੇ ਗੁਰਮੁਖੀ ਅੱਖਰ ਰਚੇ। ਤੁਸਾਂ ਵਿਚੋਂ ਕੋਈ ਸੱਜਣ ਆਖ ਸਕਦਾ ਹੈ ਕਿ ਇਹ ਗਲ ਪਰੰਪਰਾ ਤੋਂ ਚਲੀ ਆਈ ਤਾਂ ਹੈ ਪਰ ਕੋਈ ਲਿਖਤੀ ਬੀ ਹੈ ? ਤਾਂ ਸਾਧ ਸੰਗਤ ਜੀ, ਵਿਚਾਰੋ ਕਿ ਪਰੰਪਰਾ ਦੀ ਤਹਿ ਵਿਚ ਬੀ ਸੱਚ ਹੋਇਆ ਕਰਦਾ ਹੈ। ਇਹ ਵਿਚਾਰ ਫੇਰ ਕਰਾਂਗੇ। ਲਿਖਤੀ ਸਬੂਤ ਇਹ ਹੈ ਕਿ ਸ੍ਰੀ ਗੋਇੰਦਵਾਲ ਸਾਹਿਬ ਜੋ ਪੋਥੀ ਹੈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋ ਪੁਰਾਣੀ, ਜੋ ਬਾਬੇ ਮੋਹਨ ਪਾਸੋਂ ਸਹਸਾਕ


www.sikhbookclub.com

ਸਹਿਤ ਗੁਰੂ ਅਰਜਨ ਦੇਵ ਜੀ ਲੈ ਗਏ ਸਨ, ਉਸਦੇ ਵਿਚ ਇਕ ਸ਼ਬਦ ਦੇ ਬਾਹਰ ਵਾਰ ਇਸ ਤਰ੍ਹਾਂ ਇਬਾਰਤ ਲਿਖੀ ਹੋਈ ਹੈ :-

"ਗੁਰੂ ਅੰਗਦ ਗੁਰਮੁਖੀ ਅਖਰ ਬਨਾਏ ਬਾਬੇ ਦੇ ਅਗੇ ਸ਼ਬਦ ਭੇਟ ਕੀਤਾ।"

ਜਿਸ ਦਾ ਇਹ ਭਾਵ ਹੈ ਕਿ ਗੁਰਮੁਖੀ ਅੱਖਰ ਗੁਰੂ ਅੰਗਦ ਦੇਵ ਜੀ ਨੇ ਬਨਾਏ ਤੇ ਪਹਿਲਾ ਸ਼ਬਦ ਗੁਰਮੁਖੀ ਵਿਚ ਏਹ ਲਿਖਕੇ ਗੁਰੂ ਨਾਨਕ ਦੇਵ ਜੀ ਦੇ ਅੱਗੇ ਪੇਸ਼ ਕੀਤਾ।

ਮੈਨੂੰ ਚਿਰ ਹੋਇਆ ਹੈ ਦਰਸ਼ਨ ਕੀਤੇ ਪਰ ਯਾਦ ਪੈਂਦਾ ਹੈ ਕਿ ਪੰਨੇ ੨੧੯ ਦੇ ਖੱਬੇ ਪਾਸੇ ਹੈ ਤੇ ਸ਼ਬਦ ਹੈ:- ***"ਅਪੁਨੇ ਠਾਕੁਰ ਕੀ ਹਉ ਚੇਰੀ"***। ਇਸ ਤੋਂ ਸੰਭਾਵਨਾ ਹੁੰਦੀ ਹੈ ਕਿ ਆਦਿ ਗੁਰੂ ਜੀ ਨੇ ਅੱਖਰ ਪਸੰਦ ਕੀਤੇ। ਫੇਰ ਇਹ ਗਲ ਕਿ ਅੱਖਰ ਕਿਉਂ ਰਚੇ, ਤਾਂ ਸਪਸ਼ਟ ਹੈ ਕਿ ਕੁਛ ਲਿਖਣ ਲਈ ਤੇ ਕੋਈ ਵਿਸ਼ੇਸ਼ ਗਲ ਲਿਖਣ ਲਈ ਤੇ ਉਸ ਵੇਲੇ ਸਭ ਤੋਂ ਵਿਸ਼ੇਸ਼ ਗਲ ਲਿਖਣ ਵਾਲੀ ਗੁਰਬਾਣੀ ਸੀ। ਸੋ ਗੁਰਬਾਣੀ ਦਾ ਗੁਰਮੁਖੀ ਅੱਖਰਾਂ ਵਿਚ ਲਿਖਣਾ ਤਦੋਂ ਹੀ ਆਰੰਭ ਹੋਇਆ ਤੇ ਆਗਿਆ ਵਿਚ ਸ੍ਰੀ ਗੁਰੂ ਅੰਗਦ ਜੀ ਨੇ ਕੀਤਾ।

ਹੁਣ ਗੁਰੂ ਕੀ ਪਿਆਰੀ ਸਾਧ ਸੰਗਤ ਜੀ ! ਸ੍ਰੀ ਗੁਰੂ ਜੀ ਦੇ ਦੂਜੇ ਅਵਤਾਰ ਧਾਰਨ ਦੀ ਕਥਾ ਤਾਂ ਸਮਾਪਤ ਹੋਈ! ਜੇ ਕਹੋ ਤਾਂ ਦੂਜੇ ਅਵਤਾਰ ਦੇ ਲੋਪ ਹੋ ਕੇ ਪ੍ਰਗਟਣ ਦੀ ਕਥਾ ਸੁਣਾ ਦਿਆਂ, ਜਾਂ ਏਥੇ ਭੋਗ ਪਾ ਦਿਆਂ ? ਤਾਂ ਸਾਧ ਸੰਗਤ ਵਿਚੋਂ ਆਵਾਜ਼ ਆਈ ਕਿ ਮਹਾਰਾਜ ਮੁੜ ਪ੍ਰਗਟਣ ਦੀ ਕਥਾ ਸੁਣਾਕੇ ਭੋਗ ਪਾਇਆ ਜੇ।

੭.

ਤਦ ਸ੍ਰੀ ਸੰਤ ਬਿਮਲਾ ਸਿੰਘ ਜੀ ਸੀਸ ਨਿਵਾ ਕੇ ਬੋਲੇ :-

ਧੰਨ ਗੁਰੂ ਨਾਨਕ ! ਮੇਰਾ ਨਾਮ ਰੰਗਾਣਾਂ ਵਾਲਾ ਗੁਰੂ ਨਾਨਕ ਧੰਨਜ ! ਸਾਧ ਸੰਗਤ ਜੀਓ, ਗੁਰੂ ਸਭ ਨੂੰ ਤਾਰੇ। ਜਦੋਂ ਸਤਿਗੁਰੂ ਜੀ ਨੇ ਗੁਰੂ ਅੰਗਦ ਜੀ ਵਿਚ ਪ੍ਰਵੇਸ਼ ਕੀਤਾ ਤਾਂ ਸਾਰੀ ਸਾਧ ਸੰਗਤ ਨੇ ਮੱਥਾ ਟੇਕਿਆ। ਪਰ ਪੁੱਤਾਂ ਨੇ ਨਾ ਟੇਕਿਆ। ਸ੍ਰੀ ਗੁਰੂ ਜੀ ਨੇ ਆਪ ਕਿਹਾ ਤਦ ਬੀ ਨਾ ਮੰਨੇ। ਜਦੋਂ ਸ੍ਰੀ ਗੁਰੂ ਜੀ ਨੇ ਅੰਤਰ ਧਜਾਨ ਹੋਣ ਦੀ ਠਾਣ ਲਈ ਤਾਂ ਉਹਨਾਂ ਡਿੱਠਾ ਕਿ ਕਰਤਾਰਪੁਰ ਵਿੱਚ ਪੁੱਤਾਂ ਤੇ ਪਰਵਾਰ ਨੇ ਸ੍ਰੀ ਲਹਿਣਾ ਜੀ ਨੂੰ ਜਗਤ ਉਧਾਰ ਦਾ ਕੰਮ ਸੁਖ ਨਾਲ ਨਹੀਂ ਕਰਨ ਦੇਣਾ। ਸੋ ਵਿਸਵਾ ਇਸ ਲਈ, ਗੁਰੂ ਕੀ ਗਤਿ ਗੁਰੂ ਜਾਣੇ, ਪਰ ਆਪ ਨੇ ਸ੍ਰੀ ਲਹਿਣਾ ਜੀ ਨੂੰ ਖਡੂਰ ਟੋਰ ਦਿੱਤਾ। ਦਰਸ਼ਨ ਮੇਲੇ ਫੇਰ ਆਪੋ ਵਿਚ ਹੋਏ ਹਨ, ਸਗੋਂ ਗੁਰੂ ਨਾਨਕ ਦੇਵ ਜੀ ਆਪ ਖਡੂਰ ਜਾ ਕੇ ਮਿਲਦੇ ਰਹੇ ਹਨ। ਪੁਰਾਤਨ ਜਨਮ ਸਾਖੀ ਤੋਂ ਇਹ ਬੀ ਪਤਾ ਲਗਦਾ ਹੈ ਕਿ ਸਚਖੰਡ ਪਜਾਨ ਵੇਲੇ ਬੀ ਗੁਰੂ ਅੰਗਦ ਜੀ ਪਾਸ ਸਨ ਤੇ ਉਸ ਸਮੇਂ ਆਖਰੀ ਬਾਣੀ ਗੁਰੂ ਨਾਨਕ ਦੇਵ ਜੀ ਨੇ ਤੁਖਾਰੀ ਰਾਗ ਵਿਚ ਉਚਾਰੀ ਹੈ। ਤੇ ਸੋ ਵਿਸਵਾ ਗੁਰਮੁਖੀ ਅੱਖਰਾਂ ਵਿਚ ਲਿਖੀ ਗੁਰੂ ਅੰਗਦ ਦੇਵ ਜੀ ਨੇ ਆਪ ਹੈ। ਪਰ ਇਹ ਗਲ ਤਾਂ ਉਥੇ ਸਪਸ਼ਟ ਲਿਖੀ ਹੈ ਕਿ ਉਹ ਪੋਥੀ ਗੁਰੂ ਨਾਨਕ ਦੇਵ ਜੀ ਨੇ ਗੁਰੂ ਅੰਗਦ ਜੀ ਨੂੰ ਆਪ ਦਿੱਤੀ ਹੈ। ਗੁਰੂ ਜੀ ਦੇ ਅੰਤਰ ਧਿਆਨ ਹੋਣ ਮਗਰੋਂ ਸ੍ਰੀ ਗੁਰੂ ਅੰਗਦ ਦੇਵ ਜੀ ਆਗਿਆ ਮੂਜਬ ਫੇਰ ਕਰਤਾਰ ਪੁਰ ਨਹੀਂ ਰਹੇ, ਉਥੋਂ ਟੁਰ ਆਏ।*

ਲਓ ਹੁਣ ਸਾਧ ਸੰਗਤ ਜੀ ! ਪ੍ਰੇਮ ਰਾਜ ਦੇ ਅਚਰਜ ਕੌਤਕ ਤੱਕੋ, ਸ੍ਰੀ ਗੁਰੂ ਅੰਗਦ ਜੀ ਦੂਸਰੇ ਸ੍ਰੀ ਗੁਰੂ ਨਾਨਕ ਜੀ ਬਣ ਚੁਕੇ ਹਨ। ਐਥੋਂ ਤਾਈਂ ਕਿ ਸਲੋਕ ਮ: ੨ ਰਚਕੇ ਵਿਚ ਆਪ ਨੂੰ 'ਨਾਨਕ' ਲਿਖ ਚੁਕੇ ਹਨ- ***'ਨਾਨਕ ਤੇ ਮੁਖ ਉਜਲੇ ਹੋਰ ਕੇਤੀ ਛੁਟੀ ਨਾਲਿ'***॥ ਜੇ ਗੁਰੂ ਜੀ ਵਿਚ ਗਜਾਨ ਕਹੋ ਤਾਂ ਕਮਾਲ ਹੈ, ਜੇ ਰੂਹਾਨੀ ਤਾਕਤ ਕਹੋ ਤਾਂ ਕਮਾਲ ਹੈ, ਜੇ ਜੋਗ ਕਹੋ ਤਾਂ ਕਮਾਲ ਹੈ। ਕਮਾਲ ਤਾਂ

* ਸ੍ਰੀ ਗੁਰੂ ਨਾ: ਪ੍ਰ: ਤੋਂ ਪਤਾ ਲਗਦਾ ਹੈ ਕਿ ਗੁਰੂ ਅੰਗਦ ਜੀ ਗੁਰੂ ਸਾਹਿਬ ਦੇ ਅੰਤਰ ਧਿਆਨ ਹੋਣ ਤੋਂ ਪਹਿਲਾਂ ਹੀ ਆਗਿਆ ਪਾ ਕੇ ਟੁਰ ਆਏ ਸਨ।


www.sikhbookclub.com

ਆਪੇ ਹੋਇਆ ਜੋ ਧੁਰੋਂ ਗੁਰੂ ਹੋਣ ਲਈ ਆਏ ਤੇ ਆ ਕੇ ਮਿਲ ਗਈ ਮੇਹਰ ਕਾਮਿਲਾਂ ਦੇ ਸਰਦਾਰ ਦੀ। ਕਿਸੇ ਗਲ ਦੀ ਕਸਰ ਕੋਈ ਨਹੀਂ। ਪਰ ਦੇਖੋ ਪ੍ਰੇਮ ਰਾਜ ਦੇ ਰੰਗ। ਹੁਣ ਦੂਜੇ ਗੁਰੂ ਨਾਨਕ ਜੀ ਵਿਛੋੜੇ ਵਿਚ ਬਿਰਹੇ ਦੇ ਘਰ ਹਨ। ਇਹ ਪ੍ਰੇਮ ਦਾ ਕਮਾਲ ਹੈ। ਰੂਹਾਨੀ ਔਜ ਤਾਂ ਪੂਰਨ ਬੀਤਰਾਗ ਵਾਲਾ ਤੇ ਪੂਰਨ ਸਾਂਈਂ ਨਾਲ ਰਾਗ ਵਾਲਾ ਮੌਜੂਦ ਹੈ, ਪਰ ਇਨਸਾਨੀ ਅਸਲੇ ਦਾ ਕਮਾਲ ਬੀ ਪ੍ਰੇਮ ਦੇ ਘਰ ਹੀ ਹੈ। ਵਾਹ ਵਾਹ !

ਉਹ ਗੁਰੂ ਨਾਨਕ ਦੀ ਰਸਭਿੰਨੜੀ ਆਵਾਜ਼ ਨਹੀਂ ਆਉਂਦੀ। ਉਹ ਬਚਨ ਨਾਦ ਕੰਨੀ ਨਹੀਂ ਪੈਂਦਾ*। ਉਹ ਬਚਨ ਨਾਦ ਜਿਸ ਦੀ ਗੁੰਜਾਰ ਸਾਰਾ ਦਿਨ ਕੰਨੀ ਪੈਂਦੀ ਸੀ, ਜਿਸ ਦੀ ਸੰਗੀਤਕ ਲਹਿਰ ਥਰਰ ਕਰਕੇ ਸਾਰੀ ਦੇਹ ਨੂੰ ਕਿਸੇ ਰਸ ਵਿਚ ਝੂੰਮਾਂਦੀ ਰਹਿੰਦੀ ਸੀ ਕਿੱਥੇ ਹੈ ? ਹੈਂ ਉਹ ਪਜਾਰੇ ਦਰਸ਼ਨ, ਉਹ ਇਲਾਹੀ ਦਰਸ਼ਨ ਲੋਪ ਹੋ ਗਏ ! ਇਹ ਗਲ ਪ੍ਰੇਮ ਪ੍ਰਵੇਧਿਆ ਹਿਰਦਾ ਸ੍ਰੀ ਗੁਰੂ ਅੰਗਦ ਦੇਵ ਜੀ ਦਾ, ਸੁਹਲ ਤੇ ਕੋਮਲ ਹਿਰਦਾ, ਝੱਲ ਨਹੀਂ ਸਕਦਾ। ਪ੍ਰੇਮ ਝੂੰਮ ਵਿਚ ਤ੍ਰਬਕਦੇ ਹਨ ਤਾਂ ਕੀਹ ਦੇਖਦੇ ਹਨ ਕਿ ਪਜਾਰੀ ਮੂਰਤੀ ਅੱਖਾਂ ਦੇ ਸਾਹਮਣੇ ਖੜੀ ਹੈ। ਵਣ ਤ੍ਰਿਣ ਤੇ ਲਿਖੀ ਪਈ ਹੈ। ਹਾਂ ਜਾਣਦੇ ਹਨ ਕਿ ਸੰਤ ਕਦੇ ਨਹੀਂ ਮਰਦਾ, ਤੇ ਗੁਰ ਨਾਨਕ ਤਾਂ ਆਪ ਰੱਬ ਹਨ, ਰੱਬ ਰੂਪ ਹਨ, ਰੱਬ ਨੇ ਪ੍ਰਤੱਖ ਨਿਵਾਸ ਉਨ੍ਹਾਂ ਦੇ ਹਿਰਦੇ ਰਖਿਆ ਹੋਯਾ ਹੈ। ਪਰ ਫੇਰ ਪ੍ਰੇਮ ਕਹਿੰਦਾ ਹੈ, ਉਹ ਕਿਉਂ ਚਲੇ ਗਏ ਹਨ ? ਨਹੀਂ ਗਏ, ਏਥੇ ਹਨ, ਕੋਲ ਹਨ, ਅੰਦਰ ਹਨ, ਬਾਹਰ ਹਨ, ਅੰਦਰ ਬਾਹਰ ਹਨ। ਇਉਂ ਰੰਗ ਮਾਣਦੇ ਪਿਆਰਾਂ ਝਰਨਾਟਾਂ ਦੇ ਸਾਂਈਂ ਗੁਰੂ ਅੰਗਦ ਦੇਵ ਜੀ ਦੇ ਨੈਣ ਭਰਕੇ ਫੇਰ ਵੇਖਦੇ ਹਨ ਕਿ ਓਹ ਪਿਆਰੇ ਜੀ ਚਲੇ ਗਏ, ਸਾਨੂੰ ਕੱਲਿਆਂ ਛੋੜ ਗਏ। ਦੀਨ ਦੁਨੀ ਦੀਆਂ ਗੁਪਤ ਪ੍ਰਗਟ ਤਾਕਤਾਂ ਆ ਦਰਸ਼ਨ ਦੇਂਦੀਆਂ ਹਨ। 'ਗੁਰੂ ਜੀ ਤੁਸੀਂ ਕਿਉਂ ਇਕੱਲੇ ਹੋ।' ਪਰ ਹਾਇ ਪ੍ਰੇਮ ਰੰਗ ਰੱਤੇ ਗੁਰੂ ਜੀ ਕਹਿੰਦੇ ਹਨ ਪਿਆਰੇ ਬਿਨ ਇਕੱਲ ਹੈ , ਤੁਸਾਨੂੰ ਕੋਈ ਕੀਹ ਕਰੇ। ਏਥੇ ਤਾਂ ਨੀਂਦ ਭੁਖ ਖਾਣ ਪੀਣ ਕੁਛ ਸੁਖਾਉਂਦਾ ਨਹੀਂ ਹੈ। ਸਾਧ ਸੰਗਤ ਜੀ, ਇਹ ਪ੍ਰੇਮ ਜੀਵਨ ਹੈ। ਇਸ ਬਿਨ ਜੀਵਨ ਅਕਾਰਥ ਹੈ। ਸੱਚ ਲਿਖਿਆ ਹੈ ਗੁਰੂ ਬਾਬੇ ਵਿਚ ***"ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ॥ ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ॥"*** *(ਗਉੜੀ.ਬ:ਅ:੧੯-੨੫੩*

ਪ੍ਰੀਤ ਤਾਰ ਪ੍ਰੋਤੇ ਸ੍ਰੀ ਗੁਰੂ ਜੀ ਟੁਰੇ ਜਾ ਰਹੇ ਹਨ, ਥਾਂ ਥਾਂ ਬੈਠਦੇ ਹਨ, ਕਦੇ ਸਾਵਧਾਨ ਹੋ ਟੁਰਦੇ ਹਨ। ਕਦੇ ਗੁਰ ਨਾਨਕ ਰਾਗ ਵਿਚ ਬਿਹਬਲ ਇਕ ਕਦਮ ਬੀ ਨਹੀਂ ਟੁਰ ਸਕਦੇ, ਬਹਿ ਜਾਂਦੇ ਹਨ ਤੇ ਸਾਰਾ ਆਪਾ ਗੁੰਮ ਹੋ ਜਾਂਦਾ ਹੈ। ਹਾਂ ਆਪ ਅਵਧੂਤ ਬੀ ਹਨ, ਰਸਾਲ ਬੀ ਹਨ, ਰਸਿਕ ਬੀ ਹਨ, ਬੈਰਾਗੀ ਬੀ ਹਨ, ਬੀਤਰਾਗ ਬੀ ਹਨ, ਰਾਗ ਰੂਪ ਬੀ ਹਨ

ਸਾਧ ਸੰਗਤ ਜੀ ! ਇਕ ਬ੍ਰਿੱਛ ਦੀ ਡਾਲੀ ਦੀ ਸੋਟੀ ਬਣਾਈਦੀ ਹੈ ਇਸਤੇ ਕਾਰੀਗਰੀ ਖਰਚ ਕੇ, ਰੰਦ ਕੇ, ਰੰਗ ਰੋਗਨ ਕਰਕੇ, ਦੰਦਖੰਦ ਲਾ ਕੇ ਕੀਮਤੀ ਤੇ ਸੁਛ ਬਣਾ ਲਈਦੀ ਹੈ, ਪਰ ਇਹ ਲਕੜੀ ਮੁਰਦਾ ਹੈ ਮੁਰਦਾ। ਇਹ ਸੱਚ ਹੈ ਕਿ ਇਹ ਮੁੜਦੀ ਲਚਕਦੀ ਨਹੀਂ, ਇਕ ਰਸ ਹੋ ਗਈ ਹੈ। ਪਰ ਇਹ ਇਕਰਸਤਾ ਮੁਰਦਾ ਪਨ ਹੈ, ਇਸੀ ਤਰ੍ਹਾਂ ਰਸਹੀਨ ਬੀਤਰਾਗਤਾ ਮੁਰਦਾਪਨ ਹੈ। ਡਾਲੀ ਸਰਵੀ ਤੇ ਜੀਉਂਦੀ ਉਹ ਹੈ ਜੋ ਪੇੜ ਦੇ ਨਾਲ ਲੱਗੀ ਹੈ, ਤੇ ਆਪਣੇ ਤਾਣ ਵਿਚ ਬੀ ਹੈ, ਪਰ ਉਸ ਵਿਚ ਲਚਕ ਬੀ ਹੈ, ਉਹ ਖੜੀ ਬੀ ਹੈ, ਪਰ ਲਿਫਦੀ ਬੀ ਹੈ। ਸਿਆਣੇ ਸਜਣੋ ! ਜੇ ਜੀਵ ਇਕ ਸ਼ਾਖ ਹੈ, ਜੋ ਬ੍ਰਿੱਛ ਨਾਲ ਜਾ ਲੱਗੀ ਹੈ, ਜਾਂ ਸ਼ਾਖ ਲਗੀ ਹੋਈ ਪਈ ਸੀ, ਕੇਵਲ ਉਸ ਨੂੰ ਭ੍ਰਮ ਸੀ ਕਿ ਮੈਂ ਵੱਖ ਹਾਂ ਤਾਂ ਬੀ ਅੱਠੇ ਪਹਿਰ ਬ੍ਰਿੱਛ ਨਾਲ ਲੱਗੇ ਰਹਿਣਾ ਹੀ ਉਸ ਟਹਿਣੀ ਦੇ ਜੀਉਂਦਿਆਂ ਹੋਣ

---

* ਜੈਸਾ ਕਿ ਪੰਚਮ ਸਤਿਗੁਰਾਂ ਦਾ ਵ੍ਹਾਕ ਹੈ।

ਹਰਿ ਜੀਉ ਕੇ ਦਰਸਨ ਕਉ ਕੁਰਬਾਨੀ॥ ਬਚਨ ਨਾਦ ਮੇਰੇ ਸ੍ਰਵਨਹੁ ਪੂਰੇ ਦੇਹਾ ਪ੍ਰਿਅ ਅੰਕਿ ਸਮਾਨੀ॥

(ਸਾਰੰਗ ਮ: ੫-੧੨੧੦)

 www.sikhbookclub.com

ਦੀ ਨਿਸ਼ਾਨੀ ਹੈ। ਉਹ ਸੋਟੀ ਵਾਂਙੂ ਅਮੁੜ, ਅਹਿੱਲ, ਅਝੁਕ ਇਕਰਸਤਾ ਵਿਚ ਨਹੀਂ। ਉਹ ਪੱਕੀ ਹੈ, ਅਪਣੇ ਤਾਣ ਹੈ, ਇਕ ਰਸ ਹੈ, ਪਰ ਲਚਕਦੀ ਹੈ, ਝੂੰਮਦੀ ਹੈ, ਹਵਾ ਜਦ ਆ ਕੇ ਉਸਦੇ ਗਲ ਲਗਦੀ ਹੈ ਤਾਂ ਸੰਗੀਤ ਧੁਨ ਉਸਤੋਂ ਨਿਕਲਦੀ ਹੈ। ਕੁਛ ਐਉਂ ਦਾ ਰੰਗ ਹੁੰਦਾ ਹੈ ਉਹ ਪ੍ਰੇਮੀ ਦਾ ਜੋ ਸਾਂਈਂ ਜੀ ਨਾਲ ਜੁੜਿਆ ਹੈ। ਸੋ ਸੰਸਾ ਨਹੀਂ ਕਰਨਾ ਕਿ ਪੂਰਨ ਬ੍ਰਹਮ ਗਯਾਨੀ ਤੇ ਅਵਤਾਰ ਹੋ ਕੇ, ਗੁਰੂ ਅੰਗਦ ਜੀ ਪ੍ਰੇਮ ਤੇ ਬਿਰਹੇ ਵਿਚ ਕਿਉਂ ਹਨ।

ਇਸ ਕਥਾ ਵਿਚ ਇਕ ਜੈਨੀ, ਵਿਦਯਾ ਪਾ ਕੇ ਘਰ ਆਇਆ ਹੋਇਆ, ਬੈਠਾ ਸੀ। ਇਹ ਸੱਜਣ ਜੈਨੀ ਸੀ ਪਰ ਉਂਞ ਸਾਰਗ੍ਰਾਹੀ ਸੀ ਤੇ ਮਤਿ ਭੇਦ ਵਿਚ ਘੱਟ ਵਰਤਦਾ ਸੀ, ਇਸਨੇ ਨੌਵੇਂ ਪਾਤਸ਼ਾਹ ਦੇ ਸਲੋਕ ਪੜ੍ਹੇ ਹੋਏ ਸਨ। ਜਦ ਕੋਈ ਪੰਜਾਬੀ ਭਰਾ ਇਸ ਤੋਂ ਪੁੱਛੇ ਕਿ ਅਪਣੇ ਮਤ ਦੀ ਮੁਕਤੀ ਦਾ ਸਰੂਪ ਦੱਸੋ ਤਾਂ ਆਪ ਆਖਦਾ ਹੁੰਦਾ ਸੀ ਨੌਵੀਂ ਪਾਤਸ਼ਾਹੀ ਦੇ ਸਲੋਕ ਪੜ੍ਹ ਲਓ। ਇਹ ਸੱਜਨ ਸੰਤਾਂ ਦੇ ਬਚਨ ਸੁਣਕੇ ਉਠਿਆ ਤੇ ਬੋਲਿਆ :-

ਸੰਤ ਜੀ ਆਪ ਦੀ ਕਥਾ ਸੁਣਕੇ ਰਸ ਆ ਰਿਹਾ ਹੈ। ਮੈਂ ਜੋ ਬੀਤਰਾਗਤਾ ਦਾ ਆਦਰਸ਼ ਚੰਗੀ ਤਰ੍ਹਾਂ ਜਾਣਦਾ ਹਾਂ ਇਸ ਵੇਲੇ ਪਿਆਰ ਦੀਆਂ ਝਰਨਾਟਾਂ ਮੇਰੇ ਅੰਦਰ ਬੀ ਲੰਘੀਆਂ ਹਨ ਪਰ ਕਿਰਪਾ ਕਰਕੇ ਦੱਸੋ ਕਿ ਨੌਵੀਂ ਪਾਤਸ਼ਾਹੀ ਦੇ ਸਲੋਕਾਂ ਵਿਚ ਤਾਂ ਲਿਖਿਆ ਹੈ *'ਹਰਖ ਸੋਗ ਜਾ ਕੈ ਨਹੀਂ ਬੈਰੀ ਮੀਤ ਸਮਾਨ॥'* ਪੁਨਾ :-*'ਕੰਚਨ ਲੋਹ ਸਮਾਨਿ।'* ਪੁਨਾ :-*'ਜੋ ਪ੍ਰਾਨੀ ਮਮਤਾ ਤਜੈ'*। ਇਹ ਵੀਚਾਰਕੇ ਕ੍ਰਿਪਾ ਕਰਕੇ ਦਸੋ ਕਿ ਕਿਆ 'ਪ੍ਰੇਮ' ਬੰਧਨ ਨਹੀਂ ਹੈ ? ਅਗਯਾਨ ਨਹੀਂ ਹੈ ? ਖਿਮਾ ਕਰਨੀ ਮੈਂ ਰਸ ਭੰਗ ਕਰ ਰਿਹਾ ਹਾਂ, ਆਪ ਦੇ ਪ੍ਰੇਮ ਕਥਨ ਦਾ ਆਨੰਦ ਆ ਰਿਹਾ ਸੀ, ਪਰ ਮੈਥੋਂ ਰਹਿ ਨਹੀਂ ਹੋਇਆ। ਬੇਅਦਬੀ ਦੀ ਖਿਮਾ ਕਰਨੀ ਤੇ ਅਪਣੀ ਰਸਨਾਂ ਤੋਂ ਗੁਲਾਬ ਪੰਖੜੀਆਂ ਦਾ ਮੀਂਹ ਵਸਾ ਦੇਣਾ।

ਸੰਤ ਜੀ-ਦੂਲੇ ਸਜਣਾਂ ! ਤੁਸਾਂ ਚੰਗੀ ਵਿਚਾਰ ਕੀਤੀ ਹੈ। ਵਿਚਾਰ ਕਰਕੇ ਸ਼ੰਕੇ ਨਵਿਰਤ ਹੁੰਦੇ ਹਨ, ਸੰਕੇ ਨਵਿਰਤ ਹੋਇਆਂ ਨਿਸ਼ਚੇ ਦੇ ਘਰ ਜਾਈਦਾ ਹੈ, ਨਿਸ਼ਚੇ ਦੇ ਘਰ ਤੋਂ ਅਗਲਾ ਉਸਦੇ ਨਾਲ ਹੀ ਲਗਦਾ ਘਰ ਤੱਤ੍ਵ ਗਯਾਨ ਦਾ ਘਰ ਹੈ, ਜੈਸਾ ਕਿ ਦਾਤਾ ਜੀ ਨੇ ਫੁਰਮਾਇਆ ਹੈ *"ਜਾ ਕੈ ਰਿਦੈ ਬਿਸ੍ਵਾਸੁ ਪ੍ਰਭ ਆਇਆ॥ ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ"* (ਸੁਖਮਨੀ)। ਸੋ ਭਾਈ ਮੈਂ ਉਦਾਸ ਨਹੀਂ। ਕਥਾ ਦੇ ਪ੍ਰਵਾਹ ਵਿਚ ਅਟਕਾਉ ਤਾਂ ਪੈਂਦਾ ਹੈ, ਪਰ ਮੈਂ ਪ੍ਰਸ਼ਨ ਹੋਣ ਤੇ ਉਦਾਸੀ ਨਹੀਂ ਮੰਨਦਾ। ਕਿਉਂਕਿ ਕਿਸੇ ਨੇ ਮੇਹਰ ਕਰਕੇ ਮੇਰੇ ਭ੍ਰਮ ਦੇ ਛੌੜ ਕੱਟੇ ਸਨ, ਹੁਣ ਮੇਰਾ ਧਰਮ ਹੈ ਕਿ ਇਸ ਪੱਖ ਵਿਚ ਮੈਂ ਸੇਵਾ ਕਰਾਂ। ਸੋ ਭਾਈ ਸੁਣੋ, ਜੋ ਇਸ ਦਾਸ ਦੀ ਬੁੱਧੀ ਵਿਚ ਸਮਾ ਰਿਹਾ ਹੈ। ਨੌਵੇਂ ਪਾਤਸ਼ਾਹ ਨੇ ਬ੍ਰਹਮ ਗਿਆਨੀ ਦੇ ਲੱਛਣ ਉੱਪਰਲੀਆਂ ਤੁਕਾਂ ਵਿਚ ਦੱਸੇ ਹਨ। ਬ੍ਰਹਮ ਗਿਆਨੀ ਵਾਲੇਵੇ ਵਿਚ ਨਹੀਂ ਵਸਦਾ। ਵਾਲੇਵਾ ਹੈ ਜਗਤ ਦਾ ਮੋਹ ਤੇ ਰਾਗ ਦ੍ਵੈਖ ਤੇ ਹਰਖ ਸ਼ੋਕ। ਇਨ੍ਹਾ ਵਿਚ ਆ ਕੇ ਜੋ ਪੀੜਤ ਹੁੰਦਾ ਹੈ ਸੋ ਅੱਗਯਾਨ ਵਿਚ ਹੈ, ਜੋ ਸੁੱਧ ਪਿਆਰ ਵਿਚ, ਸੁੱਧ ਪ੍ਰੇਮ ਵਿਚ ਹੈ, ਜਿਸ ਵਿਚ ਕਿ ਮੋਹ, ਰਾਗ, ਦ੍ਵੈਖ ਤੇ ਹਰਖ ਸ਼ੋਕ ਨਹੀਂ, ਉਹ ਅੱਗਯਾਨ ਵਿਚ ਨਹੀਂ ਹੈ। ਇਸ ਪਰ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਵਾਕ ਹੈ:-

*ਨਾਨਕ ਰੁੰਨਾ ਬਾਬਾ ਜਾਣੀਐ ਜੇ ਰੋਵੈ ਲਾਇ ਪਿਆਰੋ॥*
*ਵਾਲੇਵੇ ਕਾਰਣਿ ਬਾਬਾ ਰੋਈਐ ਰੋਵਣੁ ਸਗਲ ਬਿਕਾਰੋ॥* (ਵਡ: ਮ-੧ - ੫੭੯

ਸੋ ਸਾਡੇ ਆਦਿ ਦੇਵ ਗੁਰੂ ਨਾਨਕ ਦੇਵ ਜੀ ਨੇ ਧ੍ਰੁਵਾ ਬੰਨ੍ਹ ਦਿੱਤਾ ਹੈ ਕਿ ਸੁਧ ਪਿਆਰ ਵਿਚ ਵੈਰਾਗਵਾਨ ਹੋਣਾ ਬੰਧਾਇਮਾਨਤਾ ਤੇ ਅੱਗਯਾਨ ਨਹੀਂ ਪਰ ਵਾਲੇਵੇ ਦਾ ਰੋਣਾ ਵਿਕਾਰ ਰੂਪ ਹੈ। ਗਿਆਨ ਦਾ ਬਾਧਕ ਹੈ। ਹੁਣ ਆਪ ਨੌਵੇਂ ਪਾਤਸ਼ਾਹ ਦੇ ਸਲੋਕਾਂ ਦਾ ਹੀ ਪਾਠ ਕਰੋ। ਉਥੇ ਇਹ ਵੀ ਲਿਖਿਆ ਹੈ :-


www.sikhbookclub.com

*ਜੋ ਪ੍ਰਾਨੀ ਨਿਸਿ ਦਿਨੁ ਭਜੈ ਰੂਪ ਰਾਮ ਤਿਹ ਜਾਨੁ॥*
*ਹਰਿ ਜਨ ਹਰਿ ਅੰਤਰੁ ਨਹੀ ਨਾਨਕ ਸਾਚੀ ਮਾਨੁ॥੨੯॥*

ਇਥੇ ਦਿਨ ਰਾਤ ਭਜਨ ਕਰਨ ਵਾਲੇ ਨੂੰ ਹਰੀ ਦਾ ਰੂਪ ਕਿਹਾ ਹੈ। ਹਰੀ ਦੇ ਰੂਪ ਵਿਚ ਵਿਆਖਿਆ ਕੀਤੀ ਹੈ ਕਿ ਉਸਦੇ ਤੇ ਹਰੀ ਦੇ ਵਿਚ ਕੋਈ ਫ਼ਰਕ ਨਹੀਂ। ਸੋ ਦੇਖੋ ਬ੍ਰਹਮ ਰੂਪ ਹੋਏ ਯਾ ਬ੍ਰਹਮ ਗਿਆਨੀ ਦਾ ਇਕ ਲੱਛਣ 'ਸਿਮਰਨ' ਆਇਆ ਹੈ। ਫਿਰ ਨੌਵੇਂ ਗੁਰਾਂ ਨੇ ਫ਼ੁਰਮਾਇਆ ਹੈ:-

*'ਜਿਹ ਘਟਿ ਸਿਮਰਨੁ ਰਾਮ ਕੋ ਸੋ ਨਰੁ ਮੁਕਤਾ ਜਾਨੁ॥'* ਅਰਥਾਤ ਸਿਮਰਨ ਵਾਲਾ ਬੰਦਾ 'ਮੁਕਤ ਪੁਰਖ' ਹੈ। ਅਤੇ ਮੁਕਤ ਪੁਰਖ ਤੇ ਬ੍ਰਹਮ ਗਿਆਨੀ, ਤੇ ਬੀਤਰਾਗ ਤੇ ਗਜਾਨਵਾਨ ਸਾਰੇ ਪਦ ਇੱਕੋ ਗਲ ਦੇ ਸੂਚਕ ਹੈਨ।

ਆਪ ਸੰਸਕ੍ਰਿਤ ਪੜ੍ਹੇ ਹੋ, ਇਕ ਵਿਚਾਰ ਇਸ ਵਿੱਦਯਾ ਦੀ ਬੀ ਕਰ ਲਓ ਕਿ 'ਸਮਰਸ:' ਨਾਮ ਹੈ ਪਿਆਰ ਦਾ, ਤੇ 'ਸਮਰਣ' ਨਾਮ ਹੈ 'ਯਾਦ ਕਰਨ' ਦਾ, ਤੇ ਦੋਹਾਂ ਪਦਾਂ ਦਾ ਧਾਤੂ ਹੈ ਸਮ੍ਰੀ ਅਰਥਾਤ 'ਯਾਦ ਕਰਨਾ'। ਦੁਏ ਪਦ ਇਕੋ ਧਾਤੂ ਤੋਂ ਬਣੇ ਹਨ, ਇਸ ਲਈ ਦੋਹਾਂ ਪਦਾਂ ਦੇ ਅਰਥ ਵਿਚ ਇਕ ਏਕਤਾ ਹੈ। ਉਹ ਏਕਤਾ ਕੀ ਹੈ ? ਸਿਮਰਣ ਕਰਨਾ ਤੇ ਪ੍ਰੇਮ ਕਰਨਾ ਕਿਸੇ ਸ਼ਕਲ ਵਿਚ ਇੱਕੋ ਹੈਨ। ਜਿਸ ਨੂੰ ਪ੍ਰੇਮ ਹੁੰਦਾ ਹੈ ਓਹ ਪਿਆਰੇ ਨੂੰ ਯਾਦ ਰਖਦਾ ਹੈ। ਜਿਸ ਨੂੰ ਕਿਸੇ ਦੀ ਨਿਰੰਤਰ ਯਾਦ ਦਾ ਅੱਭਯਾਸ ਕਰਾਓ ਇਸ ਨਿਸਚੇ ਨਾਲ ਕਿ ਇਹ ਪ੍ਰਿਯਾ ਵਸਤੂ ਹੈ ਤਾਂ ਉਸ ਦਾ ਸਿਮਰਣ ਕਰਨਾ ਕਿਸੇ ਦਿਨ ਨੂੰ ਪ੍ਰੇਮ ਬਣ ਜਾਂਦਾ ਹੈ। ਸਿਮਰਣ ਪ੍ਰੇਮ ਦਾ ਹੀ ਇਕ ਸਰੂਪ ਹੈ। ਪਿਆਰੇ ਦੇ ਪ੍ਰੇਮ ਦਾ ਵਿਦਤ ਸਰੂਪ ਸਾਡੇ ਅੰਦਰ ਸਿਮਰਣ (ਯਾਦ) ਹੀ ਹੁੰਦਾ ਹੈ। ਇਸ ਕਰਕੇ ਸਤਿਗੁਰ ਨੇ ਮੁਕਤ ਪੁਰਖ ਦਾ ਇਕ ਚਿੰਨ੍ਹ ਨਿਰੰਤਰ ਸਿਮਰਣ ਯਾ ਪ੍ਰੇਮ ਦੱਸਿਆ ਹੈ। ਸੋ ਸਦਾ ਮੁਕਤ ਗੁਰੂ ਅੰਗਦ ਜੀ ਪ੍ਰੇਮ ਵਿਚ ਹੈਨ। ਵਾਲੇਵੇ ਵਿਚ ਨਹੀਂ ਹੈਨ। ਸੁਧ ਭਾਵ ਸੁੱਧ ਪ੍ਰੇਮ, ਸੁੱਧ ਸਿਮਰਣ ਉਨ੍ਹਾਂ ਦੇ ਅੰਦਰ ਹੈ। ਗੁਰੂ ਨਾਨਕ ਨੂੰ ਉਨ੍ਹਾਂ ਰਬ ਰੂਪ ਸਿਞਾਤਾ ਸੀ, ਰਬ ਦੀ ਹੀ ਕਲਾ ਦੇਹ ਧਾਰਕੇ ਜਗਤ ਤੇ ਆਈ ਸੀ, ਆਪ ਬੀ ਉਹੀ ਰੂਪ ਹੈਨ।

ਫਿਰ ਇਕ ਹੋਰ ਵੀਚਾਰ ਹੈ। ਨਿਰਾ ਵੈਰਾਗ ਜਗਤ ਤੋਂ ਤਾਂ ਤ੍ਰੋੜ ਦੇਂਦਾ ਹੈ, ਪਰ ਬੰਨ੍ਹਦਾ ਕਿਸੇ ਨਾਲ ਨਹੀਂ : ਕਿਸੇ ਘਰ ਦੀ ਚੂਥੀ ਪੁੱਟ ਦਿਓ ਇਹ ਤਾਂ ਹੈ ਵੈਰਾਗ। ਇਸ ਕਰਨ ਨਾਲ ਜਦ ਹਨੇਰੀ ਵਗੇਗੀ ਤਾਂ ਬੂਹੇ ਫਟ ਫਟ ਵੱਜਣਗੇ ਤੇ ਢੈ ਢੈ ਪੈਣਗੇ। ਚੂਥੀ ਪੁੱਟਕੇ ਕਬਜ਼ੇ ਲਾਓ ਤਾਂ ਕੋਈ ਉੱਨਤੀ ਹੋਈ ਨਹੀਂ ਤਾਂ ਅਵੁੱਨਤੀ। ਸੋ ਵੈਰਾਗ ਤਾਂ ਸਫਲ ਹੈ ਜੇ ਅੰਦਰਲਾ ਸਾਡਾ ਵਾਹਿਗੁਰੂ ਦੇ ਰਾਗ ਵਿਚ ਬੱਝ ਜਾਵੇ। ਇਹ ਵੀਚਾਰ ਦਸਦੀ ਹੈ ਕਿ ਅਨਿਸਥਿਰ ਜਗਤ ਤੋਂ ਵੈਰਾਗ ਕਰਕੇ ਸਦਾ ਅਟੱਲ ਸਾਂਈਂ ਨਾਲ ਰਾਗ ਕਰਨਾ ਹੀ ਉੱਨਤੀ ਹੈ। ਹੋਰ ਦੇਖੋ ਪੰਚਮ ਸਤਿਗੁਰੂ ਜੀ ਨੇ ਫੁਰਮਾਯਾ ਹੈ:-

*'ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ॥*
*ਮਿਟਿਓ ਅੰਧੇਰੁ ਮਿਲਤ ਹਰਿ ਨਾਨਕ ਜਨਮ ਜਨਮ ਕੀ ਸੋਈ ਜਾਗੀ॥'* (ਗਉ: ਪੂ: ਮ:੫-੨੦੪

ਇੱਥੇ ਇਕ ਪਦ ਵਰਤਿਆ ਹੈ 'ਰਸਿਕ ਬੈਰਾਗੀ'। ਵੈਰਾਗ ਤੇ ਰਸ ਦੋ ਉਲਟ ਚੀਜ਼ਾਂ ਹਨ। ਪਰ ਗੁਰੂ ਨਾਨਕ ਦੇਵ ਜੀ 'ਰਸਿਕ ਬੈਰਾਗੀ' ਹੈਨ। ਭਾਵ ਉਹੋ ਹੈ ਜੋ ਬ੍ਰਿੱਛ ਨਾਲ ਲਗੀ ਝੂੰਮਦੀ ਟਾਹਣੀ ਦਾ ਮੈਂ ਦੱਸ ਚੁਕਾ ਹਾਂ। ਇਹ ਟਾਹਣੀ ਸਾਕਤ ਲੱਕੜੀਆਂ ਤੋਂ ਵੈਰਾਗੀ ਹੈ ਪਰ ਬ੍ਰਿੱਛ ਨਾਲ ਰਸਿਕ ਹੈ। ਵਿਚਾਰ ਲਓ ਕਿ ਦੂਜੇ ਰੂਪ ਵਿਚ ਬੀ ਗੁਰੂ ਨਾਨਕ ਦੇਵ ਜੀ ਰਸਿਕ ਬੈਰਾਗੀ ਹਨ, ਪੂਰਨ ਵੈਰਾਗ ਬੀਤਰਾਗਤਾ ਵਿਚ ਇਸਥਿਤ ਹਨ, ਪਰ ਨਾਲ ਹੀ ਪ੍ਰੇਮ ਭਾਵ ਦੇ ਰਸਿਕ ਬੀ ਪੂਰੇ ਹੈਨ। ਫਿਰ ਸ਼ਾਸਤ੍ਰਾਂ ਦੀ ਬੀ ਵਿਚਾਰ ਕਰ ਲਓ ਕਿ ਵਾਹਿਗੁਰੂ ਦੇ ਸਰੂਪ ਨੂੰ ਵਰਨਣ ਕਰਦਿਆਂ ਉਸ ਨੂੰ 'ਪ੍ਰੇਯ' ਆਖਿਆ ਹੈ, ਅਰਥਾਤ ਉਹ ਪ੍ਰੇਮ ਹੈ। ਪ੍ਰੇਮ ਸਰੂਪ ਦਾ ਅਨੁਭਵ ਰਸਿਕ ਬਿਨਾ ਕੀਕੂੰ ਹੋ ਸਕਦਾ ਹੈ ?

ਸੋ ਗੁਰੂ ਜੀ ਹਰਖ, ਸ਼ੋਕ, ਰਾਗ, ਦ੍ਵੈਖ, ਮੋਹ, ਮਾਯਾ ਤੋਂ ਅਤੀਤ ਹੋਣ ਕਰਕੇ ਬੀਤ-ਰਾਗ ਹੈਨ,


www.sikhbookclub.com

ਪ੍ਰੇਮ ਪੁੰਜ ਹੋਣ ਕਰਕੇ ਰਸਿਕ ਹੈਨ, 'ਰਸਿਕ ਬੈਰਾਗੀ' ਜੀਵਨ ਪਦਵੀ ਹੈ। ਸੋ ਗੁਰੂ ਜੀ ਦਾ ਬਿਰਹਾ ਮਹਾਨ
ਉੱਚਾ ਸੁੱਚਾ ਜੀਵਨ ਹੁਲਾਰਾ ਹੈ, ਜ਼ਿੰਦਗੀ ਹੈ। ਕਿਉਂ ਜੀ ਠੀਕ ਹੈ ਕਿ ਹੋਰ ਵਿਸਥਾਰ ਕਰਾਂ, ਆਪ ਵਿੱਦ੍ਵਾਨ
ਹੋ।

ਜੈਨ ਸਜਣ-ਮਹਾਰਾਜ ਠੀਕ ਹੈ, ਬੜੀ ਕਿਰਪਾਲਤਾ ਹੈ।

ਸੰਤ-ਫਿਰ ਸਜਣੋਂ ਪ੍ਰੇਮ ਰਸ ਦੇ ਰਸਿਕ ਗੁਰੂ ਅੰਗਦ ਜੀ ਆਏ,-ਆਪਣੇ ਦਾਤਾ ਜੀ ਦੇ ਕਰਤਾਰ ਪੁਰੋਂ
ਆ ਗਏ ਖਡੂਰ ਵਿਚ। ਤਖਤ ਮਲ ਚੌਧਰੀ ਤੇ ਹੋਰ ਆਪਣੇ ਪਰਾਏ ਨੂੰ ਨਹੀਂ ਮਿਲੇ। ਸਿੱਧੇ ਮਾਈ ਭਰਾਈ
ਦੇ ਘਰ ਗਏ,[1] ਤੇ ਆਖਣ ਲਗੇ:-'ਇਕ ਕੋਠੇ ਵਿਚ ਸਾਨੂੰ ਟਿਕਾਣਾ ਦੇ ਦੇ, ਤੇ ਇਸ ਕੋਠੇ, ਦਾ ਬੂਹਾ ਬਾਹਰਲਾ
ਚਿਣਦੇ; ਅਸੀਂ ਟਿਕਕੇ ਬੈਠਣਾ ਹੈ। ਤੂੰ ਕਿਸੇ ਨੂੰ ਸਾਡਾ ਪਤਾ ਨਹੀਂ ਦੇਣਾ।' ਮਾਈ ਨੇ ਹੁਕਮ ਮੰਨ ਲਿਆ।
ਉਹ ਗੁਰੂ ਨਾਨਕ ਦੇਵ ਜੀ ਦੀ ਤਾਰੀ ਸ੍ਰੀ ਗੁਰੂ ਜੀ ਨੂੰ ਸਤਿਗੁਰੂ ਨਾਨਕ ਦੇਵ ਹੀ ਸਮਝਦੀ ਸੀ। ਅੰਦਰ
ਬੈਠਣ ਨੂੰ ਤਖਤ ਪੋਸ਼ ਤੇ ਥੋੜਾ ਸੁਖ ਦਾ ਸਾਮਾਨ ਰੱਖਕੇ, ਕੁੰਡਾ ਮਾਰ ਬਾਹਰਲਾ ਬੂਹਾ ਚਿਣ ਦਿਤਾ। ਗੁਰੂ
ਜੀ ਜਿਉਂ ਆਪਣੇ ਪ੍ਰੀਤਮ ਦੇ ਰੰਗ ਵਿਚ ਬੈਠੇ ਹਨ ਬੈਠ ਗਏ। ਇਕੋ ਖਿਚ ਜੋ ਖਾਧੀ ਹੋਈ ਹੈ ਉਸੇ ਮੰਡਲ
ਵਿਚ ਬੈਠੇ ਗਏ ਤੇ ਟਿਕ ਗਏ ਤੇ ਆਪਣੇ ਪ੍ਰਾਏ, ਘਰ ਬਾਰ, ਇਸਤ੍ਰੀ ਪੁੱਤ੍ਰ ਪਦਾਰਥ ਕਿਸੇ ਨਾਲ ਸਬੰਧ ਨਹੀਂ
ਹੈ। ਹੈ ਨਾਂ ਪੂਰਨ ਬੀਤਰਾਗਤਾ ਪਰ ਅੰਦਰ ਜੀਵਨ ਕਣੀ ਪ੍ਰੇਮ ਦੀ ਦਗ ਦਗ ਕਰ ਰਹੀ ਹੈ। ਛੇ ਮਹੀਨੇ
ਇਸੇ ਤਰ੍ਹਾਂ ਬੀਤ ਗਏ।

ਹੁਣ ਦੂਜੇ ਪਾਸੇ ਦਾ ਹਾਲ ਸੁਣੋਂ। ਕਰਤਾਰ ਪੁਰੋਂ ਪਹਿਲੇ ਗੁਰੂ ਨਾਨਕ ਦੇਵ ਜੀ ਤਾਂ ਅੰਤਰ ਧਿਆਨ
ਹੋ ਗਏ ਤੇ ਦੂਸਰੇ ਗੁਰੂ ਜੀ ਖਡੂਰ ਪੁੱਜ ਕੇ ਅੰਤਰ ਧਯਾਨ ਧਾਰ ਕੇ ਬੈਠ ਗਏ ਹਨ ਤੇ ਪਤਾ ਕਿਸੇ ਨੂੰ ਨਹੀਂ,
ਕੀਰਤਨ ਕਰਨ ਵਾਲੇ ਉਥੋਂ ਟੁਰ ਗਏ[2]। ਮੁਖੀ ਮੁਖੀ ਸਿੱਖ ਬਾਬੇ ਬੁੱਢੇ ਵਰਗੇ, ਸਧਾਰਨੇ ਵਰਗੇ, ਭਗੀਰਥ
ਵਰਗੇ, ਘਰੋ ਘਰੀ ਜਾ ਬੈਠੇ। ਜਦੋਂ ਕੇਵਟ ਟੁਰ ਗਏ, ਚੱਪੇ ਟੁਰ ਗਏ, ਬੇੜੀ ਟੁਰ ਗਈ ਤਾਂ ਕਰਤਾਰ ਪੁਰੇ
ਕੌਣ ਆਵੇ ਜਾਵੇ। ਕੋਈ ਪ੍ਰੇਮੀ ਜਿਸ ਨੂੰ ਪਤਾ ਨਹੀਂ ਲੱਗਾ ਆਵੇ ਤਾਂ ਉਸਨੂੰ ਜੇ ਇਹ ਪਤਾ ਲੱਗ ਜਾਵੇ ਕਿ
ਗੁਰੂ ਜੀ ਜੋਤੀ ਜੋਤ ਸਮਾ ਗਏ ਹਨ ਤੇ ਦੂਸਰਾ ਰੂਪ ਉਨ੍ਹਾਂ ਦਾ ਏਥੇ ਨਹੀਂ ਹੈ। ਸੋ ਬਾਬੇ ਸ੍ਰੀ ਚੰਦ ਜੀ ਤੇ
ਬਾਬੇ ਲੱਖਮੀ ਚੰਦ ਜੀ ਦਾ, ਗੁਰੂ ਸਪੁਤ੍ਰ ਜਾਣਕੇ ਦਰਸ਼ਨ ਕਰਕੇ ਮੁੜ ਜਾਵੇ। ਇਸ ਤਰ੍ਹਾਂ ਗੁਰੂ ਨਾਨਕ ਪ੍ਰੇਮੀ
ਸਿਖ ਗੁਰੂ ਬਿਨਾ ਵਿਆਕੁਲ ਹੋਣ ਲੱਗੇ। ਕੁਛ ਸਿਆਣੇ ਭਾਈ ਬੁੱਢਾ ਜੀ ਕੋਲ ਉਨ੍ਹਾਂ ਦੇ ਗਿਰਾਂ ਗਏ। ਭਾਈ
ਸਧਾਰਨੇ ਵਰਗੇ ਸਿਆਣੇ ਬੀ ਪਹੁੰਚੇ। ਲੱਗੀਆਂ ਵਿਚਾਰਾਂ ਹੋਣ। ਸੰਗਤ ਆਖੇ 'ਹੇ ਭਾਈ ਬੁੱਢਾ ਤੇਰੇ ਪਰ
ਗੁਰੂ ਨਾਨਕ ਦੀ ਅਤਿ ਮੇਹਰ ਸੀ, ਤੇਰੀ ਗਤੀ ਪੂਰਨ ਪੁਰਖ ਦੀ ਹੈ। ਤੂੰ ਗੁਰੂ ਨਾਨਕ ਨੂੰ ਗੁਰੂ ਅੰਗਦ
ਵਿਚ ਸਿਞਾਤਾ ਸੀ ਤੇ ਸਭ ਤੋਂ ਪਹਿਲਾਂ ਤੂੰ ਗੁਰੂ ਨਾਨਕ ਨੂੰ ਨਵੇਂ ਰੂਪ ਵਿਚ ਮੱਥਾ ਟੇਕਿਆ ਸੀ। ਤੈਨੂੰ ਗੁਰੂ
ਜੀ ਨੇ ਵਰ ਦਿਤਾ ਸੀ। ਤੂੰ ਹੁਣ ਬੀ ਸਿਆਣਦਾ ਹੈਂ, ਕਿ ਗੁਰੂ ਕਿੱਥੇ ਹੈ। ਸੰਗਤਾਂ ਨੂੰ ਗੁਰੂ ਮਿਲਾ, ਗੁਰੂ
ਤੇਰਾ ਭਲਾ ਕਰੇ'। ਸੰਗਤ ਦੀ ਆਗਿਆ ਮੰਨਕੇ ਭਾਈ ਜੀ ਨੇ ਕੜਾਹ ਪ੍ਰਸਾਦਿ ਕੀਤਾ ਤੇ ਸ੍ਰੀ ਗੁਰੂ ਨਾਨਕ
ਦੇਵ ਜੀ ਮੂਹਰੇ ਅਰਦਾਸ ਕੀਤੀ ਤੇ ਫੇਰ ਧਿਆਨ ਜੋੜ ਕੇ ਬੈਠ ਗਏ। ਜਾਂ ਉਠੇ ਤੇ ਆਖਣ ਲਗੇ ਕਿ ਗੁਰੂ
ਕੀ ਸਾਧ ਸੰਗਤ ਜੀ ! ਸਤਿਗੁਰੂ ਖਡੂਰ ਹਨ। ਤਦ ਉਨ੍ਹਾਂ ਸਿੱਖਾਂ ਨੇ, ਜਿਨ੍ਹਾਂ ਨੇ ਸੁਣਿਆਂ ਸੀ ਕਿ ਗੁਰੂ ਨਾਨਕ
ਦੇਵ ਜੀ ਨੇ ਗੁਰੂ ਅੰਗਦ ਦੇਵ ਜੀ ਨੂੰ ਖਡੂਰ ਰਹਿਣ ਦੀ ਆਗਿਆ ਕੀਤੀ ਹੈ, ਬੋਲੇ ਕਿ ਮਹਾਂ ਪੁਰਖ ਜੀ
ਅਸੀਂ ਖਡੂਰ ਹੋ ਆਏ ਹਾਂ ਓਥੇ ਗੁਰੂ ਜੀ ਨਹੀਂ ਹਨ। ਉਨ੍ਹਾਂ ਦੇ ਆਪਣੇ ਘਰ ਬੀ ਹੋ ਆਏ ਹਾਂ ਤੇ ਬਨ
ਬੇਲੇ ਬੀ ਤੱਕ ਆਏ ਹਾਂ। ਤਦ ਭਾਈ ਬੁੱਢੇ ਆਖਿਆ: ਹੈਨ ਤਾਂ ਓਥੇ ਹੀ। ਚਲੋ ਭਾਲ ਕਰੀਏ। ਐਉਂ

1. ਮਾਈ ਜੀ ਆਪ ਦੇ ਭੂਆ ਜੀ ਸਨ।
2. ਮਹਿਮਾ ਪ੍ਰਕਾਸ਼ ਵਿਚ ਲਿਖਿਆ ਹੈ ਕਿ ਬਲਵੰਡ ਰਬਾਬੀ ਨੂੰ ਗੁਰੂ ਨਾਨਕ ਦੇਵ ਜੀ ਨੇ ਗੁਰੂ ਅੰਗਦ ਦੇਵ ਜੀ ਨਾਲ ਰਹਿਣ ਵਾਸਤੇ ਕਰਤਾਰ ਪੁਰੋਂ ਆਪ ਟੋਰ ਦਿੱਤਾ ਸੀ।


www.sikhbookclub.com

ਸੰਗਤ ਨਾਲ ਲੈ ਕੇ ਸ੍ਰੀ ਗੁਰੂ ਦੇ ਪਿਆਰੇ ਭਾਈ ਬੁੱਢਾ ਜੀ ਖਡੂਰ ਆਏ। ਪਹਿਲਾਂ ਪੁੱਛ ਭਾਲ ਕੀਤੀ। ਜਦ ਕਿਸੇ ਨਾਮਣੇ ਵਾਲੇ ਘਰ ਨਾ ਦਿੱਸੇ ਤਾਂ ਭਾਈ ਬੁੱਢੇ ਜੀ ਨੇ ਅੰਤਰ ਧਯਾਨ ਹੋ ਸੇਧ ਲਾਈ ਤਾਂ ਮਾਈ ਭਿਰਾਈ ਦੇ ਘਰ ਜਾ ਵੜੇ। ਮਧੁਰ ਮਧੁਰ ਸੁਰ ਦੱਖਣੀ ਓਅੰਕਾਰ ਦੇ ਪਾਠ ਦੀ ਆ ਰਹੀ ਸੀ। ਸੰਗਤ ਅੰਦਰ ਵਿਹੜੇ ਵੜੀ, ਮਈ ਵਿਹੜੇ ਵਿਚ ਬੈਠੀ ਚਰਖਾ ਕੱਤ ਰਹੀ ਸੀ, ਰਸਨਾ ਤੇ ਬਾਣੀ ਸੀ ਤੇ ਨੈਣੀਂ ਨੂਰ ਝਮਕ ਰਿਹਾ ਸੀ, ਸੰਗਤ ਵੇਖਕੇ ਮਾਈ ਉਠੀ, ਸਿਞਾਤਾ ਕਿ ਭਾਈ ਬੁੱਢਾ ਜੀ ਮੁਹਰੇ ਆ ਰਹੇ ਹੁਨ, ਗਲ ਪੱਲਾ ਪਾ ਲਿਆ, ਦੁਇ ਹਥ ਜੋੜ ਲਏ, ਨੈਣੀ ਨੀਰ ਭਰ ਆਏ, ਸੀਸ ਝੁਕਾਇਆ ਤੇ ਬੋਲੀ-

ਆਓ ਮੇਰੇ ਵੀਰੋ, ਮੇਰੇ ਸਤਿਗੁਰ ਨਾਨਕ ਦੇ ਤਾਰੇ ਵੀਰੋ, ਜੀਉ ਆਏ, ਸ਼ੁਕਰ, ਸ਼ੁਕਰ, ਸ਼ੁਕਰ ! ਫੇਰ ਸੰਗਤਾਂ ਦੇ ਦਰਸ਼ਨ ਹੋਏ, ਹੇ ਮੇਰੇ ਬਾਬਾ ਤੂੰ ਧੰਨ ਹੈਂ ! ਆਇਆਂ ਦਾ ਆਦਰ ਕਰਕੇ ਮਾਈ ਦੌੜੀ ਮੰਜੇ ਪੀਹੜੀਆਂ ਡਾਹੁਣ, ਪਰ ਸੰਗਤ ਨੇ ਆਪ ਮੰਜੇ ਡਾਹ ਲਏ ਪਰ ਬੈਠੇ ਕੋਈ ਨਾ। ਮਾਈ ਆਖੇ ਬੈਠੋ ਤੇ ਸੰਗਤ ਕਹੇ ਬੈਠ ਸਾਂ, ਸਾਡੀ ਮਨੋਕਾਮਨਾ ਪੂਰੀ ਕਰ।

ਤਦ ਭਾਈ ਬੁੱਢੇ ਨੇ ਆਖਿਆ : 'ਮਾਤਾ ! ਤੂੰ ਸੁਭਾਗ ਹੈਂ ਜਿਸਦੇ ਘਰ ਗੁਰੂ ਨਾਨਕ ਨੇ ਡੇਰਾ ਲਾਇਆ ਹੈ, ਹੁਣ ਹੋਰ ਧੰਨੀ ਹੋ ਜਾਹ ਤੇ ਸੰਗਤਾਂ ਦੀ ਝੋਲੀ ਖੈਰ ਪਾ ਪਤਾ ਦੱਸਣ ਦੀ, ਕਿ ਸਾਡਾ ਗੁਰੂ ਨਾਨਕ ਕਿੱਥੇ ਹੈ ?' ਮਾਈ ਘਬਰਾਈ, ਇਕ ਪਾਸੇ ਗੁਰੂ ਦਾ ਹੁਕਮ ਹੈ ਸਾਡਾ ਪਤਾ ਨਹੀਂ ਦੇਣਾ, ਦੂਜੇ ਪਾਸੇ ਸੰਗਤ ਤੇ ਸੰਗਤਾਂ ਦਾ ਮੁਹਰੀ ਗੁਰੂ ਨਾਨਕ ਦਾ ਪਿਆਰਾ ਕਹਿੰਦਾ ਹੈ ਪਤਾ ਦੱਸ। ਤੀਜੇ ਪਾਸੇ ਗੁਰੂ ਨਾਨਕ ਦੀ ਆਗਿਆ ਹੈ: ਸਚਿਆਰ ਹੋਣਾ, ਮਾਈ ਸੋਚਾਂ ਵਿਚ ਪੈ ਗਈ! ਕਹੇ ਤਾਂ ਕੀਹ, ਨਾਂ ਕਹੇ ਤਾਂ ਕੀਹ, ਸੋ ਚੁਪ ਹੀ ਰਹੀ; ਜੇ ਕੁਛ ਬੋਲੀ ਤਾਂ ਇਹ ਕਿ 'ਵੀਰੋ ਗੁਰੂ ਕੇ ਪਿਆਰੇ ਹੋ, ਮੈਂ ਕੀ ਕਹਾਂ।' ਤਾਂ ਭਾਈ ਬੁੱਢਾ ਤੇ ਸੰਗਤ ਬੈਠ ਗਈ, ਭਾਈ ਜੀ ਨੇ ਫੇਰ ਧੰਨ ਗੁਰੂ ਨਾਨਕ ਆਖਕੇ ਨੈਣ ਜੋੜੇ। ਕੁਛ ਚਿਰ ਮਗਰੋਂ ਖ਼ੁਹਲੇ ਤੇ ਬੋਲੇ, ਮਾਈ ! ਗੁਰੂ ਤੇਰੇ ਘਰ ਹੈ, ਏਥੇ ਗੁਰ ਨਾਨਕ ਦੀ ਸੁਗੰਧੀ ਹੈ। ਗੁਰੂ ਹੋਰ ਕਿਧਰੇ ਨਹੀਂ। ਪਰ ਮਾਈ ਚੁਪ ਹੀ ਰਹੀ।

ਤਦ ਭਾਈ ਜੀ ਉੱਠੇ, ਇਧਰ ਉਧਰ ਫਿਰੇ, ਮਾਈ ਦਾ ਲੰਗਰ, ਸੈਣ ਦਾ ਕੋਠਾ ਆਦਿਕ ਤੱਕੇ। ਫਿਰ ਫ਼ਿਰਾ ਕੇ ਸੇਧ ਬੰਨ੍ਹ ਲਈ ਤੇ ਕਹਿਣ ਲੱਗ ਸਾਧ ਸੰਗਤ ਜੀ ਆਹ ਜੋ ਕੰਧ ਹੈ ਇਸਦੇ ਉਹਲੇ ਗੁਰੂ ਜੀ ਹੈਨ। ਹੈ ਤਾਂ ਬੇਅਦਬੀ ਪਰ ਮੈਂ ਕੀਹ ਕਹਾਂ ਗੁਰੂ ਬਖਸ਼ੇ, ਸੰਗਤ ਦੀ ਪੁਕਾਰ ਡਾਢੀ ਹੈ। ਆਓ ਫਿਰ ਜ਼ਿਮੀਂਦਾਰਾਂ ਵ੍ਾਲਾ ਕੰਮ ਹੁਣ ਕਰੀਏ, ਇਸ ਕੰਧ ਨੂੰ ਸੰਨ੍ਹ ਲਾਈਏ ਤੇ ਗੁਰੂ ਕਾ ਦਰਸ਼ਨ ਪਾਈਏ।

ਬੱਸ ਭਾਈ ਜੀ ਨੇ ਕੰਮ ਆਰੰਭਿਆ, ਲੰਬੀ ਉਖੇੜ ਲਈ ਤੇ ਦਰ ਖੁਹਲ ਲਿਆ, ਅੰਦਰ ਲੰਘ ਗਏ। ਵਾਹ ਵਾਹ ਸੁਖਹਾਨ ਤੇਰੀ ਕੁਦਰਤ ! ਨਿਕਾ ਜਿਹਾ ਤਖਤਪੋਸ਼ ਹੈ, ਗੁਰੂ ਨਾਨਕ ਧਯਾਨ ਮਗਨ ਗੁਰੂ ਨਾਨਕ ਜੀ ਬੈਠੇ ਹਨ, ਚੇਹਰਾ ਤੇਜ ਨਾਲ ਦਮਕ ਰਿਹਾ ਹੈ, ਉਂਜ ਸਰੀਰ ਕ੍ਰਿਸ਼ ਹੋ ਰਿਹਾ ਹੈ। ਪਹਿਲਾਂ ਭਾਈ ਬੁੱਢੇ ਤੇ ਫੇਰ ਸੰਗਤ ਨੇ ਮੱਥਾ ਟੇਕਿਆ, ਫ਼ਿਰ ਸਾਹ ਵੱਟਕੇ ਅਦਬ ਨਾਲ ਬੈਠ ਗਏ। ਥੋੜੀ ਦੇਰ ਮਗਰੋਂ ਅਚਲ ਲਗੀ ਸਮਾਧੀ ਵਾਲੇ ਨੈਣ ਖੁੱਲ੍ਹੇ ਫੇਰ ਮਿਟ ਗਏ, ਫੇਰ ਖੁੱਲ੍ਹੇ, ਫੇਰ ਅਧ-ਮਿਟੇ ਰਹਿ ਗਏ। ਐਉਂ ਖੁੱਲ੍ਹ ਮਿਟਕੇ ਸਾਰੇ ਖੁੱਲ੍ਹ ਪਏ। ਲਟ ਲਟ ਕਰਦੀ ਜੋਤਿ ਅਗਨੀ ਨਾਲ ਭਰਪੂਰ ਤੇ ਪ੍ਰੇਮ ਵਿਚ ਰੰਗੀ ਕੋਮਲ ਤੇ ਸੁਹਾਵੇ ਤੇਜ ਵਾਲੀ ਨਿਗਾਹ ਬੁੱਢੇ, ਭਾਈ ਭਗੀਰਥ, ਭਾਈ ਸਧਾਰਨੇ ਤੇ ਪਈ, ਸੰਗਤ ਨੇ ਫੇਰ ਨਮਸਕਾਰ ਕੀਤੀ। ਦੇਖਣਹਾਰ ਸਤਿਗੁਰ ਗੁਰੂ ਨਾਨਕ ਦੀ ਪਿਆਰੀ ਸੰਗਤ ਦੇਖਕੇ ਬਿਹਬਲ ਹੋ ਗਏ। ਡਾਢੇ ਵੈਰਾਗ ਵਾਲੇ ਪ੍ਰੇਮ ਵਿਚ ਆ ਕੇ ਡਾਢੀ ਥਰਕਵੀਂ ਤੇ ਲਹਿਰਵੀਂ ਸੰਗੀਤ ਦੀ ਸੁਰ ਵਿਚ ਬੋਲੇ :-

*ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ॥*
*ਧ੍ਰਿਗ ਜੀਵਣੁ ਸੰਸਾਰਿ ਤਾਕੈ ਪਾਛੈ ਜੀਵਣਾ॥* *(ਸਿਰੀ ਰਾਗ ਦੀ ਵਾਰ - ੩- ੮੩)*

ਇਹ ਕਲੇਜੇ ਛੇਕ ਪਾਉਣ ਵਾਲੀ ਬਿਰਹੇ ਦੀ ਸੱਦ* ਗੁਰੂ ਨਾਨਕ ਦੇ ਵਿਛੋੜੇ ਵਿਚ ਅਣੀਆਲੇ ਤੀਰ ਵਾਙੂ ਐਸੀ ਛੁੱਟੀ ਕਿ ਭਾਈ ਬੁੱਢਾ ਜੀ ਤੋਂ ਲੈ ਕੇ ਸਾਰੀ ਸੰਗਤ ਦੇ ਨੈਣ ਫੁਹਾਰੇ ਚੱਲ ਪਏ। ਸਾਰਿਆਂ ਦੇ ਸੀਨੇ ਗੁਰੂ ਨਾਨਕ ਪ੍ਰੇਮ ਨਾਲ ਉੱਛਲੇ ਤੇ ਕੰਠ ਗਦ ਗਦ ਹੋ ਗਏ। ਸਾਰੇ ਚੁਪ ਬੈਠੇ ਹਨ, ਪਰ ਨੈਣ ਬਰਸ ਰਹੇ ਹਨ, ਤ੍ਰਪ ਤ੍ਰਪ ਹੰਝੂ ਕਿਰ ਰਹੇ ਹਨ। ਗੁਰੂ ਨਾਨਕ ਪਿਆਰਿਆਂ ਨੂੰ ਗੁਰੂ ਨਾਨਕ ਦਾ ਪਯਾਰ ਤੇ ਵਿਯੋਗ, ਵੈਰਾਗ ਦੀਆਂ ਮੂਰਤਾਂ ਬਣਾ ਰਿਹਾ ਹੈ, ਉਧਰ ਤਖਤ ਤੇ ਬਿਰਾਜ ਰਹੀ ਮੂਰਤ ਦੇ ਤੇਜ ਦਮਕਦੇ ਚੇਹਰੇ ਤੇ ਸੁਹਣੇ ਸੁਹਣੇ ਮੋਤੀ ਡਲ ਡਲ ਕਰ ਰਹੇ ਹਨ।

ਕਿਤਨਾਂ ਚਿਰ ਇਹ ਪ੍ਰੇਮ ਰੰਗ ਲਗਾ ਰਿਹਾ, ਫੇਰ ਭਾਈ ਬੁੱਢਾ ਜੀ ਨੇ ਦਿਲ ਤਕੜਾ ਕੀਤਾ ਤੇ ਅਦਬ ਨਾਲ ਬੜੇ ਹੌਲੇ ਜਿਹੇ ਬੋਲੇ : 'ਹੇ ਦਾਤਾ ! ਗੁਰੂ ਨਾਨਕ ਦੇਵ ਜੀ ਕਿਤੇ ਨਹੀਂ ਗਏ। ਉਹ ਆਪ ਦੇ ਵਿੱਚ ਬੈਠੇ ਹਨ, ਤੁਸੀਂ ਗੁਰੂ ਨਾਨਕ ਹੋ, ਗੁਰੂ ਨਾਨਕ ਤੁਸਾਂ ਵਿੱਚ ਹੈ, ਤੁਸੀਂ ਉਹਨਾਂ ਵਿੱਚ ਹੋ, ਓਤ ਪੋਤ ਰੂਪ ਰੰਗ ਇਕੋ ਹੈ। ਹੁਣ ਮਿਹਰ ਦੇ ਘਰ ਵਿਚ ਆਓ। ਸੰਗਤਾਂ ਦੁਖੀ ਹਨ। ਗੁਰੂ ਨਾਨਕ ਦੇਵ ਦੇ ਬਿਰਹ ਵਿਚ ਵਿਆਕੁਲ ਹਨ। ਆਪ ਦੇ ਪ੍ਰੇਮ ਦੀ ਵਗ ਰਹੀ ਨਿਰਮਲ ਨੈਂ ਵਿਚ ਅਸਾਂ ਵਿਘਨ ਪਾਇਆ ਹੈ। ਪਰ ਹੋਰ ਕੋਈ ਦਰ ਨਹੀਂ ਜਿੱਥੇ ਸੰਗਤਾਂ ਦੇ ਸੀਸ ਜਾ ਟਿਕਣ, ਕੋਈ ਦਲ੍ਹੀਜ਼ ਨਹੀਂ, ਜਿਥੇ ਲੱਗਕੇ ਇਹ ਮੱਥੇ ਪਵਿੱਤ੍ਰ ਹੋਣ, ਇਕ ਆਪ ਦੀ ਅੰਮ੍ਰਿਤ ਨੈਂ ਹੈ ਜੋ ਜਗਤ ਨੂੰ ਠਾਰ ਸਕਦੀ ਹੈ। ਮਿਹਰ ਕਰੋ ਸੰਗਤ ਨੂੰ ਅਪਨਾਓ।

ਗੁਰੂ ਜੀ-ਵਿਛੋੜਾ ਸੱਲ ਰਿਹਾ ਹੈ, ਗੁਰੂ ਨਾਨਕ ਯਾਦ ਤੋਂ ਵਿਛੁੜਨਾ ਕਟਾਰ ਦਾ ਘਾਉ ਹੈ। ਸੰਗਤ ਸੰਭਾਲਣੀ ਭਾਰੀ ਕਠਨ ਹੈ। ਪੋਟ ਕੌਣ ਚਾਏ ?

ਭਾਈ ਜੀ-ਪਾਤਸ਼ਾਹ ਸੱਚ ਹੈ, ਸੱਚ ਹੈ, ਸੱਚ ਹੈ। ਪਰ ਦੀਨ ਦਿਆਲ ਸਾਖਜ਼ਾਤ ਗੁਰੂ ਨਾਨਕ ! ਮਾਲਕ ਨੇ ਸੰਗਤਾਂ ਨੂੰ ਆਪਦੇ ਲੜ ਲਾਇਆ ਸੀ ਤੇ ਹੁਕਮ ਦਿੱਤਾ ਸੀ ਕਿ ਤੁਸਾਂ ਸੰਗਤਾਂ ਨੂੰ ਨਾਮ ਜਪਾਉਣਾ ਹੈ, ਬਾਣੀ ਦਾ ਦਾਨ ਕਰਨਾ ਹੈ। ਗੁਰਬਾਣੀ ਇਕੱਤ੍ਰ ਕਰਨ ਦਾ ਤੇ ਸੰਗਤਾਂ ਜੋਗ ਨਾਮ ਬਖਸ਼ਨ ਦਾ ਹੁਕਮ ਆਪ ਜੋਗ ਹੋਇਆ ਸੀ। ਹੁਕਮ ਸੁਣਕੇ ਸ੍ਰੀ ਗੁਰੂ ਜੀ ਦੇ ਨੈਣ ਫੇਰ ਬੰਦ ਹੋ ਗਏ। ਫੇਰ ਭਰਕੇ ਡੁੱਲ੍ਹੇ ਤੇ ਆਵਾਜ਼ ਆਈ:-

"ਹੁਕਮ, ਹੁਕਮ, ਹੁਕਮ, ਹੁਕਮ ਤੇ ਸੀਸ; ਹੁਕਮ ਅੱਗੇ ਸੀਸ।" ਫੇਰ ਨੈਣ ਖੁਹਲੇ ਤੇ ਬੋਲੇ: "ਗੁਰੂ ਸੁਆਰੇ ਭਾਈ ਜੀ ! ਡਾਢਾ ਤ੍ਰਿੱਖਾ ਕਰਕੇ ਚਲਾਇਆ ਨੇ ਗੁਰਾਂ ਦੇ ਹੁਕਮ ਦਾ ਤੀਰ। ਸਤਿਗੁਰ ਦਾ ਹੁਕਮ ਸਤਿਗੁਰੂ ਹੈ। ਚੰਗਾ, ਵਾਹਵਾਹ। ਪਰ ਤੁਸੀਂ ਗੁਰੂ ਕੇ ਪਿਆਰੇ ਹੋ, ਤੁਸਾਨੂੰ ਬੀ ਆਗਿਆ ਹੋਈ ਸੀ ਕੁਛ।"

ਭਾਈ ਬੁੱਢਾ-ਦਾਸ ਤੇ ਸਾਰੇ ਗੁਰੂ ਦੇ ਪਿਆਰੇ ਸਿਖ ਸੇਵਾ ਵਿਚ ਹਾਜ਼ਰ ਰਹਿਣਗੇ। ਆਪ ਐਤਨੀ ਮਿਹਰ ਕਰੋ ਕਿ ਹੁਣ ਸੰਗਤ ਨੂੰ ਖੁਲ੍ਹੇ ਦਿਦਾਰ ਦਿਓ।

---

* ਕਈ ਲੋਕ ਇਹ ਕਹਿਕੇ ਕਿ ਇਸ ਮਹਾਂਵਾਕ ਦੇ ਠੀਕ ਅਰਥ ਕਰਨ ਨਾਲ ਗੁਰੂ ਜੀ ਦੇ ਬ੍ਰਹਮ ਗਯਾਨ ਤੇ ਹਰਫ ਆਉਂਦਾ ਹੈ, ਇਸਦੇ ਅਰਥ ਉਲਟਾ ਦੇਂਦੇ ਹਨ ਤੇ ਇਉਂ ਦੱਸਦੇ ਹਨ ਕਿ ਜਿਸ ਪਿਆਰੇ ਨਾਲ ਪਿਆਰ ਹੋਵੇ ਉਸਦੇ ਅਗੇ ਮੁਰਦਾ ਹੋਕੇ ਸੇਵਾ ਕਰੇ ਤੇ ਉਸਨੂੰ ਪਿਠ ਦੇ ਕੇ ਸੰਸਾਰ ਵਿਚ ਨਾ ਜੀਵੇ। ਪਰ ਇਸਦਾ ਦਰੁਸਤ ਅਰਥ ਓਹੋ ਹੈ ਜੋ ਅੱਖਰ ਦਸਦੇ ਹਨ ਤੇ ਉਸਦੀ ਵਿਆਖਿਆ ਸੰਤ ਬਿਮਲਾ ਸਿੰਘ ਜੀ ਦੇ ਉਸ ਉੱਤਰ ਵਿਚ ਹੈ ਜੋ ਉਨ੍ਹਾਂ ਨੇ ਜੈਨ ਮਹਾਤਮਾ ਨੂੰ ਦਿੱਤਾ ਹੈ ਤੇ ਪਿੱਛੇ ਆ ਚੁਕਾ ਹੈ। ਇਹ ਪ੍ਰੇਮ ਦਾ ਕਮਾਲ ਹੈ, ਤੇ ਮੁਕੰਮਲ ਇਨਸਾਨ ਦੇ ਇਨਸਾਨੀ ਜਜ਼ਬੇ ਦਾ ਹੈ, ਦੂਏ ਇਹ ਸ਼ੁੱਧ ਪ੍ਰੇਮ ਦੀ ਅਵਧੀ ਦਾ ਲਖਾਯਕ ਹੈ ਜੋ ਕਿ ਮੋਹ ਦ੍ਵੈਖ ਹਰਖ ਸ਼ੋਕ ਤੋਂ ਉੱਚਾ ਹੈ, ਜੋ ਸਾਂਈਂ ਨਾਲ ਅਭੇਦ ਕਰਦਾ ਤੇ ਜੀਵਨ ਹੁਲਾਰਾ ਦੇਂਦਾ ਹੈ।


www.sikhbookclub.com

ਤਾਂ ਸ੍ਰੀ ਗੁਰੂ ਜੀ ਬਚਨ ਸੁਣਕੇ ਉੱਠੇ ਤੇ ਬਾਹਰ ਵੇਹੜੇ ਵਿਚ ਆ ਕੇ ਮਾਈ ਭ਼ਿਰਾਈ ਦੇ ਵਿਛਾਏ ਮੰਜੇ ਤੇ ਬਹਿ ਗਏ। ਡਿਠੋ ਨੇ ਕਿ ਭਾਈ ਅੰਦਰ ਮਾਨੋਂ ਸੰਨ੍ਹ ਲਾ ਕੇ ਵੜਿਆ ਹੈ। ਮਾਈ ਨੇ ਬਚਨ ਪਾਲਿਆ ਹੈ ਤੇ ਥਹੁ ਨਹੀਂ ਦਿੱਤਾ। ਉਸ ਵੇਲੇ ਫੇਰ ਸਰਵੇ ਹੋ ਕੇ ਭਰੇ ਗਏ ਤੇ ਬਚਨ ਹੋਇਆ:-

ਧੰਨ ਸਿੱਖੀ, ਧੰਨ ਸਿੱਖੀ, ਧੰਨ ਗੁਰੂ ਕਾ ਰੂਪ ਸਿੱਖੀ।

ਸੋ ਸਾਧ ਸੰਗਤ ਜੀ ਐਉਂ ਸੁਹਣੇ ਗੁਰੂ ਨਾਨਕ ਦਾ ਦੂਸਰਾ ਅਵਤਾਰ, ਜੋ ਛੁਪ ਗਿਆ ਸੀ ਪਰਗਟ ਹੋਇਆ। ਭਾਈ ਬੁੱਢੇ ਨੇ ਧਰਮਸਾਲ ਦਿਨਾਂ ਵਿਚ ਬਣਾ ਲਈ। ਓਹੋ ਸਤਿਗੁਰ ਨਾਨਕ ਦੇ ਹਜ਼ੂਰੀਏ ਰਬਾਬੀ ਸੱਤਾ ਬਲਵੰਡ ਵਾਰ ਲਾਉਣ ਲਗ ਪੲੇ। ਮਾਤਾ ਖੀਵੀ ਜੀ. ਗੁਰੂ ਜੀ ਦੇ ਘਰੋਂ, ਬੀ ਖਡੂਰ ਆ ਗਏ, ਜੋ ਪਹਿਲੇ ਸੰਘਰ ਪਿੰਡ ਪੇਕੇ ਸਨ। ਉਨ੍ਹਾਂ ਨੇ ਲੰਗਰ ਦੀ ਸੇਵਾ ਅਪਣੇ ਤੇ ਲੈ ਲਈ। ਭਾਈ ਬੁੱਢੇ ਨੇ ਸਾਰੀ ਪ੍ਰਬੰਧਕ ਸੇਵਾ ਚਾ ਲਈ, ਸੰਗਤਾਂ ਆਉਣ ਲਗ ਪਈਆਂ। ਉਪਦੇਸ਼, ਕੀਰਤਨ, ਇਲਾਹੀ ਦਰਸ਼ਨ ਮਿਲਨ ਲੱਗ ਪਏ। ਜੋ ਰੰਗ ਕਰਤਾਰ ਪੁਰੇ ਸੀ ਖਡੂਰ ਸਾਹਿਬ ਲਗ ਗਿਆ। ਜਗਤ ਨਿਸਤਾਰਣ ਦੀ ਅੰਮ੍ਰਿਤ ਗੰਗਾ ਵਗ ਪਈ। ਧੰਨ ਗੁਰੂ ਨਾਨਕ !

ਇਹ ਕਹਿਕੇ ਸੰਤਾਂ ਨੇ ਭੋਗ ਪਾਇਆ ਤੇ ਸੰਗਤ ਗਦ ਗਦ ਹੋ ਗਈ। ਫੇਰ ਅਨੰਦ ਸਾਹਿਬ ਦਾ ਪਾਠ ਹੋ ਕੇ ਅਰਦਾਸਾ ਹੋਇਆ। ਗੁਰੂ ਜੀ ਦਾ ਹੁਕਮ ਲੀਤਾ ਗਿਆ ਤੇ ਕੜਾਹ ਪ੍ਰਸ਼ਾਦਿ ਵਰਤਾਕੇ ਫੇਰ ਸੰਗਤ ਲੰਗਰ ਦੀ ਸੇਵਾ ਵਲ ਗਈ।

## ੨. ਅਰਸ਼ੀ ਪਰਉਪਕਾਰੀ*

{ਉਤਮ ਉਦਾਸੀ। ਏਕਾਂਤ। ਦਾਨ ਅਧਿਕਾਰੀ।
ਪਰ ਉਪਕਾਰ। ਦਇਆ! ਗ੍ਰਿਹਸਤ ਉਦਾਸ।

ਝੁੱਗੀ ਦਰਦ ਰਞਾਣਿਆਂ ਵੰਨੇ ਅਜ ਸਮੀਰ ! ਚਲਿ ਆਈ !
ਲਪਟਾਂ ਛੱਡ ਕੁਲਪਟਾਂ ਵੰਨੇ ਤੂੰ ਫੇਰੀ ਕਿਉਂ ਪਾਈ ?
ਵਿੱਚ ਉਜਾੜ ਅਸਾਡੇ ਡੇਰੇ, ਇਕ ਕਿੱਕਰ ਦੀ ਛਾਯਾ,
ਕਿਉਂ ਬੁਲਬੁਲ ਗੁਲ ਛੱਡ ਏਸ ਤੇ ਤੂੰ ਡੇਰਾ ਅਜ ਲਾਯਾ ?
ਜਿੱਥੇ ਕਦੇ ਕਾਉਂ ਸੀ ਡਰਦਾ ਇਕ ਫੇਰਾ ਬੀ ਪਾਣੋਂ,
ਮੋਰ ਪਿਆ ਅਜ ਪੈਲਾਂ ਪਾਵੇ, ਸੰਗਦਾ ਹੈ ਉਡ ਜਾਣੋਂ।
ਪੀਲੇ ਲੁੰਗ ਕਿੱਕਰਾਂ ਵਾਲੇ ਲਪਟਾਂ ਮਾਰ ਉਠੇ ਹਨ।
ਕਿਉਂ ਕੁਦਰਤ ਦੇ ਰੰਗ ਸੁਹਾਵੇ ਆਪੇ ਆਣ ਵੁਠੇ ਹਨ ?
ਦਰਦਾਂ ਦੀ ਚਾਂਗਰ ਸੁਣ ਸਾਰੇ ਦੂਰ ਦੂਰ ਨਠ ਜਾਂਦੇ,
ਦਰਦ ਰਞਾਣਿਆਂ ਦਰ ਤੇ ਅਜ ਕਿਉਂ ਸੁਹਣੇ ਹਨ ਪਏ ਆਂਦੇ ?
ਝੁੱਗੀ ਕੱਖਾਂ, ਉਹ ਵੀ ਟੁੱਟੀ, ਕੌਣ ਅਸਾਂ ਦਰ ਆਵੇ;
ਆਦਰ ਕਿਸੇ ਰੰਗੀਲੇ ਖਾਤਰ ਕੁਦਰਤ ਰੰਗ ਜਮਾਵੇ !
ਕੀ ਕੋਈ ਅਜ ਹੁਸਨ ਰਾਜ ਦਾ ਛੈਲਾ ਏਥੇ ਆਸੀ ?
ਅਚਰਜ ਤੋਂ ਅਚਰਜ ਹੈ ਹੁੰਦਾ, ਬਝ ਬਝ ਆਸ ਨਿਰਾਸੀ!
ਕਿਨਿ ਆਣਾ ਕਿਨਿ ਜਾਣਾ ਏਥੇ ! ਗ਼ਮ ਖਾਧੇ ਦਿਲ ਮੇਰੇ !
ਏ ਅਭਿਲਾਖ ਕਿ ਸੁਪਨੇ ਤੇਰੇ, ਏ ਸੁਪਨੇ ਮਨ ! ਤੇਰੇ !

**ਉਦਾਸੀ** ! ਹਾਂ, ਉਦਾਸੀ ਵੀ ਕਦੇ ਕਦੇ ਆ ਜਾਂਦੀ ਹੈ ਤੇ ਛਾ ਜਾਂਦੀ ਹੈ ਦਿਲ ਉਪਰ, ਪਰ ਉਦਾਸੀ ਕਈ ਤਰ੍ਹਾਂ ਦੀ ਹੈ। ਮਨ ਬਹੁਤ ਲੋਚੇ ਤੇ ਮਿਲੇ ਥੁਹੜਾ, ਇਕ ਉਦਾਸੀ ਇਹ ਹੈ। ਮਿਲੇ ਬਹੁਤਾ ਤਾਂ ਰਜਿਹਾਣ ਹੋਕੇ ਬੀ ਇਕ ਉਪ੍ਰਾਮਤਾ ਆ ਜਾਂਦੀ ਹੈ, ਇਹ ਬੀ ਉਦਾਸੀ ਹੀ ਹੈ। ਹਾਂ ਭੋਗਾਂ ਦੇ ਅੰਤ ਪਰ ਬੀ ਆਪਾ ਸੱਖਣਾ ਹੋਕੇ ਕਦੇ ਉਦਾਸੀ ਵਿਚ ਚਲਾ ਜਾਂਦਾ ਹੈ। ਪਰ ਇੱਕ ਉਦਾਸੀ ਹੋਰ ਹੈ, ਜੋ ਪਰਮੇਸ਼ੂਰ ਦੇ ਪਿਆਰਿਆਂ ਨੂੰ ਆਉਂਦੀ ਹੈ। ਉਹ ਹੁੰਦੀ ਹੈ ਏਕਾਂਤ ਦੀ ਇੱਛਾ। ਜਗਤ ਦਾ ਭਲਾ ਕਰਦਿਆਂ ਜਦੋਂ ਆਪਾ ਕਦੇ ਹੋ ਜਾਂਦਾ ਹੈ ਕਿਸੇ ਉਚਿਆਣ ਤੋਂ ਰਤਾ ਹੇਠਾਂ ਤਾਂ ਫਿਰ ਚਾਹੁੰਦਾ ਹੈ ਉਹੋ ਅੰਦਰਲੇ ਦੀ ਉਚਿਆਣ ਤੇ ਉਸ ਖ਼ਾਤਰ ਹੁੰਦਾ ਹੈ ਉਦਾਸ ਤੇ ਮੰਗਦਾ ਹੈ ਏਕਾਂਤ। ਏਕਾਂਤ, ਜਿੱਥੇ ਮਨ ਕੁਦਰਤ ਨਾਲ ਗੱਲਾਂ ਕਰੇ, ਕੁਦਰਤ ਦਾ ਰੰਗ ਲਵੇ ਤੇ ਖਿੜੇ ਇਕ ਸੁਰ ਹੋਕੇ ਕੁਦਰਤ ਨਾਲ। ਹਾਂ ਨਦੀ, ਨਾਲੇ, ਨਿੱਕੀਆਂ ਨਿੱਕੀਆਂ ਕੂਲਾਂ ਦਾ ਵਿਪਲ ਵਿਪਲ ਨਾਦ ਕੰਨਾਂ ਵਿਚ ਗੂੰਜੇ। ਚੰਦ, ਤਾਰੇ, ਆਕਾਸ਼ ਵਿਸ਼ਾਲਤਾ ਤੇ ਅਸਚਰਜਤਾ ਦਾ ਰੰਗ ਦੇਣ। ਬ੍ਰਿਛ, ਬੂਟੇ, ਘਾਹ, ਫੁੱਲ ਤਰਾਵਤ ਭਰ ਦੇਣ ਅੱਖਾਂ ਵਿਚ ਤੇ ਅੱਖਾਂ ਭੇਜ ਦੇਣ ਇਹ ਤਾਜ਼ਗੀ ਦਿਲ ਨੂੰ। ਉਚਾਣਾਂ ਨਿਵਾਣਾਂ ਖੱਡਾਂ ਸ਼ਿਖਰਾਂ ਦੇ ਨਜ਼ਾਰੇ ਨਜ਼ਰ ਨੂੰ ਕਰ ਦੇਣ ਆਪੇ ਵਿਚ ਝਾਤੀ ਮਾਰਨ ਵਾਲਾ, ਅੰਦਰਲੇ ਉਚਾਣ ਨਿਵਾਣ ਟੋਏ ਟਿੱਬੇ ਦਿੱਸਣ ਤੇ ਫੇਰ ਸਮਤਾ ਹੋ ਜਾਵੇ ਅੰਦਰ ਰਸ ਭਰੀ। ਕੁਦਰਤ ਦਾ ਇਹ ਰੰਗ ਲੱਗ ਲੱਗ ਕੇ ਅੰਦਰ ਜਗਾ ਦੇਵੇ ਕੋਈ ਹੋਰ

---

* ਇਹ ਲੇਖ ਗੁਰਪੁਰਬ ਕੱਤਕ ਪੂਰਨਮਾਸ਼ੀ ਸੰ: ਗੁਰ ਨਾਨਕ ਸਾਹਿਬ ੪੬੭ (੧੦ ਨਵੰਬਰ ੧੯੩੫) ਨੂੰ ਟਰੈਕਟ ਨੰ: ੯੩੪ ਦੇ ਰੂਪ ਵਿਚ ਪ੍ਰਕਾਸ਼ਤ ਹੋ ਕੇ ਸੰਗਤਾਂ ਵਿਚ ਪ੍ਰਚਾਰਿਤ ਹੋਇਆ ਸੀ।

 www.sikhbookclub.com

ਕਲਾ, ਜੋ ਦੇਖੇ ਕਿ ਇਹ ਦਿੱਸਦੇ ਦੇ ਮਗਰ ਅਣਦਿਸਦਾ ਬੀ ਵਸਦਾ ਹੈ, ਜਿਸਦੇ ਰਚੇ ਏਹ ਰੰਗ ਹਨ। ਹਾਂ ਅੰਦਰਲਾ ਉਸ ਅਣਦਿਸਦੇ ਦੇ ਸੁਹਣੱਪ ਨੂੰ ਸਮਝੇ ਇਸ ਕੁਦਰਤੀ ਸੁਹਣੱਪ ਤੋਂ, ਜੋ ਕਦੇ ਕਦੇ ਮਨ ਨੂੰ ਨਵੀਂ ਜਿੰਦ ਪਾ ਕੇ ਆਪੇ ਨਾਲ ਇਕ ਸੁਰ ਕਰ ਦੇਂਦਾ ਹੈ। ਇਸ ਏਕਾਂਤ ਤੇ ਇਕੱਲ ਵਿਚ ਆਪਾ 'ਡਾਂਵਾਂਡੋਲ-ਇਕੱਲ' ਵਿਚ ਨਹੀਂ ਜਾ ਪੈਂਦਾ, ਸਗੋਂ ਪ੍ਰਤੀਤ ਕਰਦਾ ਹੈ ਅੰਦਰ ਕਿ ਮੇਰਾ ਆਪਾ ਜੋ ਹੁਣ ਨਿਖਰਿਆ ਹੈ, ਇਹ ਇਕੱਲਾ ਨਹੀਂ ਹੈ, ਪਰ ਕੋਈ ਹੈ ਇਸ ਦੇ ਪਿੱਛੇ ਜਿਸ ਨਾਲ ਇਹ ਜਾ ਲਗਾ ਹੈ ਤੇ ਜਿਸਦਾ ਸੁਹਜ ਕੁਦਰਤ ਵਿਚ ਪਿਆ ਸ਼ੋਭਦਾ ਹੈ। ਐਉਂ ਆਪਾ ਨਵਾਂ ਨਰੋਆ, ਬਲਵਾਨ, ਉੱਚਾ ਉੱਚਾ ਤੇ ਸੁਖ ਰੂਪ ਜੇਹਾ ਹੋ ਜਾਂਦਾ ਹੈ। ਉਸ ਉਦਾਸੀ ਦੇ ਫਲ ਵਿਚ ਜੋ ਪੈਂਦੀ ਹੈ ਨਾਮਰਸੀਏ ਗੁਰਮੁਖਾਂ ਨੂੰ ਕਦੇ ਕਦੇ ਤੇ ਲੈ ਜਾਂਦੀ ਹੈ ਏਕਾਂਤ ਵਿਚ। ਹਾਂ, ਏਕਾਂਤ ਵਿਚ ਹਸਮਯ ਕਰਕੇ ਉਪਕਾਰੀ ਬਦਲ ਵਾਂਙੂ ਫਿਰ ਕੋਈ ਅਗੰਮੀ ਵੇਗ ਲੈ ਆਉਂਦਾ ਹੈ ਜਗਤ ਵਿਚ ਪੀੜਾ ਦੇ ਦੇਸ਼-ਪੀੜਾ ਹਰਨ ਲਈ, ਜਿੰਨੀ ਕੁ ਹੋ ਸਕੇ, ਆਪੋ ਆਪਣੇ ਵਿਤ ਅਨੁਸਾਰ।

ਕਿਸੇ ਇਸ ਤਰ੍ਹਾਂ ਦੀ ਉਦਾਸੀ ਵਿਚ ਸੰਤ ਖਿਮਲਾ ਸਿੰਘ ਜੀ ਚੜ੍ਹ ਗਏ ਪਹਾੜ। ਅੱਗੇ ਇਕ ਵਡਾ ਨਗਰ ਸੀ, ਅੰਗ੍ਰੇਜ਼ੀਆਂ ਪੜ੍ਹ ਕੇ ਸਿੱਖਜਤ ਹੋਏ ਅਨੇਕਾਂ ਲੋਕੀਂ ਵੀ ਰਹਿੰਦੇ ਸਨ, ਸਰਬ ਸਾਧਾਰਣ ਲੋਕ ਵੀ ਵਸਦੇ ਸਨ ਅਤੇ ਸਿੱਧੇ ਸਾਦੇ ਪਰ ਭਲੇ ਲੋਕਾਂ ਦਾ ਬੀ ਵਸੇਬਾ ਸੀ ਵਿਚ ਵਿਚ। ਸਭਨਾਂ ਨੇ ਸੰਤਾਂ ਨੂੰ ਅਟਕਾ ਲਿਆ। ਅਟਕ ਗਏ ਆਪ ਚਲਦੇ ਬਦਲਾਂ ਵਾਂਙੂ ਵੱਸਣ ਲਈ, ਆਪਣੇ ਸ਼ੁਭ ਭਾਵਾਂ ਤੇ ਤਾਰਕ ਬਚਨਾਂ ਨਾਲ ਤਾਰਨ ਲਈ, ਕੁਝ ਸਮਾਂ ਉਥੇ। ਭਾਦੋਂ ਬੀਤਿਆਂ ਤਾਂ ਉਤ੍ਰਾਈ ਪਹਾੜਾਂ ਦੀ ਛਿੜ ਪਈ। ਲੋਕੀਂ ਹਿਠਾਹਾਂ ਉਤਰ ਗਏ। ਸੰਤ ਵੀ, ਜੋ ਅਪਣੀ ਉਦਾਸੀ ਨੂੰ ਅੰਦਰ ਘੁੱਟੀ ਬੈਠੇ ਸਨ, ਹੁਣ ਅਗਾਹਾਂ ਨੂੰ ਤੁਰ ਪਏ। ਹੇਠਾਹਾਂ ਨਾ, ਪਰ ਪਹਾੜਾਂ ਦੇ ਅੰਦਰ ਨੂੰ। ਇਕ ਵਗਦੀ ਨਿਰਮਲ ਜਲ ਦੀ ਖੱਡ ਦੇ ਕਿਨਾਰੇ ਕਿਸੇ ਸਾਧੂ ਦੀ ਕੁਟੀਆ ਸੀ ਖਾਲੀ ਪਈ ਹੋਈ। ਕੱਖਾਂ ਦੀ ਬਣੀ ਹੋਈ ਸੀ, ਪਰ ਸੀ ਚੰਗੀ ਸਾਫ ਸੁਥਰੀ ਤੇ ਸਬੂਤ। ਸੰਤਾਂ ਏਥੇ ਡੇਰਾ ਲਾ ਲਿਆ। ਅੱਠਾਂ ਪਹਿਰਾਂ ਮਗਰੋਂ ਉੱਠਣਾ, ਦੂਰ ਕਿਸੇ ਗਿਰਾਂ ਜਾ ਕੇ ਅੰਨ ਪਾ ਕੇ ਫੇਰ ਉਥੇ ਆ ਜਾਣਾ। ਕਦੇ ੧੬ ਪਹਿਰ ਤੇ ਕਦੇ ੨੪ ਪਹਿਰਾਂ ਬਾਦ ਵੀ ਰੋਟੀ ਲਈ ਉਠੇ ਹਨ, ਨਹੀਂ ਤਾਂ ਉਥੇ ਟਿਕੇ ਰਹੇ। ਜੋ ਰੰਗ ਕੁਦਰਤ ਤੋਂ ਲੈਣ ਆਏ ਸਨ ਲੈ ਲਿਆ ਤੇ ਆਪਾ ਜਿਸ ਰੰਗ ਚਾਹੁੰਦੇ ਸਨ ਰੰਗਿਆ ਗਿਆ। ਇਹ ਗਲ ਨਹੀਂ ਸਮਝਣੀ ਚਾਹੀਏ ਕਿ ਗੁਰਮੁਖ ਕਦੇ ਪ੍ਰੇਮ ਤੋਂ ਖਾਲੀ ਹੋ ਜਾਂਦੇ ਹਨ, ਯਾ ਨਾਮ ਤੋਂ ਸੱਖਣੇ, ਯਾ ਗਿਆਨ ਤੋਂ ਵਿਰਵੇ ਹੋ ਜਾਂਦੇ ਹਨ। ਇਹ ਇਕ ਰਸੀਏ ਤੇ ਉਪਕਾਰੀ ਜੀਵਨ ਦਾ ਪਹਿਲੂ ਹੁੰਦਾ ਹੈ ਜੋ ਸਰੀਰ ਧਾਰੀ ਹੋਣ ਕਰਕੇ ਕਦੇ ਏਕਾਂਤ ਮੰਗਦਾ ਹੈ। ਇਹ ਉਹ ਉਦਾਸੀ ਨਹੀਂ ਜੋ ਸੰਸਾਰ ਦੇ ਦੁੱਖਾਂ ਤੋਂ ਨਫਰਤ ਦੇ ਘਰ ਲਿਜਾ ਕੇ ਬਨਾਂ ਬਰਫਾਂ ਵਿਚ ਲਿਜਾ ਗਾਲਦੀ ਹੈ। ਪਰ ਇਹ ਉਹ ਉੱਤਮ ਉਦਾਸੀ ਹੈ ਜੋ ਸੰਤ-ਹ੍ਰਿਦੇ ਵਿਚ ਸਦਾ ਵਿਆਪੀ ਰਹਿੰਦੀ ਹੈ, ਜੋ ਇਸਨੂੰ ਹਉਂ ਤੋਂ ਧੋ ਕੇ ਕਿਸੇ ਆਪੇ ਦੇ ਮੁਖ ਵਿਚ ਰਖਦੀ ਹੈ ਤੇ ਇਸਨੂੰ ਸੁਖ ਦਾਤਾ ਬਣਾ ਦੇਂਦੀ ਹੈ। ਸੁਖ ਦਾਤਾ ਹੋਣ ਵੇਲੇ, ਸੁਖ ਦੇਣ ਵੇਲੇ ਹਉਂ ਜੋ ਪ੍ਰਬਲ ਹੈ, ਜਗਤ ਦੇ ਕੌੜੇ ਤਜਰਬਿਆਂ ਨਾਲ ਕਦੇ ਕਦੇ ਕੁਛ ਸਿਥਲਤਾ ਲੈ ਆਉਂਦੀ ਹੈ। ਯਾ ਇਉਂ ਸਮਝੋ ਕਿ ਜਗਤ ਦਾ ਆਪਣੇ ਸੁਖਦਾਤਿਆਂ ਨਾਲ ਵਰਤਾਰਾ ਸੰਤ ਹਿਰਦੇ ਦੀ ਝਾਲੂ ਸ਼ਕਤੀ ਨੂੰ ਸੱਟਾਂ ਮਾਰ ਮਾਰ ਕੇ ਕੁਛ ਥਕਾਨ ਯਾ ਸਿਥਲਤਾ ਯਾ ਉਪ੍ਰਾਮਤਾ ਲਾ ਦੇਂਦਾ ਹੈ। ਇਸਨੂੰ ਦੂਰ ਕਰਕੇ ਮਨ ਨੂੰ ਸਾਵਧਾਨ ਕਰਨ ਲਈ ਉਪਕਾਰੀ ਸੰਤ ਕਦੇ ਕਦੇ ਏਕਾਂਤ ਵਾਸੀ ਹੋ ਜਾਂਦਾ ਹੈ। ***'ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ। ਸਾਵਧਾਨ ਏਕਾਗਰ ਚੀਤ॥'*** *(ਸੁਖਮਨੀ)* ਇਹ ਹੁਕਮ ਜੁ ਹੋਇਆ।

ਜਗਤ ਕਿਉਂ ਦੁਖੀ ਹੈ ? ਅਨੇਕਾਂ ਤਜਰਬੇ ਹੋਏ ਤੇ ਹੋ ਰਹੇ ਹਨ ਇਸਨੂੰ ਸੁਖੀ ਕਰਨ ਦੇ। ਕਈ ਮਸਲੇ ਤੇ ਕਈ ਵਰਤੋਂ ਦੇ ਵਰਤਾਰੇ ਹੋਏ ਤੇ ਹੋ ਰਹੇ ਹਨ, ਪਰ ਸਾਰੇ ਜਗਤ ਨੂੰ ਪੂਰਾ ਸੁਖੀ ਕਰਨ ਵਿਚ


www.sikhbookclub.com

ਸਦਾ ਸੁਖੀ ਰੱਖਣ ਵਿਚ ਕਾਮਯਾਬ ਨਹੀਂ ਹੁੰਦੇ। ਕਿਉਂ ? ਮਨੁੱਖ ਦੀ 'ਹਉਂ' ਵਿੱਚ ਆ ਜਾਂਦੀ ਹੈ। ਵਿਉਂਤਾਂ ਤੇ ਮਸਲਿਆਂ ਦਾ ਕਸੂਰ ਘੱਟ ਹੈ। ਜੋ ਕੁਛ ਅਪਣੇ ਅੰਦਰ ਮਨੁੱਖ ਨੂੰ ਆਪੇ ਦੀ 'ਪਕੜ' ਹੈ ਤੇ ਦੂਏ ਨਾਲ ਓਪਰਾ ਪਨ ਹੈ, ਇਹ ਹਉਂ ਹੈ, ਇਹ ਉਸ ਵਿਉਂਤ ਵਿਚ ਵੱਟੇ ਪਾ ਦੇਂਦੀ ਹੈ ਜੋ ਜਗਤ ਨੂੰ ਸੁਖੀ ਕਰਨ ਵਾਸਤੇ ਦਾਨੇ ਸੋਚਦੇ ਤੇ ਜਾਰੀ ਕਰਦੇ ਰਹੇ ਹਨ। ਇਸ ਕਰਕੇ ਗੁਰੂ ਬਾਬੇ ਨੇ ਸਿਖਾਇਆ ਸੀ ਕਿ ਇਹ 'ਪਕੜ' ਛੱਡੋ। ਇਹ ਅੰਦਰ 'ਮੈਂ' ਕਰਕੇ ਬਿਰਾਜਮਾਨ ਹੈ, ਬਾਹਰ ਮੇਰੀ ਕਰਕੇ ਪਸਰਦੀ ਹੈ, ਵਰਤਾਵੇ ਵਿਚ ਦੁਜਾਇਗੀ ਦੇ ਰੂਪ ਵਿਚ ਪ੍ਰਗਟਦੀ ਹੈ। ਅੰਦਰ ਤਾਂ ਸਾਂਈਂ ਤੋਂ ਵਿਛੋੜਦੀ ਹੈ ਤੇ ਬਾਹਰ ਜਗਤ ਤੋਂ ਵਿਤਕਰਾ ਪਾ ਦੇਂਦੀ ਹੈ। ਜਿਸਦੇ ਅੰਦਰ ਇਹ ਨਹੀਂ ਉਹ ਸੁਖੀ ਤੇ ਸੁਖਦਾਤਾ ਹੋ ਜਾਂਦਾ ਹੈ। ਜੇ ਸਾਰੇ ਏਹ ਕੁਛ ਬਣ ਜਾਣ ਤਾਂ ਜਗਤ ਵਿਚ ਸੁਖ ਵਧ ਜਾਵੇ। ਜਦ ਕਦੇ ਜਗਤ ਵਿਚ ਸੁਖ ਵਰਤਿਆ ਹੈ, ਐਸੇ ਬੰਦਿਆਂ ਹੀ ਵਰਤਾਇਆ ਹੈ, ਜਿਨ੍ਹਾਂ ਨੇ ਸੁਖ ਲੈਣ ਨਾਲੋਂ ਸੁਖ ਦੇਣਾ ਭਲਾ ਜਾਤਾ ਹੈ। ਚਾਹੇ ਓਹ ਧਾਰਮਿਕ ਨੁਕਤੇ ਤੋਂ ਉਠੇ, ਚਾਹੇ ਪਰਉਪਕਾਰ ਦੇ ਨੁਕਤੇ ਤੋਂ ਓਹ ਉਠੇ। ਪਰ ਸਭ ਤੋਂ ਵੱਧ ਐਸੇ ਪੁਰਖਾਂ ਦਾ ਜੀਵਨ ਧੰਨ ਹੈ ਜੋ ਪਹਿਲਾਂ ਅੰਦਰੋਂ ਆਪ ਉੱਚੇ ਹੋਏ ਹਨ, ਹਉਂ ਦੇ ਜ਼ੰਜੀਰ ਜਿਨ੍ਹਾਂ ਦੇ ਤੁੱਟੇ ਹਨ ਤੇ ਆਪਾ ਆਜ਼ਾਦ ਹੋ ਕੇ ਸਰਬ ਆਪੇ ਦੇ ਮੇਲ ਦੇ ਆਧਾਰ ਵਿਚ ਹੋ ਗਿਆ ਹੈ। ਫੇਰ ਉਨ੍ਹਾਂ ਨੂੰ ਦਿੱਸਦੇ ਜਗਤ ਵਿਚ ਦੁਜਾਇਗੀ ਨਹੀਂ ਰਹੀ। ਓਹ ਆਪ ਅੰਦਰੋਂ ਸੁਖੀ ਹੁੰਦੇ ਹਨ ਤੇ ਉਨ੍ਹਾਂ ਤੋਂ ਜਗਤ ਨੂੰ ਸੁਖ ਮਿਲਦਾ ਹੈ। ਗੁਰੂ ਬਾਬੇ ਗੁਰੂ ਨਾਨਕ ਨੇ ਐਸੇ ਗੁਰਮੁਖ ਪੈਦਾ ਕੀਤੇ ਸਨ।

ਹਾਂ ਉਸ ਪ੍ਰਕਾਰ ਦੀ ਗੁਰਮੁਖਤਾਈ ਉਤੇ, ਜੋ ਗੁਰੂ ਬਾਬੇ ਨੇ ਸਿਖਾਈ ਸੀ, ਸੰਤ ਖਿਮਲਾ ਸਿੰਘ ਜੀ ਟੁਰਨ ਦਾ ਜਤਨ ਕਰਦੇ ਸਨ। ਨਾਮਰਸੀਏ ਸਨ, ਅੰਦਰ ਟਿਕਾਉ ਤੇ ਰਸ ਸੀ, ਸਾਂਈਂ ਮਿਲਾਪ ਦਾ ਪ੍ਰਕਾਸ਼ ਤੇ ਤੇਜ ਸੀ, ਏਕਾਂਤ ਦੇ ਸ਼ੁਕੀਨ ਸਨ, ਪਰ ਜਗਤ ਵਿਚ ਸੁਖ ਵਰਤਾਉਣ ਦਾ ਸੁਭਾਵ ਸੁਤੇ ਹੀ ਸਾਨੇ। ਸੰਗਤਾਂ ਵਿਚ ਚਲੇ ਜਾਂਦੇ, ਗੁਰਬਾਣੀ ਨਾਲ ਪ੍ਰੇਮ ਪੁਵਾਉਂਦੇ, ਗੁਰੂ ਸਾਹਿਬਾਂ ਨਾਲ ਨੇਹੁੰ ਲੁਆਉਂਦੇ ਤੇ ਨਾਮ ਜਪ ਵਿਚ ਮਦਦਾਂ ਕਰਦੇ, ਪਰ ਰਹਿੰਦੇ ਨਿਰਵਾਸ਼ ਤੇ ਆਪਾ-ਨਿਵਾਰ ਰੰਗ ਵਿਚ। ਅੰਦਰੋਂ ਨਿਰਲੇਪਤਾ ਵਾਲੀ ਉਦਾਸੀ[1] ਤਾਂ ਹੈਸੀ ਹੀ ਪਰ ਜੇ ਉਪਕਾਰ ਕਰਦਿਆਂ ਕਦੇ ਉਪਰ ਕਹੀ ਉਦਾਸੀ ਵਿਚ ਆਉਂਦੇ ਤਾਂ ਫਿਰ ਏਕਾਂਤ ਚਲੇ ਜਾਂਦੇ, ਏਕਾਂਤ ਤੋਂ ਫੇਰ ਸੰਗਤਾਂ ਵਿਚ ਆ ਵਿਚਰਦੇ[2], ਪਰ ਮੈਂ ਦੀ ਪਕੜ ਤੋਂ ਸਫਾ। ਐਤਕੀ ਏਥੇ ਏਕਾਂਤ ਟਿਕਿਆਂ ਨੂੰ ਕੁਛ ਦਿਨ ਹੀ ਬੀਤੇ ਸਨ ਕਿ ਆਪ ਇਕ ਦਿਨ ਆਪਣੀ ਕੁੱਟੀਆ ਦੇ ਮੂਹਰੇ ਬੈਠੇ ਸਨ ਤਾਂ ਦੂਰੋਂ ਪੈਖੜ ਕੰਨੀ ਪਈ ਜੋ ਬੂਟਾਂ ਦੀ ਭਾਸਦੀ ਸੀ। ਸੰਤ ਪਹਿਲਾਂ ਅਚਰਜ ਹੋਏ ਕਿ ਇਸ ਨਿਰਜਨ ਥਾਂਵੇਂ ਪੜ੍ਹੇ ਲੋਕੀਂ ਕਿੱਥੋਂ ? ਪਰ ਫੇਰ ਖਿਆਲ ਆਯਾ ਕਿ ਗੁਰਪੁਰਬ ਨੇੜੇ ਹੈ, ਹੋਵੇ ਨਾਂ ਤਾਂ ਕਿਸੇ ਸੱਜਣ ਨੇ ਮੇਰੀ ਸੂਹ ਕੱਢ ਲਈ ਹੈ ਤੇ ਲੈਣ ਆ ਰਹੇ ਹਨ। ਸੋਈਓ ਗਲ ਨਿਕਲੀ। ਥੋੜੀ ਦੇਰ ਬਾਦ ਇਕ ਪਹਾੜੀਏ ਦੇ ਨਾਲ ਦੋ ਸਿੰਘ ਪੜ੍ਹੇ ਲਿਖੇ ਹੋਏ ਆ ਪਹੁੰਚੇ। ਇਸ ਪਹਾੜੀਏ ਨੇ ਹੀ ਸੰਤਾਂ ਦਾ ਪਤਾ ਇੰਨ੍ਹਾਂ ਨੂੰ ਦਿੱਤਾ ਸੀ ਤੇ ਹੁਣ ਨਾਲ ਜਗਹ ਦੱਸਣ ਆਇਆ ਸੀ। ਸੰਤ ਜੀ ਦੋ ਸੱਜਣਾਂ ਨੂੰ ਦੂਰੋਂ ਆਉਂਦਿਆਂ ਸਿਆਣ ਗਏ ਤੇ ਹੱਸਕੇ ਬੋਲੇ, 'ਆਓ ਭਾਈ ਗੁਰੂ ਕੇ ਪਿਆਰਿਓ ! ਜੀਉ ਆਇਆਂ ਨੂੰ'। ਦੋਏ ਪ੍ਰੇਮੀ ਅੱਗੇ ਵਧੇ, ਹੱਥ ਜੋੜ ਤੇ ਸਿਰ ਨਿਵਾਕੇ ਅਦਬ ਨਾਲ ਫਤੇ ਬੁਲਾਈ ਤੇ ਸੁੱਕੇ ਘਾਹ ਉੱਤੇ, ਜੋ ਸੰਤਾਂ ਨੇ ਓਥੇ ਵਿਛਾਇਆ ਹੋਇਆ ਸੀ, ਬੈਠ ਗਏ।

---

1. ਜਿਹਿ ਮਾਇਆ ਮਮਤਾ ਤਜੀ ਸਭ ਤੇ ਭਇਓ ਉਦਾਸੁ॥
ਕਹੁ ਨਾਨਕ ਸੁਨ ਰੇ ਮਨਾ ਤਿਹ ਘਟਿ ਬ੍ਰਹਮ ਨਿਵਾਸੁ॥ (ਸਲੋਕ ਮ: ੯-੧੮)
2. ਰਹਹਿ ਇਕਾਂਤ ਏਕੋ ਮਨਿ ਵਸਿਆ ਆਸਾ ਮਾਹਿ ਨਿਰਾਸੋ॥ (ਸਿਧ ਗੋਸਟਿ-੫)
ਅਰਥਾਤ--- ਇਕਾਂਤ ਰਹੇ ਤਾਂ ਏਕੋ ਮਨ ਵਸਾਕੇ, ਜੇ ਆਸਾ ਮਯ ਜਗਤ ਵਿਚ ਹੁਕਮ ਨਾਲ ਆਵੇ ਤਾਂ ਨਿਰਾਸ ਹੋ ਵਿਚਰੇ। ਪੁਨਾ :-ਹਰਿ ਸਿਮਰਨੁ ਬਹੁ ਮਾਹਿ ਇਕੇਲਾ। (ਭੈਰਉ ਮ: ੫-੪੯)

ਸੰਤ-ਆਓ ਭਾਈ ਐਡੀ ਦੂਰ, ਐਡਾ ਖੇਚਲਾ? ਸਾਨੂੰ ਏਸੇ ਰਾਹਬਰ ਦੇ ਹੱਥੀਂ ਸੱਦ ਘੱਲਣਾ ਸੀ, ਤੁਸੀਂ ਕੋਮਲ ਸਰੀਰਾਂ ਵਾਲੇ ਹੋ, ਇੱਡੀ ਦੂਰ ਆਉਣ ਦਾ ਕਿਉਂ ਖੇਚਲਾ ਕਰਨਾ ਸੀ ?

ਪ੍ਰੇਮ ਸਿੰਘ-ਧੰਨ ਹੋ ਆਪ, ਸਦਾ ਪ੍ਰਸੰਨ, ਸਦਾ ਖਿੜੇ ਪਰਉਪਕਾਰੀ। ਅਸੀਂ ਤਾਂ ਡਰਦੇ ਆਏ ਸਾਂ ਕਿ ਆਪ ਖ਼ਫ਼ਾ ਹੋਸੋ ਕਿ ਸਾਨੂੰ ਚਾਰ ਦਿਨ ਵੀ ਏਕਾਂਤ ਨਹੀਂ ਬਹਿਣ ਦੇਂਦੇ!

ਬਿਮਲਾ ਸਿੰਘ ਜੀ-ਸਤਿਗੁਰਾਂ ਪਿਆਰ ਬਖਸ਼ਿਆ ਹੈ ਸਭ ਸਿੱਖਾਂ ਨੂੰ ਰੱਬ ਜੀ ਨਾਲ, ਜਿਨ੍ਹਾਂ ਧਾਰਿਆ ਸੋ ਸੁਖੀ ਤੇ ਸੁੱਖਾਂ ਦੇ ਦਾਤੇ ਹੋ ਗਏ। ਤੁਸੀਂ ਅਸੀਂ ਜਤਨ ਕਰੀਏ ਕਿ ਪਕੜ ਅੰਦਰ ਨਾ ਰਹੇ, ਪਿਆਰ ਪਵੇ ਰੱਬ ਜੀ ਨਾਲ ਤੇ ਹਉਂ ਮਾੜੀ ਆਪੇ ਤੋਂ ਨਿਖਰਕੇ ਨਿਕਲ ਜਾਵੇ। ਆਓ ਜੀਉ, ਜੀ ਆਇਆਂ ਨੂੰ, ਕੀਕੂੰ ਦਰਸ਼ਨ ਮੇਲੇ ਹੋਏ ?

ਭਗਤ ਸਿੰਘ-ਜੀ ਅਪਨੀ ਗਰਜ਼ ਨੂੰ। ਗੁਰਪੁਰਬ ਆ ਰਿਹਾ ਹੈ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦਾ, ਸੰਗਤਾਂ ਹੇਠਾਂ ਉਤਰ ਗਈਆਂ ਹਨ, ਪਰ ਜੋ ਸਦਾ ਦੇ ਰਿਹੈਸ਼ੀ ਹਨ, ਉਨ੍ਹਾਂ ਨੇ ਗੁਰਪੁਰਬ ਮਨਾਉਣਾ ਹੈ, ਜੇ ਉਸ ਦਿਨ ਆਪਦੀ ਕ੍ਰਿਪਾ ਹੋ ਜਾਏ ਤਾਂ ਰੰਗ ਲਗ ਜਾਵੇ। ਥੋੜੀ ਜੇਹੀ ਸੰਗਤ ਵਿਚ ਬੀ ਸੱਚੀ ਖ਼ੁਸ਼ੀ ਹੋ ਜਾਏ। ਆਪ ਦੀ ਗੁਰਬਾਣੀ ਅਨੁਸਾਰ ਕੀਤੀ ਕਮਾਈ ਨਾਲ ਗੁਰਬਾਣੀ ਦੇ ਭਾਵ ਸਾਡੀ ਸਮਝੇ ਵੀ ਪੈ ਜਾਣ।

ਬਿਮਲਾ ਸਿੰਘ ਜੀ (ਇਕ ਪਲ ਸੋਚਕੇ, ਨੈਣ ਮੁੰਦ ਕੇ ਤੇ ਫੇਰ ਖੋਹਲਕੇ)-ਸਤਿ ਬਚਨ, ਭਾਈ ਏਹ ਸਰੀਰ ਸਾਧ ਸੰਗਤ ਦਾ ਹੈ। ਸਦਾ ਆਪਦੇ ਹਾਜ਼ਰ ਹੈ। ਪਰ ਭਾਈ ਇਹ ਸ਼ਰੀਰ ਸਾਡਾ ਤੁਹਾਡਾ ਚੰਮਥੈਲਾ ਹੋਣ ਵਾਸਤੇ ਨਹੀਂ ਸੀ ਰਚਿਆ ਗਿਆ। ਇਹ ਤਾਂ ਹਰੀਮੰਦਰ ਹੈ ਜੇ ਇਸ ਵਿਚ ਨਾਮ ਦਾ ਨਿਵਾਸ ਹੋਵੇ; ਨਾਮ ਦੇ ਨਿਵਾਸ ਨਾਲ ਹਉਂ ਦੂਰ ਹੁੰਦੀ ਹੈ ਤੇ ਹਰੀ ਇਸ ਵਿਚ ਪ੍ਰਤੱਖ ਹੁੰਦਾ ਹੈ। ਹਉਂ ਨਾ ਰਹੀ ਤਾਂ ਫੇਰ ਦੂਜੈਗੀ ਕਾਹਦੀ, ਸਭ ਆਪਣੇ ਹਨ, ਸਭ ਆਪਾ ਹੈ। ਤੁਸੀਂ ਆਖਸੋ ਫੇਰ ਇਕਾਂਤ ਦੀ ਕੀਹ ਲੋੜ ਹੈ ? ਭਾਈ! ਦੇਹ ਤੱਤਾਂ ਦੀ ਬਣਤਰ ਹੈ ਤੇ ਮਨ ਦੇ ਅਸਰ ਇਸ ਉਤੇ ਤੇ ਇਸਦੇ ਮਨ ਉਤੇ ਪੈਂਦੇ ਹਨ। ਪਰਵਿਰਤੀ ਵਿਚ[1] ਕੁਛ ਨਾ ਕੁਛ ਇਸ ਮਨ ਉਤੇ ਸਿੱਧਾ ਯਾ ਸ਼ਰੀਰ ਦੇ ਥਕਾਨ ਅਕਾਨ ਨਾਲ ਐਸਾ ਕੁਛ ਕਿਸੇ ਵੇਲੇ ਅਸਰ ਪੈਂਦਾ ਹੈ, ਜੋ ਦੂਰ ਕਰਨਾ ਹੁੰਦਾ ਹੈ। ਸੋ ਸਜਨਾ ਕਦੇ ਕਦੇ ਇਕਾਂਤ ਹੋਈਦਾ ਹੈ ਤੇ ਇਸ ਹਉਂ ਦਾ ਵਹੀ ਖਾਤਾ ਪੜਤਾਲੀਦਾ ਹੈ ਕਿ ਇਸ ਨੇ ਅੰਦਰ ਕੋਈ ਫੇਰ ਜਮਾਂ ਦੀ ਰਕਮ ਕੱਠੀ ਤਾਂ ਨਹੀਂ ਕਰ ਲਈ। ਹੋਰ ਚਿੱਤ ਤਾਂ ਇਹੋ ਕਰਦਾ ਹੈ ਕਿ ਜਗਤ ਜਲ ਰਿਹਾ ਹੈ, ਦੁਖੀ ਹੈ, ਜੋ ਕੁਛ ਸਰ ਬਣ ਆਵੇ ਤਾਂ ਪਾਣੀ ਦਾ ਛੱਟਾ ਮਾਰੀਏ, ਚਾਹੋ ਸਾਡੇ ਛੱਟੇ ਨਾਲ ਕੀ ਬਣਦਾ ਹੈ। 'ਅਸੀਂ ਛੱਟਾ ਮਾਰੀਏ' ਇਹ ਵੀ ਹਉਮੈ ਹੈ, ਪਰ ਹੁਕਮ ਇਹੋ ਹੈ *'ਆਪਿ ਜਪਹੁ ਅਵਰਹੁ ਨਾਮੁ ਜਪਾਵਹੁ॥ ਸੁਨਤ ਕਹਤ ਰਹਤ ਗਤਿ ਪਾਵਹੁ॥'* ਜਗਤ ਵਿਚ ਦੁਖ ਬਹੁਤ ਹੈ, ਉਸ ਨੂੰ ਦੂਰ ਕਰਨ ਦਾ ਹੀਆ ਹੁਕਮ ਵਿਚ ਹੋਵੇ ਤਾਂ ਲੇਸ਼ ਨਹੀਂ ਲਗਦਾ, ਪਰ ਦੁਖ ਇਹ ਹੈ ਕਿ ਪਰਉਪਕਾਰ ਜੋ ਹਉਂ ਵਿਚ ਕਰੀਦਾ ਹੈ, ਉਹ ਬਹੁਤ ਸੁਖਦਾਤਾ ਨਹੀਂ ਹੁੰਦਾ। ਪਰ ਜੇ ਹਉਂ ਪਹਿਲਾਂ ਨਾਮ ਨਾਲ ਸਾਂਭੀ ਜਾਵੇ ਤਾਂ ਸੁਤੇ ਸਿੱਧ ਜੋ ਸਰੇ ਬਣੇ ਪਿਆ ਹੋਵੇ। ਸੱਜਣੋ ! ਹਉਮੈਂ ਬੁਰੀ ਬਲਾ ਹੈ; ਇੱਕ ਤਾਂ ਸਾਂਈਂ ਨਾਲ ਏਸਨੇ ਵਿੱਥ ਪਾਈ ਹੈ। ਦੂਜੇ ਜਗਤ ਨਾਲ ਦੁਜਾਇਗੀ ਇਸ ਵਰਤਾਈ ਹੈ। ਪਰ ਹਉਮੈਂ ਬੀ ਹੁਕਮ ਕਰ ਹੋਈ ਹੈ[2] ਤੇ ਦੂਰ ਨਾਮ ਨਾਲ ਹੁੰਦੀ ਹੈ[3]। ਜੇ ਕੋਈ ਬਖਸ਼ਿਆ ਹੋਇਆ ਨਾਮ ਦੇ ਗੱਫੇ ਵਰਤਾਵੇ ਤੇ ਭਲਾ ਕਰੇ ਤਾਂ ਹੀ ਇਹ ਪਰੇ ਰਹਿੰਦੀ ਹੈ, ਜੇ ਹੁਕਮ ਵਿਚ ਵਰਤੇ ਤਾਂ।[4]

---

1. ਪਰਵਿਰਤਿ ਮਾਰਗੁ ਜੇਤਾ ਕਿਛੁ ਹੋਈਐ ਤੇਤਾ ਲੋਗ ਪੁਚਾਰਾ॥ (ਸਾਰੰਗ ਮ: ੫-੧੨੦੫)
2. ਹਉਮੈ ਏਹੋ ਹੁਕਮੁ ਹੈ ਪਇਐ ਕਿਰਤਿ ਫਿਰਾਹਿ॥ (ਆਸਾ ਦੀ ਵਾਰ ਮ: ੨-੪੬੬)
3. ਨਾਮੇ ਰਾਤੇ ਹਉਮੈ ਜਾਇ॥ (ਰਾਮ:ਸਿਧ ਗੋਸ਼ਟਿ-੯੪੧)
4. ਤਾਂ ਮੈਂ ਕਹਿਆ ਕਹਣੁ ਜਾ ਤੁਝੈ ਕਹਾਇਆ॥ (ਵਡਹੰਸ ਮ: ੧)


www.sikhbookclub.com

ਜਗਤ ਵਿਚ ਨੈਣ ਪਸਾਰਕੇ ਤੱਕੋ, ਇਸੇ ਅੰਦਰ ਦੀ ਵਖੇਵੇਂ ਵਾਲੀ ਗਤੀ ਨੇ ਰਾਜਿਆਂ ਦੇ ਵੈਰ, ਦੇਸ਼ ਦੇਸ਼ ਦੀ ਲੜਾਈ, ਘਰ ਘਰ ਦਾ ਵਿਰੋਧ ਤੇ ਜੀ ਜੀ ਦਾ ਵੈਰ ਪੁਆ ਰੱਖਿਆ ਹੈ*। ਕੋਈ ਨਹੀਂ ਵਿਚਾਰਦਾ ਕਿ ਮਨੁੱਖ ਸਾਰੇ ਸੁਖੀ ਹੋਣ, ਜਗਤ ਸੁਖੀ ਹੋਵੇ। ਕਾਹਦੇ ਲਈ ਸਾਜ਼ਦੇ ਹਨ ਤੋਪਾਂ ਬੰਦੂਕਾਂ ਜਹਾਜ਼ ਤੇ ਬਰੂਦ ਗੋਲੇ? ਮਨੁੱਖ ਮਨੁੱਖ ਦੇ ਕਤਲ ਲਈ। ਕੀਹ ਇਸਦਾ ਨਾਉਂ ਹੈ ਤ੍ਰੱਕੀ ਤੇ ਤਹਜ਼ੀਬ ? ਫੇਰ ਜਦ ਇਕ ਜਰਵਾਣਾ ਹੋ ਜਾਂਦਾ ਹੈ ਤਾਂ ਦੂਜੇ ਨੂੰ ਆਪਣੀ ਰਖਜਾ ਕਰਨੀ ਪੈਂਦੀ ਹੈ। ਇਉਂ ਸਾਰੇ ਕਤਲ ਦੇ ਸਾਮਾਨਾਂ ਵਿਚ ਸਭਜ ਹੋ ਗਏ ਹਨ, ਜੇ ਇਕ ਛੱਡੇ ਤਾਂ ਦੂਏ ਤੋਂ ਡਰਦਾ ਹੈ! ਐਉਂ ਇਸ ਦੁਜਾਇਗੀ ਦੇ ਮਾਦੇ ਨੇ ਵਿਦਜਾ ਦੇ ਚਾਨਣੇ ਵਿਚ ਬੀ ਜਗਤ ਦੁਖੀ ਕਰ ਰਖਿਆ ਹੈ। ਗੁਰੂ ਬਾਬੇ ਨੇ ਦਸਮੇਂ ਜਾਮੇਂ ਜ਼ਰਵਾਣਿਆਂ ਤੋਂ ਮਜ਼ਲੂਮਾਂ ਨੂੰ, ਆਪਾ ਤੇ ਅਪਣਾ ਸਭ ਕੁਛ ਵਾਰਕੇ, ਬਚਾਇਆ ਸੀ। ਫੇਰ ਗੁਰੂ ਜੀ ਨੇ ਆਪਾ ਵਾਰਨ ਵਾਲਾ ਖਾਲਸਾ ਆਪਣੇ ਵਾਂਙੂ ਉਪਕਾਰੀ ਆਪਣੇ ਰੂਪ ਤੇ ਸਾਜਕੇ ਸਦਾ ਲਈ ਕੈਮ ਕੀਤਾ ਸੀ। ਪਰ ਸਿਖਾਇਆ ਕੀਹ ਸੀ ਕਿ ਨਾਮ ਦੀ ਜੋਤ ਜਗਾ ਦਿਓ ਸਾਰੇ ਘਟਾਂ ਵਿਚ! ਜੇ ਜ਼ੁਲਮ ਦੇਖੋ ਤਾਂ ਦੂਰ ਕਰੋ, ਇਸ ਲਈ ਕਿ ਜਗਤ ਵਿਚ ਪਿਆਰ ਫੈਲੇ ਤੇ ਵਿਰੋਧ ਨਾਸ਼ ਹੋਵੇ। ਤੁਸੀਂ ਪਿਆਰ ਕਰੋ, ਦੁੱਖ ਝੱਲੋ ਤੇ ਸੁਖ ਦਿਓ, ਤੁਹਾਨੂੰ ਦੇਖਕੇ ਦੂਸਰੇ ਰੀਸ ਪਕੜਨ। ਸੋ ਭਾਈ ਏਹ ਜੋ ਅੰਦਰ 'ਹਉਂ' ਹੈ ਤੇ ਜੋ ਆਪੇ ਨਾਲ ਮੋਹ ਰੂਪ ਧਾਰਕੇ ਅੰਦਰ ਅਪਣੇ ਆਪ ਨੂੰ ਲਖਾਉਂਦੀ ਹੈ ਅਤੇ ਬਾਹਰ ਇਹ 'ਮੇਰੀ' ਦਾ ਰੂਪ ਧਾਰਕੇ ਮੋਹ ਪਸਾਰਦੀ ਹੈ, ਫੇਰ ਇਹੋ ਮੋਹ ਦੂਸਰਿਆਂ ਨਾਲ ਦੁਜਾਇਗੀ ਸਿਖਲਾਉਂਦਾ ਹੈ। ਸਾਧੂ ਦਾ ਧਰਮ ਹੈ ਇਸ ਤੋਂ ਬਚੇ ਤਾਂ ਜੋ ਜਗਤ ਨੂੰ, ਸੁਖਦਾਈ ਹੋਵੇ। ਇਸ ਦੁਜਾਇਗੀ, ਇਸ ਪਕੜ, ਇਸ ਹਉਮੈਂ ਤੋਂ, ਜੋ ਸਾਂਈਂ ਤੋਂ ਬੀ ਵਿਛੋੜਦੀ ਹੈ ਤੇ ਜਗਤ ਵਿਚ ਬੀ ਉਪੱਦ੍ਰਵ ਕਰਵਾਉਂਦੀ ਹੈ, ਬਚਣਾ ਸਭ ਦਾ ਧਰਮ ਹੈ! ਸਾਧੂ ਦਾ ਮੁੱਖ ਧਰਮ ਹੈ ਨਾਮ ਜਪਣਾ ਤੇ ਜਪਾਉਣਾ। ਇਸ ਤੋਂ ਉਤਰਕੇ ਦੂਸਰਾ ਮੁੱਖ ਕਰਮ ਇਹੀ ਹੈ-ਦੁਜੈਗੀ ਦੂਰ ਕਰਨੀ। ਇਸੇ ਲਈ ਕਦੇ ਕਦੇ ਵੱਖਰੇ ਆ ਬੈਠੀਦਾ ਹੈ ਕਿ ਇਹ ਮਾਇਆ ਪ੍ਰਬਲ ਹੈ, ਇਸਦੇ ਛਲਾਂ ਨੂੰ ਵੇਖਦੇ ਰਹੀਏ। ਮਾਇਆ ਕੀ ਹੈ ? ਗੁਰੂ ਬਾਬੇ ਨੇ ਤੀਜੇ ਜਾਮੇਂ ਫੁਰਮਾਇਆ ਸੀ:-

*"ਏਹ ਮਾਇਆ ਜਿਤੁ ਹਰਿ ਵਿਸਰੈ ਮੋਹੁ ਉਪਜੈ ਭਾਉ ਦੂਜਾ ਲਾਇਆ॥"* (ਆਨੰਦ-੨੯-੯੨੧)

ਇਹ ਮਾਇਆ ਪ੍ਰਬਲ ਹੈ, ਇਸ ਦੀ ਸੋਝੀ ਰੱਖਣੀ ਧਰਮ ਹੈ, ਇਸ ਤੋਂ ਬਚਣਾ ਸ਼ੁਭ ਹੈ। ਇਸ ਦੇ ਦਾਉ ਘਾਉ ਦੇਖਣ ਤੇ ਆਪਾ ਚੀਨਣ ਲਈ ਕਦੇ ਕਦੇ ਏਕਾਂਤ ਆ ਬਹੀਦਾ ਹੈ। ਨਹੀਂ ਤਾਂ ਸੱਜਣੋਂ ਅਸੀਂ ਤੁਸਾਂ ਤੋਂ ਮੂਗ ਨਾਲ ਉਦਾਸ ਹੋ ਕੇ ਨਹੀਂ ਦੂਰ ਆਉਂਦੇ।

ਪ੍ਰੇਮ ਸਿੰਘ-ਆਪ ਜੈਸੀਆਂ ਮੂਰਤਾਂ ਦੁਰਲਭ ਹਨ! ਸਾਨੂੰ ਤਾਂ ਹੁਣ ਘਾਟਾ ਹੀ ਇਹ ਹੈ, ਕਿ ਸਾਧੂ, ਸੰਤ, ਗੁਰੂ ਤਾਂ ਲੋਕੀਂ ਅਖਵਾਉਂਦੇ ਹਨ, ਪਰ ਆਪ ਜੈਸੀ ਹਉਂ ਤੋਂ ਨਿਰਮਲ ਜੀਵਨੀ ਬਸਰ ਨਹੀਂ ਕਰਦੇ, ਲੋਕਾਂ ਤੇ ਬੀ ਪ੍ਰਭਾਉ ਫੇਰ ਚੰਗਾ ਨਹੀਂ ਪੈਂਦਾ। ਆਪ ਜੈਸੇ ਸੰਤਾਂ ਦੇ ਦਮ ਨਾਲ ਹੀ ਪੰਥ ਵਿਚ ਨਾਮ ਦਾ ਪਰਚਾ ਹੈ ਤੇ ਜਗਤ ਸੁਖੀ ਹੁੰਦਾ ਹੈ। ਜੇ ਬੇਅਦਬੀ ਨਾ ਹੋਵੇ ਤਾਂ ਮੈਂ ਇਕ ਬੇਨਤੀ ਕਰਾਂ, ਪ੍ਰਸੰਗ ਚਲ ਪਿਆ ਹੈ ਪਰਉਪਕਾਰ ਦਾ, ਇਸ ਵਿਸ਼ੇ ਤੇ ਕੁਛ ਸੋਝੀ ਦੀ ਦਾਸਾਂ ਨੂੰ ਲੋੜ ਹੈ।

ਬਿਮਲਾ ਸਿੰਘ ਜੀ-ਭਾਈ ਸਤਿ ਬਚਨ, ਜਿਵੇਂ ਆਖਸੋ ਪੁੱਛਾਂ ਦੇ ਉੱਤਰ ਵਿਚ ਬਚਨ ਬਿਲਾਸ ਗੁਰੂ ਮਿਹਰ ਨਾਲ ਮੁਤੇ ਹੀ ਹੋ ਜਾਣਗੇ। ਪਹਿਲੀ ਗਲ ਇਹ ਹੈ ਕਿ ਤੁਸੀਂ ਅਤਿਥੀ ਹੋ, ਦੂਰੋਂ ਆਏ ਹੋ, ਸਾਡੇ ਪਾਸ ਜਲ ਹੈ, ਇਹ ਛਕੋ, ਇਸ਼ਨਾਨ ਕਰਨਾ ਹੈ ਤਾਂ ਕਰ ਲਓ। ਆਪ ਇਹ ਕਾਰਜ ਕਰੋ ਤੇ ਅਸੀਂ ਗਿਰਾਂ ਵਿਚ ਜਾ ਕੇ ਅੰਨ ਆਪ ਵਾਸਤੇ ਲੈ ਆਉਂਦੇ ਹਾਂ।

ਪ੍ਰੇਮ ਸਿੰਘ-ਮਹਾਰਾਜ ਜੀਓ ਸਭ ਮਿਹਰ ਹੈ। ਸਾਨੂੰ ਪਤਾ ਸੀ ਕਿ ਆਪ ਏਥੇ ਮੂਲੋਂ ਹੀ ਇਕਾਂਤ ਵਾਸੀ ਹੋ, ਆਪ ਪਾਸ ਲੰਗਰ ਦਾ ਸਾਮਾਨ ਨਹੀਂ ਹੈ, ਇਸ ਕਰਕੇ ਅਸੀਂ ਪ੍ਰਸ਼ਾਦੇ ਤੇ ਹੋਰ ਕੁਛ ਖਾਣ ਦਾ

* ਦੂਜੈ ਭਾਇ ਬਹੁਤੁ ਘਰ ਗਾਲੇ॥ (ਭੈਰਉ ਕਬੀਰ ਜੀ ੧੧੬੦)

ਸਾਮਾਨ ਨਾਲ ਹੀ ਲੈ ਆਏ ਸਾਂ ਤੇ ਇਸ਼ਨਾਨ ਪਾਣੀ ਬੀ ਕਰ ਆਏ ਹਾਂ;

ਬਮਲਾ ਸਿੰਘ-ਤਾਂ ਭਾਈ ਸੁੱਖ, ਸਾਧੂ ਪਾਸ ਤਾਂ ਆਦਰ ਹੀ ਆਦਰ ਹੈ, ਸੋ ਹਾਜ਼ਰ ਹੈ।

ਭਗਤ ਸਿੰਘ-ਸਭ ਆਪਦੀ ਬਖਸ਼ਿਸ਼ ਹੈ।

ਬਿਮਲਾ ਸਿੰਘ-ਬਖਸ਼ਿਸ਼ ਵਾਹਿਗੁਰੂ ਦੀ ਹੈ। ਮਨੁੱਖ ਦਾ ਮਨੁੱਖ ਨਾਲ ਭਾਉ ਹੈ। ਹੁਣ ਕਰੋ ਗੱਲ ਬਾਤ।

ਪ੍ਰੇਮ ਸਿੰਘ-ਕ੍ਰਿਪਾ ਨਿਧਾਨ ਜੀਓ ! ਆਪ ਨੇ ਪਿਛਲੀਆਂ ਗਰਮੀਆਂ ਵਿਚ ਮਨੁੱਖ ਦਾ ਮਨੁੱਖ ਨਾਲ ਪ੍ਰੇਮ ਜਣਾਇਆ ਤੇ ਉਪਕਾਰ ਸਿਖਾਇਆ ਸੀ। ਥੋੜੇ ਦਿਨ ਹੋਏ, ਆਪਦੇ ਆ ਜਾਣ ਮਗਰੋਂ ਇਕ ਰਮਤਾ ਸਾਧੂ ਕਿਸੇ ਮਤ ਦਾ ਗੁਰਦੁਆਰੇ ਆ ਗਿਆ। ਅਤਿਥੀ ਸੀ, ਅੰਨ ਪਾਣੀ ਗ੍ਰੰਥੀ ਸਿੰਘ ਨੇ ਛਕਾਇਆ। ਉਸ ਸਾਧੂ ਨੇ ਇਕ ਦਿਨ ਸੁਤੇ ਹੀ ਦਾਨ ਦੀ ਗਲ ਕੀਤੀ ਤੇ ਆਖਣ ਲੱਗਾ ਕਿ ਦਾਨ ਪਾਤ੍ਰ ਦਾ ਅਧਿਕਾਰ ਪਛਾਨਣਾ ਚਾਹੀਏ। ਐਵੇਂ ਦਾਨ ਕੀਤੇ ਦਾ ਫਲ ਏਥੇ ਓਥੇ ਦੁੱਖ ਹੀ ਹੈ। ਉਹ ਕਹਿੰਦਾ ਸੀ ਮੈਂ ਤਾਂ ਸਮਝਦਾ ਹਾਂ ਕਿ ਕੇਵਲ ਆਪ ਨੂੰ ਬ੍ਰਹਮ ਜਾਣ ਲੈਣਾ ਕਾਫੀ ਹੈ, ਨਾਮ ਦਾਨ ਆਦਿ ਦੀ ਲੋੜ ਨਹੀਂ।

ਬਿਮਲਾ ਸਿੰਘ-ਭਾਈ ਅਧਿਕਾਰ ਪਛਾਨਣਾ ਤਾਂ ਠੀਕ ਗਲ ਹੈ। ਜੇ ਤੁਸੀਂ ਲਖਪਤੀ ਨੂੰ ਦਸ ਰੁਪੈ ਦਿਓਗੇ ਤਾਂ ਕੀਹ ਗੁਣ ? ਜੇ ਜੁਆਰੀਏ ਨੂੰ ਸੌ ਰੁਪੱਯਾ ਦਿਓਗੇ ਤਾਂ ਜੂਆ ਹੀ ਖੇਲੇਗਾ। ਅਗੋਂ ਦੀ ਤਾਂ ਗੁਰੂ ਜਾਣੇ ਪਰ ਪ੍ਰਤੱਖ ਦੀ ਗੱਲ ਪੁੱਛੋ ਤਾਂ ਜੋ ਦੂਸਰੇ ਦਾ ਭਲਾ ਕਰੇਗਾ ਦੁੱਖਾਂ ਦੇ ਮੂੰਹ ਆਵੇਗਾ। ਜੋ ਪਰਾਇਆ ਭਲਾ ਕਰੇਗਾ ਉਸ ਦੇ ਉਦਾਲੇ ਕਿਸੇ ਨਾ ਕਿਸੇ ਸ਼ਕਲ ਵਿਚ ਦੁੱਖ ਆਵੇਗਾ। ਤੁਸੀ ਪਰ ਉਪਕਾਰ ਦੇ ਕੰਮ ਕਰਕੇ ਵੇਖੋ ਕਿ ਜਿਨ੍ਹਾਂ ਨਾਲ ਨੇਕੀ ਉਪਕਾਰ ਕਰੋਗੇ ਬਹੁਤੀ ਵੇਰ ਓਹੀ ਵੈਰੀ ਹੋ ਢੁੱਕਣਗੇ। ਕਈ ਵੇਰ ਉਨ੍ਹਾਂ ਦੇ ਹਿਤੂ ਵੈਰੀ ਹੋ ਜਾਂਦੇ ਹਨ। ਆਮ ਕਰਕੇ, ਜਾਣੇ ਯਾ ਅਣਜਾਣੇ, ਜਗਤ ਨੇਕੀ ਕਰਨ ਵਾਲੇ ਨੂੰ ਘੇਰ ਘਾਰ ਕੇ ਦੁੱਖਾਂ ਦੇ ਮੂੰਹ ਫਸਾ ਦੇਂਦਾ ਹੈ। ਪਰੋਪਕਾਰੀਆਂ ਦੀ ਨਿੰਦਾ ਕਰਨੀ', ਆਪਣੇ ਮਨੋਰਥਾਂ ਦੀ ਖਾਤਰ ਊਜਾਂ ਦੇਣੀਆਂ ਤਾਂ ਜਗਤ ਦੇ ਖੱਬੇ ਹੱਥ ਦਾ ਕਰਤਬ ਹੈ। ਇਸ ਤੋਂ ਵਧਕੇ ਲੋਕੀ ਅਨੇਕ ਤਰ੍ਹਾਂ ਦੇ ਵਡੇਰੇ ਕਸ਼ਟ ਭੀ ਖੜੇ ਕਰ ਦੇਂਦੇ ਹਨ, ਜਿੰਦਾਂ ਤਕ ਭੀ ਲੈ ਲੈਂਦੇ ਹਨ, ਸ੍ਰੀ ਗੁਰੂ ਅਰਜਨ ਦੇਵ ਜੀ ਪਰਮੇਸ਼੍ਵਰ ਸਰੂਪ ਸਨ। ਉਨ੍ਹਾਂ ਦਾ ਹਿਰਦਾ ਤੇ ਸ਼ਰੀਰ ਕਿਤਨਾ ਕੋਮਲ ਸੀ, ਜਿਸ ਤੋਂ ਅਰਸ਼ੀ ਬਾਣੀ ਨਿਕਲਦੀ ਸੀ। ਉਨ੍ਹਾਂ ਦੇ ਉਪਕਾਰਾਂ ਦਾ ਅੰਤ ਨਹੀਂ। ਖਿਮਾਂ ਕਰਨੀ ਮੈਂ ਅਵਤਾਰ ਗੁਰੂ ਦਾ ਜ਼ਿਕਰ ਮਨੁੱਖੀ ਜ਼ਿਕਰਾਂ ਵਿਚ ਕਰਨ ਲੱਗਾ ਹਾਂ ! ਜੇ ਉਨ੍ਹਾਂ ਦੇ ਸ੍ਰੀ ਦਰਬਾਰ ਸਾਹਿਬ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਾਲੇ ਰੂਹਾਨੀ ਤੇ ਕੋਮਲ ਉਨਰੀ ਤੇ ਸਾਹਿਤਕ ਉਪਕਾਰ ਨੂੰ ਅੱਖਾਂ ਅਗੇ ਲਿਆਈਏ ਤੇ ਦੂਜੇ ਪਾਸੇ ਉਸ ਸੂਖਮ ਤੇ ਕੂਲੀ ਵਜਕਤੀ ਨੂੰ ਤੱਤੇ ਤਵੇ ਤੇ ਬੈਠਿਆਂ ਤੇ ਰੇਤਾਂ ਪੈਂਦੀਆਂ ਤੱਕੀਏ ਤਾਂ ਪ੍ਰਾਣ ਕੰਬ ਉਠਦੇ ਹਨ। ਇਹ ਦੇਖ ਲਓ ਜਗਤ ਦਾ 'ਸ਼ਿਰੋਮਣ ਪਰਉਪਕਾਰੀ' ਨਾਲ ਸਲੂਕ !

ਬਾਹਰਲੇ ਦੁਖਾਂ ਨੂੰ ਛੱਡਕੇ ਜੇ ਅਪਣੇ ਆਪ ਵਿਚ ਉਪਕਾਰੀ ਤੱਕੇ ਤਾਂ ਅਪਣਾ ਧਨ, ਅਪਣਾ ਵਕਤ ਤੇ ਜੇ ਬੰਦਗੀ ਵਾਲਾ ਹੈ ਤਾਂ ਆਪਣਾ ਮਾਨਸਿਕ ਬਲ ਓਹ ਉਪਕਾਰ ਵਿਚ ਕਿਤਨਾ ਕੁ ਖਰਚ ਕਰਦਾ ਹੈ। ਇਉਂ ਅਪਣਾ ਵਿਗਾੜੇਗਾ ਤਾਂ ਹੀ ਉਪਕਾਰੀ ਬਿਗਾਨੇ ਦਾ ਕੁਝ ਸੁਆਰੇਗਾ। ਅਸੀਂ ਪਹਿਲਾਂ ਗ੍ਰਿਹਸਤ ਆਸ਼੍ਰਮ ਵਿਚ ਸੇ ਕਿ ਜਦੋਂ ਨਾਮ ਦਾ ਸ਼ੌਕ ਲੱਗਾ। ਗੁਰੂ ਦੀ ਮੇਹਰ ਹੋਈ ਅੰਦਰੋਂ ਪਾਲਾਂ ਟੁੱਟੀਆਂ, ਸਾਂਈਂ ਮਿੱਠਾ ਤੇ ਪਿਆਰਾ ਲੱਗਾ, ਬਾਹਰਲੀ ਵਰਤੋਂ ਵਿਚ ਵੀ ਹਉਮੈਂ ਦੀ ਧੀ-ਦੁਜਾਇਗੀ-ਵਿਦਾ ਹੋ ਗਈ। ਫਿਰ ਦੂਜਿਆਂ ਦੇ ਭਲੇ ਦਾ ਹੁਕਮ ਵਿਚ ਕੁਛ ਉੱਦਮ ਹੋ ਆਇਆ। ਪਰ ਸੱਜਣੋਂ ! ਇਸ ਕੰਮ ਵਿਚ ਅਨੇਕਾਂ ਕਸ਼ਟ ਵੇਖਣੇ ਪਏ। ਜਦੋਂ ਸਾਡੇ ਸਾਥੀ ਜੀ ਟੁਰ ਗਏ ਤਾਂ ਅਸਾਂ ਮਾਤਾ ਜੀ ਦੀ

ਆਗਜਾ ਲੈ ਕੇ ਕਲਗੀਧਰ ਦੀ ਸੇਵਾ ਮੋਢੇ ਚਾਕੇ ਇਹ ਹੁਣ ਵਾਲਾ ਤਜਾਗ ਮਾਰਗ ਧਾਰ ਲਿਆ। ਪਰ ਤਦ ਭੀ ਗੁਰੂ ਕੇ ਪਿਆਰਿਓ ! ਏਕਾਂਤ ਸੁਖੀ ਰਹੀਦਾ ਹੈ। ਜਦ ਬਹੁਤ ਚਿਰ ਸੇਵਾ ਵਿਚ ਜਾਈਦਾ ਹੈ ਤਾਂ ਅਨੇਕਾਂ ਤਰ੍ਹਾਂ ਦੇ ਤਜਰਬੇ ਹੁੰਦੇ ਹਨ, ਜੋ ਕੀ ਦੱਸੀਏ 'ਦੁਖ ਰੂਪ' ਹੀ ਓਹਨਾਂ ਨੂੰ ਕਹੀਏ ਤਾਂ ਠੀਕ ਹੈ। ਪਰ ਹੁਣ ਜਦ ਸ਼ਰੀਰ ਮਨ ਤੇ ਆਤਮਾਂ ਸਭ ਗੁਰੂ ਕਾ ਹੋ ਚੁਕਾ ਹੈ ਤਾਂ ਫੇਰ ਸਾਡਾ ਕੀ ਹੈ, ਸਭ ਹੁਕਮ ਹੈ। ਇਸ ਭਾਵ ਵਿਚ ਕੌੜੇ ਤਜਰਬੇ ਮਿੱਠੇ ਲਗਦੇ ਹਨ। ਸ੍ਰੀ ਬਾਬਾ ਜੀ ਦਾ ਹੁਕਮ ਹੈ:-*'ਦੁਖੁ ਦਾਰੂ ਸੁਖੁ ਰੋਗੁ ਭਇਆ'।* ਦੁਖ ਹੀ ਇਨਸਾਨ ਨੂੰ ਤਕੜਿਆਂ ਕਰਦਾ ਹੈ, ਫਿਰ ਭੀ ਸੱਜਣੋਂ ਜੇ ਆਤਮਾਂ ਤਕੜੀ ਰਹੇ ਤਾਂ ਕਦੇ ਸਰੀਰ ਥੱਕਦਾ ਹੈ ਤੇ ਮਨ ਵਿਚ ਕਈ ਅਸਰਾਂ ਦੇ ਅਕਸ ਪੈਂਦੇ ਹਨ। ਆਖਰ ਸ਼ਰੀਰ ਵਿਚ ਜੋ ਸਨਾਯੂ ਸ਼੍ਰੇਣੀ ਹੈ, ਉਸ ਦੀ ਝੱਲਣ ਸ਼ਕਤੀ ਹਦਬੰਦੀ ਵਾਲੀ ਹੈ। ਤੁਸੀਂ ਮਤੇ ਮਨ ਵਿਚ ਹੱਸੋ, ਮੈਂ ਇਕ ਜੀਵ ਹਾਂ ਜਿਸ ਕਰਕੇ ਇਹ ਕਹਿ ਰਿਹਾ ਹਾਂ, ਮਟਾਂ-ਪੁਰਖ ਨਹੀਂ ਮੈਂ ਜੋ ਅਚੱਲ ਤੇ ਅਹਿੱਲ ਹੋਵਾਂ। ਮੈਂ ਇਕ ਨਿਮਾਣਾ ਸਿੱਖ ਹਾਂ, ਤਜਾਗੀ ਹਾਂ, ਗੁਰੂ ਕੀ ਮਿਹਰ ਹੈ, ਸ਼ੁਕਰ ਹੈ, ਪਰ ਜਦ ਕਦੇ ਕਿਸੇ ਸਿਥਲਤਾ ਦੇ ਰੰਗ ਨੂੰ ਆਉਂਦਾ ਵੇਖੀਦਾ ਹੈ ਤਾਂ ਏਕਾਂਤ ਆ ਜਾਈਦਾ ਹੈ। ਕੁਦਰਤੀ ਨਜ਼ਾਰੇ, ਏਕਾਂਤ, ਸਾਂਈਂ ਦੀ ਰੌ ਨਾਲ ਸ਼ਰੀਰ ਤੇ ਮਨ ਨਰੋਏ ਜਾਂਦੇ ਹਨ। ਸਮਝ ਤੇ ਸ਼ੌਕ ਤਾਂ ਗੁਰੂ ਮਿਹਰ ਨਾਲ ਨਹੀਂ ਹਾਰਦੇ। ਪਰ ਮਾਨੁਖ ਮਾਨੁਖ ਹੈ, ਇਸਦੀ ਸਨਾਯੂ ਸ਼੍ਰੇਣੀ ਮਨ ਤੇ ਸ਼ਰੀਰ ਨੂੰ ਢਿੱਲਿਆਂ ਹੋਣ ਦੀ - ਆਰਾਮ ਦੀ-ਲੋੜ ਪੈਂਦੀ ਹੈ ਤੇ ਇਕਾਂਤ ਵਿਚ ਆ ਕੇ ਬੁੱਧੀ ਦੀ ਸ਼ਕਤੀ ਬੀ ਤੀਖਣ ਹੋ ਜਾਂਦੀ ਹੈ।

ਭਾਈ ਸੰਤੋ ! ਸੇਵਾ ਯਾ ਉਪਕਾਰ, ਨੇਕੀ ਯਾ ਦਾਨ ਬੜੇ ਕਠਨ ਕੰਮ ਹਨ, ਇਨ੍ਹਾਂ ਦੇ ਕਰਨ ਵਾਲਿਆਂ ਨੂੰ ਜਗਤ ਓਹ ਕੁਛ ਫਲ ਦੇਂਦਾ ਹੈ ਕਿ ਕੋਈ ਕੀ ਕਹੇ। ਦਸਮੇਂ ਪਾਤਸ਼ਾਹ ਜੀ ਦੇ ਉਪਕਾਰਾਂ ਨੂੰ ਸਿਮਰਨ ਕਰੋ ਤੇ ਉਨ੍ਹਾਂ ਦੇ ਖੇਦਾਂ ਦਾ ਖਿਆਲ ਕਰੋ। ਓਹ ਭਗਵੰਤ ਰੂਪ ਸਨ, ਭਗਵੰਤ ਆਪ ਸਨ। ਪਰ ਤੱਕ ਲਓ ਜੋ ਕੁਛ ਜਗਤ ਨੇ ਉਨ੍ਹਾਂ ਨਾਲ ਵਰਤਾਉ ਕੀਤਾ ਹੈ। ਓਹੋ ਹੀ ਸਨ ਜੋ ਸਦਾ ਅਝਵੇਂ ਰਹੇ, ਕਦੇ ਨਾ ਡੋਲੇ। ਓਹ ਰੱਬ ਰੂਪ ਸਨ, ਉਹਨਾਂ ਦੀ ਰੀਸ ਨਹੀਂ ਪੁੱਗਦੀ। ਅਸੀਂ ਤੁਸੀਂ ਤਾਂ ਜੀਵ ਹਾਂ, ਭੁੱਲਣ ਹਾਰ ਹਾਂ, ਥੋੜ-ਵਿੱਤੇ ਹਾਂ, ਸਾਨੂੰ ਸਤਿਸੰਗ ਦੀ, ਸਦਾ ਨਾਮ ਵਿਚ, ਰਹਿਣ ਦੀ, ਕੀਰਤਨ ਦੀ ਲੋੜ ਹੈ ਤਾਂ ਜੋ ਨੇਕੀ ਕਰਦਿਆਂ ਜੋ ਮੁਸ਼ਕਲਾਂ ਆਉਂਦੀਆਂ ਹਨ ਤੇ ਵਰਤਾਉ ਮਿਲਦੇ ਹਨ ਸਾਨੂੰ ਉਹ ਕੌੜੇ ਤਜਰਬੇ ਹਰਾ ਨਾ ਦੇਣ। ਸ੍ਰੀ ਬਾਬਾ ਜੀ ਦਾ ਫੁਰਮਾਣ ਹੈ:-

> *ਜੇ ਕੋਊ ਅਪੁਨੀ ਓਟ ਸਮਾਰੈ॥ ਜੈਸਾ ਬਿਤੁ ਤੈਸਾ ਹੋਇ ਵਰਤੈ*
> *ਅਪੁਨਾ ਬਲੁ ਨਹੀ ਹਾਰੈ॥'* *(ਧਨਾ: ਮ: ੫-੬੭੯)*

ਪ੍ਰੇਮ ਸਿੰਘ-ਇਸ ਗੁਰਵਾਕ ਦਾ ਕੀ ਭਾਵ ਹੈ ?

ਸੰਤ-ਇਹੋ, ਜੋ ਮੈਂ ਆਖਿਆ ਹੈ। ਜੋ ਕੋਈ ਐਸਾ ਸਾਧਨ ਕਰਦਾ ਹੈ ਜਿਸ ਨਾਲ ਕਿ ਉਹ ਆਪਣੇ ਅੰਦਰ ਅਪਣੇ ਆਪੇ ਦੀ ਓਟ ਤੇ ਟਿਕਦਾ ਹੈ ਤਾਂ ਉਹ ਆਪਣੇ ਵਿਤ ਅਨੁਸਾਰ ਆਪਣੇ ਬਲ ਨੂੰ ਵਰਤੇ, ਇਤਨਾ ਨਾ ਵਰਤੇ ਕਿ ਅੰਤ ਹਾਰ ਜਾਵੇ। ਹਾਰਨਾ ਮਰਨਾ ਇਕ ਬਰਾਬਰ ਹਨ।

ਪ੍ਰੇਮ ਸਿੰਘ-ਸੰਤ ਜੀ ਏਹ ਜੋ ਪੱਛੋਂ ਤੋਂ ਲੋਕੀ ਆਉਂਦੇ ਹਨ ਪਰਉਪਕਾਰ ਪਰਉਪਕਾਰ ਹੀ ਕੂਕਦੇ ਹਨ, ਇਨ੍ਹਾਂ ਨੂੰ ਤਾਂ ਕੁਛ ਨਹੀਂ ਪੁਹੰਦਾ।

ਸੰਤ ਹੱਸ ਪਏ ਤੇ ਫੇਰ ਤਾਉੜੀ ਮਾਰਕੇ ਬੋਲੇ ! ਠੀਕ ਹੈ ਭਾਈ ! ਪਰ ਕਾਹਨੂੰ ਕਿਸੇ ਨੂੰ ਮਾੜਾ ਕਹੀਏ। ਹਾਂ ਜੋ ਪ੍ਰਤੱਖ ਦੀਹਦਾ ਹੈ ਸੋ ਤਾਂ ਇਹ ਹੈ, ਕਿ ਓਹ ਲੋਕ ਪਰਉਪਕਾਰ ਦੀਆਂ ਕੂਕਾਂ ਦੇਂਦਿਆਂ ਧਰਤੀ ਦੇ ਮੁਲਕਾਂ ਦੇ ਮਾਲਕ ਹੋ ਗਏ ਹਨ। ਐਸੇ ਉਪਕਾਰ ਨੂੰ ਕੋਈ ਕੀਹ ਕਹੇ !

ਪ੍ਰੇਮ ਸਿੰਘ-ਮੈਂ ਪਾਦਰੀਆਂ ਦੀ ਗੱਲ ਕੀਤੀ ਸੀ ਜੀ !

ਸੰਤ-ਖਈ ਅਸੀਂ ਕਿਸੇ ਵਜਕਤੀ ਯਾ ਜਾਤੀ ਦੀ ਨਿੰਦਜਾ ਵਿਚ ਨਹੀਂ ਵਿਆਪਣਾ ਚਾਹੁੰਦੇ, ਪਰ ਇਕ ਅਸੂਲ ਤੁਹਾਨੂੰ ਦੱਸਦੇ ਹਾਂ, ਉਹ ਇਹ ਹੈ:-ਜੋ ਅੰਦਰ ਹਉਮੈ ਦੇ ਬੰਦੇ ਹਨ, ਜਿਨ੍ਹਾਂ ਦੇ ਮਨ ਦੀ ਮੈਲ ਕਿਸੇ ਇਕਾਗ੍ਰਤਾ ਤੇ ਕਿਸੇ ਸਾਧਨ ਨਾਲ ਸਾਫ ਹੋ ਕੇ ਆਪੇ ਨੂੰ ਆਪੇ ਵਿਚ ਜੋੜ ਨਹੀਂ ਗਈ ਤੇ

ਜਿਨ੍ਹਾਂ ਨੂੰ ਹਉਂ ਤੇ ਹਉਂ ਦੀ ਜਾਈ-ਦੁਜਾਇਗੀ-ਤੋਂ ਖਲਾਸੀ ਨਹੀਂ ਮਿਲੀ, ਉਨ੍ਹਾਂ ਦਾ ਪਰਉਪਕਾਰ ਕੇਵਲ ਪ੍ਰਾਣੀ ਮਾਤ੍ਰ ਤੇ ਦਇਆ ਦੇ ਭਾਵ ਤੋਂ ਉਪਜਦਾ ਹੈ ਤੇ ਜਦ ਤਜਰਬੇ ਵਿਚ ਕਉੜੱਤਣ ਆਉਂਦੀ ਹੈ ਤਾਂ ਉਨ੍ਹਾਂ ਦੇ ਸੁਭਾਵ ਬਦਲ ਜਾਂਦੇ ਹਨ। ਉਹਨਾਂ ਦੀ ਆਪਣੀ ਬੋਲੀ ਵਿਚ ਇਕ ਅਖਾਵਤ ਹੈ-ਉਪਕਾਰ ਦਾ ਅੰਤ ਅਪਕਾਰ ਹੈ[1]। ਕਾਰਨ ਇਹ ਕਿ ਕਿਸੇ ਸਾਧਨ ਸੰਪੱਤੀ ਨਾਲ ਜਦੋਂ ਅੰਦਰ ਦੀ ਹਉਂ ਦੂਰ ਨਹੀਂ ਕੀਤੀ, ਅਤੇ ਓਸਤੋਂ ਉਪਜੀ ਦੁਜਾਇਗੀ ਦੂਰ ਨਹੀਂ ਹੋਈ ਤਦ ਉਸ ਸ਼ੈ ਦੀ ਜੜ੍ਹ ਨਹੀਂ ਕੱਟੀ ਜੋ ਵਿਤਕਰਿਆਂ ਦਾ ਮੂਲ ਹੈ। ਐਉਂ ਨੇਕੀ ਕਰਨ ਵਿਚ ਜੋ ਸੱਟਾਂ ਵੱਜਦੀਆਂ ਹਨ, ਉਹ ਪਹਿਲੇ ਚਾਉ ਦਾ ਮੂੰਹ ਖੁੰਢਾ ਕਰ ਦੇਂਦੀਆਂ ਹਨ, ਫੇਰ ਉਹੋ ਹਉਂ ਅੰਦਰਲੇ ਨੂੰ ਪਥਰਾ ਦੇਂਦੀ ਹੈ। ਅਸਾਂ ਨੇ ਇਕ ਸਿੱਖ ਉਪਕਾਰੀ ਡਿੱਠਾ ਹੈ, ਇਹ ਸੱਚ ਮੁਚ ਗਰੀਬਾਂ ਦਾ ਭਲਾ ਕਰਦਾ ਸੀ, ਵਕਤ ਦੇਂਦਾ ਸੀ, ਪਦਾਰਥ ਭੀ ਖਰਚਦਾ ਸੀ, ਸਭ ਲੋਕਾਂ ਦੇ ਕੰਮ ਸੁਆਰਦਾ ਸੀ, ਦੁਖ ਸੁਖ ਵੇਲੇ ਕੰਮ ਬੀ ਆਉਂਦਾ ਸੀ, ਪਰ ਨਿੰਦਾ ਤੇ ਨੁਕਤਾ-ਚੀਨੀ ਵਿਚ ਖੇਲਦਾ ਸੀ। ਸਤਿਸੰਗ ਬੀ ਜਾਂਦਾ ਸੀ, ਪਰ ਪਾਹ ਕਿਸੇ ਦਾ ਨਹੀਂ ਸੀ ਲੱਗਾ। 'ਹਉਮੈ ਤੇ ਦੁਜਾਇਗੀ' ਰੂਪ ਵਟਾਕੇ ਇਸਦੇ ਅੰਦਰ ਸਾੜੇ ਦੇਂਦੀਆਂ ਸਨ। ਆਮ ਲੋਕੀ ਇਸਦੇ ਨਾਲ ਪ੍ਰਸੰਨ ਸਨ ਪਰ ਇਸਦੇ ਅੰਦਰਲੇ ਦੇ ਉਬਾਲ ਕਈਆਂ ਨੂੰ ਛਾਲੇ ਪਾਉਂਦੇ ਸਨ। ਅਸਾਂ ਉਸ ਨੂੰ ਨਿਧੜਕ ਹੋ ਕੇ ਕਹਿ ਦਿੱਤਾ ਸੀ: ਭਾਈ ਪਹਿਲੇ ਆਪਣੇ ਆਪ ਤੇ ਉਪਕਾਰ ਕਰ। ਅੰਦਰਲੇ ਨੂੰ ਬਾਣੀ ਨਾਮ ਨਾਲ ਪਵਿੱਤ੍ਰ ਕਰ। ਜਿੱਥੇ ਦੁਜਾਇਗੀ ਤੇ ਆਪਾ-ਪਸੰਦੀ ਦੀ ਮੈਲ ਹੈ, ਉਥੋਂ ਉਹ ਦੂਰ ਹੋਵੇ, ਫੇਰ ਤੇਰੇ ਉਪਕਾਰ ਤੇਰੇ ਤੇ ਸਹਾਈ ਹੋਣਗੇ ! ਸਭ ਤੋਂ ਪਹਿਲੀ ਦਇਆ 'ਆਤਮ-ਕਿਰਪਾ' ਹੈ। ਅਸਾਂ ਇਕ ਹੋਰ ਉਪਕਾਰੀ ਡਿੱਠਾ ਹੈ ਜੋ ਵਡੀ ਉਮਰੇ ਜਾ ਕੇ ਦਇਆ ਨੂੰ ਕਸਾਇਣ ਕਿਹਾ ਕਰਦਾ ਸੀ, ਉਸਨੂੰ ਆਪਣੇ ਉਪਕਾਰਾਂ ਦੇ ਬਦਲੇ ਕਸ਼ਟ ਮਿਲੇ ਸਨ, ਜਿਨ੍ਹਾਂ ਨਾਲ ਨੇਕੀਆਂ ਕੀਤੀਆਂ ਉਨ੍ਹਾਂ ਨੇ ਦੁੱਖ ਦਿੱਤੇ ਸਨ। ਨਿਰਾਸਤਾ ਦੀਆਂ ਸੱਟਾਂ ਤੋਂ ਜੋ ਨੇਕੀ ਬਦਲੇ ਬਦੀ ਮਿਲਨ ਤੋਂ ਵੱਜਦੀਆਂ ਹਨ, ਖਾ ਖਾ ਕੇ ਉਹ ਸਿੰਘ ਜੀ ਪੱਥਰ ਹੋ ਗਏ ਸਨ। ਕਹਿੰਦੇ ਇਹ ਸਨ ਕਿ ਮੈਨੂੰ ਹੁਣ ਅਕਲ ਆਈ ਹੈ, ਮੈ ਮੂਰਖ ਸਾਂ, ਮੈਂ ਹੁਣ ਦਾਨਾ ਹੋਇਆ ਹਾਂ। ਉਸ ਨੂੰ ਬੀ ਇਸ ਸਰੀਰ ਨੇ ਨਿਸ਼ੰਕ ਹੋ ਕੇ ਕਹਿ ਦਿੱਤਾ ਸੀ, ਭਾਈ ਹੁਣ ਤੂੰ ਦਾਨਾ ਨਹੀਂ, ਪਰ ਮੁਰਦਾ ਹੋਇਆ ਹੈਂ। ਤੂੰ ਨੇਕੀ ਕਰਕੇ ਖੂਹ ਵਿਚ ਕਿਉਂ ਨਹੀਂ ਸੁੱਟਦਾ ਰਿਹਾ ? ਉਹ ਕਹਿਣ ਲਗਾ ਮੈਨੂੰ ਜਾਚ ਨਹੀਂ ਸੀ। ਮੈਂ ਕਿਹਾ ਗੁਰੂ ਕਾ ਸਿੱਖ ਹੈਂ ਤੂੰ, ਨੇਮ ਕਰ ਕਿ ਬਾਣੀ ਰੋਜ਼ ਪੜ੍ਹਾਂਗਾ ਤੇ ਵੀਚਾਰਾਂਗਾ, ਨੇਮ ਕਰ ਕਿ ਅੰਮ੍ਰਿਤ ਵੇਲੇ ਉੱਠਕੇ ਨਾਮ ਜਪਾਂਗਾ। ਹਾਂ, ਕੀਰਤਨ ਜ਼ਰੂਰ ਸੁਣਿਆਂ ਕਰ। ਫਿਰ ਤੇਰੇ ਮਨ ਦੀ ਮੈਲ ਉਤਰੇਗੀ। ਤੇਰਾ ਮਨ ਟਿਕੇਗਾ, ਉਸ ਵਿਚ ਅਨੰਤ ਦਾ ਅਕਸ ਪਏਗਾ। ਤੈਨੂੰ ਪਤਾ ਲੱਗੇਗਾ ਕਿ ਸਾਰ ਉਪਕਾਰ ਇਹ ਹੈ ! 'ਆਪੇ' ਨਾਲ ਆਪ ਉਪਕਾਰ ਕਰਨਾ ਪਹਿਲਾ ਇਹ ਉਪਕਾਰ ਹੈ[2]। ਭੋਲਿਆ! ਬੀਮਾਰ ਵੀ ਬੀਮਾਰ ਦੀ ਸੇਵਾ ਕਦੇ ਕਰ ਸਕਿਆ ਹੈ ? ਅਰੋਗ ਹੋ ਪਹਿਲਾਂ, ਹਉਂ ਦੇ ਦਾਉ ਪੇਚ ਦੇਖ, ਮਾਇਆ ਨੂੰ ਸਮਝ, ਮਨ ਨੂੰ ਨੀਵਾਂ ਕਰ, ਮਤ ਨੂੰ ਉੱਜਲ ਤੇ ਉੱਚਾ ਕਰ ਤੇ ਇਨ੍ਹਾਂ ਦੇ ਸਿਰ ਤੇ ਨਾਮ ਦਾ ਪਹਿਰਾ ਰੱਖ ! ਫੇਰ ਜੇ ਕੁਛ ਸਰੀ ਤਾਂ ਭਲਾ ਕਰ। ਦੇਖ ਦਸਮੇਂ ਪਾਤਸ਼ਾਹ ਨੇ ਜਦ ਖਾਲਸੇ ਸਿਰ ਜਗਤ ਦਾ ਜ਼ੁਲਮ ਦੂਰ ਕਰਨ ਦਾ ਉਪਕਾਰ ਕਰਨ ਦਾ ਕੰਮ ਧਰਿਆ ਤਾਂ ਪਹਿਲਾਂ ਮਤ ਇਹ ਬਖਸ਼ੀ- **'ਜਾਗਤ ਜੋਤ ਜਪੈ ਨਿਸ ਬਾਸਰ ਏਕ ਬਿਨਾਂ ਮਨ ਨੈਕ ਨ ਆਨੈ॥'** ਕਿਉਂਕਿ ਹੇ ਉਪਕਾਰੀ ! ਤੈਨੂੰ ਦੁੱਖ ਤਾਂ ਦੇਣੋਂ ਜਗਤ ਨਹੀਂ ਟਲੇਗਾ, ਪਰ ਤੇਰੀ ਟੇਕ ਅੰਦਰ ਬੱਝੀ ਹੋਵੇਗੀ, ਉਪਕਾਰ ਤੇਰਾ ਇਕ ਸੁਤੇ ਸੁਭਾਵ ਹੋਵੇਗਾ, ਤੇਰਾ ਉਪਕਾਰ ਮਾਂਗਵਾਂ ਤੇ 'ਮੁਸ਼ੱਕਤੀ ਤਰੱਦਦ ਵਾਲਾ' ਉਪਕਾਰ ਨਹੀਂ ਹੋਵੇਗਾ। ਫਿਰ ਜਦ ਤੈਨੂੰ ਨੇਕੀ ਦੇ ਬਦਲੇ ਬਦੀ ਮਿਲੇਗੀ ਤੇਰਾ ਮਨ ਠੁਹਕਰ ਨਹੀਂ ਖਾਏਗਾ, ਜੇ ਖਾਏਗਾ ਤਾਂ ਛੇਤੀ

---

1. *Phillanthropy ends in misinthropy.*
2. ਹੁਕਮ ਹੈ-ਨਰਕ ਨਿਵਾਰਿ ਉਧਾਰਹੁ ਜੀਉ॥ (ਸੁਖਮਨੀ ੨੪-੪)
ਅਰਥਾਤ-ਪਰਮਾਨੰਦ ਦਾ ਭਜਨ ਕਰਕੇ ਨਰਕ ਦੂਰ ਕਰੋ ਤੇ ਆਪਣੇ ਜੀਉ ਦਾ ਉਧਾਰ ਕਰੋ।


www.sikhbookclub.com

ਦਰੁਸਤ ਹੋ ਜਾਏਗਾ। ਉਸਨੂੰ ਵਿਚਾਰ ਮਦਦ ਦੇਵੇਗੀ ਕਿ ਬਈ ਤੂੰ ਆਪਣੇ ਰੱਬ ਦਾ ਹੁਕਮ ਪਾਲਣਾ ਹੈ, ਤੂੰ ਲੋਕਾਂ ਦੇ ਸਲੂਕ ਵਲ ਨਹੀਂ ਤੱਕਣਾ। ਲੋਕ ਦੁਖੀ ਹਨ, ਦੁਖੀਏ ਤੋਂ ਦੁੱਖ ਦੀ ਆਸ ਹੀ ਹੋ ਸਕਦੀ ਹੈ; ਏਹ ਦੁਖੀਏ ਬੀ ਹਉਂ ਦੇ ਹੀ ਬੰਦੇ ਹਨ, ਇਨ੍ਹਾਂ ਵਿਚ ਦੁਜਾਇਗੀ ਹੈ; ਇਹ ਕਦ ਪਿਆਰ ਤੇ ਸ਼ੁਕਰ ਕਰ ਸਕਦੇ ਹਨ ! ਇਕ ਗਲ ਤੁਹਾਨੂੰ ਤਜਰਬੇ ਦੀ ਦੱਸੀਏ, ਜੇ ਤੁਸੀਂ ਇਕ ਤੋਂ ਵਧੀਕਾਂ ਨਾਲ ਨੇਕੀ ਕਰ ਰਹੇ ਹੋ ਤੇ ਆਪਣੇ ਵਿਤ ਮੂਜਬ ਸਭ ਨੂੰ ਥੋੜਾ ਥੋੜਾ ਸਹਾਰਾ ਦੇ ਰਹੇ ਹੋ ਤਾਂ ਹਰੇਕ ਦਾ ਜੀ ਚਾਹੇਗਾ ਕਿ ਇਹ ਅਪਣਾ ਸਾਰਾ ਵਿਤ ਮੇਰੇ ਤੇ ਹੀ ਕਿਉਂ ਨਹੀਂ ਖਰਚ ਕਰਦਾ, ਦੂਸਰੇ ਨੂੰ ਕਿਉਂ ਕੁਛ ਦੇਂਦਾ ਹੈ। ਇਸ ਗਲੇ ਲਗ ਪਗ ਸਾਰੇ ਤੁਹਾਡੇ ਨਾਲ ਅੰਦਰੋਂ ਰੰਜ ਰਹਿਣਗੇ ਤੇ ਬੇਮਲੂਮੇ ਅਸੱਜਨ ਹੋ ਜਾਣਗੇ। ਫੇਰ ਜੇ ਕਿਸੇ ਨੂੰ ਲੋੜ ਹੈ ਸੇਰ ਦੀ ਪਰ ਤੁਹਾਥੋਂ ਸਰਦਾ ਹੈ ਪਾ ਤਾਂ ਲੈਣ ਵਾਲਾ ਪਾ ਲੈ ਕੇ ਪਾ ਦਾ ਸ਼ੁਕਰ ਗੁਜ਼ਾਰ ਨਹੀਂ ਹੋਵੇਗਾ ਪਰ ਤਿੰਨ ਪਾ ਨਾ ਮਿਲ ਸਕਣ ਦਾ ਨਾ ਸ਼ੁਕਰ ਗੁਜ਼ਾਰ। ਤੁਸੀਂ ਅਚਰਜ ਹੋਸੋ ਕਿ ਨਾਲੇ ਮੈਂ ਨੇਕੀ ਕਰਦਾ ਹਾਂ, ਪਜਾਰ ਕਰਦਾ ਹਾਂ, ਨਾਲੇ ਮੈਨੂੰ ਰੰਜ ਝੱਲਣੇ ਪੈਂਦੇ ਹਨ। ਪਰ ਭਾਈ ਜੇ ਤੂੰ ਨਾਮ ਦੇ ਲੜ ਲੱਗਾ ਹੈਂ ਤਾਂ ਤੇਰਾ ਹਉਂ ਤੋਂ ਉੱਜਲ ਹੋ ਰਿਹਾ ਮਨ ਕਹੇਗਾ ਤੂੰ ਜਿੰਨਾਂ ਸਰੇ ਭਲਾ ਕਰ ਇਹ ਗੁਰੂ ਬਾਬੇ ਦਾ ਹੁਕਮ ਜੁ ਹੋਇਆ:-*'ਗੁਰਮੁਖਿ ਨਾਮੁ ਦਾਨੁ ਇਸਨਾਨੁ'* ! ਪਰ ਇਸ ਦਾਨ ਪਰ ਟੇਕ ਨਾ ਰਖ, ਨਾ ਇਸ ਦਾ ਬਦਲਾ ਚਾਹ, ਨਾ ਕੋਈ ਆਸ ਰਖ। ਤੂੰ ਨਾਮ ਜਪ, ਕਲਿਆਨ ਤੇਰੀ ਨਾਮ ਨੇ ਕਰਨੀ ਹੈ। ਏਹੋ ਤੇਰੇ ਜੀ ਦਾ ਆਧਾਰ ਹੈ, ਏਹੋ ਤੇਰੀ ਏਥੇ ਓਥੇ ਟੇਕ ਹੈ:-

*ਏਕ ਓਟ ਏਕੋ ਆਧਾਰੁ॥ ਨਾਨਕੁ ਮਾਗੈ ਨਾਮੁ ਪ੍ਰਭੁ ਸਾਰੁ॥੧॥* (ਸੁਖਮਨੀ ੨੦)

ਗੁਰਮੁਖ ਦੀ ਟੇਕ ਨਾਮ ਤੇ ਹੈ, ਗੁਰਮੁਖ ਦਾ ਦਾਨ ਖਿੜੇ ਗੁਲਾਬ ਦੀ ਖੁਸ਼ਬੋ ਹੈ ਜੋ ਸੁਤੇ ਸੁਭਾਵ ਦਾਨ ਹੋ ਰਹੀ ਹੈ, ਗੁਰਮੁਖ ਦਾ ਇਸ਼ਨਾਨ ਸਰੀਰ ਮਨ ਤੇ ਆਤਮਾ ਦੀ ਸ਼ੁੱਧੀ ਹੈ। ਨਾਮ ਗੁਰਮੁਖ ਦਾ ਵਾਹਿਗੁਰੂ ਨਾਲ ਸੰਬੰਧ ਹੈ, ਦਾਨ ਗੁਰਮੁਖ ਦਾ ਜਗਤ ਨਾਲ ਸੰਬੰਧ ਹੈ, ਇਸ਼ਨਾਨ ਗੁਰਮੁਖ ਦਾ ਉਸਦੇ ਆਪੇ ਨਾਲ ਸੰਬੰਧ ਹੈ। ਤ੍ਰੈਹਾਂ ਨਾਲ ਉਹ ਜੀਂਵਦਿਆਂ ਮੁਕਤ ਰੂਪ ਹੈ। ਇਸ ਆਦਰਸ਼ ਤੋਂ ਵਿਰਵਾ ਹੋ ਕੇ ਜੇ ਤੂੰ ਸੋਚਿਆ ਕਿ ਨੇਕੀ ਦੇ ਬਦਲੇ ਬਦੀ ਕਿਉਂ ਆ ਢੁੱਕੀ ਹੈ ਤੇ ਮੈਂ ਹੁਣ ਨੇਕੀ ਨਹੀਂ ਕਰਾਂਗਾ ਤਾਂ ਇਸ ਅਕਲ ਨਾਲ ਤੇਰਾ ਮਨ ਕਰੜਾ ਹੋ ਗਿਆ, ਦਇਆ ਤੋਂ ਖਾਲੀ ਤੇ ਛਿਮਾਂ ਤੋਂ ਹੀਨ ਹੋ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਤਾਂ ਹੁਕਮ ਐਉਂ ਸਗੋਂ ਲਿਖਿਆ ਹੈ :-*"ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ॥ ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ॥"* ਫਿਰ ਬੀ ਜਦ ਤੂੰ ਲੋਕਾਂ ਦੇ ਜ਼ੁਲਮ ਤੋਂ ਕਿ ਉਨ੍ਹਾਂ ਦੇ ਕੁਸੰਗ ਤੋਂ ਕਿ ਆਪਣੇ ਵਿਤੋਂ ਵਧੇਰੇ ਬਲ ਖਰਚ ਤੋਂ ਸਿਥਲਤਾ ਪ੍ਰਤੀਤ ਕਰੇਂ ਤਾਂ ਕੀਰਤਨ ਸੁਣ, ਯਾ ਇਕਾਂਤ ਹੋ, ਕੁਦਰਤ ਦੇ ਰੰਗ ਨਾਲ ਮਨ ਮੇਲ, ਕੁਦਰਤ ਦੀ ਇਕਾਂਤ ਵਿਚ ਸਾਂਈਂ ਨਾਲ ਮਿਲ, ਸਫਾ ਹੋ, ਬਲਵਾਨ ਹੋ, ਸ਼ੇਰ ਹੋ, ਫੇਰ ਨਿੱਤਰ। ਭਾਈ ਖਾਲਸਾ ਜੀ ! ਬਹੁਤ ਉਪਦੇਸ਼ ਦਾਤੇ, ਬਹੁਤ ਸੁਧਾਰ ਕਰਨ ਵਾਲੇ ਜਿਨ੍ਹਾਂ ਨੂੰ ਸੁਧਾਰਦੇ ਹਨ ਉਨ੍ਹਾਂ ਦੇ ਕੁਸੰਗ ਨਾਲ ਆਪ ਉਹੋ ਜੇਹੇ ਹਉਂ ਦੇ ਸੇਵਕ, ਮਾਇਆ ਦੇ ਪ੍ਰੇਮੀ, ਦੂਜਾਇਗੀ ਦੇ ਦਾਸ ਬਣ ਜਾਂਦੇ ਹਨ। (ਠੰਢਾ ਸਾਹ ਲੈ ਕੇ) ਹੋ..., *"ਇਸੁ ਗ੍ਰਿਹ ਮਹਿ ਕੋਈ ਜਾਗਤੁ ਰਹੈ॥ ਸਾਬਤੁ ਵਸਤੁ ਓਹੁ ਅਪਨੀ ਲਹੈ॥" "ਕਬੀਰ ਮਾਇਆ ਡੋਲਨੀ ਪਵਨੁ ਵਹੈ ਹਿਵ ਧਾਰ॥"* (ਅਸਮਾਨਾਂ ਵਲ ਤੱਕਕੇ) ਹੇ ਦਾਤਾ ! ਸ਼ੁਕਰ !

*"ਕਰਿ ਕਿਰਪਾ ਮੋਹਿ ਸਾਰਿੰਗਪਾਣਿ॥ਸੰਤਨ ਧੂਰਿ ਸਰਬ ਨਿਧਾਨ॥*
*ਸਾਬਤੁ ਪੂੰਜੀ ਸਤਿਗੁਰ ਸੰਗਿ॥ ਨਾਨਕੁ ਜਾਗੈ ਪਾਰਬ੍ਰਹਮ ਕੈ ਰੰਗਿ॥੪॥*
*ਸੋ ਜਾਗੈ ਜਿਸੁ ਪ੍ਰਭੁ ਕਿਰਪਾਲੁ॥ ਇਹ ਪੂੰਜੀ ਸਾਬਤੁ ਧਨੁ ਮਾਲੁ॥੧॥"*

*(ਗਉੜੀ ਗੁ: ਮ: ੫-੮੯-੧੮੨)*

ਪ੍ਰੇਮੀਓ ! ਮੈਂ ਅਜ ਏਕਾਂਤ ਦੀ ਮਹਿਮਾ ਕਹਿ ਰਿਹਾ ਹਾਂ ! ਇਕਾਂਤ ਤੋਂ ਮਤਲਬ ਘਰਾਂ ਤੋਂ ਨੱਸ ਜਾਣਾ ਨਹੀਂ, ਅਸਲ ਏਕਾਂਤ ਜੋ ਗੁਰੂ ਬਾਬੇ ਨੇ ਦੱਸੀ ਹੈ ਇਹ ਹੈ: *"ਸੋ ਇਕਾਂਤੀ ਜਿਸੁ ਰਿਦਾ ਥਾਇ॥"*

ਬਾਣੀ ਦੇ ਪਾਠ, ਕੀਰਤਨ ਵੀਚਾਰ ਮਨ ਜਦ ਨਾਮ ਵਿਚ ਜੁੜਦਾ ਹੈ ਤਾਂ ਮਨ ਏਕਾਂਤ ਹੁੰਦਾ ਹੈ। ਜੋ ਮੈਂ ਏਕਾਂਤ ਕਹੀ ਹੈ ਉਹ ਮਨ ਦੀ ਇਸ ਜੁੜਵੀਂ ਦਸ਼ਾ ਦੀ ਰੱਖਿਆ ਲਈ ਕਹੀ ਹੈ, ਜਿਸਦੀ ਬੀ ਲੋੜ ਪੈਂਦੀ ਹੈ, ਅਰਥਾਤ ਸਫਾ ਤੇ ਨਿਰਮਲ ਆਲੇ ਦੁਆਲੇ ਵਿਚ ਜਾਣ ਦੀ ਲੋੜ। ਰਾਤ ਜਦ ਟੱਬਰ ਸੌਂ ਜਾਏ, ਉਹ ਭੀ ਏਕਾਂਤ ਹੈ। ਕੀਰਤਨ ਵਿਚ ਮਨ ਜੁੜ ਜਾਏ, ਉਹ ਬੀ ਏਕਾਂਤ ਹੈ। ਸਾਂਈਂ ਦੀ ਕੁਦਰਤ ਦੇ ਨਜ਼ਾਰਿਆਂ ਵਿਚੋਂ ਵਿਸਮਾਦ ਦੀ ਛੋਹ ਲੈ ਕੇ ਰਸ ਵਿਚ ਆ ਜਾਣਾ ਭੀ ਏਕਾਂਤ ਹੈ। ਭਾਈ ਸਿੰਘੋ ! ਬਨਾਂ ਵਿਚ ਜਾ ਕੇ, ਛੇਤ੍ਰਹੀਨ ਤੀਰਥਾਂ ਤੇ ਬੈਠਕੇ, ਨਿਰਜਨ ਝਾੜੀਆਂ ਵਿਚ ਡੇਰੇ ਲਾ ਕੇ ਭਜਨ ਕਰਨਾ ਔਖਾ ਹੈ, ਸੰਨਯਾਸੀ ਹੋ ਕੇ ਘਰ ਬਾਰ ਛੱਡਣੇ ਖਰੇ ਕਠਨ ਹਨ। ਪਰ ਗੁਰੂ ਬਾਬੇ ਨੇ ਜੋ ਗ੍ਰਿਹਸਤ ਵਿਚ ਰਹਿਕੇ ਪਾਣੀ ਵਿਚ ਕੰਵਲ ਸਮਾਨ ਉਦਾਸ ਰਹਿਣ ਦੀ ਆਗਜਾ ਬਖਸ਼ੀ ਹੈ ਉਹ ਪਾਲਣੀ ਉਨ੍ਹਾਂ ਤੋਂ ਬੀ ਕਠਨ ਹੈ। ਬਨ ਵਿਚ ਮਨ ਉਕਤਾ ਕੇ ਮਾਨੁਖ ਦਾ ਸੰਗ ਲੋਚਦਾ ਹੈ, ਪਰ ਜੇ ਮਨ ਨੂੰ ਇਸ ਗੱਲੋਂ ਹੋੜ ਲਈਏ, ਤਾਂ ਇਸ ਹੋੜਨ ਦੀ ਹੀ ਖੇਚਲ ਹੈ ਇਕ। ਪਰ ਜਲ ਵਿਚ ਖੜੇ ਕੰਵਲ ਵਾਂਙੂ ਜੇ ਕਿਸੇ ਗ੍ਰਿਹਸਤੀ ਨੂੰ ਨਾਮ ਅਭਯਾਸ ਨਾਲ ਅਲੇਪਤਾ ਪ੍ਰਾਪਤ ਹੋ ਗਈ ਹੈ ਤਾਂ ਬੀ ਭਾਈ ! 'ਲਹਿਰ ਪਛਾੜ' ਬੁਰੀ। ਕੁਸੰਗ ਦੇ ਘੇਰੇ ਵਿਚ ਰਹਿਕੇ ਆਪਾ ਸੁਆਰਨਾ, ਹਾਂ, ਨਾ ਕੇਵਲ ਆਪਾ ਸੁਆਰਨਾ ਸਗੋਂ ਸਾਕਾਂ ਮਿੱਤ੍ਰਾਂ ਦੇ ਨਾ ਟੁੱਟ ਸਕਣ ਵਾਲੇ ਸੰਬੰਧਾਂ ਵਿਚ ਸਭ ਨਾਲ ਵਰਤਣਾ ਤੇ ਵਰਤਣਾ ਦੁਜਾਇਗੀ ਵਾਲਿਆਂ ਨਾਲ ਦੁਜਾਇਗੀ ਛੱਡਕੇ, ਵਰਤਣਾ ਪਾਪ ਰਹਿਤ ਤ੍ਰੀਕੇ ਨਾਲ ਉਨ੍ਹਾਂ ਲੋਕਾਂ ਨਾਲ ਕਿ ਜਿਨ੍ਹਾਂ ਨੂੰ ਝੂਠ, ਕੁਮੱਤ, ਫਰੇਬ ਤੋਂ ਕਿਤੇ ਰੋਕ ਥਾਮ ਨਹੀਂ, ਕਿਤੇ ਸ਼ਰਮ ਨਹੀਂ, ਜਿਨ੍ਹਾਂ ਦਾ ਕੋਈ ਅਸੂਲ ਨਹੀਂ, ਸੌਖਾ ਕੰਮ ਨਹੀਂ ਹੈ। ਹਾਂ, ਫਿਰ ਹਾਜਾ ਤੇ ਰਾਜਾ ਦੇ ਦੂਤਾਂ ਦੇ ਮੱਲੋ ਮੱਲੀ ਦੇ ਝੇੜੇ ਗਲੇ ਆ ਪੈਂਦੇ ਹਨ। ਹਾਂ, ਆਪ ਕਮਾਉਣ ਦੇ ਤਰੱਦਦ ਤੇ ਮਿਹਨਤਾਂ, ਬਾਲ ਬੱਚੇ ਇਸਤ੍ਰੀ ਮਾਤਾ ਪਿਤਾ ਸਭ ਦਾ ਫਰਜ਼, ਬੀਮਾਰੀਆਂ ਤੇ ਬੀਮਾਰ ਦਾਰੀਆਂ, ਮੌਤਾਂ ਤੇ ਮਰ ਗਿਆਂ ਤੋਂ ਵਿਛੁੜਿਆਂ ਦੀਆਂ ਦਿਲਦਾਰੀਆਂ, ਗ੍ਰਿਹਸਤ ਵਿਚ ਰਹਿਕੇ ਕੌਣ ਹੈ ਜੋ ਇਨ੍ਹਾਂ ਲਹਿਰ ਪਛਾੜਾਂ ਤੋਂ ਵਿਰਵਾ ਰਹਿ ਸਕਦਾ ਹੈ। ਹਾਂ, ਇਸ ਲਹਿਰ ਪਛਾੜ ਵਿਚ ਨਿਰਲੇਪ ਰਹਿਣਾ ਕਿਵੇਂ ਹੋ ਸਕਦਾ ਹੈ ਜਦ ਤਕ ਕਿ ਨਾਮ ਦਾ ਆਧਾਰ ਅੰਦਰ ਨਾ ਹੋਵੇ। ਖਰੀ ਕਠਨਤਾ ਇਹ ਹੈ, ਕਿ ਇਹ ਲਹਿਰ ਪਛਾੜ ਨਾਮ ਅਭਯਾਸ ਤੇ ਸੱਚ ਦੇ ਜੀਵਨ ਬਸਰ ਕਰਨ ਦੇ ਯਤਨ ਵਿਚ ਭਾਰੀ ਵਿਘਨ ਪਾਉਂਦੀ ਹੈ। ਸੋ ਭਾਈ ! ਗ੍ਰਿਹਸਤ ਉਦਾਸੀ ਦਾ ਮਾਰਗ ਕਠਨ ਹੈ ! ਹੁਣ ਉਧਰ ਸੋਚੋ ਕਿ ਬਨ ਵਿਚ ਰਹਿਕੇ ਬਨਵਾਸੀ ਸਾਧੂ ਨੇ 'ਲਹਿਰ ਪਛਾੜ' ਕਿਸ ਦੀ ਝੱਲਣੀ ਹੈ, ਇਕ ਆਪਣੇ ਮਨ ਦੀ, ਇਕ ਭੁੱਖ ਤ੍ਰੇਹ, ਪਾਲੇ ਦੀ, ਤੇ ਸਭ ਤੋਂ ਵਡੀ ਮਾਨੁਖ ਦੇ ਦਰਸ਼ਨ ਤੋਂ ਵਿਰਵੇ ਹੋਣ ਦੀ। ਇਨ੍ਹਾਂ ਸਭਨਾਂ ਮੁਸ਼ਕਲਾਂ ਦਾ ਲਮਾਉ ਚੁੜਾਉ ਆਪੇ ਤੇ ਹੀ ਮੁੱਕ ਜਾਂਦਾ ਹੈ, ਓਥੇ ਉਪਕਾਰ ਕਿਸ ਤੇ ਕਰਨਾ ਹੈ। ਪਰ ਗ੍ਰਿਹਸਤ ਵਿਚ ਜੋ ਨਾਮੀ ਪੁਰਖ ਬੈਠਾ ਹੈ ਓਹ ਪਰਵਾਰ ਦੀ ਬੀਮਾਰੀ ਵੇਲੇ ਕਿੱਥੇ ਭੱਜੇਗਾ, ਘਰ ਵਿਚ ਕਿਸੇ ਸੰਬੰਧੀ ਦੇ ਵਿਧਵਾ ਯਾ ਮਹਿੱਟਰ ਹੋਣ ਸਮੇਂ ਕੀਕੂੰ ਆਪ ਰੋਟੀ ਖਾਏਗਾ ਤੇ ਉਨ੍ਹਾਂ ਨੂੰ ਭੁੱਖਾ ਦੇਖ ਸਕੇਗਾ। ਇਸ ਨੂੰ ਜ਼ਰੂਰ ਸੇਵਾ ਉਪਕਾਰ ਦੇ ਵੇਲੇ ਆਵਣਗੇ। ਇਸ ਦੇ ਮਨ ਨੇ ਦੁਜਾਇਗੀ ਤੋਂ ਰਹਿਤ ਹੋਣਾ ਹੈ, ਇਸ ਨੂੰ ਪਰ ਪੀੜਾ ਹਰਨਾ ਇਕ ਸੁਭਾਵ ਹੋਣਾ ਹੈ। ਹਉਂ ਨਾਲ ਦਿਖਾਵੇ ਨਾਲ ਇਸਨੇ ਨਹੀਂ ਕੁਛ ਕਰਨਾਂ। ਇਸਨੇ ਉੱਚੇ ਅਸੂਲਾਂ ਤੇ ਖੜੋਕੇ ਆਪਾ ਨਿਵਾਰਕੇ ਨੇਕੀ ਕਰਨੀ ਹੈ, ਇਸ ਨੇਕੀ ਨੇ ਵਕਤ, ਧਨ, ਖਲ, ਮਨੁ, ਬੁੱਧੀ ਸਾਰੇ ਤੇ ਵੰਗਾਰ ਪਾਉਣੀ ਹੈ। ਗ੍ਰਿਹਸਤੀ ਨਾਮ ਵਾਲੇ ਨੇ ਨਿੰਦਾ ਉਸਤਤਿ ਝੱਲਣੀ ਹੈ, ਸਖਤੀਆਂ ਤੇ ਜ਼ੁਲਮ ਤੇ ਅੰਨਯਾਯ ਸਹਾਰਨੇ ਹਨ। ਅਰਥਾਤ ਗ੍ਰਿਹਸਥੀ ਨਾਮ-ਪ੍ਰੇਮੀ ਨੇ ਆਪੇ ਤੇ ਟਿਕਣਾ ਹੈ ਤੇ ਫੇਰ ਇਸ ਲਹਿਰ ਪਛਾੜ ਨਾਲ ਆਪੇ ਨੂੰ ਟੁੱਟਣ ਨਹੀਂ ਦੇਣਾ। ਪਰ ਗੁਰੂ ਬਾਬੇ ਦਾ ਇਹੋ ਹੁਕਮ ਹੈ, ਇਹੋ ਠੀਕ ਹੈ, ਇਹੋ ਕਰਨਾ ਹੈ, ਕਿਉਂਕਿ ਇਸੇ ਵਿਚ ਰਹਿਕੇ ਵਰਤਕੇ ਮਨ ਤੇ ਸੁਰਤ ਨੇ ਪੱਕਣਾ ਹੈ ਤੇ ਸਭ ਮਾੜੇ ਅਸਰਾਂ ਨਾਲ ਜੁੱਧ ਕਰ ਕਰਕੇ ਉੱਚੇ ਉੱਠਣਾ ਹੈ। ਭਾਂਡਿਆਂ ਵਿਚ ਪਾਕੇ ਪਕਾਏ ਫਲ ਮਿੱਠੇ ਨਹੀਂ ਹੁੰਦੇ, ਜਿੰਨੇ ਕਿ ਮੀਂਹ ਹਨੇਰੀਆਂ ਧੁੱਪਾਂ


www.sikhbookclub.com

ਸਹਿ ਕੇ ਡਾਲੀਆਂ ਨਾਲ ਲੱਗੇ ਰਹਿਕੇ ਪੱਕੇ ਹੋਏ ਫਲ ਮਿੱਠੇ ਹੁੰਦੇ ਹਨ! ਗੁਰੂ ਬਾਬੇ ਦਾ ਫੁਰਮਾਣ ਸੱਚਾ ਹੈ ਤੇ ਸੁੱਚਾ ਹੈ। ਅਤੀਤ ਮਾਰਗ ਵਿੱਚ ਬੀ ਡੇਰੇਦਾਰ ਸੰਤਾਂ ਲਈ ਤੇ ਪਰਚੇ ਪਾਉਣ ਵਾਲਿਆਂ ਲਈ ਅਪਣੀ ਕਿਸਮ ਦੀ ਲਹਿਰ ਪਛਾੜ ਆਉਂਦੀ ਹੈ।

ਭਗਤ ਸਿੰਘ-ਏਕਾਂਤ ਦੇ ਸੁੱਖਾਂ ਵਿਚ ਸੁਖੀ ਬੈਠੇ ਗੁਰਮੁਖ ਜੀਓ ! ਅਸਾਂ ਆਪਣੀ ਤਪਤ ਠਾਰਨ ਲਈ ਆਪ ਨੂੰ ਦੁੱਖ ਦਿੱਤਾ ਹੈ, ਪਰ ਕਰੀਏ ਕੀਹ, ਆਪ ਜੈਸੇ ਅੰਦਰੋਂ ਬਾਹਰੋਂ ਸਾਫ ਮਹਾਂ ਪੁਰਖ ਦੁਰਲਭ ਹੋ ਰਹੇ ਹਨ। ਸੰਤ ਤੇ ਗੁਰੂ ਸਦਾਉਣ ਵਾਲੇ ਤਾਂ ਹੈਨ, ਪਰ ਪਿਆਸ ਪਾਣੀ ਬੁਝਾਉਂਦਾ ਹੈ, ਹੀਰੇ ਮੋਤੀਆਂ ਦਾ ਆਬ (ਪਾਣੀ) ਪਿਆਸ ਨਹੀਂ ਬੁਝਾਉਂਦਾ।

ਸੰਤ-ਭਾਈ ਕਾਹਨੂੰ ਕਿਸੇ ਨੂੰ ਮਾੜਾ ਕਹਿਣਾ ਹੈ। ਕਾਹਨੂੰ ਮੈਲਾਂ ਧੋਣੀਆਂ ਹਨ। ਹਾਂ, ਆਪਾ ਬਚਾਈਏ ਤੇ ਆਪਾ ਸੁਆਰੀਏ। ਇਹ ਮਨੁੱਖਾ ਦੇਹ ਹੈ, ਇਸਨੂੰ ਸਫਲ ਕਰੀਏ। ਸੁਖੀ ਹੋਈਏ ਸੁਖੀ ਕਰੀਏ। ਸੁਖੀ ਹੋਈਦਾ ਹੈ ਆਪਾ ਮਾਂਜਕੇ। ਸੁਖ ਲੈਣ ਨਾਲੋਂ ਦੇਣਾ ਵਧੇਰੇ ਲਾਭਦਾਇਕ ਹੈ ਜੇ ਜਾਚ ਆ ਜਾਵੇ ਇਸ ਦੂਜਾਇਗੀ ਨੂੰ ਛੱਡਣੇ ਦੀ!

ਭਗਤ ਸਿੰਘ-ਆਪ ਦੇ ਵਾਕ ਬੜੇ ਉੱਤਮ ਹਨ। ਤੇ ਅਸਾਂ ਅੱਜ ਆਪਣੇ ਜੀਵਨ ਲਈ ਬਹੁਤ ਕੁਛ ਸਿਖ੍ਯਾ ਪਾਈ ਹੈ। ਪਰ ਜੇ ਆਪ ਆਗ੍ਯਾ ਦਿਓ ਤਾਂ ਇਕ ਗਲ ਹੋਰ ਕਰ ਲਵਾਂ। ਸਾਨੂੰ ਸਮਝ ਨਹੀਂ ਆਈ ਸੀ ਉਸ ਗਲ ਦੀ ਸੁਣਕੇ, ਆਪ ਮਿਹਰ ਕਰ ਦਿਓ ਤਾਂ ਚਿੱਤ ਸੁਖੀ ਹੋ ਜਾਵੇ ਹੋਰ ਸਿੱਖ੍ਯਾ ਪਾ ਕੇ।

ਸੰਤ-ਉਹ ਕੀ ਹੈ ? ਭਾਈ !

ਭਗਤ ਸਿੰਘ-ਸਾਨੂੰ ਉਸ ਸਾਧੂ ਨੇ ਉਪਕਾਰ ਦੇ ਵਿਰੁੱਧ ਇਹ ਗਲ ਸੁਣਾਈ ਸੀ ਜੋ ਉਸਨੇ ਕਿਸੇ ਅੰਗ੍ਰੇਜ਼ੀ ਕਿਤਾਬ ਵਿਚ ਪੜ੍ਹੀ ਸੀ। ਸੰਸਕ੍ਰਿਤ ਵਿਦ੍ਯਾ ਤੋਂ ਛੁੱਟ ਉਹ ਅੰਗ੍ਰੇਜ਼ੀ ਦਾ ਐਮ. ਏ. ਬੀ ਸੀ., ਗੱਲਾਂ ਗਿਆਨ ਦੀਆਂ ਚੰਗੀਆਂ ਕਰਦਾ ਸੀ, ਪਰ ਉਸਦੇ ਆਤਮਾ ਵਿਚ ਰਸ ਭਿੰਨੜੀ ਗਲ ਨਹੀਂ ਸੀ ਸਹੀ ਹੁੰਦੀ। ਦਿਮਾਗੀ ਵਾਕਫੀ ਬਹੁਤ ਸੀ।

ਸੰਤ-ਕਾਸਨੂੰ ਕਿਸੇ ਦੇ ਐਬ ਵਿਚ ਪੈਣਾ ਹੋਇਆ। ਜੇ ਤਾਂ ਵਪਾਰ ਕਰਨਾ ਹੈ ਤਾਂ ਪਰਖ ਕਰਨੀ ਜ਼ਰੂਰੀ ਹੁੰਦੀ ਹੈ। *'ਪਹਿਲਾ ਵਸਤੁ ਸਿਞਾਣਿ ਕੈ ਤਾਂ ਕੀਚੈ ਵਾਪਾਰੁ'* ਹੁਕਮ ਹੈ। ਬਿਨਾਂ ਸਿਞਾਣੇ ਭਰੋਸਾ ਕੀਤਿਆਂ ਪਖੰਡੀਆਂ ਦੇ ਜਾਲ ਵਿਚ ਫਸ ਜਾਈਦਾ ਹੈ। ਉਨ੍ਹਾਂ ਦੇ ਮੰਦਰਿ, ਐਸ਼੍ਵਰਜ, ਚੇਲਿਆਂ ਦੀ ਗਿਣਤੀ, ਅਮੀਰੀ ਤੇ ਵਿੱਦ੍ਯਾ ਵੇਖਕੇ ਤਸੱਲੀ ਪਾ ਜਾਈਦੀ ਹੈ, ਪਰ ਨਿਰੇ ਏਹ ਲੱਛਣ ਪਰਮਾਰਥ ਦੇ ਨਹੀਂ ਹਨ। ਵਸਤੂ ਜ਼ਰੂਰ ਸਿਞਾਣੇ ਪਰ ਤਾਂ ਜੇ ਵਪਾਰ ਕਰਨਾ ਹੈ, ਤੇ ਜੇ ਕਿਸੇ ਨਾਲ ਘੜੀ ਪਲ ਦਾ ਪਰਚਾ ਹੈ, ਮਿਲੇ ਤੇ ਗਏ, ਤਾਂ ਕਾਸਨੂੰ ਕੁਨਸਾਂ ਛਾਟਣੀਆਂ। ਹਾਂ ਓਹ ਗਲ ਕੀ ਸੀ ?

ਭਗਤ ਸਿੰਘ-ਪ੍ਰਸੰਗ ਉਪਕਾਰ ਦਾ ਚਲ ਰਿਹਾ ਸੀ। ਓਹ ਕਹਿਣ ਲਗੇ ਕਿ ਇੱਕ ਦਿਨ ਓਹ ਉਠੇ ਤੇ ਇਕ ਸ਼ਹਿਰ ਨੂੰ ਟੁਰ ਪਏ। ਓਹ ਤੋਂ ਉਸ ਦਾ ਭਾਵ ਈਸਾ ਜੀ ਸੀ। ਇਕ ਵਡਾ ਮਹਲ ਸੀ ਉਸਦੇ ਅੰਦਰ ਚਲੇ ਗਏ। ਸਾਰੇ ਸਾਮਾਨ ਉਥੇ ਭੋਗਾਂ ਦੇ ਰਾਜਸੀ ਰੰਗ ਦੇ ਸਨ। ਵਡੇ ਕਮਰੇ ਵਿਚ ਜਾਂ ਆਪ ਵੜੇ ਤਾਂ ਇਕ ਆਦਮੀ ਲਾਲ ਸ਼ਰਾਬ ਪੀ ਕੇ ਸਰੂਰ ਵਿਚ ਸੀ ਤੇ ਐਸ਼ ਇਸ਼ਰਤ ਵਿਚ ਗਲਤਾਨ ਸੀ। ਉਹ ਉਨ੍ਹਾਂ ਨੂੰ ਵੇਖ ਕੇ ਉਠਿਆ ਤੇ ਮੱਥਾ ਟੇਕਿਓਸੁ। ਓਹ ਪੁੱਛਣ ਲੱਗੇ 'ਤੂੰ ਕੌਣ ਹੈਂ ?' ਉਸ ਆਖਿਆ 'ਮੈਂ ਓਹੀ ਹਾਂ ਜੋ ਇਕ ਕੋਹੜੀ ਹੁੰਦਾ ਸਾਂ ਤੇ ਤੁਸਾਂ ਨੇ ਮੈਨੂੰ ਨਵਾਂ ਨਰੋਆ ਕਰ ਦਿੱਤਾ ਸੀ।' ਉਨ੍ਹਾਂ ਨੇ ਕਿਹਾ 'ਫੇਰ ਤੂੰ ਇਹ ਕਿਸ ਤਰ੍ਹਾਂ ਦਾ ਜੀਵਨ ਬਸਰ ਕਰ ਰਿਹਾ ਹੈਂ ?' ਉਸ ਉੱਤਰ ਦਿੱਤਾ ਕਿ 'ਮੈਂ ਜੀਓ ਹੋਰ ਕਿਸ ਤਰ੍ਹਾਂ ਦਾ ਜੀਵਨ ਬਸਰ ਕਰਦਾ ? ਤੁਸਾਂ ਮੈਨੂੰ ਰਾਜ਼ੀ ਜੁ ਕਰ ਦਿੱਤਾ ਸੀ'। ਇਹ ਸੁਣਕੇ ਆਪ ਬਜ਼ਾਰ ਵਿਚ ਆਏ ਉੱਥੇ ਇਕ ਸੁੰਦਰ ਮੁਟਿਆਰ ਵੇਖੀ, ਜਿਸ ਦੇ ਮਗਰ ਇਕ ਗੱਭਰੂ ਪਜਾਰ ਵਿਚ ਮੱਤਾ ਨਜ਼ਰ ਜਮਾਏ ਆ ਰਿਹਾ ਸੀ ! ਇਸ ਨੂੰ ਆਪ ਜੀ ਨੇ ਪੁੱਛਿਆ 'ਭਾਈ ! ਤੂੰ ਇਸ


www.sikhbookclub.com

ਮਾੜੀ ਨਜ਼ਰ ਨਾਲ ਇਸ ਬੀਬੀ ਵੱਨੇ ਕਿਉਂ ਤੱਕਦਾ ਹੈਂ ?' ਗੱਭਰੂ ਨੇ ਉਨ੍ਹਾਂ ਨੂੰ ਪਛਾਣ ਲਿਆ ਤੇ ਆਖਿਆ, 'ਜੀਉ ਮੈਂ ਅੰਨ੍ਹਾ ਹੁੰਦਾ ਸਾਂ, ਤੁਸਾਂ ਮੈਨੂੰ ਨੈਣ ਬਖ਼ਸ਼ੇ ਸਨ, ਫੇਰ ਦੱਸੋ ਮੈਂ ਹੋਰ ਕਿਸ ਵੱਨੇ ਤੱਕਦਾ ?' ਫਿਰ ਆਪ ਨੇ ਉਸ ਮੁਟਿਆਰ ਨੂੰ ਆਖਿਆ 'ਬੀਬਿਆ ! ਕੀ ਪਾਪ ਦੇ ਰਾਹ ਬਿਨਾਂ ਹੋਰ ਕੋਈ ਰਾਹ ਨਹੀਂ ਤੇਰੇ ਟੁਰਨੇ ਲਈ ?' ਤਾਂ ਓਸ ਮੁਟਿਆਰ ਨੇ ਸਿਆਣ ਕੇ ਆਖਿਆ, 'ਜੀਉ ਤੁਸਾਂ ਹੀ ਤਾਂ ਮੇਰੇ ਪਾਪ ਬਖ਼ਸ਼ੇ ਸਨ, ਫਿਰ ਇਹੋ ਹੀ ਰਾਹ ਰਸਮਈ ਰਾਹ ਹੈ।' ਫਿਰ ਆਪ ਸ਼ਹਿਰੋਂ ਬਾਹਰ ਨਿਕਲ ਗਏ ਤਾਂ ਸੜਕ ਦੇ ਕਿਨਾਰੇ ਇਕ ਗੱਭਰੂ ਰੋ ਰਿਹਾ ਸੀ। ਆਪ ਨੇ ਅੱਗੇ ਹੋ ਕੇ ਪੁਛਿਆ, 'ਤੂੰ ਕਿਉਂ ਪਿਆ ਰੋਨਾ ਏਂ ?' ਤਾਂ ਉਸ ਆਪ ਨੂੰ ਪਛਾਤਾ ਤੇ ਕਹਿਣ ਲਗਾ, 'ਕਿ ਜੀਉ ! ਮੈਂ ਮਰ ਗਿਆ ਸਾਂ, ਤੁਸਾਂ ਹੀ ਤਾਂ ਮੈਨੂੰ ਮੁਰਦਿਆਂ ਵਿਚੋਂ ਜੀਵਾਲਿਆ ਸੀ, ਤਾਂ ਮੈਂ ਰੋਣ ਤੋਂ ਸਿਵਾ ਹੋਰ ਕੀ ਕਰਦਾ ?' ਇਹ ਕਥਾ ਸੁਣਕੇ ਉਸ ਬੰਗਾਲੀ ਸਾਧੂ ਨੇ, ਜੋ ਬਹੁਤ ਵਿਦਜਾ ਦਾ ਗਿਆਤਾ ਸੀ, ਦੱਸਿਆ ਕਿ ਨੇਕੀ ਕਰਨੀ, ਉਪਕਾਰ ਕਰਨਾ, ਕੁਦਰਤ ਵਿਚ ਦਖਲ ਦੇਣਾ ਹੈ, ਇਹ ਨਹੀਂ ਕਰਨਾ ਚਾਹੀਏ।

ਪਰ ਆਪ ਨੇ ਫੁਰਮਾਇਆ ਸੀ ਕਥਾ ਵਿਚ ਇਕ ਦਿਨ ਕਿ ਆਪਾ ਜੀਵਾਲ ਲੈਣਾ-ਭਗਤੀ ਨਾਲ ਕਿ ਗਿਆਨ ਜੋਗ ਅਗਨੀ ਨਾਲ ਅੰਧਕਾਰ ਦੂਰ ਕਰਕੇ ਪ੍ਰਕਾਸ਼ਮਯ ਤੇਜ ਸਰੂਪ ਆਤਮਾ ਵਿਚ ਜੀਉ ਉਠਣਾ-ਇਹ ਪਰਮ ਧਰਮ ਹੈ। ਪਰ ਨਾਲ ਆਪ ਨੇ ਤੁਕ ਪੜ੍ਹੀ ਸੀ *'ਬ੍ਰਹਮ ਗਿਆਨੀ ਪਰਉਪਕਾਰ ਉਮਾਹਾ'* ਕਿ ਬ੍ਰਹਮ ਗਿਆਨੀ ਵਿਚ ਜਗਤ ਦੇ ਭਲੇ ਦਾ ਉਮਾਹੂ ਉਮਾਹ ਖਿੜੇ ਗੁਲਾਬ ਦੇ ਸੁਤੇ ਸੁਭਾਵ ਖੁਸ਼ਬੂ ਦਾਨ ਕਰਨ ਵਾਂਙੂ ਉਮਲਦਾ ਹੈ। ਅਗਜਾਨੀ ਨੇਕ ਬੰਦੇ ਵਾਂਙੂ ਉਹ ਕਿਸੇ ਵਾਸ਼ਨਾਂ ਨੂੰ ਲੈ ਕੇ ਉਪਕਾਰ ਨਹੀਂ ਕਰਦਾ ਪਰ ਸੁਤੇ ਸਿੱਧ ਉਸਤੋਂ ਨੇਕੀ ਹੁੰਦੀ ਹੈ[1]। ਅਥਵਾ ਜੋ ਉਸਤੋਂ ਹੁੰਦਾ ਹੈ- *'ਬ੍ਰਹਮ ਗਿਆਨੀ ਕੈ ਹੋਇ ਸੁ ਭਲਾ'* ਆਪ ਨੇ ਤੁਕ ਪੜ੍ਹੀ ਸੀ ਫੇਰ *'ਬ੍ਰਹਮ ਗਿਆਨੀ ਕੀ ਸਭ ਊਪਰਿ ਮਇਆ'* ਬੀ ਪੜ੍ਹਿਆ ਸੀ। ਸਾਨੂੰ ਫੇਰ ਸਮਝ ਨਾ ਆਈ ਕਿ ਗੁਰੂ ਮਹਾਰਾਜ ਤੋਂ ਆਪਦੀ ਵਿਆਖਿਆ ਹੋਰਵੇਂ ਸੀ ਤੇ ਇਹ ਸਾਧੂ ਜੋ ਤਿਆਗੀ ਤੇ ਵਿਦਵਾਨ ਹੈ ਹੋਰਵੇਂ ਆਖਦਾ ਹੈ।

ਸੰਤ-ਖਾਲਸਾ ਜੀ ! ਜੋ ਕਥਾ ਤੁਸਾਂ ਸੁਣਾਈਆਂ ਹਨ, ਇਨ੍ਹਾਂ ਦੀ ਧੁਨੀ ਐਉਂ ਦੀ ਲਗਪੀ ਹੈ ਕਿ ਇਹ ਜੀਵਨ ਦੀਆਂ ਹੋ ਵਰਤੀਆਂ ਗਲਾਂ ਨਹੀਂ ਪਰ ਕਵਿਤਾਵਾਂ ਹਨ ਨਿਦਰਸ਼ਨਾ ਦੇ ਢੰਗ ਦੀਆਂ ਜਿਨ੍ਹਾਂ ਵਿਚ ਕੋਈ ਕਵੀ ਕੋਈ ਅਪਣਾ ਸਿੱਧਾਂਤ ਮੂਰਤੀਮਾਨ ਕਰ ਰਿਹਾ ਹੈ। ਸਾਨੂੰ ਜਿਸ ਭਲੇ ਪੁਰਖ ਦਾ ਤੁਸਾਂ ਨਾਉਂ ਲਿਆ ਹੈ ਉਸਦੇ ਜੀਵਨ ਪੜ੍ਹਨ ਦਾ ਸਮਾਂ ਨਹੀਂ ਆਇਆ। ਸੋ ਅਸੀ ਇੰਦ[2] ਕਰਕੇ ਕੁਛ ਨਹੀਂ ਕਹਿ ਸਕਦੇ। ਜਿਸ ਸਾਧੂ ਨੇ ਉਸ ਭਲੇ ਪੁਰਖ ਦੀਆਂ ਕਥਾ ਸੁਣਾਈਆਂ ਹਨ ਉਹ ਆਪ ਹੋਵੇ ਤਾਂ ਉਸ ਨਾਲ ਉਸਦੇ ਮੰਨੇ ਸ਼ਾਸਤ੍ਰ ਤੇ ਵੀਚਾਰ ਕਰ ਲਵੀਏ। ਸੋ ਦੋਇ ਗਲਾਂ ਨਾ ਹੋਣ ਕਰਕੇ ਅਸੀਂ ਐਤਨਾ ਹੀ ਕਹਿ ਸਕਦੇ ਹਾਂ ਕਿ ਕੁਦਰਤ ਵਿਚ ਜੋ ਭਲਾ ਬੁਰਾ ਹੋ ਰਿਹਾ ਹੈ ਉਸਦੀ ਪਰਖ ਕਰਨੀ ਕਠਨ ਕੰਮ ਹੈ। ਦੁੱਖ ਦੂਰ ਕਰਨੇ ਚੰਗੇ ਹਨ, ਪਰ ਕਿਸੇ ਵੇਲੇ ਦੁਖ ਦੂਰ ਕਰਦਿਆਂ ਦੁਖ ਦੇ ਬਹੀਦਾ ਹੈ। ਸੋ ਪਰਖ ਲੋੜੀਏ ਤੇ ਪਰਖ ਬੜਾ ਕਠਨ ਕੰਮ ਹੈ। ਸਾਡਾ ਵੀਚਾਰ ਇਹ ਹੈ ਕਿ ਜਗਤ ਦੁਖੀ ਹੈ, ਦੁਖੀ ਤੇ ਦਇਆ ਫੁਰਨੀ ਜੀਵ ਦੇ ਮਨ ਦਾ ਸੁਭਾਵ ਹੈ। ਤੁਸਾਂ ਡਿੱਠਾ ਹੋਊ ਕਿ ਬੱਚਿਆਂ ਨੂੰ ਦਇਆ ਕੇਡੀ ਛੇਤੀ ਫੁਰਦੀ ਹੈ। ਵਡੇ ਹੋ ਕੇ ਤ੍ਰਿਸ਼ਨਾਂ ਵਧਦੀ ਤੇ ਦਇਆ ਘਟਦੀ ਹੈ ਤੇ ਖੁਦਗਰਜ਼ੀ ਮਨੁਖ ਦਾ ਮਨ ਕਰੜਾ ਕਰ ਦੇਂਦੀ ਹੈ, ਪਰ ਗਿਆਨ ਪਾ ਕੇ ਫੇਰ ਤ੍ਰਿਸ਼ਨਾਂ ਘਟਦੀ ਹੈ ਤੇ ਦਇਆ ਦਾ ਸੁਭਾਵ ਜਾਗਦਾ ਹੈ। ਪਰ ਅਗਿਆਨੀਆਂ ਦੀ ਦਇਆ ਇਸ ਤਰ੍ਹਾਂ ਦੀ ਹੁੰਦੀ ਹੈ ਕਿ ਜਿਵੇਂ ਸ਼ੇਖ ਸਾਅਦੀ ਜੀ ਨੇ ਦੱਸਿਆ ਹੈ: ਕਿ ਇਕ ਬਘਿਆੜ ਨੇ ਬੱਕਰੀ ਪਕੜ ਲਈ, ਤਰਸ ਖਾ ਕੇ ਇਕ ਉਪਕਾਰੀ ਨੇ ਉਸਨੂੰ ਛੁਡਾਇਆ, ਪਰ ਘਰ ਲਿਆ ਕੇ ਇਕ ਦਿਨ (ਇਹ ਕਹਿਕੇ ਕਿ ਜੀਵਾਂ ਦਾ ਗੋਸ਼ਤ ਖਾਣਾ ਅੱਲਾ ਦਾ

---

1. ਹਰਿ ਗੁਨ ਗਾਵਤ ਪਰਉਪਕਾਰ ਨਿਤ ਤਿਸੁ ਰਸਨਾ ਕਾ ਮੋਲੁ ਕਿਛੁ ਨਾਹੀਂ॥ (ਬਿਲਾ: ਮ: ੫-੪੨੮)
2. ਪੂਰੀ ਤੇ ਪੱਕੀ ਤਰ੍ਹਾਂ ਕਹਿਣਾ ਕਿ ਐਉਂ ਹੀ ਹੈ।


www.sikhbookclub.com

ਹੁਕਮ ਹੈ) ਉਸਨੂੰ ਖਾਣੇ ਲਈ ਹਲਾਲ ਕਰਨ ਲੱਗਾ। ਇਹ ਦਇਆ ਬੀ ਦਇਆ ਨਹੀਂ ਹੈ। ਯਾ ਸਾਡੀ ਦਇਆ ਇਸ ਪ੍ਰਕਾਰ ਦੀ ਹੁੰਦੀ ਹੈ ਕਿ ਪਿਤਾ ਪੁੱਤਰ ਨੂੰ ਸੁਮੱਤ ਲਈ ਝਿੜਕ ਰਿਹਾ ਹੈ ਤੇ ਅਸੀਂ ਉਸਨੂੰ ਮਨ੍ਹੇ ਕਰਦੇ ਹਾਂ, ਇਹ ਬੀ ਕੁਦਇਆ ਹੈ। ਇਸ ਪ੍ਰਕਾਰ ਆਪਦੇ ਕਥੇ ਕਵੀ ਨੇ ਇਹ ਗਲ ਸ਼ਾਇਦ ਦਰਸਾਈ ਹੈ ਕਿ ਜਿਨ੍ਹਾਂ ਦੇ ਮਨ ਤਾਂ ਪਾਪਾਂ ਦੀ ਰੁਚੀ ਨਾਲ ਭਰੇ ਪਏ ਹਨ ਉਨ੍ਹਾਂ ਨੂੰ ਪਾਪਾਂ ਦੇ ਨਤੀਜੇ ਵਿਚ ਆਏ ਦੁਖਾਂ ਤੋਂ ਛੁਡਾ ਦਿੱਤਿਆਂ ਓਹ ਫੇਰ ਉਨ੍ਹਾਂ ਹੀ ਪਾਪਾਂ ਵਿਚ ਲੱਗ ਜਾਣਗੇ ਤੇ ਫੇਰ ਦੁੱਖਾਂ ਵਿਚ ਪੈ ਜਾਣਗੇ। ਹੋ ਸਕਦਾ ਹੈ ਕਿ ਉਸ ਕਵੀ ਦਾ ਇਹ ਭਾਵ ਹੋਵੇ। ਪਰ ਉਸਦਾ ਭਾਵ ਆਪਣੇ ਪੈਗੰਬਰ ਪਰ ਕਿੰਤੂ ਕਰਨੇ ਦਾ ਨਹੀਂ ਹੋਣਾ। ਇਹ ਹੋਣਾ ਹੈ ਕਿ ਭੈੜੇ ਲੋਕ ਦਇਆ ਦਾ ਪਾਤ੍ਰ ਬਣਕੇ ਭੀ ਭੈੜ ਨਹੀਂ ਛਡਦੇ। ਠੀਕ ਨਹੀਂ ਕਿਹਾ ਜਾ ਸਕਦਾ, ਪਰ ਜੋ ਕਥਾ ਤੁਸਾਂ ਸੁਣਾਈਆਂ ਹਨ ਏਹ ਉਨ੍ਹਾਂ ਦੇ ਜੀਵਨ ਵਿਚ ਐਉਂ ਤਾਂ ਲਿਖੀਆਂ ਹੋਸਨ ਕਿ ਉਨ੍ਹਾਂ ਨੇ ਕਿਸੇ ਕੋਹੜੀ ਨੂੰ ਵੱਲ ਕੀਤਾ ਸੀ 'ਪਰ ਉਹ ਕੋਹੜੀ ਫੇਰ ਪਾਪਾਂ ਵਿਚ ਪੈ ਗਿਆ'। ਇਹ ਜੀਵਨ ਕਥਾ ਵਿਚ ਲਿਖਿਆ ਨਹੀਂ ਹੋਣਾ, ਇਹ ਕਿਸੇ ਸਿਆਣੇ ਕਵੀ ਦਾ ਕੋਈ ਸਿੱਧਾਂਤ ਦਰਸਾਉਣ ਦੀ ਇਕ ਨਿਦਰਸ਼ਨਾ ਹੋ ਸਕਦੀ ਹੈ। ਸਾਡਾ ਇਸ ਵਿਚ ਕੋਈ ਆਸ਼ਾ ਉਸ ਕਵੀ ਦੀ, ਯਾ ਜਿਨ੍ਹਾਂ ਨੇ ਓਹ ਨੇਕੀਆਂ ਕੀਤੀਆਂ, ਕਿਸੇ ਦੀ ਨੁਕਤਾਚੀਨੀ ਦਾ ਨਹੀਂ। ਗੁਰੂ ਕੇ ਸਿੱਖ ਦਾ ਧਰਮ ਨਿੰਦਾ ਤੇ ਨੁਕਤਾਚੀਨੀ ਆਦਿਕ ਕਿਸੇ ਨਾਮ ਹੇਠਾਂ ਨਿੰਦਿਆ ਕਰਨਾ ਨਹੀਂ ਹੈ। ਚਾਹੋ ਹੁਣ ਪੱਛਮੀ ਵਿਦਿਆ ਦੇ ਆਸਰੇ ਲੈ ਕੇ ਪੜ੍ਹੇ ਹੋਏ ਸਿੱਖ ਤੇ ਅਖਬਾਰਾਂ ਰਸਾਲਿਆਂ ਦੇ ਲੇਖਕ ਕਈ ਵੇਰ ਨਿੰਦਿਆ ਨੂੰ ਨੁਕਤਾਚੀਨੀ ਆਦਿ ਕਈ ਨਾਮ ਦੇ ਕੇ ਮਨ ਦੇ ਅੰਦਰ ਲੁਕੀ ਉਸ ਇੱਛਾ ਨੂੰ, ਜੋ ਦੂਸਰੇ ਦੀ ਹਾਨੀ ਵੇਖਕੇ ਯਾ ਕਰਕੇ ਖੁਸ਼ ਹੁੰਦੀ ਹੈ, ਪੱਠੇ ਪਾਉਂਦੇ ਤੇ ਪ੍ਰਸੰਨ ਹੁੰਦੇ ਹਨ, ਪਰੰਤੂ ਸੱਜਣੋ ਇਹ ਗੁਰਮਤ ਵਿਰੁੱਧ ਹੈ। ਗੁਰਮਤ ਵਿੱਚ ਤਾਂ ਕਿਸੇ ਦਾ ਹਿਆਉ ਠਾਹੁਣਾ ਮਨ੍ਹੇ ਹੈ। ਦੇਖਕੇ ਅਣਡਿੱਠ ਕਰਨਾ ਗੁਰਮਤ ਦਾ ਰਸਤਾ ਹੈ। ਨਿੰਦਿਆ ਲੁਕਵੀਂ ਛਿਪਵੀਂ ਕਿਸੇ ਤਰ੍ਹਾਂ ਦੀ ਵਿਹਤ ਨਹੀਂ। ਸੱਚੀ ਮੁੱਚੀ ਕਿਸੇ ਦੇ ਐਬ ਵੇਖਕੇ ਖੁਸ਼ ਹੋਣ ਨੂੰ ਵੀ ਸਤਿਗੁਰ ਜੀ ਨੇ ਨਿੰਦਿਆ ਹੀ ਲਿਖਿਆ ਹੈ* ਤੇ ਹੁਕਮ ਕੀਤਾ ਹੈ :-

*'ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ॥*
*ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ॥'* (ਸੂਹੀ ਮ: ੩-੭੫੫)

ਸੋ ਭਾਈ ਨਾ ਅਸੀਂ ਉਸ ਸਾਧੂ ਨੂੰ, ਨਾ ਕਵੀ ਨੂੰ ਨਾਂ ਉਸ ਨੇਕੀਆਂ ਦੇ ਕਰਤਾ ਬਾਬਤ ਕੋਈ ਰਾਇ ਦੇਂਦੇ ਹਾਂ। ਆਪੋ ਆਪਣੇ ਟਿਕਾਣੇ ਖਬਰੇ ਕਿਸ ਨੇ ਕਿਸ ਧ੍ਰਵੇ ਤੋਂ ਵੀਚਾਰਾਂ ਕੀਤੀਆਂ ਹਨ ਤੇ ਕਿਸ ਆਸ਼ੇ ਨਾਲ ਕੰਮ ਕੀਤੇ ਹਨ। ਪਰ ਇਸੇ ਤਰ੍ਹਾਂ ਦੀ ਇਕ ਵਾਰਤਾ ਅਸੀਂ ਆਪ ਨੂੰ ਸੁਣਾ ਦੇਂਦੇ ਹਾਂ, ਜਿਸ ਤੋਂ ਆਪ ਨੂੰ ਗੁਰਮਤ ਦਾ ਪਤਾ ਲਗ ਜਾਏਗਾ, ਕਿ ਗੁਰਮਤ ਕੀ ਹੈ ਤੇ ਐਸ ਤਰ੍ਹਾਂ ਦੇ ਕਾਰਜ ਸਾਡੇ ਸਤਿਗੁਰਾਂ ਨੇ ਕਿਵੇਂ ਕੀਤੇ ਹਨ ਤੇ ਕੀ ਮੱਤਾਂ ਸਾਨੂੰ ਜੀਵਾਂ ਨੂੰ ਬਖਸ਼ੀਆਂ ਹਨ! ਗੁਰੂ ਕੇ ਪਿਆਰਿਓ ! ਜਦੋਂ ਮਨ ਨੂੰ ਬਾਣੀ ਨਾਲ ਧੋਤਾ ਤੇ ਅੰਦਰ ਨਾਮ ਨੂੰ ਵਸਾਇਆ ਤਾਂ ਜਾਣੋਂ ਨਾਮੀ ਵਾਸਤੇ ਅਸਾਂ ਸੇਜਾ ਵਿਛਾਈ ਹੈ, ਹੁਣ ਨਾਮੀ ਬੀ ਉਥੇ ਫੇਰਾ ਪਾਵੇਗਾ ਪਰ ਤਾਂ ਜੇਕਰ ਉਹ ਥਾਂ ਸੁਥਰੀ ਰਹੇ ਤੇ 'ਦੂਆ' ਤੇ 'ਦੁਜਾਇਗੀ' ਉਥੇ ਨਾ ਵੜੇ ਤਾਂ। ਇਹ ਪਹਿਰੇਦਾਰੀ ਸਾਨੂੰ ਸਭਨਾਂ ਨੂੰ ਆਪਣੇ ਪਰ ਲਾਉਣੀ ਸਿਖਣੀ ਲੋੜੀਏ। ਇਸ ਕਰਕੇ ਜੇ ਤੁਸੀਂ ਗੁਰ ਸਿੱਖੀ ਨੂੰ ਲੋੜਦੇ ਹੋ ਤਾਂ ਨਿੰਦਾ ਦੇ ਅਨੇਕ ਰੂਪਾਂ ਤੇ ਛਲਾਂ ਤੋਂ ਬਚੋ! ਇਸ ਨਾਲ ਅੰਦਰ ਬੇ ਮਲੂੰਮੇ ਸਾੜ ਪੈਂਦੇ ਹਨ ਤੇ ਮਨ ਜ਼ਖਮੀ ਹੋ ਜਾਂਦਾ ਹੈ। ਜੋ ਕੋਈ ਕੁਛ ਕਹਿ ਰਿਹਾ ਹੈ, ਲਿਖ ਰਿਹਾ ਹੈ, ਕਰ ਰਿਹਾ ਹੈ, ਉਹ ਕਿਸੇ ਧ੍ਰਵੇ ਤੋਂ ਕਹਿ ਰਿਹਾ ਹੈ। (ਜਿਵੇਂ ਤੁਸੀਂ ਕਹੋਗੇ ਕਿ ਫਲਾਣਾ ਕਿਸੇ

---

* ਜਉ ਦੇਖੈ ਛਿਦ੍ਰ ਤਉ ਨਿੰਦਕੁ ਉਮਾਹੈ ਭਲੋ ਦੇਖਿ ਦੁਖ ਭਰੀਐ॥ (ਬਿਲਾਵਲ ਮ: ੫-੮੨੩)
ਤਥਾ-ਪਰਾਇਆ ਛਿਦ੍ਰ ਅਟਕਲੈ ਆਪਣਾ ਅਹੰਕਾਰੁ ਵਧਾਵੈ॥ (ਆਸਾ ਮ: ੪-੩੬੬)

ਆਪਣੇ ਨੁਕਤਾ ਖਿਆਲ ਤੋਂ ਕਹਿ ਰਿਹਾ ਹੈ) ਸਾਨੂੰ ਇਹ ਪਤਾ ਲਾਉਣ ਦਾ ਜਤਨ ਤਾਂ ਵਾਪਰਦਾ ਨਹੀਂ ਕਿ ਲੇਖਕ ਯਾ ਕਥਨਹਾਰ ਦਾ ਧ੍ਰਵਾ ਲੱਭੀਏ ਕਿ ਕੀਹ ਹੈ। ਸਗੋਂ ਕਈ ਵੇਰ ਤਾਂ ਅਸੀਂ ਇਹ ਜਾਣਨ ਦੀ ਕੋਸ਼ਿਸ਼ ਹੀ ਨਹੀਂ ਕਰਦੇ ਤੇ ਆਪਣੇ ਧ੍ਰਵੇ ਤੋਂ ਜੋ ਸਾਡਾ ਨੁਕਤਾ ਖਿਆਲ ਹੁੰਦਾ ਹੈ ਤੇ ਕਈ ਵੇਰ ਮਾੜੀ ਨੀਯਤ ਨਾਲ ਦੂਸਰੇ ਦੇ ਐਬ ਛਾਂਟਣ ਲਗ ਜਾਂਦੇ ਹਾਂ। ਇਹ ਭੁੱਲ ਹੈ, ਇਸ ਨਾਲ ਅਸੀਂ ਪੂਰਾ ਨਹੀਂ ਤੋਲ ਸਕਦੇ, ਸਗੋਂ ਅਕਸਰ ਵੇਰ ਜ਼ੁਲਮ ਕਰ ਬੈਠਦੇ ਹਾਂ, ਜਿਸਦਾ ਇਕ ਫਲ ਤਾਂ ਦੂਸਰੇ ਦੀ ਹਾਨੀ ਹੁੰਦਾ ਹੈ। ਦੂਜੇ, ਇਸ ਨਾਲ ਸਾਡੇ ਮਨ ਨੂੰ, ਜੋ ਪਰਾਈ ਹਾਨੀ ਵਿਚ ਖੁਸ਼ ਹੋਣ ਦਾ ਭੀ ਸੁਭਾਉ ਰੱਖਦਾ ਹੈ, ਪੱਠੇ ਪੈ ਜਾਂਦੇ ਹਨ। ਹਾਂ, ਇਹ ਤਾਂ ਕਦੇ ਹੋ ਜਾਂਦਾ ਹੈ ਕਿ ਸਾਨੂੰ ਕੋਈ ਸੰਸਾਰਿਕ ਲਾਭ ਪਹੁੰਚ ਜਾਵੇ ਕਿ ਜਿਸ ਅਪਣੇ ਲਾਭ ਨੂੰ ਮੁੱਖ ਰੱਖਕੇ ਅਸੀਂ ਐਸੇ ਮਾੜੇ ਕੰਮ ਨੂੰ ਕੀਤਾ ਸੀ। ਪਰ ਕਈ ਵੇਰ ਫਲ ਉਲਟੇ ਬੀ ਨਿਕਲਦੇ ਹਨ, ਸਾਨੂੰ ਲਾਭ ਦੀ ਥਾਂਵੇਂ ਹਾਨੀ ਪੁੱਜ ਜਾਂਦੀ ਹੈ। ਇਸ ਤੋਂ ਛੁੱਟ ਹਰ ਖਿਆਲ, ਹਰ ਵਾਕ ਤੇ ਹਰ ਕਰਨੀ ਦਾ ਇਕ ਹੋਰ ਅਸਰ ਹੈ ਜੋ ਉਸੇ ਵੇਲੇ ਸਾਡੇ ਤੇ ਪੈਂਦਾ ਹੈ, ਉਹ ਹੈ ਫਾਇਲੀ ਅਸਰ, ਅਰਥਾਤ ਓਹ ਅਸਰ ਜੋ ਸਾਡੇ ਮਨ ਤੇ ਪੈਂਦਾ ਹੈ। ਹਰ ਮਾੜੇ ਕੰਮ ਨਾਲ-ਹਰ ਪ੍ਰਾਏ ਦੀ ਹਾਨੀ ਦੇ ਕੰਮ ਨਾਲ-ਸਾਡੇ ਮਨ ਤੇ ਬੀ ਇਕ ਬੁਰਾ ਅਸਰ ਪੈਂਦਾ ਹੈ। ਉਹ ਕੀ ਹੈ ? ਉਹ ਹੈ ਮਨ ਵਿਚ ਤੋਟਾ ਪੈਣਾ। ਹਰ ਐਸੀ ਤੋਟੇ ਵਾਲੀ ਸੱਟ ਨਾਲ ਸਾਡੇ ਮਨ ਦਾ ਬਦੀ ਕਰਨ ਦਾ 'ਸੁਭਾਵ' ਵਧਦਾ ਜਾਂਦਾ ਹੈ। ਇਸ ਸੁਭਾਵ ਨਾਲ ਅੰਦਰ ਬਾਹਰ ਓਹ ਸਾਮਾਨ ਵਧਦੇ ਹਨ ਜਿਨ੍ਹਾਂ ਦਾ ਫਲ ਕਿ ਉਦਾਸੀ, ਗ਼ਮ, ਸਾੜਾ ਤੇ ਘਬਰਾ ਹੁੰਦੇ ਹਨ। ਇਹ ਅਸਰ ਥੋੜੇ ਥੋੜੇ ਪੈਣ ਕਰਕੇ ਤੇ ਹਰ ਵੇਲੇ ਹਰਿਕ ਨੂੰ ਅਪਣੇ ਮਨ ਨੂੰ ਵੇਖਣ ਦਾ ਸੁਭਾਵ ਨਾ ਹੋਣ ਕਰਕੇ[1] ਉਸੇ ਵੇਲੇ ਨਹੀਂ ਹਰੇਕ ਨੂੰ ਪਤਾ ਲਗਦਾ ਇਸ ਮਨ ਦੇ ਬਦਲ ਰਹੇ ਸੁਭਾਵ ਦਾ। ਪਰੰਤੂ ਜਦੋਂ ਪੁਨਾ ਪੁਨਾ ਉਹੋ ਕਰਮ ਕਰਨ ਕਰਕੇ ਉਹ ਸੁਭਾਵ ਬਣ ਜਾਂਦਾ ਹੈ ਤਦੋਂ ਉਸ ਸੁਭਾਵ ਅਨੁਸਾਰ ਕੀਤੇ ਕਰਮਾਂ ਦੇ ਸਿੱਟੇ ਵਿਚ ਆਪਣੇ ਲਈ ਦੁੱਖ ਪੈਦਾ ਹੁੰਦੇ ਹਨ, ਇਸੇ ਲਈ ਕਹੀਦਾ ਹੈ ਕਿ ਬਦੀ 'ਬਦੀ ਕਰਨ ਵਾਲੇ' ਤੇ ਹੀ ਉਲਟਦੀ ਹੈ। ਜੇ ਕਦੇ ਐਸੇ ਸੁਭਾਵ ਵਾਲੇ ਨੂੰ ਕਦੇ ਸਤਿਸੰਗ ਦੀ ਚਾਹ ਉਪਜੇ ਤੇ ਉਸਨੂੰ ਆਪਾ ਨਿਖਾਰਨ ਦੀ ਚਾਹ ਹੋ ਆਵੇ, ਤਾਂ ਉਸ ਵੇਲੇ ਬਹੁਤ ਪੀੜਾਂ ਪੈਂਦੀਆਂ, ਤੇ ਮੁਸ਼ਕਲਾਂ ਪੇਸ਼ ਆਉਂਦੀਆਂ ਹਨ। ਸੋ ਭਾਈ ਇਹ ਗਲ ਬੀ ਸਮਝ ਲਓ ਕਿ ਮਨ ਦੀ ਬਦੀ (ਅਰਥਾਤ ਵਾਸ਼ਨਾਂ ਤੇ ਸੰਕਲਪਾਂ ਦੀ ਬਦੀ) ਬਚਨਾਂ ਵਿਚ ਬਦੀ, (ਬੋਲਕੇ ਭਾਵੇਂ ਲਿਖਕੇ), ਜਾਂ ਕਰਨੀ ਵਿਚ ਬਦੀ (ਅਮਲੀ ਤਰ੍ਹਾਂ ਕੀਤੀ ਹੋਈ ਬਦੀ), ਭਾਵੇਂ ਕਿਸੇ ਤਰ੍ਹਾਂ ਦੀ ਬਦੀ ਹੋਵੇ, ਜਿਸ ਨਾਲ ਇਹ ਕੀਤੀ ਜਾਵੇਗੀ ਇਕ ਅਸਰ ਤਾਂ ਪੀੜਾ ਦੇਣ ਦਾ ਉਸ ਪਰ ਕਰਦੀ ਹੈ ਕਿ ਜਿਸ ਨਾਲ ਅਸਾਂ ਇਹ ਬਦੀ ਕੀਤੀ ਹੈ, ਦੂਜਾ ਅਸਰ ਇਸਦਾ ਸਾਡੇ ਅਪਣੇ ਅੰਦਰਲੇ ਤੇ ਜ਼ਰੂਰ ਪਵੇਗਾ ਭਾਵੇਂ ਅਸੀਂ ਉਸਨੂੰ ਪ੍ਰਤੀਤ ਉਸ ਵੇਲੇ ਕਰੀਏ ਭਾਵੇਂ ਨਾ। ਚਾਹੇ ਕਦੇ ਪਲ ਭਰ ਲਈ ਬਦੀ ਕਰਕੇ ਅਪਣੇ ਅੰਦਰ ਇਕ ਤਰ੍ਹਾਂ ਦੀ ਸ਼ੈਤਾਨੀ ਖ਼ੁਸ਼ੀ ਦਾ ਤਰੰਗ ਬੀ ਲੰਘ ਜਾਵੇ ਪਰ ਮਗਰੋਂ ਬਦੀ ਦਾ ਅਸਰ ਅਪਣੇ ਮਨ ਨੂੰ ਜ਼ਰੂਰ ਤੋਟੇ ਪੱਖ ਵਿਚ ਪਾ ਜਾਂਦਾ ਹੈ, ਤੇ ਬਹੁਤੀ ਵੇਰ ਮਨ ਆਪੇ ਲਖ ਜਾਂਦਾ ਹੈ ਕਿ ਇਹ ਜੋ ਕੁਛ ਮੈਂ ਕੀਤਾ ਹੈ ਮਾੜਾ ਸੀ। ਇਹੋ ਜਿਹੇ ਮਾੜੇ ਅਸਰ ਮਨ ਤੇ ਬਾਰ ਬਾਰ ਪੈਕੇ ਮਨ ਦੀ ਕਾਇਆਂ ਪਲਟ ਕਰ ਦੇਂਦੇ ਹਨ, ਫੇਰ ਮਨ ਬਦੀ ਕਰਨ ਦਾ ਰੁਖੀਆ ਹੋ ਜਾਂਦਾ ਹੈ ਤੇ ਬੇਖਿਆਲੇ ਹੀ ਬਦੀ ਕਰਨ ਲਗ ਪੈਂਦਾ ਹੈ; ਅਰਥਾਤ ਇਸਦਾ ਸੁਭਾਵ ਹੀ ਬਦੀ ਕਰਨ ਦਾ ਬਣ ਜਾਂਦਾ ਹੈ, ਤਦੋਂ ਮਨੁੱਖ ਮਾਨੋਂ ਪਾੜ੍ਹੇ-ਪਸ਼ੂ[2] ਸਮਾਨ ਹੋ ਜਾਂਦਾ ਹੈ।

ਅੱਛਾ ਸਜਨੋਂ ਅਸੀਂ ਤੁਹਾਡੀ ਗਲ ਤੇ ਵੀਚਾਰ ਕਰਦੇ ਕਰਦੇ ਦੂਰ ਚਲੇ ਗਏ ਹਾਂ। ਪਤਾ ਨਹੀਂ ਕਿਉਂ? ਹੁਣ ਆਈਏ ਅਪਣੀ ਗੱਲ ਦੀ ਲੜੀ ਵਲ। ਬਦੀ ਕਰਨੋਂ ਸਦਾ ਡਰੀਏ, ਹਾਂ ਬਦੀ ਵੱਲੋਂ

---

1. ਇਸੁ ਤਨ ਮਹਿ ਮਨੁ ਕੋ ਗੁਰਮੁਖਿ ਦੇਖੈ। (ਮਾਝ ਮ: ੩)

2. ਪਾੜ ਖਾਣ ਵਾਲੇ ਪਸ਼ੂ



www.sikhbookclub.com

ਮਨ ਤੇ ਹੱਥ ਸਦਾ ਸੰਕੋਚੀਏ। ਨਿੰਦਾ ਬੀ ਇਕ ਬਦੀ ਹੈ ਸੋ ਕਦੇ ਨਾ ਕਰੀਏ। ਇਸ ਵਿਚਾਰ ਨੂੰ ਸਮਝਕੇ ਆਓ ਹੁਣ ਉਹ ਪ੍ਰਸੰਗ ਸੁਣੋਂ ਜਿਸਤੋਂ ਕਿ ਸਾਨੂੰ ਗੁਰਮਤ ਦੀ ਸੋਝੀ ਆ ਜਾਵੇ ਕਿ ਸਾਡੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਐਸੇ ਸਮੇਂ ਕਿਵ ਕੀਤਾ ਸੀ। ਅਸੀਂ ਨਾ ਉਸ ਸਾਧੂ ਦੀ, ਨਾ ਉਸ ਮਹਾਤਮਾ ਦੀ ਕੋਈ ਨੁਕਤਾਚੀਨੀ ਕਰੀਏ।

ਭਗਤ ਸਿੰਘ-ਕਿਤ ਮੁਖ ਆਪਦਾ ਜਸ ਕਰੀਏ। ਗੁਰੂ ਆਪਦੀ ਰਸਨਾਂ ਤੇ ਬੈਠਕੇ ਗੁਰਬਾਣੀ ਦੇ ਉਹ ਆਸ਼ੇ ਸਾਨੂੰ ਸੁਣਾ ਰਿਹਾ ਹੈ, ਕਿ ਜਿਨ੍ਹਾਂ ਨੂੰ ਸਮਝਕੇ ਸਾਡੀਆਂ ਰੋਜ਼ ਪੇਸ਼ ਆਉਣ ਵਾਲੀਆਂ ਮੁਸ਼ਕਲਾਂ ਦੂਰ ਹੋ ਰਹੀਆਂ ਹਨ ਤੇ ਅਪਣੇ ਅਮਲਾਂ ਨੂੰ ਤੇ ਮਨ ਨੂੰ ਸੁਆਰਨ ਦੀ ਰਹਿਬਰੀ ਮਿਲ ਰਹੀ ਹੈ। ਆਪਦਾ ਇਕ ਇਕ ਵਾਕ ਹਿਰਦੇ ਪੁੜ ਰਿਹਾ ਹੈ ਤੇ ਅੰਦਰੋਂ ਸ਼ੁਕਰ ਨਿਕਲ ਰਿਹਾ ਹੈ, ਧੰਨ ਗੁਰੂ ਨਾਨਕ ਦੇਵ, ਧੰਨ ਸਾਧ ਸੰਗਤ! ਸ਼ੁਕਰ ਸ਼ੁਕਰ। ਹਾਂ ਜੀਓ ਸਦਕੇ, ਆਪ ਹੁਣ ਸੁਣਾਓ ਉਹ ਗੁਰਮਤ ਦਾ ਪ੍ਰਸੰਗ।

ਸੰਤ ਬਿਮਲਾ ਸਿੰਘ ਜੀ--ਭਾਈ ! ਲਿਖਿਆ ਹੈ ਕਿ ਦਿਪਾਲ ਪੁਰ, ਕੰਙਣ ਪੁਰ, ਕਸੂਰ ਆਦਿ ਥਾਈਂ ਵਿਚਰਦੇ ਸ੍ਰੀ ਗੁਰੂ ਨਾਨਕ ਦੇਵ ਜੀ, ਆਖੋ ਧੰਨ ਗੁਰੂ ਨਾਨਕ ਦੇਵ ਜੀ, ਇਕ ਟਿਕਾਣੇ ਆਏ ਜਿਸ ਦਾ ਨਾਉਂ ਗੋਇੰਦਵਾਲ ਸੀ*। ਇੱਥੇ ਨਗਰ ਵਿਚ ਸ੍ਰੀ ਜਗਤ ਤਾਰਕ ਜੀ ਨੂੰ ਕਿਸੇ ਰਹਿਣ ਨਾ ਦਿੱਤਾ। ਸਾਰੇ ਲੋਕਾਂ ਤੋਂ ਇਹ ਅਨਾਦਰ ਦਾ ਵਰਤਾਉ ਕਿਸ ਨਾਲ ਹੋਇਆ ? ਜੋ ਅਰਸ਼ਾਂ ਦੇ ਸੁਖ ਛੱਡਕੇ ਏਸ ਦੁੱਖਾਂ ਭਰੇ ਸੰਸਾਰ ਵਿਚ ਆਇਆ ਜਗਤ ਨਿਸਤਾਰਣ ਲਈ। ਤਾਂ ਜਿਸਨੇ ਇਸ ਲੋਕ ਤੇ ਗ੍ਰਿਹਸਤ ਦੇ ਸੁੱਖਾਂ ਦਾ ਬੀ ਤਿਆਗ ਕਰਕੇ ਦੇਸ਼ ਦੇਸ਼ ਦਾ ਫਿਰਨਾਂ ਤੇ ਪਰਦੇਸ਼ ਦੇ ਦੁੱਖਾਂ ਨੂੰ ਸਿਰ ਤੇ ਸਹਿਣਾਂ, 'ਜਗਤ ਨੂੰ ਸੁਮੱਤੇ ਲਾਉਣ ਲਈ' ਖੁਸ਼ੀਆਂ ਨਾਲ ਸਿਰ ਚਾ ਲਿਆ ਸੀ! ਦੇਖੋ ਉਸ ਮਹਾਂ ਉਪਕਾਰੀ ਨੂੰ ਰੈਣ ਬਸੇਰੇ ਲਈ ਥਾਂਉਂ ਨਹੀਂ ਮਿਲਦੀ। ਹੁਣ ਤੁਸੀਂ ਆਏ ਹੋ, ਉਸ ਉਪਕਾਰੀ ਦਾ ਪੁਰਬ ਮਨਾਕੇ ਕ੍ਰਿਤੱਗਜਤਾ ਜਨਾਉਣ ਲਈ, ਪਰ ਜਦੋਂ ਉਹ ਦੇਹ ਵਿਚ ਵਿਚਰ ਰਹੇ ਸਨ, ਜਗਤ ਰੈਣ ਬਸੇਰੇ ਦੇਣ ਤੋਂ ਬੀ ਮੂੰਹ ਮੋੜਦਾ ਸੀ। ਐਸ ਵੇਲੇ ਆ ਜਾਣ ਖਾਂ ਸ੍ਰੀ ਗੁਰੂ ਨਾਨਕ ਦੇਵ ਜੀ ਉਸੇ ਦੇਹ ਵਿਚ ਜੀਕੂੰ ਤਦੋਂ ਆਏ ਸਨ, ਤਦ ਦੇਖੋ ਚਰਨਾਂ ਤੋਂ ਸਦਕੇ ਹੋ ਹੋ ਜਾਈਏ ਅਸੀਂ ਸਾਰੇ। ਪਰ ਹਾਂ ਉਸ ਵੇਲੇ ਭੀ ਅਸੀਂ ਹੀ ਸਾਂ, ਸਾਡੇ ਵਰਗੇ ਜੁ ਸਨ ਮੰਦਮਤੀ, ਹਾਂ ਅਸੀਂ ਹੀ ਸਾਂ ਨਾ ਓਦੋਂ ਵੀ (ਇਹ ਕੁਛ ਕਹਿੰਦੇ ਸੰਤਾਂ ਦੇ ਨੈਣ ਮਿਟ ਗਏ ਤੇ ਕਿਤਨਾਂ ਚਿਰ ਨੈਣਾਂ ਵਿਚੋਂ ਤ੍ਰੱਪ ਤ੍ਰੱਪ ਹੰਝੂ ਕਿਰਦੇ ਰਹੇ। ਨਾਲ ਦੋਹਾਂ ਪ੍ਰੇਮੀਆਂ ਦੇ ਬੀ ਝਰਨਾਟ ਛਿੜੀ ਤੇ ਨੈਣ ਭਰ ਆਏ। ਫਿਰ ਸੰਤਾਂ ਨੇ ਨੈਣ ਖੁਹਲੇ ਤੇ ਬੋਲੇ)। ਜੀਓ ਅਸਾਂ ਨੇ ਰੈਣ ਬਸੇਰਾ ਨਾ ਦਿੱਤਾ ਜਗਤ ਸੁਾਮੀ ਨੂੰ (ਫੇਰ ਨੈਣ ਭਰ ਗਏ) ਤਾਂ ਦੇਖੋ ਉਹ ਹਉਂ ਅਤੀਤ ਉਪਕਾਰੀ ਨਗਰੋਂ ਬਾਹਰ ਟੁਰ ਪਿਆ। ਲਿਖਿਆ ਹੈ:-

*ਇਕ ਪੁਰਿ ਆਵਾ ਬਹੁਰ ਅਗਾਰੀ। ਜਾਇ ਪਹੂੰਚੇ ਤਾਂਹਿ ਮਝਾਰੀ॥*
*ਰੈਨ ਰਹਿਣਹਿਤ ਖੋਜਤਿ ਥਾਂਇ। ਜਿਨ ਕੀਨੇ ਬ੍ਰਹਮੰਡ ਬਨਾਇ॥੬੧॥*
*ਤਹਾਂ ਬਸੇਰਾ ਦੇਤ ਨ ਕੋਊ। ਬੈਠੈਂ ਜਹਾਂ, ਉਠਾਵਹਿਂ ਸੋਊ।*
*ਮੰਦਮਤੀ ਨਰ ਪਿਖਿ ਤਹਿ ਥਾਏਂ॥ ਪੁਰਿ ਤੇ ਵਹਿਰ ਪ੍ਰਭੂ ਪੁਨ ਆਏ॥੬੨॥* (ਗੁ: ਨਾ: ਪ੍ਰਕਾਸ਼)

---

* ਪੁ: ਜ: ਸਾਖੀ ਵਿਚ ਦਿਪਾਲ ਪੁਰ ਕੰਙਣ ਪੁਰ ਕਸੂਰ ਪਟੀ ਤੋਂ ਗੋਇੰਦਵਾਲ ਆ ਕੇ ਰਹਿਣ ਲਗਾ ਤੇ ਏਥੇ ਸਾਖੀ ਹੋਈ ਦੱਸੀ ਹੈ। ਪਰ ਉਸਨੂੰ ਭੁਲੇਵਾ ਲਗਾ ਜਾਪਦਾ ਹੈ। ਦਿਪਾਲ ਪੁਰ ਜੋ ਪਹਿਲੋਂ ਲਿਖਦਾ ਹੈ, ਸਾਖੀ ਉਥੇ ਹੋਈ ਹੈ, ਕਿਉਂਕਿ ਹੁਣ ਤਕ ਟਿਕਾਣਾ ਓਥੇ ਹੈ। ਦਿਪਾਲ ਪੁਰ ਦੇ ਬਾਹਰਵਾਰ ਨਾਨਕ ਸਰ ਸਾਹਿਬ ਗੁਰਦੁਵਾਰਾ ਖੂਹ ਪਾਸ ਹੈ, ਅੰਦਰ ਪਲੰਘ ਸਾਹਿਬ ਜੀ ਹਨ ਜੋ ਮੰਜੀ ਸਾਹਿਬ ਸਦੀਂਦੀ ਹੈ, ਹੈ ਚੂਨੇ ਦੀ ਪੱਕੀ, ਸ਼ਕਲ ਪਲੰਘ ਦੀ ਹੈ। ਬੜਾ ਭਾਰੀ ਪਿੱਪਲ ਹੈ, ਦੋ ਦਰਬਾਰ ਪ੍ਰਕਾਸ਼ਦੇ ਹਨ। ਆਮ ਲੋਕ ਕੋਹੜੀ ਨਿਸਤਾਰਨ ਦੀ ਸਾਖੀ ਇਹੋ ਦਸਦੇ ਹਨ ਤੇ ਆਖਦੇ ਹਨ ਇੱਥੇ ਹੀ ਸ੍ਰੀ ਬਾਬਾ ਜੀ ਬੈਠੇ ਸਨ ਤੇ ਉਸ ਕੋਹੜੀ ਫਕੀਰ ਦਾ ਨਿਸਤਾਰਾ ਕੀਤਾ ਸੀ। ਇਹ ਇਤਿਹਾਸਕ ਗੁਰਦੁਆਰਾ ਹੈ, ਤਹਿਸੀਲ ਦੀਪਾਲ ਪੁਰ ਜ਼ਿਲਾ ਮਿੰਟਗੁਮਰੀ ਵਿਚ ਹੈ। ਇਸ ਇਲਾਕੇ ਵਿਚ ਹੋਰ ਬੀ ਬਹੁਤ ਗੁਰ ਅਸਥਾਨ ਹਨ।


www.sikhbookclub.com

ਮਿਹਰਾਂ ਦੇ ਸਾਂਈਂ ਤੇ ਕਿਸੇ ਕੌੜੇ ਤਜਰਬੇ ਤੋਂ ਦੁੱਖ ਨਾ ਮੰਨਣ ਵਾਲੇ ਸਤਿਗੁਰੂ ਜੀ ਨਗਰੋਂ ਬਾਹਰ ਆ ਕੇ ਕੁਛ ਦੂਰ ਉਜਾੜ ਵਿਚ ਇਕ ਝੁੱਗੀ ਤੱਕਕੇ ਓਧਰ ਨੂੰ ਗਏ। ਇਥੇ ਇਕ ਕੋਹੜੀ ਰਹਿੰਦਾ ਸੀ। ਕੋਹੜੀ ਕੋਈ ਅਮੀਰ ਕੋਹੜੀ ਨਹੀਂ ਸੀ, ਪਰ ਮੰਗਤਾ ਕੋਹੜੀ। ਇਸ ਨੂੰ ਕੋਹੜੀ ਫਕੀਰ ਕਰਕੇ ਇਤਿਹਾਸ ਵਿਚ ਲਿਖਿਆ ਹੈ। ਹਾਂ ਇਸ ਦੇ ਦੁਆਰੇ ਜਿੱਥੇ ਕੋਈ ਮਨੁਖ ਕੀਹ ਕੋਈ ਜੀਵ ਜਨੌਰ ਬੀ ਨਹੀਂ ਸੀ ਫੜਕਦਾ, ਜਗਤ ਨਿਸਤਾਰਨਹਾਰ ਜਾ ਖੜੋਤਾ। ਹਾਂ, ਤੇ ਅਤਿੱਖੀ ਵਾਂਙੂ ਹੋ ਕੇ ਉਸਨੂੰ ਆਖਦਾ ਹੈ 'ਏ ਫਕੀਰ ਰਾਤ ਰਹਿਣ ਦੇਹਿ[1]। ਪਿਆਰਿਓ ! ਖਿਆਲ ਕਰੋ, ਜਿਸਦੇ ਅੱਗੇ ਰਾਇਬੁਲਾਰ ਹੱਥ ਜੋੜ ਕੇ ਖੜੋਂਦਾ ਸੀ ਤੇ ਜਿਸਦੇ ਜਗਤ ਯਾਤਰਾ ਆਰੰਭ ਕਰਨ ਵੇਲੇ ਦੌਲਤ ਖਾਂ ਲੋਧੀ ਦਿੱਲੀ ਦੇ ਪਾਤਸ਼ਾਹ ਦਾ ਭਰਾ ਤੇ ਸੁਲਤਾਨ ਪੁਰ ਦਾ ਸੂਬੇਦਾਰ ਤਰਲੇ ਕਰਦਾ ਸੀ ਕਿ ਕੋਈ ਮੈਂ ਸੇਵਾ ਕਰ ਸਕਾਂ (ਜੈਸਾ ਕਿ ਲਿਖਿਆ ਹੈ ਕਿ 'ਤਾਂ ਖਾਨ ਕਹਿਆ:- ਕਾਜ਼ੀ ! ਇਹ ਕੋਈ ਵਲੀ ਪੈਦਾ ਹੋਇਆ ਹੈ। ਇਸਕੀ ਸੇਵਾ ਕਰਨੀ ਪ੍ਰਵਾਨ ਹੈ। ਤਾਂ ਖਾਨ ਸੁਣਕੇ ਮੱਥਾ ਟੇਕਿਆ ਜੋ ਮੈਂ ਤੈਨੂੰ ਖੁਦਾਇ ਦਾ ਵਲੀ ਜਾਣਦਾ ਹਾਂ[2]') ਹਾਂ, ਜਿਸਦੇ ਅੱਗੇ ਰੋ ਰੋ ਕੇ ਸ਼ਿਵਨਾਭ ਰਾਜਾ ਆਖਦਾ ਸੀ, 'ਜਿਸ ਪ੍ਰਕਾਰ ਤੁਮ ਕਿਤਨੇ ਕੋਸਾ। ਚਲਿ ਆਏ ਨਿਜ ਦੇਨ ਭਰੋਸਾ। ਤਿਸੀ ਪ੍ਰਕਾਰ ਰਹਨਿ ਅਬਿ ਕੀਜੈ। ਸਰਬ ਦੇਸ਼ ਉਪਦੇਸ਼ਹਿ ਦੀਜੈ[3]'। ਸੱਜਣੋ ਉਹੋ ਗੁਰੂ, ਜਿਸਦੇ ਅਵਤਾਰ ਅਸਥਾਨ ਤੇ ਤੁਸਾਂ ਅਣਗਿਣਤ ਧਨ ਲਾ ਕੇ ਮੰਦਰ ਪਾਏ ਹਨ, ਇਸ ਰਾਤ ਮਭ ਦੇ ਅਨਾਦਰ ਤੋਂ ਸ਼ਹਿਰੋਂ ਬਾਹਰ ਆ ਕੇ ਇਕ ਕੋਹੜੀ ਫਕੀਰ ਨੂੰ ਕਹਿੰਦਾ ਹੈ, 'ਏ ਫਕੀਰ ਰਾਤ ਰਹਿਣ ਦੇਹਿ'[1]! ਦੇਖਿਆ ਨੇ ਜਗਤ ਦਾ ਜਗਤ ਦੇ ਸੁਆਮੀ ਉਪਕਾਰੀ ਨਾਲ ਸਲੂਕ। ਉਹ ਕੋਹੜੀ ਫ਼ਕੀਰ ਅੱਗੋਂ ਬੋਲਿਆ। 'ਜੀ ਮੇਰਿਅਹੁ ਪਾਸਹੁ ਜਨਾਵਰ ਨੱਸਦੇ ਹੈਨ, ਪਰ ਖੁਦਾਇ ਦਾ ਕਰਮ ਹੋਆ ਹੈ ਜੋ ਆਦਮੀ ਦੀ ਸੂਰਤ ਨਦਰਿ ਆਈ ਹੈ'[1]। ਤਦ ਇਹ ਆਦਰ ਤੇ ਸੁਆਗਤ ਦੇ ਵਾਕ ਪਾ ਕੇ ਗੁਰੂ ਬਾਬਾ ਓਥੇ ਟਿਕ ਗਿਆ। ਹਾਂ ਜਗਤ ਪਿਤਾ ਜੀ ਸਾਰੀ ਰਾਤ ਆਪਣੇ ਰੰਗ ਵਿਚ ਬੈਠੇ ਰਹੇ। ਕੁਸ਼ਟੀ ਰਾਤ ਹਾਇ ਹਾਇ ਕਰਕੇ ਵਿਲਪਦਾ ਰਿਹਾ। ਇਸ ਕੁਸ਼ਟੀ ਦਾ ਕੁਸ਼ਟ ਦੇਖਕੇ ਤੇ ਵਿਰਲਾਪ ਸੁਣਕੇ ਗੁਰੂ ਜੀ ਦੇ ਮਨ ਮੇਹਰ ਆਈ। ਜੀ ਕੀਤਾ ਕਿ ਇਸ ਦਾ ਰੋਗ ਗਵਾ ਦੇਈਏ ਜੁ ਸੁਖੀ ਹੋ ਜਾਵੇ, ਤਾਂ ਆਪ ਦਇਆ ਦੇ ਘਰ ਵਿਚ ਆਕੇ ਬੋਲੇ 'ਹੇ ਫਕੀਰ ! ਤੂੰ ਕਿਉਂ ਵਿਲਪਦਾ ਹੈਂ ?'

ਫਕੀਰ-ਹੇ ਮੇਰੇ ਘਰ ਆਏ ਮਿਹਰਵਾਨ ਸਾਂਈ ਲੋਕ ! ਰੋਵਾਂ ਨਾ ਵਿਲਪਾਂ ਨਾ ਤੇ ਕੀਹ ਕਰਾਂ ? ਇਕ ਤਾਂ ਇਹ ਆਪਣਾ ਰੋਗ ਵੇਖ ਵੇਖਕੇ ਝੁਰਦਾ ਰੋਂਦਾ ਹਾਂ, ਦੂਜੇ ਆਪਣੇ ਐਸ਼੍ਵਰਜ ਨੂੰ ਯਾਦ ਕਰਦਾ ਹਾਂ ਜਦੋਂ ਪਦਾਰਥ ਤੇ ਐਸ਼ਾਂ ਸਨ, ਓਹ ਵਸਤਾਂ ਕਿੱਥੇ ਗਈਆਂ, ਓਹ ਦਿਨ ਕਿੱਥੇ ਗਏ ? ਰੋਂਦਾ ਹਾਂ ਉਨ੍ਹਾਂ ਸਾਕਾਂ ਤੇ ਮਿੱਤਰਾਂ ਨੂੰ ਜੋ ਭਵਨ ਪਰਸਦੇ ਸਨ ਤਦੋਂ ਪਰ ਰੋਗੀ ਹੋਇਆਂ ਧੱਕ ਦਿੱਤਾ ਸਭ ਨੇ ਮੈਨੂੰ ਘਰੋਂ। ਰੋਂਦਾ ਹਾਂ ਕਿ ਹੁਣ ਮੈਂ ਐਸਾ ਬੁਰਾ ਹੋ ਗਿਆ ਹਾਂ ਕਿ ਨਗਰ ਵਿਚ ਕੋਈ ਸੜਕ ਤੇ ਬੀ ਨਹੀਂ ਪੈਣ ਦੇਂਦਾ ਮੈਨੂੰ। ਵਿਲਪਦਾ ਹਾਂ ਕਿ ਕਦੇ ਮਨੁੱਖ ਜਨੌਰ ਪੰਛੀ ਬੀ ਮੇਰੇ ਏਥੇ ਫੇਰਾ ਨਹੀਂ ਪਾਉਂਦੇ, ਇਕੱਲ ਵੱਢ ਵੱਢ ਖਾਂਦੀ ਹੈ। ਹੇ ਸਾਂਈਂ ਦੇ ਸੁਆਰੇ ! ਤੂੰ ਧੰਨ ਹੈਂ, ਜਿਸਨੂੰ ਮੇਰੇ ਤੇ ਦਇਆ ਆਈ ਹੈ। ਇਕੱਲ ਜਗਤ ਵਿਚ ਸਭ ਤੋਂ ਵੱਡਾ ਦੁੱਖ ਹੈ, ਸਭ ਤੋਂ ਵੱਡੀ ਸਜ਼ਾ ਹੈ; ਮੇਰੇ ਤੋਂ ਪੁੱਛੇ ਕੋਈ ਆ ਕੇ ਕਿ ਜਿਸਦੇ ਹੱਡ ਵਰਤੀ ਹੈ, ਕਿ ਇਕੱਲ ਸਭ ਨਰਕਾਂ ਤੋਂ ਵਡਾ ਨਰਕ ਹੈ ਕਿ ਨਹੀਂ। ਜਿਨ੍ਹਾਂ ਨੂੰ ਕਦੇ ਇਕੱਲ ਵਾਪਰੇ ਓਹੋ ਇਸ ਦੇ ਦੁੱਖ ਨੂੰ ਸਮਝ ਸਕਦੇ ਹਨ। ਫੇਰ ਓਹ ਇਕੱਲ, ਸਾਂਈਂ ਜੀਓ ! ਬੜੀ ਬੁਰੀ ਹੁੰਦੀ ਹੈ ਕਿ ਜੋ ਜਗਤ ਨੇ ਸੂਗ ਨਾਲ ਕਿਸੇ ਦੁਖੀਏ ਦਰਦ ਰਵਾਣੇ ਨੂੰ ਦਿੱਤੀ ਹੋਵੇ। ਇਸ ਕਰਕੇ ਮੇਰਾ ਮਨ ਬਾਰੰਬਾਰ ਤਪਦਾ ਹੈ। ਇਹ ਸਭ ਜਾਣਦਾ ਹਾਂ ਤੇ ਵਾਰ ਵਾਰ ਚਿੰਤਨ ਕਰਦਾ ਹਾਂ ਤੇ ਵਾਰੰਵਾਰ ਮਨ ਸੜਦਾ ਤੇ ਭੁੱਜਦਾ ਹੈ[4]। ਜਾਣਦਾ ਹਾਂ ਕਿ ਇਹ ਤਪਣਾ ਸੜਨਾ ਬਿਰਥਾ ਹੈ, ਇਹ ਨਿਰਾ ਖਪਣਾ ਹੈ[5],

---

1. ਪੁ: ਜਨਮ ਸਾਖੀ। 2. ਗੁਰਸਿੱਖਾਂ ਦੀ ਭਗਤਮਾਲਾ ਕ੍ਰਿਤ ਭਾਈ ਮਨੀ ਸਿੰਘ ਜੀ।
3. ਸ੍ਰੀ: ਗੁ: ਨਾ: ਪ੍ਰਕਾਸ਼ 4. ਜੀਉ ਤਪਤੁ ਹੈ ਬਾਰੋਬਾਰ॥ 5. ਤਪਿ ਤਪਿ ਖਪੈ ਬਹੁਤੁ ਬੇਕਾਰ॥

ਪਰ ਇਹ ਖਪਣਾ ਛੁਟਦਾ ਨਹੀਂ। ਜਿਵੇਂ ਰੋਇਆਂ ਪੀੜ ਨਹੀਂ ਹਟ ਜਾਇਆ ਕਰਦੀ, ਪਰ ਪੀੜ ਵੇਲੇ ਰੋਣ ਹੀ ਇਕ ਮਨ ਦਾ ਆਸਰਾ ਹੋ ਜਾਂਦਾ ਹੈ! ਸੋ ਇਹ ਵੇਕਾਰ ਭੁੱਜਣਾ ਖਪਣਾ ਮੇਰਾ ਸੁਭਾਉ ਪੈ ਗਿਆ ਹੈ। ਫਿਰ ਕਦੇ ਸੋਚਦਾ ਹਾਂ ਕਿ ਖਬਰੇ ਮੇਰਾ ਪੁਕਾਰ ਮੇਰਾ ਵਿਰਲਾਪ ਸੁਣਿਆਂ ਜਾਵੇ ਤੇ ਕੋਈ ਢੋਈ ਮਿਲੇ!

ਸ੍ਰੀ ਗੁਰੂ ਜੀ-ਬਹੁਤ ਬੋਲਣਾ ਤੇ ਝਖਣਾ ਤਾਂ ਖਪਣਾ ਹੀ ਹੁੰਦਾ ਹੈ, ਕਿਉਂਕਿ ਜਿਸ ਅੱਗੇ ਬੋਲਣਾ ਹੈ ਓਹ ਤਾਂ ਬਿਨ ਬੋਲੇ ਸਭ ਕਿਛ ਜਾਣਦਾ[1] ਹੈ। ਜੇ ਹੇ ਦੁਖੀਏ ! ਮਨ ਵਿਚ ਕੋਈ ਸੋਚ ਹੋਵੇ ਤੇ ਓਸ ਤੇ ਕੋਈ ਡੂੰਘੀ ਅਰਦਾਸ ਹੋਵੇ ਤਾਂ ਚੁੱਪ ਕਿ ਉੱਚੀ ਕੀਤੀ ਅਰਦਾਸ ਪਹੁੰਚਦੀ ਹੈ ਤੇ ਓਹ ਦਾਤਾ ਸੁਣਦਾ ਹੈ। ਪਰ ਤਪਣ ਨਾਲ, ਖਪਣ ਨਾਲ, ਬਹੁਤ ਵਿਅਰਥ ਬੋਲਣ ਨਾਲ ਤਾਂ ਆਪ ਹੀ ਜੀਵ ਲੁੱਝਦਾ ਹੈ। ਸੋਧ ਬੱਧੇ ਬਿਨਾਂ ਤੇ ਮਨੋ ਹੋ ਕੇ ਅਰਦਾਸ ਕੀਤੇ ਬਿਨਾਂ ਬਹੁਤ ਬੋਲਣਾ ਵਿਅਰਥ ਹੀ ਜਾਂਦਾ ਹੈ, ਸਗੋਂ ਮਨ ਦੀ ਪੀੜਾ ਵਧਦੀ ਹੈ।

ਕੁਸ਼ਟੀ-ਫੇਰ ਭਲੇ ਪੁਰਖ ਜੀਓ ! ਮੈਂ ਕੀਹ ਕਰਾਂ ? ਕਿਵੇਂ ਇਸ ਕੁਸ਼ਟ ਦਾ ਕਸ਼ਟ ਦੂਰ ਹੋਵੇ !

ਗੁਰੂ ਜੀ-ਉਸਦੀ ਮਨ ਵਿਚ ਸੋਧ ਬੰਨ੍ਹ ਕਿ ਜਿਸਨੇ ਤੇਰੇ ਅੰਗ: ਅੱਖ, ਕੰਨ, ਨੱਕ, ਬਣਾਏ ਸਨ, ਜਿਸਨੇ ਜੀਭ ਮਿੱਠੀ ਬੋਲਣ ਲਈ ਦਿੱਤੀ ਸੀ[2], ਜਿਸਨੇ ਇਨ੍ਹਾਂ ਅੰਗਾਂ ਵਾਲਾ ਸਰੀਰ ਰਚਕੇ ਇਸ ਵਿਚ ਮਨ ਜੈਸੇ ਅਦਭੁਤ ਇੰਦ੍ਰੀਆਂ ਦੇ ਸਰਦਾਰ ਨੂੰ ਪਾ ਕੇ ਜਠਰ ਅਗਨੀ ਵਿਚ ਤੈਨੂੰ ਰੱਖਕੇ ਤੇਰੀ ਰਚਨਾਂ ਰਚੀ ਸੀ, ਅਰ ਉਸ ਅਗਨੀ ਨੇ ਤੇਰੀ ਪਾਲਨਾ ਕੀਤੀ ਸੀ ਪਰ ਆਪਣੇ ਦਾਹ ਧਰਮ ਨੂੰ ਤੇਰੇ ਤੇ ਨਹੀਂ ਸੀ ਵਰਤਿਆ। ਭਾਵ ਇਹ ਕਿ ਉਸ ਰਚਨਹਾਰ ਦੀ ਖੂਬੀ ਹੈ ਕਿ ਦਾਹ ਸ਼ਕਤੀ ਵਾਲੇ ਟਿਕਾਣੇ ਰੱਖਕੇ ਤੈਨੂੰ ਬਣਾਇਆ ਪਰ ਉਸਦੀ ਨਿੱਘ ਸ਼ਕਤੀ ਤੋਂ ਤੇਰੀ ਸਾਜਨਾ ਦਾ ਕੰਮ ਤਾਂ ਲਿਆ ਪਰ ਦਾਹ ਸ਼ਕਤੀ ਤੋਂ ਤੇਰੀ ਰੱਛਿਆ ਕੀਤੀ[3]। ਹਾਂ ਜਿਸ ਰਚਣਹਾਰ ਨੇ ਐਸਾ ਸ਼ਰੀਰ ਤੇ ਮਨ ਕਰਕੇ ਉਸਦੀ ਜੀਵਨ ਕਲਾ ਦੇ ਜਾਰੀ ਰਹਿਣ ਲਈ ਉਸ ਵਿਚ ਹਵਾ ਵਜਾ ਦਿੱਤੀ, ਹਵਾ ਫੂਕ ਦਿੱਤੀ[4] ਕਿ ਤੇਰੇ ਸੁਾਸ ਚੱਲ ਪਏ, ਉਨ੍ਹਾਂ ਸੁਆਸਾਂ ਦੇ ਆਸਰੇ ਤੂੰ ਜੀਵਨ ਪਾ ਲਿਆ ਤੇ ਤੇਰਾ ਜੀਵਨ ਇਕ ਜਾਰੀ ਰਹਿਣ ਵਾਲੀ ਜੀਵਨ ਕਲਾ ਹੋ ਗਈ, ਤਦ ਉਸ ਰਚਣਹਾਰ ਨੇ ਆਖਿਆ ਤੂੰ ਜਗਤ ਵਿਚ ਵਿਚਰ ਪਰ ਯਾਦ ਰੱਖ ਕਿ ਮੈਂ ਸਭ ਥਾਂਈਂ ਮੌਜੂਦ ਹਾਂ। ਭਾਵ ਜਿਸਨੇ ਆਪਣੇ ਸਾਰੇ ਵਿਆਪਕ ਹੋਣ ਦਾ ਪਤਾ ਦੇ ਦਿੱਤਾ ਤੇ ਕਿਹਾ ਕਿ ਵਿਚਰ ਪਰ ਮੈਨੂੰ ਵੇਖ ! ਪਰ ਤੂੰ ਜੰਮ ਕੇ ਪਹਿਲਾਂ ਮਾਂ ਪਿਉ ਦੇ ਮੋਹ ਵਿਚ ਪੈ ਗਿਆ, ਫਿਰ ਇਸਤ੍ਰੀਆਂ ਦੀ ਪ੍ਰੀਤ ਵਿਚ ਲਪਟ ਗਿਆ ਤੇ ਨਾਨਾ ਪ੍ਰਕਾਰ ਦੇ ਇੰਦਰੇ ਰਸਾਂ ਵਿਚ ਲੱਗ ਗਿਆ[5], ਤਾਂ ਉਹ ਬਾਣੀ ਜੋ ਰਚਣਹਾਰ ਨੇ ਤੈਨੂੰ ਕਹੀ ਸੀ ਕਿ ਮੈਂ ਹਰ ਥਾਂ ਮੌਜੂਦ ਹਾਂ ਮੈਨੂੰ ਵੇਖੀਂ, ਉਹ ਤੂੰ ਭੁੱਲ ਗਿਆ, ਇਸ ਲਈ ਸਮਝ ਲੈ ਕਿ ਉਸ ਨੂੰ ਭੁੱਲਕੇ ਤੂੰ ਭੋਗਾਂ ਤੇ ਵਿਕਾਰਾਂ ਵਿਚ ਪੈ ਗਿਆ। ਵਿਕਾਰ ਕਾਲਖ ਹਨ, ਦਾਗ ਲਾਉਂਦੇ ਹਨ[6], ਇਕ ਦਾਗ ਸ਼ਰੀਰਕ ਰੋਗ ਹਨ। ਸੋ ਵਿਕਾਰਾਂ ਵਿਚ ਲੱਗਕੇ ਤੂੰ ਪੱਕਾ ਰੋਗੀ (ਕੁਸ਼ਟੀ) ਹੋ ਗਿਆ ਤੇ ਵਿਰਲਾਪ ਤੇਰੇ ਪੱਲੇ ਪੈ ਗਿਆ[7]। ਇਹ ਭਾਈ ! ਤੇਰੇ

---

1. ਬਹੁਤਾ ਬੋਲਣੁ ਝਖਣੁ ਹੋਇ॥ ਵਿਣੁ ਬੋਲੇ ਜਾਣੈ ਸਭੁ ਸੋਇ॥੧॥ਰਹਾਉ॥
2. ਜਿਨਿ ਕਨ ਕੀਤੇ ਅਖੀ ਨਾਕੁ॥ ਜਿਨਿ ਜਿਹਵਾ ਦਿਤੀ ਬੋਲੇ ਤਾਤੁ॥
3. ਜਿਨਿ ਮਨੁ ਰਾਖਿਆ ਅਗਨੀ ਪਾਇ॥
4. ਵਾਜੈ ਪਵਣੁ ਆਖੈ ਸਭ ਜਾਇ॥੨॥
   ਇਸ ਤੁਕ ਦੇ ਸੰਪ੍ਰਦਾਈ ਅਰਥ ਐਉਂ ਭੀ ਹਨ:- ਪ੍ਰਸੂਤੀ ਵਾਯੂ ਚਲਾਕੇ ਜਿਸ ਨੇ ਤੈਨੂੰ ਮਾਤਾ ਦੇ ਪੇਟੋਂ ਕੱਢਿਆ ਬਾਹਰ ਆਇਆ ਵੇਖਕੇ ਸਭ ਆਖਦੇ ਹਨ ਬੱਚਾ ਜੰਮਿਆ ਹੈ।
5. ਜੇਤਾ ਮੋਹੁ ਪਰੀਤਿ ਸੁਆਦ॥
6. ਸਭਾ ਕਾਲਖ ਦਾਗਾ ਦਾਗ॥ ਦੋ ਵੇਰੀ 'ਦਾਗ' ਪਦ ਆਇਆ ਰੂਹ ਤੇ ਸ਼ਰੀਰ ਦੇ ਦਾਗੀ ਹੋ ਜਾਣ ਦੀ ਭਾਵ ਸੂਚਨਾਂ ਲਈ।
7. ਜੈ ਤਨਿ ਬਾਣੀ ਵਿਸਰਿ ਜਾਇ॥ ਜਿਉਂ ਪਕਾ ਰੋਗੀ ਵਿਲਲਾਇ॥੧॥

(ਧਨਾ : ਮ ੧-੫-੬੬੧-੬੨)

ਸ਼ਰੀਰ ਦਾ ਹਾਲ ਹੋਇਆ ਹੈ। ਹੁਣ ਤੂੰ ਆਪਣੀ ਰੂਹ ਦਾ ਹਾਲ ਸੁਣ ਲੈ। ਅਰਥਾਤ ਉਹ ਜੋ ਸ਼ਰੀਰ ਦੇ ਅੰਦਰ ਤੇਰਾ ਆਪਾ ਹੈ ਉਸਦਾ ਸੁਣ ਕੀ ਹੋਇਆ ਹੈ ! ਉਹ ਜੋ ਤੂੰ ਮੋਹ ਪ੍ਰੀਤ ਵਿਚ ਆ ਕੇ ਖੋਟੇ ਕਰਮ ਕੀਤੇ ਸੇ, ਉਨ੍ਹਾਂ ਦਾ ਇਕ ਅਸਰ ਤਾਂ ਇਹ ਸੀ ਕਿ ਜੋ ਤੇਰੇ ਵਿਕਾਰਾਂ ਦੇ ਲੱਛ (ਨਿਸ਼ਾਨਾ) ਬਣੇ ਭਾਵ ਜਿਨ੍ਹਾਂ ਨਾਲ ਤੂੰ ਭੋਗ ਬਿਲਾਸ ਕੀਤੇ ਸੇ, ਸੋ ਤੇਰੇ ਕੁਸੰਗ ਨਾਲ ਡੁੱਬੇ, ਤੇ ਤੂੰ ਉਨ੍ਹਾਂ ਦੇ ਕੁਸੰਗ ਨਾਲ ਡੁੱਬਾ, ਦੂਜੇ ਤੇਰੇ ਤੇ ਦੋ ਅਸਰ ਪਏ, ਇਕ ਤਾਂ ਸਰੀਰ ਰੋਗੀ ਹੋ ਕੇ ਤੂੰ ਧਿਤਕਾਰਿਆ ਗਿਆ ਤੇ ਤੇਰੇ ਵਿਰਲਾਪ ਪੱਲੇ ਪਿਆ; ਦੂਸਰੇ ਜੋ ਅਸਰ ਤੇਰੇ ਅੰਦਰ ਪਿਆ ਸੋ ਤੂੰ ਗਉਲ ਹੀ ਨਹੀਂ ਰਿਹਾ, ਉਹ ਹੈ ਇਹ ਕਿ ਤੇਰੇ ਅੰਦਰਲੇ ਨੂੰ ਉਨ੍ਹਾਂ ਕਰਮਾਂ ਦੇ-ਉਨ੍ਹਾਂ ਦੋਸ਼ਾਂ ਦੇ-ਦਾਗ਼ ਪੈ ਗਏ ਹਨ। ਜਦੋਂ ਤੂੰ ਮਰਕੇ ਅੱਗੇ ਜਾਵੇਂਗਾ ਤਾਂ ਉਹ ਦੋਸ਼ਾਂ ਦੇ ਦਾਗ਼ ਤੇਰੇ ਉਸ ਵੇਲੇ ਦੇ ਮੂੰਹ ਤੇ ਲੱਗੇ ਹੋਏ ਹੋਣਗੇ। ਉਨ੍ਹਾਂ ਦਾਗ਼ਾਂ ਦੇ ਕਾਰਨ ਜਿਸ ਤਰ੍ਹਾਂ ਤੈਨੂੰ ਏਥੇ ਸਭਾ, ਪਰ੍ਹੇ ਕਿ ਬਰਾਦਰੀ ਵਿਚ ਕੋਈ ਨਹੀਂ ਬੈਠਣ ਦੇਂਦਾ, ਇਸੇ ਤਰ੍ਹਾਂ ਉਥੇ, ਕਿ ਜਿਸਨੂੰ ਦਰਗਾਹ ਕਹਿੰਦੇ ਹਨ, ਤੈਨੂੰ ਕੋਈ ਨਹੀਂ ਬੈਠਣ ਦੇਵੇਗਾ। ਇਹ ਜਿਵੇਂ ਸ਼ਰੀਰ ਨੂੰ ਕੁਸ਼ਟ ਦੇ ਜ਼ਖਮਾਂ ਰੂਪੀ ਦਾਗ਼ ਹਨ ਤਿਵੇਂ ਤੇਰੇ ਭੌਰ ਨੂੰ (ਯਾ ਲਿੰਗ ਸ਼ਰੀਰ ਨੂੰ) ਯਾ ਉਸ ਅੰਦਰਲੇ ਨੂੰ ਕਿ ਜਿਸਨੇ ਸ਼ਰੀਰ ਦੇ ਮਰਨ ਮਗਰੋਂ ਅੰਦਰੋਂ ਨਿਕਲਣਾ ਹੈ, ਉਸ ਪਰ ਕੀਤੇ ਦੋਸ਼ਾਂ ਦੇ ਐਸ ਤਰ੍ਹਾਂ ਦੇ ਦਾਗ਼ ਹੋਣਗੇ ਕਿ ਜਿਨ੍ਹਾਂ ਕਰਕੇ ਓਥੇ ਵੀ ਤੈਨੂੰ ਢੋਈ ਨਾ ਮਿਲੇਗੀ, ਦਰਗਾਹ ਵਿਚ ਭੀ ਤੈਨੂੰ ਕੋਲ ਨਹੀਂ ਬੈਠਣ ਦੇਵਣਗੇ[1]।

ਇਹ ਵਾਕ ਸੁਣਕੇ ਕੋਹੜੀ ਕੰਬਿਆ। ਉਸ ਨੂੰ ਆਪਣੇ ਕੀਤੇ ਕਰਮਾਂ ਦੀ ਪੂਰੀ ਸੋਝੀ ਆਈ। ਭੈ ਛਾਇਆ ਕਿ ਮੈਂ ਤਾਂ ਹੁਣ ਦੇ ਕਸ਼ਟ ਨੂੰ ਰੋਂਦਾ ਸਾਂ ਤੇ ਇਸ ਪਾਸੇ ਤਾਂ ਮੇਰਾ ਧਿਆਨ ਹੀ ਨਹੀਂ ਸੀ ਗਿਆ ਕਿ ਮੇਰੀ ਰੂਹ ਭੀ ਕਲੰਕਤ ਹੋ ਗਈ ਹੈ ਤੇ ਮੇਰੇ ਲਈ ਦੁੱਖ 'ਸਦਾ ਦਾ ਦੁੱਖ' ਹੋ ਗਿਆ ਹੈ। ਇਸ ਭੈ ਨੇ ਵੈਰਾਗ ਉਤਪਤ ਕੀਤਾ ਤੇ ਫਕੀਰ ਹੁਣ ਪਸਚਾਤਾਪ ਦੇ ਘਰ ਆ ਕੇ ਰੋਇਆ ਤੇ ਧਰਤੀ ਤੇ ਸਿਰ ਰੱਖ ਕੇ ਬੋਲਿਆ: 'ਹੇ ਅੱਗੇ ਪਿੱਛੇ ਦੀ ਸੋਝੀ ਵਾਲੇ ! ਕੀਹ ਮੈਂ ਹੁਣ ਡੁਬ ਗਿਆ? ਸਦਾ ਲਈ ਡੁੱਬ ਗਿਆ? ਸੁਹਣੇ ਦਾਤਾ! ਕੀ ਮੇਰੇ ਦਸ ਵੀਹ ਵਰ੍ਹੇ ਵਿਚ ਕੀਤੇ ਦੋਸ਼ ਤੇ ਪਾਪ, ਜੋ ਭਾਵੇਂ ਕਿੰਨੇ ਵਧੀਕ ਹੈਨ ਪਰ ਗੇਣਤੀ ਵਿਚ ਹੈਨ, ਮੈਨੂੰ ਸਦਾ ਲਈ ਡੋਬ ਗਏ? ਕੀਹ ਗੇਣਤੀ ਵਾਲੇ ਕਰਮਾਂ ਦੇ ਬਦਲੇ ਮੈਂ ਐਉਂ ਡੁੱਬ ਗਿਆ ਹਾਂ ਕਿ ਜਿਵੇਂ ਬੇੜੀ ਤੋਂ ਇਕ ਪੈਰ ਤਿਲਕਣ ਨਾਲ ਆਦਮੀ ਸਦਾ ਲਈ ਡੁੱਬਕੇ ਮਰ ਜਾਂਦਾ ਹੈ ਤੇ ਫੇਰ ਭਾਵੇਂ ਦੇਹ ਤਰ ਆਵੇ, ਪਰ ਜਾਨ ਨਹੀਂ ਮੁੜਦੀ? ਹਾਇ ਜੇ ਮੈਂ ਜਾਣਦਾ ਤਾਂ ਕਦੇ ਐਸੇ ਕਰਮ ਨਾ ਕਰਦਾ।' ਗੁਰੂ ਸਾਹਿਬ ਦਇਆ ਦੇ ਘਰ ਵਿਚ ਤਾਂ ਆਏ ਹੀ ਹੱਏ ਸਨ, ਹੋਰ ਦ੍ਰੱਵ ਕੇ ਆਪਣੇ ਉਚੇ ਦਰੋਂ ਮਿਹਰ ਦੇ ਰੰਗ ਵਿਚ ਬੋਲੇ :-'ਭਾਈ ਜਿਸ ਰਾਹੇ ਤੂੰ ਟੁਰ ਰਿਹਾ ਹੈਂ ਉਸਦਾ ਫਲ ਤਾਂ ਇਹੋ ਜਿਹਾ ਹੀ ਹੈ। ਕਰਮ ਤੈਂ ਆਪ ਕੀਤੇ ਜਿਨ੍ਹਾਂ ਨੇ ਇਹ ਰੋਗ ਉਪਜਾਇਆ ਹੈ[2], ਫਿਰ ਜਿਸ ਰਾਹੇ ਤੂੰ ਹੁਣ ਟੁਰ ਰਿਹਾ ਹੈਂ ਉਹ ਤੇਰਾ ਅਪਣੀ ਚੋਣਦਾ ਹੈ। ਉਸਦਾ ਫਲ ਤੂੰ ਆਪ ਦੱਸ ਦਿੱਤਾ ਹੈ ਕਿ ਇਕ ਪੈਰ ਤਿਲਕਿਆ ਤਾਂ ਅਣਤਾਰੂ ਡੁੱਬ ਮੋਇਆ। ਪਰ ਸਮਝ ਲੈ ਕੇ ਇਹ ਤਾਂ ਹੈ ਤੇਰੀ ਚੋਣ ਤੇ ਤੇਰੀ ਕਰਣੀ ਕਰਤੂਤ। ਪਰ ਜਿਸਨੂੰ ਤੂੰ ਦੋਸ਼ ਦੇ ਰਿਹਾ ਹੈਂ ਆਪਣੀ ਗਲਬਾਤ ਵਿਚ, ਉਸਦੇ ਘਰ ਮਿਹਰ ਵੱਸਦੀ ਹੈ। ਉਸਦੀ ਮਿਹਰ ਇਹ ਹੈ ਕਿ ਜੇ ਕੋਈ ਗਲਤੀਆਂ ਕਰਕੇ ਡੁੱਬ ਬੀ ਜਾਵੇ ਤਾਂ ਉਸਦੀ ਬੀ ਓਹ ਸਾਰ ਲੈਂਦਾ ਹੈ[3]। ਉਹ ਸਦਾ ਥਿਰ ਹੈ। ਅਸੀਂ ਆਵਣੇ ਜਾਣੇ ਵਾਲੇ ਹਾਂ, ਭਾਵ ਅਸੀਂ ਮਿਤ ਵਿਚ ਹਾਂ ਤੈ ਕਾਲ ਵਿਚ ਹਾਂ, ਪਰ ਉਹ ਅਕਾਲ ਹੈ ਤੇ ਅਮਿੱਤ ਹੈ, ਸੋ ਸਦਾ ਥਿਰ ਹੈ। ਉਸਦਾ ਸੁਭਾਵ ਹੈ ਕਿ ਉਹ ਦਾਤਾਰ ਹੈ, ਭਾਵ ਬਖਸ਼ਿੰਦ ਹੈ। ਨਿਰਾ ਪੁੰਨੀਆਂ ਦਾ

1. ਦਾਗ ਦੋਸ ਮੁਹਿ ਚਲਿਆ ਲਾਇ॥ ਦਰਗਹਿ ਬੈਸਣ ਨਾਹੀ ਜਾਇ॥੩॥ (ਧਨਾ:ਮ:੧-੫-੬੬੨)।
2. ਖਸਮੁ ਵਿਸਾਰਿ ਕੀਏ ਰਸ ਭੋਗ॥ ਤਾ ਤਨਿ ਉਠਿ ਖਲੋਏ ਰੋਗ॥ (ਮਲਾ:ਮ:੧-੭)।
3. ਜੇ ਕੋ ਡੂਬੈ ਫਿਰਿ ਹੋਵੈ ਸਾਰ॥ (ਧਨਾ:ਮ:੧-੫)


www.sikhbookclub.com

ਦਾਤਾਰ ਨਹੀਂ ਸਰਬ ਦਾ ਦਾਤਾਰ ਹੈ[1]। ਸਰਬ ਦਾ ਦਾਤਾਰ ਹੋਣ ਕਰਕੇ ਪਤਿਤਾਂ ਦਾ ਬੀ ਦਾਤਾਰ ਹੈ।'

ਕੋਹੜੀ-ਹੇ ਅਗਮ ਨਿਗਮ ਦੇ ਮਹਿਰਮ ! ਹੇ ਡੁੱਬਿਆਂ ਨੂੰ ਫਿਰ ਜੀਉ ਉਠਣ ਦੀ ਮੰਗਲ ਮਯ ਖਬਰ ਦੇਣ ਵਾਲੇ ਦਾਤਾ ! ਹੇ ਮਰਿਆਂ ਨੂੰ ਜੀਵਨ ਬੁਸ਼ਾਰਤਾਂ ਦੇਣ ਵਾਲੇ ਅੱਲਾ ਦੇ ਸਵਾਰੇ ! ਰਹਿਮ ਕਰ ਤੇ ਮੈਨੂੰ ਦੱਸ ਕਿ ਮੈਂ ਉਸ ਸਦਾ ਬਖਸ਼ਿੰਦ ਦਾਤਾ ਜੀ ਤੋਂ ਆਪਣੇ ਦਿਲ-ਦਾਗ਼ਾਂ ਦੇ ਧੋਣ ਦਾ ਸਾਮਾਨ ਕੀਕੂੰ ਪਾਵਾਂ ? ਇਹ ਸਰੀਰ ਤਾਂ ਗਿਆ ਭੰਗ ਦੇ ਭਾੜੇ, ਉਹ ਮਿਹਰ ਕਰ ਕਿ ਜਿਸ ਨਾਲ ਦਿਲਾਂ ਦੇ ਦਾਗ ਧੋ ਲਵਾਂ ਤੇ ਅੱਗੇ ਤਾਂ ਕੰਚਨ ਵੰਨਾਂ ਹੋ ਕੇ ਜਾਵਾਂ, ਕਿਵੇਂ ਉਥੇ ਤਾਂ ਮੇਰੇ ਸ਼ਰੀਰ ਦਾ ਕੋਹੜ ਮੇਰ ਮਨ ਨਾਲ ਨਾ ਜਾਵੇ! (ਰੋ ਰੋ ਕੇ) ਹੇ ਦਾਤਾ ! ਮੇਰੇ ਹਾਲ ਤੇ ਤਰਸ ਕਰ ਕਿ ਮੈਂ ਹੁਣ ਬਾਕੀ ਦੇ ਦਿਨ ਇਸ ਮਨ ਧੋਣ ਵਾਲੇ ਕੰਮ ਤੇ ਲਾਵਾਂ।

ਇਹ ਦਿਲ ਦੀ ਅਰਦਾਸ ਸੁਣਕੇ ਸ੍ਰੀ ਸਤਿਗੁਰੂ ਜੀ ਇਕ ਬੜੀ ਗੰਭੀਰ ਸੁਰ ਵਿਚ ਬੋਲੇ:- ਭਾਈ ਇਹ ਗਲ ਕਿਸੇ ਦੇ ਵੱਸ ਦੀ ਨਹੀਂ। ਸੁਣ ਹੇ ਫਕੀਰ ! ਇਹ ਇਕ ਰਸਤਾ ਹੈ 'ਨਾਉਂ ਆਖਣਾ'। ਇਸੇ ਰਾਹੇ ਟੁਰੇਂਗਾ ਤਾਂ ਕਿਸੇ ਸਲਾਮਤੀ ਦੇ ਟਿਕਾਣੇ ਪੁੱਜੇਂਗਾ[2]। ਹੋਰ ਕੋਈ ਥਾਉਂ ਨਹੀਂ ਜਿੱਥੇ ਮਨ ਤੇ ਸਰੀਰ ਦੇ ਕੋਹੜੀ ਨੂੰ ਢੋਈ ਮਿਲੇ। ਹਾਂ ਮਨ ਤੇ ਸ਼ਰੀਰ ਦੇ ਕੋਹੜੀ ਲਈ ਇਹੋ ਇਕੋ ਥਾਂ ਹੈ-'ਨਾਉਂ ਆਖਣਾ'। ਹਾਂ, ਸਭਨਾਂ ਲਈ, ਨਰੋਇਆਂ ਲਈ, ਰੋਗੀਆਂ ਲਈ ਇਹੋ ਇੱਕ ਥਾਉਂ ਹੈ। ਆਖ ਜੋ ਤੇਰੇ ਅੰਦਰ ਲੱਗੇ ਦਾਗ ਧੋ ਹੋ ਜਾਣ। ਹਾਂ ਮੇਹਰ ਹੋਵੇ ਤਾਂ ਇਹ 'ਨਾਮ ਜਪਣਾ' ਪ੍ਰਾਪਤ ਹੋਵੇ। ਹਾਂ, ਉਸੇ ਦੀ ਮਿਹਰ ਹੁੰਦੀ ਹੈ ਤਾਂ ਨਾਮ ਪ੍ਰਾਪਤ ਹੁੰਦਾ ਹੈ। ਪਰ ਉਸਦੀ ਮਿਹਰ ਪ੍ਰਾਪਤੀ ਦਾ ਸਾਧਨ ਕੀ ਹੈ ਉਸਦਾ ਨਾਮ ਆਖਣਾ ਤੇ ਨਾਮ ਕੀਕੂੰ ਆਖੀਦਾ ਹੈ ? ਉਸਦੀ ਮਿਹਰ ਨਾਲ।

ਫਕੀਰ-ਸਾਂਈਂ ਵਾਲੇ ! ਨਾਮ ਆਖਣਾ ਕੀ ਹੁੰਦਾ ਹੈ ? ਤੇ ਮਿਹਰ ਉਤੇ ਮੈਂ ਕਿਵੇਂ ਜ਼ੋਰ ਲਾਵਾਂ ਕਿ ਮੈਨੂੰ ਮਿਲੇ ? ਦੱਸ ਕਿ ਮੈਂ ਡੁੱਬਾ ਕਿਸ ਨੂੰ ਲੱਗਕੇ ਤਰਾਂ, ਜੋ ਕੋਈ ਠੌਰ ਥਿੱਤਾ ਮੇਰਾ ਭੀ ਲੱਗੇ। ਕਰ ਮਿਹਰ ਹੇ ਮੇਹਰਾਂ ਵਾਲਿਆ !

ਗੁਰੂ ਜੀ-ਨਾਮ ਆਖਣਾ ਇਹ ਹੈ, ਸੁਣ-ਉਸ ਸੱਚੇ ਤੇ ਸਦਾ ਦਾਤਾਰ ਦਾ ਰੂਪ ਰੇਖ ਰੰਗ ਨਹੀਂ ਹੈ, ਤੇ ਕੋਈ ਕਹਿ ਨਹੀਂ ਸਕਦਾ ਕਿ ਓਹ ਕਿਵੇਂ ਹੈ। ਪਰ ਓਹ ਹੈ, ਸਦਾ ਹੈ, ਸਦਾ ਥਿਰ ਹੈ, ਇਹ ਸੱਚ ਹੈ। ਉਹ ਅੰਤਰਯਾਮੀ ਹੈ, ਗਜਾਨ ਸਰੂਪ ਹੈ, ਉਸਤੋਂ ਕੁਝ ਉਹਲੇ ਨਹੀਂ। ਉਸਦਾ ਗੁਣ ਯਾ ਸੁਭਾਵ ਪਿਆਰ ਹੈ, ਉਹ ਸਾਰਾ ਆਪ 'ਪ੍ਰੇਮ' ਹੈ, ਬਸ ਇਹ ਜਾਣ ਲੈ। ਇਹ ਬੀ ਨਾਲੇ ਸਮਝ ਲੈ ਕਿ ਮਿਹਰ (ਬਖਸ਼ਿਸ਼) ਪਿਆਰ ਦਾ ਇਕ ਅੰਗ ਹੈ। ਪਿਆਰ ਸਰੂਪ ਹੋਣਾ, ਪਿਆਰ ਕਰਨ ਤੇ ਕਰਾਉਣ ਵਾਲਾ ਹੋਣਾ, ਆਨੰਦ ਸਰੂਪ ਹੋਣਾ ਹੈ। ਸੋ ਤੂੰ ਸਮਝ ਲੈ ਕਿ ਜੋ ਸਦਾ ਹੈ ਤੇ ਸਦਾ ਦਾਤਾਰ ਹੈ, ਓਹ ਮੇਰਾ ਹੈ, ਤੇ ਮੈਂ ਉਸਨੂੰ ਕਿਉਂ ਵਿਸਾਰਾਂ, ਸਦਾ ਯਾਦ ਰੱਖਾਂ। ਸਦਾ ਇਹ ਭਾਵ ਅੰਦਰ ਭਰੀ ਰੱਖਾਂ ਕਿ ਉਹ ਹੈ, ਉਹ ਦਾਤਾਰ ਹੈ, ਮੇਰਾ ਹੈ, ਮੇਰੇ ਤੇ ਦਾਤਾਰ ਹੈ, ਮੈਂ ਹੁਣ ਉਸਤੋਂ ਜੁਦਾ ਨਹੀਂ ਹੋਣਾ[3]। ਜੁਦਾ ਨਾ ਹੋਣਾ ਯਾ ਮਿਲੇ ਰਹਿਣਾ ਕਿਵੇਂ ਹੈ ? ਉਸਨੂੰ ਸਦਾ ਯਾਦ ਰੱਖਕੇ[4]। ਪਰ ਸੱਜਣਾ ਇਸ ਭਾਵ ਵਿਚ ਸਦਾ ਰਹਿਣਾ ਕਠਨ ਹੈ। ਇਸ ਕਰਕੇ ਜਿਵੇਂ ਸਾਡੇ ਚਲੇ ਜਾਣ ਬਾਦ ਤੂੰ ਸਾਡੇ ਪਿਆਰ ਨੂੰ ਨਾਮ ਨਾਲ ਜੋੜਕੇ ਯਾਦ ਰਖੇਂਗਾ ਤਿਵੇਂ ਉਸ ਰੱਬ ਦੇ ਨਾਮ ਨਾਲ ਉਸਦੇ ਪਿਆਰ ਭਾਵ ਨੂੰ ਅੰਦਰ ਵਸਾਈਦਾ ਹੈ ਤੇ ਨਾਮ ਆਰਾਧਣ ਨਾਲ ਉਹ ਅੰਦਰ ਪ੍ਰਗਟਦਾ ਹੈ। ਭੁੱਲ ਸਾਡਾ ਸੁਭਾਵ ਹੈ, ਕਰਮ ਸਾਡੇ ਸ਼ਰੀਰਕ ਸੁਖਾਂ ਵਾਸਤੇ ਹੀ ਅਕਸਰ ਹੁੰਦੇ ਹਨ ਮਾਨੋਂ ਅਸੀਂ ਸਰੀਰ ਵਿਚ ਸਰੀਰ

---

1· ਨਾਨਕ ਸਾਚਾ ਸਰਬ ਦਾਤਾਰ॥ (ਧਨਾ: ਮ:੧-੫-੬੬੨)

2 ਕਰਮਿ ਮਿਲੇ ਆਖਣੁ ਤੇਰਾ ਨਾਉ॥ ਜਿਤ ਲਗਿ ਤਰਣਾ ਹੋਰੁ ਨਾਹੀ ਥਾਉ॥ (ਧਨਾ: ਮ:੧-੫-੬੬੨)

3· ਗੁਰਾ ਇਕ ਦੇਹਿ ਬੁਝਾਈ॥ ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ॥ (ਜਪੁਜੀ)

4· ਜਿਨ੍ਾ ਨ ਵਿਸਰੈ ਨਾਮੁ ਸੇ ਕਿਨੇਹਿਆ॥ ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ॥ (ਆਸਾ ਮ: ੫-੧੦੮)

ਹੋ ਰਹੇ ਹਾਂ। ਤਾਂਤੇ ਦਾਤੇ ਦੀ ਯਾਦ ਜੇ ਅੰਦਰ ਮਨ ਵਿਚ ਟਿਕਾਉਣੀ ਹੋਵੇ ਤਾਂ ਸਰੀਰ ਤੋਂ ਸਾਧਨ ਆਰੰਭ ਕਰੀਦਾ ਹੈ। ਅਰਥਾਤ ਸ਼ਰੀਰ ਦੇ ਅੰਗ ਜੀਭ ਨਾਲ ਉਸਦਾ ਨਾਮ ਜਪੀਦਾ ਹੈ। ਨਾਮ ਜਪਦੇ ਰਹਿਣ ਨਾਲ ਖਿਆਲ ਨੂੰ ਉਸ ਪਾਸੇ ਵਲ ਝੁਕਾਉ ਤੇ ਪ੍ਰੇਰਨਾ ਹੁੰਦੀ ਰਹਿੰਦੀ ਹੈ ਤੇ ਇਹ ਝੁਕਾਉ ਉਸਦੀ ਯਾਦ ਹੋ ਕੇ ਅੰਦਰ ਵਸਦਾ ਜਾਂਦਾ ਹੈ, ਸੋ ਨਾਮ ਦਾ ਆਖਣਾ ਕੀ ਹੋਇਆ ? ੧. ਉਸ ਦਾ ਰਸਨਾ ਤੇ ਬਿਠਾਉਣਾ, ੨. ਉਸਦਾ ਖਯਾਲ ਮਨ ਵਿਚ ਵਸਾਉਣਾ, ੩. ਉਸਦੀ ਹੋਂਦ ਤੇ ਪਿਆਰ ਨੂੰ ਯਾਦ ਵਿਚ-ਸਿਮ੍ਰਤੀ ਵਿਚ ਵਸਾਉਣਾ। ਐਉਂ ਘਾਲ ਕਰਦਿਆਂ ਜਦ ਓਹ ਦਾਤਾ ਸਦਾ ਦਿਨ ਰਾਤ ਅੰਦਰ ਵਸ ਜਾਂਦਾ ਹੈ, ਤਦ ਸਾਰੇ ਮਨ ਦੇ ਦਾਗ਼ ਦੂਰ ਹੋ ਜਾਂਦੇ ਹਨ ਤੇ ਹੰਸ, ਜੋ ਅੰਦਰ ਹੈ, ਨਿਰਮਲ ਤੇ ਉੱਜਲ[1] ਹੋ ਜਾਂਦਾ ਹੈ।

ਮਰਦਾਨਾ ਜੋ ਲਾਗੇ ਬੈਠਾ ਸੀ ਕਹਿਣ ਲੱਗਾ :-ਹੇ ਫਕੀਰ ! ਦਾਤਾ ਜੀ ਦੇ ਵਾਕਾਂ ਨੂੰ ਇਕ ਤੁਕ ਵਿਚ ਯਾਦ ਕਰਕੇ ਪੱਲੇ ਬੰਨ੍ਹ ਲੈ। ਸੁਣ:-

*ਗੁਰਾ ਇਕ ਦੇਹਿ ਬੁਝਾਈ॥ ਸਭਨਾ ਜੀਆ ਕਾ ਇਕੁ ਦਾਤਾ*
*ਸੋ ਮੈ ਵਿਸਰਿ ਨ ਜਾਈ॥੫॥* (ਜਪੁਜੀ)

ਇਹ ਸਾਰ ਹਈ ਆਪ ਜੀ ਦੇ ਸਾਰੇ ਕਹੇ ਵਾਕਾਂ ਦਾ ਤੇਰੇ ਚੇਤੇ ਰੱਖਣ ਲਈ। ਹਾਂ, ਯਾਦ ਰੱਖੀਂ ਕਿ ਮੈਨੂੰ ਗੁਰੂ ਨਾਨਕ ਮਿਲਿਆ ਸੀ ਤੇ ਉਹ ਇਕ ਦਾਤ ਬਖਸ਼ ਗਿਆ ਸੀ, ਤੇ ਹੁਕਮ ਕਰ ਗਿਆ ਸੀ ਕਿ 'ਸਭਨਾ ਜੀਆ ਕਾ ਇਕੁ ਦਾਤਾ' ਹੈ ਉਹ ਮੈਨੂੰ ਨਾ ਕਦੇ ਵਿਸਰੇ, ਓਹ ਮੈਨੂੰ ਸਦਾ ਯਾਦ ਰਹੇ।

ਜਾਂ ਫਕੀਰ ਨੇ ਸੁਣਿਆ ਕਿ ਇਹ ਗੁਰੂ ਨਾਨਕ[2] ਹੈ ਜੋ ਮੇਰੇ ਦੁਆਰੇ ਆਇਆ ਹੈ, ਤਾਂ ਇੱਡੇ ਸ਼ੁਕਰ ਤੇ ਪ੍ਰੇਮ ਦੇ ਘਰ ਵਿਚ ਆਇਆ ਕਿ 'ਵਾਹ ਗੁਰ ਨਾਨਕ' 'ਵਾਹ ਗੁਰ ਨਾਨਕ' ਕਰਦਾ ਇਕ ਪ੍ਰੇਮ ਦੇ ਸਰੂਰ ਤੇ ਮਦਹੋਸ਼ੀ ਵਿਚ ਆ ਗਿਆ। ਉਸਦਾ ਅੰਦਰਲਾ ਪ੍ਰੇਮ ਨਾਲ ਉਛਲਿਆ ਤੇ ਵੈਰਾਗ ਨਾਲ ਧੋਤੇ ਮਨ ਵਿਚ ਹੁਣ ਇਹ ਗਿਆਨ ਹੋ ਗਿਆ ਕਿ ਜਗਤ ਗੁਰੂ ਨਾਨਕ, ਮੇਰੇ ਤੇ ਤੁੱਠ ਰਿਹਾ ਹੈ ਤੇ ਇਹ ਪ੍ਰੇਮ ਅੰਦਰ ਆ ਧਸਿਆ ਕਿ ਇਹ ਮੇਰਾ ਹੈ ਗੁਰੂ ਨਾਨਕ, ਮੇਰਾ ਆਪਣਾ ਗੁਰੂ ਨਾਨਕ। ਇਸ ਵੇਲੇ ਨੈਣ ਚਾਕੇ ਤੇ ਪ੍ਰੇਮ ਨਾਲ ਭਰੇ ਨੈਣ ਖੁਹਲਕੇ ਉਸ ਨੇ ਗੁਰੂ ਨਾਨਕ ਦਾ ਦਰਸ਼ਨ ਕੀਤਾ ਤੇ ਗੁਰੂ ਨਾਨਕ ਨੇ ਅਪਣੀ ਮਿਹਰ ਦੀ ਨਦਰ ਪਾਈ, ਕੋਹੜੀ ਦਾ ਕੁਸ਼ਟ ਦੂਰ ਹੋਇਆ[3]।

ਸੋ ਭਾਈ, ਵੀਚਾਰ ਕਰੋ ਕੋਹੜੀ ਨੂੰ ਗੁਰੂ ਦਾ ਦਰਸ਼ਨ ਹੋਇਆ, ਫਿਰ ਗੁਰੂ ਮਿਹਰਬਾਨ ਹੋਇਆ, ਉਸਨੇ ਉਸਦੇ ਕਰਮਾਂ ਤੇ ਕਰਮਾਂ ਦੇ ਫਲ ਦੀ ਸੋਝੀ ਦਿੱਤੀ, ਜਿਸ ਨਾਲ ਉਸ ਨੂੰ ਭੈ ਪਿਆ ਤੇ ਭੈ ਨਾਲ ਵੈਰਾਗ ਹੋ ਕੇ ਮਨ ਤੋਂ ਭੁੱਲ ਦੀ ਮੈਲ ਲੱਥੀ। ਫਿਹ ਗੁਰੂ ਜੀ ਨੇ ਵਾਹਿਗੁਰੂ ਦੀ ਹੋਂਦ ਤੇ ਉਸਦੀ ਬਖਸ਼ਿਸ਼ ਦੀ ਸੋਝੀ ਬਖਸ਼ੀ, ਫੇਰ ਨਾਮ ਦੀ ਮਹਿਮਾਂ ਤੇ ਗਿਆਨ ਦਾਨ ਦਿਤਾ ਤੇ ਦੱਸਿਆ ਕਿ ਸਾਂਈਂ ਸਦਾ ਸੁਖੀ ਹੈ, ਸਦਾ ਸੁਖੀ ਨਾਲ ਸਦਾ ਲਗੇ ਰਹਿਣਾ ਸਦਾ ਸੁਖੀ ਕਰ ਦੇਵੇਗਾ। ਐਉਂ ਫੇਰ ਨਾਮ ਆਪ ਦਾਨ ਕੀਤਾ। ਐਉਂ ਮੇਹਰਬਾਨ ਗੁਰੂ ਨੇ ਉਸਦਾ ਕੋਹੜ ਭੀ ਦੂਰ ਕੀਤਾ। ਮਤਲਬ ਇਹ ਹੈ ਕਿ ਕੋਹੜ ਤਾਂ ਰਾਜ਼ੀ ਕੀਤਾ ਪਰ ਕੋਹੜ ਰਾਜ਼ੀ ਕਰਕੇ ਟੁਰ ਨਹੀਂ ਗਏ ਕਿ ਮੈਂ ਪਰਉਪਕਾਰ ਤੇ ਨੇਕੀ ਕਰ ਦਿੱਤੀ ਹੈ, ਬੱਸ। ਨਹੀਂ, ਗੁਰੂ, ਸੱਚੇ ਆਤਮ ਸਰੂਪ ਜਗਤ ਗੁਰੂ ਨੇ ਉਸਦੀ ਅਗਿਆਨ ਦੀ ਨਿੰਦ੍ਰਾ ਖੋਹਲ ਦਿੱਤੀ, ਉਸਨੂੰ ਉਸਦੇ ਖੋਟੇ ਕਰਮਾਂ ਦੀ ਸਾਰ ਦੇ ਕੇ ਪਸਚਾਤਾਪ ਤੇ ਵੈਰਾਗ ਨਾਲ ਧੋ ਲਿਆ ਤੇ ਸੋਝੀ ਦੇ ਕੇ ਨਾਮ ਦਾਨ ਦਿੱਤਾ। ਇਸਦੇ ਅੰਦਰਲੇ ਨੂੰ ਸ਼ੁਭ ਮਾਰਗ ਤੇ ਪਾ ਦਿੱਤਾ, ਉਸਨੂੰ ਉਸ ਰਾਹੇ ਪਾ ਦਿੱਤਾ ਕਿ ਜਿਸ ਤੋਂ ਉਸ ਨੂੰ

---

1· ਕੰਚਨ ਕਾਇਆ ਨਿਰਮਲ ਹੰਸੁ॥ (ਮਲਾਰ ਮ: ੧-੭)

2· ਫਕੀਰ ਨੇ ਨਾਉਂ ਤਾਂ ਸੁਣਿਆ ਹੋਇਆ ਸੀ ਚਿਰੋਕਾ, ਪਰ ਦੀਦਾਰੇ ਅੱਜ ਹੋਏ ਸਨ।

3· ਕਲਿਪਤਰੁ ਰੋਗ ਬਿਦਾਰੁ॥ (ਸਵ: ਮ: ੨ ਕੇ-੩) ਪੁਨਾ:-ਪ੍ਰਥਮੇ ਮਿਟਿਆ ਤਨ ਕਾ ਦੂਖ॥ ਮਨ ਸਗਲ ਕਉ ਹੋਆ ਸੁਖੁ॥ (ਆਸਾ ਮ: ੫-੧੦੦)


www.sikhbookclub.com

ਦਿੱਸ ਪਿਆ ਕਿ ਹੁਣ ਮੇਰਾ ਕਰਤੱਵ ਕੀ ਹੈ। ਗੁਰੂ ਜੀ ਨੇ ਉਸ ਨੂੰ ਰਾਜ਼ੀ ਹੋਣ ਦਾ ਲੋਭ ਵੀ ਨਹੀਂ ਦਿੱਤਾ। ਸਾਰਾ ਸ਼ਬਦ ਦੱਸਦਾ ਹੈ ਕਿ ਪਰਮਾਰਥ ਦੇ ਰਸਤੇ ਪਾ ਕੇ ਉਸਦੀ ਨੀਂਦ ਖੁਹਲ ਕੇ ਗੁਰੂ ਜੀ ਨੇ ਉਸਨੂੰ 'ਹੁਣ ਤੂੰ ਕੀ ਕਰਨਾ ਹੈ' ਇਹ ਸਿਖਾਇਆ। ਰਾਹੇ ਪਾਕੇ, ਨੈਣ ਖੁਹਲੇਕੇ, ਕੰਮ ਦੱਸਕੇ ਤੇ ਸਿਖਾਲਕੇ ਕੋਹੜ ਬੀ ਰਾਜ਼ੀ ਕਰ ਦਿੱਤਾ ਹੈ। ਲਿਖਿਆ ਹੈ ਕਿ ਪਹਿਲੀ ਮਿਹਰਵਾਨਗੀ ਗੁਰੂ ਦੀ ਇਸ ਸ਼ਬਦ ਦਾ ਉਚਾਰ ਹੋਇਆ ਸੀ, ਅਰਥਾਤ ਏਹ ਉਪਦੇਸ਼ ਹੋਇਆ। ਫਿਰ ਲਿਖਿਆ ਹੈ:-ਤਬ ਦਰਸ਼ਨ ਕਾ ਸਦਕਾ ਕੋਹੜ ਦੂਰਿ ਹੋਇ ਗਇਆ, ਦੇਹੀ ਹੱਛੀ ਹੋਈ, ਆਇ ਪੈਰੀ ਪਇਆ, ਨਾਉ ਧਰੀਕ ਹੋਆ, ਗੁਰੂ ਗੁਰੂ ਲੱਗਾ ਜਪਣ[1]। ਸ੍ਰੀ ਗੁਰੂ ਨਾਨਕ ਪ੍ਰਕਾਸ਼ ਵਿਚ ਲਿਖਿਆ ਹੈ ਕਿ ਉਸਦੀ ਦੇਹ ਅਰੋਗ ਹੋ ਗਈ, ਮਨ ਦੇ ਰੋਗ ਨਾਲ ਬਿਨਸ ਗਏ, ਬੁੱਧੀ ਨਿਰਮਲ ਹੋ ਗਈ, ਮਨ ਦੀ ਮੈਲ ਕੱਟੀ ਗਈ[2]।

ਹੁਣ ਭਾਈ ਸੰਤੋ ! ਤੁਸੀਂ ਆਪ ਵਿਚਾਰ ਕਰ ਲਵੋ ਕਿ ਗੁਰਮਤ ਕੀ ਹੈ ? ਤੇ ਸਾਡਾ ਗੁਰੂ-ਅਰਸ਼ੀ ਪਰਉਪਕਾਰੀ-ਕਿਵੇਂ ਤਾਰਦਾ ਸੀ।

ਪ੍ਰੇਮ ਸਿੰਘ-ਆਪ ਦਾ ਉਪਕਾਰ ਕਿਸ ਜੁਗ ਲਾਹੀਏ। ਆਪ ਨੇ ਗੁਰੂ ਘਰ ਵਿਚ ਦੀ ਸਾਖੀ ਭੀ ਦੱਸੀ ਹੈ ਤੇ ਗੁਰਮਤ ਦੀ ਸੋਝੀ ਭੀ ਦਿੱਤੀ ਹੈ। ਪਰ ਅਸੀਂ ਅੰਗ੍ਰੇਜ਼ੀਆਂ ਪੜ੍ਹ ਬੜੇ ਵਿਗੜ ਜਾਂਦੇ ਹਾਂ, ਹਰ ਗਲ ਵਿਚ "ਕਿੰਤੂ" ਫੁਰਨ ਦੀ ਬਿਰਤੀ ਸਾਡੀ ਵਧ ਜਾਂਦੀ ਹੈ ਤੇ ਓਟ ਕਿਤੇ ਟਿਕਣ ਨਹੀਂ ਦੇਂਦੀ। ਆਪ ਦੇ ਇਡੇ ਉਪਕਾਰ ਦੇ ਸਾਹਮਣੇ ਜੀ ਕਰਦਾ ਹੈ ਪੁੱਛਣ ਨੂੰ ਕਿ ਜੋ ਗੁਫਤਗੂ ਤੁਸਾਂ ਜੀ ਨੇ ਗੁਰੂ ਸਾਹਿਬ ਦੀ ਕੋਹੜੀ ਨਾਲ ਸੁਣਾਈ ਹੈ ਉਹ ਤੁਸਾਂ ਕਿਵੇਂ ਸਹੀ ਕੀਤੀ ਹੈ।

ਸੰਤ-ਜੋ ਕੁਛ ਇਤਿਹਾਸਾਂ ਵਿਚ ਲਿਖਿਆ ਹੈ ਇਕ ਤਾਂ ਮੈਂ ਉਹ ਸੁਣਾਇਆ ਹੈ, ਦੂਸਰੇ ਮੈਂ ਸਤਿਗੁਰੂ ਨਾਨਕ ਦੇਵ ਜੀ ਦੀ ਅਪਣੀ ਉਚਾਰੀ ਬਾਣੀ ਸੁਣਾਈ ਹੈ। ਜੋ ਗੁਫਤਗੂ ਮੈਂ ਦੱਸੀ ਹੈ ਸੋ ਖੁੱਲ੍ਹੀ ਟੀਕਾ ਹੈ ਉਸ ਸ਼ਬਦ ਦੀ ਜੋ ਇਸ ਪਰਿਥਾਇ ਗੁਰੂ ਜੀ ਨੇ ਉਚਾਰਿਆ ਸੀ ਤੇ ਇਹ ਸਾਰੀ ਗੁਰਮਤ ਇਸੇ ਸ਼ਬਦ ਵਿੱਚ ਹੈ। ਸ੍ਰੀ ਗੁਰੂ ਜੀ ਲੋਕਾਂ ਨਾਲ ਗਲਾਂ ਤਾਂ ਗਲ ਬਾਤ ਵਾਂਙੂ ਹੀ ਕਰਦੇ ਸਨ, ਮਗਰੋਂ ਜੋ ਉਸ ਗਲ ਬਾਤ ਦਾ ਤੱਤ ਸਾਰ ਹੁੰਦਾ ਸੀ ਸੋ ਸਭਨਾਂ ਦੇ ਉਧਾਰ ਦਾ ਕਾਰਨ ਬਣਨ ਲਈ ਸਰਬ ਕਾਲੀ ਸੱਚ ਦੀ ਸੂਰਤ ਵਿਚ ਸ਼ਬਦ ਵਿਚ ਰਚ ਦੇਂਦੇ ਸਨ। ਕਦੇ ਧੁਰੋਂ ਕੋਈ ਅਮਰੀਂ ਰੌ ਆਉਂਦੀ ਸੀ ਤੇ ਸ਼ਬਦ ਉਚਾਰਦੇ ਸੀ। ਕਦੇ ਕਿਸੇ ਪਰਿਥਾਇ ਤਤਕਾਲ ਸ੍ਰੀ ਗੁਰੂ ਜੀ ਸ਼ਬਦ ਉਚਾਰਦੇ ਸਨ ਤੇ ਮਰਦਾਨੇ ਨੂੰ ਗਾਉਣ ਦਾ ਹੁਕਮ ਹੁੰਦਾ ਸੀ, ਜੋ ਉਸ ਸ਼ਬਦ ਵਿਚ ਮਹਾਰਾਜ ਕਥਨ ਕਰਦੇ ਸਨ ਉਹ ਉਸ ਵੇਲੇ ਦਾ ਉਪਦੇਸ਼ ਹੁੰਦਾ ਸੀ, ਪਰ ਉਹ ਸਰਬ ਕਾਲ ਦੇ ਭਲੇ ਦਾ ਬੀ ਹੁੰਦਾ ਸੀ। ਸੋ ਸ੍ਰੀ ਮੁਖ ਤੋਂ ਉਚਾਰੇ ਗਏ ਸ਼ਬਦ ਦਾ ਖੁੱਲ੍ਹਾ ਅਭਿਪ੍ਰਾਇ; ਮੈਂ ਗੁਫਤਗੂ ਵਿਚ ਆਪ ਨੂੰ ਸੁਣਾਇਆ ਹੈ ਕਿ ਸੌਖਾ ਸਮਝ ਪੈ ਜਾਵੇ। ਹੁਣ ਸ਼ਬਦ ਤੇ ਸ਼ਬਦ ਦਾ ਸਾਰਾ ਭਾਵ ਤੁਕ ਵਾਰ ਸੁਣ ਲਓ। ਪਾਠ ਇਹ ਹੈ-

*ਧਨਾਸਰੀ ਮਹਲਾ ੧॥*

*ਜੀਉ ਤਪਤੁ ਹੈ ਬਾਰੋ ਬਾਰ॥ ਤਪਿ ਤਪਿ ਖਪੈ ਬਹੁਤੁ ਬੇਕਾਰ॥ ਜੈ ਤਨਿ ਬਾਣੀ ਵਿਸਰਿ ਜਾਇ॥ ਜਿਉ ਪਕਾ ਰੋਗੀ ਵਿਲਲਾਇ॥੧॥ ਬਹੁਤਾ ਬੋਲਣੁ ਝਖਣੁ ਹੋਇ॥ ਵਿਣੁ ਬੋਲੇ ਜਾਣੈ ਸਭੁ ਸੋਇ॥੧॥ਰਹਾਉ॥ ਜਿਨਿ ਕਨ ਕੀਤੇ ਅਖੀ ਨਾਕੁ॥ ਜਿਨਿ ਜਿਹਵਾ ਦਿਤੀ ਬੋਲੇ ਤਾਤੁ॥ ਜਿਨਿ ਮਨੁ ਰਾਖਿਆ ਅਗਨੀ ਪਾਇ॥ ਵਾਜੈ ਪਵਣੁ ਆਖੈ ਸਭ ਜਾਇ॥੨॥ ਜੇਤਾ ਮੋਹੁ ਪਰੀਤਿ ਸੁਆਦ॥ ਸਭਾ ਕਾਲਖ ਦਾਗਾ ਦਾਗ॥ ਦਾਗ ਦੋਸ ਮੁਹਿ ਚਲਿਆ ਲਾਇ॥ ਦਰਗਹ ਬੈਸਣ ਨਾਹੀ*

---

1· ਪੁਰਾਤਨ ਜਨਮ ਸਾਖੀ।

2· ਨਿਰਮਲ ਭਈ ਮਨੀਖਾ ਤਬਹੀ॥ ਮਨ ਮਲੀਨਤਾ ਨਾਸੀ ਸਭਿ ਹੀ॥ (ਗੁ: ਨਾ: ਪ੍ਰ:)

**ਜਾਇ॥੩॥ ਕਰਮਿ ਮਿਲੈ ਆਖਣੁ ਤੇਰਾ ਨਾਉ॥ ਜਿਤੁ ਲਗਿ ਤਰਣਾ ਹੋਰੁ ਨਹੀ ਥਾਉ॥ ਜੇ ਕੋ ਡੂਬੈ ਫਿਰਿ ਹੋਵੈ ਸਾਰ॥ ਨਾਨਕ ਸਾਚਾ ਸਰਬ ਦਾਤਾਰ॥੪॥੩॥੫॥੬੬੧-੬੬੨**

ਇਸ ਸ਼ਬਦ ਦਾ ਜੇ ਟੀਕਾ ਮਾਤ੍ਰ ਹੀ ਕਰੀਏ ਤਾਂ ਤੁਸੀਂ ਸਾਫ ਸਮਝ ਲਵੋਗੇ ਕਿ ਇਸ ਵਿਚ 'ਪੱਕਾ ਰੋਗੀ' ਤੇ ਉਸਦੇ ਵਿਰਲਾਪ, ਤਪਣ, ਖਪਣ ਤੇ ਬਹੁਤਾ ਬੋਲਣ ਦਾ ਜ਼ਿਕਰ ਹੈ। ਪੱਕਾ ਰੋਗ 'ਕੋਹੜ' ਦਾ ਨਾਮ ਹੈ। ਫਿਰ ਪਰਮੇਸ਼ੁਰ ਦੇ ਬਿਨ ਬੋਲੇ ਜਾਣਨ ਦੀ ਸ਼ਕਤੀ ਇਸ ਸ਼ਬਦ ਵਿਚ ਦੱਸੀ ਹੈ, ਜੀਵ ਨੂੰ ਆਪਣੇ ਰਚੇ ਜਾਣ ਤੇ ਦਾਤਾਂ ਦੇਣ ਵਾਲੇ ਦਾਤਾਰ ਵਲੋਂ ਭੁੱਲ ਪੈ ਜਾਣ ਦਾ ਇਸ ਵਿਚ ਜ਼ਿਕਰ ਹੈ ਤੇ ਭੁੱਲਕੇ ਮੋਹ ਪ੍ਰੀਤਾਂ ਸੁਆਦਾਂ ਵਿਚ ਪੈ ਕੇ ਦੋਸ਼ ਕਮਾਉਣ ਤੇ ਉਨ੍ਹਾਂ ਦੇ ਦਾਗਾਂ ਦੀ ਤੇ ਦਾਗਾਂ ਦੇ ਫਲ ਦੀ ਵਿਆਖਿਆ ਹੈ। ਫੇਰ ਡੁੱਬਿਆਂ ਦੀ ਬੀ ਸਾਂਈਂ ਸਾਰ ਲੈਂਦਾ ਹੈ ਤੇ ਉਹ ਦਾਤਾਰ ਮਿਹਰ ਕਰਦਾ ਹੈ, ਇਹ ਗਲ ਬੀ ਦੱਸੀ ਹੈ। ਤੇ ਉਹ ਮਿਹਰ ਨਾਮ ਦੀ ਬਖਸ਼ਿਸ਼ ਹੈ, ਨਾਮ ਦਾਗ ਧੋਂਦਾ ਹੈ। ਡੁੱਬੇ ਤਾਰਦਾ ਹੈ, ਇਹ ਸੱਚ ਬੀ ਦਰਸਾਇਆ ਹੈ। ਹੁਣ ਇਹ ਸ਼ਬਦ ਉਸ ਪਰਿਥਾਇ ਹੋਇਆ ਪੁਰਾਤਨ ਜਨਮਸਾਖੀ ਵਿਚ ਲਿਖਿਆ ਹੈ। ਇਸ ਵਿਚ ਗਲ ਬਾਤ ਬੀ ਹੈ ਤੇ ਤੱਤਸਾਰ ਬੀ ਹੈ, ਤੇ ਜੋ ਸਰਬ ਕਾਲੀ ਮੇਰੇ ਤੁਸਾਂ ਦੇ ਤੇ ਹਰੇਕ ਤੇ ਘਟਣ ਵਾਲਾ ਉਪਦੇਸ਼ ਹੈ, ਸੋ ਬੀ ਇਸ ਵਿਚ ਹੈ। ਸੋ ਇਤਿਹਾਸ ਤੇ ਗੁਰਬਾਣੀ ਦਾ ਭਾਵ ਮੈਂ ਦਰਸਾਇਆ ਹੈ, ਜਿੱਥੇ ਭੁੱਲ ਹੋਵੇ ਦੱਸਣਾ, ਦੇਹ ਧਾਰੀ ਸਭ ਭੁੱਲਣਹਾਰ ਹੈ।

ਭਗਤ ਸਿੰਘ-ਇਹ ਸੰਸਾ ਐਵੇਂ ਜੀਉ ਸਾਡੀ ਕਮਜ਼ੋਰੀ ਦਾ ਸੂਚਕ ਹੈ। ਆਪ ਨੇ ਗੁਰਮਤਿ ਵਿਚੋਂ ਸਾਨੂੰ ਉਹ ਇਕ ਅਟੱਲ ਅਸੂਲ ਦਰਸਾਇਆ ਹੈ ਕਿ ਸਾਡੇ ਨੈਣ ਖੁੱਲ੍ਹ ਗਏ ਹਨ। ਧੰਨ ਗੁਰੂ ਨਾਨਕ ਹੈ, ਜਿਨ੍ਹੇ ਜਗਤ ਇਸ ਸੁਹਣੇ ਤ੍ਰੀਕੇ ਨਾਲ ਤਾਰਿਆ ਤੇ ਜੇ ਕਿਸੇ ਦਾ ਦੁੱਖ ਦੂਰ ਕੀਤਾ ਤਾਂ ਉਸ ਦੇ ਮਨ ਨੂੰ ਪਲਟਾ ਦੇ ਕੇ; ਜੋ ਮੁੜ ਪਾਪਾਂ ਵਿਚ ਨਾ ਜਾਵੇ ਤੇ ਪੁੰਨੀ ਹੋ ਜਾਵੇ, ਨਾਮ ਦੇ ਲੜ ਲਾ ਦਿੱਤਾ।

ਸੰਤ-ਜਗਤ ਦੁਖੀ ਹੈ, ਗੁਰੂ ਨੇ ਬੀ ਦੁਖੀ ਡਿੱਠਾ ਸੀ ਤੇ ਦਾਰੂ ਬੀ ਦੱਸਿਆ ਸੀ ਏਹੋ ਨਾਮ:-

*'ਨਾਨਕ ਦੁਖੀਆ ਸਭ ਸੰਸਾਰੁ॥'*

*'ਮੰਨੈ ਨਾਉ ਸੋਈ ਜਿਣਿ ਜਾਇ॥ ਅਉਰੀਕਰਮ ਨ ਲੇਖੈ ਲਾਇ॥'* (ਰਾਮ: ਵਾਰ-੧੪-੯੫੪

ਫੇਰ ਦੇਖੋ ਇਹ ਜੋ ਅਸੂਲ ਉਪਰ ਕਥੇ ਪ੍ਰਸੰਗ ਤੇ ਗੁਰਵਾਕ ਤੋਂ ਸਮਝੇ ਪੈਂਦਾ ਹੈ ਉਹੋ ਅਸੂਲ ਪੰਜਵੇਂ ਜਾਮੇ ਸਾਡੀ ਮੰਦੀ ਬੁੱਧਿ ਲਈ ਹੋਰ ਸੌਖਾ ਕਰਕੇ ਸਾਫ ਦੱਸਿਆ ਹੈ :-

*ਕਵਨੁ ਕਵਨੁ ਨਹੀ ਪਤਰਿਆ ਤੁਮ੍ਰੀ ਪਰਤੀਤਿ॥ ਮਹਾਂ ਮੋਹਨੀ ਮੋਹਿਆ ਨਰਕ ਕੀ ਰੀਤਿ॥੧॥ ਮਨ ਖੁਟਹਰ ਤੇਰਾ ਨਹੀ ਬਿਸਾਸੁ ਤੂ ਮਹਾ ਉਦਮਾਦਾ॥ ਖਰ ਕਾ ਪੈਖਰੁ ਤਉ ਛੁਟੈ ਜਉ ਊਪਰਿ ਲਾਦਾ॥੧॥ਰਹਾਉ॥ ਜਪ ਤਪ ਸੰਜਮ ਤੁਮ੍ ਖੰਡੇ ਜਮ ਕੇ ਦੁਖ ਡਾਂਡ॥ ਸਿਮਰਹਿ ਨਾਹੀ ਜੋਨਿ ਦੁਖ ਨਿਰਲਜੇ ਭਾਂਡ॥੨॥ ਹਰਿ ਸੰਗਿ ਸਹਾਈ ਮਹਾ ਮੀਤੁ ਤਿਸੁ ਸਿਉ ਤੇਰਾ ਭੇਦੁ॥ ਬੀਧਾ ਪੰਚ ਬਟਵਾਰਈ ਉਪਜਿਓ ਮਹਾ ਖੇਦੁ॥੩॥ ਨਾਨਕ ਤਿਨ ਸੰਤਨ ਸਰਣਾਗਤੀ ਜਿਨ ਮਨੁ ਵਸਿ ਕੀਨਾ॥ ਤਨੁ ਧਨੁ ਸਰਬਸੁ ਆਪਣਾ ਪ੍ਰਭਿ ਜਨ ਕਉ ਦੀਨਾ॥੪॥ ੨੮॥੫੮-੮੧੫* (ਬਿਲਾ:ਮ:੫)

ਇਸ ਵਿਚ ਕਿਸ ਤਰ੍ਹਾਂ ਸਾਫ ਸਾਫ ਪਏ ਦੱਸਦੇ ਹਨ ਕਿ ਹੇ ਮਨ ਤੂੰ ਕਿਸ ਕਿਸ ਨੂੰ ਨਹੀਂ ਡੰਗਿਆ, ਜਪ ਤਪ ਸੰਜਮ ਦੀ ਤੂੰ ਪੇਸ਼ ਨਹੀਂ ਜਾਣ ਦਿੱਤੀ। ਪੰਜਾਂ ਠੱਗਾਂ ਦੇ ਵੱਸ ਪੈ ਕੇ ਕੀਹ ਕੀਹ ਦੁੱਖ ਨਹੀਂ ਦਿੱਤੇ। ਦਾਰੂ ਕੀ ਦੱਸਦੇ ਹਨ ਕਿ ਸਤਿਸੰਗ ਕਰੋ ਤੇ ਸਿਮਰਨ ਕਰੋ ਉਸ ਦੇ ਨਾਮ ਦਾ। ਰਹਾਉ ਵਿਚ ਫਿਰ ਸਾਫ ਤੇ ਮਨ ਨੂੰ ਧ੍ਰਿਕਾਰ ਦੇਣਵਾਲੀ ਬੋਲੀ ਵਿਚ ਅਸੂਲ ਦੱਸਦੇ ਹਨ:- ਇਹ ਮਨ ਖੋਤੇ ਦੀ ਨਿਆਈਂ ਹੈ, ਇਸ ਨੂੰ ਅਗਾੜੀ ਪਿਛਾੜੀ ਬੱਝੀ ਰਹੇ ਤਾਂ ਠੀਕ ਹੈ,

ਜੇ ਖੋਹਲੋ ਤਾਂ ਸੁਆਹ ਵਿਚ ਲੇਟੇਗਾ ਤੇ ਆਪਣੇ ਸਿਰ ਬੀ ਪਾਊ ਤੇ ਲੋਕਾਂ ਦੇ ਬੀ, ਤਾਂ ਤੇ ਇਸ ਦੀ ਪਿਛਾੜੀ ਤਦ ਖੁਹਲੋ ਜਦ ਛੱਟ ਉਪਰ ਲੱਦ ਲਵੋ ਤਾਂ। ਸ਼ਬਦ ਦੀ ਵਿਵੇਚਨਾ ਤੋਂ ਸਮਝ ਆ ਜਾਂਦੀ ਹੈ ਕਿ ਇਸ ਮਨ ਨੂੰ ਵਾਹਿਗੁਰੂ ਦੇ ਨਾਮ ਨਾਲ ਪ੍ਰੋ ਲਓ ਤਾਂ ਇਸ ਨੂੰ ਵਿਆਪੇ ਦੁਖਾਂ ਤੋਂ ਕੋਈ ਖੁਲ੍ਹ ਦਿਓ। ਅਰਥਾਤ ਦੁਖਾਂ ਸੁਖਾਂ ਨਾਲ ਵੇਹੜੇ ਜੀਵਾਂ ਨੂੰ ਪਹਿਲਾਂ ਗੁਰਬਾਣੀ ਦੇ ਪਾਠ ਵਿਚਾਰ ਦੀ ਸੋਝੀ ਦੇਕੇ ਨਾਮ ਵਿਚ ਲਾਓ ਤਾਂ ਸ਼ਰੀਰਕ ਦੁੱਖਾਂ ਤੋਂ ਛੁਡਾਓ। ਮਤਲਬ ਇਹ ਕਿ ਸਭ ਤੋਂ ਵੱਡਾ ਉਪਕਾਰ ਦੁੱਖ ਨਵਿਰਤੀ ਦਾ ਉਹ ਹੈ ਜਿਸ ਨਾਲ ਦੁੱਖਾਂ ਦੀ ਜੜ ਕਟ ਜਾਵੇ। ***"ਐਸਾ ਦਾਰੂ ਲੋੜਿ ਲਹੁ ਜਿਤੁ ਵੰਞੈ ਰੋਗਾ ਘਾਣਿ।"*** ਜੀਵ ਸ਼੍ਰੇਣੀ ਦੇ ਸਾਧੂ ਉਹ ਕੁਛ ਤਾਂ ਨਹੀਂ ਕਰ ਸਕਦੇ ਜੋ ਅਵਤਾਰ ਗੁਰੂ ਕਰ ਸਕਦਾ ਹੈ, ਪਰ ਜੇ ਕਿਸੇ ਸੰਤ ਸਾਧੂ ਨੂੰ ਕਿਸੇ ਦੀ ਖੇਦ ਨਵਿਰਤੀ ਦਾ ਚਾਉ ਆਵੇ ਤਾਂ ਉਸ ਦੁਖੀਏ ਨੂੰ ਬਾਣੀ ਤੇ ਨਾਮ ਵਿਚ ਲਾਵੇ ਤੇ ਦੱਸੇ ਕਿ ਇਹ ਨਾਮ ਆਪਦਾ ਦੁੱਖ ਦੂਰ ਕਰੇਗਾ: ਮੇਰੀ ਸ਼ਕਤੀ ਨਾਲ ਜੇ ਤੂੰ ਬੀਮਾਰੀ ਤੋਂ ਵੱਲ ਹੋਣਾ ਹੈ ਤਾਂ ਫੇਰ ਦੁਖ ਵਿਚ ਫਸੇਂਗਾ ਤੇ ਜੇ ਉਹ ਸ਼ਕਤੀ, ਜੋ ਤੂੰ ਮੇਰੇ ਵਿਚ ਸਮਝਦਾ ਹੈ, ਤੂੰ ਆਪ ਲੈ ਲਵੇਂ ਤਾਂ ਤੂੰ ਆਪ ਵੈਦੰਗੀ ਸਿੱਖ ਗਿਆ, ਸੋ ਤੂੰ ਬਾਣੀ ਦੇ ਨਾਮ ਵਿਚ ਲੱਗ।

ਭਾਈ! ਉਪਰਕਾਰ ਕਰੋ, ਸੇਵਾ ਕਰੋ, ਜਗਤ ਦੁੱਖੀ ਹੈ, ਅਧਿਕਾਰ ਪਛਾਨਣੇ ਕਠਨ ਹਨ, ਜਿਸ ਦਾ ਭਲਾ ਕਰਨ ਨੂੰ ਚਿਤ ਕਰੇ ਉਸ ਨੂੰ ਰੱਬ ਦੇ ਰਸਤੇ ਲਾ ਦਿਓ। ਇਸ ਨਾਲ ਉਸਦਾ ਮਨ ਸੁਧਰੇਗਾ, ਵੀਚਾਰ ਵਧੇਗੀ, ਸਾਂਈਂ ਨਾਲ ਨੇਹੁੰ ਲੱਗੇਗਾ। ਦੁੱਖ ਆਪੇ ਦੂਰ ਹੋਣਗੇ। ਜੋ ਕੁਝ ਸਰ ਬਣ ਆਵੇ ਭਲਾ ਕਰ ਦਿਓ। ਭਲਾ ਕਰੋ ਪਰ ਸਾਂਈਂ ਦਾ ਹੁਕਮ ਜਾਣਕੇ, ਹਉਂ ਧਾਰਕੇ ਨਾ ਕਰੋ। ਹੁਕਮ ਵਿਚ ਕੀਤੇ ਕੰਮ ਹਉਂ ਨਹੀਂ ਪੈਣ ਦਿੰਦੇ ਤੇ ਉਨ੍ਹਾਂ ਦਾ ਫਲ ਮਾੜਾ ਬੀ ਨਹੀਂ ਲਗਦਾ, ਬਾਕੀ ਗੁਰੂ ਕੀ ਗਤਿ ਗੁਰੂ ਜਾਣੇ, ਜੋ ਕੁਝ ਸਮਝ ਆਇਆ ਹੈ ਕਹਿ ਦਿੱਤਾ ਹੈ। ਜੀਵ ਭੁੱਲਣਹਾਰ ਹੈ, ਗੁਰੂ ਬਖਸ਼ੇ!

ਭਗਤ ਸਿੰਘ-ਅਤਿ ਮਿਹਰ ਹੋਈ ਹੈ। ਨਾਮ ਜਪਣਾ ਸਾਡਾ ਪਹਿਲਾ ਧਰਮ ਹੈ। ਆਪ ਜਪਕੇ ਹੋਰਨਾਂ ਨੂੰ ਜਪਾਉਣਾ ਇਹ ਗੁਰੂ ਦਾ ਹੁਕਮ ਹੈ, ਹੁਕਮ ਸਮਝਕੇ ਕਾਰ ਕਰਨੀ ਮੁਕਤ ਰੂਪ ਹੈ। ਭਲਾ ਕਰਨਾ ਸਿੱਖ ਦਾ ਸੁਭਾਵ ਹੈ। ਇਹ ਭੀ ਹੁਕਮ ਸਮਝਕੇ ਕਰਨਾ ਹੈ। ਜੇ ਦੁਖ ਸੁਖ ਆਉਣ ਇਹ ਭੀ ਹੁਕਮ ਸਮਝਣੇ ਹਨ। ਇਹ ਹੈ ਜੀ ਸਾਰ ਸ੍ਰੀ ਜੀ ਦੇ ਕਥਨ ਦਾ?

ਸੰਤ-ਇਹੋ ਗੁਰੂ ਕੀ ਆਗਯਾ ਸਮਝੇ ਪੈਂਦੀ ਹੈ।

ਪ੍ਰੇਮ ਸਿੰਘ-ਮੇਰੀ ਇਕ ਹੋਰ ਬੇਨਤੀ ਹੈ, ਇਹ ਜੋ ਕੁਝ ਆਪ ਜੀ ਨੇ ਮੇਹਰ ਕੀਤੀ ਹੈ ਇਹੋ ਪ੍ਰਸੰਗ ਤੇ ਇਹ ਸਾਰਾ ਗੁਰਮਤ ਦਾ ਅਸੂਲ ਨਿਰੂਪਣ ਜੋ ਆਪ ਨੇ ਹੁਣ ਕੀਤਾ ਹੈ, ਇਹੋ ਇਸ ਗੁਰਪੁਰਬ ਦੀ ਕਥਾ ਰਖ ਲਵੋ ਤਾਂ ਕੇਡਾਂ ਚੰਗਾ ਹੋਵੇ ਕਿ ਜੋ ਸੁਖ ਸਾਨੂੰ ਦੋਹਾਂ ਨੂੰ ਅਜ ਪ੍ਰਾਪਤ ਹੋਇਆ ਹੈ ਸਾਰੀ ਸੰਗਤ ਨੂੰ ਪ੍ਰਾਪਤ ਹੋ ਜਾਵੇ।

ਸੰਤ ਬਿਮਲਾ ਸਿੰਘ--ਸਤਿ ਬਚਨ, ਗੁਰੂ ਕੇ ਹੁਕਮ ਵਿੱਚ ਇਸੇ ਤਰ੍ਹਾਂ ਹੋ ਜਾਵੇਗਾ।

ਭਗਤ ਸਿੰਘ--ਫੇਰ ਆਪ ਕਦੋਂ ਕ੍ਰਿਪਾ ਕਰੋਗੇ?

ਸੰਤ--ਆਪ ਹੁਣ ਆਰਾਮ ਕਰ ਲਓ ਤੇ ਫੇਰ ਚਾਲੇ ਪੈ ਜਾਓ। ਇਹ ਸਰੀਰ ਗੁਰਪੁਰਬ ਤੋਂ ਤ੍ਰੈ ਦਿਨ ਪਹਿਲਾਂ ਆਪ ਸੰਗਤ ਵਿਚ ਆ ਜਾਵੇਗਾ।

ਭਗਤ ਸਿੰਘ--ਜੇ ਮੈਂ ਅੱਜ ਦੀ ਸਾਰੀ ਵਾਰਤਾ ਲਿਖ ਛੋੜਾਂ ਤੇ ਆਪ ਦੇ ਆਯਾਂ ਤੇ ਸੁਣਾਕੇ ਸੋਧ ਲਵਾਂ ਤਾਂ ਗੁਰਪੁਰਬ ਦੇ ਸਮੇਂ ਤੋਂ ਪਹਿਲਾਂ ਛਾਪਕੇ ਸੰਗਤਾਂ ਵਿਚ ਘੱਲ ਦੇਵੀਏ ਤਾਂ ਇਸਦਾ ਲਾਭ ਵਧੇਰੇ ਦਾਇਰੇ ਵਿਚ ਹੋ ਜਾਵੇ।

ਸੰਤ ਬਿਮਲਾ ਸਿੰਘ ਜੀ---ਜਿਵੇਂ ਰੁਚੇ ਕਰ ਲਓ, ਇਹ ਸਰੀਰ ਫਿਰ ਤੁਸਾਂ ਪਾਸ ਕੁਛ ਦਿਨ ਹੋਰ ਪਹਿਲਾ ਆ ਜਾਏਗਾ। ਪਰ ਪ੍ਰੇਮੀਓ, ਇਸ ਸਰੀਰ ਨੇ ਕੀ ਆਖਿਆ ਹੈ ਇਹ ਤਾਂ ਗੁਰੂ ਕੀ ਬਾਣੀ

ਦੱਸੀ ਹੈ ਤੇ ਗੁਰੂ ਇਤਿਹਾਸ। ਸਾਡਾ ਇਸ ਵਿਚ ਕੀ ਹੈ ਦੰਮ ਲੱਗਣ ਪਾਤਸ਼ਾਹਾਂ ਦੇ ਸਾਬੂਣਗਰਾਂ ਦਾ ਨਾਉਂ। ਹਾਂ ਇਹ ਸੰਭਵ ਹੈ ਕਿ ਇਸ ਸਰੀਰ ਤੋਂ ਸਮਝਣ ਤੇ ਸਮਝਾਉਣ ਵਿਚ ਕਈ ਭੁੱਲਾਂ ਹੋਈਆਂ ਹੋਣ! ਗੁਰੂ ਕੀ ਗਤਿ ਗੁਰੂ ਜਾਣੇ।

ਭਗਤ ਸਿੰਘ-ਆਪਨੂੰ ਐਸਾ ਕਥਨ ਹੀ ਸ਼ੋਭਦਾ ਹੈ। ਆਪ ਹੋਏ ਜੋ ਗੁਰੂ ਹੁਕਮ ਦੇ ਬਜਾਵਣ ਹਾਰ, ਗੁਰੂ ਕੇ ਸੰਵਾਰੇ, ਚਿਤ ਕਰਦਾ ਹੈ ਸੁਹਣੀ ਜਿਹੀ ਕੋਈ ਕੁਟੀ ਆਪ ਲਈ ਬਣਾਕੇ ਆਪਨੂੰ ਓਥੇ ਟਿਕਾ ਦੇਈਏ। ਆਪਦਾ ਇਹ ਨਿਰਜਨ ਰਹਿਣਾ ਤੇ ਨਿਰ ਟਿਕਾਣੇ ਵਿਚਰਨਾ ਹਟ ਜਾਵੇ।

ਸੰਤ-ਭਾਈ! ਗੁਰੂ ਕੇ ਪਿਆਰੇ, ਗ੍ਰਿਹਸਤ ਵਿਚ, ਡੇਰਿਆਂ ਵਿਚ, ਅਖਾੜਿਆਂ ਤੇ ਟਿਕਾਣਿਆਂ, ਧਰਮਸਾਲਾਂ ਵਿਚ, ਗੁਰਧਾਮਾਂ, ਤਖਤ ਸਾਹਿਬਾਂ ਵਿਚ ਅਨੇਕਾਂ ਚੰਗੇ ਤੋਂ ਚੰਗੇ ਗੁਰਮੁਖ, ਸੰਤ ਗੁਰ ਸਿਖ ਬੈਠੇ ਹਨ। ਇਕ ਇਸ ਸਰੀਰ ਨੂੰ ਰਹਿਣ ਦਿਓ ਖੁੱਲ੍ਹਾ। ਨਾ ਘਰ, ਨਾ ਗਿਰਾਂ, ਨਾ ਡੇਰਾ, ਨਾ ਸਥਾਨ, ਸਾਧ ਸੰਗਤ ਇਸ ਸਰੀਰ ਦਾ ਰਹੇ ਟਿਕਾਣਾ ਤੇ ਟੇਕ; ਨਾਮ ਰਹੇ ਜੀਅ ਕਾ ਆਧਾਰ; ਏਕਾਂਤ ਰਹੇ ਇਸਦੀ ਦਵਾ ਦਾਰੂ, ਨਿਰਲੇਪਤਾ ਰਹੇ ਇਸ ਦੀ ਰਾਖੀ ਦਾਈ ਤੇ ਸਾਧ ਸੰਗਤ ਦੀ ਸੇਵਾ ਗੁਰੂ ਦੇ ਹੁਕਮ ਵਿਚ ਇਸ ਤੋਂ ਨਿਰਇੱਛਤ ਨਿਕਲ ਰਹੀ ਗੁਰੂ ਕੀ ਬਖਸ਼ੀ ਸੁਗੰਧੀ। ਐਉਂ ਬੀਤ ਜਾਣ ਦਿਨ ਜੋ ਸੰਸਾਰ ਵਿਚ ਬਖਸ਼ੇ ਹਨ, ਵਾਹਿਗੁਰੂ ਜੀ ਨੇ। ਸਾਨੂੰ ਬੰਦੇ ਨਾ ਪਾਓ। ਲਓ ਹੁਣ ਵਾਹਿਗੁਰੂ ਜੀ ਕਾ ਖਾਲਸਾ, ਸ੍ਰੀ ਵਾਹਿਗੁਰੂ ਜੀ ਕੀ ਫਤੇ! ਤੁਸੀਂ ਪ੍ਰਸ਼ਾਦ ਛਕੋ, ਆਰਾਮ ਕਰੋ ਤੇ ਅਸੀਂ ਜਾਣਾ ਹੈ ਜ਼ਰਾ ਕੁਛ ਦੋ ਚਾਰ ਮੀਲ ਤੇ ਅੱਗੇ।

## ੩, ਭਾਈ ਮਾਲੋ ਤੇ ਭਾਈ ਮਾਂਗਾ*

{ਰਾਗੀਆਂ ਕਥਾਕਾਰਾਂ ਨੂੰ ਸੁਸਿਖਯਾ। ਦੇਹ ਧਾਰੀ ਪਖੰਡੀ ਆਗੂਆਂ ਤੋਂ ਬਚਾਉ। ਵਿਸ਼ਵਾਸ਼। ਬੰਗਾਲੀ ਰਿਖੀ ਸੁਰੇਂਦਰ ਨਾਥ। ਸੰਤ ਰਾਮ ਸ਼ਰਣ। ਬੁੰਦਿਆਂ ਵਾਲੇ ਸੰਤ ਤੇ ਛਾਲੋਨੇ ਵਾਲੇ ਬਾਬਾ ਜੀ।

੧.

ਆ ਵੀਣਾ! ਸੁਰ ਛੇੜ ਸੁਹਾਵੀ ਦਿਲ ਨੂੰ ਜੋ ਧੋ ਦੇਵੇ।<br>
ਪ੍ਰੇਮ ਮੀਂਡ ਦੀਆਂ ਖਿੱਚਾਂ ਮਾਰੇ ਝਰਨਾਟਾਂ ਝਰਨੇਵੇ।<br>
ਫਰਸ਼ਾਂ ਤੇ ਰੁਲ ਰਹੀਆਂ ਸੁਰਤਾਂ ਚਾ ਅਪਣੇ ਲੜ ਲਾਵੇ,<br>
ਲੈ ਉੱਡੇ ਅਰਸ਼ਾਂ ਨੂੰ ਨਾਲੇ ਚਰਨ ਸ਼ਰਨ ਵਿਚ ਸੇਵੇ।

-o-

**ਆਵਹੁ ਭੈਣੇ ਗਲਿ ਮਿਲਹੁ ਅੰਕਿ ਸਹੇਲੜੀਆਹ॥**

-o-

ਨਰਮ ਸਿੰਘ- ਲੈ ਭਾਈ ਸ਼ਰਮ ਸਿੰਘ ਅੱਜ ਏਕਾਂਤ ਸਮਾਂ ਮਿਲਿਆ ਹੈ, ਕੋਈ ਦਿਲ ਦੀਆਂ ਦੋ ਚਾਰ ਲੈ ਦੇ ਲਵੀਏ।

---

* ਇਹ ਲੇਖ ਗੁਰਪੁਰਬ ਕੱਤਕ ਪੂਰਨਮਾਸ਼ੀ ਸੰਮਤ ਗੁ: ਨਾ: ਸਾਹਿਬ ੪੬੭ (੧੦ ਨਵੰਬਰ ੧੯੩੫) ਨੂੰ ਖਾਲਸਾ ਸਮਾਚਾਰ ਦਾ ਮੁੱਖ ਲੇਖ ਹੋਕੇ ਪ੍ਰਕਾਸ਼ਤ ਹੋਇਆ ਹੈ ਤੇ ਪੁਸਤਕ ਆਕਾਰ ਵਿਚ ਬੀ ਪ੍ਰਚਾਰਿਆ ਗਿਆ ਸੀ।


www.sikhbookclub.com

ਸ਼ਰਮ ਸਿੰਘ-ਆਖੋ ਤੇ ਸੁਣੋ! ਪਰ ਕੋਈ ਵਿਚ ਪਰਦਾ ਨਾ ਰਹੇ। ਦੁਵੱਲੀ ਖਰੀਆਂ ਖਰੀਆਂ ਹੋਣ।

ਨਰਮ ਸਿੰਘ-ਬਈ ਕੀਰਤਨ ਕਰਦਿਆਂ ਆਹ ਦਿਨ ਆ ਗਏ, ਆਪਣਾ ਤਾਂ ਕੁਛ ਨਹੀਂ ਬਣਿਆ। ਤੁਸੀਂ ਦੱਸੋ ਕਥਾ ਕਰਦਿਆਂ ਤੁਸਾਂ ਕੁਝ ਲੱਧਾ ਹੈ?

ਸ਼ਰਮ ਸਿੰਘ-ਜਿਸ ਵੇਲੇ ਕਥਾ ਕਰੀਦੀ ਹੈ। ਸੰਗਤ ਜੁੜੀ ਹੁੰਦੀ ਹੈ ਤੇ ਕੋਈ ਰਸਨਾ 'ਸੁਹਣਾ' ਉਚਾਰਨ ਕਰਦੀ ਹੈ, ਉਸ ਵੇਲੇ ਦਿਲ ਕੁਝ ਸੁਆਦ ਜੇਹੇ ਵਿਚ ਹੋ ਜਾਂਦਾ ਹੈ, ਮਗਰੋਂ ਤਾਂ ਫੇਰ ਕਈ ਵੇਰ ਉਟਾਟਰੇ।

ਨਰਮ ਸਿੰਘ-ਇਹ ਗੱਨ ਤਾਂ ਮੈਨੂੰ ਭੀ ਕਦੇ ਕਦੇ ਹੁੰਦੀ ਹੈ, ਕੀਰਤਨ ਵਿਚ ਦਿਲ ਖਿੜ ਚੜ ਜਾਂਦਾ ਹੈ, ਨਾਲੇ ਫੇਰ ਗੁਜ਼ਰ ਗੁਜ਼ਰਾਨ ਤਾਂ ਚੰਗੀ ਲੰਘ ਰਹੀ ਹੈ, ਪਰ ਜੋ ਕੁਝ ਅਸੀਂ ਸੁਣਾਉਂਦੇ ਹਾਂ ਉਹ ਤਾਂ ਪੱਲੇ ਪੈਂਦਾ ਨਹੀਂ ਦੀਹਦਾ। ਉਮਰ ਵਡੇਰੀ ਹੋ ਗਈ ਹੈ, ਮੌਤ ਨੇੜੇ ਆ ਰਹੀ ਹੈ, ਹੁਣ ਤਾਂ ਕੁਝ ਉਪਰਾਲਾ ਕਰੀਏ।

ਇਸ ਤਰ੍ਹਾਂ ਦੀਆਂ ਗੱਲਾਂ ਕਰ ਰਹੇ ਸਨ ਕਿ ਇਕ ਹੋਰ ਸੱਜਣ ਆ ਗਏ। ਉਹ ਬੀ ਹੋ ਰਹੀਆਂ ਗੱਲਾਂ ਵਿਚ ਰਲ ਬੈਠੇ। ਇਹਨਾਂ ਦਾ ਨਾਮ ਸੀ ਮਰਮ ਸਿੰਘ।

ਨਰਮ ਸਿੰਘ-ਸੁਣਾ ਭਾਈ ਮਰਮ ਸਿੰਘ! ਅਜ ਤਾਂ ਬਈ, ਤੂੰ ਬੀ ਪਰਦਾ ਛੋੜਕੇ ਸਾਡੇ ਨਾਲ ਦਿਲ ਦੀਆਂ ਗੱਲਾਂ ਕਰੇਂ ਤਾ ਬਣਦੀ ਹੈ। ਪੱਜ ਪਾਜ ਨਾ ਬੋਲੀਂ, ਖਰੀ ਖਰੀ ਆਖੀਂ। ਅੱਜ ਅਸਾਂ ਦਿਲ ਦੀਆਂ ਲੈ ਕੇ ਰਾਹ ਲੱਭਣਾ ਹੈ, ਪਰਦਾ ਆਪੋ ਵਿਚ ਕੋਈ ਨਾ ਕਰੇ।

ਮਰਮ ਸਿੰਘ-ਮੈਂ ਬੀ ਅੱਜ ਦੁਖੀ ਹੋ ਕੇ ਆਇਆ ਹਾਂ ਤੇ ਦਿਲ ਦੀਆਂ ਹੀ ਕਰਨੀਆਂ ਹਨ।

ਨਰਮ ਸਿੰਘ-ਫੇਰ ਦੱਸ, ਅਸੀਂ ਤਾਂ ਰਹੇ ਕਥਾ ਕੀਰਤਨ ਦੇ ਲੜੇ ਲੱਗੇ ਤੇ ਤੂੰ ਸਭ ਕੁਝ ਛੱਡਕੇ ਝੁੰਗਾੜ ਮਾਟਾ ਕਰਕੇ ਘੁੱਘੂ ਮਠ ਵਾਸੀ ਹੋ ਕੇ ਬੈਠਣ ਵਿਚ ਸਿੱਧੀ ਸਮਝੀ, ਸਾਨੂੰ ਮਿੱਤ੍ਰਾਂ ਨੂੰ ਬੀ ਛਡ ਗਿਓਂ, ਦੱਸ ਤੇਰੇ ਪੱਲੇ ਕੁਝ ਪਿਆ ਹੈ?

ਮਰਮ ਸਿੰਘ-ਸਚ ਤਾਂ ਇਹ ਹੈ ਕਿ ਕੁਝ ਨਹੀਂ ਬਣਿਆਂ, ਸਗੋਂ ਕੁਝ ਸਰੀਰ ਅਹੁਰਿਆ ਗਿਆ ਹੈ। ਮਨ ਦੇ ਵਿਕਾਰ ਕੋਈ ਨਹੀਂ ਦੂਰ ਹੋਏ, ਇਹ ਟਿਕਿਆ ਕੋਈ ਨਹੀਂ ਅਤੇ ਜਿਸ ਨੂੰ ਗੁਰੂ ਥਾਪਕੇ ਮਗਰ ਲੱਗੇ ਸਾਂ, ਜਦ ਤਕ ਦੂਰ ਦੂਰ ਸਾਂ ਤਾਂ ਢੋਲ ਸੁਹਾਵਣੇ ਲਗਦੇ ਰਹੇ, ਜਦ ਕੁਝ ਸਮਾਂ ਨੇੜੇ ਰਹੇ ਤਾ ਲੱਛੋ ਬਾਈ ਦੀ ਛਾਇਆ ਦਿਸ ਪਈ ਸੀ ਜੋ ਵਰਤ ਰਹੀ ਹੈ ਉਥੇ ਬੀ, ਚਲਤੇ ਪੁਰਜ਼ੇ ਦੁਨੀਆਂ ਦੇ ਚਾਲਾਕ ਲੋਕ ਮੁਹਰੀ ਹਨ। ਨਾਲੇ ਮੈਨੂੰ ਪਿਆਰ ਗੁਰੂ ਨਾਨਕ ਨਾਲ ਹੈ, ਤੇ ਓਥੇ ਉਹਨਾਂ ਨੂੰ ਨੀਵਾਂ ਨੀਵਾਂ ਦੱਸਦੇ ਹਨ। ਜਦ ਇਹ ਥਹੁ ਲੱਗਾ ਤਾਂ ਮੈਂ ਸੋਚਿਆ ਕਿ ਮੈਂ ਤਾਂ ਗੁਰੂ ਨਾਨਕ ਲੱਭਣਾ ਸੀ, ਜਿਸ ਬਾਬਤ ਏਹ ਕਹਿੰਦੇ ਹਨ ਸਾਡੇ ਪਾਸ ਹੈ ਤੇ ਇੱਥੇ ਤਾਂ ਗੁਰੂ ਨਾਨਕ ਤੋਂ ਹੋਰਨਾਂ ਨੂੰ ਚੰਗੇਰਾ ਦੱਸਦੇ ਹਨ, ਤਾਂ ਮੈਂ ਸੋਚਿਆ ਕਿ ਏਥੇ ਤਾਂ ਆਪਾ ਹੀ ਗੁਆਉਣਾ ਹੈ, ਕਿਨਾਰਾ ਕਰਾਂ, ਸੋ ਮੈਂ ਨਿੰਦਾ ਵਿਚ ਤਾਂ ਪੈਣਾ ਭਲਾ ਨਹੀਂ ਜਾਤਾ, ਚੁਪਾਤੇ ਕਿਨਾਰਾ ਕਰ ਆਇਆ ਹਾਂ।

ਸ਼ਰਮ ਸਿੰਘ-ਓਹ ਜੋ ਤੂੰ ਕਹਿੰਦਾ ਸੈਂ ਕਿ ਕੁਝ ਦੀਹਦਾ ਹੈ ਓਥੇ ਚਮਤਕਾਰ ਤੇ ਰੌਸ਼ਨੀ ਤੇ ਅਗਮ ਨਿਗਮ ਤੇ ਹੋਰ ਦੇਵ-ਰਾਗ, ਦੇਵ ਅੰਗਨਾ, ਉਹ ਬੀ ਕੁਝ ਲੱਭਾ?

ਮਰਮ ਸਿੰਘ- ਸ਼ਰਮੋਂ ਕੁਰਸ਼ਮੀ ਕਹਿ ਦੇਈਦਾ ਸੀ ਕਿ ਹਾਂ ਦੀਹਦਾ ਹੈ, ਜੋ ਸੰਗੀਆਂ ਵਿਚ ਪਤ ਖਣੀ ਰਹੇ, ਹੋਊ ਪਰ ਮੈਂ ਅਸਲੋਂ ਕੁਝ ਨਹੀਂ ਸੀ ਡਿੱਠਾ। ਮਨੌਤ ਹੈ, ਜੇ ਕਿਸੇ ਦੇ ਕਹੇ ਬੱਝ ਗਈ ਤਾਂ ਜੋ ਉਹ ਕਹੇਗਾ ਮਨ ਆਪੇ ਘੜ ਲਏਗਾ, ਆਪ ਦੇਖ ਲਏਗਾ। ਅਮਲ ਗਲ ਤਾਂ ਇਹੋ ਜਾਪਦੀ ਹੈ ਜੋ ਰਾਤੀਂ ਮੈਨੂੰ ਇਕ ਸੰਤ ਨੇ ਕਹੀ ਹੈ ਕਿ ਦ੍ਰਿਸ਼ਟਮਾਨ ਸਭ ਮਿਥਿਆ ਹੈ। ਨੈਣ ਖੁਹਲਕੇ ਦੇਖੋ ਚਾਹੇ ਮੀਟਕੇ, ਸੱਚਾ ਰਾਹ ਤਾਂ ਦ੍ਰਿਸ਼ਟਾ ਪਦ ਦੀ ਪ੍ਰਾਪਤੀ ਵਲ ਲੈ ਜਾਏਗਾ। ਜੋ ਰੱਬ ਕਿ ਰੂਪ ਰੇਖ ਤੇ ਰੰਗ ਤੋਂ

ਨਿਆਰਾ ਹੈ ਸੋ ਕੀਕੂੰ ਬੰਦ ਕਿ ਖੁਲ੍ਹੀ ਅੱਖ ਦਾ ਵਿਸ਼ਾ ਬਣੇਗਾ। ਸੋ ਮਿੱਤਰੋ! ਸੋਚਾਂ ਸੋਚਕੇ ਅੱਜ ਮੇਰੇ ਦਿਲ ਆਈ ਕਿ ਆਪ ਮਿੱਤ੍ਰਾਂ ਨੂੰ ਫੇਰ ਮਿਲਾਂ ਤੇ ਦੁੱਖ ਰੋਣੇ ਰੋਵਾਂ। ਇਹ ਮੈਂ ਦੱਸ ਦਿਆਂ ਕਿ ਅਸਾਂ ਯਥਾਰਥ ਲੱਭਣਾ ਹੈਂ ਵੈਰ ਵਿਰੋਧ ਨਾਲ ਸਾਨੂੰ ਕੰਮ ਨਹੀਂ ਹੈ। ਜਗਤ ਵਿਚ ਪਖੰਡ ਬਹੁਤ ਚਲਦਾ ਹੈ ਤੇ ਜਗਤ ਚਲਦਾ ਵੀ ਪਖੰਡ ਦੇ ਮਗਰ ਹੈ ਛੇਤੀ, ਤੇ ਹਿੰਦੁਸਤਾਨ ਦੇ ਲੋਕਾਂ ਬਾਬਤ ਤਾ ਲਿਖਿਆ ਹੈ, ਸ਼ਾਹ ਜਹਾਨ ਨੇ, ਕਿ ਪੈਸੇ ਪਿੱਛੇ ਏਹ ਲੋਕ ਕੁਝ ਨਹੀਂ ਦੇਖਦੇ। ਪਾਪਾਂ ਨਾਲ ਕੱਠੀ ਕਰੇ, ਪਖੰਡ ਨਾਲ ਕਰੇ, ਜਿਸ ਪਾਸ ਹੋ ਗਈ ਤੇ ਕੋਈ ਅਡੰਬਰ ਬਣ ਗਿਆ, ਉਸ ਤੋਂ ਲਾਭ ਲੈਣ ਲਈ ਚੋਰੀ ਕਿ ਸ਼ਾਹਦੀ ਸਾਰੇ ਪਏ ਉਸਦੇ ਦੁਆਲੇ ਭੌਂਦੇ ਹਨ। ਪ੍ਰਤੱਖ ਕਈ ਲੋਕ ਜਗਤ ਵਿਚ ਪਾਪਾਂ ਛਲਾਂ ਦਰੋਹਾਂ ਨਾਲ ਕੱਠੀ ਕਰਕੇ ਅਮੀਰ ਹੋਏ ਹਨ, ਲੋਕੀ ਉਨ੍ਹਾਂ ਦੇ ਭੌਣ ਪਰਸਦੇ ਹਨ, ਕੋਈ ਉਨ੍ਹਾਂ ਦੇ ਆਚਰਨ ਤੇ ਸੂਗ ਨਹੀਂ ਕਰਦਾ। ਸੱਚ, ਆਚਰਨ ਸਫਾਈ, ਉੱਚ ਜੀਵਨ ਵਲ ਧਿਆਨ ਨਹੀਂ। ਕੁਛ ਏਸੇ ਤਰ੍ਹਾਂ ਦਾ ਹਾਲ ਪਰਮਾਰਥ ਵਿਚ ਹੈ। ਜਿਨ੍ਹਾਂ ਨੇ ਆਪਣੀ ਮਹਿਮਾ ਗਾਇਨ ਵਾਲੇ ਗੁਪਤ ਤੌਰ ਤੇ ਦੂਤ ਰੱਖੇ ਹੋਏ ਹਨ, ਉਨ੍ਹਾਂ ਦੀ ਚੱਲ ਰਹੀ ਹੈ। ਇਨ੍ਹਾਂ ਦੇ ਰੌਲੇ ਵਿਚ ਸੱਚੇ ਪੁਰਖ ਨੂੰ ਲੱਭਣਾ ਕਠਨ ਹੋ ਰਿਹਾ ਹੈ। ਓਹ ਸਗੋਂ ਹੋਰ ਲੁਕਦੇ ਹਨ।

ਸ਼ਰਮ ਸਿੰਘ (ਠੰਢਾ ਸਾਹ ਭਰਕੇ)-ਸੱਚ ਕਿਹਾ ਨੇ! ਸੱਚ ਗੁਮ ਹੈ, ਕੂੜ ਪਰਧਾਨ ਹੈ*, ਢੂੰਡਾਊ ਜਾਏ ਤਾਂ ਕਿੱਥੇ ਜਾਏ?

ਇਹ ਗਲਾਂ ਹੋ ਰਹੀ ਰਹੀਆਂ ਸਨ ਕਿ ਭਰਮ ਸਿੰਘ ਆ ਗਿਆ, ਇਹ ਨਰਮ ਸਿੰਘ ਦੇ ਜਥੇ ਦੀ ਜੋੜੀ ਵਜਾਉਣ ਵਾਲਾ ਸੀ। ਕਹਿਣ ਲੱਗਾ ਕਿ ਅੱਜ ਰਾਤ ਬਾਬੂ ਸੁਰੇਂਦਰ ਨਾਥ ਨੇ ਕੀਰਤਨ ਵਾਸਤੇ ਸੱਦਿਆ ਹੈ ਸਾਨੂੰ ਤੇ ਨਾਲ ਭਾਈ ਸ਼ਰਮ ਸਿੰਘ ਜੀ ਨੂੰ ਕਥਾ ਵਾਸਤੇ।

ਮਰਮ ਸਿੰਘ-ਇਹ ਸੱਜਣ ਕੌਣ ਹੈ, ਤੁਸੀਂ ਜਾਣਦੇ ਹੋ ਕਿ ਨਹੀਂ, ਕਿ ਪਹਿਲਾ ਸੱਦਾ ਹੈ?

ਨਰਮ ਸਿੰਘ-ਕੋਈ ਬੜਾ ਰਈਸ ਹੈ ਬੰਗਾਲ ਵਲ ਦਾ, ਇਸ ਨੂੰ ਬਾਣੀ ਦਾ ਬੜਾ ਪ੍ਰੇਮ ਹੈ, ਅੰਮ੍ਰਿਤ ਵੇਲੇ ਸ੍ਰੀ ਦਰਬਾਰ ਸਾਹਿਬ ਕੀਰਤਨ ਸੁਣਨ ਜਾਂਦਾ ਹੈ: ਕਦੇ ਕਦੇ ਸਾਨੂੰ ਸੱਦ ਘੱਲਦਾ ਹੈ। ਬੜੇ ਪ੍ਰੇਮ ਨਾਲ ਸੁਣਦਾ ਹੈ, ਜਲ ਸੁੱਕਦਾ ਨਹੀਂ ਸੂ ਨੈਣਾਂ ਤੋਂ, ਕਹਿੰਦਾ ਹੈ ਧੰਨ ਗੁਰੂ ਨਾਨਕ, ਧੰਨ ਗੁਰਬਾਣੀ।

ਭਰਮ ਸਿੰਘ-ਭਾਈ ਜੀ! ਗੱਲਾਂ ਫੇਰ ਕਰਿਓ, ਮੈਨੂੰ ਦੱਸੋ ਸੁਰੇਂਦ੍ਰ ਨਾਥ ਦੇ ਨੌਕਰ ਨੂੰ ਕੀ ਕਹਾਂ, ਆਵਾਂਗੇਂ ਕਿ ਨਹੀਂ?

ਨਰਮ ਸਿੰਘ-ਕਹੁ ਆਵਾਂਗੇ।

ਮਰਮ ਸਿੰਘ-ਮੈਨੂੰ ਭੀ ਲਿਜਾ ਸਕੋਗੇ ਨਾਲ? ਐਸੇ ਭਲੇ ਆਦਮੀ ਦੇ ਮੈਂ ਬੀ ਦਰਸ਼ਨ ਕਰ ਆਵਾਂ।

ਨਰਮ ਸਿੰਘ-ਜ਼ਰੂਰ ਜਾਣਾ ਚਾਹੀਦਾ ਹੈ। ਇਸ ਨੂੰ ਕੋਈ ਬਾਣੀ ਵਿਚੋਂ ਸੁਖ ਲੱਭਾ ਹੈ। ਸੱਚ ਮੁਚ ਦਾ ਸੁਖੀ ਹੈ ਅੰਦਰੋਂ ਤੇ ਬਾਹਰੋਂ। ਤੁਸਾਂ ਅਮੀਂ ਜਮੀਂ ਸਾਡੇ ਨਾਲ ਚੱਲਣਾ, ਉਹ ਖੁਸ਼ ਹੋਵੇਗਾ। ਬੜਾ ਮਿੱਠਾ ਤੇ ਪਿਆਰ ਵਾਲਾ ਹੈ। ਅਮੀਰੀ ਦੀ ਬੋ ਨਹੀਂ ਸੂ ਰਤੀ ਭਰ ਬੀ।

✧✧✧

੨.

**ਸੰਝਾਂ** ਹੋ ਗਈ, ਤਾਂ ਸਾਰੇ ਜਣੇ ਬਾਬੂ ਸੁਰੇਂਦ੍ਰ ਨਾਥ ਦੇ ਟਿਕਾਣੇ ਜਾਂ ਪਹੁੰਚੇ। ਇਹ ਇਕ ਬਿਰਧ ਪੁਰਖ ਸੀ, ਦਾੜ੍ਹਾ ਚਿੱਟਾ ਸੀ। ਸਿਰ ਦੇ ਵਾਲ ਬੀ ਕੋਈ ਥੋੜੇ ਹੀ ਸਨ ਪਰ ਸਾਬਤ ਤੇ ਖੁਲ੍ਹੇ, ਪਰ ਪਲਮਦੇ

---

* ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ। (ਵਾਰ ਮਾਝ ਮ: ੧)


www.sikhbookclub.com

ਸਨ ਪਿਛਲੇ ਪਾਸੇ। ਇਸ ਨੇ ਘਰ ਆਏ ਕੀਰਤਨੀਆਂ ਦਾ ਆਦਰ ਕੀਤਾ, ਬੜੇ ਭਾਉ ਨਾਲ ਤੇ ਪ੍ਰੇਮ ਨਾਲ ਕੀਰਤਨ ਸੁਣਿਆ। ਭਾਈ ਨਰਮ ਸਿੰਘ ਦਾ ਕੀਰਤਨ ਖੜਾ ਹੀ ਸੁਰੀਲਾ ਸੀ। ਸੁਰੇਂਦ੍ਰ ਨਾਥ, ਜਿਸ ਨੂੰ ਉਸਦੇ ਘਰ ਦੇ, ਤੇ ਬਾਹਰ ਦੇ 'ਰਿਖੀ ਜੀ' ਕਰਕੇ ਸੱਦਦੇ ਸੀ, ਬਾਣੀ ਦਾ ਕੀਰਤਨ ਸੁਣ ਕੇ ਗਦ ਗਦ ਹੋ ਗਿਆ। ਫੇਰ ਭਾਈ ਸ਼ਰਮ ਸਿੰਘ ਜੀ ਨੇ ਇਕ ਸ਼ਬਦ ਦੀ ਕਥਾ ਕੀਤੀ। ਕਥਾ ਵਿਚ ਬੀ ਉਹ ਠੱਟ ਬੱਝਾ ਕਿ ਗੁਰਬਾਣੀ ਦਾ ਮਾਨੋ ਖਜ਼ਾਨਾ ਖੁੱਲ੍ਹ ਪਿਆ। ਰਿਖੀ ਜੀ ਏਹ ਸੁਣਕੇ ਭੀ ਪ੍ਰਸੰਨ ਹੋਏ ਫੇਰ ਆਪ ਨੇ ਸ਼ਬਦ ਭੇਟ ਅਰਦਾਸ ਕਰਾਈ ਤੇ ਸਾਰਿਆਂ ਨੂੰ ਪ੍ਰਸ਼ਾਦ ਛਕਾਇਆ। ਮਗਰੋਂ ਆਖਣ ਲਗਾ ਕਿ ਭਾਈ ਨਰਮ ਸਿੰਘ ਜੀ! ਮੇਰਾ ਤੋਂ ਜਨਮ ਸਕਾਰਥਾ ਹੋ ਗਿਆ ਗੁਰਬਾਣੀ ਕੇ ਦਾਮਨ ਲਗ ਕੇ। ਮੇਰਾ ਅਬ ਆਸ਼ਾ ਹੈ ਕਿ ਅਪਨੇ ਗ੍ਰਿਹ ਗੁਰੂ ਗ੍ਰੰਥ ਸਾਹਿਬ ਜੀ ਕਾ ਪ੍ਰਕਾਸ਼ ਕਰੂੰ ਔਰ ਕੀਰਤਨ ਰੋਜ਼ ਹੋ। ਅਗਰ ਆਪ ਚਲੋ ਤੋਂ ਖੜੀ ਮਿਹਰ ਹੈ ਨਹੀਂ ਤੋ ਕੋਈ ਔਰ ਬਾਣੀ ਕਾ ਪ੍ਰੇਮੀ ਰਾਗੀ ਮੁਝੇ ਤਲਾਸ਼ ਕਰਦੋ!

ਨਰਮ ਸਿੰਘ-ਮੇਰਾ ਜਾਣਾ ਤਾਂ ਕਠਨ ਜਿਹਾ ਹੈ, ਪਰ ਮੈਂ ਹੋਰ ਪ੍ਰਬੰਧ ਕਰ ਦਿਆਂਗਾ।

ਰਿਖੀ ਜੀ-ਪਰ ਕੋਈ ਅਪਨੇ ਜੈਸਾ ਅੱਛਾ ਕਰਨਾ। ਹਮ ਨੇ ਦੇਖਾ ਹੈ, ਬਹੁਤ ਐਸੇ ਹੈਂ ਜਿਨਕੇ ਆਚਰਨ ਅੱਛੇ ਨਹੀਂ। ਹੈਰਾਨ ਹੈਂ ਕਿ ਇਸ ਅੰਮ੍ਰਿਤ ਗੰਗਾ ਕੇ ਸ਼ਨਾਨ ਕਰਨ ਵਾਲੇ ਕਿਉਂ ਆਪ ਐਸੇ ਹੀ ਰਹਿ ਜਾਤੇ ਹੋ? ਖਿਮਾ ਕਰਨਾ।

ਮਰਮ ਸਿੰਘ-ਰਿਖੀ ਜੀ! ਬੇਅਦਬੀ ਮੁਆਫ ਕਰਨੀ, ਏਹ ਸੱਜਣ ਤਾਂ ਆਪਦੇ ਸੱਦੇ ਹੋਏ ਕਥਾ ਕੀਰਤਨ ਕਰਨ ਆਏ ਸਨ, ਤੇ ਮੈਂ ਨਿਰਾ ਆਪਦੇ ਦਰਸ਼ਨ ਲਈ ਆਯਾ ਸਾਂ। ਮੈਂ ਮਹਿਮਾ ਸੁਣੀ ਸੀ ਕਿ ਆਪ ਬਾਣੀ ਦੇ ਰਸੀਏ ਹੋ ਤੈ ਇਸ ਦਰੋਂ ਆਪ ਨੂੰ ਠੰਢ ਪਈ ਹੈ; ਮੇਰਾ ਜੀ ਸੀ ਕਿ ਐਸਿਆਂ ਦੇ ਜੀਵਨ ਤਜਰਬੇ ਸੁਣਾਂ ਤਾਂ ਕੁਛ ਸ਼ਾਇਦ ਲਾਭ ਪੁੱਜੇ। ਮੈਂ ਇਕ ਜਗ੍ਯਾਸੂ ਹਾਂ ਜੋ ਡਕੋ ਡੋਲੇ ਖਾ ਰਿਹਾ ਹਾਂ ਤੇ ਜਗਤ ਦੇ ਕਈ ਪ੍ਰਸਿੱਧ ਖਣੇ ਬੈਠਿਆਂ ਦੇ ਚਰਨ ਸੇਵ ਕੇ ਸਗੋਂ ਵਧੇਰੇ ਹਨੇਰੇ ਵਿਚ ਜਾ ਪਿਆ ਹਾਂ।

ਰਿਖੀ ਜੀ ਸੁਣਕੇ ਮੁਸਕ੍ਰਾ ਪਏ, ਫੇਰ ਨੈਣ ਭਰ ਆਏ ਤੇ ਕਹਿਣ ਲਗੇ :- ਭਾਈ ਐਸਾ ਹੀ ਹੋਤਾ ਹੈ। ਜਗਤ ਜਲਦੀ ਮੇਂ ਹੈ, ਜਗਤ ਜਾਨੇ ਯਾ ਅਨਜਾਨੇ ਚਾਹਤਾ ਹੈ ਕਿ ਉਸ ਕੋ ਧੋਖਾ ਮਿਲੇ, ਜਗਤ ਕੋ ਫਿਰ ਐਸੇ ਹੀ ਆਗੂ ਮਿਲਤੇ ਹੈਂ। ਐਸੇ ਆਗੂ ਚਾਹਤੇ ਹੈਂ ਕਿ ਕੋਈ ਮੂਰਖ ਹਮਾਰੇ ਪੀਛੇ ਚਲੇ ਤੋ ਹਮਾਰਾ ਬੀ ਐਸ਼੍ਵਰਜ ਬਨੇ। 'ਸੱਚ', ਅੰਦਰ ਬਾਹਰ 'ਸੱਚ' ਕਹਾਂ ਮਿਲਤਾ ਹੈ? ਬਾਬਾ! ਅਸਲ ਬਾਤ ਕਠਨ ਹੈ ਔਰ ਦੂਰ ਹੈ। (ਫਿਰ ਤ੍ਰਬ੍ਰਕਕੇ) ਪਰ ਸਹਿਲ ਹੈ, ਸੁਗਮ ਹੈ, ਨਿਕਟ ਹੈ, ਹਾਂ ਨਿਕਟ ਹੈ। (ਫਿਰ ਹੱਥਾਂ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਲ ਇਸ਼ਾਰਾ ਕਰਕੇ) ਇਸ ਅੰਮ੍ਰਿਤ ਤ੍ਰੰਗਨੀ ਨੱਯਾ ਮੇਂ ਸ਼ਨਾਨ ਕਰੋ, ਯਿਹ ਗੁਰੂ ਨਾਨਕ ਕੀ ਅੰਮ੍ਰਿਤ ਗੰਗਾ ਘਰ ਘਰ ਮੇਂ ਹੈ, ਸ਼ਨਾਨ ਕਰੋ, ਪੀਓ (ਇਹ ਕਹਿਕੇ ਨੈਣ ਭਰ ਲਿਆਏ)............। ਮੇਰਾ ਯਿਹ ਆਸ਼ਾ ਨਹੀਂ ਕਿ ਸਤਿਸੰਗ ਨਾ ਕਰੋ। ਪਰੰਤੂ ਨਾਮ ਕੇ ਪ੍ਰੇਮੀ ਸੰਤ ਕਾ ਸਤਿਸੰਗ ਕਰੋ। ਅਸਲ ਢੂੰਡੋ, ਨਕਲ ਮੇਂ ਨਾ ਫਸੋ। ਪਰੰਤੂ ਗੁਰਬਾਣੀ ਕੇ ਪ੍ਰੇਮ ਮੈਂ ਨਿਮਗਨ ਹੋ ਜਾਓ, ਯਿਹ ਬਹੁਤ ਅਮੋਲਕ ਸੁਖਦਾਤੀ ਹੈ। ਹਾਂ ਹਮ ਹੀ ਨਹੀਂ ਕਹਿਤੇ, ਹਮਕੋ ਏਕ ਸੰਤ ਮਿਲੇ ਥੇ, ਉਨਕਾ ਨਾਮ ਥਾ ਰਾਮ ਸ਼ਰਣਿ*। ਉਨਕੋ ਬੀ ਇਸੀ ਅੰਮ੍ਰਿਤ ਗੰਗਾ ਸੇ ਸ਼ਾਂਤਿ ਮਿਲੀ ਥੀ। ਵਹੁ ਕਹਿਤੇ ਥੇ ਕਿ ਹਠ ਯੋਗ ਕੀ ਕਿਸੀ ਪ੍ਰਕ੍ਰਿਆ ਮੇਂ ਭੂਲ ਹੋ ਜਾਨੇ ਸੇ ਵੋਹ ਖਫਕਾਨ ਮੇਂ ਆ ਗਏ ਥੇ, ਔਰ ਕਿਸੀ ਜਲਤੀ ਆਗ ਮੇਂ ਸੇ ਕੂਦ ਕੇ ਨਿਕਲ ਕਰ ਤਲਾਬ ਮੇਂ ਛਲਾਂਗ ਲਗਾ ਦੀ। ਨਿਕਲੇ ਤੋਂ ਬਦਨ ਛਾਲੋਂ ਸੇ ਭਰ ਗਿਆ! ਬਹੁਤ ਇਲਾਜ ਹੂਏ ਪ੍ਰੰਤੂ ਆਰਾਮ ਨ ਹੂਆ। ਵੈਦੋਂ ਡਾਕਟਰੋਂ, ਹਕੀਮੋਂ ਨੇ ਬੋਲ ਦੀਆ ਕਿ ਅਬ ਤੁਮ੍ਹਾਰਾ ਕੁਛ ਨਹੀਂ ਬਨੇਗਾ। ਵੋਹ ਕਹਿਤੇ ਥੇ ਕਿ ਮੈਂ

* ਇਸ ਸੁਭਾਗ ਸੰਤ ਜੀ ਤੋਂ ਸੰਤ ਸੰਗਤ ਸਿੰਘ ਜੀ ਨੇ ਸੰਸਕ੍ਰਿਤ ਪੜ੍ਹੀ ਸੀ।


www.sikhbookclub.com

ਇਸ ਹਾਲ ਮੇਂ ਪੜਾ ਥਾ ਕਿ ਏਕ ਸੁਫੈਦ ਬਸਤ੍ਰੋਂ ਵਾਲੇ ਰਮਤੇ ਸਾਧੂ ਆ ਗਏ। ਕਹਿਨੇ ਲੱਗੇ ਕਿਉਂ ਰੋਤਾ ਹੈ? ਮੈਨੇ ਸਾਰੀ ਵਿਥਯਾ ਕਹੀ ਔਰ ਬਦਨ ਦਿਖਾਇਆ। ਸੁਨਕੇ ਕਹਿਨੇ ਲਗੇ ਰੋਗ ਤੋਂ ਅਸਾਧ ਹੈ, ਪਰੰਤੂ ਏਕ ਵੈਦ ਬੀ ਹੈ ਜੋ ਅਸਾਧ ਰੋਗੋਂ ਕੋ ਖੰਡਨ ਕਰ ਦੇਤਾ ਹੈ। ਮੈਨੇ ਕਹਾ ਪਤਾ ਬਤਾਈਏ, ਪਰਮ ਅਨੁਗ੍ਰਹ ਹੋਗੀ। ਫਿਰ ਵੁਹ ਬੜੇ ਆਰਾਮ ਸੇ ਮੁਝੇ ਉਠਾ ਲੈ ਗਏ ਔਰ ਇਕ ਜਗਹ ਲਿਟਾ ਦੀਆ। ਕਹਿਨੇ ਲਗੇ ਯਿਹ ਗੁਰੂ ਨਾਨਕ ਕਾ ਗੁਰਦੁਆਰਾ ਹੈ, ਇਸ ਕੇ ਅੰਦਰ ਅੰਮ੍ਰਿਤ ਬਾਣੀ ਕਾ ਪ੍ਰਵਾਹ ਹਰ ਵਕਤ ਚਲਤਾ ਹੈ, ਵੁਹ ਤੇਰੇ ਕਾਨੋਂ ਮੇਂ ਪੜੇਗਾ। ਜਉ ਤੂੰ ਚਾਲੀਸ ਰੋਜ਼ ਤਕ ਯਹਾਂ ਪਰ ਪੜਾ ਸੁਨਤਾ ਰਹੇਗਾ ਤੋ ਅਰੋਗ ਹੋ ਜਾਏਗਾ। ਦੇਖ ਤੂੰ ਜੋਗੀ ਹੈ: ਪੰਡਤ ਹੈ, ਹਮਾਰਾ ਬਚਨ ਮਾਨ ਕੇ ਇਸ ਵੈਦ ਕਾ ਅਬ ਰੰਗ ਦੇਖ। ਵੋਹ ਤੋ ਚਲ ਦੀਏ। ਮੈਂ ਵਹਾਂ ਪਰ ਪੜਾ ਰਹਾ। ਮੇਰੇ ਕਾਨੋਂ ਮੈਂ ਵੁਹ ਅੰਮ੍ਰਿਤ ਧੁਨਿ ਆਨੇ ਲਗੀ। ਜੈਸੇ ਮੈਂ ਸੁਨਤਾ ਥਾ ਠੰਢ ਪੜਤੀ ਥੀ ਔਰ ਮਨ ਜੁੜਤਾ ਥਾ। ਉਸੀ ਮੰਦਰ ਕੇ ਭਾਈ ਜੀ ਆਕਰ ਮੇਰੀ ਸੇਵਾ ਕਰ ਜਾਤੇ, ਖਾਨੇ ਕੋ ਬੀ ਦੇ ਜਾਤੇ ਔਰ ਆਰਾਮ ਕਾ ਬੀ ਪ੍ਰਬੰਧ ਕਰ ਜਾਤੇ। ਉਨਕੋ ਪਤਾ ਲਗ ਗਿਆ ਥਾ ਕਿ ਮੈਂ ਸ਼ਰੀਰ ਕੀ ਅਰੋਗਤਾ ਕੇ ਵਾਸਤੇ ਬਾਣੀ ਸੁਣਨੇ ਕੋ ਯਹਾਂ ਪਰ ਪੜਾ ਹੂੰ ਔਰ ਜਗਤ ਮੇਂ ਮੇਰਾ ਕੋਈ ਨਹੀਂ ਹੈ। ਵੋਹ ਭੇਦੂ ਪੁਰਸ਼ ਤਨ ਮਨ ਸੇ ਮੇਰੀ ਸੇਵਾ ਕਰਤਾ ਰਹਾ। ਮੈਂ ਭੀ ਵਹਾਂ ਪੜਾ ਸੁਨਤਾ ਰਹਾ। ਚਾਲੀਸ ਦਿਨ ਕੇ ਬਾਦ ਮੇਰੀ ਕਾਇਆ ਅਰੋਗ ਹੋ ਗਈ, ਔਰ ਅਸਚਰਜ ਯਿਹ ਹੂਆ ਕਿ ਮੇਰਾ ਮਨ ਕੰਚਨ ਕੀ ਤਰਹ ਸ੍ਵੱਛ ਔਰ ਤੇਜਮਯ ਹੋ ਗਿਆ*।

--o--

੩.

**ਬਈ** ਖਾਲਸਾ ਜੀ! ਆਸਚਰਜ ਨ ਮਾਨੋਂ, ਹਮ ਨੇ ਕਥਾ ਕਹਾਣੀ ਨਹੀਂ ਸੁਨਾਈ; ਹਮ ਨੇ ਤੋ ਬੀਤੀ ਹੂਈ ਬਾਤ ਸੁਨਾਈ ਹੈ। ਅਭੀ ਤੁਮਾਰੇ ਦੇਸ਼ ਮੇਂ ਕਈ ਲੋਕ ਜੀਤੇ ਹੈਂ ਜੋ ਉਨ ਕੋ ਜਾਨਤੇ ਹੈਂ। ਅਰੋਗ ਹੋਨੇ ਕੇ ਬਾਦ ਉਨਕਾ ਫਿਰ ਯਿਹ ਨਿਯਮ ਥਾ ਕਿ ਜਹਾਂ ਗਏ, ਸੁਨਾ ਕਿ ਵਹਾਂ ਪਰ ਮਹਾਰਾਜ ਗੁਰੂ ਗ੍ਰੰਥ ਸਾਹਿਬ ਜੀ ਕਾ ਪ੍ਰਕਾਸ਼ ਹੈ ਤੋ ਜਾਤੇ, ਬਾਹਰ ਸਾਤ ਦਫਾ ਡੰਡਵਤ ਪ੍ਰਣਾਮ ਕਰਤੇ, ਫਿਰ ਸਾਤ ਬੱਤੀ ਧੂਪ ਕੀ ਦਰਵਾਜ਼ੇ ਮੇਂ ਜਲਾਤੇ, ਫਿਰ ਅੰਦਰ ਜਾ ਕਰ ਡੰਡਵਤ ਪ੍ਰਣਾਮ ਕਰਕੇ ਏਕ ਸ਼ਲੋਕ ਪੜਤੇ। ਵੋਹ ਸ਼ਲੋਕ ਤੋ ਹਮ ਕੋ ਯਾਦ ਨਹੀਂ, ਪਰ ਉਸਕਾ ਅਭਿਪ੍ਰਾਯ ਯਹ ਥਾ ਕਿ 'ਹੇ ਅੰਮ੍ਰਿਤ ਕੀ ਗੰਗਾ! ਤੂੰ ਧੰਨ ਹੈਂ, ਅਹੋ ਭਾਗ ਉਨਕੇ ਜਿੰਨ੍ਹੋ ਨੇ ਤੇਰੇ ਮੇਂ ਸ਼ਨਾਨ ਕੀਆ। ਅਹੋਂ ਭਾਗ ਉਨਕੇ ਜਿੰਨ੍ਹੋਂ ਨੇ ਤੇਰਾ ਅੰਮ੍ਰਿਤ ਪੀਆ। ਮੈਂ ਤੋਂ ਤੇਰੇ ਦਰਸ਼ਨ ਮਾਤ੍ਰ ਸੇ ਹੀ ਕ੍ਰਿਤ ਕ੍ਰਿਤ ਹੋ ਗਿਆ ਹੂੰ, ਅਹੋ ਭਾਗ ਮੇਰੇ ਬੀ ਕਿ ਜੋ ਦਰਸ਼ਨ ਪਾ ਕਰ ਸਫਲ ਹੂਆ! ਤੂੰ ਧੰਨਯ ਹੈਂ, ਤੂੰ ਧੰਨਯ ਹੈਂ!' ਯੇਹ ਸੰਤ ਐਸੇ ਵੈਸੇ ਨਹੀਂ ਥੇ, ਮਹਾਨ ਪੰਡਤ ਥੇ; ਹੱਠ ਯੋਗ ਔਰ ਨਾਦ ਔਰ ਰਾਜ ਜੋਗ ਕੇ ਅਭਯਾਸੀ ਥੇ ਪਹਿਲੇ। ਪਰੰਤੂ ਇਸ ਬਾਣੀ ਕੇ ਐਸੇ ਪ੍ਰੇਮੀ ਹੋ ਗਏ ਥੇ ਕਿ ਯਹੀ ਉਨਕਾ ਇਸ਼ਟ ਹੋ ਗਿਆ ਥਾ, ਜੋ ਉਨਕੋ ਪਾਠ ਸੁਨਾਏ ਉਸ ਪਰ ਬਲਿਹਾਰ ਹੋ ਜਾਤੇ ਥੇ। ਯਿਹ ਤੋ ਹੈ ਉਨਕੀ ਵਿਥਿਆ। ਅਬ ਹਮਾਰੀ ਸੁਣੋ-ਹਮ ਨੇ ਬੀ ਹਠ ਯੋਗ ਕੀਆ, ਸਰੀਰ ਅਰੋਗ ਔਰ ਕੁਸ਼ਲ ਹੋ ਗਿਆ। ਯੋਗੀ ਗੁਰੂ ਸੇ ਹਮ ਨੇ ਯਾਚਨਾ ਕੀ ਕਿ ਅਬ ਮਨ ਕੀ ਮੈਲ ਕੀ ਨਿਵਰਤੀ ਬੀ ਕਰਦੋ। ਕਹਿਨੇ ਲਗੇ ਹਮ ਤੋ ਹਠ ਜੋਗੀ ਹੈਂ, ਮਨ ਕੇ ਵਾਸਤੇ ਅਬ ਦੂਸਰਾ ਰਾਜ ਯੋਗ ਕਰੋ। ਹਮ ਨੇ ਕਹਾ: ਸਿਖਾਓ, ਤੋਂ ਵੋਹ ਸਤਯ-ਵਾਦੀ ਕਹਿਨੇ ਲਗੇ: ਯਿਹ ਖੇਲ ਹਮਾਰੇ ਪਾਸ ਐਸਾ ਨਹੀਂ ਕਿ ਉਸਤਾਦੀ ਕਰ ਸਕੇਂ ਔਰ ਬਿਨਾ

---

* ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ (ਅਨੰਦ)

ਤਥਾ:-- ਗੁਰ ਕੀ ਬਾਣੀ ਸਿਉ ਰੰਗੁਲਾਇ॥ ਗੁਰੁ ਕਿਰਪਾਲੁ ਹੋਇ ਦੁਖੁ ਜਾਇ। (ਆਸਾ ਮ: ੫-੬੭)

ਤਥਾ:-- ਗੁਰ ਕੀ ਬਾਣੀ ਜਿਸੁ ਮਨਿ ਵਸੈ॥ ਦੂਖੁ ਦਰਦੁ ਸਭੁ ਤਾਕਾ ਨਸੈ॥ (ਪ੍ਰਭਾ: ਮ: ੫-੮)


www.sikhbookclub.com

ਪੂਰੇ ਜਾਨਕਾਰ ਹੋਨੇ ਕੇ ਹਮ ਰਸਤਾ ਨਹੀਂ ਦਿਖਾਏਂਗੇ, ਪਾਖੰਡ ਹਮ ਨੇ ਕਰਨਾ ਨਹੀਂ। ਤਬ ਹਮ ਨੇ ਉਨ ਕੇ ਸਤਜ ਸੁਭਾਵ ਕੋ ਨਮਸਕਾਰ ਕੀਆ। ਫਿਰ ਰਾਜ ਜੋਗੀ ਢੂੰਡੇ, ਪਰੰਤੂ ਤਸੱਲੀ ਵਾਲਾ ਨਾ ਮਿਲਾ। ਯੋਗ ਸ਼ਾਸਤ੍ਰ ਪੜ੍ਹਾਨੇ ਵਾਲੇ ਮਿਲੇ, ਕੁਛ ਐਸੇ ਸਾਧਨ ਵਾਲੇ ਬੀ ਮਿਲੇ। ਫਿਰ ਹਮ ਨੇ ਬੀ ਯਤਨ ਕੀਆ, ਪਰੰਤੂ ਜੋ ਹਮ ਚਾਹਤੇ ਥੇ ਵੋਹ ਅਵਸਥਾ ਨਾ ਭਈ, ਇਨ੍ਹੀ ਦਿਨੋਂ ਮੇਂ ਹਮੇਂ ਵੇਦਾਂਤ ਵਿਦਜਾ ਕੇ ਏਕ ਸੰਤ ਮਿਲ ਗਏ, ਉਨ੍ਹੋਂ ਨੇ ਕਹਾ ਕਲੂ ਕਾਲ ਹੈ, ਯੋਗੀ ਅਬ ਕਹਾਂ ਹੈਂ, ਆਪ ਵੇਦਾਂਤ ਪੜ੍ਹੋ ਸਭ ਸ਼ਾਸਤਰੋਂ ਕਾ ਸ਼ਿਰੋਮਣ ਹੈ। ਹਮ ਨੇ ਪੜ੍ਹਾ, ਸਮਝਾ, ਬੁੱਧੀ ਤੀਕਸ਼ਣ ਹੋ ਗਈ, ਸਮਝ ਮੇਂ ਬੀ ਬਾਤ ਆ ਗਈ, ਪਰੰਤੂ ਹਮਾਰੇ ਭਾਗ, ਹਮ ਕੋ ਵੁਹ ਗਜਾਨ ਨਾ ਮਿਲਾ, ਜਿਸਕੀ ਬਾਬਤ ਉਪਨਿਸ਼ਦ ਕਹਿਤੀ ਹੈ ਕਿ ਵੁਹ ਪ੍ਰਕਾਸ਼ ਔਰ ਤੇਜ਼ ਸਰੂਪ ਹੈ। ਹਮ ਸਾਧਨ, ਜੋ ਹਮਕੋ ਹਠ ਔਰ ਰਾਜ ਯੋਗ ਕੇ ਪਤਾ ਥੇ, ਕਰਤੇ ਰਹੇ ਔਰ ਸ਼ਾਸਤ੍ਰ ਬੀ ਪੜਤੇ, ਪ੍ਰੰਤੂ ਹਿਰਦੇ ਮੇਂ ਕੁਛ ਕਮੀ, ਨਯੂਨਤਾ, ਬੇਚੈਨ ਅਵਸਥਾ ਹੀ ਰਹੀ। ਫਿਰ ਹਮ ਕੋ ਦੋ ਏਕ ਔਰ ਸੇ ਭੇਟ ਭਈ। ਨਾਦਾਨੁਸੰਧਾਨ ਔਰ ਗੁਪਤ ਤਰੀਕੇ ਸੁਨੇ, ਕੀਏ ਪਰੰਤੂ ਕਛੂ ਨਾ ਭਇਆ। ਏਕ ਦਿਨ ਦੈਵ ਯੋਗ ਸੇ ਹਮਨੇ ਬੀ ਕਿਸੀ ਏਕ ਮਿੱਤ੍ਰ ਕੇ ਗ੍ਰਿਹ ਗੁਰੂ ਕੀ ਬਾਣੀ ਸੁਨੀ। ਇਸ ਕੇ ਸੁਨਤੇ ਹੀ ਐਸਾ ਅਸਰ ਹੂਆ ਕਿ ਜੈਸੇ ਕੋਈ ਖੋਇਆ ਹੂਆ ਅਪਨੇ ਗ੍ਰਿਹ ਕਾ ਰਸਤਾ ਪਹਿਚਾਨ ਲੇਤਾ ਹੈ। ਏਕ ਸਾਧੂ ਏਕਾਂਤ ਰਹਾ ਕਰਤੇ ਥੇ, ਹਮ ਉਨ ਸੇ ਮਿਲੇ, ਵੋਹ ਇਸੀ ਬਾਣੀ ਕੇ ਉਪਾਸਕ ਥੇ। ਹਮਾਰੀ ਵਿਥਜਾ ਸੁਨ ਕਰ ਕਹਿਨੇ ਲਗੇ, ਅਬ ਤੁਮ ਠੀਕ ਰਸਤੇ ਪਰ ਆ ਗਏ ਹੋ। ਯਹੀ ਬਾਣੀ ਉਧਾਰ ਕਰੇਗੀ। ਇਸ ਬਾਣੀ ਕਾ ਉਪਾਸਕ ਨਿਰਮਲ ਹੋ ਜਾਤਾ ਹੈ, ਵੁਹ ਕਿਸੀ ਸੇ ਬੁਰਾ ਨਹੀਂ ਕਹਤਾ, ਵੁਹ ਸਰਬ ਅਵਤਾਰੋਂ ਔਰ ਪੈਗੰਬਰੋਂ ਕੋ ਮਨਮਾਨ ਸੇ ਦੇਖਤਾ ਹੈ। ਕਿਸੀ ਕੀ ਨਿੰਦਾ ਨਹੀਂ ਕਰਤਾ, ਪਰੰਤੂ ਵੁਹ ਗੁਰ ਨਾਨਕ ਦੇਵ ਕੋ ਇਸ਼ਟ ਦੇਵ ਮਾਨਤਾ ਹੈ ਔਰ ਉਨਕੀ ਬਾਣੀ ਕੇ ਬਤਾਏ ਸਤਜ ਮਾਰਗ ਪਰ ਚਲਤਾ ਹੈ। ਬਾਣੀ ਉਸਕੋ ਕਹਿਤੀ ਹੈ ਈਸ਼ਵਰ ਪਰੀ ਪੂਰਨ ਹੈ, ਤੁਮ੍ਹਾਰੇ ਰਿਦੇ ਮੇਂ ਹੈ, ਤੁਮ ਭੂਲੇ ਰਹਤੇ ਹੋ ਇਸ ਬਾਤ ਸੇ ਕਿ ਵੁਹ ਰਿਦੇ ਮੇਂ ਹੈ। ਚਿੰਤਨ ਕਰੋ ਕਿ ਵੋਹ ਹਿਰਦੇ ਮੇਂ ਹੈ। ਹੈ ਤੋਂ ਵੋਹ ਸਦਾ, ਤੁਮ ਭੂਲਤੇ ਹੋ; ਤੁਮਾਰਾ ਅੰਧਕਾਰ ਤੁਮਾਰੀ ਭੂਲ ਹੈ। ਭੂਲ ਦੂਰ ਕਰੋ, ਸਿਮਰਨ ਮੇਂ ਰਹੋ, ਯਾਦ ਮੇਂ ਰਹੋ। ਮਤ ਭੂਲੋ ਕਿ ਵੁਹ ਹਿਰਦੇ ਮੇਂ ਹੈ। ਵੋਹੀ ਜੋ ਅੰਤਰ ਹੈ ਵੁਹੀ ਫਿਰ ਬਾਹਰ ਹੈ। ਜਬ ਤੁਮ ਇਸੀ ਅੱਭਜਾਸ ਮੇਂ ਰਹੋਗੇ ਤੋ ਜੋ ਤੁਮ ਚਾਹਤੇ ਹੋ ਵੁਹੀ ਪ੍ਰਾਪਤ ਹੋ ਜਾਏਗਾ, ਕੇਵਲ ਮਨ ਕਾ ਗਜਾਨ ਏਕ ਮਨੋਮਯ ਮਾਨ ਲੇਨਾ ਮਾਤ੍ਰ ਹੈ। ਅਵਸਥਾ ਹੋ ਜਾਨੀ ਵੁਹ ਈਸ਼ੂਰ ਕੀ ਸਮੀਪਤਾ ਔਰ ਅਨੁਗ੍ਰਹਿ ਸੇ ਹੋਤੀ ਹੈ। ਅਨੁਗ੍ਰਹਿ ਤੋਂ ਈਸ਼ੂਰ ਕਾ ਕਾਮ ਹੈ ਪਰੰਤੂ ਸਮੀਪਤਾ ਉਸ ਕੇ ਸਿਮਰਨ ਸੇ ਹੋਤੀ ਹੈ ਔਰ ਸਿਮਰਨ ਮੈਂ ਯਿਹ ਬਾਣੀ ਜੈਸਾ ਲਗਾ ਦੇਤੀ ਹੈ ਔਰ ਕੋਈ ਨਹੀਂ ਲਗਾ ਸਕਤਾ। ਇਸ ਬਾਣੀ ਕੋਂ ਨਿਤ ਪੜੋ[1]। ਯਿਹ ਉਪਦੇਸ਼ ਰੂਪ[2] ਬੀ ਹੈ। ਯਿਹ ਮੰਤ੍ਰ ਰੂਪ[3] ਬੀ ਹੈ, ਯਿਹ ਗੁਰੂਰੂਪ[4] ਬੀ ਹੈ, ਯਿਹ ਤੇਜਮਯ[5] ਔਰ ਸ਼ਕਤੀਮਾਨ ਬੀ ਹੈ। ਇਸਕਾ ਪਾਠ ਕਰੋ, ਇਸਕੀ ਵੀਚਾਰ ਕਰੋ, ਇਸ ਕਾ ਕੀਰਤਨ ਕਰੋ ਔਰ ਸੁਨੋ[6] ਯਿਹ ਬਾਣੀ ਨਿਜ ਘਰ ਪਹੁਚਾਨੇ ਵਾਲੀ ਹੈ[7] ਇਸਕਾ ਅਦਬ ਕਰੋ, ਇਸਕੋ ਪਿਆਰ ਕਰੋ, ਇਸ ਸੇ

---

1· ਨਿਤ ਉਠਿ ਗਾਵਹੁ ਪ੍ਰਭ ਕੀ ਬਾਣੀ (ਪ੍ਰਭਾਤੀ ਮ: ੫-੯)

2· ਪੂਰੇ ਗੁਰ ਕਾ ਸੁਨਿ ਉਪਦੇਸੁ॥ (ਸੁਖਮਨੀ)

3 ਬਾਣੀ ਮੰਤ੍ਰ ਮਹਾ ਪੁਰਖਨ ਕੀ ਮਨਹਿ ਉਤਾਰਨ ਮਾਨ ਕਉ॥ (ਸਾਰੰਗ ਮ: ੫-੨੦)

4· ਬਾਣੀ ਗੁਰੂ ਗੁਰੂ ਹੈ ਬਾਣੀ॥ (ਨਟ ਮ: ੪-ਅਸ਼੍ਟ-੪)

5· ਬਾਣੀ ਮੁਖਹੁ ਉਚਾਰੀਐ ਹੁਇ ਰੁਸਨਾਈ ਮਿਟੈ ਅੰਧਿਆਰਾ॥ (ਭਾ. ਗੁ. ਵਾ: ੧-੩੮)

6· ਪ੍ਰਭ ਬਾਣੀ ਸਬਦੁ ਸੁ ਭਾਖਿਆ॥ ਗਾਵਹੁ ਸੁਣਹੁ ਪੜਹੁ ਨਿਤ ਭਾਈ ਗੁਰ ਪੂਰੈ ਤੂ ਰਾਖਿਆ। (ਸੋਰਠ ਮ: ੫-੧੧)

7· ਗੁਰਬਾਣੀ ਸੁਨਤ ਮੇਰਾ ਮਨੁ ਦ੍ਰਵਿਆ ਮਨੁ ਭੀਨਾ ਨਿਜ ਘਰਿ ਆਵੈਗੋ॥ (ਕਾਨੜਾ ਮ: ੪-ਅਸ਼ਟ-੧)

ਤਥਾ--ਗੁਰਬਾਣੀ ਮਨ ਧਾਇ ਨਿਜ ਘਰ ਆਵਈ॥ (ਭਾ. ਗੁ:)

ਮਨ[1] ਲਗਾਓ। ਸੋ ਖਾਲਸਾ! ਜਬਿ ਸੇ ਹਮ ਇਸ ਬਾਣੀ ਕੇ ਪ੍ਰੇਮੀ ਭਏ ਹੈਂ, ਹਮ ਸੁਖੀ ਹੈ। ਪਰੰਤੂ ਖਿਮਾ ਕਰਨੀ, ਹਮ ਕੋ ਤੋ ਬਹੁਤ ਦੁਖੋਂ ਕੇ ਪਸ਼ਚਾਤ, ਯਹ ਅੰਮ੍ਰਿਤ ਪ੍ਰਾਪਤ ਭਇਆ। ਆਪ ਲੋਗੋਂ ਕੋ ਯਹਿ ਅੰਮ੍ਰਿਤ ਕੀ ਨਯਾ ਸੁਗਮ ਪ੍ਰਾਪਤ ਹੈ, ਪਰੰਤੂ ਆਪ ਲੋਕ ਇਸ ਅੰਮ੍ਰਿਤ ਕੋਂ ਕਿਉਂ ਨਹੀਂ ਪੀਤੇ, ਅਸਚਰਜ ਹੋਤਾ ਹੈ ਦੇਖ ਕਰ, ਹੈਂ! ਖਿਮਾ ਕਰਨੀ, ਹਮ ਭੁਲਨਹਾਰ ਹੈਂ।

ਇਹ ਕਹਿਕੇ ਫੇਰ ਨੈਣ ਭਰ ਲਿਆਏ, ਫੇਰ ਕਹਿਣ ਲਗੇ, ਇਸੀ ਸ਼ਹਿਰ ਅੰਮ੍ਰਿਤਸਰ ਮੇਂ ਏਕ ਔਰ ਮਹਾਤਮਾ ਹੂਏ ਹੈਂ। ਉਨ ਕੋ ਮਥਰਾ ਕੇ ਲੋਗ ਛੋਟੇ ਪਰਮਹੰਸ' ਕਹਾ ਕਰਤੇ ਥੇ, ਬਿੰਦਰਾ ਬਨ ਮੇਂ ਗੁਵਰਧਨ ਪਰਬਤ ਪਰ ਉਨਕੀ ਕੁਟੀ ਥੀ। ਮਥਰਾ ਕੇ ਕਈ ਸੇਠ ਉਨਕੋਂ ਮਾਨਤੇ ਥੇ। ਉਨੋਂ ਨੇ ੨੩ ਬਰਸ ਯੋਗਾਭਜਾਸ ਔਰ ਸ਼ਾਸਤ੍ਰ ਅਧਜੈਨ ਜਿਹਲਮ ਕੇ ਇਲਾਕੇ ਕਿਸੀ ਸੰਤ ਕੇ ਪਾਸ ਰਹਿ ਕਰ ਕੀਆ ਥਾ। ਕਈ ਸੰਸਕ੍ਰਿਤ ਕੇ ਸ਼ਾਸਤ੍ਰ ਕੰਠਾਗ੍ਰ ਥੇ। ਵੋਹ ਅਪਨੀ ਪਿਛਲੀ ਅਵਸਥਾ ਮੇਂ ਯਹਾਂ ਪਰ ਆ ਗਏ। ਕ੍ਰਿਸ਼ਨ ਜੀ ਕਾ ਧਜਾਨ ਬੀ ਉਹ ਸਿੱਧ ਕਰ ਚੁਕੇ ਥੇ। ਜਬ ਉਨਕੇ ਕਾਨੋਂ ਮੇਂ ਗੁਰਬਾਣੀ ਕੀ ਮਧੁਰ ਧੁਨਿ ਪੜੀ, ਬਸ ਪ੍ਰੇਮੀ ਹੋ ਗਏ। ਫਿਰ ਤੋਂ ਵੁਹ ਦਰਬਾਰ ਸਾਹਿਬ ਹੀ ਰਹਾ ਕਰਤੇ ਥੇ। ਜਬ ਬੜੇ ਬਾਬਾ ਜੀ ਕਾ ਅਖੰਡ ਪਾਠ ਹੋਤਾ ਤੋਂ ਸਾਰੀ ਸਾਰੀ ਰਾਤ ਪਾਠ ਸੁਨਾ ਕਰਤੇ ਥੇ। ਦੇਖੋ ਯਿਹ ਗੁਰਬਾਣੀ ਕਾ ਪ੍ਰਤਾਪ ਕਿ ਉਨਕਾ ਧਜਾਨ ਬਦਲ ਗਿਆ! ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੇ ਧਜਾਨੀ ਹੋ ਗਏ! ਏਕ ਦਿਨ ਵੁਹ ਗੁਰਬਾਣੀ ਬਾਬਤ ਬਾਤ ਕਰਤੇ ਥੇ ਬੜੇ ਆਨੰਦ ਔਰ ਜੁਗਤ ਮੇ। ਕਹਿਨੇ ਲਗੇ ਬਈ ਏਕ ਦਰਿਯਾ ਆ ਗਿਆ ਹੈ ਬੜਾ ਭਾਰੀ, ਪਾਰ ਪੜਨਾ ਹੈ, ਕੈਸੇ ਪਾਰ ਪੜੈਂ? ਸੁਣਨੇ ਵਾਲੇ ਨੇ ਕਹਾ: ਆਪ ਹੀ ਕਹੀਏ। ਤੋ ਕਹਿਨੇ ਲਗੇ, ਤੁਲਹਾ ਹੈ, ਨਾਉਕਾ ਹੈ, ਬੇੜਾ ਹੈ, ਜਹਾਜ਼ ਹੈ, ਕਿਸ ਪਰ ਚੜ੍ਹੋਗੇ। ਸੁਣਨੇ ਵਾਲੇ ਨੇ ਫਿਰ ਕਹਾ ਜਿਸ ਪਲ ਆਪ ਚੜੋਗੇ ਹਮ ਕੋ ਭੀ ਚੜ੍ਹਾ ਲੇਨਾ। ਕਹਿਨੇ ਲਗੇ ਹਮ ਤੋਂ ਕਿਸੀ ਪਰ ਨਹੀਂ ਚੜ੍ਹੇਂਗੇ। ਸੁਣਨੇ ਵਾਲੇ ਨੇ ਕਿਹਾ, ਫਿਰ ਆਪ ਜਿਸ ਤਰ੍ਹਾਂ ਚਲੋਗੇ ਹਮਕੋ ਬੀ ਅਨੁਗ੍ਰਹਿ ਸੇ ਲੇ ਚਲਨਾ। ਕਹਿਨੇ ਲਗੇ ਹਮ ਤੋਂ ਪੁਲ ਪਰ ਸੇ ਜਾਏਂਗੇ। ਭਈ! ਅਬ ਪੁਲ ਬਨ ਗਿਆ ਹੈ ਨਾ। ਦੇਖੋ ਜਿਤਨੇ ਧਰਮੋ ਕੇ ਸ਼ਾਸਤ੍ਰ ਔਰ ਧਰਮ ਪੁਸਤਕ ਹੈਂ ਪਾਰ ਲੇ ਜਾਏਂਗੇ। ਕਿਸੀ ਕੋ ਅਸਮਰਥ ਨਾ ਕਰੋ, ਪਰ ਬਈ ਕੋਈ ਤੁਲਹਾ ਹੈ, ਕੋਈ ਬੇੜੀ ਹੈ, ਕੋਈ ਜਹਾਜ਼ ਸਹੀ, ਪਰੰਤੂ ਯਿਹ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੈਂ, ਯੇਹ ਤੋਂ ਪੁਲ ਹੈ। ਪੁਲ ਪਰ ਸੇ ਖਤਰਾ ਕੋਈ ਨਹੀਂ ਰਹਿਤਾ। ਸਭ ਬਾਲਕ ਬੂਢੇ ਇਸ ਸੇ ਸੁਖੈਨ ਪਾਰ ਹੋ ਜਾਤੇ ਹੈਂ। ਹਮ ਤੋ ਅਬ ਇਸ ਪੁਲ ਕੇ ਰਾਸਤੇ ਪਾਰ ਜਾਏਂਗੇ। ਤੁਮ ਬੀ ਅਬ ਇਸ ਪੁਲ ਕੋ ਮਤ ਛੋੜੋ।

ਇਨ ਸੰਤੋਂ[2] ਕੋ ਇਤਨਾ ਪਿਆਰ ਬਾਣੀ ਸੇ ਹੂਆ ਥਾ ਕਿ ਕਿਤਨੀ ਕੰਠਾਗ੍ਰ ਹੋ ਗਈ। ਜਬ ਬਾਤ ਕਰਤੇ ਥੇ ਸਭ ਦ੍ਰਿਸ਼ਟਾਂਤ ਪ੍ਰਮਾਣ ਗੁਰਬਾਣੀ ਕੇ ਦੇਤੇ ਥੇ। ਜਬ ਇਨਕੋ ਦੇਖੋ ਦਰਬਾਰ ਸਾਹਿਬ ਕੀਰਤਨ ਯਾ ਊਪਰ ਬੜੇ ਬਾਬਾ ਜੀ ਕਾ ਪਾਠ ਸੁਨ ਰਹੇ ਹੈਂ। ਮਛਲੀ ਕੀ ਤਰ੍ਹਾ ਇਸ ਗੁਰਬਾਣੀ ਰੂਪੀ ਗੰਗਾ ਕੇ ਜਲ ਸੇ ਬਾਹਰ ਨਿਕਲਨਾ ਨਹੀਂ ਚਾਹਤੇ ਥੇ। ਯਿਹ ਹਮ ਨੇ ਆਪਕੋ ਸੁਣਾਯਾ ਹੈ ਕਿ ਇਤਰ ਮਤੋਂ ਕੇ ਲੋਗ ਇਸ ਅੰਮ੍ਰਿਤ ਬਾਣੀ ਕੋ ਸੁਣ ਕਰ ਕਿਸ ਤਰ੍ਹਾਂ ਇਸਕੇ ਪ੍ਰੇਮੀ ਹੋ ਗਏ ਔਰ ਸੰਸਾਰ ਸਾਗਰ ਸੇ ਪਾਰ ਪੜੇ। ਔਰ ਯਿਹ ਲੋਗ ਵੋਹ ਲੋਗ ਨਹੀਂ ਥੇ ਕਿ ਜੋ ਅਨਪੜ ਥੇ, ਯਾ ਅਗਰ ਪੜੇ ਥੇ ਤੋ ਅੰਨਜ ਵਿਦਜਾ ਔਰ ਬਿਵਹਾਰਕ ਵਿਦਜਾ ਯਾ ਕੇਵਲ ਪੱਛਮੀ ਵਿਦਜਾ ਰੋਟੀ ਕਮਾਨੇ ਕੀ ਪੜ੍ਹੇ ਥੇ; ਨਹੀਂ ਯਿਹ ਲੋਗ ਸ਼ਾਸਤਰੋਂ ਕੇ ਪੰਡਤ ਥੇ, ਅਭਜਾਸੀ ਥੇ; ਹਠ ਔਰ ਰਾਜ ਯੋਗ ਕੇ ਅਭਜਾਸੀ, ਵੇਦਾਂਤ

---

1. ਸਤਿਗੁਰ ਬਾਣੀ ਪੁਰਖੁ ਪਰਖੋਤਮ ਬਾਣੀ ਸਿਉ ਚਿਤੁ ਲਾਵੈਗੋ॥ (ਕਾਨੜਾ ਮ: ੪ ਅਸ੍ਰ-੧)

2. ਇਹਨਾਂ ਨੂੰ ਆਮ ਲੋਕ ਬੁੰਦਿਆਂ ਵਾਲੇ ਸੰਤ ਕਹਿੰਦੇ ਸਨ। ਇਨ੍ਹਾਂ ਦਾ ਸਰੀਰ ੧੯੦੮ ਈ: ਵਿਚ ਇਸ ਸੰਸਾਰ ਤੋਂ ਵਿਦਾ ਹੋਇਆ ਸੀ।


www.sikhbookclub.com

ਵਿਦਜਾ ਦੇ ਵੇਤੇ ਥੇ। ਇਨ ਅਭ੍ਯਾਸੀ ਔਰ ਪੰਡਤੋਂ ਕੀ ਜਬ ਹੀ ਕਿ ਗੁਰਬਾਣੀ ਸੇ ਭੇਟ ਭਈ, ਬਸ, ਮੋਹਿਤ ਹੋ ਗਏ। ਇਸ ਸੇ ਯਿਹ ਨਾ ਸਮਝਨਾ ਕਿ ਆਪਕੇ ਮਤ ਮੇਂ ਇਸ ਬਾਣੀ ਕੇ ਪ੍ਰੇਮੀ ਨਹੀਂ ਹੂਏ। ਹਮ ਆਗੇ ਜਬਿ ਆਏ ਥੇ ਤੋ ਸੰਤ ਸਵਾਯਾ ਸਿੰਘ ਜੀ ਸੇ ਭੇਟ ਭਈ, ਵਹੁ ਸ਼ਾਸਤ੍ਰ ਵੇਤਾ ਨ ਥੇ, ਕੇਵਲ ਇਸ ਗੁਰਬਾਣੀ ਕੀ ਗੰਗਾ ਮੇਂ ਪ੍ਰਵੇਸ਼ ਕਰਕੇ ਵੂਹ ਮਹਾਂ ਪੁਰਖ ਹੂਏ ਥੇ। ਜਬ ਵੂਹ ਬਾਤ ਕਰਤੇ ਥੇ ਤੋ ਐਸੀ ਸਿਧਾਂਤ ਕੀ ਔਰ ਸਮਝ ਕੀ ਕਿ ਸ਼ਾਸਤ੍ਰ ਵੇਤਾ ਉਨਕੋ ਪੰਡਤਾਈ ਮੇ ਬੀ ਨਿਪੁਨ ਜਾਨਤੇ ਥੇ। ਉਨਕਾ ਉਪਕਾਰ, ਉਨ ਕੀ ਕਰਨੀ, ਉਨ ਕਾ ਨਾਮ ਸੇ ਪ੍ਰੇਮ ਔਰ ਗੁਰਬਾਣੀ ਪਰ ਸ਼੍ਰਧਾ ਯਿਹ ਆਪ ਸਭ ਲੋਗੋਂ ਕੋ ਪਤਾ ਹੈ ਔਰ ਅਨੇਕ ਸਿਘ ਪੂਰਨ ਸੰਤ ਗੁਰਬਾਣੀ ਕੇ ਪ੍ਰੇਮੀ ਹੂਏ ਹੈਂ ਪਰ ਆਪ ਲੋਗ ਜੋ ਕਥਾ ਕੀਰਤਨ ਬਾਣੀ ਕਾ ਕਰਤੇ ਹੋ, ਖਿਮਾ ਕਰਨਾ, ਹਮ ਪ੍ਰੇਮ ਸੇ ਕਹਿਤੇ ਹੈਂ, ਆਪ ਬੀ ਇਸ ਮੇਂ ਸ਼ਨਾਨ ਕਰੋ।

ਕੁਛ ਚਿਰ ਚੁਪ ਛਾਈ ਰਹੀ, ਫੇਰ ਸੁਰੇਂਦ੍ਰ ਨਾਥ ਜੀ ਬੋਲੇ: ਦੇਖੋ ਭਈ ਏਕ ਬੀਤੀ ਹੂਈ ਬਾਤ ਆਪ ਕੋ ਔਰ ਸੁਨਾਏਂ। ਵੂਹ ਬੀ ਇਤਰ ਮਤ ਵਾਲੋਂ ਕੀ ਹੈ ਕਿ ਜਿਨਕੋ ਬਾਣੀ ਪ੍ਰਾਪਤ ਭਈ ਤੌਂ ਪਾਰੰਗਤ ਹੂਏ। ਅਟਾਵੇ ਕੇ ਜ਼ਿਲੇ ਕੇ ਏਕ ਬੜੇ ਰਈਸ ਹਮਕੋ ਰੇਲ ਮੇਂ ਮਿਲੇ ਥੇ, ਚੋਬੇ ਜੀ ਕਰਕੇ ਉਨਕੋ ਬੁਲਾਤੇ ਥੇ। ਵੂਹ ਸ੍ਰੀ ਦਰਬਾਰ ਸਾਹਿਬ ਯਾਤ੍ਰਾ ਕਰਕੇ ਘਰ ਕੋ ਜਾ ਰਹੇ ਥੇ। ਵੂਹ ਕਹਿਤੇ ਥੇ ਕਿ ਹਮਾਰਾ ਜੀਵਨ ਅਤਿ ਮਾਯਾਵੀ ਜੀਵਨ ਥਾ। ਸੋਭਾਗ ਸੇ ਏਕ ਸਿਖ ਯੋਗੀ ਰਾਜ, ਸਿੱਧ ਪੁਰਖ ਹਮਕੋ ਮਿਲ ਗਏ। ਵੂਹ ਗਵਾਲੀਅਰ ਕੇ ਜੰਗਲੋਂ ਮੇਂ ਰਹਤੇ ਥੇ, ਕਭੀ ਅਚਾਨਕ ਕਿਸੀ ਕੋ ਮਿਲ ਜਾਤੇ ਥੇ। ਹਮ ਕੋ ਆਪ ਨੇ ਸੁਖਮਨੀ ਸਾਹਿਬ ਦੀ ਔਰ ਕਹਾ ਪਾਠ ਕਰੋ। ਇਸ ਪਵਿੱਤ੍ਰ ਬਾਣੀ ਕੇ ਪੜ੍ਹਤੇ ਪੜ੍ਹਤੇ ਹਮਾਰੇ ਸਭ ਪਾਪ ਦੂਰ ਹੋ ਗਏ। ਹਮਾਰੇ ਰੋਗ ਦੂਰ ਹੋ ਗਏ। ਹਮ ਬਿਪਤਾ ਮੇਂ ਗ੍ਰਸਤ ਥੇ, ਹਮਾਰੀ ਸਭ ਬਿਪਤਾ ਬਿਲਾ ਗਈ, ਹਮਾਰੇ ਅਰਿਸ਼ਟ ਟਲ ਗਏ। ਗੁਰੂ ਕੇ ਖਾਲਸਾ ਜੀ ! ਯਿਹ ਕਹਾਨੀ ਨਹੀਂ, ਇਸ ਭੱਦ੍ਰ ਪੁਰਖ ਨੇ ਅਪਨੇ ਹਾਲ ਕੀ ਪੋਥੀ ਲਿਖੀ ਹੈ ਜੋ ਹਮਾਰੇ ਪਾਸ ਹੈ। ਯਿਹ ਬਾਣੀ ਕੇ ਇਤਨੇ ਪ੍ਰੇਮੀ ਹੈਂ ਕਿ ਜਹਾਂ ਪਰ ਇਨਕੋ ਸੁਖਮਨੀ ਸਾਹਿਬ ਕਾ ਉਪਦੇਸ਼ ਹੂਆ ਥਾ, ਵਹਾਂ ਪਰ ਉਸੀ ਭੂਮੀ ਪਰ ਇਨੋਂ ਨੇ ਮੰਦਰ ਬਨਵਾਯਾ। ਔਰ ਉਸ ਜਗਹ ਦਿਨ ਰਾਤ ਸੁਖਮਨੀ ਕਾ ਪਾਠ ਹੋਤਾ ਰਹਿਤ ਹੈ। ਏਕ ਪਾਠਕ ਕੇ ਪੀਛੇ ਦੂਸਰਾ ਪਾਠ ਕਰਤਾ ਹੈ। ਵਹੁ ਚੋਬੇ ਜੀ ਕਹਿਤੇ ਥੇ: ਹਮਕੋ ਪਤਾ ਥਾ ਕਿ ਰਾਗ ਜੋ ਹੈ ਸੋ ਕੇਵਲ ਯਹੀ ਰਾਗ ਹੈ ਜੋ ਵੇਸ਼ਵਾ ਗਾਤੀ ਫਿਰਤੀ ਹੈ। ਹਮ ਜਬ ਗੁਰਬਾਣੀ ਕੇ ਜਾਨਕਾਰ ਹੂਏ ਔਰ ਦਰਬਾਰ ਸਾਹਿਬ ਦਰਸ਼ਨ ਕੀਏ ਤੋ ਪਤਾ ਲਗਾ ਕਿ ਰਾਗ ਤੋਂ ਈਸ਼੍ਵਰ ਸੇ ਮਿਲਾਤਾ ਹੈ। ਪਰ ਗੁਰੂ ਕੀ ਕ੍ਰਿਪਾ ਸੇ; ਹਾਂ, ਗੁਰੂ ਨਾਨਕ ਨੇ ਇਸਕੋ ਕੀਰਤਨ ਕਹਾ ਹੈ ਔਰ ਅੰਮ੍ਰਿਤ ਬਾਣੀ ਕੋ ਇਸ ਰਾਗ ਮੇਂ ਗਾਕਰ ਰਾਗ ਕੋ ਅੰਮ੍ਰਿਤ ਕਰ ਦੀਆ ਹੈ। ਰਾਗ ਅਗਨੀ ਹੈ, ਹਿਰਦੇ ਕੋ ਪੰਘਾਰਦੀ ਹੈ, ਗੁਰੂ ਕੀ ਬਾਣੀ ਈਸ਼੍ਵਰ ਕੀ ਮੁਹਰ ਛਾਪ ਹੈ। ਗੁਰਬਾਣੀ ਕੇ ਕੀਰਤਨ ਸੇ ਕਿਆ ਹੋਤਾ ਹੈ ? ਮਨ ਪੰਘਰਤਾ ਹੈ, ਉਸ ਮੇਂ ਬਾਣੀ ਰੂਪਕ ਈਸ਼੍ਵਰ ਕੀ ਮੁਹਰ ਲਗ ਜਾਤੀ ਹੈ।

ਫਿਰ ਚੋਬੇ ਜੀ ਕਹਿਨੇ ਲਗੇ, ਭਈ, ਹਮ ਹਿੰਦੂ ਹੈਂ ਅਵਤਾਰੋਂ ਕੋ ਮਾਨਤੇ ਹੈਂ ਪਰ ਦੇਖੋ ਭਈ ਰਾਮ ਆਏ, ਆਏ ਔਰ ਚਲੇ ਗਏ, ਅਪਨੇ ਸਮੇਂ ਲੋਗੋਂ ਕਾ ਕਲਯਾਨ ਕਰ ਗਏ, ਪਰ ਇਧਰ ਦੇਖੋ ਗੁਰੂ ਰਾਮਦਾਸ ਆਏ, ਆਏ ਔਰ ਫਿਰ ਗਏ ਹੀ ਨਹੀਂ, ਸਰਬ ਕਾਲ ਸਭਕੇ ਉਧਾਰ ਕੋ ਯਹੀਂ ਬੈਠ ਗਏ। ਅਸਚਰਜ ਨ ਹੋਨਾ ਚਾਹੀਏ, ਸ੍ਰੀ ਦਰਬਾਰ ਸਾਹਿਬ ਹਰੀ ਮੰਦਰ ਮੇਂ ਜਾ ਕਰ ਦੇਖੋ ਕਿ ਸ੍ਰੀ ਗੁਰੂ ਰਾਮਦਾਸ ਜੀ ਕੀਰਤਨ ਕਾ ਰੂਪ ਧਾਰ ਕਰ ਬੈਠ ਗਏ ਹੈਂ। ਦਿਨ ਰਾਤ ਦਰਸ਼ਨ ਹੋਤਾ ਹੈ ਕੀਰਤਨ ਕਾ, ਸ਼ਨਾਨ ਹੋਤਾ ਹੈ ਨਿਰਮਲ ਗੰਗਾ, ਬਾਣੀ ਰੂਪ ਗੰਗਾ ਕਾ, ਯਿਹ ਹੈ ਸੰਸਾਰ ਕੇ ਉਧਾਰ ਕੋ ਆਨਾ। ਆਨਾ ਔਰ ਯਹੀਂ ਹਮਾਰੀ ਕਲਯਾਨ ਕੋ ਸਦਾ ਕੇ ਲੀਏ ਬਿਰਾਜ ਜਾਨਾ।

ਭਾਈ ਖਾਲਸਾ ! ਦੂਰ ਦੂਰ ਕੇ ਲੋਗੋਂ ਕੇ ਸਿਰ ਬੀਤੇ ਹਾਲ ਜੋ ਹਮਨੇ ਆਪਕੋ ਸੁਨਾਏ ਹੈਂ ਕਿ

ਜਿਨਹੋਂ ਨੇ ਇਸ ਬਾਣੀ ਸੇ ਆਨੰਦ ਲੀਆ ਹੈ, ਵੁਹ ਚੋਬੇਜੀ ਮਹਾਰਾਜ ਹਮਕੋ ਕਹਿਤੇ ਥੇ ਕਿ ਹਮ ਇਸ ਯਤਨ ਮੇਂ ਲਗ ਰਹੇ ਹੈਂ ਕਿ ਹਮਾਰੇ ਹਾਂ ਦਿਨ ਰਾਤ ਕੀਰਤਨ ਚਲ ਪੜ੍ਹੇ। ਫਿਰ ਉਨਹੋਂ ਨੇ ਪਿਛਲੇ ਮਹਾਰਾਜ ਗਵਾਲੀਯਰ ਕੀ ਬਾਤ ਸੁਨਾਈ। ਇਨ ਹੀ ਸੰਤੋਂ (ਜਿਨਕਾ ਵੁਹ ਕਹਿਤੇ ਥੇ ਕਿ ਨਾਮ ਕਿਸੀ ਕੋ ਪਤਾ ਨਹੀਂ, ਛਾਲੋਨੇ ਵਾਲੇ ਬਾਬਾ ਜੀ ਕਹਿਤੇ ਥੇ ਸਭ ਲੋਗ) ਕੇ ਸਤਿਸੰਗ ਸੇ ਮਹਾਰਾਜ ਸੁਖਮਨੀ ਕੇ ਪ੍ਰੇਮੀ ਹੂਏ। ਰੋਜ਼ ਪਾਠ ਸੁਨਤੇ ਯਾ ਕਰਤੇ ਥੇ ਔਰ ਗਵਾਲੀਯਰ ਮੇਂ ਮਹਾਰਾਜ ਨੇ ਗੁਰਦਵਾਰਾ ਬਨਾਯਾ ਜੋ ਅਬ ਤਕ ਹੈ। ਯਿਹ ਗੁਰਬਾਣੀ ਕਾ ਪ੍ਰਤਾਪ ਦੇਖੋ ਕਿ ਜੋਗੀ ਰਾਜ ਛਾਲੋਨੇ ਵਾਲੇ ਬਾਬਾ ਜੀ ਨੇ ਮਹਾਰਾਜ ਕੋ ਬੀ ਇਸ ਕੇ ਪ੍ਰੇਮ ਮੇਂ ਲੇ ਲੀਆ[1]।

੪.

**ਇਸ** ਤਰ੍ਹਾਂ ਦੀ ਵਾਰਤਾਲਾਪ ਦੇ ਮਗਰੋਂ ਸਾਰੇ ਵਿਦਾ ਹੋ ਆਏ। ਦੂਏ ਦਿਨ ਫਿਰ ਸਾਰੇ ਮਿੱਤ੍ਰ ਇਕ ਥਾਵੇਂ ਇਕੱਠੇ ਹੋਏ। ਫੇਰ ਵੀਚਾਰ ਤੁਰੀ, ਮਰਮ ਸਿੰਘ ਨੇ ਕਿਹਾ: ਭਾਈ ਤੁਸੀਂ ਮੇਰੇ ਨਾਲੋਂ ਚੰਗੇ ਹੋ ਕਿ ਜਿਨ੍ਹਾ ਨੇ ਗੁਰਬਾਣੀ ਦਾ ਲੜ ਤਾਂ ਨਹੀਂ ਨਾ ਛੱਡਿਆ ਤੇ ਮੈਂ ਤਾਂ ਇਹ ਲੜ ਛੱਡਕੇ ਐਵੇਂ ਭੰਬਲ ਭੂਸੇ ਖਾਣ ਚਲਾ ਗਿਆ। ਬਾਣੀ ਦੀ ਸੋਝੀ ਵਿਚ ਟੁਰਦਾ ਤਾਂ ਮੈਨੂੰ ਸੱਟ, ਜੋ ਮੈਂ ਖਾਧੀ ਹੈ, ਨਾ ਖਾਣੀ ਪੈਂਦੀ। ਸੱਚ ਪੁਛੋ ਤਾਂ ਬਾਣੀ ਵਿਚ ਪੜ੍ਹੇ ਹੋਏ ਸਾਧ ਦੇ ਲੱਛਣਾਂ[2] ਨੇ ਹੀ ਮੈਨੂੰ ਫੇਰ ਉਬਾਰ ਲਿਆ ਹੈ, ਨਹੀਂ ਤਾਂ ਮੈਂ ਬੀ ਅਸੱਤਿ ਦੀ ਪੂਜਾ ਵਿਚ ਗੁਆਚ ਜਾਣਾ ਸੀ। ਮੈਨੂੰ ਤਾਂ ਇਥੋਂ ਹੁਣ ਕਦਰ ਪੈਣ ਲੱਗੀ ਹੈ ਕਿ ਬਾਣੀ ਦੇ ਚਾਨਣ ਵਿਚ ਕਿਤਨਾ ਲਾਭ ਹੈ। ਹਾਂ ਭਰਾਵੋ ! ਸਾਡੇ ਲਈ ਸ਼ਰਮ ਦੀ ਗਲ ਹੈ ਕਿ ਸਾਨੂੰ ਬਾਣੀ ਦੇ ਪਾਸ ਰਹਿਕੇ ਬਾਣੀ ਦੀ ਪੂਰੀ ਪੂਰੀ ਕਦਰ ਨਹੀਂ ਪਈ ਤੇ ਨਵੇਂ ਜੋ ਪੰਥ ਟੁਰੇ ਹਨ ਉਹ ਬਾਣੀ ਤੋਂ ਵਰਜਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਕਹਿੰਦੇ ਹਨ ਗੁਰੂ ਨਹੀਂ; ਤੇ ਕਈ ਤਾਂ ਪਾਠ ਤੋਂ ਬੀ ਵਰਜਦੇ ਹਨ, ਇਸੇ ਵਾਸਤੇ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠਕ ਨੂੰ ਸਾਧ ਅਸਾਧ ਦੀ ਪਛਾਣ ਹੋ ਜਾਂਦੀ ਹੈ। ਉਹ ਸੱਚੇ ਸੰਤ ਦੀ ਇਜ਼ਤ ਕਰਦਾ ਹੈ, ਪਰ ਉਹ ਸੱਚੇ ਸੰਤ ਦੇ ਲੱਛਣਾਂ ਦੀ ਪਛਾਣ ਬੀ ਕਰਦਾ ਹੈ। ਇਸ ਗੱਲ ਤੋਂ ਬਣਾਵਟੀ ਆਗੂ ਡਰਦੇ ਹਨ ਤੇ ਬਾਣੀ ਤੋਂ ਆਪਣੇ ਸੇਵਕਾਂ ਨੂੰ ਯਾ ਪਰੇ ਰਖਦੇ ਹਨ ਯਾ ਅਰਥ ਗ਼ਲਤ ਤ੍ਰੀਕੇ ਨਾਲ ਕਰ ਕਰਕੇ ਔਝੜ ਪਾਉਂਦੇ ਹਨ।

ਨਰਮ ਸਿੰਘ-ਬਈ ਮੈਨੂੰ ਇਕ ਗਲ ਚੇਤੇ ਆਈ ਹੈ। ਸੁਣਿਆ ਹੈ ਕਿ ਅੱਜ ਕਲ ਸੰਤ ਬਿਮਲਾ ਸਿੰਘ ਜੀ ਆਏ ਹੋਏ ਹਨ ਤੇ ਸ਼ਹਿਰੋਂ ਬਾਹਰ ਟਿਕੇ ਹੋਏ ਹਨ। ਉਹ ਸੁਣਿਆਂ ਹੈ ਪਹਿਲਾਂ ਗ੍ਰਿਹਸਤ ਵਿਚ ਹੀ ਪੂਰੇ ਭਾਂਡੇ ਸੇ, ਫੇਰ ਹੁਣ ਇਸਤ੍ਰੀ ਚਲਾਣੇ ਮਗਰੋਂ ਅਤੀਤ ਰਹਿੰਦੇ ਹਨ। ਮਾਯਾ ਦਾ ਮੋਹ ਨਹੀਂ ਧਾਰਦੇ, ਪੂਰਨ ਤਜਾਗੀ ਹੈਨ। ਫੇਰ ਗੁਰਬਾਣੀ ਦੇ ਰਸੀਏ ਤੇ ਨਾਮ ਦੇ ਪ੍ਰੇਮੀ ਹੈਨ। ਸ਼ਾਸਤ੍ਰ ਬੀ ਪੜ੍ਹੇ ਹੋਏ ਨੇ, ਯੋਗ ਅੱਭਜਾਸ ਬੀ ਸੁਣਿਆ ਹੈ ਕਿ ਕਰਦੇ ਰਹੇ ਹਨ ਤੇ ਹੋਰ ਬੀ ਜੋ ਅੱਜ ਕਲ ਨਵੇਂ ਨਵੇਂ ਤ੍ਰੀਕੇ ਨਿਕਲਦੇ ਹਨ ਗਾਹੇ ਹੋਏ ਨੇ। ਜੇ ਉਦਮ ਕਰੋ ਤਾਂ ਆਪਣੀ ਸ਼ੰਕਾ ਉਨ੍ਹਾਂ ਤੋਂ ਪੁੱਛੀਏ ਚੱਲਕੇ। ਉਹ ਪੂਰੇ ਗੁਰਮਤ ਆਵਿਲੰਬੀ ਹਨ।

ਸਾਰਿਆਂ ਨੂੰ ਇਹ ਗਲ ਪਸੰਦ ਆਈ। ਸੋ ਅਗਲੇ ਦਿਨ ਸਾਰੇ ਪਤਾ ਲਾਕੇ ਜਾ ਸੰਤਾਂ ਕੋਲ ਪਹੁੰਚੇ। ਸੰਤਾਂ ਨੇ ਆਦਰ ਦਿੱਤਾ ਤੇ ਸਫ ਤੇ ਬਹਾਲ ਲਿਆ। ਫੇਰ ਪੁੱਛਣ ਲਗੇ: ਗੁਰੂ ਕਾ ਖਾਲਸਾ ਕਿਵੇਂ ਕਿਰਪਾਲ ਹੋਇਆ ਹੈ ?

---

1. ਜਿਨ੍ਹਾਂ ਦਾ ਨਾਮ ਉਤੇ ਸੁਰੇਂਦ੍ਰ ਨਾਥ ਦਿੱਤਾ ਹੈ, ਇਹ ਬੀ ਕੋਈ ਬਾਣੀ ਦੇ ਦੂਰ ਦੇਸ਼ ਵਾਸੀ ਪ੍ਰੇਮੀ ਹੋ ਬੀਤੇ ਹਨ ਕਹਾਣੀ ਮਾਤ੍ਰ ਨਹੀਂ।

2. ਆਠ ਪਹਰ ਨਿਕਟਿ ਕਰਿ ਜਾਨੈ॥ ਪ੍ਰਭ ਕਾ ਕੀਆ ਮੀਠਾ ਮਾਨੈ॥ ਏਕੁ ਨਾਮੁ ਸੰਤਨ ਆਧਾਰੁ॥ ਹੋਇ ਰਹੇ ਸਭ ਕੀ ਪਗ ਛਾਰੁ॥੧॥ ਸੰਤ ਰਹਤ ਸੁਨਹੁ ਮੇਰੇ ਭਾਈ॥ ਉਆ ਕੀ ਮਹਿਮਾ ਕਥਨੁ ਨ ਜਾਈ॥੧॥ਰਹਾਉ॥ ਵਰਤਣਿ ਜਾ ਕੈ ਕੇਵਲ ਨਾਮ॥ ਅਨਦ ਰੂਪ ਕੀਰਤਨੁ ਬਿਸ੍ਰਾਮੁ॥...(ਆਸਾ ਮ: ੫-੮੮-੩੯੨)

ਮਰਮ ਸਿੰਘ-ਵੈਦ ਕੋਲ ਰੋਗੀ ਜਾਂਦਾ ਹੈ ਤੇ ਗੁਰਮੁਖਾਂ ਕੋਲ ਮਨ-ਮੁਖ ਤੇ ਬੇਮੁਖ ਤੇ ਸਾਕਤ ਆਉਂਦੇ ਹਨ, ਕਿ ਭਲਾ ਜਿ ਕੋਈ ਟੁੱਕਰ ਗੁਰਮੁਖਤਾ ਸਨਮੁਖਤਾ ਕਿ ਮਾਂਈਂ ਨਾਲ ਜੁੜਨ ਦਾ ਮਿਲ ਜਾਵੇ।

ਸੰਤ-ਵਾਹਿਗੁਰੂ, ਵਾਹਿਗੁਰੂ ਸੱਜਣੋਂ ! *"ਜਿਸ ਜਨ ਕਉ ਪ੍ਰਭ ਦਰਸ ਪਿਆਸਾ॥ ਨਾਨਕ ਤਾਕੈ ਬਲਿ ਬਲਿ ਜਾਸਾ।"* ਤੁਹਾਨੂੰ ਕੋਈ ਪਰਮਾਰਥ ਦੀ ਤ੍ਰਿਖਾ ਹੈ ਤਾਂ ਟੁਰਕੇ ਆਏ ਹੋ ਨਾ, ਤੇ ਆ ਕੇ ਇੱਡੀ ਨਿੰਮ੍ਰਤਾ ਵਿਚ ਬੋਲੇ ਹੋ; ਇਹ ਲੱਛਣ ਹੈ ਪਿਆਸ ਦਾ; ਜਿਸਨੂੰ ਪਿਆਸ ਹੈ ਉਹ ਜੀਉਂਦਾ ਹੈ। ਪਰ ਸ਼ੋਕ ਹੈ ਉਸ ਲਈ ਕਿ ਜਿਸਨੂੰ ਪਿਆਸ ਨਹੀਂ। ਤੁਹਾਨੂੰ ਪਤਾ ਹੈ ਕਿ ਅਸੀਂ ਰੋਗੀ ਹਾਂ ਜਿਸਨੂੰ ਰੋਗ ਦਾ ਪਤਾ ਨਹੀਂ ਉਸ ਲਈ ਨਿਰਾਸਤਾ ਹੁੰਦੀ ਹੈ।

ਹਾਂ ਸਜਣੋਂ ? ਕਰੋ ਕਿਰਪਾ, ਦੱਸੋ ਜੋ ਕੀ ਚਾਹੁੰਦੇ ਹੋ ? ਜੋ ਇਸ ਸਰੀਰ ਨੂੰ ਪਤਾ ਹੋਸੀ ਤਾਂ ਦੱਸ ਦੇਸੀ ਅਤੇ ਜਿਸ ਗਲ ਦਾ ਨਹੀਂ ਪਤਾ ਉਸ ਤੇ ਕੋਈ ਵੱਸ ਨਹੀਂ ਚੱਲ ਸਕਦਾ। ਜੀਵ ਹਾਂ ਸਾਰੇ, ਸਮਰੱਥ ਹੈ ਗੁਰੂ, ਜਿਸ ਦੇ ਸਿਰ ਹੱਥ ਧਰੇ ਓਹ ਕਾਰਜ ਸਾਰ ਦੇਂਦਾ ਹੈ।

ਨਰਮ ਸਿੰਘ-ਜੀਉਂ ਜੀ ! ਮੈਂ ਤਾਂ ਹਾਂ ਗੁਰੂ ਕਾ ਕੀਰਤਨੀਆਂ, ਮੇਰਾ ਰਾਗੀ ਜਥਾ ਹੈ, ਮੇਰਾ ਨਾਮ ਹੈ ਨਰਮ ਸਿੰਘ। ਏਹ ਹਨ ਭਾਈ ਸ਼ਰਮ ਸਿੰਘ ਜੀ। ਇਹ ਗੁਰੂ ਕੀ ਬਾਣੀ ਦੀ ਕਥਾ ਕਰਦੇ ਹਨ, ਤੇ ਇਹ ਹਨ ਭਾਈ ਮਰਮ ਸਿੰਘ ਇਨ੍ਹਾਂ ਨੂੰ ਕੋਈ ਸਤਿਸੰਗ ਲੱਗਾ ਸੀ, ਪਰ ਸੀ ਕੁਸੰਗ ਦਾ ਹੁਕਮ ਰੱਖਣ ਵਾਲਾ। ਉਸਨੇ ਗੁਰੂ ਕੀ ਬਾਣੀ ਤੋਂ ਦੂਰ ਕਰਕੇ ਕੀਰਤਨ ਤੋਂ ਵਿਛੋੜ ਕੇ ਕੋਈ ਹੋਰ ਸਾਧਨ ਲਾ ਦਿੱਤਾ, ਜਿਸਦੇ ਅੰਤ ਵਿਚ ਏਹ ਕੁਛ ਸਿਹਤ ਗੁਆ ਕੇ ਉਥੋਂ ਦਾ ਅੰਦਰਲਾ ਹਾਲ ਸੱਚ ਤੋਂ ਦੁਰਾਡਾ ਦੇਖਕੇ ਮੁੜ ਆਏ ਹਨ। ਓਹ ਬਾਹਰੋਂ ਤਾਂ ਸਿਖੀ ਸਿੱਖੀ ਹੀ ਕਹਿ ਦੇਂਦੇ ਹਨ, ਪਰ ਅੰਦਰ ਜਪ ਹੋਰ ਹੈ ਤੇ ਕਿਸੇ ਹੋਰ ਦੇ ਉਪਾਸਕ ਹਨ। ਇਸ ਗਲੋਂ ਏਹ ਬਹੁਤ ਉਦਾਸ ਹੋ ਕੇ ਆਏ ਹਨ। ਅਸੀਂ ਸਾਰੇ ਸਹਚਾਰੀ ਹਾਂ, ਰਾਤ ਅਸੀਂ ਸੁਰੇਂਦ੍ਰ ਨਾਥ ਦੇ ਘਰ ਕੀਰਤਨ ਕਰਨ ਗਏ ਸਾਂ। ਉਨ੍ਹਾਂ ਨੇ ਜੋ ਬਚਨ ਗੁਰਬਾਣੀ ਦੀ ਮਹਿਮਾ ਦੇ ਕੀਤੇ ਹਨ, ਤੇ ਬੀਤੇ ਹੋਏ ਸਮਾਚਾਰ ਸੁਨਾਏ ਹਨ ਅਸੀਂ ਸੁਣ ਸੁਣ ਕੇ ਸ਼ਰਮਿੰਦੇ ਹੋ ਹੋ ਗਏ ਹਾਂ, ਕਿ ਇਨ੍ਹਾਂ ਦੂਰ ਵਸਦਿਆਂ ਨੂੰ ਬਾਣੀ ਦੀ ਕਦਰ ਹੈ ਤੇ ਅਸੀਂ ਡੱਡੂ ਵਾਂਙੂ ਬਿਮਲ ਅੰਮ੍ਰਿਤ ਦੇ ਵਿਚ ਵਸਕੇ ਸਿਵਾਲ ਦੇ ਪ੍ਰੇਮੀ ਹਾਂ ਤੇ ਅੰਮ੍ਰਿਤ ਨੂੰ ਨਹੀਂ ਲਖ ਰਹੇ। ਕੋਈ ਸਾਨੂੰ ਵੀ ਰਾਹ ਲੱਭੇ। ਆਪਦਾ ਜਸ ਸੁਣਕੇ ਆਏ ਹਾਂ, ਕੋਈ ਮਿਹਰ ਕਰ ਦਿਓ।

ਸੰਤ-ਤੁਸਾਂ ਤਾਂ ਰੋਗ ਤੇ ਦਾਰੂ ਆਪੇ ਹੀ ਦੱਸ ਦਿੱਤਾ ਹੈ। ਗੁਰੂ ਬਾਬੇ ਦੇ ਸ਼ਬਦ ਦਾ ਟੀਕਾ ਕਰ ਦਿੱਤਾ ਨੇ। *'ਭਖਸਿ ਸਿਬਾਲੁ ਬਸਸਿ ਨਿਰਮਲ ਜਲ ਅੰਮ੍ਰਿਤੁ ਨ ਲਖਸਿਰੇ।'* *(ਮਾਰੂ: ਮ:੧-੪)* ਤੁਸੀਂ ਗੁਰੂ ਕੇ ਜਸ ਕਰਨ ਵਾਲੇ ਹੋ, ਆਦਰ ਜੋਗ ਹੋ, ਕ੍ਰਿਪਾ ਕਰਕੇ ਆਪਣੀ ਵਿਥਿਆ ਖੁਹਲਕੇ ਸੁਣਾਓ।

ਤਦ ਸਾਰਿਆਂ ਨੇ ਆਪੋ ਆਪਣੇ ਹਾਲ ਕਹਿ ਸੁਣਾਏ। ਸੁਣਕ ਸੰਤਾਂ ਨੇ 'ਧੰਨ ਗੁਰੂ ਨਾਨਕ' ਆਖਿਆ ਤੇ ਕਹਿਣ ਲਗੇ ਸੱਜਣੋਂ ਗੁਰਬਾਣੀ ਧੁਰ ਤੋਂ ਆਈ ਬਾਣੀ[1] ਹੈ ਤੇ ਇਹ ਗੁਰ ਅਵਤਾਰਾਂ ਦੀ ਕਹੀ ਹੋਈ ਅੰਮ੍ਰਿਤ ਬਾਣੀ, ਪੱਕੀ ਬਾਣੀ ਹੈ[2]। ਤੁਸੀਂ ਇਸਦੇ ਜਾਣੂ ਹੋ ਤੇ ਦਿਮਾਗੀ ਸਮਝ ਤੁਸਾਂ ਕੋਲ ਹੈ। (ਸ਼ਰਮ ਸਿੰਘ ਵਲ ਹੱਥ ਕਰਕੇ) ਇਹ ਕਥਾ ਕਰਕੇ ਜਾਣੂ ਹਨ। (ਨਰਮ ਸਿੰਘ ਵੱਲ ਹੱਥ ਕਰਕੇ) ਤੁਸੀਂ ਜਿਸ ਵੇਲੇ ਪ੍ਰਮਾਣ ਦੇਂਦੇ ਹੋ ਜਾਣੂੰ ਹੁੰਦੇ ਹੋ ਤਾਂ ਦੇਂਦੇ ਹੋ ਨਾ ? (ਮਰਮ ਸਿੰਘ ਵਲ ਹਥ ਕਰਕੇ) ਇਹ ਬੀ ਜਾਣੂੰ ਹਨ, ਇਨ੍ਹਾਂ ਦੀ ਜਾਣ ਮਨੋਂ ਉਹ ਪ੍ਰਤੱਖ ਗਜਾਨ ਹੈ ਜੋ ਕਿਸੇ ਨੂੰ ਬੇੜੀ ਵਿਚ ਬੈਠੇ ਬੇੜੀ ਦੇ ਸੁਖ ਦੀ ਕਦਰ ਨਾ ਕਰਦੇ ਹੋਏ ਦਰਿਯਾ ਵਿਚ ਡਿੱਗਕੇ ਬੇੜੀ ਦੀ ਕਦਰ ਦਾ ਗਜਾਨ ਪ੍ਰਾਪਤ ਹੋਇਆ ਸੀ। ਉਹ ਇਹ ਕਿ ਬਾਣੀ ਦੇ ਜਾਣੂ ਹੋ ਕੇ ਬਾਣੀ ਨੂੰ ਛੱਡ ਗਏ। ਛਡਕੇ ਇਨ੍ਹਾਂ ਨੂੰ

---

1· ਧੁਰ ਕੀ ਬਾਣੀ ਆਈ॥ (ਸੋਰਠਿ ਮ: ੫)

2· ਬਾਣੀ ਤ ਕਚੀ ਸਤਿਗੁਰੂ ਬਾਝਹੁ॥ (ਅਨੰਦ)


www.sikhbookclub.com

ਤਜਰਬੇ ਨੇ ਦੱਸਿਆ ਕਿ ਓਹ ਥਾਂ ਸੁਖ ਦਾਤੀ ਹੈਸੀ, ਜਿਸ ਤੋਂ ਮੈਂ ਆਪਣੀ ਦੂਰੀ ਕਰਕੇ ਆਪਣੇ ਲਈ ਸੁਖ ਦਾ ਅਭਾਵ ਪੈਦਾ ਕੀਤਾ ਹੈ। ਸੋ ਹਓ ਤਿੰਨੇ ਸੱਜਣ ਜਾਣੂ। ਹੁਣ ਵੇਖਣਾ ਹੈ ਕਿ ਜੇ ਕੋਈ ਕਸਰ ਹੈ ਤਾਂ ਕਿੱਥੇ ਹੈ। ਇਸ ਪਰ ਮੈਂ ਆਪ ਨੂੰ ਇਕ ਗੁਰੂ ਨਾਨਕ ਦੇਵ ਜੀ ਦੇ ਸਮੇਂ ਹੋ ਚੁਕੇ ਕੀਰਤਨੀਏਂ ਤੇ ਇਕ ਕਥਾ ਵਾਲੇ ਦਾ ਸੰਖੇਪ ਹਾਲ ਸੁਣਾਉਂਦਾ ਹਾਂ, ਜਿਨ੍ਹਾਂ ਪਰ ਸਤਿਗੁਰ ਦੀ ਮੇਹਰ ਹੋਈ ਸੀ।

ਭਾਈ ਗੁਰਦਾਸ ਜੀ ਲਿਖਦੇ ਹਨ :-

*ਮਾਲੋ ਮਾਂਗਾ ਸਿੱਖ ਦੁਇ ਗੁਰਬਾਣੀ ਰਸ ਰਸਿਕ ਬਿਲਾਸੀ।*

ਇਨ੍ਹਾਂ ਦੇ ਕੀਰਤਨ ਤੇ ਕਥਨ ਦਾ ਅਸਰ ਭਾਈ ਮਨੀ ਸਿੰਘ ਜੀ ਐਉਂ ਲਿਖਦੇ ਹਨ:-'ਭਾਈ ਮਾਲੋ ਪੋਥੀ ਗੁਰੂ ਕੀ ਬਾਨੀ ਦੀ ਕਥਾ ਕਰੇ, ਤੇ ਭਾਈ ਮਾਂਗਾ ਸਨਮੁਖ ਬੈਠਕੇ ਸਭ ਇੰਦ੍ਰੀਆਂ ਤੇ ਮਨ ਨੂੰ ਸੰਕੋਚ ਕੇ ਸੁਣੇ ਤੇ ਦੋਨੋਂ ਮਿਲਕੇ ਫੇਰ ਕੀਤਰਨ ਕਰਨ! ਉਹਨਾਂ ਦੀ ਰਸਨਾ ਥੀਂ ਐਸਾ ਸਭ ਸਿੱਖਾਂ ਨੂੰ ਰਸ ਆਵੇ ਤਾਂ ਜਿ ਕੋਈ ਸੁਣੇ ਸਭਿ ਪਾਪਾਂ ਦਾ ਤਿਆਗ ਕਰਨ ਤੇ ਧਰਮ ਦੀ ਕਿਰਤ ਕਰਕੇ ਵੰਡ ਖਾਵਣ, ਤੇ ਆਏ ਗਏ ਸਾਧਾਂ ਸੰਤਾਂ ਦੀ ਟਹਿਲ ਕਰਨ। ਸਾਰੇ ਦੇਸ਼ ਦਾ ਕਲਿਆਣ ਹੋਆ।" ਇਹ ਸੀ ਫਲ ਜੋ ਮਾਲੋ ਮਾਂਗੇ ਦੀ ਕਥਾ ਤੇ ਕੀਰਤਨ ਕਰਨ ਨੂੰ ਪੈਂਦਾ ਸੀ। ਸੋ ਕਥਾ ਕੀਰਤਨ ਵਾਲੇ ਐਸੇ' ਚਾਹੀਏ ਭਾਈ ?

ਮਰ੍ਮ ਸਿੰਘ-ਜੇ ਖੇਚਲ ਨਾ ਹੋਵੇ ਤਾਂ ਉਨ੍ਹਾਂ ਦੇ ਉਧਾਰ ਦਾ ਪ੍ਰਸੰਗ ਕੁਛ ਕ੍ਰਿਪਾ ਕਰ ਦਿਓ।

ਸੰਤ-ਇਹ ਦੁਇ ਸੱਜਣ ਸ੍ਰੀ ਗੁਰੂ ਨਾਨਕ ਦੇਵ ਜੀ ਪਾਸ ਆਏ ਸਨ, ਆਕੇ-

*ਹਾਥ ਬੰਦਿ ਅਰਦਾਸ ਬਖਾਨੀ। ਕਰਹੁ ਕ੍ਰਿਪਾ ਸ੍ਰੀ ਗੁਰ ਗੁਨ ਖਾਨੀ !*
*ਨਿਜ ਮੁਖ ਸੋਂ ਉਪਦੇਸ਼ ਕਰੀਜੈ। ਜਿਹ ਤੇ ਜਨਮ ਮਰਨ ਕਟਿ ਦੀਜੈ !*

*(ਸ੍ਰੀ ਗੁ: ਨਾ: ਪ੍ਰਕਾਸ਼)*

ਇਹ ਬੇਨਤੀ ਸੁਣਕੇ ਸ੍ਰੀ ਗੁਰੂ ਨਾਨਕ ਦੇਵ ਜੀ ਬੋਲੇ ! ਭਾਈ ! ਤਪ ਕਰੋ, ਤਪ ਬਿਨਾਂ ਮੈਲ ਨਹੀਂ ਲਹਿੰਦੀ। ਉਨ੍ਹਾਂ ਅਦਬ ਨਾਲ ਪੁੱਛਿਆ ਕਿ ਹੇ ਜਗਤ ਦੇ ਨਿਸਤਾਰਾ ਕਰਨ ਵਾਲੇ ਦਾਤੇ ! ਤਪ ਦੀ ਜਾਚ ਦੱਸੋ, ਕੀਕੁਣ ਕਰੀਦਾ ਹੈ ? ਸ੍ਰੀ ਗੁਰੂ ਜੀ ਬੋਲੇ-ਭਾਈ ! ਤਪ ਕਈ ਪ੍ਰਕਾਰ ਦਾ ਹੈ, ਤੁਸੀਂ ਸੁਣ ਲਓ ਤੇ ਫੇਰ ਚੁਣੋ। ਉਹ ਬੋਲੇ ਕਿਰਪਾ ਕਰੋ, ਤਾਂ ਬਾਬਾ ਜੀ ਬੋਲੇ-ਜਲ ਹੇਵਨਾ, ਅਗਨ ਤਪਨੀ; ਬ੍ਰਤ ਰੱਖਣ, ਠੰਢ ਗਰਮੀ ਸਹਾਰਨੀ, ਪੁੱਠੇ ਲਟਕਣਾ, ਖੜੇ ਰਹਿਣਾ, ਖਾਨ ਪਾਨ ਕੰਦ ਮੂਲ ਦਾ ਕਰਨਾ, ਬਨਾਂ ਵਿਚ ਰਹਿਣਾ ਤੇ ਤੀਰਥਾਂ ਤੇ ਭ੍ਰਮਣਾਂ, ਏਹ ਹਨ ਕਠਨ ਤਪ, ਇਨ੍ਹਾਂ ਨਾਲ ਮਨ ਨੂੰ ਤੇ ਦੇਹ ਨੂੰ ਮਾਰੀਦਾ ਹੈ। ਦੂਸਰਾ ਹੋਰ ਤਪ ਹੈ ਇੰਦ੍ਰੀਆਂ ਨੂੰ ਏਕਾਗ੍ਰਤਾ ਦੇ ਸਾਧਨਾ ਨਾਲ ਸਿਥਲ ਕਰ ਦੇਣਾ, ਇਸ ਲਈ ਜੋਗ ਦੇ ਕਰਮ ਨੇਤੀ, ਧੋਤੀ, ਨੌਲੀ, ਫੇਰ ਪ੍ਰਾਣਾਯਾਮ ਆਦਿਕ ਕਰੀਦੇ ਹਨ। ਇੰਨ੍ਹਾਂ ਲਈ ਸੰਸਾਰ ਤੋਂ ਕੁਛ ਵੱਖਰੇ ਰਹਿਣ ਦੀ ਵੀ ਲੋੜ ਹੈ। ਤੀਸਰੇ ਹੈ ਕਥਾ ਕੀਰਤਨ ਵਿਚ ਰਹਿਣਾ, ਬਾਣੀ ਪੜ੍ਹਨੀ, ਵੀਚਾਰਨੀ, ਬਾਣੀ ਦਾ ਕੀਰਤਨ ਕਰਨਾ, ਸੁਣਨਾ, ਬਾਣੀ ਵਿਚ ਆਏ ਹੁਕਮਾਂ ਤੇ ਟੁਰਨਾ। ਪਹਿਲਾ ਤਪ ਬਹੁਤ ਕਠਨ ਹੈ; ਦੂਸਰਾ ਕਠਨ ਹੈ ਤੇ ਤੀਸਰਾ ਸੁਗਮ ਹੈ। ਜੋ ਪਹਿਲਾ ਬਹੁਤ ਕਠਨ ਹੈ ਉਸਦਾ ਫਲ ਥੋੜਾ ਹੈ; ਦੂਜਾ ਜੋ ਕਠਨ ਹੈ ਉਸਦਾ ਫਲ ਉਸ ਤੋਂ ਵਧੇਰਾ ਹੈ, ਤੀਸਰਾ ਜੋ ਤਪ ਸੁਗਮ ਹੈ ਉਸ ਦਾ ਫਲ ਸਭ ਤੋਂ ਵਧੇਰਾ ਹੈ। ਤਾਂ ਮਾਲੋ ਨੇ ਅਦਬ ਨਾਲ ਆਖਿਆ: ਸ੍ਰੀ ਮਹਾਰਾਜ ਜੀਓ। ਲੋਕੀਂ ਤਾਂ ਆਖਦੇ ਹਨ ਕਿ ਜੇਹੀ ਮਿਹਨਤ ਤੇਹਾ ਫਲ, ਜੇਹੀ ਵਡੀ ਮਜੂਰੀ ਤੇਹੀ ਵਡੀ ਉਸਦੀ ਉਜਰਤ। ਤੁਸਾਂ ਬਚਨ ਕੀਤਾ ਹੈ ਕਿ ਵਡੀ ਮਿਹਨਤ ਦਾ ਮੁੱਲ ਥੋੜਾ ਤੇ ਥੋੜੀ ਮਿਹਨਤ ਦਾ ਮੁੱਲ ਬਹੁਤਾ, ਇਹ ਗਲ ਨਹੀਂ ਸਮਝੇ ਪਈ; ਕ੍ਰਿਪਾ ਕਰਕੇ ਸਮਝਾ ਦਿਓ। ਤਾਂ ਬਚਨ ਹੋਇਆ ਭਾਈ ਦੇਖੋ ਲਕੜਹਾਰੇ ਲਕੜਾਂ ਲਿਆਂਵਦੇ ਤੇ ਪਾਂਡੀ ਪੰਡਾਂ ਢੋਂਵਦੇ ਹਨ, ਮਿਹਨਤ ਬਹੁਤੀ ਕਰਦੇ ਹਨ,

ਮਜੂਰੀ ਘੱਟ ਪਾਉਂਦੇ ਹਨ। ਜੋ ਲੂਣ ਤੇਲ ਦੀ ਹੱਟੀ ਪਾਉਂਦੇ ਹਨ ਉਨ੍ਹਾਂ ਦੀ ਮਿਹਨਤ ਉਨ੍ਹਾਂ ਤੋਂ ਘੱਟ ਹੈ, ਪਰ ਖੱਟੀ ਵਧੇਰੇ ਮਿਲਦੀ ਹੈ। ਇਸੀ ਤਰ੍ਹਾਂ ਬਜ਼ਾਜ਼ ਤੇ ਸਰਾਫ ਮਜੂਰੀ ਘੱਟ ਕਰਦੇ ਹਨ, ਨਫਾ ਵਧੇਰੇ ਪਾਉਂਦੇ ਹਨ, ਤੇ ਜਵਾਹਰੀ ਤਾਂ ਅਤਿ ਘੱਟ ਮਿਹਨਤ ਕਰਦੇ ਹਨ ਪਰ ਨਫੇ ਦੀ ਪ੍ਰਾਪਤੀ ਬਹੁਤ ਹੁੰਦੀ ਹੈ। ਤਿਵੇਂ ਉਪਰਲੇ ਤਪ ਸਮਝ ਲਓ। ਇਕ ਤਪ ਦਾ ਅਮਰ ਦੇਹੀ ਤੇ ਹੁੰਦਾ ਹੈ ਇਕ ਦਾ ਅੰਦਰਲੇ ਇੰਦ੍ਰਿਆਂ ਤੇ ਹੁੰਦਾ ਹੈ, ਪਰ ਇਕ ਦਾ ਅਸਰ ਮਨ ਤੇ ਬੁੱਧਿ ਉਤੇ ਹੁੰਦਾ ਹੈ। ਦੇਹ ਸਿਥਲ ਕਰਨੀ, ਇੰਦ੍ਰੇ ਸਿਥਲ ਕਰਨੇ ਬੜੇ ਕਠਨ ਕੰਮ ਹਨ ਪਰ ਜੇ ਕੋਈ ਵਾਸ਼ਨਾਂ ਨੂੰ ਰੋਕੇ ਤੇ ਦੇਹ ਇੰਦ੍ਰੇ ਇਸ ਦੇ ਮਗਰ ਲਾ ਲਵੇ ਤਾਂ ਨਫਾ ਬਹੁਤਾ ਹੈ। ਕਿਉਂਕਿ ਸਾਰੇ ਤਪਾਂ ਦਾ ਅੰਤ ਮਤਲਬ ਤਾਂ ਮਨ ਦਾ ਵਸੀਕਾਰ ਹੈ, ਤਿਸ ਪਰ ਨਿਰੰਕਾਰ ਦੀ ਭਗਤੀ ਉਪਾਸ਼ਨਾਂ ਦ੍ਰਿੜ ਹੁੰਦੀ ਹੈ ਜਿਸ ਨਾਲ ਮੇਲ ਹੁੰਦਾ ਹੈ। ਤੁਸੀਂ ਬਾਣੀ ਪੜ੍ਹੋ, ਬਾਣੀ ਵੀਚਾਰੋ, ਬਾਣੀ ਦਾ ਕੀਰਤਨ ਕਰੋ, ਜੋ ਬਾਣੀ ਆਖੇ ਕਮਾਓ। ਤੁਹਾਡੇ ਮਨ ਵਿਚ ਪ੍ਰੇਮ ਤੇ ਭਗਤੀ ਉਪਜੇਗੀ, ਉਹ ਮੇਲ ਲਏਗੀ ਸੁਗਮ ਹੀ! ਇਸ ਤਰ੍ਹਾਂ ਸਤਿਗੁਰ ਦਾ ਉਪਦੇਸ਼ ਸੁਣ ਕੇ ਮਾਲੋ ਤੇ ਮਾਂਗਾ ਲੱਗ ਪਏ ਤੇ ਇਥੇ ਅੱਪੜੇ ਕਿ ਉਨ੍ਹਾਂ ਦਾ ਆਪਣਾ ਭੀ ਉਧਾਰ ਹੋਇਆ ਤੇ ਉਨ੍ਹਾਂ ਨੇ ਦੂਸਰਿਆਂ ਦਾ ਭੀ ਕਲਿਆਣ ਕੀਤਾ[1]।

ਹੁਣ ਤੁਸੀਂ ਵੀਚਾਰ ਕਰ ਲਓ ਕਿ ਇਕ ਤਾਂ ਗੁਰੂ ਨਾਨਕ ਦੀ ਮਿਹਰ ਉਨ੍ਹਾਂ ਤੇ ਹੋ ਗਈ, ਦੂਜੇ ਉਨ੍ਹਾਂ ਨੇ ਬਚਨ ਮੰਨਕੇ ਅਮਲ ਕੀਤਾ! ਅਮਲ ਕੀ ਸੀ, ਬਾਣੀ ਦਾ ਅਭਜਾਸ: ਨਿਤ ਪ੍ਰਤਿ ਬਾਣੀ ਪੜ੍ਹਨੀ ਤੇ ਵੀਚਾਰਨੀ[2]। ਹੁਣ ਤੁਸੀਂ ਭੀ ਏਕਾਂਤ ਬੈਠਕੇ ਪਾਠ ਕਰਿਆ ਤੇ ਵੀਚਾਰਿਆ ਕਰੋ। ਫੇਰ ਬਾਣੀ ਜੋ ਕਹਿੰਦੀ ਹੈ, ਉਸ ਤੇ ਅਮਲ ਕਰੋ। ਬਾਣੀ ਕਹਿੰਦੀ ਹੈ ਦੇਹ ਨੂੰ ਮਾੜਿਆਂ ਕਰਮਾਂ ਤੋਂ ਬੰਨ੍ਹਕੇ ਰਖੋ[3]। ਬਾਣੀ ਕਹਿੰਦੀ ਹੈ-ਮਨ ਜੋ ਧਾਵੇ ਤਾਂ ਵਰਜੋ[4]; ਪੁਨਾ ਪੁਨਾ ਧਾਵੈ ਤਾਂ ਪੁਨਾ ਪੁਨਾ ਵਰਜ ਕੇ ਰਖੋ। ਵਰਜਦਿਆਂ ਵਰਜਦਿਆਂ ਤੁਹਾਡੇ ਵਰਜਣ ਦੀ ਤਾਕਤ ਵਧ ਜਾਏਗੀ ਤੇ ਵਰਜੀਣ ਵਾਲਾ ਮਨ ਵੱਸ ਹੋ ਜਾਵੇਗਾ। ਮਨ ਜਦ ਵੱਸ ਹੋ ਟੁਰਿਆ ਇੰਦਰੇ ਆਪੇ ਧਾਕੇ ਅਪਣੇ ਭੋਗਾਂ ਕੋਲ ਨਹੀਂ ਜਾਵਣਗੇ। ਜਦ ਇੰਦਰੇ ਵੱਸ ਹੋ ਗਏ, ਸਰੀਰ ਵੱਸ ਹੋ ਗਿਆ, ਫੇਰ ਸਰੀਰ ਨੂੰ ਦੁੱਖ ਦੇਣ ਦੀ ਕੀ ਲੋੜ ਹੈ।

ਨਰਮ ਸਿੰਘ-ਬਾਣੀ ਦਾ ਰੋਜ਼ ਕੀਰਤਨ ਕਰਦੇ ਹਾਂ; ਸ਼ਰਮ ਸਿੰਘ ਜੀ ਕਥਾ ਵਿਚਾਰਕੇ ਹੀ ਕਰਦੇ ਹਨ, ਫੇਰ ਸਾਡਾ ਕੁਛ ਨਹੀਂ ਬਣਦਾ।

ਸੰਤ-ਭਾਈ ਗੁਰੂ ਕੇ ਸਿਖ ਕੱਚੇ ਬੋਲੇ ਨਹੀਂ ਬੋਲਦੇ ਹੁੰਦੇ। ਨਾ ਆਖੋ ਸਾਡਾ ਕੁਛ ਨਹੀਂ ਬਣਦਾ, ਏਹ ਤੁਸੀਂ ਅਪਣੇ ਪੈਰੀਂ ਆਪ ਸੱਟ ਲਾਉਂਦੇ ਹੋ। ਤੁਸੀਂ ਗੁਰੂ ਕਾ ਜਸ ਕਰਨੇ ਵਾਲੇ ਹੋ, ਤੁਸੀਂ ਧੰਨ ਹੋ। ਕਦੇ ਨਾ ਕਹੋ ਸਾਡਾ ਕੁਛ ਨਹੀਂ ਬਣਿਆ ਕਿ ਨਹੀਂ ਬਣਦਾ। ਭਾਈ ! ਇਹ ਜੋ ਫੁਰਨਾ ਫੁਰਦਾ ਹੈ 'ਸਾਡਾ ਕੁਛ ਨਹੀਂ ਬਣਦਾ' ਇਹ ਸਦਾਚਾਰੀ ਜੀਵਨ ਦੀ ਜਾਗ੍ਰਤ ਦਾ ਲੱਛਣ ਹੈ; ਬੀਮਾਰ ਨੂੰ ਜਦ ਪਤਾ ਲਗੇ ਕਿ ਮੈਨੂੰ ਪੀੜ ਹੈ ਤਾਂ ਸਮਝੋ ਕਿ ਹੁਣ ਇਸਦੀ ਹੋਸ਼ ਪਰਤ ਖਲੋਤੀ ਹੈ। ਬੇਹੋਸ਼ੀ ਮੌਤ ਦੀ ਗੋਦ ਹੈ, ਪਰ ਹੋਸ਼ ਸਲਾਮਤੀ ਦਾ ਕੁੱਛੜ ਹੈ! ਸ਼ੁਕਰ ਕਰੋ ਕਿ ਬਾਣੀ ਦੇ ਮਗਰ ਲੱਗਕੇ ਤੁਸਾਨੂੰ ਆਪਣੇ ਰੋਗ ਦਾ ਪਤਾ ਲਗ ਗਿਆ ਹੈ। ਤੁਸੀਂ ਵਿਆਕੁਲ ਹੋ, ਸਤਿਸੰਗ ਟੋਲਦੇ ਹੋ। ਇਹ ਗੱਲਾਂ ਬਾਣੀ ਦੇ ਕੀਰਤਨ ਤੇ ਕਥਾ ਨੇ ਪੈਦਾ ਕੀਤੀਆਂ ਹਨ। ਭਾਗਾਂ ਵਾਲੇ ਹੋ ਕਿ ਤੁਹਾਨੂੰ ਅਪਣੀ ਕਿਸੇ ਕਮੀ ਦਾ ਥਹੁ ਪੈਂਦਾ ਹੈ ਤੇ ਤਰੱਕੀ ਕਰਨ ਦਾ ਸ਼ੌਕ ਉਪਜਦਾ ਹੈ। ਹੁਣ ਹੋਰ ਅੱਗੇ

---

1· ਤਿਨਕੇ ਸਦਨ ਦੇਸ਼ ਜਿਸ ਮਾਂਹੀ। ਭਾ ਉਧਾਰ ਬਹੁ ਨਰਨਿ ਤਹਾਂ ਹੀ: (ਸ੍ਰੀ ਗੁ: ਨਾ ਪ੍ਰਕਾਸ਼)

2· ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ॥ (ਦਖ: ਓਂਅ: ਮ: ੧)

3· ਮੰਦਾ ਮੂਲਿ ਨ ਕੀਚਈ ਦੇ ਲੰਮੀ ਨਦਰਿ ਨਿਹਾਲੀਐ॥ (ਵਾਰਆਸਾ ਮ: ੧)

4· ਘਰਿ ਰਹੁ ਰੇ ਮਨ ਮੁਗਧ ਇਆਨੇ॥ ਰਾਮੁ ਜਪਹੁ ਅੰਤਰਗਤਿ ਧਿਆਨੇ॥
ਲਾਲਚ ਛੋਡਿ ਰਚਹੁ ਅਪਰੰਪਰਿ ਇਉ ਪਾਵਹੁ ਮੁਕਤਿ ਦੁਆਰਾ ਹੇ॥੧॥ (ਮਾਰੂ ਸੋਲਹੇ ਮ:੧-੧੦-੧੦੩੦)


www.sikhbookclub.com

ਵਧਣ ਦੀ ਹਿੰਮਤ ਕਰਨੀ ਹੈ। ਆਖੋ ਧੰਨ ਗੁਰੂ ਨਾਨਕ ! ਤੁਸਾਡਾ ਦੁਖ ਇਟ ਹੈ ਕਿ ਮਨ ਧਾਂਵਦਾ ਹੈ ਤੇ ਰੁਕਦਾ ਨਹੀਂ, ਅਰਥਾਤ ਮਨ ਮੈਲਾ ਹੈ ਤੇ ਖਿੰਡਦਾ ਹੈ। ਤੁਸੀਂ ਹੁਣ ਬਾਣੀ ਦਾ ਦੂਸਰਾ ਹੁਕਮ ਮੰਨੋਂ-ਨਾਮ ਜਪੋ। ਇਸਦੇ ਦੋ ਪੱਖ ਹਨ। ਇਕ ਤਾਂ ਬਾਣੀ ਦਾ ਪਾਠ ਅਪਣੇ ਕਲਿਆਣ ਲਈ ਕਰਨਾ। ਬਾਣੀ ਵਾਸ਼ਨਾਂ ਨੂੰ ਰੋਕਣ ਵਲ ਤੇ ਵੱਸ ਵਿਚ ਕਰਨ ਵਲ ਲਾਵੇਗੀ[1]। ਬਾਣੀ ਸਿਫਤ ਤੇ ਸਲਾਹ ਨਾਲ[2] ਤੁਸਾਡੇ ਅੰਦਰ ਵਾਹਿਗੁਰੂ ਦਾ ਪ੍ਰੇਮ ਪੈਦਾ ਕਰੇਗੀ[3] ਪਰਮੇਸ਼ੂਰ ਨਾਲ ਪ੍ਰੇਮ ਦੀ ਰੰਗਣ ਉਪਜਾਵੇਗੀ। ਦੂਸਰੇ, ਵਾਹਿਗੁਰੂ ਨਾਮ ਦਾ ਜਪਣਾ, ਪਰ ਇਹ ਮਨੋਰਥ ਧਾਰਕੇ ਜਪਣਾ, ਕਿ ਇਹ ਨਾਮ ਸਾਂਈਂ ਮਾਲਕ ਦਾ ਲਖਾਯਕ ਹੈ; ਇਸ ਨਾਲ ਸਾਡੇ ਅੰਦਰ ਮਾਲਕ ਦੀ ਯਾਦ ਨੇ ਵੱਸਣਾ ਹੈ। ਜਦੋਂ ਯਾਦ ਪੱਕ ਜਾਏਗੀ ਤਦੋਂ ਸਾਂਈਂ ਤੇ ਸਾਡੇ ਵਿਚੋਂ ਭੁੱਲ ਦੀ ਵਿੱਥ ਕੱਟ ਜਾਏਗੀ। ਫਿਰ ਵਾਹਿਗੁਰੂ ਦੀ ਪਵਿੱਤ੍ਰਤਾ ਤੇ ਉਸਦੇ ਉੱਚ ਗੁਣ ਪ੍ਰੇਮ ਆਦਿ ਸਾਡੇ ਵਿਚ ਪ੍ਰਵੇਸ਼ ਕਰਨਗੇ। ਇਥੋਂ ਤਾਂਈਂ ਕਿ ਸਾਂਈਂ ਸਾਡੇ ਵਿਚ ਪ੍ਰਤਿਬਿੰਬਤ ਹੋਵੇਗਾ। ਦੇਖੋ ਜੋ ਕੁਛ ਕੋਈ ਚਿਤਵੇ ਓਹੋ ਕੁਛ ਹੋ ਜਾਂਦਾ ਹੈ। ਚੋਰ ਪਹਿਲਾਂ ਚੋਰੀ ਚਿਤਵਦਾ ਹੈ ਤਾਂ ਚੋਰੀ ਦਾ ਅਮਲ ਕਰਦਾ ਹੈ, ਅਮਲ ਕਰ ਕਰਕੇ ਚੋਰ ਰੂਪ ਹੋ ਜਾਂਦਾ ਹੈ। ਤਿਵੇਂ ਗੁਣਾਂ ਦੇ ਸਾਗਰ, ਪ੍ਰੇਮ ਦੇ ਸਮੁੰਦਰ, ਵਾਹਿਗੁਰੂ ਜੀ ਦਾ ਚਿੰਤਨ ਹੈ। ਸੋ ਭਾਈ ਪਹਿਲਾਂ ਬਾਣੀ ਨਾਲ ਪ੍ਰੇਮ ਪਾਇਆ ਤਾਂ ਬਾਣੀ ਨੇ ਮਨ ਵਿਚ ਪਿਆਰ ਪੈਦਾ ਕੀਤਾ। ਇਸ ਚਾਹ ਤੋਂ ਬਾਣੀ ਨੇ ਨਾਮ ਦਾ ਰਸਤਾ ਦਿੱਤਾ। ਨਾਮ ਯਾਦ ਬਣ ਗਿਆ। ਵਾਹਿਗੁਰੂ ਦੀ ਯਾਦ ਪ੍ਰੇਮ ਹੈ, ਪ੍ਰੇਮ ਹੀ ਮੇਲਣਹਾਰ ਹੈ। ਇਟਾਂ ਨੂੰ ਚੂਨਾ ਜੋੜਦਾ ਹੈ, ਲਕੜੀ ਨੂੰ ਸੁਰੇਸ਼ ਜੋੜਦੀ ਹੈ, ਰੂਹ ਨੂੰ ਰੂਹ ਨਾਲ ਜੋੜਨ ਵਾਲਾ ਮਸਾਲਾ ਪ੍ਰੇਮ ਹੈ। ਹਾਂ ਪ੍ਰੇਮ ਹੈ ਉਹ ਜੋੜਨ ਹਾਰ ਸੱਤਜਾ ਜੋ ਜੀਵ ਰੂਪੀ ਰੂਹ ਨੂੰ ਪਰਮਾਤਮਾਂ ਰੂਪੀ ਮਹਾਨ ਰੂਹ ਨਾਲ ਜੋੜਦੀ ਹੈ।

ਸਾਡੇ ਸਤਿਗੁਰਾਂ ਨੇ ਸਭ ਤੋਂ ਉੱਤਮ ਮਾਰਗ ਰੱਖਿਆ ਹੈ ਵਿਸਮਾਦ ਦਾ। ਜਪੁਜੀ ਵਿਚ ਸਤਿਗੁਰ ਨੇ ਸਾਰੇ ਤ੍ਰੀਕੇ ਸਚਿਆਰ ਹੋਣ ਦੇ ਖੰਡ ਕੇ ਅਪਣਾ ਤ੍ਰੀਕਾ ਦੱਸਿਆ ਸੀ *'ਹੁਕਮਿ ਰਜਾਈ ਚਲਣਾ'*। ਤੇ ਹੁਕਮ ਰਜਾਈ ਚੱਲਣ ਦਾ ਗੁਰਬਾਣੀ ਵਿਚ ਇਹ ਤ੍ਰੀਕਾ ਦੱਸਿਆ ਹੈ:- *'ਸਿਫਤਿ ਸਾਲਾਹਣੁ ਤੇਰਾ ਹੁਕਮੁ ਰਜਾਈ'*। ਤੇ ਸਿਫਤ ਸਲਾਹ ਲੈ ਜਾਂਦੀ ਹੈ ਵਿਸਮਾਦ ਵਿਚ ਤੇ ਵਿਸਮਾਦ ਰਜਾਈ ਵਿਚ, ਇਹ ਹੈ ਪ੍ਰੇਮ ਦੀ ਅਵਧੀ। ਵਿਸਮਾਦ ਦਾ ਸਾਧਨ ਹੈ ਸਿਫ਼ਤ ਸਲਾਹ :- *"ਵਿਸਮਾਦੁ ਸਿਫਤਿ ਵਿਸਮਾਦੁ ਸਾਲਾਹ॥"* ਸਾਡੇ ਸ੍ਰੀ ਗੁਰੂ ਜੀ ਫੁਰਮਾਉਂਦੇ ਹਨ- *"ਜਿਸਨੋ ਬਖਸੇ ਸਿਫਤਿ ਸਾਲਾਹ॥ ਨਾਨਕ ਪਾਤਿਸਾਹੀ ਪਾਤਸਾਹੁ॥"* ਫਿਰ ਹੁਕਮ ਹੈ: *'ਨਾਨਕ ਸਿਫਤਿ ਸਲਾਹ ਕਰਿ ਪ੍ਰਭ ਕਾ ਜੈਕਾਰੁ'*। ਵਾਹਿਗੁਰੂ ਜੀ ਦੀ ਸਿਫਤ ਸਾਲਾਹ ਨਾਲ ਮੈਲ ਦੂਰ ਹੋ ਜਾਂਦੀ ਹੈ:- *"ਗੁਨ ਗਾਵਤ ਤੇਰੀ ਉਤਰਸਿ ਮੈਲੁ॥ ਬਿਨਸਿ ਜਾਇ ਹਉਮੈ ਬਿਖ ਫੈਲੁ।"*

ਸਿਫਤ ਸਾਲਾਹ ਨਾਲ ਹੀ ਮਨ ਤੇ ਸਰੀਰ ਸੁਖੀ ਤੇ ਰਸਮਯ ਹੁੰਦੇ ਹਨ। *"ਨਾਨਕ ਸਿਫਤੀ ਰਤਿਆ ਮਨੁ ਤਨੁ ਹਰਿਆ ਹੋਇ॥"* ਪਰ ਇਹ ਮਾਰਗ ਹਰ ਕਿਸੇ ਨੂੰ ਨਹੀਂ- *'ਸਿਫਤਿ ਸਲਾਹਣੁ ਭਗਤਿ ਵਿਰਲੇ ਦਿਤੀਅਨੁ।'*

ਸਿਫਤ ਸਲਾਹ ਦਾ ਮਾਰਗ ਕਿਵੇਂ ਹੈ। ਅਰਦਾਸ ਕਰਨੀ, ਵਾਹਿਗੁਰੂ ਦਾ ਜਸ ਕਰਨਾ, ਆਪਣੀ ਆਤਮ ਮੰਗ ਮੰਗਣੀ ਇਹ ਪਹਿਲਾ ਕਦਮ ਹੈ। ਗੁਰਬਾਣੀ ਸਿਫਤ ਸਲਾਹ ਨਾਲ ਭਰੀ ਪਈ ਹੈ। ਸਿਫਤ ਸਲਾਹ ਦੇ ਭੰਡਾਰ ਭਰੇ ਪਏ ਹਨ:- *"ਸਿਫਤੀ ਭਰੇ ਤੇਰੇ ਭੰਡਾਰਾ॥"* ਗੁਰਬਾਣੀ ਪਿਆਰ ਨਾਲ ਪੜ੍ਹਨੀ ਸਿਫਤ ਸਲਾਹ ਹੈ। *"ਕੀਰਤਨੁ ਨਿਰਮੋਲਕ ਹੀਰਾ"*। "ਹਰਿ ਕੀਰਤਿ ਸਾਧ ਸੰਗਤਿ ਹੈ ਸਿਰਿ ਕਰਮਨ

---

1 ਗੁਰਬਾਣੀ ਸੁਣਿ ਮੈਲੁ ਗਵਾਏ॥ (ਧਨਾ: ਮ: ੩)

2 ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ॥ (ਜਪੁਜੀ)

3 ਨਾਨਕ ਸਿਫਤੀ ਰਤਿਆ ਮਨੁ ਤਨੁ ਹਰਿਆ ਹੋਇ॥ (ਸਾਰੰਗ ਵਾ: ਮ: ੧)

 www.sikhbookclub.com

*ਕੈ ਕਰਮਾ॥"* ਪੁਨਾ:-*"ਕੀਰਤਿ ਕਰਹਿ ਸੁਆਮੀ ਤੇਰੈ ਦੁਆਰੇ॥"*

ਨਾਮ ਜੋ ਸੁਤਿਗੁਰਾਂ ਨੇ ਸਾਨੂੰ ਬਖਸ਼ਿਆ ਹੈ, ਮੰਤ੍ਰਾਂ ਦਾ ਸਿਰ ਮੰਤ੍ਰ *"ਵਾਹਿਗੁਰੂ ਗੁਰ ਮੰਤ੍ਰ ਹੈ ਜਪ ਹਉਮੈ ਖੋਈ" (ਭਾ:ਗੁ:)*, ਸਿਫਤ ਸਲਾਹ ਹੈ। ਵਾਹ ਵਾਹ ਅਕਾਲ ਪੁਰਖ ਦੀ ਸਿਫਤ ਕਰਣੀ ਹੈ, ਸਲਾਹ ਕਰਨੀ ਹੈ; ਧੰਨ ਹੈ, ਧੰਨ ਹੈ। ਕੌਣ ਧੰਨ ਹੈ ? ਜੋ ਸਾਡੇ ਅੰਧਕਾਰ ਨੂੰ ਦੂਰ ਕਰਨੇ ਵਾਲਾ-ਗੁਰੂ, ਵਾਹਿਗੁਰੂ। ਲਿਖਿਆ ਹੈ:-'ਵਾਹ ਵਾਹੁ ਸਿਫਤਿ ਸਲਾਹ ਹੈ' ਸੋ ਵਾਹਿਗੁਰੂ ਮੰਤ੍ਰ ਜਪਣਾ ਸਿਫਤ ਸਲਾਹ ਕਰਨਾ ਹੈ। ਵਾਹ ਉਸ ਵੇਲੇ ਕਰੀਦਾ ਹੈ ਜਦੋਂ ਵਿਸਮਾਦ ਤੋਂ ਹੇਠਾਂ ਮਨ ਵਿਚ ਮੁੜੀਂ ਦਾ ਹੈ, ਯਾ ਮਨ ਤੋਂ ਵਿਸਮਾਦ ਵਲ ਨੂੰ ਚੜ੍ਹੀਦਾ ਹੈ। ਸੋ ਇਹ ਮੰਤ੍ਰ 'ਵਾਹਿਗੁਰੂ' ਵਿਸਮਾਦ ਵਿਚ ਚੜਨੇ ਦਾ ਸਾਧਨ ਬਨਾਇਆ ਗਿਆ ਹੈ। ਵਾਹਿਗੁਰੂ ਜਪੀਦਾ ਹੈ, ਤਾਕਿ ਸਿਫਤ ਸਲਾਹ ਦਾ ਮਨ ਨੂੰ ਚਾਉ ਚੜਦਾ ਰਹੇ ਜੋ ਵਧ ਵਧਕੇ ਵਿਸਮਾਦ ਬਣ ਜਾਵੇ ਤੇ ਥੇ ਮਲੂਮ ਸੁਰਤ ਵਿਚੋਂ ਹਉਮੈ ਕਟੀਂਦੀ ਰਹੇ।

*'ਪ੍ਰੇਮ ਭਗਤਿ ਤਿਨ ਪਾਈਆ ਬਿਖਿਆ ਨਾਹਿ ਜਰੇ।'* (ਮਾਝ: ਮ:੧-੧੪)

ਐਉਂ ਹਸਦਿਆਂ ਖਿਡੰਦਿਆਂ ਜਾ ਮਿਲੀਦਾ ਹੈ ਬਾਲ ਸੁਭਾਇ ਅਕਾਲ ਪੁਰਖ ਜੀ ਨੂੰ ਤੇ ਸੁਖੀ ਹੋ ਜਾਈਦਾ ਹੈ ਜੀਉਂਦੇ ਜੀ ਆਪੇ ਵਿਚ ਤੇ ਸਰਬਤ ਦਾ ਹੋਣ ਲਗ ਜਾਂਦਾ ਹੈ ਭਲਾ ਸਾਥੋਂ, ਦੱਸੋ ਬਾਕੀ ਕੇਹੜੀ ਗਲ ਰਹਿ ਗਈ?

ਸ਼ਰਮ ਸਿੰਘ-ਆਪਦੇ ਦਰਸ਼ਨ ਮਾਤ੍ਰ ਨਾਲ ਠੰਢ ਪਈ ਸੀ। ਇਹ ਮੈਂ ਸੋਭਾ ਕਰਨ ਲਈ ਨਹੀਂ ਪਰ ਸੱਚ ਆਖਿਆ ਹੈ। ਆਪਦੇ ਕਥਨ ਨਾਲ ਸੁਆਦ ਆਇਆ ਹੈ ਤੇ ਹੁਣ ਸਮਝ ਬੀ ਪਈ ਹੈ ਗਲ। ਚਾਹੇ ਗਿਆਨੀ ਹੋਣ ਕਰਕੇ ਸਮਝਦਾ ਸਾਂ ਪਹਿਲੇ ਬੀ ਪਰ ਉਹ ਸਮਝ ਸੰਸਿਆਂ ਸੰਯੁਕਤ ਸੀ ਤੇ ਦਿਲ ਬੱਝ ਨਹੀਂ ਸੀ ਖਾਂਦਾ[1], ਨਾਲੇ ਉਹ ਸਫਾ ਨਹੀਂ ਸੀ ਹੁੰਦੀ ਸਮਝ। ਆਪ ਨੇ ਸਾਫ ਸਾਫ ਕਰਕੇ ਸਮਝਾ ਦਿੱਤਾ ਹੈ, ਪਰ ਅਜੇ ਸਾਨੂੰ ਸੋਝੀ ਨਹੀਂ ਪਈ ਕਿ ਸਾਡੀ ਭੁੱਲ ਕਿੱਥੇ ਸੀ।

ਨਰਮ ਸਿੰਘ-ਠੀਕ ਏਹੋ ਮੇਰਾ ਹਾਲ ਹੈ। ਸਾਡੀ ਭੁੱਲ ਦਾ ਸਾਨੂੰ ਥਹੁ ਨਹੀਂ ਪੈਂਦਾ[2]।

ਸੰਤ-ਹੁਕਮ ਹੈ *'ਸੁਨਤ ਕਮਾਵਤ ਹੋਤ ਉਧਾਰ॥"* ਭਾਈ ! ਨਿਸਤਾਰੇ ਦਾ ਰਾਹ ਇਹ ਹੈ। ਸੁਣਿਆ ਤੇ ਕਮਾਇਆ ਨਾ, ਪੜ੍ਹਿਆ ਤੇ ਕਮਾਇਆ ਨਾ, ਸਮਝਿਆ ਤੇ ਕਮਾਇਆ ਨਾ, ਬਾਬਾ ਜੀ ਦਾ ਹੁਕਮ ਹੈ *"ਸੁਣਿਆ, ਮੰਨਿਆ, ਮਨਿ ਕੀਤਾ ਭਾਉ॥ ਅੰਤਰਿ ਗਤਿ ਤੀਰਥਿ ਮਲਿ ਨਾਉ॥" ਸੁਣੋਂ, ਮੰਨੋਂ, ਭਾਵ ਬਿਸਵਾਸ ਦ੍ਰਿੜ੍ਹ ਕਰਕੇ ਅੰਦਰ ਨਿਸਚੇ ਕਰੋ*[3]। ਵਾਰੰਵਾਰ ਕਮਾਈ ਕਰੋ; ਜੋ ਹਉਂ ਦੀ ਮੈਲ ਉਤਰ ਜਾਵੇ। ਸੋ ਸੁਣਿਆਂ ਸਮਝਿਆਂ ਮੰਨਿਆਂ ਤੇ ਕਮਾਇਆਂ ਅੰਦਰ ਟਿਕਾਉ ਹੋ ਜਾਂਦਾ ਹੈ ਤੇ ਅਨੁਭਵ ਖੁੱਲ੍ਹਦਾ ਹੈ।

ਸ਼ਰਮ ਸਿੰਘ-ਕਹਿ ਤਾਂ ਨਹੀਂ ਸਕਦੇ ਕਿ ਕੁਛ ਕੀਤਾ ਹੈ, ਪਰ ਕੁਛ ਰਤੀ ਰਵਾਲ ਜੇ ਕੀਤਾ ਹੈ ਤਾਂ ਖਣਿਆਂ ਕੁਛ ਨਾਂ। ਕੋਈ ਲੱਭ ਦਿਓ ਨਾਂ ਮਰਮ ਦੀ ਗਲ ਕਿ ਅਸੀਂ ਕਿੱਥੋਂ ਉੱਕੇ ਹਾਂ ?'

ਸੰਤ-ਫੇਰ ਕੱਚਾ ਬੋਲਾ ! ਹੈਂ ! ਭਾਈ ਕੱਚਾ ਬੋਲਾ ਗੁਰੂ ਕੇ ਖਾਲਸਾ ਹੋ ਕੇ ਨਾ ਬੋਲੋ। ਬਣਿਆ ਸਭ ਕੁਛ ਹੈ। ਗੁਰੂ ਵਾਕ ਹੈ :-*"ਕਰਿ ਕਿਰਪਾ ਪ੍ਰਭੁ ਆਪਣੀ ਤੇਰੇ ਦਰਸਨ ਹੋਇ ਪਿਆਸ॥'* ਗੁਰੂ ਮਹਾਰਾਜ ਜੀ ਆਪ ਦਰਸ ਦੀ ਪਿਆਸਾ ਲਈ ਅਰਦਾਸ ਕਰਨੀ ਸਿਖਾਲ ਰਹੇ ਹਨ। ਸਾਡੀ ਸਮਝੇ, ਬਈ ਖਾਲਸਾ ਜੀ ! ਤੁਹਾਡੇ ਕਥਾ ਕੀਰਤਨ ਖਾਲੀ ਨਹੀਂ ਗਏ, ਅਤੇ ਜੋ ਕੁਛ ਤੁਸਾਂ ਕੀਤਾ ਹੈ ਉਹ ਸਫਲਿਆ ਹੈ। ਇਹ ਜੋ ਮੇਰੇ ਪਾਸ ਟੁਰਕੇ ਆਏ ਹੋ ਤੇ ਰਾਹ ਭਾਲਦੇ ਹੋ, ਇਸ ਪਿਆਸ ਦੀ ਨਿਸ਼ਾਨੀ

---

1· ਮਾਲਖੁ ਕਥੈਂ ਕਥਿ ਲੋਕ ਸੁਨਾਵੈ ਜੋ ਬੋਲੈ ਸੋ ਨ ਬੀਚਾਰੇ॥ ਸਤਿਸੰਗਤ ਮਿਲੈ ਤ ਦਿੜਤਾ ਆਵੈ ਹਰਿ ਰਾਮ ਨਾਮਿ ਨਿਸਤਾਰੇ॥ (ਨਟ ਮ: ੪-੯੮੧)

2· ਪੜੀਐ ਗੁਨੀਐ ਨਾਮੁ ਸਭੁ ਸੁਨੀਐ ਅਨਭਉ ਭਾਉ ਨ ਦਰਸੈ॥ (ਰਾਮਕਲੀ ਰਵਿ: ਜੀ-੯੭੩)

3· ਕਹਤ ਸੁਨਤ ਕਿਛੁ ਸਾਂਤਿ ਨ ਉਪਜਤ ਬਿਨੁ ਬਿਸਾਸ ਕਿਆ ਸੇਖਾਂ॥ (ਸਾਰੰ: ਮ:੫:੧੨੨੧)

 www.sikhbookclub.com

ਹੈ। ਇਹ ਨਿੰਮ੍ਰਤਾ ਇਹ ਢੂੰਡ ਸਭ ਪਿਆਸ ਦੇ ਲੱਛਣ ਹੈਨ। ਨਹੀਂ ਤਾਂ ਭਾਈ ! ਗੁਰੂ ਬਖਸ਼ੇ, ਅਸਾਂ ਤਾਂ ਕਈ ਵੇਖੇ ਹਨ ਨਿਰੇ ਹੰਕਾਰ ਦੇ ਪੁਤਲੇ*। 'ਰਾਗ ਵਿਦਜਾ ਦਾ ਅਭਿਮਾਨ, ਸੁਰੀਲੇ ਗਲੇ ਦਾ ਅਭਿਮਾਨ, ਚਾਰ ਅੱਖਰ ਸੰਸਕ੍ਰਿਤ ਯਾ ਫਾਰਸੀ ਪੜ੍ਹੇ ਦਾ ਅਭਿਮਾਨ, ਸੁਹਣੀ ਜੁਗਤ ਤੇ ਹਸਾ ਰੁਆ ਦੇਣ ਵਾਲੀ ਲਿਆਕਤ ਦਾ ਅਭਿਮਾਨ, ਇਹੀ ਪ੍ਰਧਾਨ ਹੁੰਦਾ ਹੈ। ਤੁਸੀਂ ਤਾਂ ਭਲੇ ਹੋ ਆਪਣੀ ਭੁੱਲ ਤੱਕਦੇ ਹੋ। ਮੇਰੇ ਕੋਲ ਆ ਕੇ ਭੁੱਲਾਂ ਦੱਸੀਆਂ ਨੇ, ਤਰਲੇ ਵਿਚ ਹੋ ਕਿ ਕਿਵੇਂ ਮਾਲੋ ਮਾਂਗੋ ਵਰਗੇ ਸਤ ਪੁਰਖਾਂ ਵਾਂਙੂ ਸਾਡਾ ਬੀ ਉਧਾਰ ਹੋਵੇ। ਇਹ ਪਿਆਸ ਪਰਮਾਰਥ ਦਾ ਪਹਿਲਾ ਕਦਮ ਹੈ ਜੋ ਤੁਹਾਨੂੰ ਬਾਣੀ ਦੀ ਮੇਹਰ ਨਾਲ ਪ੍ਰਾਪਤ ਹੋਇਆ ਹੈ। ਹੁਣ ਹੋਰ ਹੀਲਾ ਕਰੋ ਅਗੇਰੇ ਵਧਣ ਦਾ। ਇਹ ਭਾਈ, ਪਹਾੜ ਦੀ ਚੜ੍ਹਾਈ ਵਾਂਙੂ ਅੱਗੇ ਤੋਂ ਅੱਗੇ ਤ੍ਰਕੀ ਹੁੰਦੀ ਹੈ।

ਸ਼ਰਮ ਸਿੰਘ–ਕੋਈ ਥਹੁ ਕੋਈ ਨੁਕਤਾ ਉਕਾਈ ਦਾ ਲੱਭ ਦਿਓ।

ਸੰਤ ਮੁਸਕ੍ਰਾਏ ਤੇ ਕਹਿਣ ਲੱਗੇ:-ਇਹ ਗੁਰੂ ਮਿਹਰ ਕਰੇ। ਭਾਈ ਮਾਲੋ ਮਾਂਗੋ ਦਾ ਜੋ ਰਤਾ ਭੋਰਾ ਜੀਵਨ ਦਾ ਪਤਾ ਸਾਨੂੰ ਇਤਿਹਾਸਾਂ ਵਿਚ ਲਿਖਿਆ ਮਿਲਦਾ ਹੈ ਓਥੋਂ ਹੀ ਲੱਭ ਲਓ। ਸਤਿਗੁਰ ਨੇ ਉਨ੍ਹਾਂ ਨੂੰ ਕਠਨ ਮਾਰਗ ਹਠ ਜੋਗ ਦੇ ਤੇ ਹੋਰ ਤਰ੍ਹਾਂ ਦੇ ਜੋਗਾਂ ਦੇ ਸਾਰੇ ਸੁਣਾਏ, ਵਿੱਚੇ ਆ ਗਏ ਸਾਰੇ ਜੋਗ ਤੇ ਸਾਰੇ ਪੁਰਾਤਨ ਤ੍ਰੀਕੇ ਤੇ ਅਜ ਕਲ ਦੇ ਤ੍ਰੀਕੇ ਜੋ ਜੋਗ ਤੇ ਭਗਤੀ ਨੂੰ ਵਿਗਾੜ ਕੇ ਟੁਰੇ ਹਨ। ਤੇ ਸੁਗਮ ਰਾਹ ਦੱਸਿਆ ਸਿਫਤ ਸਲਾਹ ਦਾ। ਇਹ ਦੱਸਕੇ ਉਨ੍ਹਾਂ ਨੂੰ ਅਮਲੀ ਤੌਰ ਤੇ ਹਉਮੈਂ ਜਿੱਤਣ ਦਾ ਰਾਹ ਦੱਸਿਆ। ਹਉਮੈਂ ਅਮਲੀ ਰੂਪ ਵਿਚ ਅਪਣੇ ਆਪ ਨੂੰ 'ਦੁਜਾਇਗੀ' ਵਿਚ ਪ੍ਰਗਟ ਕਰਦੀ ਹੈ। ਜਗਤ ਵਿਚ ਵਰਤੋਂ ਹੋਣੀ ਦੁਜਾਇਗੀ ਦੀ-ਆਪਾ ਲੋਚਣਾ-ਤੇ ਦੂਸਰਿਆਂ ਨਾਲ ਵਿਤਕਰਾ ਕਰਨਾ। ਦੇਖੋ ਮਾਲੋ ਮਾਂਗੋ ਬਾਬਤ ਲਿਖਿਆ ਹੈ ਕਿ ਸਤਿਗੁਰ ਦੇ ਫੁਰਮਾਣ ਮੂਜਬ ਓਹ ਮਾਲੋ ਤੇ ਮਾਂਗੋ ਧਰਮ ਦੀ ਕਿਰਤ ਕਰਕੇ ਵੰਡ ਖਾਵਨ। ਸੋ ਭਾਈ ਇਕ ਮੱਤ ਇਹ ਲਈਏ-ਵੰਡ ਖਾਣ ਦੀ-ਇਸ ਨਾਲ ਵਰਤੋਂ ਵਿਚ ਵਰਤ ਰਹੀ ਹਉਮੈਂ ਦੀ ਨਵਿਰਤੀ ਹੁੰਦੀ ਹੈ, ਭਾਵ ਦੂਜੈਗੀ ਘਟਦੀ ਹੈ। ਫੇਰ ਜੋ ਨਾਮ ਜਪੀਦਾ ਹੈ, ਉਸ ਨਾਲ ਅੰਦਰ ਦੀ ਹਉਮੈਂ ਕੱਟੀਦੀ ਹੈ ਜੋ ਮੂਲ ਹੈ। ਦੂਜੀ ਗਲ ਸਤਿਗੁਰ ਨੇ ਉਨ੍ਹਾਂ ਨੂੰ ਸਿਖਾਈ ਸੀ ਉਹ ਇਹ ਸਾਫ ਸਹੀ ਪਈ ਹੁੰਦੀ ਹੈ ਕਿ ਤਪ ਹਠ ਜੋਗ ਕਰਕੇ ਤੁਸੀਂ ਆਪੇ ਨੂੰ ਸਾਧੋਗੇ; ਫੇਰ ਕੀ ਕਰੋਗੇ ? ਫੇਰ ਟੋਲੋਗੇ ਪਰਮੇਸ਼ਰ ਜੀ ਦਾ ਮਿਲਾਪ। ਸਤਿਗੁਰਾਂ ਨੇ ਸਾਂਈਂ ਦੀ ਸਿਫਤ ਸਲਾਹ ਸਿਖਾਈ ਉਨ੍ਹਾਂ ਨੂੰ ਕਿ ਮਾਰਗ ਸੁਗਮ ਹੈ ਤੇ ਫਲ ਬਹੁਤਾ ਹੈ। ਇਹ ਸਿੱਧਾ ਸਾਂਈਂ ਮਿਲਾਪ ਵਲ ਲੈ ਜਾਂਦਾ ਹੈ। ਸੋ ਭਾਈ ਹਉਮੈਂ ਨੂੰ ਕੁਛ ਤਾਂ ਖਾ ਜਾਏਗਾ ਤੁਹਾਡਾ ਦਾਨ ਤੇ ਨਾਮ ਤੇ ਜਦ ਨਾਮ ਤੇ ਬਾਣੀ ਨੂੰ ਬਣਾਓਗੇ ਸਿਫਤ ਸਲਾਹ ਤਾਂ ਨਾਲ ਵਾਹਿਗੁਰੂ ਮਿਲ ਪਊ, ਨਾਲੇ ਹਉਂ ਤੋਂ ਖਹਿੜਾ ਛੁੱਟ ਜਾਊ। ਜੇ ਵਾਹਿਗੁਰੂ ਦੀ ਸਿਫਤ ਸਲਾਹ ਵਿਚ ਲੱਗਕੇ ਰੰਗ ਵਿਚ ਆ ਗਿਆ, ਹਉਂ ਕਿੱਥੇ ਰਹੀ, ਤੇ ਜੋ ਪ੍ਰੇਮ ਵਿਚ ਆ ਕੇ ਸਦਾ ਉਸੇ ਦੇ ਰੰਗ ਵਿਚ ਆ ਕੇ ਸਦਾ ਉਸੇ ਦੇ ਰੰਗ ਵਿਚ ਰਹਿੰਦਾ ਹੈ ਉਹ ਮਿਲ ਪਿਆ। ਹਉਮੈਂ ਬਿਲਾ ਗਈ ਤੇ ਵਾਹਿਗੁਰੂ ਨਾਲ ਮੇਲ ਹੋ ਗਿਆ ਤਾਂ ਕਾਰਜ ਸੰਵਰ ਗਿਆ। ਹੁਣ ਏਥੋਂ ਤੁਸੀਂ ਲੱਭ ਸਕਦੇ ਹੋ ਆਪਣੀ ਉਕਾਈ।

ਸ਼ਰਮ ਸਿੰਘ–ਤੁਸੀਂ ਹੀ ਲੱਭ ਦਿਓ ਨਾ ਮਿਹਰ ਕਰਕੇ।

ਸੰਤ–ਗੁਰੂ ਜਾਣੇ। ਆਪੇ ਲੱਭ ਲਓ ਤਾਂ ਚੰਗਾ ਹੈ, ਮੈਨੂੰ ਪੁੱਛੋ ਤਾਂ ਇਉਂ ਭਾਸਦਾ ਹੈ ਕਿ ਉਕਾਈ 'ਸੇਧ ਨਾਂ ਬੰਨ੍ਹਣ' ਵਿੱਚ ਹੈ। ਸਾਡਾ ਜੀਵਨ ਦਾ ਯਾ ਪਰਮਾਰਥ ਟੋਲਣ ਦਾ ਪ੍ਰਯੋਜਨ ਹੈ ਵਾਹਿਗੁਰੂ ਜੀ ਦੀ ਪ੍ਰਾਪਤੀ। ਹੁਣ ਭਾਵੇਂ ਕੋਈ ਕਿਤੋਂ ਘਾਲ ਆਰੰਭੇ, ਉਸਨੇ ਸੇਧ ਬੰਨ੍ਹਣੀ ਹੈ:- ਵਾਹਿਗੁਰੂ ਪ੍ਰਾਪਤੀ। ਜੇ ਤੁਸਾਡੇ ਪੜ੍ਹਨ ਵੇਲੇ, ਸਿੱਖਣ ਸਮਝਣ ਵੇਲੇ, ਕਥਾ ਕੀਰਤਨ ਕਰਨ ਵੇਲੇ ਯਾ

---

* ਹਮ ਖਡ ਕਬਿ ਕੁਲੀਨ ਹਮ ਪੰਡਿਤ ਹਮ ਜੋਗੀ ਸੰਨਿਆਸੀ॥ ਗਿਆਨੀ ਗੁਨੀ ਸੂਰ ਹਮ ਦਾਤੇ ਇਹ ਬੁਧਿ ਕਬਹਿ ਨ ਨਾਸੀ॥੨॥
(ਰਾਮ: ਰਵਿ: ਜੀ-੯੭੪)

ਬਾਣੀ ਦਾ ਅੱਭਜਾਮ ਕਰਨ ਵੇਲੇ ਸੇਧ ਵਾਹਿਗੁਰੂ ਜੀ ਦੀ ਹੈ, ਕਦੇ ਹੋ ਨਹੀਂ ਸਕਦਾ ਕਿ ਇਸ ਤੁਹਾਡੀ ਘਾਲ ਨੂੰ ਫਲ ਨਾ ਲੱਗੇ। ਅਸੀਂ ਜੇ ਵਾਹਿਗੁਰੂ ਜੀ ਨੂੰ ਲੋਚਦੇ ਹਾਂ, ਤਾਂ ਉਹ ਖੀ ਆਪਣੀ ਸਾਜੀ ਨੂੰ ਲੋਚਦਾ ਹੈ, ਕਿਉਂਕਿ ਉਹ ਪ੍ਰੇਮ ਹੈ ਤੇ ਪ੍ਰੇਮ ਦਾ ਪ੍ਰਕਾਸ਼ ਹੈ। ਪ੍ਰੇਮ ਦਾ ਪ੍ਰਕਾਸ਼ ਕੀ ਹੈ ? ਪ੍ਰੇਮ ਕਰਨਾ ਤੇ ਪ੍ਰੇਮ ਕੀਤੇ ਜਾਣਾ। ਪਰ ਜੇ ਸੇਧ ਬੱਝ ਗਈ ਕਿ ਚੰਗੀ ਕਥਾ ਕਰਾਂਗੇ, ਚੰਗਾ ਸੁਰੀਲਾ ਰਾਗ ਸਿੱਖਕੇ ਨਿਪੁਨਤਾ ਵਾਲਾ ਕਰਾਂਗੇ ਕੀਰਤਨ ਤਾਂ ਪਦਾਰਥ ਬਹੁਤ ਹੋਵੇਗਾ ਤੇ ਜਸ ਫੈਲੇਗਾ ਤਾਂ ਭਾਈ ਇਹੋ ਕੁਛ ਪ੍ਰਾਪਤ ਹੋਵੇਗਾ। ਬਾਣੀ ਕਾਮਧੇਨੁ ਹੈ, ਜੋ ਸੇਧ ਬੰਨ੍ਹੋ ਉਹੀ ਸਿੱਧ ਹੁੰਦਾ ਹੈ।

*"ਸਾਈ ਵਸਤੁ ਪਰਾਪਤਿ ਹੋਈ ਜਿਸੁ ਸੇਤੀ ਮਨੁ ਲਾਇਆ॥"*

*(ਸੂਹੀ ਛੰਤ ਮ: ੧)*

ਪੁਨਾ:- *"ਸਾਈ ਵਸਤੁ ਪਰਾਪਤਿ ਹੋਈ ਜਿਸੁ ਸਿਉ ਲਾਇਆ ਹੇਤੁ॥"*

*(ਸਿਰੀ ਰਾਗੁ ਮ: ੧)*

ਹੁਣ ਤੁਸੀਂ ਵੀਚਾਰ ਕੇ ਅਪਣੇ ਅੰਦਰ ਆਪ ਤੱਕ ਲਓ ਕਿ ਦਰੁਸਤ ਸੀ ਕਿ ਗਲਤ। ਚੰਗੀ ਤਰ੍ਹਾਂ ਮਨ ਵਿਚ ਕੰਘੀ ਮਾਰ ਲਓ ਕਿ ਜਦੋਂ ਕੀਰਤਨ ਕਰਕੇ ਉਠੋ ਦਿਲ ਕਰਦਾ ਹੈ ਕਿ ਨਹੀਂ ਕਿ ਲੋਕੀਂ ਜੋ ਉਠੇ ਹਨ ਕਿਵੇਂ ਕੰਨੀ ਪਵੇ ਕਿ ਕੀਹ ਗਲਾਂ ਕਰਦੇ ਹਨ। ਜੇ ਕੰਨੀ ਸੋ ਪੈ ਜਾਏ ਕਿ ਅੱਜ ਭਾਈ ਫਲਾਣਾ ਸਿੰਘ ਨੇ ਵਾਹ ਕੀਰਤਨ ਕੀਤਾ, ਤੇ ਭਾਈ ਫਲਾਣਾ ਸਿੰਘ ਨੇ ਵਾਹ ਕਥਾ ਕੀਤੀ ਤਦੋਂ ਮਨ ਕੇਡਾ ਤ੍ਰਪਦਾ ਹੈ ਚਾਉ ਨਾਲ, ਇਹ ਹੈ ਕੁਛ ਨਿਸ਼ਾਨੀ ਕਿ ਮਨ ਦੀ ਸੇਧ 'ਲੋਕਾਂ ਤੋਂ ਉਪਮਾ ਦੀ ਮੰਗ' ਸੀ। ਇਸ ਦੇ ਨਾਲ ਹੀ ਹੋਰ ਲੈ ਲਓ ਪਦਾਰਥ ਆਦਿਕਾਂ ਦੀ ਮੰਗ। ਸੋ ਜੇ ਸਾਡੀ ਸੇਧ ਵਾਹਿਗੁਰੂ ਹੈ ਤਾਂ ਅਸੀਂ ਕਰਾਂਗੇ ਕਥਾ, ਪਰ ਜੋ ਕਹਾਂਗੇ ਉਹ ਸਮੋਧ ਕਰਾਂਗੇ ਮਨ ਨੂੰ[2]। ਮਨ ਨਿਰਮਲ ਹੋਵੇਗਾ ਤੇ ਸਿਫਤ ਸਲਾਹ ਵਲ ਨੂੰ ਉੱਮਲੇਗਾ। ਇਸ ਤਰ੍ਹਾਂ ਕੀਤਰਨ ਸੁਣਾਈਏ ਆਪਣੇ ਮਨ ਨੂੰ, ਕੀਰਤਨ ਸੁਣਾਈਏ ਗੁਰੂ ਸਾਹਿਬਾਂ ਨੂੰ, ਚਾਉ ਤੇ ਅਦਬ ਵਿਚ ਹੋ ਕੇ। ਮਰਦਾਨੇ ਵਰਗੇ ਗੁਰੂ ਕੇ ਪਿਆਰੇ ਦਾ ਕੰਮ ਮਿਲ ਪਿਆ ਹੈ ਸਾਨੂੰ ਸਤਿਗੁਰੂ ਨੂੰ ਕੀਰਤਨ ਸੁਨਾਉਣ ਦਾ, ਫੇਰ ਦੇਖੋ ਕਿ ਕੀਰਤਨ ਵੇਲੇ ਮਨ ਜਾ ਠਹਿਰੇਗਾ ਸਤਿਗੁਰੂ ਦੇ ਚਰਨਾਂ ਨਾਲ ਤੇ ਓਥੋਂ ਲਿਆਵੇਗਾ ਰੰਗ ਪਵਿਤ੍ਰਤਾ ਦਾ, ਰਸ ਰੰਗ ਦਾ। ਕੀਰਤਨ ਤਾਂ ਸੁਣੇਗੀ ਸਾਧ ਸੰਗਤ ਲਾਭ ਉਨ੍ਹਾਂ ਨੂੰ ਬੀ ਪੁੱਜੇਗਾ ਪਰ ਤੁਸਾਡਾ ਮਨ ਜੁੜੇਗਾ ਸਤਿਗੁਰੂ ਨਾਲ ਤੇ ਲਵੇਗਾ ਆਪਣੇ ਵਿਚ ਅਕਸ ਸਤਿਗੁਰੂ ਦੇ ਮਿਲਾਪ ਦਾ ਤੇ ਗੁਣਾਂ ਦਾ। ਜਿਵੇਂ ਚਿੱਠੀ ਰਸਾਂ ਚਿੱਠੀਆਂ ਤਾਂ ਸਾਨੂੰ ਪੁਚਾ ਜਾਂਦਾ ਹੈ, ਪਰ ਉਹ ਦਾ ਚਿੱਤ ਤਾਂ ਸਾਡੇ ਵਿਚ ਨਹੀਂ ਨਾ ਵੱਸਦਾ। ਉਹ ਨੌਕਰ ਹੁੰਦਾ ਹੈ ਡਾਕਖਾਨੇ ਦਾ, ਉਸ ਨੂੰ ਤਨਖਾਹ ਉਥੋਂ ਮਿਲਦੀ ਹੈ ਉਸਦਾ ਮਨ ਲੱਗਾ ਹੁੰਦਾ ਹੈ ਡਾਕਖਾਨੇ ਦੇ ਵਡੇ ਅਫਸਰ ਨਾਲ। ਤਿਵੇਂ ਸਾਡੀ ਜੇ ਮਨ ਵਿੱਚ ਸੇਧ ਬੱਝ ਗਈ ਹੈ ਵਾਹਿਗੁਰੂ ਵੰਨੇ ਤਾਂ ਅਸੀਂ ਕਰਾਂਗੇ ਕਥਾ ਕੀਰਤਨ ਸੰਗਤ ਵਿਚ ਗੁਰਬਾਣੀ ਦੇ ਕਥਨ ਤੇ ਗਾਇਨ ਦਾ ਲਾਭ ਪੁੱਜੇਗਾ ਸੰਗਤ ਨੂੰ, ਪਰ ਸਾਡੇ ਮਨ ਦੀ ਸੇਧ ਵਾਹਿਗੁਰੂ ਨਾਲ ਹੋਣ ਕਰਕੇ ਸਾਡਾ ਮਨ ਰਹੇਗਾ ਵਾਹਿਗੁਰੂ ਰੁਖੀਆ ਵਾਹਿਗੁਰੂ ਵਲ ਲੱਗਾ ਹੋਇਆ। ਕਥਾ ਕੀਰਤਨ ਦਾ ਭਾਵ ਕੁਛ ਹੋਵੇਗਾ ਮਨ ਨੂੰ ਸਮੋਧ ਕਰਨ ਵਾਲਾ, ਕੁਛ ਹੋਵੇਗਾ ਵਾਹਿਗੁਰੂ ਦੇ ਜਸ ਤੇ ਪ੍ਰੇਮ ਦਾ। ਉਹ ਸਾਨੂੰ ਲਾਏਗਾ ਆਪਣੇ ਨਿਸ਼ਾਨੇ ਵਲ ਤੇ ਜੋੜੇਗਾ ਉਸ ਨਾਲ, ਸਾਨੂੰ ਫਲ ਉਥੋਂ ਮਿਲੇਗਾ ਆਤਮ ਉੱਨਤੀ ਦਾ। ਜੇ ਏਸ ਸੇਧ ਤੋਂ ਉੱਕ ਜਾਵਾਂਗੇ ਤਾਂ ਸਾਨੂੰ ਮਿਲੇਗੀ ਉਹ ਕੁਛ ਕਿ ਜਿੱਧਰ ਅਸਾਂ ਬੱਧੀ ਹੈ ਸੇਧ ਆਪਣੀ[3]।

---

1· ਮੈ ਗੁਨ ਬੰਧ ਸਗਲ ਕੀ ਜੀਵਨਿ ਮੇਰੀ ਜੀਵਨਿ ਮੇਰੇ ਦਾਸ॥ (ਸਾਰੰ: ਨਾਮ: ਜੀ-੩)

2· ਪ੍ਰਥਮੇ ਮਨੁ ਪਰਬੋਧੈ ਅਪਨਾ ਪਾਛੈ ਅਵਰ ਰੀਝਾਵੈ॥ (ਆਸਾ ਮ: ੫-੪੩)

3· ਕਬੀਰ ਸਿਖ ਸਾਖਾ ਬਹੁਤੇ ਕੀਏ ਕੇਸੋ ਕੀਓ ਨ ਮੀਤੁ॥
ਚਾਲੇ ਥੇ ਹਰਿ ਮਿਲਨ ਕਉ ਬੀਚੈ ਅਟਕਿਓ ਚੀਤੁ॥੯੬॥ (ਸਲੋਕ ਕਬੀਰ ਜੀ)


www.sikhbookclub.com

ਮਦੋਂ ਸੇਧ ਆਪਣੇ ਮਾਲਕ ਦੀ ਨਾ ਰੱਖੀ, ਜਿਸਦੇ ਕਿ ਅਸੀਂ ਚਾਕਰ ਹਾਂ ਤੇ ਸੇਧ ਬੰਨ੍ਹ ਲਈ ਮਾਇਆ ਦੀ ਤੇ ਆਪਣੇ ਜਸ ਦੀ ਤੇ ਓਹਨਾਂ ਲੋਕਾਂ ਦੀ ਕਿ ਜਿਨ੍ਹਾਂ ਤੋਂ ਪ੍ਰਾਪਤੀ ਹੋਣੀ ਹੈ ਮਾਇਆ ਦੀ ਤੇ ਜਸ ਦੀ ਤਾਂ ਸਾਨੂੰ ਮਾਇਆ ਤੇ ਜਸ ਮਿਲੇਗਾ, ਪਰ ਜਿਨ੍ਹਾਂ ਤੋਂ ਮਿਲੇਗਾ ਬੇਮਲੂਮੇ ਚਾਕਰੀ ਹੋ ਜਾਵੇਗੀ ਉਨ੍ਹਾਂ ਦੀ, ਤੇ ਓਹਨਾਂ ਦੇ ਪਾਪਾਂ ਦੇ ਭਾਰ ਵੰਡੀਣਗੇ ਸਾਡੇ ਨਾਲ ਕਿਉਂਕਿ ਉਹ ਦਾਨ ਦੇਂਦੇ ਹਨ ਉਸ ਵੇਲੇ ਜਿਸ ਵੇਲੇ ਉਨ੍ਹਾਂ ਦੇ ਮਨ ਹੋ ਜਾਂਦੇ ਹਨ ਨਰਮ ਸਾਡੇ ਕਥਨ ਯਾ ਕੀਰਤਨ ਨਾਲ। ਇਸ ਨੂੰ ਕਬੀਰ ਜੀ ਨੇ ਫੁਰਮਾਇਆ ਹੇ *"ਕਬੀਰ ਭਾਰ ਪਰਾਈ ਸਿਰਿ ਚਰੈ ਚਲਿਓ ਚਾਹੈ ਬਾਟ॥ ਅਪਨੇ ਭਾਰਹਿ ਨਾ ਡਰੈ ਆਗੈ ਅਉਘਟ ਘਾਟ।੮੯॥"* ਕਿ ਤੇਰੀ ਅਪਣੀ ਪੰਡ ਕਾਫ਼ੀ ਭਾਰੀ ਹੈ, ਹੇ ਸੱਜਣ ਤੂੰ ਪਰਾਏ ਭਾਰ ਨਾਲ ਚੁਕ ਰਿਹਾ ਹੈਂ, ਅੱਗੇ ਰਸਤਾ ਔਖਾ ਹੈ ਤੂੰ ਦੋ ਭਾਰ ਕੀਕੂੰ ਚੁੱਕ ਕੇ ਟੁਰੇਂਗਾ ? ਸੋ ਭਾਈ ਮਾਇਆ ਤੇ ਜਸ ਦਾ ਮੋਹ ਤੇ ਪਰਾਇਆ ਭਾਰ ਏਹ ਹੈ ਜੋ ਸਾਡੇ ਮਨਾਂ ਨੂੰ ਉਸ ਰੰਗ ਵਿਚ ਨਹੀਂ ਜਾਣ ਦੇਂਦਾ ਕਿ ਜਿਸ ਵਿਚ ਤੁਹਾਨੂੰ ਮੁਰੇਂਦ੍ਰ ਨਾਥ ਨੇ ਦੱਸਿਆ ਸੀ ਕਿ ਉਹ ਤੇ ਹੋਰ ਇਤਰ ਸਾਧਨਾਂ ਕਰਨ ਵਾਲੇ ਦੁਰਾਡੇ ਪਏ ਆਦਮੀ ਗੁਰਬਾਣੀ ਦੇ ਪਿਆਰ ਨਾਲ ਜਾ ਵੜੇ ਸਨ। ਤੁਸੀਂ ਗੁਰੂ ਕੇ ਹਜ਼ੂਰੀਏ ਹੋ, ਮੇਰਾ ਤੁਸਾਂ ਨੂੰ ਕੁਛ ਕਹਿਣਾ ਨਹੀਂ ਬਣਦਾ। ਮੈਂ ਤਾਂ ਜੋ ਕੁਛ ਆਖਿਆ ਹੈ ਮੈਂ ਅਪਣੇ ਮਨ ਨੂੰ ਸਮੋਧਿਆ ਹੈ, ਤੁਸੀਂ ਭੀ ਵੀਚਾਰ ਕਰ ਲਓ, ਜੇ ਕੁਛ ਗਲ ਦਿਲ ਪੁੜਦੀ ਹੈ ਤਾਂ ਪੱਲੇ ਬੰਨ੍ਹ ਲਓ। ਗੁਰੂ ਬਖਸ਼ੇ !

*"ਅਸੀ ਖਤੇ ਬਹੁਤੁ ਕਮਾਵਦੇ ਅੰਤੁ ਨ ਪਾਰਾਵਾਰੁ॥*
*ਹਰਿ ਕਿਰਪਾ ਕਰਿਕੈ ਬਖਸਿ ਲੈਹੁ ਹਉ ਪਾਪੀ ਵਡ ਗੁਨਹਗਾਰੁ॥* (ਸਲੋਕ ਮ: ੨-੧੪੧੬)
ਤਥਾ:-*'ਲੇਖੈ ਕਤਹਿ ਨ ਛੂਟੀਐ ਖਿਨੁ ਖਿਨੁ ਭੂਲਨਹਾਰ॥*
*ਬਖਸਨਹਾਰ ਬਖਸਿ ਲੈ ਨਾਨਕ ਪਾਰਿ ਉਤਾਰ॥"* (ਬਾਵਨ ਅਖਰੀ-੨੬੧/੧)

ਇਹ ਕਹਿਕੇ ਸੰਤਚੁਪ ਹੋ ਗਏ। ਨੈਣ ਪਹਿਲਾਂ ਲਾਲ ਹੋ ਗਏ ਫੇਰ ਭਰ ਆਏ, ਫੇਰ ਮਿਟ ਗਏ, ਬੁੱਲ ਫਰਕੇ, ਫਿਰ ਘੁਟ ਗਏ। ਸੁਣਨ ਵਾਲੇ ਬੀ ਅਚਰਜ ਵਿਚ ਆ ਕੇ ਨੈਣ ਭਰ ਲਿਆਏ, ਬੰਦ ਕਰ ਲਏ ਤੇ ਕਿੰਨਾ ਚਿਰ ਚੁੱਪ ਵਰਤੀ ਰਹੀ।

ਫਿਰ ਸੰਤਾਂ ਦੇ ਨੈਣ ਖੁੱਲੇ ਤੇ ਇਹ ਵਾਕ ਬੜੀ ਮਿੱਠੀ ਸੁਰ ਵਿਚ ਗਾਇਨ ਹੋਏ:-

*ਬਡਭਾਗੀ ਤੇ ਜਨ ਜਗ ਮਾਹਿ॥ ਸਦਾ ਸਦਾ ਹਰਿ ਕੇ ਗੁਨ ਗਾਹਿ॥*
*ਰਾਮ ਨਾਮ ਜੋ ਕਰਹਿ ਬੀਚਾਰ॥ ਸੇ ਧਨਵੰਤ ਗਨੀ ਸੰਸਾਰ॥*
*ਮਨਿ ਤਨਿ ਮੁਖਿ ਬੋਲਹਿ ਹਰਿ ਮੁਖੀ॥ ਸਦਾ ਸਦਾ ਜਾਨਹੁ ਤੇ ਸੁਖੀ॥*
*ਏਕੋ ਏਕੁ ਏਕੁ ਪਛਾਨੈ॥ ਇਤ ਉਤ ਕੀ ਓਹੁ ਸੋਝੀ ਜਾਨੈ॥*
*ਨਾਮ ਸੰਗਿ ਜਿਸ ਕਾ ਮਨੁ ਮਾਨਿਆ॥ ਨਾਨਕ ਤਿਨਹਿ ਨਿਰੰਜਨੁ ਜਾਨਿਆ॥੩॥* (ਸੁਖਮਨੀ ਸਾਹਿਬ-੧੪)

ਕੁਛ ਚਿਰ ਮਗਰੋਂ ਨੈਣ ਖੁੱਲ੍ਹੇ। ਸ਼ਰਮ ਸਿੰਘ ਨਰਮ ਸਿੰਘ ਜੀ ਨੇ ਧੰਨਵਾਦ ਕੀਤਾ। ਆਖਿਆ ਗੱਲ ਤਾਂ ਨਿੱਕੀ ਜੇਹੀ ਨਿਕਲੀ; ਠੀਕ, ਹਾਂ ਠੀਕ ਪਤੇ ਦੀ, ਠੀਕ ਮਰਮ ਦੀ, ਕੱਖ ਦੇ ਉਹਲੇ ਲੱਖ ਏਸ ਨੂੰ ਆਖਦੇ ਹਨ, ਧੰਨ ਹੋ ਆਪ, ਜਿਨ੍ਹਾਂ ਨੇ ਇਤਨੀ ਮਿਹਰ ਕੀਤੀ ਹੈ।

ਸੰਤਾਂ ਨੇ ਫਿਰ ਨਜ਼ਰ ਕੀਤੀ ਮਰਮ ਸਿੰਘ ਵਲ ਤੇ ਆਖਿਆ ਸੱਜਣਾਂ ਗੁਰੂ ਕੇ ਹੋ ਕੇ ਗੁਰ ਬਾਣੀ ਨਾਲ ਕਦੇ ਵਿੱਥ ਨਾ ਪਾਈਏ। ਦੇਖ ਗੁਰਬਾਣੀ ਆਖਦੀ ਹੈ:-

*ਮਿਠ ਰਸੁ ਖਾਇ ਸੁ ਰੋਗਿ ਭਰੀਜੈ ਕੰਦ ਮੂਲਿ ਸੁਖੁ ਨਾਹੀ॥ ਨਾਮੁ ਵਿਸਾਰਿ ਚਲਹਿ ਅਨ ਮਾਰਗਿ ਅੰਤ ਕਾਲਿ ਪਛੁਤਾਹੀ॥੭॥*

(ਭੈਰਉ ਮ: ੧ -:੧੧੫੩)


www.sikhbookclub.com

ਇਹ ਗੁਰਬਾਣੀ ਦਾ ਹੀ ਪ੍ਰਤਾਪ ਸੀ ਕਿ ਤੈਨੂੰ ਫੇਰ ਭੁੱਲੀ ਪੈ ਗਏ ਨੂੰ ਮੋੜ ਲਿਆਈ ਹੈ। ਸਜਣੋਂ ਨਾਮ ਨੂੰ ਪੱਕੀ ਗੰਢ ਦੇ ਕੇ ਪੱਲੇ ਬੰਨ੍ਹੋ। ਗੁਰੂ ਵਾਕ ਹੈ :- ***"ਨਉ ਨਿਧਿ ਨਾਮੁ ਨਿਧਾਨੁ ਹਰਿ ਮੈ ਪਲੈ ਬਧਾ ਛਿਕਿ ਜੀਉ"(ਪ:੭੩)***। ਹਾਂ ਜੀ, ਬਾਣੀ ਤੋਂ ਕਦੇ ਨਾ ਵਿਛੁੜੋ, ਤੀਸਰੇ ਸਾਹਿਬਾਂ ਦਾ ਹੁਕਮ ਹੈ :-

***ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ॥***
***ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆ ਸਿਰਿ ਬਾਣੀ॥***
***ਜਿਨ ਕਉ ਨਦਰਿ ਕਰਮੁ ਹੋਵੈ ਹਿਰਦੈ ਤਿਨਾ ਸਮਾਣੀ॥***
***ਪੀਵਹੁ ਅੰਮ੍ਰਿਤੁ ਸਦਾ ਰਹਹੁ ਹਰਿ ਰੰਗਿ ਜਪਿਹੁ ਸਾਰਿਗ ਪਾਣੀ॥***
***ਕਹੈ ਨਾਨਕੁ ਸਦਾ ਗਾਵਹੁ ਏਹ ਸਚੀ ਬਾਣੀ॥੨੩॥***

(ਰਾਮ:ਮ ੩, ਅਨੰਦੁ-੯੨੦)

ਬਾਕੀ ਕੋਈ ਹੋਰ ਗਲ ਤੁਸਾਂ ਪੁਛਣੀ ਹੋਵੇ ਤਾਂ?

ਮਰਮ ਸਿੰਘ-ਆਪ ਦੇ ਸਾਰੇ ਬਚਨਾ ਨਾਲ ਹੁਣ ਮੈਨੂੰ ਬੀ ਸੋਝੀ ਹੋ ਆਈ ਹੈ। ਆਪਣੀ ਉਕਾਈ ਦੀ। ਮੈਂ ਏਤਨੀ ਬਿਨਤੀ ਕਰਨੀ ਹੈ ਕਿ ਭਾਵੇਂ ਆਪ ਨਿਮ੍ਰਿਤਾ ਭਾਵ ਵਿਚ ਵਸਦੇ ਹੋ ਤਦ ਬੀ ਆਪ ਗੁਰਮੁਖ ਹੋ, ਨਾਮ ਜਪਦੇ ਹੋ, ਜਪਾਉਣਾ ਬੀ ਆਪਦਾ ਧਰਮ ਹੈ, ਜੇ ਆਗਿਆ ਦਿਓ ਤਾਂ ਕਦੇ ਕਦੇ ਆਪਦਾ ਸਤਿਸੰਗ ਕਰਨ ਆ ਜਾਯਾ ਕਰੀਏ। ਆਪ ਪਤਾ ਨਹੀਂ ਕਿਤਨਾ ਚਿਰ ਏਥੇ ਹੋ, ਪਰ ਜਦ ਤਕ ਹੋ ਆਗਜਾ ਦੇ ਦਿਓ, ਅਸੀਂ ਆਪਦਾ ਸਮਾਂ ਵਿਅਰਥ ਨਹੀਂ ਲਵਾਂਗੇ।

ਸੰਤ ਜੀ-ਜੀ ਸਦਕੇ ਭਾਈ! ਇਹ ਸਰੀਰ ਤਾਂ ਐਸਾ ਹੀ ਹੈਸੀ, ਸਤਿਗੁਰੂ ਨਾਨਕ ਦੇਵ ਜੀ ਨੇ ਨਾਮ ਦੀ ਮਿਹਰ ਕੀਤੀ ਹੈ। ਹੁਣ ਹੁਕਮ ਹੈ, ਜਪਣਾ ਤੇ ਜਪਾਉਣਾ। ਆਪ ਸਭ ਅੰਮ੍ਰਿਤਧਾਰੀ ਹੋ, ਨਾਮ ਬਾਣੀ ਤੇ ਰਹਤ ਧਾਰਨ ਦੀ ਮਿਹਰ ਆਪ ਤੇ ਹੋ ਚੁਕੀ ਹੈ, ਵੱਖਰ ਆਪ ਨੂੰ ਮਿਲ ਚੁਕਾ ਹੈ ਨਾਮ ਦਾ, ਅੰਮ੍ਰਿਤ ਦਾਤੇ ਸਤਿਸੰਗਤ ਗੁਰੂ ਰੂਪ ਮੰਡਲ ਤੋਂ। ਉਸ ਵੱਖਰ ਦਾ ਵਾਪਾਰ ਕਰਨਾ[1] ਹੈ ਸੋ ਕਰੋ। ਉਸ ਵਾਪਾਰ ਵਿਚ ਵਿਤਕਰੇ ਰਹਿਤ ਵਪਾਰੀ ਵਾਂਡੂ ਜੋ ਸਹਾਯਤਾ ਹੋ ਸਕੇ ਮੈਂ ਕਰਨੇ ਨੂੰ ਤਿਆਰ ਹਾਂ। ਗੁਰਬਾਣੀ ਨਾਲ ਪਿਆਰ ਕਰੋ, ਨਾਮ ਜਪੋ, ਸਿਫਤ ਸਲਾਹ ਦਾ ਮਾਰਗ ਸਮਝੋ, ਅਵਗੁਣਾਂ ਦੀ ਗੰਢੜੀ ਕੋਈ ਨਾ ਬੰਨ੍ਹੋ[2] ਇਤਿ ਬਿਧਿ ਵਪਾਰ ਕਰੋ। ਮੈਂ ਹਾਜ਼ਰ ਹਾਂ, ਜਪਣ ਜਪਾਉਣ ਵਿਚ ਸਹਾਈ ਹੋਣਾ ਹੁਕਮ ਹੈ। ਸਭ ਕਾਰ ਹੁਕਮ ਵਿਚ ਕਰਨੀ ਹੈ।

ਮੈਂ ਤਾਂ ਗੁਰੂ ਕੇ ਦਰ ਕਿਸ ਗਿਣਤੀ ਵਿਚ ਹਾਂ ਸਤਿਗੁਰ ਨੇ ਆਪ ਫੁਰਮਾਇਆ ਹੈ :- ***'ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ'*** ਗੁਰੂ ਸਾਹਿਬ ਜੀ ਨੇ ਸਾਨੂੰ ਵਾਹਿਗੁਰੂ ਦਾ ਹੁਕਮ ਸੁਣਾਇਆ ਹੈ, ਇਸ ਸਰੀਰ ਨੇ ਤੁਹਾਨੂੰ ਗੁਰੂ ਸਾਹਿਬਾਂ ਦਾ ਹੁਕਮ ਸੁਣਾਇਆ ਹੈ। ਸੋ ਹੁਕਮ ਵਿਚ ਸਭ ਨੇ ਖੇਲਣਾ ਹੈ।

ਇਉਂ ਸਾਰੇ ਸੁਖੀ ਹੋ ਕੇ ਵਿਦਾ ਹੋਏ। ਸੰਤ ਫਿਰ ਅਪਣੀ ਕੁਟੀ ਦੇ ਉਦਾਲੇ ਪ੍ਰਕਰਮਾ ਕਰਨ ਲਗ ਪਏ ਤੇ ਬੜੀ ਮਿਠੀ ਸੁਰ ਵਿਚ ਸੁਖਮਨੀ ਸਾਹਿਬ ਦੇ ਪਾਠ ਵਿਚ ਲਗ ਗਏ। ਏਕਾਂਤ ਸੀ ਤੇ ਪ੍ਰੇਮ ਮਯ ਹਿਰਦਾ ਤੇ ਗੁਰੂ ਜਸ ਨਾਲ ਪਵਿਤ੍ਰ ਹੋਈ ਰਸਨਾ ਸੀ, ਰੰਗ ਬੱਝ ਗਿਆ। ਕਈ ਵੇਰ ਪਾਠ ਵਿਚ ਆਪਦੇ ਨੈਣ ਭਰੇ, ਕਈ ਵੇਰ ਮਗਨ ਹੋ ਹੋ ਗਏ। ਭੋਗ ਪਾ ਕੇ ਆਪ ਫਿਰ ਨਾਮ ਰੰਗ ਵਿਚ ਟਿਕ ਗਏ।

ਗੁਰੂ ਸਭ ਨੂੰ ਨਾਮ ਦਾਨ ਬਖਸ਼ੇ। ਗੁਰੂ ਸਭ ਨੂੰ ਗੁਰਬਾਣੀ ਦਾ ਪ੍ਰੇਮ ਬਖਸ਼ੇ।

***

---

1· ਇਹ ਤਨੁ ਹਾਟੁ ਸਰਾਫ ਕੋ ਭਾਈ ਵਖਰੁ ਨਾਮੁ ਅਪਾਰ। ਇਹੁ ਵਖਰ ਵਾਪਾਰੀ ਸੋ ਦ੍ਰਿੜੈ ਭਾਈ ਗੁਰ ਸਬਦਿ ਕਰੇ ਵੀਚਾਰੁ॥ ਧਨੁ ਵਾਪਾਰੀ ਨਾਨਕਾ ਭਾਈ ਮੇਲਿ ਕਰੇ ਵਾਪਾਰੁ॥੮॥੨॥ (ਸੋਰਠਿ ਮ:੧-੬੩੬)

2· ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ॥ ਜੇ ਗੁਣ ਹੋਵਨ੍ਹਿ ਸਾਜਨਾ ਮਿਲਿ ਸਾਝ ਕਰੀਜੈ॥ ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ॥ ਪਹਿਰੇ ਪਟੰਬਰ ਕਰਿ ਅਡੰਬਰ ਆਪਣਾ ਪਿੜੁ ਮਲੀਐ॥ ਜਿਥੈ ਜਾਇ ਬਹੀਐ ਭਲਾ ਕਹੀਐ ਝੋਲਿ ਅੰਮ੍ਰਿਤੁ ਪੀਜੈ॥ ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ॥੩॥ (ਸੂਹੀ ਛੰਤ ਮ:੧-੭੬੫)

 www.sikhbookclub.com

## ੪. ਭਾਈ ਭੂਮੀਆ*

{ ਇਨਸਾਨੀ ਫੁੱਲ। ਜੀਵਨ ਅਜੀਵਨ ਸੰਗਮ। ਮੋਤੀ ਚੂਰ ਜੰਗਲ। ਅਸਲੀ ਗ੍ਰਹਣ ਤੇ ਤਿਆਗ। ਸਿਮਰਨ ਤੇ ਸੱਚ ਦੀ ਧਾਰਨਾ।

੧.

ਨਾ ਜਾਲੀ ਲਾ, ਨ ਪਿੰਜਰਾ ਲੈ ਹੁਮਾ ਨੂੰ ਫੜ ਨਾ ਹੰਸਾ ਨੂੰ;
ਨ ਸੋਚੀਂ ਕੈਦ ਪਾਣੇ ਦੀ ਤੂੰ ਪੰਛੀ ਉੱਚ ਅੰਸਾਂ ਨੂੰ।
ਨ ਰੀਝਣ ਚੋਗਿਆ ਤੇ ਓ, ਕਿਵੇਂ ਉਤਰਨਗੇ ਜਾਲੀ ਤੇ?
ਫਸਾ ਸਕਦਾ ਨਹੀਂ ਹੈਂ ਤੂੰ ਕਿਸੇ ਬਿਧ ਸ੍ਰੇਛ-ਵੰਸਾਂ ਨੂੰ।
ਓ ਵਿਚਰਨ ਜਿਸ ਜਗਾ ਖੁੱਲ੍ਹੇ, ਤੇ ਕਰਦੇ ਕੇਲ ਫਿਰਦੇ ਹਨ,
ਤੂੰ ਜਾ ਉਸ ਥਾਂ ਦਰਸ ਪਰਸਨ, ਮਿਟਾ ਦਿਲ ਮੈਲ ਮੰਸਾਂ ਨੂੰ।
ਅਦਬ ਭੈ ਨਾਲ ਜਾਵੀਂ ਤੂੰ, ਸੁਣੀਂ ਸੰਗੀਤ ਉਹਨਾਂ ਦੇ
ਲਈਂ ਸਿਖ ਵਲ ਨਿਖੇੜਨ ਦਾ, ਅਸਾਰੋਂ ਸਾਰ-ਅੰਸਾਂ ਨੂੰ।
ਲਈਂ ਫਿਰ ਛੋਹ ਹੰਸਾਂ ਦੀ, ਤੇ ਛਾਯਾ ਲਈਂ ਹੁਮਾ ਦਾ ਤੂੰ,
ਮੁੜੇਂਗਾ ਫੇਰ ਹੋ ਆਪੇ, ਹੁਮਾ ਤੂੰ, ਰਾਜ ਹੰਸਾ ਤੂੰ।

**ਸੂਰਜ** ਲਹਿੰਦੇ ਵਲ ਲਹਿ ਚੱਲਿਆ ਹੈ। ਉਵੇਂ ਹੀ ਪਰਛਾਵੇਂ ਢਲ ਗਏ ਹਨ ਪਰ ਪੱਛੋਂ ਰੁਖ਼ ਨੂੰ ਪਹਾੜੀ ਟਿੱਲਾ ਹੈ, ਉਸਦਾ ਛਾਇਆ ਧੁੱਪ ਨੂੰ ਮੂਲੋਂ ਉਹਲੇ ਕਰ ਰਿਹਾ ਹੈ ਤੇ ਹੁਣ 'ਹਰਦਵਾਰ' ਦੇ ਪੌੜਾਂ ਉਤੇ ਕਿ ਕੁੰਡ ਉਤੇ ਧੁੱਪ ਦਾ ਚਮਕਾਰ ਨਹੀਂ ਪੈ ਰਿਹਾ। ਵੱਡੇ ਪੌੜਾਂ ਉਤੇ ਲੋਕੀ ਬੈਠੇ ਹਨ: ਕੋਈ ਨ੍ਹਾਂ ਰਹੇ ਹਨ, ਕੋਈ ਦੇਖ ਰਹੇ ਹਨ, ਕੋਈ ਕਿਸੇ ਰੰਗ, ਕੋਈ ਕਿਸੇ ਰੰਗ ਲੱਗ ਰਿਹਾ ਹੈ। ਜਿਧਰ ਨੂੰ ਨੀਲੀ ਨੀਲੀ ਝਾਲ ਵਾਲਾ ਜਾ ਰਿਹਾ ਹੈ ਗੰਗਾ ਦਾ ਨੀਰ ਉਧਰ ਨੂੰ ਵਿਸ਼ਾਲ ਪੱਕਾ ਥੜਾ ਹੈ ਜੋ ਦੂਰ ਤੀਕ ਪਰਵਾਹ ਦੇ ਨਾਲ ਨਾਲ ਹੇਠਾੜ ਨੂੰ ਚਲਾ ਗਿਆ ਹੈ; ਜਿਸ ਪਰ ਡੱਠੇ ਹਨ ਤਖਤਪੋਸ਼ ਤੇ ਕਿਤੇ ਕਿਤੇ ਬੈਠੇ ਹਨ ਥੜੇ ਤੇ ਛਾਬੜੀਆਂ ਵਾਲੇ ਛਾਬੜੀਆਂ ਲੈਕੇ। ਜਿੱਥੇ ਕੁ ਇਹ ਥੜਾ ਹਰਦੁਆਰ ਦੇ ਪੌੜਾਂ ਨਾਲ ਆ ਕੇ ਮਿਲਿਆ ਹੈ ਤੇ ਜਿਸ ਨਾਲ ਖਹਿਕੇ ਨੀਰ ਵਗਦਾ ਹੈ, ਓਥੇ ਕੁ ਵਾਰ ਇਕ ਚੜ੍ਹਦੀ ਜਵਾਨੀ ਦਾ ਗੱਭਰੂ ਮੁਹਣੇ ਚੌੜੇ ਮੱਥੇ ਵਾਲਾ, ਲੰਮੀ ਡੀਲ ਵਾਲਾ, ਦਮਕਦੇ ਨੈਣਾਂ ਵਾਲਾ ਖੜਾ ਹੈ। ਇਹ ਦੇਖ ਰਿਹਾ ਹੈ ਹਰਦਵਾਰ ਦੇ ਕੁੰਡ ਵਲ ਮੂੰਹ ਕਰਕੇ ਨੀਰ ਵਲ, ਕਦੇ ਲੋਕਾਂ ਵਲ, ਕਦੇ ਨੀਰ ਦੇ ਹੇਠਾਂ ਕਲੋਲ ਕਰ ਰਹੀਆਂ ਮਹਾਂਸ਼ੇਰ ਮੱਛੀਆਂ ਵਲ ਤੇ ਇਨ੍ਹਾਂ ਤੋਂ ਬੀ ਹੇਠਾਂ ਪਏ ਹੋਏ ਇਨਸਾਨੀ ਫੁੱਲਾਂ ਵਲ। ਇਉਂ ਤਕਦਾ ਜ਼ਰਾ ਕੁ ਕੰਬਦਾ ਹੈ, ਮਾਨੋਂ ਕਿਸੇ ਸੋਚ ਵਿਚ ਚਲਾ ਗਿਆ ਹੈ ਤੇ ਸੋਚ ਇਸਨੂੰ ਕਿਸੇ ਘਰਰਾਟ ਵਿਚ ਤੇ ਥਰਰ ਥਰਰ ਦਿਲ-ਹਿੱਲਣੀ ਵਿਚ ਲੈ ਗਈ ਹੈ। ਜਿੱਥੇ ਜਾਕੇ ਕੋਈ ਮਨ ਵਿਚ ਫੁਰ ਪਏ ਹਨ ਅਨੋਖੇ ਦਿਲ-ਤਰੰਗ, ਜਿਨ੍ਹਾਂ ਦੇ ਨਾਲ ਹਿੱਲ ਪਿਆ ਹੈ ਵਲ ਵਲੇ ਦਾ ਸਾਰਾ ਮੰਡਲ, ਪਰ ਨਰਮ ਨਰਮ। ਗੰਗਾ ਦੇ ਨਿਰਮਲ ਨੀਰ ਵਿਚ ਇਸਨੂੰ ਝਾਉਲਾ ਪੈਂਦਾ ਹੈ ਜੀਵਨ ਦਾ ਤੇ ਆਖਦਾ ਹੈ ਮਨੋ ਮਨ :-

---

* ਇਹ ਲੇਖ ਗੁਰਪੁਰਬ ਕੱਤਕ ਪੂਰਨਮਾਸ਼ੀ ਸੰ: ਗੁ: ਨਾਂ: ਸਾਹਿਬ ੪੬੮ (੨੮ ਨਵੰਬਰ ੧੯੩੬) ਨੂੰ ਖਾਲਸਾ ਟ੍ਰੈਕਟ ਸੁਸਾਇਟੀ ਦੇ ਟ੍ਰੈਕਟ ਨੰ: ੯੫੨ ਦੁਆਰਾ ਪ੍ਰਚਾਰਿਤ ਹੋਇਆ ਸੀ।


www.sikhbookclub.com

ਵਗ ਰਹੀ ਹੈਂ ਤੂੰ ਹੇ ਨੈਂ! ਕਦ ਦੀ? ਕਲੋਕੀ ਪਰਸੋਕੀ, ਚਿਰੋਕੀ? ਠਹਿਰਜਾ, ਹਾਂ ਠਹਿਰ ਜਾ।...ਕੌਣ ਠਹਿਰਦਾ ਹੈ ਜੋ ਚਰ ਹੈ, ਹਾਂ ਜੋ ਚਾਲੇ ਪਿਆ ਹੈ। ਤੁਰਿਆ ਜਾ ਨੀਰਵੇ! ਤੁਰਿਆ ਜਾਹੁ, ਖੜੇ ਹਾਂ ਅਸੀਂ ਕਈ ਤੇਰੇ ਕਿਨਾਰੇ ਤੈਨੂੰ ਵਗਦੇ ਨੂੰ ਵੇਖਦੇ, ਤੂੰ ਤੁਰਿਆ ਜਾ। ਪਰ ਵੀਰਾ! ਵੇਖ ਤਾਂ ਸਹੀ ਤੇਰੇ ਕਿਨਾਰੇ ਕੀਕੂੰ ਖੜੇ ਹਨ ਜੀਉਂਦੇ ਜਾਗਦੇ ਜੀਵਨ-ਨੈਂ ਦੇ ਜੀਵ। ਹਾਂ ਸੁਹਣਿਆਂ, ਵੇਖ ਖਾਂ ਤੇਰੇ ਵਿਚ ਕੀਕੂੰ ਪਈਆਂ ਕਲੋਲ ਕਰਦੀਆਂ ਹਨ ਜੀਉਂਦੀਆਂ ਮਹਾਂਸ਼ੇਰਾਂ! ਹਾਂ....।

ਮਹਾਂਸ਼ੇਰੋ! ਵਾਹ ਵਾਹ! ਕੀਕੂੰ ਸੁਨਹਿਰੀ ਝਾਲ ਵਾਲੇ ਤੁਸਾਡੇ ਚਾਨੇ ਪਏ ਚਮਕਾਰ ਮਾਰਦੇ ਹਨ, ਜਦੋਂ ਤੁਹਾਡੇ ਚੰਚਲ ਜੁੱਸੇ ਲਿਫਦੇ, ਲਿਚਕਦੇ, ਪੂਛਲਾਂ ਮਾਰਦੇ, ਮੂੰਹ ਖੁਹਲਦੇ, ਆਟੇ ਦੀਆਂ ਗੋਲੀਆਂ ਨਿਗਲਦੇ, ਇਧਰ ਤੋਂ ਉਧਰ ਤੇ ਉਧਰ ਤੋਂ ਇਧਰ ਪਏ ਫਿਰਦੇ ਹਨ। ਨਾ ਪੈਰ, ਨਾ ਖੰਭ, ਪਰ ਕੀਕੂੰ ਚਾਲ ਪਈ ਹੈ ਇਨ੍ਹਾਂ ਦੇ ਸਰੀਰਾਂ ਵਿਚ ਲਚਕ ਤੇ ਲਿਫਾਉ, ਹਾਂ ਤੋਰ ਤੇ ਦੌੜ ਪੈਰਾਂ ਵਾਲਿਆਂ ਤੋਂ ਘਟ ਨਹੀਂ ਹੈ। ਕਿਡੀਆਂ ਬੇਗੁਮਰਾਹ ਫਿਰ ਰਹੀਆਂ ਹਨ ਮਹਾ ਸ਼ੇਰਾਂ! ਏਥੇ ਜਾਲੀ ਦਾ ਖ਼ਟਕਾ ਨਹੀਂ, ਕੁੰਡੀ ਲਾਣ ਵਾਲੇ ਦਾ ਡਰ ਨਹੀਂ। ਮਹਾਂ ਸ਼ੇਰੋ! ਕੀ ਤੁਹਾਨੂੰ ਪਤਾ ਹੈ ਇਸ ਗਲ ਦਾ? ਹੋਵੇ ਨਾ ਹੋਵੇ, ਪਰ ਜੀਵਨ ਦੇ ਹੁਲਾਰੇ ਨੂੰ ਤੱਕੋ, ਕੀਕੂੰ ਲਹਿਰੇ ਲੈ ਰਿਹਾ ਹੈ। ਇਨ੍ਹਾਂ ਬੇਫਿਕਰਾਂ ਬੇਪਰਵਾਹਾਂ ਵਿਚ। ਮਹਾਂ ਸ਼ੇਰੋ! ਦੇਖੋ ਤੁਹਾਡੇ ਬੇਪੈਰੇ ਜੁੱਸਿਆਂ ਦੇ ਤਲੇ ਕੀਹ ਪਿਆ ਹੈ! ਜ਼ਰਾ ਤੱਕਣਾ ਤਾਂ ਸਹੀ ਜੀਵਨ ਦੇ ਹੁਲਾਰੇ ਵਾਲੀਓ! ਫੁਲ ਪਏ ਹਨ ਤੁਹਾਡੇ ਅਪੈਰ ਪੈਰਾਂ ਦੇ ਤਲੇ ਉਨ੍ਹਾਂ ਦੇ, ਜੋ ਕਦੇ ਸਨ ਤੁਹਾਡੇ ਵਾਙੂ ਜੀਉਂਦੇ, ਬੇਪਰਵਾਹ ਤੇ ਜੀਵਨ ਹੁਲਾਰਿਆਂ ਵਿਚ ਮਗਨ। ਫੁੱਲ, ਪਰ ਏਹ ਫੁਲ ਓਹ ਨਹੀਂ ਜੋ ਬਾਗ਼ਾਂ ਦੀਆਂ ਟਹਿਣੀਆਂ ਦੇ ਨੌਨਿਹਾਲ ਹੁੰਦੇ ਹਨ। ਇਹ ਹਨ ਇਨਸਾਨਾਂ ਦੇ ਫੁੱਲ, ਉਨ੍ਹਾਂ ਦੇ ਚਲ ਬਸੇ ਸ਼ਰੀਰਾਂ ਦੇ ਆਖਰੀ ਨਿਸ਼ਾਨ, ਜਿਨ੍ਹਾਂ ਨੂੰ ਇਹ ਨਾਉਂ 'ਫੁੱਲ' ਦਿਤਾ ਹੈ

ਦਿਲਾਂ ਦੀਆਂ ਪੀੜਾਂ ਨੇ, ਬਿਰਹੋਂ ਦੀਆਂ ਨਪੀੜਾਂ ਨੇ,
ਗ਼ਮਾਂ ਦੀਆਂ ਪੰਘਰਾਂ ਨੇ, ਹਸਰਤ ਦੀਆਂ ਅੰਗਾਰਾਂ* ਨੇ,
ਮਾਂਵਾਂ ਦੇ ਵੈਣਾਂ ਨੇ, ਭੈਣਾਂ ਦੇ ਨੈਣਾਂ ਨੇ,
ਰੋਂਦੀਆਂ ਧੀਆਂ ਨੇ ਰੱਤ ਰੋਂਦੇ ਜੀਆਂ ਨੇ,
ਵਿਲਕਦੀਆਂ ਨਾਰਾਂ ਨੇ, ਕੁੱਠਵੇਂ ਪਜਾਰਾਂ ਨੇ,
ਵਿਲਪਦਿਆਂ ਪਿਤਾਂ ਨੇ, ਭਰਾਵਾਂ ਦੀਆਂ ਹਿਤਾਂ ਨੇ,
ਪੁੱਤਾਂ ਨੇ, ਮਿੱਤਾਂ ਨੇ, ਪ੍ਰੇਮ ਕਰਨ ਵਾਲੇ ਚਿੱਤਾਂ ਨੇ,
ਸਹੀਆਂ ਨੇ, ਸਖੀਆਂ ਨੇ, ਪ੍ਰੇਮ ਕੁਠੀਆਂ ਅਖੀਆਂ ਨੇ,

ਹਾਂ, ਇਨ੍ਹਾਂ ਦਾ ਨਾਉਂ 'ਫੁੱਲ' ਧਰਿਆ ਹੈ ਪਿਆਰ-ਪੀੜਾ ਦੇ ਬਗੀਚੇ ਦੇ ਬੁਲਬੁਲ ਵਾਙੂ ਘਾਇਲ ਮਾਲੀਆਂ ਨੇ। ਘਰਾਂ ਵਿਚੋਂ ਟੁਰੇ ਸਨ ਪਿਆਰਾਂ ਵਾਲੇ ਲੈਕੇ ਏਹ ਫੁੱਲ, ਹਾਂ ਉਨ੍ਹਾਂ ਘਰ-ਬਗੀਚਿਆਂ ਦੇ ਨੌਨਿਹਾਲਾਂ ਦੇ ਸਨ ਏਹ ਫੁਲ ਜਿਨ੍ਹਾਂ ਵਿਚ ਮੁੜ ਜਾਕੇ ਇਨ੍ਹਾਂ ਨੇ ਕਦੇ ਨਹੀਂ ਝਾਤ ਮਾਰਨੀ। ਇਹ ਟੁਰੇ ਧੜਕਦੀਆਂ ਛਾਤੀਆਂ ਤੇ ਡੁਲ੍ਹਕਦੇ ਨੈਣ ਨੀਰਾਂ ਦੇ ਮੋਢੇ ਚੜ੍ਹਕੇ; ਏਥੇ ਆਏ ਛਾਤੀਆਂ ਤੇ ਲਟਕ ਲਟਕ ਕੇ ਤੇ ਗਲਿਆਂ ਨਾਲ ਪਲਮ ਪਲਮ ਕੇ। ਹਾਂ ਏਥੇ ਆ ਕੇ ਕੰਬਦੀਆਂ ਕਲਾਈਆਂ ਵਾਲੇ ਥਰਕਦੇ ਹੱਥਾਂ ਨੇ ਨੈਣਾਂ ਤੋਂ ਡਿਗਦੇ ਹੰਝੂਆਂ ਦੀ ਧਾਰਾਂ ਵਿਚ ਇਹ ਧਰ ਦਿਤੇ, ਹੇ ਡਲਕਦੇ ਝਲਕਦੇ ਨੀਰ! ਤੇਰੇ ਵਿਚ ਖਬਰੇ ਇਸ ਲਈ ਧਰ ਦਿਤੇ ਓਥੋਂ ਲਿਆਕੇ ਤੇਰੇ ਵਿਚ ਕਿ ਇਹ ਫੁਲ ਬਾਗਾਂ ਦੀ ਤਰੌਤ ਵਿਚ ਨਹੀਂ ਪਰ ਅਗਨੀ ਵਿਚੋਂ ਨਿਕਲਕੇ ਆਏ ਹਨ, ਇਨ੍ਹਾਂ ਨੂੰ ਤਦ ਤੋਂ ਪਿਆਰ ਅੰਝੂਆਂ ਨੇ ਜਲ-ਤਰੌਂਕੇ ਦਿੱਤੇ ਹਨ ਜਿਵੇਂ ਬਨ ਫੁੱਲਾਂ ਨੂੰ ਫੁਲੇਰਾ ਜਲ-ਤਰੌਂਕੇ ਦੇਂਦਾ ਹੈ। ਹਾਂ ਇਨ੍ਹਾਂ ਨੂੰ ਨੈਣਾਂ ਦੇ ਨੀਰ ਦੇ ਤਰੌਂਕੇ ਦੇਕੇ ਲਿਆਏ ਸਨ ਤੇਰੇ ਤੱਕ ਇਨ੍ਹਾਂ ਦੇ ਪਿਆਰੇ, ਤੇ ਧਰ ਦਿਤੇ

* ਲੰਗਾਰ। ਚੀਰ।


www.sikhbookclub.com

ਨੇ ਲਿਆਕੇ ਤੇਰੇ ਵਿਚ, ਕਿ ਤੇਰੇ ਸਦਾ ਵਗਦੇ ਜਲ ਕਿਣਕਿਆਂ ਦੀ ਧਾਰਾ ਵਿਚ ਏਹ ਠੰਢੇ ਰਹਿਣ। ਉਹ-ਪਿਆਰ-ਅੱਥਰੂ ਤਾ ਫੇਰ ਸੁਕ ਜਾਣਗੇ ਕਿਸੇ ਦਿਨ, ਪਰ ਤੇਰੇ ਠੰਢੇ-ਠੰਢੇ ਅਮਰੀ ਅੱਥਰੂਆਂ ਦਾ ਪ੍ਰਵਾਹ ਸਦਾ ਜਾਰੀ ਹੈ। ਟਿਕੇ ਰਹਿਣ ਇਹ ਸਦਾ ਤੇਰੇ ਠੰਢੇ ਠੰਢੇ ਜਲ-ਕਣਾਂ ਵਿਚ। ਸੁਣਿਆ ਈ ਨੀਰ ਵੇ! ਏਹ ਰਹਿਣਗੇ ਤੇਰੇ ਵਿਚ ਜਦ ਤਕ ਤੂੰ ਇਨ੍ਹਾਂ ਨੂੰ ਸੁਰਮਾ ਕਰਕੇ ਆਪਣੇ ਵਿਚ ਨਾ ਸਮਾ ਲਿਆ। ਹਾਂ, ਜਦ ਤਕ ਤੂੰ ਇਨ੍ਹਾਂ ਨੂੰ ਆਪਣੇ ਵਿਚ ਸਮਾਕੇ ਕਿਸੇ ਫੁੱਲ-ਕਿਆਰੀ ਵਿਚ ਲਿਜਾਕੇ ਜੀਉਂਦਿਆਂ ਨੌਨਿਹਾਲਾਂ ਦੇ ਚਰਨੀਂ ਲਾ ਕੇ ਉਨ੍ਹਾਂ ਦੇ ਜੀਉਂਦੇ ਰਗ ਰੇਸ਼ਿਆਂ ਵਿਚ ਪੁਚਾਕੇ ਫੇਰ ਜੀਵਨ ਨੂੰ ਹੁਲਾਰੇ ਵਿਚ ਨਾ ਪਾ ਦਿਤਾ। ਇਹ ਅਮਾਨਤ ਹਈ ਪਿਆਰ ਵਾਲਿਆਂ ਦੀ, ਨੀਰਾ! ਇਨ੍ਹਾਂ ਨੂੰ ਠੰਢਿਆਂ ਰੱਖੀਂ, ਭਲਾ ਹੋਵੀ ਤੇਰਾ, ਹਾਂ! ਟਿਕਾਣੇ ਪੁਚਾਈਂ, ਸਦਕੇ! ਦੇਖੋ ਕਿਵੇਂ ਪਿਆ ਹੈ ਨੈਂ ਦੇ ਸਦਾ ਤੁਰ ਰਹੇ ਨੀਰ ਵਿਚ ਇਹ 'ਅਜੀਵਨ ਦਾ ਆਖਰੀ ਚਿੰਨ੍ਹ'-ਇਨਸਾਨ ਦੇ ਫੁੱਲ। ਪਰ ਦੇਖ ਮੇਰੇ ਮਨ! 'ਜੀਵਨ' ਕੇਡਾ ਬੇਪਰਵਾਹ ਹੈ, ਮੱਛੀ ਬਣਕੇ ਵਿੱਚੇ ਫਿਰ ਰਿਹਾ ਹੈ, ਇਨਸਾਨ ਬਣਕੇ ਵਿੱਚੇ ਤਰ ਰਿਹਾ ਹੈ ਤੇ ਤੁਰ ਰਿਹਾ ਹੈ ਤੇ ਬੇਪਰਵਾਹ ਹੈ ਕਿ ਮੇਰੇ ਪੈਰਾ ਤਲੇ ਕੀ ਹੈ। ਹਾਂ ਕੁੰਡ ਵਿੱਚ ਜੀਉਂਦੇ ਇਨਸਾਨ ਫਿਰ ਰਹੇ ਹਨ ਪਰ ਓਹ ਨਹੀਂ ਦੇਖ ਰਹੇ ਕਿ ਪੈਰਾਂ ਤਲੇ ਪਿਆਰ-ਭਾਵਾਂ ਦੇ ਜਗਤ ਦੇ ਅਮੋਲਕ ਫੁੱਲ ਖਬਰੇ ਕਿਸੇ ਸੂਰੇ ਦੇ ਹਨ ਕਿ ਕਿਸੇ ਪੂਰੇ ਦੇ, ਕਿਸੇ ਗਿਆਨੀ ਦੇ ਕਿਸੇ ਧਿਆਨੀ ਦੇ, ਕਿਸੇ ਰਾਗੀ ਦੇ ਕਿ ਵਿਰਾਗੀ ਦੇ, ਕਿਸੇ ਰਾਗ ਵਿਚ ਦਾਨੇ ਦੇ ਕਿ ਕਿਸੇ ਸੰਗੀਤ ਵਿਚ ਸਿਆਨੇ ਦੇ, ਕਿਸੇ ਅਕਲਾਂ ਦੇ ਕੋਟ ਦੇ ਕਿ ਪੁੰਨਾ ਦੀ ਪੋਟ ਦੇ, ਕਿਸੇ ਸੰਤ ਦੇ ਕਿ ਮਹੰਤ ਦੇ; ਹਾਂ ਓਹ ਨਹੀਂ ਦੇਖ ਰਹੇ ਕਿ ਪੈਰਾਂ ਤਲੇ ਕੀ ਹੈ ਤੇ ਇਨ੍ਹਾਂ ਲਈ ਸਾਥੋਂ ਕਿਸ ਅਦਬ ਦੀ ਏਥੇ ਲੋੜ ਹੈ, ਕਿਸੇ ਸਹਿਮ ਭਰੀ ਵੀਚਾਰ ਦੀ ਨਾਲ ਲੋੜ ਹੈ ਤੇ ਕਿਸ ਸਤਿਕਾਰ ਦੀ ਲੋੜ ਹੈ ਇਨ੍ਹਾਂ ਵਾਸਤੇ। ਨਹੀਂ, 'ਜੀਵਨ' ਬੇਪਰਵਾਹ ਹੈ 'ਅਜੀਵਨ' ਤੋਂ ਤੇ ਜੀਵਨ ਨੂੰ ਨਹੀਂ ਵੀਚਾਰ ਫੁਰਦੀ ਕਿ ਇਕ ਦਿਨ ਮੇਰਾ ਅੰਤ ਬੀ ਇਹੋ ਅਜੀਵਨ ਹੋਣਾ ਹੈ। ਸੋ ਦੇਖੋ ਜੀ! ਜੀਵਨ ਤੇ ਅਜੀਵਨ ਏਥੇ ਜਿਸ ਬੇਪਰਵਾਹੀ ਵਿਚ ਕੁੱਛੜ ਚੜ੍ਹੇ ਲੋਰੀਆਂ ਲੈ ਰਹੇ ਹਨ। ਨੀਰ ਚਲ ਰਿਹਾ ਹੈ, ਹਾਂ ਤੁਰਿਆ ਜਾ ਤੁਰਿਆ ਜਾ, 'ਜੀਵਨ-ਅਜੀਵਨ' ਦੂਹਾਂ ਨੂੰ ਇੱਕੋ ਗੋਦੀ ਵਿਚ ਖਿਡਾਉਂਦਾ ਲੰਘਦਾ ਜਾਹ ਨੀਰ ਵੇ!

ਲੈ ਵੇ ਨੀਰਾ! ਹੁਣ ਹੋਰ ਆਯਾ ਈ ਰੰਗ ਤੇਰੇ ਉੱਤੇ, ਤਾਰ ਦਿੱਤੇ ਨੀ ਲੋਕਾਂ ਨੇ ਦੀਵੇ-ਜਗਦੇ ਦੀਵੇ-ਜਿਨ੍ਹਾਂ ਦੇ ਦੁਆਲੇ ਗਲਵਕੜੀ ਪਾਏ ਬੈਠੇ ਨੀ ਡਾਲੀਆਂ ਤੋਂ ਟੁੱਟੇ ਫੁਲ-ਗੁਲਾਬ ਤੇ ਚੰਬੇਲੀਆਂ, ਹਾ ਤਰ ਪਏ ਨੀ ਦੋਵੇਂ ਡੋਨਿਆਂ ਦੀਆਂ ਨਾਉਕਾਂ ਵਿਚ ਬੈਠੇ ਤੇਰੀਆਂ ਸਦਾ ਥਰਕਦੀਆਂ ਛਾਤੀਆਂ ਉਤੇ ਡਾਲੀਆਂ ਤੋ ਟੁੱਟੇ ਫੁੱਲ ਤੇ ਜਗਦੇ ਦੀਵੇ ਦੋਵੇਂ ਜੀਵਨ ਤੇ ਅਜੀਵਨ। ਤੁਰਿਆ ਜਾ ਨੀਰ ਵੇ! ਤੇ ਲਈ ਜਾ ਏਹ ਬੇੜੀਆਂ ਨਾਲ ਨਾਲ। ਦੇਖ ਕੀਕੂੰ ਜਾਂਦੇ ਨੀ ਤੇਰੇ ਉਤੇ ਤਰਦੇ ਦੀਵੇ, ਚਮਕਦੇ, ਅੱਖ ਮਟੱਕੇ ਮਾਰਦੇ, ਹਵਾ ਨਾਲ ਲਿਫਦੇ, ਉਚ-ਲਾਟੇ ਹੋਏ ਵਿਗਸਦੇ, ਸ਼ੋਖੀਆਂ ਕਰਦੇ; ਹਾ ਔਹ ਗਏ ਔਹ ਗਏ। ਦੂਰ ਤਾਂਈਂ ਜਾਂਦੇ ਦਿੱਸਦੇ ਹਨ, ਪਾਣੀਆਂ ਦਿਆਂ ਘੁੰਮਰਾਂ ਵਿਚ ਘੁੰਮਦੇ ਨਜ਼ਰ ਪੈਂਦੇ ਹਨ, ਕੋਈ ਨਿੰਮ੍ਹੇ ਹੋ ਰਹੇ ਹਨ, ਕੋਈ ਨਜ਼ਰੋਂ ਉਹਲੇ ਹੋ ਰਹੇ ਹਨ, ਕੋਈ ਡੁੱਬ ਰਹੇ ਹਨ, ਕੋਈ ਤਰ ਰਹੇ ਹਨ, ਪਰ ਸਾਰੇ ਅੰਤ ਬੁਝ ਜਾਂਦੇ ਹਨ ਤੇ ਤੇਰੇ ਵਿਚਹੀ ਅਜੀਵਨ ਦੀ ਗੋਦੀ ਵਿਚ ਸਮਾਂ ਜਾਂਦੇ ਹਨ।

ਵਗਦੀ ਨਦੀ ਦੇ ਕਿਨਾਰੇ, ਇਹਨਾਂ ਵੀਚਾਰਾਂ ਵਿਚ ਜੋ ਥਰਹਰ ਲਾ ਰਹੀਆਂ ਸਨ ਦਿਲ ਨੂੰ, ਉਹ ਗੱਭਰੂ ਖੜਾ ਹੈਸੀ ਕਿ ਕਿਸੇ ਲੰਘਦੇ ਦਾ ਮੋਢਾ ਉਸਦੇ ਮੋਢੇ ਨੂੰ ਵੱਜਾ। ਦਿਲ ਤਰੰਗਾਂ ਦਾ ਪ੍ਰਵਾਹ ਜਿਸ ਰੌ ਵਿਚ ਜਾ ਰਿਹਾ ਸੀ ਓਧਰੋਂ ਮੋੜਾ ਖਾ ਗਿਆ। ਮੋਢਾ ਵਜਦਿਆਂ ਹੀ ਕਹਿੰਦਾ ਹੈ, ਹੈਂ........ਦਿਲਾ ਤੂੰ ਆਯਾ ਸੈਂ ਸੰਤਾਂ ਨੂੰ ਮਿਲਣ ਤੇ ਉਹਨਾਂ ਨੂੰ ਖੁਸ਼ੀਆਂ ਭਰੇ ਗੁਰਪੁਰਬ ਦੇ ਸਮੇਂ ਤੇ ਸਦਾ ਦੇਣ, ਤੂੰ ਕਿਸ ਉਦਾਸੀ ਦੀ ਬੇੜੀ ਚੜ੍ਹ ਗਿਓਂ। ਵਾਹ ਵਾਹ ਮਨ ਦੀ ਨੈਯਾ! ਤੂੰ ਬੀ ਗੰਗਾਂ ਵਾਂਙੂ ਸਦਾ ਵਗਦੀ ਰਹਿੰਦੀ ਹੈਂ, ਤੈਨੂੰ ਬੀ ਕੌਣ ਅਟਕਾਵੇ। ਚੱਲ ਹੁਣ ਜ਼ਰਾ ਪਾਸਾ ਮੋੜ। ਇਉਂ ਕਹਿਕੇ ਅਪਣੇ

ਹੀ ਮਨ ਨੂੰ, ਗੱਭਰੂ ਨੇ ਪਾਸਾ ਪਰਤਿਆ ਤੇ ਟੁਰ ਪਿਆ। ਇਕ ਨੂਰੀ ਚਿੱਟੇ ਦਾਹੜੇ ਵਾਲਾ ਸੰਤ ਦਿੱਸ ਪਿਆ, ਸੋਚਿਓਸੁ ਕਿ ਇਹ ਸੰਤ ਜਾਪਦਾ ਹੈ, ਇਸਨੂੰ ਪਤਾ ਹੋਸੀ, ਚੱਲੋ ਪੁੱਛੀਏ। ਅਗੇ ਹੋ ਕੇ ਅਦਬ ਨਾਲ ਫਤੇ ਬੁਲਾਈਓਸੁ: ਸ੍ਰੀ ਜੀਓ! ਆਪ ਜੋਗ ਪਤਾ ਹੋਵੇ ਸੰਤ ਬਿਮਲਾ ਸਿੰਘ ਜੀ ਦਾ। ਮੈਂ ਸਵੇਰ ਦਾ ਆਇਆ ਪੁੱਛ ਪੁੱਛ ਟੋਲ ਹਾਰਿਆ ਹਾਂ ਕੋਈ ਥਹੁ ਨਹੀਂ ਦੇਂਦਾ ਉਹਨਾਂ ਦਾ। ਭਲਾ ਜੇ ਸ੍ਰੀ ਜੀ ਨੂੰ ਪਤਾ ਹੋਵੇ?

ਸੰਤ (ਮੁਸ੍ਕਾ ਕੇ)-ਭਾਈ ਖਾਲਸਾ! ਓਹ ਸੰਤ ਏਥੇ ਨਹੀਂ ਰਿਹਾ ਕਰਦੇ, ਨਾ ਉਹ ਰਿਖੀਕੇਸ਼ ਕਦੇ ਆਕੇ ਟਿਕਦੇ ਹਨ, ਓਹ ਮੌਜ਼ ਦੇ ਗਗਨਾਂ ਦੇ ਪੰਛੀ ਹਨ, ਏਥੇ ਤੈਨੂੰ ਕੌਣ ਪਤਾ ਦੱਸਦਾ ਉਨ੍ਹਾਂ ਦਾ। ਓਹ ਹਨ ਅਜ ਕਲ ਬਨ ਵਿਚ, ਜਿਸ ਨੂੰ ਬਨ ਆਖਦੇ ਹਨ 'ਮੋਤੀ ਚੂਰ'ਦਾ ਜੰਗਲ........ਜੰਗਲ ਵਿਚ।

ਸਿੰਘ ਗੱਭਰੂ-ਮਿਹਰ ਕੀਤੀ ਨੇ ਕਿਸ ਮੁਖ ਧੰਨ ਕਹਾਂ! ਮਿਹਰ ਕਰਕੇ ਜੰਗਲ ਦਾ ਪਤਾ ਬੀ ਦੱਸ ਦਿਓ ਜੇ ਤਾਂ ਉਹ ਬਨ ਨੇੜੇ ਹੈ ਤੇ ਓਸ ਵਿੱਚ ਉਨ੍ਹਾਂ ਦਾ ਕੋਈ ਥਹੁ ਟਿਕਾਣਾ ਬੀ ਪਤਾ ਹੈ ਤਾਂ ਮੈਂ ਭਾਲ ਕਰ ਲਵਾਂ ਤੇ ਜੇ ਪਹੁੰਚੋਂ ਪੱਰੇ ਹੈ ਤੇ ਫੇਰ ਵੱਸ ਕੁਛ ਨਹੀਂ।

ਸੰਤ-ਬੰਨ ਸ਼ੁਰੂ ਤਾਂ ਨੇੜਿਓਂ ਹੀ ਹੋ ਜਾਂਦਾ ਹੈ ਤੇ ਉਹ ਹੋਣਗੇ ਬੀ ਬਨ ਦੇ ਉਰਲੇ ਹਿੱਸੇ ਵਿਚ ਹੀ, ਪਰ ਐਸ ਵੇਲੇ ਜਾਣਾ ਤੇ ਲੱਭਣਾ ਮਾੜਾ ਹੈ। ਬਨ ਵਿਚ ਬਨ ਪਸ਼ੂ ਹੁੰਦੇ ਹਨ ਤੇ ਇਨ੍ਹਾਂ ਬਨਾਂ ਵਿਚ ਗੁਲਦਾਰ* ਬੀ ਹੁੰਦਾ ਹੈ ਤੇ ਹੋਰ ਜੀਵ ਬੀ। ਹੁਣ ਵੇਲਾ ਹੈ ਆਰਾਮ ਦਾ, ਤੁਸੀਂ ਆਓ ਮੇਰੇ ਨਾਲ, ਜਿੱਥੇ ਹੈ ਮੇਰਾ ਡੇਰਾ ਓਥੇ ਚਲੋ। ਪਰਦੇਸੀ ਹੋ, ਜਗ੍ਹਾ ਦੇ ਜਾਣੂ ਨਹੀਂ ਹੋ, ਕਿੱਥੇ ਲੱਭਸੋ ਕੋਈ ਟਿਕਾਣਾ ਐਸ ਵੇਲੇ। ਦਿਨ ਤਾ ਲੰਘ ਗਿਆ ਢੂੰਢ ਭਾਲ ਵਿਚ, ਰਾਤ ਨੂੰ ਆਰਾਮ ਮੰਗਦੀ ਹੈ ਇਹ ਪੰਚ ਤਤ ਦੀ ਦੇਹੀ।

ਸਿੰਘ-ਮਿਹਰ। ਜੀਉ ਆਪ ਅਤੀਤ ਸੰਤ ਹੋ, ਆਪ ਨੂੰ ਗ੍ਰਿਹਸਤੀ ਦੀ ਖੇਚਲ ਪਵੇ ਗਲ ਅਯੋਗ ਹੈ, ਮੈਂ ਰਾਤ ਬਿਤਾ ਲਵਾਂਗਾ ਕਿਸੇ ਨੁੱਕਰ ਖੂੰਜੇ ਇਸੇ ਵਡੇ ਪੌੜ ਖਣੀਕ ਥੜੇ ਦੀ। ਕਿਰਪਾ ਕਰਕੇ ਪਤਾ ਦੱਸ ਜਾਓ ਮੋਤੀ ਚੂਰ ਜੰਗਲ ਦਾ।

ਸੰਤ-ਪਤਾ ਤਾਂ ਸੌਖਾ ਹੈ। ਉੱਤਰ ਦਿਸ਼ਾ ਨੂੰ ਜੋ ਸੜਕ ਗਈ ਹੈ ਭੀਮਗੋਡੇ ਵਲ ਨੂੰ ਇਹੋ ਚਲੀ ਗਈ ਹੈ ਅੱਗੇ ਰਿਖੀਕੇਸ਼ ਨੂੰ, ਡੇਹਰਾਦੂਨ ਨੂੰ। ਇਸੇ ਸੜਕ ਤੇ ਇਕ ਕੋਹ ਜਾਣਾ ਹੈ। ਰੇਲ ਦਾ ਫਾਟਕ ਲੰਘਣਾ ਹੈ! ਅੱਗੇ ਆਵੇਗਾ, ਸੱਜੇ ਹੱਥ ਜੰਗਲ ਵਾਲੇ ਰੇਂਜਰ ਦਾ ਮਕਾਨ ਰਿਹਾਇਸ਼ੀ। ਏਥੋਂ ਕੁ ਵਾਰ ਖੱਬੇ ਪਾਸੇ ਨੂੰ ਨਿਕਲੇਗੀ ਇਕ ਸੜਕ ਓਸ ਵੱਡੀ ਸੜਕ ਵਿਚੋਂ। ਇਧਰ ਇਸ ਖੱਬੇ ਪਾਸੇ ਦੀ ਸੜਕੇ ਪੈ ਜਾਣਾ। ਥੋੜੀ ਦੂਰ ਜਾਕੇ ਆਵੇਗਾ ਜੰਗਲ ਦਾ ਬੰਗਲਾ ਜੋ ਜੰਗਲ ਦੇ ਅਫਸਰਾਂ ਵਾਸਤੇ ਹੁੰਦਾ ਹੈ। ਮੇਰੀ ਜਾਚੇ ਸੰਤ ਹੁਣ ਪਹੁੰਚ ਗਏ ਹੋਣਗੇ ਉਸ ਬੰਗਲੇ। ਅਸਲ ਵਿਚ ਸੰਤ ਸਨ ਕੁਛ ਚਿਰ ਤੋਂ ਟਿਕੇ ਹੋਏ ਪਾਉਂਟੇ ਸਾਹਿਬ, ਜਮਨਾਂ ਦੇ ਕਿਨਾਰੇ ਜੋ ਐਥੋਂ ੬੦ ਸਤਰ ਕੋਹ ਹੋਸੀ, ਹਾਂ ਕੋਈ ਸੱਤਰ ਅੱਸੀ ਮੀਲ। ਜੰਗਲਾਂ ਦੇ ਵੱਡੇ ਅਫਸਰ ਇਕ ਬਨਾਰਸੀ ਹਿੰਦੂ ਹਨ ਸਤਿਸੰਗ ਦੇ ਸ਼ੁਕੀਨ। ਉਹ ਟਿਕੇ ਹੋਏ ਸਨ ਪਾਉਂਟੇ ਸਾਹਿਬ ਦੇ ਸਾਹਮਣੇ ਜਮਨਾਂ ਤੋਂ ਉਹਾਰ ਖਨ ਵਿਚ ਤੰਬੂ ਲਾਕੇ, ਸੂਹ ਪੈ ਗਈਓਨੇ ਸੰਤਾਂ ਦੀ ਪਵਿਤ੍ਰਤਾ ਤੇ ਕਰਨੀ ਦੀ। ਕਿਸ਼ਤੀ ਤਾਂ ਉਥੇ ਹੁੰਦੀ ਨਹੀਂ, ਪਰ ਉਹ ਆਪ ਤਾਰੂ ਸੀ ਤਕੜਾ ਸੋ ਸਰਨਾਈ ਦੀ ਮਦਦ ਨਾਲ ਤਰਕੇ ਚਲਾ ਗਿਆ ਪਾਰ! ਸੰਤਾਂ ਨਾਲ ਬਚਨ ਬਿਲਾਸ ਕਰਕੇ ਮੋਹਿਤ ਹੋ ਗਿਆ, ਸੋ ਪਿਆਰ ਬੇਨਤੀਆਂ ਕਰਕੇ ਉਨ੍ਹਾਂ ਨੂੰ ਲੈ ਆਇਆ ਸੀ ਨਾਲ ਉਰਾਰ। ਉਹ ਬੀ ਏਕਾਂਤ ਦੇ ਪਿਆਰੇ ਹਨ, ਤੁਰ ਪਏ ਬਨੋ ਬਨ ਉਸ ਦੇ ਨਾਲ। ਸੋ ਜਮਨਾ ਤੋਂ ਲੈ ਕੇ ਏਥੋਂ ਤਾਈਂ ਬਨਾਂ ਵਿਚ ਫਿਰਦੇ, ਠਹਿਰਦੇ, ਸਤਿਸੰਗ ਦਾ ਉਸਨੂੰ ਰੰਗ ਲਾਉਂਦੇ ਸੰਤ ਆ ਪਹੁੰਚੇ ਹਨ ਓਸ ਬੰਗਲੇ ਜਿਸਦਾ ਮੈਂ ਪਤਾ ਦਿਤਾ ਹੈ ਤੁਸਾਂ ਨੂੰ। ਆਓ ਹੁਣ ਚੱਲੋ ਮੇਰੇ ਨਾਲ, ਭਾਈ! ਗੁਰੂ ਕੇ ਸਿਖ ਹੋ, ਸੰਤ ਬੀ ਗੁਰੂ ਕੇ

---

* ਗੋਲ ਛੱਲੇਦਾਰ ਚਿੰਨ੍ਹਾਂ ਵਾਲੇ ਛੋਟੇ ਸ਼ੇਰ ਨੂੰ ਇਨ੍ਹਾਂ ਬਨਾਂ ਵਿਚ ਏਹ ਨਾਮ ਦੇਂਦੇ ਹਨ।


www.sikhbookclub.com

ਹਨ। ਆਓ ਚਲੋ ਰਾਤ ਕੱਠੇ ਹਹਾਂਗੇ, ਵਾਹਿਗੁਰੂ ਦੇ ਗੁਣ ਗਾਵਾਂਗੇ। ਤੁਸੀਂ ਸਤਿਸੰਗੀ ਹੋ ਜੋ ਐਸੇ ਤਿਆਗੀ ਵਿਰਾਗੀ ਤੇ ਪਰਉਪਕਾਰੀ ਸੰਤ ਦੇ ਜਾਣੂ ਹੋ, ਆਓ ਚਲੀਏ।

੨.

**ਸੰਤਾਂ** ਦਾ ਪਿਆਰ ਵੇਖਕੇ ਗਭਰੂ ਉਸ ਪਿਆਰ ਦਾ ਅਨਾਦਰ ਨਾ ਕਰ ਸਕਿਆ, ਸਤਿ ਬਚਨ ਕਹਿਕੇ ਨਾਲ ਟੁਰ ਪਿਆ। ਸੰਤਾਂ ਦੇ ਡੇਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਸੀ। ਗੱਭਰੂ ਨੇ ਜਾ ਕੇ ਦਰਸ਼ਨ ਕੀਤਾ। ਅਦਬ ਨਾਲ ਭੇਟਾ ਧਰਕੇ ਮੱਥਾ ਟੇਕਿਆ ਤੇ ਫੇਰ ਸੰਤਾਂ ਦੀ ਦੱਸੀਂ ਥਾਂਵੇਂ ਕੁਛ ਦੇਰ ਟਿਕ ਗਿਆ। ਫੇਰ ਇਕ ਸੇਵਕ ਪ੍ਰਸਾਦਿ ਲੈ ਆਇਆ, ਦੋਹਾਂ ਨੇ ਛਕਿਆ ਤੇ ਫੇਰ ਕੁਛ ਵਾਰਤਾਲਾਪ ਛਿੜ ਪਈ।

ਸੰਤ--ਤੁਸੀਂ ਪੜ੍ਹੇ ਲਿਖੇ ਜਾਪਦੇ ਹੋ। ਅਜ ਕਲ ਪੱਛੋਂ ਦੀ ਵਿਦਜਾ ਪਾਕੇ ਲੋਕੀ ਬਹੁਤਾ ਬਾਹਰ ਮੁਖੀ ਪ੍ਰਾਪਤੀ ਵਿਚ ਪੈ ਜਾਂਦੇ ਹਨ। ਸਾਡਾ ਇਹ ਨਹੀਂ ਤਾਤਪਰਜ ਕਿ ਸਾਡੇ ਵਾਂਙੂ ਸਾਰੇ ਅਤੀਤ ਹੋ ਜਾਣ ਪਰ ਕੁਛ ਅਗੇ ਦਾ ਤੋਸ਼ਾ ਬੀ ਚਾਹੀਦਾ ਹੈ ਬਨਾਉਣਾ; ਨਿਰੀ ਇਕਵਾਸੀ ਰੋਟੀ ਪਕਾਈਏ ਤਾਂ ਕੱਚੀ ਰਹਿ ਜਾਂਦੀ ਹੈ ਜਾਂ ਸੜ ਜਾਂਦੀ ਹੈ। ਦੁਇ ਪੱਖ ਮਹਾਰਾਜ ਜੀ ਨੇ ਰੱਖਣੇ ਲਿਖੇ ਹਨ, ਅਸੀਂ ਜੋ ਗੁਰੂ ਘਰ ਦੇ ਅਤੀਤ ਸੰਤ ਬੀ ਹਾਂ, ਜਗਤ ਉਪਕਾਰ ਵਿਚਲਗ ਜਾਂਦੇ ਹਾਂ ਤਾਂ ਮਾਨੋਂ ਦੂਸਰਾ ਪੱਖ ਪੂਰਾ ਕਰ ਲੈਂਦੇ ਹਾਂ। ਕਿਉਂ ਸਿੰਘਜੀ! ਦੂਸਰੇ ਦਾ ਭਲਾ ਕਰਨਾ ਇਹ ਭੀ ਗ੍ਰਿਹਸਤ ਹੀ ਹੈ ਨਾ-ਜਗਤ ਨਾਲ ਫੇਰ ਜੁ ਵਾਹ ਪਾ ਲਿਆ। ਇਹ ਕਹਿਕੇ ਸੰਤ ਹੱਸ ਪਏ ਤੇ ਫੇਰ ਬੋਲੇ: ਹਾਂ ਸਿੰਘ ਜੀ! ਆਪ ਨੂੰ ਕਿਵੇਂ ਸ਼ੌਕ ਇਸ ਅੰਤਰ ਮੁਖੀ ਦਾ ਲਗ ਗਿਆ। ਅਜ ਹਰਦੁਆਰ ਦੇ ਹੇਠਲੇ ਥੜੇ ਤੇ ਖੜੇ ਕੇ ਜੋ ਆਪ ਨੇ ਆਪਣੇ ਮਨ ਵਿਚ ਫੁਰੇ ਫੁਰਨੇ ਸੁਣਾਏ ਹਨ, ਓਹ ਤਾਂ ਡਾਢੇ ਡੂੰਘੇ ਭਾਵਾਂ ਵਾਲੇ ਹਨ। ਐਉਂ ਜਾਪਦਾ ਹੈ, ਸਾਡੀ ਬੋਲੀ ਵਿਚ, ਕਿ ਆਪ ਨੂੰ ਵੈਰਾਗ ਹੋ ਰਿਹਾ ਹੈ ਤੇ ਵੀਚਾਰ ਬੀ ਫੁਰ ਰਹੀ ਹੈ ਸਤੋਗੁਣੀ। ਇਹ ਕਿੰਵ ਹੋਇਆ ਹੈ?

ਸੁਜਾਨ ਸਿੰਘ-ਜੀਓ ਮੇਰੇ ਕਰਮ ਤਾਂ ਭਲੇ ਨਹੀਂ ਸਨ, ਪਰ ਅਕਸਮਾਤ ਮੈਨੂੰ ਗੁਰਬਾਣੀ ਦੇ ਪਾਠ ਦਾ ਸ਼ੌਕ ਪੈ ਗਿਆ ਤੇ ਬਾਣੀ ਨੇ ਮੈਨੂੰ ਦਸਿਆ ਕਿ ਅਸੀਂ ਮੁਨੁੱਖ ਹਾਂ ਤੇ ਸਾਡਾ ਆਚਰਣ ਉੱਚਾ ਲੋੜੀਏ। ਫਿਰ ਇਕ ਸਾਲ ਸੰਤ ਬਿਮਲਾ ਸਿੰਘ ਜੀ ਦੀ ਮੈਂ ਗੁਰਪੁਰਬ ਸਮੇਂ ਕਥਾ ਸੁਣੀ ਤੇ ਕੁਛ ਵਾਰਤਾਲਾਪ ਬੀ ਕੀਤੀ ਸੀ, ਤਦੋਂ ਜੀ ਕਰਦਾ ਸੀ ਕਿ ਸੰਤਾਂ ਦਾ ਇਕਾਂਤ ਦਰਸ਼ਨ ਕਰਾਂ। ਪਰ ਤੁਸੀਂ ਜਾਣਦੇ ਹੋ ਅਸੀਂ ਨੌਕਰ ਪੇਸ਼ਾ ਲੋਕ ਹਾਂ, ਛੁੱਟੀਆਂ ਮਿਲਣੀਆਂ ਆਪਣੇ ਵੱਸ ਨਹੀਂ ਹੁੰਦੀਆਂ। ਨਾਲੇ ਸੰਤ ਰਮਤੇ ਹਨ, ਉਨ੍ਹਾਂ ਦਾ ਥਹੁ ਪਤਾ ਛੇਤੀ ਛੇਤੀ ਨਹੀਂ ਲੱਭਦਾ। ਹੁਣ ਮੈਨੂੰ ਪਤਾ ਲੱਗਾ ਸੀ ਕਿ ਸੰਤ ਹਰਦੁਆਰ ਹਨ, ਮੈਨੂੰ ਛੁੱਟੀਆਂ ਬੀ ਸਨ ਤੇ ਰੇਲ ਦੇ ਕਿਰਾਏ ਬੀ ਰਿਐਤਵੰਦੇ ਸਨ, ਇਸ ਕਰਕੇ ਆਇਆ ਸਾਂ ਜੋ ਕੁਛ ਲਾਭ ਉਠਾਵਾਂ, ਨਾਲੇ ਸੰਗਤ ਨੇ ਆਗਜਾ ਕੀਤੀ ਸੀ ਕਿ ਸੰਤਾਂ ਨੂੰ ਗੁਰਪੁਰਬ ਤੇ ਦਰਸ਼ਨ ਦੇਣ ਵਾਸਤੇ ਬਿਨੈ ਕਰਨੀ।

ਸੰਤ-ਭਾਈ ਧੰਨ ਭਾਗ ਹਨ, ਏਸ ਸਮੇਂ ਵਿਚ ਜੋ ਪਛਮੀ ਵਿਦਜਾ ਪਾ ਲਵੇ ਤੇ ਫੇਰ ਉਸ ਨੂੰ ਗੁਰਬਾਣੀ ਦਾ ਰੌ ਬੀ ਪਵੇ, ਧੰਨ ਭਾਗ ਹਨ, ਉਸ ਦੇ ਜਿਸ ਨੂੰ ਸੋਝੀ ਆਵੇ ਕਿ ਮੈਂ 'ਵਡਿਆਂ' ਤਾਂ ਬਣਨਾ ਹੈ ਪਰ ਆਪਣੇ ਆਪ ਨੂੰ 'ਚੰਗਿਆਂ' ਬੀ ਬਨਾਉਣਾ ਹੈ। ਅਸੀਂ ਅਤੀਤ ਹੋਕੇ ਤਾਂ ਇਹੋ ਕਹਾਂਗੇ ਕਿ ਗ੍ਰਿਹਸਤ ਜੰਜਾਲ ਹੈ, ਪਰ ਸਾਡੇ ਸਤਿਗੁਰਾਂ ਨੇ ਗ੍ਰਿਹਸਤ ਬੀ ਪਰਵਾਨ ਕੀਤਾ ਹੈ। ਸੋ ਗ੍ਰਿਹਸਤ ਵਿਚ ਜੋ ਚੰਗਾ ਰਹੇ ਤੇ ਅੰਤਰ ਮੁਖ ਬੀ ਹੋਵੇ ਸੋ ਬਹੁਤ ਹੀ ਭਲਾ ਹੈ। ਸਾਧ ਨਾਮ ਕਰਮਾਂ ਦਾ ਹੈ, ਸੱਚਾ ਬਚਨ ਏਹੋ ਹੈ।

ਇਸ ਤਰ੍ਹਾਂ ਬਚਨ ਬਿਲਾਸ ਕਰਕੇ ਦੁਇ ਸੌਂ ਗਏ।


www.sikhbookclub.com

੩.

**ਅੱਜ** ਫੇਰ ਸਵੇਰੇ ਹੀ ਉਹੋ ਗੱਭਰੂ ਖੜਾ ਹੈ ਉਥੇ ਗੰਗਾ ਕਿਨਾਰੇ ਜਿੱਥੇ ਖੜਾ ਸੀ ਓਹ ਕਲ ਆਥਣ ਵੇਲੇ। ਨਦੀ ਵਹਿ ਰਹੀ ਹੈ ਓਸੇ ਤਰ੍ਹਾਂ ਕਿ ਜਿਸ ਤਰ੍ਹਾਂ ਕੱਲ ਸੰਝਾਂ ਵੇਲੇ ਵਹਿ ਰਹੀ ਸੀ। ਉਹ ਪਾਣੀ ਕਿੱਥੇ ਗਿਆ ਜੋ ਕੱਲ ਸ਼ਾਮਾਂ ਵੇਲੇ ਏਸ ਟਿਕਾਣੇ ਸੀ? ਉਹ ਆਇਆ ਤੇ ਤੁਰਦਾ ਲੰਘ ਗਿਆ; ਹਾਂ, ਉਹ ਚਲਾ ਗਿਆ, ਚਲਾ ਗਿਆ ਦੂਰ ਪਰ ਏਥੇ ਪਾਣੀ ਹੈ ਉਸੇ ਤਰ੍ਹਾਂ ਭਰਪੂਰ। ਪੌੜਾਂ ਤੇ ਖੜੇ ਹਨ ਮਨੁਖ ਤ੍ਰੀਮਤਾਂ ਜਿਵੇਂ ਖੜੇ ਸਨ ਕੱਲ ਤ੍ਰਿਕਾਲਾਂ ਵੇਲੇ, ਹਾਂ ਪੌੜ ਹਨ ਭਰੇ ਜੀਕੂੰ ਭਰੇ ਸਨ ਕੱਲ ਸੰਧਜਾ ਵੇਲੇ, ਪਰ ਕੀ ਏਹ ਸਾਰੇ ਓਹੋ ਹਨ ਜੋ ਸਨ ਕਲ ਸ਼ਾਮਾਂ ਨੂੰ ਏਥੇ? ਨਹੀਂ, ਉਹ ਤਾਂ ਲੰਘ ਗਏ, ਤੁਰ ਗਏ ਦੂਰ, ਪਰ ਏਹ ਥਾਂ ਹੈ ਉਸੇ ਤਰ੍ਹਾਂ ਭਰਪੂਰ। ਹਾਂ ਚਲ ਰਿਹਾ ਹੈ ਜਲ ਪ੍ਰਵਾਹ--ਮਦਾ ਭਰਪੂਰ ਪਰ ਸਦਾ ਮਖਣਾ। ਜੋ ਕੱਲ ਸਨ ਅੱਜ ਨਹੀਂ ਹਨ। ਜੋ ਪਰਸੋਂ ਸਨ ਕੱਲ ਨਹੀਂ ਸਨ ਜੋ ਤਰਸੋਂ ਸਨ ਸੋ ਪਰਸੋਂ ਨਹੀਂ ਸਨ। ਪਰ ਦੇਖੋ ਜੀਵਨ ਪ੍ਰਵਾਹ ਚਲ ਰਿਹਾ ਹੈ, ਕਲ ਪਰਸੋਂ ਤਰਸੋਂ ਵਾਂਙ ਨਕਾ ਨਕ ਭਰਪੂਰ। ਏਹ ਸਨ ਸੋਚਾਂ ਜੋ ਫੁਰ ਰਹੀਆਂ ਸਨ ਕੱਲ ਵਾਲੇ ਉਸੇ ਗਭਰੂ ਨੂੰ ਖੜਿਆਂ ਉਸੇ ਥਾਂ

ਹੁਣ ਚੜ੍ਹ ਪਿਆ ਸੂਰਜ। ਆ ਪਈਆਂ ਜੀਵਨ ਬਖਸ਼ ਕਿਰਨਾਂ ਪਾਣੀਆਂ ਦੇ ਤ੍ਰੰਗਾਂ ਉਤੇ। ਹੋ ਪਿਆ ਮਾਨੋ ਝਿਲਮਿਲ ਝਿਲਮਿਲ ਕਰਦਾ ਸੁਨਹਿਰੀ ਝਾਲ ਦਾ ਨਾਚ। ਹਾਂ ਕਿਰਨਾਂ ਆ ਪਈਆਂ ਹਨ ਨ੍ਹਾਤੇ ਤੇ ਨ੍ਹਾਉਂਦਿਆਂ ਦੇ ਚਿਹਰਿਆਂ ਉਤੇ ਤੇ ਲਗ ਗਏ ਹਨ ਚਿਹਰਿਆਂ ਨੂੰ ਜੀਵਨ ਬਖਸ਼ ਰੰਗ ਇਹਨਾਂ ਜੀਵਨ ਦਾਤੀਆਂ ਕਿਰਨਾਂ ਦੇ। ਚਮਕ ਉੱਠੇ ਸੁਨਹਿਰੀ ਚਾਨੇ ਜਲ ਵਿਚ ਸਦਾ ਨ੍ਹਾਤੀਆਂ ਤੇ ਸਦਾ ਅਣ ਨ੍ਹਾਤੀਆਂ ਮੱਛੀਆਂ ਦੇ। ਪਰ ਹਾਂ, ਨਹੀਂ ਕੋਈ ਜੀਵਨ ਰੌ ਰੁਮਕੀ ਉਹਨਾਂ ਸੁੰਦਰੀਆਂ ਤੇ ਸੁੰਦਰਾਂ ਦੇ ਫੁੱਲਾਂ ਵਿਚ ਜੋ ਲੇਟੇ ਪਏ ਹਨ ਨਦੀ ਦੇ ਤਲ ਉੱਤੇ ਨਿਰਜਿੰਦ ਹੋਕੇ, ਹਾਂ ਜਿੱਥੇ ਆਕੇ ਲੇਟਣਾ ਹੈ ਕਦੇ ਉਨ੍ਹਾਂ ਨੇ ਜੋ ਹੁਣ ਨਹਾ ਰਹੇ ਹਨ ਅਠਖੇਲੀਆਂ ਕਰ ਰਹੇ ਹਨ ਚਮਕਦੇ ਪਾਣੀਆਂ ਵਿਚ, ਪਰ ਨਹੀਂ ਬੁਝ ਰਹੇ ਕਿ ਏਸ ਕੁੰਡ ਵਿਚ ਅਸੀਂ ਜੋ ਤਰ ਤੇ ਤੁਰ ਫਿਰ ਰਹੇ ਹਾਂ ਕੀ ਕਰ ਰਹੇ ਹਾਂ। ਹਾਂ, ਓਹ ਨਹੀਂ ਜਾਣਦੇ ਕਿ ਅਸੀਂ ਇਕ ਕਦਮ ਪਾਤਸ਼ਾਹ ਦੇ ਸਿਰ ਤੋਂ ਚੁੱਕਦੇ ਹਾ ਤਾਂ ਦੂਸਰਾ ਵਜ਼ੀਰ ਦੇ ਸਿਰ ਤੇ ਧਰਦੇ ਹਾਂ। ਇਕ ਪੈਰ ਹੀਰ ਵਰਗੀ ਕਿਸੇ ਪ੍ਰੇਮ ਕੁੱਠੀ ਦੀ ਛਾਤੀ ਤੋਂ ਚੁਕਦੇ ਹਾਂ ਤਾਂ ਦੂਸਰਾ ਕਿਸੇ ਰਾਂਝੇ ਵਰਗੇ ਨੈਣਾਂ ਦੇ ਘਾਇਲ ਦੀ ਛਾਤੀ ਤੇ ਧਰਦੇ ਹਾਂ। ਹਾਂ, ਜੇ ਸਾਡਾ ਇਕ ਪੱਖ ਹੈ ਕਿਸੇ ਕਾਲੀਦਾਸ ਵਰਗੇ ਦੀਆਂ ਪੱਸਲੀਆਂ ਤੇ ਤਾਂ ਦੂਸਰਾ ਕਾਲੀਨਾਥ ਵਰਗੇ ਦੀਆਂ ਬੀਨਕਾਰ ਉਂਗਲੀਆਂ ਤੇ ਹੈ। ਜੀਵਨ ਕਿਵੇਂ ਅਜੀਵਨ (ਮੌਤ) ਤੋਂ ਬੇ ਪਰਵਾਹ ਹੈ ਤੇ ਅਜੀਵਨ ਕਿਵੇਂ ਜੀਵਨ ਤੋਂ ਮਦਹੋਸ਼ੀ ਵਿਚ ਹੈ। ਫੇਰ ਦੁਇ ਕੀਕੂੰ ਇਕ ਦੂਏ ਨੂੰ ਚੰਬੜੇ ਟੁਰ ਰਹੇ ਹਨ।

ਵੀਚਾਰਾਂ ਸਨ ਇਸ ਤਰ੍ਹਾ ਦੀਆਂ, ਜੋ ਫੇਰ ਫੁਰ ਰਹੀਆਂ ਸਨ ਓਸੇ ਗੱਭਰੂ ਨੂੰ ਅੱਜ ਸਵੇਰੇ ਗੰਗਾਂ ਕਿਨਾਰੇ ਖੜੇ ਨੂੰ, ਜੋ ਕਲ ਆਥਣ ਮਗਰੋਂ ਏਥੇ ਖੜਾ ਇਹੋ ਜਿਹੀਆਂ ਵੀਚਾਰਾਂ ਦੇ ਤਰੰਗਾਂ ਵਿਚ ਰੁੜ੍ਹ ਰਿਹਾ ਸੀ। ਹਾਂ ਨਦੀ ਵਿਰ ਰੁੜ ਰਹੇ ਪਾਣੀਆਂ, ਫੁੱਲਾਂ, ਦੀਵਿਆਂ ਤੇ ਪੁਸ਼ਪਾਂ ਵਾਂਙੂ ਇਹ ਰੁੜ ਰਿਹਾ ਸੀ, ਆਪਣੀ ਵੀਚਾਰ-ਗੰਗਾ ਵਿਚ! ਹਾਂ, ਇਸ ਵੀਚਾਰਸ਼ੀਲ ਬੰਦੇ ਨੂੰ ਫੁਰ ਰਹੇ ਸਨ ਵੀਚਾਰ ਡੂੰਘੇ। ਪਰ ਗ਼ਾਫਲ ਪਾਣੀ ਵਹਿ ਰਹੇ ਸਨ, ਗ਼ਾਫਲ ਕਿਰਨਾਂ ਨੱਚ ਰਹੀਆਂ ਸਨ ਪਾਣੀਆਂ ਦੇ ਉੱਤੇ, ਗ਼ਾਫਲ ਬੰਦੇ ਆਟੇ ਦੀਆਂ ਗੋਲੀਆਂ ਪਾ ਰਹੇ ਸਨ ਤੇ ਗ਼ਾਫਲ ਜਲ ਜੀਵ ਨਿਗਲ ਰਹੇ ਸਨ ਏਹ ਗੋਲੀਆਂ, ਗ਼ਾਫਲ ਬੰਦੇ ਨਹਾ ਰਹੇ ਸਨ ਗ਼ਾਫਲ ਪੰਡੇ ਨੁਹਾ ਤੇ 'ਜੀਵਨ' ਤੋਂ 'ਅਜੀਵਨ' ਹੋਇਆਂ ਦਾ ਦਾਨ ਲੈ ਕੇ ਪ੍ਰਸੰਨ ਹੋ ਰਹੇ ਸਨ। ਵਾਹ ਬੇਪਰਵਾਹੀ ਕੁਦਰਤ ਤੇ ਪਰਵਾਹਾਂ ਦੀ ਤੇ ਬੇਗੁਮਰਾਹੀ ਜੀਵਨ ਵਾਲਿਆਂ ਦੀ ਜਿਨ੍ਹਾਂ ਨੂੰ ਦੇਖ ਦੇਖਕੇ ਇਕ ਵਿਚਾਰਸ਼ੀਲ ਬੰਦਾ ਰੁੜ੍ਹ ਰਿਹਾ ਸੀ ਅਪਣੇ ਹੀ ਮਨ ਦੇ ਵਹਿਣਾਂ ਵਿਚ; ਹਾਂ, ਉਹ ਵੇਖ ਰਿਹਾ ਸੀ ਤੇ ਵਾਚ ਰਿਹਾ ਸੀ ਜੀਵਨ ਅਜੀਵਨ ਦੀ ਪੋਥੀ। ਠੰਢਾ ਸਾਹ ਭਰਿਓਸੁ, ਉਫ਼ ਉਫ਼ ਕੀਤੀਓਸੁ, ਭਰਵੱਟਿਆਂ ਦੇ ਵਿਚਕਾਹੇ ਹੱਥ ਦੀ ਚੁਟਕੀ ਭਰੀਓਸੁ ਬੁੱਲ੍ਹ,

ਟੁਕਿਓਸੁ ਤੇ ਮਨ ਵਿਚ ਹੀ ਮਨ ਨੂੰ ਆਖਿਓਸੁ: 'ਹਾਂ ਇਵੇਂ ਪਰਵਾਹ ਮਾਤ੍ਰ ਹੀ ਹੈ ਕਿ ਵਿਚੋਂ ਕੋਈ ਰਾਹ ਬੀ ਹੈ ਇਸ ਜਿੰਦੜੀ ਲਈ ਜਿੰਦੜੀ ਦੇ ਆਪਣੇ ਮੁੱਲ ਦਾ?' ਫੇਰ ਘੜੀ ਕੱਢੀਓਸੁ, ਵਕਤ ਤੱਕਿਓਸੁ:- ਹਾਂ ਚੱਲ ਰਹੀ ਹੈਂ ਤੂੰ ਬੀ ਜਲ ਪ੍ਰਵਾਹ ਵਾਙੂ, ਚਲ ਰਹੀ ਹੈਂ ਪਰ ਤੂੰ ਤਾਂ ਕੋਈ ਪਤਾ ਲਾ ਲਾਕੇ ਚਲਦੀ ਹੈਂ। ਚੱਲ ਬਈ ਮਨਾਂ, ਹੁਣ ਤੂੰ ਬੀ ਪਤਾ ਲਾ ਉਸ ਮੁਸ਼ਕਲ ਪਤਿਆਂ ਵਾਲੇ ਦਾ ਜਿਸਦੀ ਟੋਲ ਵਿਚ ਆਇਆ ਹੈਂ। ਮਨਾਂ! ਲਾ ਲੈ ਪਹਿਲੋਂ ਜਾਣ ਤੋਂ ਤੂੰ ਬੀ ਨੀਲੇ ਨੀਲੇ ਪਾਣੀਆਂ ਵਿਚ ਟੁੱਭਾ ਇੱਕ। ਪਰ ਨਹੀਂ, ਕੀਹ ਮੇਰੇ ਕਦਮ ਉਨ੍ਹਾਂ ਕੀਮਤੀ ਜਾਨਾਂ ਦੇ ਫੁੱਲਾਂ ਉਤੇ ਆਪਣੇ ਆਪ ਨੂੰ ਧਰਨ ਦੀ ਬੇਅਦਬੀ ਵਿਚ ਪਾ ਸਕਦੇ ਹਨ ਜੋ ਕਈਆਂ ਮੇਰੇ ਵਰਗਿਆਂ ਦੇ ਪਿਆਰੇ ਸਨ, ਦੁਲਾਰੇ ਸਨ, ਅੱਖਾਂ ਦੇ ਤਾਰੇ ਸਨ, ਡੂੰਘੇ ਭਾਵਾਂ ਨਾਲ ਸਤਿਕਾਰੇ ਸਨ ਹਾਂ ਜਿਨ੍ਹਾਂ ਦੀਆਂ ਛਾਤੀਆਂ ਉੱਤੇ ਜੀਉਂਦਿਆਂ ਕੋਈ ਕਦਮ ਧਰਨ ਦਾ ਹੀਆ ਨਹੀਂ ਸੀ ਕਰ ਸਕਦਾ ਅਜ ਉਨ੍ਹਾਂ ਦੀਆਂ ਬੇਬਸ ਪਈਆਂ ਪੱਸਲੀਆਂ ਤੇ ਮੈਂ ਪੈਰ ਧਰਾਂ? ਬੇਅਦਬੀ ਹੈ ਇਹ ਉਨ੍ਹਾਂ ਦੀ ਜਿਨ੍ਹਾਂ ਦੇ ਏਹ ਪਿਆਰੇ ਸਨ, ਬੇਅਦਬੀ ਹੈ ਉਨ੍ਹਾਂ ਦੀ ਜਿਨ੍ਹਾਂ ਦੇ ਏਹ ਫੁੱਲ ਹਨ ਤੇ ਬੇਅਦਬੀ ਹੈ ਇਹ ਉਸ ਉੱਚ ਭਾਵ ਦੀ ਜੋ ਮਰ ਗਿਆਂ ਦੀ 'ਯਾਦ' ਨਾਲ ਉਹੋ ਸਤਿਕਾਰ ਦਾ ਰਿਸ਼ਤਾ ਰੱਖਦਾ ਹੈ ਜੋ ਜੀਉਂਦਿਆਂ ਦੇ 'ਵਜੂਦ' ਨਾਲ ਰਖਦਾ ਹੈ.....ਲੋਕੀਂ ਧਰਦੇ ਹਨ, ਧਰਨ, ਪਰ ਹਾਂ ਹੇ ਮੇਰੇ ਸਰੀਰ! ਘੱਟ ਤੋਂ ਘੱਟ ਤੂੰ ਤਾਂ ਨਾਂ ਕਦਮ ਧਰ ਅਜੀਵਨ ਹੋਏ ਜੀਵਨ ਉਤੇ, ਜਿਸਨੂੰ ਜੀਵਨ-ਅਜੀਵਨ ਦੀ ਢੋਲ ਚੁਹੱਕਲੀ ਵਾਲੀ* ਜੱਫੀ ਦਾ ਪ੍ਰਤੱਖ ਨਕਸ਼ਾ ਦਿਸ ਰਿਹਾ ਹੈ। ਇਉਂ ਕਹਿਕੇ ਫੇਰ ਤੱਕਿਓਸੁ ਵਗ ਰਹੇ ਪਾਣੀਆਂ ਦੀ ਨਿਰਮਲ ਨੀਲੀ ਰੌ ਵਲ ਜੋ ਸੁਨਿਹਰੀ ਹੋ ਚਮਕ ਰਹੀ ਸੀ ਸੂਰਜ ਕਿਰਨਾਂ ਨਾਲ ਤੇ ਇਕ ਆਹ ਖਿੱਚਕੇ ਉਚੀ ਆਖਿਓਸੁ;- ਹਾਂ ਮੇਰੇ ਨੈਣਾਂ ਤਲੇ ਹੈ ਉਹ ਗੰਗਾ ਜਿਸ ਨੂੰ ਤੱਕਿਆ ਸੀ ਏਥੇ ਸ਼ਿਵ ਨੇ ਤੇ ਨਾਉਂ ਦਿੱਤਾ ਸੀ ਇਸਨੂੰ ਆਪਣੇ ਨਾਉਂ ਉੱਤੇ ਹਰਿਦੁਆਰ, ਹਾਂ ਇਸੇ ਗੰਗਾ ਤੇ ਨਜ਼ਰ ਪਈ ਸੀ ਭਗੀਰਥ ਦੀ ਜਿਸਨੇ ਕਹਿੰਦੇ ਹਨ ਕਿ ਲਿਆਂਦੀ ਸੀ ਗੰਗਾ ਸ਼ਿਵ ਦੀ ਸ਼ਕਤੀ ਨਾਲ। ਇਸੇ ਨੂੰ ਡਿੱਠਾ ਸੀ 'ਦੱਖ ਪਰਜਾਪਤੀ' ਤੇ ਉਸਦੀ ਸੁਹਣੀ ਧੀ ਸ੍ਰੀ 'ਸਤੀ' ਨੇ, ਹਾਂ ਇਸੇ ਗੰਗਾ ਤੇ ਦ੍ਰਿਸਟਿ ਪਈ ਸੀ ਲਛਮਣ ਦੀ ਜਦੋਂ ਉਹ ਗਿਆ ਸੀ ਲਛਮਣ ਝੂਲੇ ਰਹਿਣ ਵਾਸਤੇ; ਇਸੇ ਗੰਗਾ ਤੇ ਨਜ਼ਰ ਪਈ ਸੀ ਸ੍ਰੀ ਰਾਮ ਦੀ, ਸ੍ਰੀ ਸੀਤਾ ਦੀ, ਸ੍ਰੀ ਕ੍ਰਿਸ਼ਨ ਦੀ, ਇਸੇ ਗੰਗਾ ਨੂੰ ਡਿੱਠਾ ਸੀ ਭਰਥਰੀ ਨੇ ਰਾਜ ਤਿਆਗ ਕੇ ਤੇ ਗੋਪੀ ਚੰਦ ਨੇ ਜੋਗ ਲੈ ਕੇ, ਹਾਂ ਇਸੇ ਨੂੰ ਡਿੱਠਾ ਸੀ ਹਰ ਜੁਗ ਤੇ ਹਰ ਸਮੇਂ ਦੇ ਤਿਆਗੀਆਂ ਵੈਰਾਗੀਆਂ ਤਪੀਆਂ ਨੇ, ਜਿਸ ਨੂੰ ਵੇਖ ਰਹੇ ਹਨ ਅਜ ਮੇਰੇ ਨੈਣ, ਪਰ ਕੁਦਰਤ ਦੇ ਜਗਤ ਪ੍ਰਬੰਧ ਦੀ ਮਸਖਰੀ ਦੇਖੋ! ਗੰਗਾਂ ਤਾਂ ਸਭਨਾਂ ਨੇ ਉਹੋ ਵੇਖੀ, ਕਿੰਤੂ ਪਾਣੀ ਹੋਰਦੇ ਹੋਰ ਵੇਖੇ। ਕਿੱਥੇ ਹੈ ਅਜ ਓਹ ਜਲ ਜਿਸ ਵਿਚ ਨ੍ਹਾਉਂਦੀ ਸੀ ਪਰਜਾਪਤ ਦੱਖ ਦੀ ਧੀ 'ਸਤੀ' ਤੇ ਕਿੱਥੇ ਹੈ ਉਹ ਨੀਰ ਜਿਸਨੂੰ ਵੇਖਕੇ ਭਰਥਰੀ ਨੇ ਨੈਣ ਠੰਢੇ ਕੀਤੇ ਸਨ। ਉਹ ਪਾਣੀ ਵਹਿ ਗਏ। ਚਲੇ ਗਏ, ਪਰ ਨੀਰ ਹੈ ਭਰਪੂਰ ਉਸੇ ਤਰ੍ਹਾਂ ਤੇ ਓਵੇਂ ਹੀ ਵਹਿ ਰਿਹਾ ਹੈ। ਮੈਂ ਬੀ ਦੇਖ ਰਿਹਾ ਹਾਂ ਗੰਗਾ ਤੇ ਗੰਗਾ ਦਾ ਨੀਰ, ਉਹੋ ਕਿ ਹੋਰ? ਕੌਣ ਕਹੇ? ਪਰ ਵਹਿ ਰਹੀ ਹੈ ਨੈਂ, ਜਲ ਹੈ ਭਰਪੂਰ, ਜਲ ਦਾ ਕਿਣਕਾ ਕਿਣਕਾ ਬਦਲ ਰਿਹਾ ਹੈ। ਪਲੇ ਪਲੇ-ਪਿਛਲਾ ਅੱਗੇ ਤਿਲਕ ਰਿਹਾ ਹੈ ਤੇ ਥਾਂ ਦੇ ਰਿਹਾ ਹੈ ਹੋਰ ਨਵੇਂ ਆ ਰਹੇ ਨੂੰ। ਖਿਨ ਖਿਨ ਵਿਖੇ ਕਿਣਕਾ ਕਿਣਕਾ ਬਦਲ ਰਿਹਾ ਹੈ। ਪਰ ਉਹੋ ਹੈ ਗੰਗਾ, ਉਹੋ ਹੈ ਜਲ ਪ੍ਰਵਾਹ, ਵਾਹ ਵਾਹ ਇਨਸਾਨ ਤੇ ਵਾਹ ਵਾਹ ਇਨਸਾਨ ਦੇ ਭੁਲੇਖੇ।

ਇਉ ਦੇ ਮਨੋਵਾਦ ਕਰਦਾ ਟੁਰ ਗਿਆ ਗੱਭਰੂ ਉਤਰ ਦਾਉ ਨੂੰ ਤੇ ਇਕ ਟਾਂਗਾ ਕਿਰਾਏ ਕਰਕੇ ਉਸ ਤੇ ਜਾ ਪਹੁੰਚਾ ਰੇਲ ਦਾ ਫਾਟਕ ਲੰਘ ਕੇ ਜੰਗਲੀ ਹਾਕਮ ਦੇ ਘਰ ਕੋਲ। ਉਥੋਂ ਉਹ

---

* ਢੋਲ ਚੁਹੱਕਲੀ--ਵਗਦੇ ਖੂਹ ਦੇ ਦੋ ਪਹੀਏ ਜਿਨ੍ਹਾਂ ਦੇ ਬੂੜੀਏ (ਦੰਦਾਨੇ) ਆਪੋ ਵਿਚ ਫਸੇ ਹੁੰਦੇ ਹਨ ਤੇ ਇਸ ਫਸਾਉ ਦੇ ਜ਼ੋਰ ਨਾਲ ਖੂਹ ਵਗਦਾ ਹੈ।


www.sikhbookclub.com

ਪਰਤਿਆ ਖੱਬੇ ਦਾਉ ਨੂੰ ਤੇ ਕੁਛ ਦੂਰ ਜਾ ਕੇ ਪਹੁੰਚ ਗਿਆ ਜੰਗਲ ਵਾਲੇ ਬੰਗਲੇ।

ਚਪੜਾਸੀ ਨੂੰ ਵੇਖਿਓਸੁ ਖੜਾ ਹੈ ਬਾਹਰ, ਰਤਾ ਕੁ ਝਿਜਕ ਆਈ, ਫੁਰਨਾ ਫੁਰਿਓਸੁ ਸੰਤ ਕਿੱਥੇ ਆ ਲੁਕੇ ਹਨ ਮਾਇਆ ਧਾਰੀਆਂ ਦੇ ਉਹਲੇ ? ਗੰਗਾ ਦੇ ਪਰਵਾਹ ਵਾਂਙੂ ਸੰਤ ਚਾਹਿਯੇ ਵਿਚਰਨ ਖੁੱਲ੍ਹੇ। ਪਰ ਦੂਜੀ ਪਲ ਸੋਚਿਓਸੁ-ਇਨ੍ਹਾਂ ਦਾ ਭਲਾ ਕੌਣ ਕਰੇ ? ਸੰਤ ਹੋਵੇ ਨਿਰਚਾਹ ਤੇ ਪੂਰਾ, ਫੇਰ ਕਿਤੇ ਪਿਆ ਵਿਚਰੇ, ਪਰ, 'ਹੈਣ ਵਿਰਲੇ'। ਫੇਰ ਹੀਆ ਬੰਨ੍ਹ ਕੇ ਅੱਗੇ ਵਧਿਆ ਤੇ ਚਪੜਾਸੀ ਨੂੰ ਕਹਿਣ ਲੱਗਾ ਅਫਸਰ ਜੰਗਲਾਤ ਏਸੇ ਬੰਗਲੇ ਵਿਚ ਹਨ ? ਉਸ ਨੇ ਜ਼ਰਾ ਭਵਾਂ ਖਿੱਚ ਕੇ ਕਿਹਾ ਹਾਂ। ਤਾਂ ਸੁਜਾਨ ਸਿੰਘ ਨੇ ਆਖਿਆ ਸੰਤ ਬਿਮਲਾ ਸਿੰਘ ਜੀ ਬੀ ਏਥੇ ਹੀ ਹੈਨ ? ਤਦ ਭਵਾਂ ਦਾ ਵੱਟ ਲਾਹ ਕੇ ਚਪੜਾਸੀ ਨੇ ਕਿਹਾ 'ਜੀ ਹਾਂ'।

ਸੁਜਾਨ ਸਿੰਘ-ਫੇਰ ਮੈਂ ਸੰਤਾਂ ਦੇ ਦਰਸ਼ਨ ਕਰਨੇ ਹਨ, ਕਿਵੇਂ ਹੋ ਸਕਣ ? ਵੀਰਾ! ਕੋਈ ਰਾਹ ਉਪਰਾਲਾ ਦੱਸ ਦੇ।

ਚਪੜਾਸੀ-ਮੈਂ ਸਾਹਿਬ ਜੀ ਨੂੰ ਖਬਰ ਕਰਦਾ ਹਾਂ, ਉਹ ਦੱਸਣਗੇ (ਇਹ ਕਹਿਕੇ ਅੰਦਰ ਚਲਾ ਗਿਆ।

ਪਲਕੁ ਮਗਰੋਂ ਜੰਗਲ ਦੇ ਅਫਸਰ ਸਾਹਿਬ ਬਾਹਰ ਆ ਗਏ ਤੇ ਆਖਣ ਲਗੇ 'ਆਓ ਜੀ, ਸਿੰਘ ਜੀ! ਜੀਉ ਆਇਆਂ ਨੂੰ ! ਸੰਤਾਂ ਨੂੰ ਮਿਲਨਾ ਹੈ, ਕਦੇ ਅੱਗੇ ਬੀ ਮਿਲੇ ਹੋ ?'

ਸੁਜਾਨ ਸਿੰਘ-ਜੀ ਹਾਂ ਅੱਗੇ ਮੈਂ ਕਥਾ ਸੁਣੀ ਹੈ ਤੇ ਕੁਛ ਥੋੜੀ ਗਲ ਬਾਤ ਬੀ ਕੀਤੀ ਹੈ।

ਅਫਸਰ-ਸੰਤ ਕੱਲ ਤਕ ਤਾਂ ਏਥੇ ਸਨ, ਅਜ ਉਪਰ ਨੂੰ ਗਏ ਹਨ। ਇਥੋਂ ਅੰਦਰ ਵਾਰ, ਥੋੜੀ ਦੂਰ, ਕੋਇਲ ਪੁਰ ਦੀ ਜੰਗਲ ਦੀ ਚੌਕੀ ਤੋਂ ਮੀਲ ਕੁ ਅੱਗੇ ਇਕ ਥਾਉਂ ਪਹਾੜ ਦੀ ਵੱਖੀ ਵਲ ਨੂੰ ਹੈ, ਓਥੇ ਗਏ ਹਨ ਸੰਤ। ਤੰਬੂ ਲਗਾ ਹੈ, ਸੰਤ ਉਥੇ ਦੋ ਚਾਰ ਦਿਨ ਟਿਕਣਗੇ। ਤੁਸਾਨੂੰ ਕਾਹਲ ਹੋਵੇ ਤਾਂ ਓਥੇ ਚਲੇ ਜਾਓ ਮੈਂ ਪ੍ਰਬੰਧ ਕਰ ਦੇਂਦਾ ਹਾਂ ਨਹੀਂ ਤਾਂ ਦੋ ਦਿਨ ਠਹਿਰੋ ਮੇਰੇ ਕੋਲ ਇਹ ਆਪ ਦਾ ਘਰ ਹੈ!

ਸੁਜਾਨ ਸਿੰਘ-ਆਪ ਦੇ ਪਿਆਰ ਦੇ ਕੁਰਬਾਨ। ਸੰਤਾਂ ਦੀ ਮਿਹਰ ਦਾ ਸਦਕਾ ਆਪ ਇਕ ਗਰੀਬ ਨੂੰ ਆਦਰ ਨਾਲ ਮਿਲੇ ਹੋ। ਮਿਹਰ ਕਰੋ ਤਾਂ ਪਤਾ ਦੱਸ ਦਿਓ ਜੋ ਮੈਂ ਦਰਸ਼ਨ ਮੇਲੇ ਹੁਣੇ ਜਾ ਕਰਾਂ। ਮੇਰੀ ਛੁੱਟੀ ਥੁਹੜੀ ਹੈ ਤੇ ਪਿੱਛੇ ਛੇਤੀ ਪਰਤਨਾ ਹੈ। ਅਫਸਰ ਨੇ ਕਿਹਾ: ਸਤਿ ਬਚਨ ਤੇ ਨਾਲ ਇਕ ਚਪੜਾਸੀ ਦੇ ਕੇ ਉਸਨੂੰ ਕਿਹਾ ਕਿ ਇਨ੍ਹਾਂ ਨੂੰ ਨਾਲ ਲੈ ਜਾਓ ਸੰਤਾਂ ਪਾਸ। ਸੋ ਦੁਇ ਉਥੋਂ ਟੁਰ ਪਏ ਟਾਂਗੇ ਉਤੇ। ਚੌਕੀ ਤਕ ਤਾਂ ਟਾਂਗਾ ਗਿਆ। ਪਰ ਉਥੋਂ ਅਗੇ ਜੰਗਲ ਦੀ ਸੜਕੇ ਸੜਕੇ ਨਹੀਂ ਸੀ ਜਾਣਾ, ਪਰ ਇਕ ਪਾਸੇ ਛੋਟਾ ਰਾਹ ਸੀ, ਜੰਗਲ ਦੇ ਘਨੇ ਪਾਸੇ, ਸੋ ਪੈਦਲ ਹੋ ਲਏ, ਤੇ ਕੁਛ ਸਮੇਂ ਬਾਦ ਪੁੱਜ ਗਏ। ਇਕ ਸੁਹਣੇ ਥਾਂ ਤੰਬੂ ਲਗਾ ਸੀ ਤੇ ਥੁਹੜੀ ਦੂਰ ਇਕ ਬ੍ਰਿੱਛ ਦੀ ਛਾਵੇਂ ਸੁੱਕੇ ਘਾਹ ਤੇ ਆਸਣ ਲਾਈ ਸੰਤ ਬੈਠੇ ਸਨ।

8.

**ਸੰਤ ਬਿਮਲਾ ਸਿੰਘ**-ਆਓ ਭਾਈ ਸਿੰਘਾ ! ਕਿੱਥੇ ਆ ਗਿਆ ਹੈਂ, ਗੁਰੂ ਕੇ ਪਿਆਰਿਆ ! ਬਨ ਪੰਛੀਆ ਦੇ ਦੇਸ ਤੂੰ ਜੰਗਲਾਂ ਬਨਾਂ ਵਿਚ ? ਆਓ ਜੀਉ ਆਇਆਂ ਨੂੰ (ਹੌਲੇ ਜਿਹੇ) ਆਗਤੇ ਸ੍ਵਾਗਤੰ ਸਾਰੰ*।

ਸੁਜਾਨ ਸਿੰਘ-ਖਿਮਾਂ ਕਰਨੀ, ਆਪ ਜੀ ਦੇ ਇਕਾਂਤ ਨਿਵਾਸ ਵਿਚ ਬੀ ਅਸੀਂ ਮਾਇਆਵੀ ਜੀਵ ਆ ਵਿਘਨ ਪਾਉਂਦੇ ਹਾਂ।

ਸੰਤ-ਭਾਈ, ਆਓ ਜੀਉ ਆਏ ਨੂੰ, ਏਹ ਸਰੀਰ ਗੁਰੂ ਕਾ ਹੈ। ਗੁਰੂ ਕੀਆਂ ਸੰਗਤਾਂ ਨੂੰ ਸੌਂਪ

* ਅਰਥ-ਆਏ ਨੂੰ ਜੀ ਆਇਆਂ ਕਹਿਣਾ ਹੀ ਸ੍ਰੇਸ਼ਟ ਬਾਤ ਹੈ।

ਦਿਤਾ ਹੈ, ਵਿਘਨ ਕਾਹਦਾ। ਗੁਰੂ ਕੇ ਪਿਆਰੇ ਆਏ, ਭਾਗ ਹੋਇਆ।

ਸੁਜਾਨ ਸਿੰਘ (ਕੰਬਕੇ)-ਧੰਨ ਹੋ ਆਪ, ਧੰਨ ਆਪ ਦੀ ਆਪਾਵਾਰ ਕੁਰਬਾਨੀ। ਪਰ ਅਸੀਂ ਲੋਕ ਸੁਾਰਥੀ ਹਾਂ, ਸੁਾਰਥਾਂ ਵਿਚ ਅੰਨ੍ਹੇ ਹੋਏ ਰਹਿੰਦੇ ਹਾਂ। ਆਪ ਜੈਸੇ ਤਿਆਗ ਮੂਰਤੀਆਂ ਦੀ ਕਦਰ ਨਹੀਂ ਪਾਉਂਦੇ। ਆਪ ਉਪਕਾਰ ਕਰਦੇ ਹੋ ਨਿਰਵਾਸ ਹਹਿਕੇ ਤੇ ਅਸੀਂ ਸਗੋਂ ਦਿੱਕ ਕਰ ਦੇਂਦੇ ਹਾਂ ਆਪ ਜੀ ਨੂੰ ਇਕਾਂਤਾਂ ਵਿਚ ਬੀ, ਖਿਮਾ ਕਰਨੀ।

ਸੰਤ-ਨਹੀਂ ਭਾਈ ! ਜੇ ਕਿਸੇ ਸਰੀਰ ਨੂੰ ਕੁਛ ਲਾਭ ਹੋ ਜਾਵੇ ਤਾਂ ਸਾਨੂੰ ਸੁਖ ਹੈ, ਹਾਂ ਜੋ ਕਰਦੇ ਨਹੀਂ ਤੇ ਨਿਰਾ ਪੁੱਛਦੇ ਹਨ, ਓਹ ਦੁਵੱਲੀ ਵਕਤ ਤੇ ਸਤਜਾ ਗੁਆਉਂਦੇ ਹਨ! ਜੋ ਸੁਣਦੇ ਹਨ, ਸਮਝਦੇ ਹਨ ਤੇ ਕਰਦੇ ਹਨ ਉਹੋ ਤਾਂ ਗਜਾਨ ਪ੍ਰਨਾਲੀ ਦੀ ਲੜੀ ਦੀਆਂ ਸੰਗਲੀਆਂ ਬਣਦੇ ਹਨ। ਆਓ ! ਕੁਛ ਜਲ ਛਕੋ, ਦੁੱਧ ਛਕੋ।

ਸੁਜਾਨ ਸਿੰਘ-ਮੈਂ ਹਰਦੁਆਰੋਂ ਦੁੱਧ ਪੀ ਕੇ ਤੇ ਕੁਛ ਖਾ ਕੇ ਟੁਰਿਆ ਸਾਂ। ਮੈਂ ਆਪਦਾ ਬਹੁਤ ਸਮਾਂ ਨਹੀਂ ਗੁਆਉਣਾ, ਦੋ ਚਾਰ ਗਲਾਂ ਕਰਨੀਆਂ ਤੇ ਰਾਹ ਪੁੱਛਣਾ ਹੈ।

ਸੰਤ-ਪੁੱਛੋ, ਜੀ ਸਦਕੇ ਪੁੱਛੋ।

੫.

**ਸੁਜਾਨ ਸਿੰਘ** ਨੇ ਪਹਿਲਾਂ ਅਪਣੀ ਵਿਥਿਆ ਸੁਣਾਈ, ਫੇਰ ਨਦੀ ਕਿਨਾਰੇ ਜੋ ਦਿਲ ਤਰੰਗ ਉੱਠੇ ਸਨ ਓਹ ਸੁਣਾਏ।

ਸੰਤ-ਭਾਈ ਏਹ ਜੋ ਤੁਸਾਂ ਕੱਲ ਦਾ ਆਪਣਾ ਗੰਗਾ ਕਿਨਾਰੇ ਵਾਲਾ ਮਨੋ ਵੀਚਾਰ ਸੁਣਾਇਆ ਹੈ ਇਹ ਬਾਣੀ ਦਾ ਪ੍ਰਤਾਪ ਹੈ ਕਿ ਸੂੱਛ ਤਰ੍ਹਾਂ ਦਾ ਵੈਰਾਗ ਤੁਹਾਡੇ ਮਨ ਵਿਚ ਹੁਣ ਫੇਰੇ ਪਾ ਗਿਆ ਹੈ। (ਹੱਸਕੇ) ਤੁਹਾਡੇ ਵੀਚਾਰ ਇਹ ਬੀ ਦੱਸਦੇ ਹਨ ਕਿ ਤੁਹਾਡਾ ਮਨ ਕੁਛ ਕਵੀ-ਮਨ ਬੀ ਹੈ ਤੇ ਹੁਣ ਉਹ ਅਸਾਰ ਤੇ ਸਾਰ ਨੂੰ ਸਮਝਣ ਵਲ ਪੈ ਰਿਹਾ ਹੈ। ਬਾਣੀ ਮਨ ਨੂੰ ਧੋਂਦੀ ਹੈ, ਵੀਚਾਰ ਉਤਪਤ ਕਰਦੀ ਹੈ। ਉਹ ਵੀਚਾਰ ਸਾਰ ਅਸਾਰ ਦੀ ਸੋਝੀ ਦੇਂਦੀ ਹੈ ਤੇ ਫਿਰ ਸਾਰ ਲਈ ਪਿਆਰ ਤੇ ਅਸਾਰ ਲਈ ਉਦਰੇਵੇਂ ਉਪਜਾਉਂਦੀ ਹੈ, ਜਿਸਨੂੰ ਸੂੱਛ ਵੈਰਾਗ ਕਹੀਦਾ ਹੈ। ਇਸ ਤੋਂ ਅੱਗੇ 'ਸਾਰ' ਦੀ ਗ੍ਰਹਣ ਸ਼ਕਤੀ ਉਪਜਦੀ ਹੈ, ਜਿਸ ਲਈ 'ਨਾਮ' ਜਪੀਦਾ ਹੈ।

ਸੁਜਾਨ ਸਿੰਘ-ਜੀਓ ਜੀ ! ਬਾਣੀ ਦੀ ਮਿਹਰ ਹੈ ਤੇ ਕੁਛ ਆਪ ਦੀ ਕਥਾ ਦੀ ਮਿਹਰ ਹੈ ਜਿਸ ਨੇ ਮੇਰਾ ਰੁਖ ਬਾਣੀ ਦੇ ਭਾਵ ਸਮਝਣ ਵਲ ਵਧੇਰੇ ਪਾ ਦਿੱਤਾ ਸੀ।

ਸੰਤ-ਹੁਣ ਕਹੋ ਭਾਈ, ਇਹ ਸਰੀਰ ਕੀਹ ਕਰੇ ਤੁਸਾਂ ਲਈ ?

ਸੁਜਾਨ ਸਿੰਘ-ਜੀਓ ! ਐਵੇਂ ਤਾਂ ਕੁਛ ਤਰੰਗ ਉਠਦੇ ਹਨ: ਕਿ ਗੁਰੂ ਕੀ ਬਾਣੀ ਤਾਂ ਕੁਛ ਹੋਰ ਸਿਖਾਲਦੀ ਹੈ ਪਰ ਕਈ ਆਗੂ ਲੋਕ ਬਾਣੀ ਵਲੋਂ, ਨਾਮ ਵਲੋਂ, ਉਚੇ ਸੁਚੇ ਆਚਰਨ ਵਲੋਂ ਕੰਡਾਂ ਵਲਾ ਰਹੇ ਤੇ ਹੋਰ ਹੋਰ ਪਾਸੇ ਬਿਰਤੀਆਂ ਨੂੰ ਪਾ ਰਹੇ ਹਨ, ਜਿਨ੍ਹਾਂ ਪਾਸਿਆਂ ਵਲੋਂ ਕਿ ਦਸਾਂ ਹੀ ਸਤਿਗੁਰਾਂ ਨੇ ਮੋੜਿਆ ਸੀ, ਮੇਰੀ ਜਾਚੇ ਉਧਰ ਨੂੰ ਲਿਜਾ ਰਹੇ ਹਨ, ਇਹ ਤੱਕ ਕੇ ਦਿਲ ਕਾਹਲਾ ਪੈ ਜਾਂਦਾ ਹੈ।

ਸੰਤ-ਭਾਈ 'ਪਰ ਅਵਗੁਣ' ਤੇ 'ਨਿਜ ਗੁਣ' ਤੱਕ ਤੱਕ ਕੇ ਮਨ ਸੁਖੀ ਨਹੀਂ ਹੋ ਸਕਦਾ। 'ਨਿਜ ਨੂੰ ਸੰਵਾਰੀਏ ਆਪਾ ਸ਼ਿੰਗਾਰੀਏ ਤੇ ਗੁਰੂ ਅਰਪਨ ਕਰੀਏ' ਸਿਖੀ ਮਾਰਗ ਇਹ ਹੈ। ਅਸਲ ਵਿਚ ਗੁਰੂ ਮਾਰਗ ਹੈ ਜੀਉਂਦੇ ਜੀ ਪੁਰਸਲਾਤ ਦੇ ਰਾਹ ਉਤੇ ਤੁਰਨਾ, ਪਰ ਜਗਤ ਪੁਰਸਲਾਤ ਦੇ ਪੰਥ ਉਤੇ ਨਹੀਂ ਟੁਰਦਾ। ਲੋਕੀਂ ਸਮਝਦੇ ਹਨ ਕਿ ਪੁਰਸਲਾਤ ਅੱਗੇ ਜਾ ਕੇ ਆਵੇਗੀ ਪਰ ਪੁਰਸਲਾਤ ਤਾਂ ਏਥੇ ਹੀ ਹੈ, ਜੋ ਇਸਤੇ ਟੁਰ ਪਿਆ ਉਸ ਲਈ ਅੱਗੇ ਕੋਈ ਪੁਰਸਲਾਤ ਨਹੀਂ, ਪੁਰਸ਼ਲਾਤ ਤਾਂ ਏਥੋਂ ਹੀ ਜੀਉਂਦੇ ਜੀ ਆਰੰਭ ਹੋ ਜਾਂਦੀ ਹੈ। ਮੈਂ ਗੁਰਸਿੱਖੀ ਦੀ ਵੀਚਾਰ ਦੱਸਣ ਲਗਾ ਹਾਂ। ਕਿਸੇ

ਹੋਰ ਮਤ ਦੀ ਸ਼ਰਹ ਨਹੀਂ ਕਰਨ ਲਗਾ; ਅਪਣੀ ਬਿਰਤੀ ਦਾ ਦੁਖ ਮਈ ਰਹਿਣਾ, ਤ੍ਰਿਸ਼ਨਾ ਵਿਚ ਸੜਨਾ, ਇਹ ਇਕ ਨਰਕ ਹੈ ਜੋ ਜੀਉਂਦੇ ਜੀ ਜੀਵ ਭੋਗ ਰਹੇ ਹਨ। ਇਸ ਉਤੇ ਇਕ ਪੁਲ ਹੈ-ਸਿੱਧਾ ਸਾਫ ਲਿਜਾਣ ਵਾਲਾ ਰਸਤਾ। ਸੜਕ ਦੇ ਯਾ ਪੁਲ ਦੇ ਚਾਰ ਪਹਿਲੂ ਹੁੰਦੇ ਹਨ ਇਕ ਮੁੱਢ ਤੁਰਨ ਦਾ, ਇਕ ਅੱਪੜਨ ਦਾ, ਇਕ ਸੱਜੇ ਪਾਸੇ ਦਾ ਇਕ ਖੱਬੇ ਪਾਸੇ ਦਾ। ਜਿਥੋਂ ਅਸੀਂ ਤੁਰੇ ਸੁ ਤੁਰ ਪਏ ਹਾਂ, ਜਿੱਥੇ ਅੱਪੜਨਾ ਹੈ ਤੁਰਦਿਆਂ ਅੱਪੜ ਹੀ ਜਾਣਾਂ ਹੈ। ਸੋ ਬਾਕੀ ਰਹਿ ਗਿਆ ਖੱਬਾ ਤੇ ਸੱਜਾ, ਸਭ ਕੋਈ ਇਸ ਰਸਤੇ ਟੁਰ ਰਿਹਾ ਹੈ, ਪਰ ਕੋਈ ਪੁਲੋਂ ਉੱਤਰ ਕੇ ਸੱਜੇ ਡਿਗ ਪੈਂਦਾ ਹੈ ਕੋਈ ਖੱਬੇ। ਪੁਲ ਉਤੇ ਕੋਈ ਨਹੀਂ ਟੁਰਦਾ, ਗ੍ਰਹਨ ਤੇ ਤਿਆਗ ਏਹ ਹਨ ਦੋ ਲੂਆਂ-ਖੱਬਾ ਤੇ ਸੱਜਾ। ਦੁਹਾਂ ਵਿਚ ਸੁਖ ਨਹੀਂ। ਸ੍ਰੀ ਗੁਰੂ ਜੀ ਤੋਂ ਪਹਿਲਾਂ ਜਗਤ ਜਾਂ ਗ੍ਰਹਨ ਵਿਚ ਪਿਆ ਤ੍ਰਿਸ਼ਨਾ ਅਗਨ ਵਿਚ ਦੁਖ ਪਾ ਰਿਹਾ ਸੀ, ਜਾਂ ਤਿਆਗ ਕਰਕੇ ਬਨਾਂ ਜੰਗਲਾਂ ਵਿਚ ਜਾ ਕੇ ਮਨ ਤਾਂ ਜੋੜ ਰਿਹਾ ਸੀ, ਪਰ ਤਨ ਨੂੰ ਕਸ਼ਟਾਂ ਵਿਚ ਪਾ ਰਿਹਾ ਸੀ ਤੇ ਕ੍ਰੋਧ ਅਗਨ ਨੂੰ ਵਧਾ ਰਿਹਾ ਸੀ*।

ਇਸ ਤਰ੍ਹਾਂ ਇਨਸਾਨ ਜੀਵਨ ਦੇ ਮੁੱਖ ਪ੍ਰਯੋਜਨ ਨੂੰ ਭੁਲਾ ਰਿਹਾ ਸੀ, ਸਤਿਗੁਰਾਂ ਨੇ ਸਿਖਾਇਆ ਕਿ ਪੁਲ ਦੇ ਉੱਪਰ ਟੁਰੋ, ਨਾ ਇਧਰ ਡਿੱਗੋ ਨਾ ਉਧਰ। ਉਹ ਇਹ ਸੀ ਕਿ ਤਯਾਗ ਤਾਂ ਕਰੋ ਮੰਦੀਆਂ ਵਾਸ਼ਨਾ ਦਾ ਤੇ ਮੰਦੇ ਕਰਮਾਂ ਦਾ, ਤ੍ਰਿਸ਼ਨਾ ਕਰੋ ਉਸ ਸੁਖ ਦੀ ਜੋ ਸ਼ਰੋਮਣੀ ਸੁਖ ਹੈ, ਜੋ ਆ ਕੇ ਸਦਾ ਰਹਿੰਦਾ ਹੈ, ਏਥੇ ਬੀ ਸੁਖੀ ਰਖਦਾ ਹੈ ਤੇ ਅੱਗੇ ਬੀ ਨਾਲ ਜਾਂਦਾ ਹੈ। ਸਿੱਖ ਦਾ ਜੀਵਨ ਭਾਈ ਐਸਾ ਚਾਹੀਦਾ ਹੈ ਜੋ ਸਿੱਖੀ ਮਾਰਗ ਵਿਚ ਝੂਠ, ਕੁਸੱਤ, ਫਰੇਬ, ਦੁਖ ਦੇਣਾ ਆਦਿ ਮੰਦੇ ਕਰਮ ਕਰ ਰਹੇ ਹਨ, ਚਾਹੇ ਅਪਣੇ ਤਨ ਲਈ, ਚਾਹੇ ਦੀਨ ਧਰਮ ਦੇ ਨਾਮ ਹੇਠ, ਗੁਰੂ ਆਸ਼ੇ ਦੇ ਅਨੁਕੂਲ ਨਹੀਂ ਕਰ ਰਹੇ। ਪਰ ਜੋ ਆਪਾ ਸੁਆਰਕੇ ਅਪਣੇ ਸਰੀਰ ਨਾਲ ਕਿ ਅਪਣੀ ਬੁੱਧੀ ਨਾਲ ਜਗਤ ਦਾ ਕੋਈ ਹਿੱਸਾ ਨਹੀਂ ਵੰਡਾ ਰਹੇ ਉਹ ਬੀ ਗੁਰੂ ਆਸ਼ੇ ਦੇ ਅਨਕੂਲ ਨਹੀਂ ਕਰ ਰਹੇ। ਪਰ ਜੇ ਤੁਸੀਂ ਇਸ ਤਰ੍ਹਾਂ ਜਗਤ ਦੇ ਕੰਡੇ ਦੇਖ ਕੇ ਹਾਇ ਹਾਇ ਵਿਚ ਪੈ ਜਾਓਗੇ ਤਾਂ ਅਖੀਰ ਨਿੰਦਾ ਵਿਚ ਜਾ ਅੱਪੜੋਗੇ। ਗੁਰੂ ਕਾ ਹੁਕਮ ਨਿਰਮਾਨ ਪਦ ਦੇ ਲੱਭਣੇ ਦਾ ਹੈ, ਉਸਤਤ ਨਿੰਦਾ ਤਿਆਗਣੇ ਦਾ ਹੈ। ਸੋ ਆਪਾ ਸੰਵਾਰੋ, ਜੋ ਗੁਰਮਤ ਸਮਝੋ ਉਸਤੇ ਟੁਰੋ, ਜਦੋਂ ਕੋਈ ਪ੍ਰਾਪਤੀ ਹੋ ਜਾਏ ਤਾਂ ਜੋ ਸੇਵਾ ਸਰ ਬਣ ਆਵੇ ਕਰੋ। ਵਾਹਿਗੁਰੂ ਬਲ ਬਖਸੇ ਤਾਂ ਮਾੜੀਆ ਗਲਾਂ ਦਾ ਸੁਧਾਰ ਕਰੋ, ਪਰ ਨਿਰੇ ਦੇਖ ਦੇਖਕੇ ਦੁਖੀ ਹੋਣ ਦਾ ਲਾਭ ਨਹੀਂ।

ਸੁਜਾਨ ਸਿੰਘ-ਮੈਨੂੰ ਅਪਣੀ ਭੁੱਲ ਦਿੱਸ ਪਈ ਹੈ। ਅਸਲ ਵਿਚ ਪੱਛਮੀ ਵਿਦਿਆ ਥੋੜੀ ਜਿਹੀ ਪੜ੍ਹਕੇ ਜੇਹੀ ਕਿ ਅਸਾਂ ਲੋਕਾਂ ਨੂੰ ਮਿਲੀ ਹੈ ਧਜਾਨ ਜਗਤ ਵੱਨੇ ਬਹੁਤ ਪੈਂਦਾ ਹੈ। ਹੁਣ ਆਪ ਕਿਰਪਾ ਕਰਕੇ ਦੱਸੋ ਜੋ ਮੈਂ ਕੀਕੂੰ ਸੁਮੱਤੇ ਲੱਗਾਂ ?

ਸੰਤ-ਤੁਸੀਂ ਲਗ ਰਹੇ ਹੋ ਠੀਕ ਰਸਤੇ, ਦਸਾਂ ਨਵਾਂ ਦੀ ਕਿਰਤ ਕਰਦੇ ਹੋ, ਪ੍ਰਸ਼ਾਦਿ ਛਕਦੇ ਹੋ ਤੇ ਵੰਡ ਛਕਦੇ ਹੋ। ਬਾਣੀ ਪੜ੍ਹਦੇ ਹੋ ਤੇ ਵੀਚਾਰਦੇ ਹੋ ਤੇ ਉਸ ਪਰ ਅਮਲ ਕਰਨੇ ਦਾ ਜਤਨ ਕਰਦੇ ਹੋ। ਦਿਲ ਤੁਹਾਡਾ ਟਿਕਦਾ ਬੀ ਹੈ, ਵੀਚਾਰਦਾ ਬੀ ਹੈ ਤੇ ਸਾਂਈ ਵਲ ਰੁਖ ਬੀ ਕਰਦਾ ਹੈ; ਹੋਰ ਕੀਹ ਲੋਚਦੇ ਹੋ ?

ਸੁਜਾਨ ਸਿੰਘ-ਕ੍ਰਿਪਾ ਨਿਧ ਜੀਓ ! ਮੈਨੂੰ ਹੁਣ ਬਹੁਤ ਵੀਚਾਰ ਫੁਰਦੇ ਹਨ, ਜੈਸੇ ਮੈਂ ਆਪ ਨੂੰ ਸੁਣਾਏ ਹਨ ਕਿ ਰੰਗਾ ਵਿਚ ਮੌਤ ਤੇ ਜੀਵਨ ਦੇ ਸਾਮਾਨਾਂ ਨੂੰ ਤੱਕ ਕੇ ਪੈਦਾ ਹੋਏ। ਜਿੰਦਗੀ ਕੀ ਹੈ ? ਅਸਾਂ ਦੇ ਆਵਣ ਜਾਣ ਦਾ ਟਿਕਾਣਾ ਕੀ ਹੈ ? ਇਹ ਦਿੱਸਦਾ ਤੇ ਵੱਸਦਾ ਜਗਤ ਹੈ ਕਿ ਨਹੀਂ, ਮਾਇਆ ਹੀ ਮਾਇਆ ਹੈ ਕਿ ਕੁਛ ਹੈ ਬੀ, ਜਿੰਦਗੀ ਤੇ ਮੌਤ ਦੁਇ ਢੋਲ ਚੁਹੱਕਲੀ ਵਾਂਙੂ ਫਸੇ ਦੀਹਦੇ ਹਨ, ਕੀਹ ਇਵੇਂ ਹੀ ਹੈ ਕਿ ਮੇਰੀ ਵੀਚਾਰ ਕਸਰ ਵਾਲੀ ਹੈ। ਦੁਖ ਕਿਉਂ ਹੈ, ਪਾਪ ਕਿਉਂ ਹੈ ? ਲੋਕ ਸਿੱਧੇ ਰਾਹ

---

* ਗ੍ਰਿਹ ਰਾਜ ਮਹਿ ਨਰਕੁ ਉਦਾਸ ਕਰੋਧਾ॥ ਬਹੁ ਬਿਧਿ ਬੇਦ ਪਾਠ ਸਭਿ ਸੋਧਾ॥
ਦੇਹੀ ਮਹਿ ਜੋ ਰਹੈ ਅਲਿਪਤਾ ਤਿਸੁ ਜਨ ਕੀ ਪੂਰਨ ਘਾਲੀਐ॥ (ਮਾਰੂ ਮ: ੫ ਅੰਜਲ:੧੦੧੯)

ਕਿਉਂ ਨਹੀਂ ਟੁਰਦੇ ? ਜਗਤ ਵਿਚ ਕੋਈ ਸੁਖੀ ਨਹੀਂ। ਫੇਰ ਦੂਜੇ ਨਾਲ ਧੋਖਾ ਤੇ ਧੱਕਾ ਕਿਉਂ ਕੀਤਾ ਜਾਂਦਾ ਹੈ ? ਐਸ ਐਸ ਤਰ੍ਹਾਂ ਦੇ ਅਨੇਕ ਸ਼ੰਕੇ ਉਪਜਦੇ ਤੇ ਉਦਾਸ ਕਰਦੇ ਹਨ।

ਸੰਤ-ਭਾਈ ! ਜੋ ਕੋਈ ਜਗਤ ਵਿਚ 'ਗ਼ਾਫਲੀ' ਵਿਚ ਦਿਨ ਗੁਜ਼ਾਰੇਗਾ, ਐਸੇ ਸੰਸੇ ਉਸਨੂੰ ਘਟ ਉਪਜਣਗੇ, ਪਰ ਉਸਦਾ ਜੀਵਨ ਭੁਲੇਵੇ ਵਿਚ ਬੀਤੇਗਾ। ਸਰੀਰਕ ਮੰਡਲ ਵਿਚ ਹੀ ਓਹ ਖਾਨ ਪਾਨ ਪਹਿਰਨ ਆਦਿਕ ਦੇ ਝੰਜਟਾਂ ਵਿਚ ਦਿਨ ਗੁਜ਼ਾਰ ਜਾਏਗਾ। ਅਰਥਾਤ ਜੋ ਸੁਖ ਕਿ ਸੁਖ ਰੂਪ ਨਹੀਂ ਹਨ ਉਨ੍ਹਾਂ ਸੁੱਖਾਂ ਦੀ ਪ੍ਰਾਪਤੀ ਵਾਸਤੇ ਉਸਦਾ ਬਲ ਤੇ ਬੁੱਧੀ ਖਰਚ ਹੁੰਦੇ ਰਹਿਣਗੇ। ਪਰ ਹੋ ਸਕਦਾ ਹੈ ਕਿ ਅੰਤ ਉਸਨੂੰ ਪਤਾ ਲੱਗੇ ਕਿ ਅਮੋਲਕ ਜੀਵਨ ਬੱਚਿਆਂ ਵਾਂਙ ਕਾਟੀਆਂ ਲੜਾਉਂਦਿਆਂ ਕਦੀ ਕਟਦਿਆਂ ਤੇ ਕਦੀ ਕਟਾਉਂਦਿਆਂ ਲੰਘ ਗਿਆ, ਹੁਣ ਅਪਣੇ ਹੱਥ ਕੀ ਆਇਆ ਹੈ ? ਡੋਰ ਨਾਲ ਪੈ ਗਏ ਹਥਾਂ ਦੇ ਚੀਰ! ਜੇ ਕੋਈ 'ਵੀਚਾਰ' ਦੇ ਰਾਹ ਪੈ ਜਾਇਗਾ ਜਿਵੇਂ ਤੁਸੀਂ ਬਾਣੀ ਪੜ੍ਹਕੇ ਪੈ ਗਏ ਹੋ, ਉਸ ਨੂੰ ਐਸੇ ਫੁਰਨੇ ਫੁਰਨਗੇ ਜੈਸੇ ਹੁਣ ਤੁਹਾਨੂੰ ਫੁਰਦੇ ਹਨ ਤੇ ਜੋ ਤੁਸਾਂ ਹੁਣ ਮੈਨੂੰ ਦੱਸੇ ਹਨ ਪੁੱਛਾਂ ਰੂਪ ਕਰਕੇ। ਇਹ ਮਾੜੇ ਹਨ ਜੇ ਰੋੜ੍ਹ ਲੈ ਜਾਣ, ਪਰ ਏਹ ਮਾੜੇ ਨਹੀਂ ਜੇ ਇਹਨਾਂ ਵਿਚੋਂ ਬੰਦਾ ਰਾਹ ਲੱਭ ਲਏ ਤਾਂ। ਅਸਲ ਵਿਚ ਏਹ ਫੁਰਨੇ ਹਨ ਜੋ ਇਸ ਵਾਸਤੇ ਆਉਂਦੇ ਹਨ ਕਿ ਸਾਰ-ਅਸਾਰ ਦੀ ਸੋਝੀ ਹੋ ਆਵੇ ਤੇ ਬਲ ਭਰ ਆਵੇ ਸਾਰ ਨੂੰ ਰਾਗ ਕਰਨ ਦਾ ਤੇ ਅਸਾਰ ਤੋਂ ਵੈਰਾਗ ਕਰਨ ਦਾ। ਪਰ ਜੇ ਤੁਸੀਂ ਇਨ੍ਹਾਂ ਗੱਲਾਂ ਦੇ ਝਗੜਿਆਂ ਵਿਚ ਪੈ ਜਾਓਗੇ ਤਾਂ ਬਿਰਥਾ ਹਾਂਡ ਹੋਸੀ।

ਸੁਜਾਨ ਸਿੰਘ-ਕੀਹ ਕੀਹ ਵੀਚਾਰ ਛੱਡਾਂ ਤੇ ਕੀਹ ਕੀਹ ਰੱਖਾਂ ?

ਸੰਤ-ਜੋ ਵੀਚਾਰ ਭਰਮ ਦੀ ਸੂਰਤ ਧਾਰੇ, ਜੋ ਵੀਚਾਰ ਹੁੱਜਤ ਦੀ ਸ਼ਕਲ ਪਕੜੇ ਤੇ ਘਬਰਾ ਵਿਚ ਪਾਵੇ ਛਡ ਦਿਓ। ਜੋ ਨਿਰਨੇ ਕਰਦਾ ਅੰਤ ਨਿਹਚੇ ਦੇ ਘਰ ਲੈ ਜਾਵੇ ਰੱਖ ਲਓ। ਅਸਲ ਗਲ ਸਿੰਘ ਜੀ ਇਹ ਹੈ ਕਿ ਨਿਰੀ ਕਥਨੀ ਤੇ ਨਿਰੀ ਸੋਚ ਨਾਲ ਨਿਸ਼ਾ ਖਾਤਰ ਨਹੀਂ ਹੋ ਸਕਦੀ। ਕਰਨੀ ਯਾ ਅਮਲ ਜ਼ਰੂਰੀ ਚੀਜ਼ ਹੈ, ਆਪ ਗੁਰੂ ਜੀ ਦਾ ਵਾਕ ਹੈ:- '*ਕਥਨੀ ਬਦਨੀ ਪੜਿ੍ ਪੜਿ੍ ਭਾਰੁ॥*' ਮੂੰਹ ਦੀ ਕਥਨੀ ਤੇ ਨਿਰੀ ਵਿਦਿਆ ਦੇ ਵੀਚਾਰ ਨਾਲ ਨਿਸਤਾਰਾ ਨਹੀਂ, ਉਹ ਅਮਲ ਨਾਲ ਹੈ, ਕਿਉਂਕਿ ਅਮਲ ਲਿਵ ਦੇ ਘਰ ਲੈ ਜਾਂਦਾ ਹੈ। ਲਿਵ ਲਗਦੀ ਹੈ ਨਾਮ ਨਾਲ ਤੇ ਭਰਮ ਉਡਦਾ ਹੈ ਲਿਵ ਦੇ ਘਰ ਗਿਆਂ; ਦੇਖੋ ਦਾਤਾ ਗੁਰੂ ਜੀ ਦਾ ਵਾਕ ਹੈ :-

*'ਸਬਦਿ ਮਰੈ ਤਾਂ ਏਕ ਲਿਵ ਲਾਏ॥*
*ਅਚਰੁ ਚਰੈ ਤਾਂ ਭਰਮੁ ਚੁਕਾਏ॥'* (*ਆਸਾ ਮ: ੧, ੮॥੩॥*)

ਪਰ ਜਗਤ ਕੀਕੂੰ ਵਰਤ ਰਿਹਾ ਹੈ:-

*ਜਗਿ ਗਿਆਨੀ ਵਿਰਲਾ ਆਚਾਰੀ॥*
*ਜਗਿ ਪੰਡਿਤੁ ਵਿਰਲਾ ਵੀਚਾਰੀ॥'* (*ਆ: ਮ: ੧॥੮॥੩॥*)

ਤੁਸਾਂ ਆਚਾਰ ਵਾਲੇ ਤੇ ਵੀਚਾਰ ਵਾਲੇ ਬਣਨਾ ਹੈ। ਹੁੱਜਤੀ ਤੇ ਫੋਕੇ ਕਥਨੀ ਤੇ ਗਪਾਸਟਕਾਂ ਦੇ ਪੰਡਿਤ ਨਹੀਂ ਬਣਨਾ।

ਸੁਜਾਨ ਸਿੰਘ-ਕਿਵੇਂ ਕਰਾਂ ?

ਸੰਤ-ਏਸ ਸ਼ਬਦ ਤੇ ਅਮਲ ਕਰੋ ਜੋ ਮੈਂ ਤੁਸਾਂ ਨੂੰ ਸੁਣਾਉਂਦਾ ਹਾਂ:-

*'ਗੁਰਮਤਿ ਸਾਚੀ ਹੁਜਤਿ ਦੂਰਿ॥ ਬਹੁਤੁ ਸਿਆਣਪ ਲਾਗੈ ਧੂਰਿ॥*
*ਲਾਗੀ ਮੈਲੁ ਮਿਟੈ ਸਚ ਨਾਇ॥ ਗੁਰਪਰਸਾਦਿ ਰਹੈ ਲਿਵਲਾਇ॥੧॥*
*ਹੈ ਹਜੂਰਿ ਹਾਜਰੁ ਅਰਦਾਸਿ॥ ਦੁਖੁ ਸੁਖੁ ਸਾਚੁ ਕਰਤੇ ਪ੍ਰਭ ਪਾਸਿ॥੧॥ਰਹਾਉ॥*
*ਕੂੜੁ ਕਮਾਵੈ ਆਵੈ ਜਾਵੈ॥ ਕਹਣਿ ਕਥਨਿ ਵਾਰਾ ਨਹੀ ਆਵੈ॥*
*ਕਿਆ ਦੇਖਾ ਸੂਝ ਬੂਝ ਨ ਪਾਵੈ॥ ਬਿਨੁ ਨਾਵੈ ਮਨਿ ਤ੍ਰਿਪਤਿ ਨ ਆਵੈ ॥੨॥*
*ਜੋ ਜਨਮੇ ਸੋ ਰੋਗਿ ਵਿਆਪੇ॥ ਹਉਮੈ ਮਾਇਆ ਦੂਖਿ ਸੰਤਾਪੇ॥*

ਬਾਣੀ ਜੋ ਆਖੇ ਉਸਦਾ ਮੰਨਨ ਕਰਨਾ, ਅਰਥਾਤ ਬਾਣੀ ਦਾ ਵੀਚਾਰ ਕਰਨਾ ਤੇ ਜੋ ਆਖੇ ਉਸਤੇ ਅਮਲ ਕਰਨਾ।

ਇਸ ਤਰ੍ਹਾਂ ਦੀ ਆਗਿਆ ਤੇ ਅਮਲ ਕਰਦਿਆਂ ਦੋਹਾਂ ਦਾ ਉਧਾਰ ਹੋਇਆ*।

ਸੁ: ਸਿੰਘ-ਇਹ ਸਾਖੀ ਬੀ ਉਹੋ ਮੱਤ ਦਿੰਦੀ ਹੈ ਜੋ ਮੱਤ ਕਿ ਆਪ ਨੇ ਪਹਿਲਾਂ ਗੁਰੂ ਕੇ ਸ਼ਬਦ ਵਿਚੋਂ ਸੁਣਾਈ ਹੈਸੀ।

ਸੰਤ-ਫੇਰ ਇਹੋ ਤਾਂ ਗੱਲ ਹੈ ਭਾਈ ! ਸੰਤਾਂ ਪਾਸ, ਹੋਰ ਕੇਹੜੀ ਆਪਣੀ ਗੱਲ ਹੈ। ਗੁਰੂ ਕੀ ਬਖਸ਼ੀ ਗੁਰਮਤਿ। ਸੋ ਸੁਣੋ ਤੇ ਉਸਦੀ ਆਗਜਾ ਅਨੁਸਾਰ ਟੁਰੋ :-"*ਗੁਰ ਸਿਖ ਮੀਤ ਚਲਹੁ ਗੁਰ ਚਾਲੀ॥*"

ਸੁ: ਸਿੰਘ-ਸਤਿਬਚਨ ! ਮਹਾਰਾਜ ! ਜੀਉ ਜੀ, ਕੁਛ ਸੰਗਿਆ ਆਉਂਦੀ ਹੈ ਗੱਲ ਕਰਦਿਆਂ, ਪਰ ਵੈਦ ਮਿਲੇ ਤਾਂ ਦੁੱਖ ਦੱਸਣਾ ਹੀ ਬਣਦਾ ਹੈ। ਜੋ ਸੁਮੱਤ ਆਪ ਨੇ ਅੱਜ ਬਾਣੀ ਤੇ ਪ੍ਰਸੰਗ ਸੁਣਾ ਕੇ ਦੱਸੀ ਹੈ ਇਹੋ ਆਪ ਨੇ ਤਦੋਂ ਕਥਾ ਵਿਚ ਨਿਰੂਪਣ ਕੀਤੀ ਸੀ ਤੇ ਇਹ ਸਰੀਰ ਇਸੇ ਜਤਨ ਵਿਚ ਰਹਿੰਦਾ ਹੈ। ਦਿਲ ਲਗਦਾ ਬੀ ਹੈ, ਬਾਣੀ ਮਨ ਨੂੰ ਜੋੜਦੀ ਬੀ ਹੈ ਤੇ ਸੋਝੀ ਬੀ ਦੇਂਦੀ ਹੈ। ਆਪ ਨੇ ਮੈਨੂੰ ਹਠ ਯੋਗ ਦੀਆਂ ਸਾਧਨਾਂ ਵਲੋਂ ਰੋਕ ਕੇ ਸਮਝਾਇਆ ਸੀ ਕਿ ਮਨ ਨੂੰ ਕਿਉਂ ਮਾਰਦੇ ਹੋ ਤੇ ਇੰਦ੍ਰੀਆਂ ਨੂੰ ਕਿਉਂ ਜੜ੍ਹ ਕਰਦੇ ਹੋ, ਮਨ ਦੇ ਪ੍ਰਵਾਹ ਨੂੰ ਨਾ ਰੋਕੋ, ਇਸ ਦਾ ਪ੍ਰਵਾਹ ਉਲਟ ਦਿਓ; ਦਰਯਾ ਨੂੰ ਨਾ ਠੱਲੋ, ਠੱਲਣਾ ਅਤਿ ਕਠਨ ਹੈ। ਨਹਰ ਕੱਢ ਲਓ ਤੇ ਆਪਣੇ ਉਪਯੋਗੀ ਪਾਸੇ ਦਰਯਾ ਦੇ ਪਰਵਾਹ ਨੂੰ ਲੈ ਜਾਓ। ਇਹ ਗੱਲ ਮੈਂ ਟ੍ਰੈਕਟਾਂ ਵਿਚ ਬੀ ਕਿਤੇ ਪੜ੍ਹੀ ਸੀ ਤੇ ਆਪ ਤੋਂ ਬੀ ਸੁਣੀ ਸੀ ਕਿ ਮਨ ਨੂੰ ਅਸਾਰ ਪਦਾਰਥਾਂ ਦੇ ਰੁਖ ਵਲੋਂ ਮੋੜ ਕੇ ਵਾਹਿਗੁਰੂ ਜੀ ਵਲ ਪਾਓ, ਨਾਸ਼ਮਾਨ ਦੇ ਪਿਆਰੇ ਪਦਾਰਥਾਂ ਦੇ ਸੰਕਲਪਾਂ ਵਿਕਲਪਾਂ ਵਿਚ ਰੁੜ੍ਹਨੋ ਮਨ ਨੂੰ ਰੋਕ ਕੇ ਅਬਿਨਾਸ਼ੀ ਵਾਹਿਗੁਰੂ ਦੇ ਪਿਆਰ ਸੰਕਲਪਾਂ ਵਿਚ ਪਾਓ ਤੇ ਵਿਧੀ ਆਪ ਨੇ ਨਾਮ ਦੱਸੀ ਸੀ। ਇਉਂ ਮਨ ਟਿਕਦਾ ਹੈ ਤੇ ਟਿਕਦਾ ਜੀਉਂਦੇ ਜੀਵਨ ਸੋਮੇਂ ਉਤੇ ਹੈ ਤੇ ਉਸ ਨਾਲ ਮੇਲ ਪਾ ਕੇ ਅਨੰਤ ਵਿਚ ਰੀਮਤਾ ਪਾ ਲੈਂਦਾ ਹੈ। ਆਪ ਦੇ ਸਾਰੇ ਬਚਨ ਮੈਨੂੰ ਯਾਦ ਹਨ ਤੇ ਅਪਨੀ ਵਲੋਂ ਹੀਲਾ ਜਤਨ ਕਰਦਾ ਹਾਂ, ਪਰ ਜੀਓ ਅਨੇਕ ਮਨ ਦੀਆਂ ਰੁਚੀਆਂ ਹਨ ਜੋ ਅਮੁੜ ਹੁੰਦੀਆਂ ਹਨ। ਰੋਕੀਦੀਆਂ ਹਨ ਰੁਕ ਬੀ ਜਾਂਦੀਆਂ ਹਨ। ਪਰ ਫੇਰ ਓਸੇ ਰਾਹੇ ਲੈ ਤੁਰਦੀਆ ਹਨ, ਜਿਵੇਂ ਕਹੀਦਾ ਹੈ ਕਿ ਝੱਸ ਆ ਪੈਂਦਾ ਹੈ ਰਾਜ਼ੀ ਹੋਏ ਸ਼ੁਦਾਈ ਨੂੰ ਮੁੜ ਮੁੜ ਸ਼ੁਦਾ ਦਾ, ਤਿਵੇਂ ਰੁਕ ਰੁਕ ਕੇ ਰੁਚੀਆਂ ਆਪਦੇ ਮਾੜੇ ਵੇਗਾਂ ਵਲ ਖਿੱਚ ਲੈ ਜਾਂਦੀਆਂ ਹਨ। ਇਸ ਦੁੱਖ ਦਾ ਕੋਈ ਦਾਰੂ ਦੱਸੋ।

ਸੰਤ (ਠੰਢਾ ਸਾਹ ਲੈ ਕੇ)-ਸੱਚ ਕਿਹਾ ਹੈ ਸਿੰਘ ਜੀ ਤੁਸਾਂ ਨੇ। ਪਰ ਗੁਰੂ ਵਾਕ ਹੈ:

'*ਭਰੀਐ ਮਤਿ ਪਾਪਾ ਕੈ ਸੰਗਿ॥ ਓਹੁ ਧੋਪੈ ਨਾਵੈ ਕੈ ਰੰਗਿ॥*' (ਜਪੁਜੀ)

ਸੁ: ਸਿੰਘ-ਇਹ ਜਤਨ ਤਾਂ ਮਿਹਰ ਨਾਲ ਜਾਰੀ ਹੈ ਪਰ ਅਵੈੜੇ ਪਸ਼ੂ ਵਾਂਙੂ ਮਨ ਕਦੇ ਨਾ ਕਦੇ ਜਾ ਹੀ ਪੈਂਦਾ ਹੈ ਅਪਣੇ ਝੱਸ ਵਿਚ ਤੇ ਮਾੜੀਆਂ ਸੋਚਾਂ ਮਾੜੀਆਂ ਕਰਨੀਆਂ ਵੱਲ; ਕੋਈ ਦੱਸੋ ਜੁਗਤ ?

ਸੰਤ-ਇਕ ਤਾਂ ਸੋਧ ਰੱਖੋ ਕਿ 'ਵਾਹਿਗੁਰੂ ਜੀ ਹੈਨ' ਤੇ 'ਮੇਰੇ ਅਪਣੇ ਹੈਨ', ਦੂਸਰੇ ਵਰਤੋਂ ਵਿਚ ਸੱਚ ਨੂੰ ਧਾਰਨ ਕਰੋ। ਜਦੋਂ ਜੀਵ ਮਾੜੇ ਕਰਮਾਂ ਉਤੇ ਪਰਦੇ ਪਾਉਂਦਾ ਹੈ ਬਨਾਵਟਾਂ ਦੇ, ਲੋਕਾਂ ਕੋਲੋਂ ਨਹੀਂ ਸਗੋਂ ਆਪਣੇ ਆਪ ਕੋਲੋਂ, ਤਦੋਂ ਜੇ ਸੱਚ ਧਾਰ ਲਵੇ ਤਾਂ ਫਿਰ ਬਚਾਉ ਸ਼ੁਰੂ ਹੋ ਜਾਂਦਾ ਹੈ। ਅਪਣੇ ਵੀਚਾਰਾਂ ਤੇ ਕਰਮਾਂ ਨੂੰ ਆਪ ਸੱਚ ਦੇ ਚਾਨਣੇ ਵਿਚ ਤੱਕੋ ਤਾਂ ਆਪੇ ਨੂੰ ਆਪੇ ਤੋਂ ਸ਼ਰਮ ਆਵੇਗੀ। ਫੇਰ ਜੋ ਸੋਚੇਗਾ ਕਿ ਮੈਂ ਸੱਚ ਧਾਰਿਆ ਹੈ, ਜੇ ਮੈਥੋਂ ਕਿਸੇ ਪੁਛ ਲਿਆ ਕਿ ਅਮੁਕੀ ਗਲ

---

* ਭਾ: ਗੁ: ਦੀਆਂ ਵਾਰਾਂ ਦੀ ੧੧ਵੀਂ ਵਾਰ ਦਾ ਟੀਕਾ ਕ੍ਰਿਤ ਭਾਈ ਮਨੀ ਸਿੰਘ ਗੁਰਸਿੱਖਾਂ ਦੀ ਭਗਤਮਾਲ।


www.sikhbookclub.com

ਕਿਵੇਂ ਹੈ ਤਾਂ ਸੱਚ ਬੋਲਿਆਂ ਪਤ ਜਾਏਗੀ ਤੇ ਝੂਠ ਬੋਲਿਆਂ ਸੱਚ ਦਾ ਪ੍ਰਣ ਟੁੱਟੇਗਾ। ਐਉਂ ਲੋਕ ਲਾਜ ਦਾ ਭੈ ਜੋ ਪਹਿਲਾਂ ਲੋਕਾਂ ਦੇ ਦਬੇਲ ਬਣਾਉਂਦਾ ਸੀ, ਇਸਦਾ ਸਹਾਈ ਹੋ ਜਾਏਗਾ, ਆਚਰਨ ਉੱਚੇ ਕਰਨ ਦਾ। ਜਦ ਤਾਈਂ ਕਿ ਆਤਮਾ ਵਿਚ ਬਲ ਨਹੀਂ ਜਾਗਦਾ ਅਪਣਾ ਤੇ ਜਦ ਤਾਈਂ ਰਸ ਨਹੀਂ ਪੈਂਦਾ ਨਾਮ ਦਾ ਆਪਣਾ, ਤਦ ਤਾਈਂ ਸੱਚ ਦਾ ਪ੍ਰਣ ਧਾਰਨ ਕਰਕੇ ਅੰਦਰ ਵਰਤੀ ਰੌਸ਼ਨੀ ਤੇ ਲੋਕ ਲਾਜ ਦੁਇ ਰਲਕੇ ਇਸਨੂੰ ਮਾੜੇ ਕਰਮਾਂ ਤੋਂ ਰੋਕਣ ਵਿਚ ਮਹਾਈ ਹੁੰਦੇ ਹਨ। ਇਹ ਬੀ ਸਮਝ ਲਓ ਕਿ ਸੱਚ ਧਾਰਨ ਨਾਲ ਬਲ ਬੀ ਭਰਦਾ ਹੈ, ਬਲੀ ਪੁਰਖ ਹੀ ਸਤਿਵਾਦੀ ਹੋ ਸਕਦਾ ਹੈ ਤੇ ਮਤਵਾਦੀ ਪੁਰਖ ਬਲੀ ਹੋ ਜਾਂਦਾ ਹੈ।

ਸੁ: ਸਿੰਘ-ਠੀਕ ਫੁਰਮਾਇਆ ਨੇ, ਸੁਆਦ ਆ ਗਿਆ ਹੈ, ਹੁਣ ਮੈਂ ਜੀਓ ਜੀ ! ਇਹ ਧਾਰਨਾ ਧਾਰਾਂਗਾ। ਧੰਨ ਹੋ ਆਪ, ਮਿਹਰ !

ਸੰਤ-ਆਖੋ ਧੰਨ ਗੁਰੂ ਨਾਨਕ !

ਸੁ: ਸਿੰਘ-ਧੰਨ ਗੁਰੂ ਨਾਨਕ.....। ਇਕ ਬਿਨੈ ਹੋਰ ਹੈ: ਸੰਗਤ ਵਲੋਂ ਇਹ ਸੰਦੇਸਾ ਮੈਨੂੰ ਮਿਲਿਆ ਸੀ ਕਿ ਮੈਂ ਆਪ ਦੀ ਸੇਵਾ ਵਿਚ ਬੇਨਤੀ ਕਰਾਂ ਕਿ ਆਪ ਏਸ ਗੁਰ ਪੂੰਨਮ ਉਤੇ ਗੁਰਪੁਰਬ ਦੇ ਦੀਵਾਨ ਵਿਚ ਦਰਸ਼ਨ ਦਿਓ।

ਸੰਤ-ਅਗੇ ਬੀ ਸਿੰਘ ਜੀ ਏਹ ਸੰਦੇਸ ਪਹੁੰਚ ਚੁਕਾ ਹੈ, ਆਗਯਾ ਸਿਰ ਮੱਥੇ ਤੇ ਹੈ, ਪਰ ਸੰਕਲਪ ਸੀ ਕਿ ਐਤਕੀਂ ਗੁਰਪੁਰਬ ਪਾਉਂਟੇ ਸਾਹਿਬ ਕਰੀਏ। ਉਧਰ ਗੁਰੂ ਕੇ ਸਿੱਖ ਹੈਨ ਗਰੀਬ ਤੇ ਗਰੀਬ ਕਿਰਤਾਂ ਵਾਲੇ ਤੇ ਪ੍ਰਚਾਰ ਕੋਈ ਨਹੀਂ, ਇਸ ਕਰਕੇ ਅਸਾਂ ਨੇ ਸਤਿਗੁਰੂ ਦੇ ਕੌਤਕਾਂ ਦਾ ਇਕ ਪ੍ਰਸੰਗ ਲਿਖਿਆ ਸੀ ਕਿ ਇਹ ਘੱਲ ਦਿਆਂਗੇ ਤਾਂ ਜੋ ਗੁਰਪੁਰਬ ਵਾਲੇ ਦਿਨ ਕੋਈ ਪ੍ਰੇਮੀ ਇਹ ਪ੍ਰਸੰਗ ਸੁਣਾ ਦੇਵੇ ਤੇ ਕਥਾ ਹੋ ਜਾਵੇ, ਪਰ ਸਾਨੂੰ ਪਾਉਂਟੇ ਸਾਹਿਬ ਤੋਂ ਇਹ ਪ੍ਰੇਮੀ ਖਿੱਚ ਲਿਆਇਆ ਹੈ ਜੰਗਲਾਂ ਦਾ ਅਫਸਰ। ਇਹ ਹੈ ਹਿੰਦੂ ਧਰਮ ਦਾ ਇਕ ਸੱਜਣ ਇਸ ਪਾਸੇ ਦਾ ਰਹਿਣ ਵਾਲਾ ਤੇ ਗੁਰਸਿੱਖੀ ਦਾ ਜਾਣੂ ਨਹੀਂ। ਇਸਨੂੰ ਹੁਣ ਗੁਰੂ ਘਰ ਨਾਲ ਪ੍ਰੇਮ ਹੋ ਆਇਆ ਹੈ ਇਸ ਸਰੀਰ ਦੇ ਨਾਲ ਰਹਿਣ ਕਰਕੇ। ਜੇ ਇਹ ਇਕ ਸੁਖੀ ਹੋ ਜਾਵੇ ਤਾਂ ਇਸ ਨਾਲ ਅਨੇਕਾਂ ਪ੍ਰੇਮੀ ਹਨ ਉਹ ਸੁਖੀ ਹੋ ਜਾਣਗੇ। ਸੋ ਜੇ ਸਮਾਂ ਮਿਲ ਗਿਆ ਪਾਉਂਟੇ ਸਾਹਿਬ ਫੇਰ ਚਲੇ ਜਾਣ ਦਾ ਤਾਂ ਤੁਸੀਂ ਪ੍ਰਸੰਗ ਲੈ ਜਾਓ ਸੰਗਤ ਨੂੰ ਦੇ ਦੇਣਾ। ਇਸ ਨਾਲ ਕਥਾ ਬੀ ਹੋ ਜਾਇਗੀ ਤੇ ਤੁਸਾਂ ਜੋ ਆਪਣੀ ਮੁਸ਼ਕਲ ਦੱਸੀ ਸੀ, ਉਸ ਦਾ ਬੀ ਵੇਰਵੇ ਵਾਰ ਇਲਾਜ ਇਕ ਹੋ ਚੁਕੇ ਸਿੱਖ ਦੀ ਵਰਤੋਂ ਤੋਂ ਆਪ ਨੂੰ ਤੇ ਹੋਰ ਜਗ੍ਯਾਸੂਆਂ ਨੂੰ ਮਿਲ ਜਾਏਗਾ। ਜੇ ਗੁਰੂ ਕਾ ਭਾਣਾ ਹੋਇਆ ਤਾ ਕੀਹ ਜਾਣੀਏ ਇਹ ਸਰੀਰ ਵੇਲੇ ਸਿਰ ਅੱਪੜ ਹੀ ਜਾਵੇ। *"ਕਾਠ ਕੀ ਪੁਤਰੀ ਕਹਾ ਕਰੈ ਬਪੁਰੀ ਖਿਲਾਵਨ ਹਾਰੋ ਜਾਨੈ॥"* (ਗਉ:ਮ:੫)

ਇਹ ਕਹਿਕੇ ਸੰਤਾਂ ਨੇ ਬਸਤਾ ਮੰਗਵਾਇਆ ਤੇ ਆਪਣਾ ਲਿਖਿਆ ਪ੍ਰਸੰਗ ਸੁਜਾਨ ਸਿੰਘ ਦੇ ਹਵਾਲੇ ਕੀਤਾ।

ਸੁਜਾਨ ਸਿੰਘ ਨੇ ਸਤਿਕਾਰ ਨਾਲ ਲੈ ਲਿਆ ਤੇ ਫੇਰ ਦਰਸ਼ਨ ਦੇਣ ਲਈ ਬਿਨੈ ਕੀਤੀ। ਸੰਤਾਂ ਨੇ ਉਹੋ ਉੱਤਰ ਦਿੱਤਾ ਕਿ ਗੁਰੂ ਕੇ ਵੱਸ ਹੈ ਜੇ ਪ੍ਰੇਰਨਾ ਹੋ ਗਈ ਤਾਂ ਪਹੁੰਚ ਪਵੇਗਾ ਇਹ ਸਰੀਰ ਤੇ ਜੇ ਨਾ ਪੁੱਜ ਸਕਿਆ ਤਾਂ ਪ੍ਰਸੰਗ ਤੁਸੀਂ ਲੈ ਹੀ ਚੱਲੇ ਹੋ।

ਹੁਣ ਭਾਈ ਸੁਜਾਨ ਸਿੰਘ ਨੇ ਆਗਯਾ ਲਈ ਤੇ ਉਥੋਂ ਟੁਰ ਪਿਆ।

੬.

ਜੋ ਪ੍ਰਸੰਗ ਸੰਤਾਂ ਤੋਂ ਗੁਰਪੁਰਬ ਪੂੰਨਮ ਲਈ ਉਹ ਲਿਆਇਆ ਸੀ ਇਸ ਪ੍ਰਕਾਰ ਦਾ ਸੀ:-

ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਜਗਤ ਜਲੰਦੇ ਨੂੰ ਉਬਾਰਨ ਲਈ ਘਰ ਬਾਰ ਤਿਆਗਕੇ ਪਰਦੇਸਾਂ ਨੂੰ ਟੁਰੇ ਸਨ ਤਾਂ ਪਹਿਲੋਂ ਆਪ ਨੇ ਤੁਲੰਭੇ ਲਾਗ ਵਾਰ ਵੱਸਦੇ ਜਿਸ ਕੁਫਰ ਗੜ੍ਹ ਨੂੰ ਤੋੜਿਆ


www.sikhbookclub.com

ਸੀ ਉਹ ਸੱਜਣ ਠੱਗ ਦਾ ਠੱਗੀ ਵਾਲਾ ਟਿਕਾਣਾ ਸੀ[1]। ਇਸ ਭੁੱਲੇ ਹੋਏ ਜੰਤ ਨੂੰ ਰਸਤੇ ਪਾ ਕੇ ਤੇ ਇਸਦੇ ਪਾਪ ਗ੍ਰਿਹ ਨੂੰ ਪਹਿਲੀ ਧਰਮਸਾਲ ਬਣਾਕੇ ਆਪ ਅੱਗੇ ਟੁਰ ਸਨ[2]। ਰਸਤੇ ਵਿਚ ਅਨੇਕਾਂ ਜੀਵ ਤਾਰੇ, ਅਨੇਕਾਂ ਵੱਡੇ ਪਾਪੀ ਰਸਤੇ ਪਾ ਕੇ ਬਚਾਏ। ਛੇਕੜ ਆਪ ਆਸਾਮ ਪਹੁੰਚੇ। ਏਥੇ ਸਭ ਤੋਂ ਔਖਾ ਥਾਂਉਂ ਇਕ ਚੇਟਕੀ ਫਕੀਰ ਨੂਰ ਸ਼ਾਹ[3]ਨਾਮੇ ਦਾ ਸੀ। ਇਸ ਤ੍ਰੀਮਤ ਫਕੀਰ ਨੇ ਜੋ ਮਰਦਾਂ ਤੋਂ ਵਧੀਕ ਤਕੜੀ ਤੇ ਤ੍ਰੀਮਤਾਂ ਤੋਂ ਵਧੀਕ ਸਿਆਣੀ ਸੀ ਬੜੇ ਬੜੇ ਦਾਨੇ ਤੇ ਸਿਆਣੇ ਸਾਧ ਅਮੀਰ ਤੇ ਵਡੇ ਲੋਕ ਚੇਲੇ ਬਣਾ ਰਖੇ ਸਨ। ਇਸਦੀ ਤ੍ਰਾਟਕ ਮੁਦ੍ਰਾ ਨੇੜੇ ਆਇਆਂ ਨੂੰ ਫਾਹ ਲੈਂਦੀ ਸੀ ਤੇ ਇਸਦੇ ਰੁਪਏ ਨਾਲ ਛਡੇ ਦੂਤ ਦੂਤਣੀਆਂ ਦੂਰ ਨੇੜੇ ਤੋਂ ਲੋਕਾਂ ਨੂੰ ਇਸਦੇ ਜਸ ਗਾ ਗਾ ਕੇ ਇਸਦੇ ਫੰਧੇ ਵਿਚ ਫਸਾ ਦੇਂਦੇ ਸਨ। ਸ੍ਰੀ ਗੁਰੂ ਨਾਨਕ ਦੇਵ ਸੱਚ ਦੇ ਸੂਰਜ ਨੇ ਇਸ ਕੁਫਰ ਗੜ੍ਹ ਨੂੰ ਸੋਧਿਆ। ਇਹ ਬੀਬੀ ਸਿੱਧੇ ਰਸਤੇ ਪੈ ਗਈ। ਪਾਪ ਤੇ ਝੂਠ ਇਸਨੇ ਤਿਆਗ ਦਿਤੇ। ਜਦ ਵਾਹਿਗੁਰੂ ਜੀ ਦੇ ਨਾਮ ਦੇ ਰਸਤੇ ਪੈ ਗਈ ਤਾਂ ਇਹ ਸੁਭਾਗ ਹੋ ਗਈ। ਅਨੇਕਾਂ ਲੋਕੀਂ, ਜੋ ਇਸਦੇ ਮਗਰ ਲੱਗਕੇ ਕੁਰਾਹੇ ਪੈ ਰਹੇ ਸਨ, ਸੁਮਾਰਗ ਪੈ ਗਏ। ਇਹ ਭਾਰੀ ਦੁੱਖਾਂ ਦਾ ਟਿਕਾਣਾ ਸੁਖਾਂ ਵਿਚ ਬਦਲਕੇ ਹੁਣ ਸ੍ਰੀ ਗੁਰੂ ਜੀ ਨੂੰ ਇਕ ਹੋਰ ਟਿਕਾਣੇ ਦੀ ਸੂਹ ਪਈ ਕਿ ਜਿੱਥੇ ਪੁੰਨ ਦੇ ਭੁਲੇਵੇ ਪਾਪ ਵਰਤ ਰਿਹਾ ਸੀ। ਢਾਕੇ ਦੀ ਇਕ ਵਸਤੀ ਵਿਚ ਇਕ ਜ਼ਿਮੀ ਦਾਰ ਰਹਿੰਦਾ ਸੀ। ਜਾਪਦਾ ਹੈ ਕਿ ਇਹ ਗਿਰਾਂ ਢਾਕੇ ਦੇ ਇਲਾਕੇ ਵਿਚ ਕਿਤੇ ਨੇੜੇ ਹੀ ਸੀ। ਇਹ ਆਦਮੀ ਸੀ ਤਾਂ ਜ਼ਿਮੀਦਾਰ ਪਰ ਇਸਦਾ ਕਿੱਤਾ ਇਹ ਗਲ ਹੋ ਚੁਕੀ ਸੀ ਕਿ ਇਹ ਦਿਨ ਨੂੰ ਰਾਹਾਂ ਖਹਿੜਿਆਂ ਵਿਚ ਤੇ ਹੋਰਥੇ ਧਾੜੇ ਮਾਰਦਾ ਮਰਵਾਉਂਦਾ ਸੀ ਤੇ ਰਾਤ ਵੇਲੇ ਚੋਰੀਆਂ ਕਰਵਾਉਂਦਾ ਸੀ। ਇਸ ਤਰ੍ਹਾਂ ਮਾਲ ਪਦਾਰਥ ਬਹੁਤ ਹੱਥ ਆ ਜਾਣ ਕਰਕੇ ਏਸ ਪਾਸ ਚੋਰ ਤੇ ਧਾੜਵੀ ਨੌਕਰ ਬੀ ਸਨ। ਪਰੰਤੂ ਇਸ ਭੁੱਲੇ ਹੋਏ ਜੀਵ ਨੂੰ ਇਹ ਸੋਝੀ ਕਿਤੋਂ ਪਈ ਹੋਈ ਸੀ ਕਿ ਪਾਪ ਪੁੰਨਾਂ ਦੇ ਬਦਲੇ ਵਟਾਂਦਰਾ ਖਾ ਜਾਂਦੇ ਹਨ, ਇਸ ਕਰਕੇ ਏਸਨੇ ਆਪਣੇ ਘਰ ਲੰਗਰ ਵਾਂਙੂ ਸਦਾ ਬ੍ਰਤ ਬੀ ਲਾਇਆ ਹੋਇਆ ਸੀ। ਐਤਨਾ ਖੁੱਲ੍ਹਾ ਸੀ ਇਹ ਸਦਾ ਬ੍ਰਤ ਕਿ ਜੋ ਜੀਅ ਆਵੇ ਤ੍ਰਿਪਤ ਹੋ ਕੇ ਜਾਵੇ, , ਕਿਸੇ ਨੂੰ ਨਾਂਹ ਨਹੀਂ ਸੀ। ਇਸ ਜ਼ਿਮੀਂਦਾਰ ਨੇ, ਜਿਸਨੂੰ "ਭੂਮੀਆਂ" ਕਰਕੇ ਲਿਖਿਆ ਹੈ, ਆਪਣੇ ਗਿਰਾਂ ਦੇ ਲੋਕਾਂ ਨੂੰ ਕਹਿ ਛਡਿਆ ਸੀ ਕਿ ਜੇ ਕੋਈ ਸਾਧ ਫਕੀਰ ਆਵੇ ਮੇਰੇ ਘਰ ਘੱਲ ਦਿਓ, ਮਤ ਕੋਈ ਹੋਰ ਕਿਸੇ ਅਤਿੱਥੀ ਨੂੰ ਆਪਣੇ ਘਰ ਰੱਖੇ। ਜੇ ਕੋਈ ਰੱਖੇਗਾ, ਤਾਂ ਮੈਂ ਉਸਦਾ ਘਰ ਬਾਰ ਲੁੱਟ ਲੁਟਾ ਦਿਆਂਗਾ। ਇਸਦਾ ਸਦਾ ਬ੍ਰਤ ਅੱਠੇ ਪਹਿਰ ਚਲਦਾ ਰਹਿੰਦਾ ਸੀ, ਕਿਸੇ ਵੇਲੇ ਕੋਈ ਆਵੇ ਰੋਟੀ ਖਾ ਕੇ ਜਾਂਦਾ ਸੀ। ਇਸ ਭੁੱਲੇ ਹੋਏ ਜੀਉ ਨੂੰ ਇਹ ਕੁਮਤਿ ਪਈ ਹੋਈ ਸੀ, ਕਿ ਮੇਰੇ ਅੰਨ ਦਾਨ ਨਾਲ ਮੇਰਾ ਭਲਾ ਹੁੰਦਾ ਪਿਆ ਹੈ। ਮੈਂ ਜੋ ਧਾੜੇ ਚੋਰੀਆਂ ਦੇ ਪਾਪ ਕਰਦਾ ਕਰਾਉਂਦਾ ਹਾਂ ਓਹ ਮੈਨੂੰ ਨਹੀਂ ਲਗਦੇ ਕਿਉਂਕਿ ਮੈਂ ਅੰਨ ਦਾਨ ਦਾ ਸਭ ਤੋਂ ਵੱਡਾ ਪੁੰਨ ਜੋ ਪਿਆ ਕਰਦਾ ਹਾਂ। ਨਾਲੇ ਕਦੇ ਇਹ ਬੀ ਸੋਚ ਲਿਆ ਕਰੇ ਕਿ ਐਡਾ ਵਡਾ ਸਦਾਬ੍ਰਤ ਜੋ ਮੈਂ ਟੋਰਨਾ ਹੋਇਆ ਇਹ ਪਦਾਰਥ ਬਿਨਾਂ ਕਿਵੇਂ ਟੁਰੇ, ਮੈਂ ਜੋ ਲੋਕਾਂ ਤੋਂ ਰੁਪਏ ਖੋਹ ਮਾਰਕੇ ਲੈਂਦਾ ਹਾਂ ਇਸਦੇ ਟੋਰਨ ਵਾਸਤੇ ਹੀ ਲੈਂਦਾ ਹਾਂ।

ਸਜਣ ਠੱਗ ਤੇ ਹੋਰ ਏਹੋ ਜੇਹੇ ਭੁੱਲ ਹੋਏ ਲੋਕਾਂ ਨੂੰ, ਜਿਨ੍ਹਾਂ ਨੂੰ ਸਤਿਗੁਰ ਨੇ ਤਾਰਿਆ ਸੀ, ਇਹ ਭੁਲੇਖਾ ਨਹੀਂ ਸੀ ਕਿ ਅਸੀਂ ਪੁੰਨ ਪਏ ਕਰਦੇ ਹਾਂ, ਉਹ ਜਾਣਦੇ ਸਨ ਕਿ ਏਹ ਪਾਪ ਕਰਮ ਹਨ। ਉਨ੍ਹਾਂ ਨੇ ਪੁੰਨ ਕਰਮਾਂ ਨੂੰ ਪਾਪ ਢਕਣੇ ਦਾ ਪਰਦਾ ਬਨਾਯਾ ਹੋਯਾ ਸੀ। ਪਰ ਏਸ ਧਾੜਵੀ ਨੂੰ ਅਪਣੇ

---

1. ਭਾਈ ਜੋਧ ਦੀ ਧਰਮਸਾਲ ਦੇ ਲਾਗ ਇਕ ਥੜਾ ਜਿਹਾ ਯਾ ਸਮਾਧ ਹੈ ਜੋ ਹੁਣ ਤਕ ਸੱਜਣ (ਠੱਗ) ਦੀ ਦੱਸੀਦੀ ਹੈ। ਇਹ ਹੁਣ ਗਿਰ ਰਹੀ ਹੈ। ਪੰਥ ਦੀ ਅਨਗਹਿਲੀ ਤੇ ਸ਼ੋਕ ਹੈ ਜੋ ਆਪਣੇ ਇਤਹਾਸਿਕ ਨਿਸ਼ਾਨ ਮਿਟਦੇ ਦੇਖ ਰਿਹਾ ਹੈ ਤੇ ਕੁਛ ਨਹੀਂ ਕਰਦਾ।
2. ਇਸਦੇ ਹਾਲਾਤ ਵਾਚਣ ਲਈ ਪੜੋ ਗੁਰ ਨਾਨਕ ਚਮਤਕਾਰ ਦਾ 'ਸੱਜਣ ਠੱਗ' ਨਾਮ ਦੇ ਲੇਖ।
3. ਇਸਦੇ ਹਾਲਾਤ ਵਾਚਣ ਲਈ ਪੜੋ 'ਨੂਰ ਸ਼ਾਹ ਨਿਸਤਾਰਾ' ਪ੍ਰਸੰਗ ਗੁਰ ਨਾਨਕ ਚਮਤਕਾਰ ਵਿਚੋਂ।

ਪੁੰਨ ਕਰਮਾਂ ਨੇ ਭੁਲੇਵਾ ਪਾਯਾ ਹੋਇਆ ਸੀ ਕਿ ਮੈਂ ਪਰਸੁਆਰਥੀ ਹਾਂ ਤੇ ਪੁੰਨੀ ਹਾਂ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪੀੜਾ ਹਰਨ ਵਾਲੇ ਪਵਿਤ੍ਰ ਕੰਨਾਂ ਨੇ ਸੁਣ ਪਾਈ ਇਹ ਸੋਇ ਤੇ ਦਿਲ ਦ੍ਰਵ ਗਿਆ ਕਿ ਇਸ ਮੂਰਖ ਦੇ ਹੱਥੋਂ ਕਸ਼ਟ ਪਾ ਰਹੀ ਸ੍ਰਿਸ਼ਟੀ ਦਾ ਉਧਾਰ ਕਰੀਏ। ਕੁਰਲਾ ਰਹੀ ਦੁਖੀ ਪਰਜਾ ਦਾ ਸੰਕਟ ਹਰਨ ਵਾਸਤੇ ਗੁਰੂ ਬਾਬੇ ਨੇ ਆਪਣੇ ਪੈਰ ਹੁਣ ਏਸ ਧਰਤੀ ਵਲ ਮੋੜੇ। ਜਾਂਦੇ ਜਾਂਦੇ ਜਾਂ ਆਪ ਓਸ ਪਿੰਡ ਅੱਪੜੇ ਤਾਂ ਇਕ ਭਲੇ ਪੁਰਖ ਦੇ ਘਰ ਜਾ ਖੜੇ ਹੋਏ। ਓਸ ਨੇ ਦਰਸ਼ਨ ਕਰਕੇ ਸੁਖ ਪਾਇਆ। ਚਿੱਤ ਕੀਤੋਸੁ ਕਿ ਸੇਵਾ ਭਾਉ ਕਰਾਂ, ਅੰਨ ਖੁਲਾਵਾਂ ਤੇ ਰਾਤ ਪਾਸ ਰੱਖਾਂ, ਐਸੇ ਸੁਹਣੇ ਰੂਪ ਰੰਗ ਵਾਲੇ ਸਾਧ ਕਦੇ ਨਹੀਂ ਡਿੱਠੇ। ਪਰ ਫੇਰ ਭੂਮੀਏ ਦੇ ਭੈ ਕਰਕੇ ਡਰਿਆ ਤੇ ਕਹਿਣ ਲੱਗਾ ਆਓ ਜੀਓ ਜੀ ਆਇਆਂ ਨੂੰ, ਬੈਠੋ, ਅਰਾਮ ਕਰੋ, ਸੇਵਾ ਦੱਸੋ, ਇਹ ਆਪ ਦਾ ਘਰ ਹੈ। ਪਰ ਹੇ ਹੰਸ ਰੂਪ ਜੀ ! ਸਾਨੂੰ ਆਪਣੇ ਗਿਰਾਂ ਦੇ ਚਉਧਰੀ ਦਾ ਡਰ ਹੈ ਜੋ ਵਡਾ ਜ਼ਿਮੀਂਦਾਰ ਤੇ ਬੜੇ ਪਦਾਰਥ ਵਾਲਾ ਹੈ ਤੇ ਬੜਾ ਸਦਾਬ੍ਰਤ ਲਾਇਆ ਹੈਸੁ ਆਏ ਗਏ ਦੇ ਵਾਸਤੇ। ਉਸ ਦਾ ਹੁਕਮ ਹੈ ਕਿ ਮਤ ਕੋਈ ਅਪਣੇ ਘਰ ਕਿਸੇ ਆਏ ਸੰਤ, ਫਕੀਰ, ਅਭਯਾਗਤ ਦਾ ਉਤਾਰਾ ਕਰਾਵੇ ਕਿ ਸੇਵਾ ਭਾਉ ਕਰੇ! ਸਭ ਕੋਈ ਜੋ ਆਵੇ ਮੇਰੇ ਘਰ ਪੁਚਾ ਦਿਓ। ਜੇ ਕੋਈ ਮੇਰੀ ਆਗਯਾ ਭੰਨੇਗਾ ਉਸ ਦਾ ਘਰ ਮੈਂ ਭੰਨ ਲਵਾਂਗਾ। ਸੋ ਹੇ ਦੇਵ ਮੂਰਤੀ ਭਗਵਾਨ ! ਆਓ ਮੈਂ ਆਪ ਨੂੰ ਉਸ ਦੇ ਘਰ ਪਹੁੰਚਾ ਆਵਾਂ। ਫੇਰ ਉਹ ਅਸਮਾਨਾਂ ਵਲ ਤੱਕਿਆ ਤੇ ਹਾਹ ਵਾਂਙੂ ਹਾਹ ਮਾਰਕੇ ਤੇ ਠੰਢਾ ਸਾਹ ਲੈਕੇ ਕਹਿਣ ਲੱਗਾ ਹੇ ਨੀਲੇ ਨੀਲੇ ਪਰਦੇ ਦੇ ਉਹਲੇ ਰਹਿਣ ਵਾਲਿਆ ! ਏਸ ਭੂਮੀਏ ਨੇ ਜਗਤ ਦੇ ਤਾਂ ਧਨ ਮਾਲ ਖੋਹ ਲਏ ਪਰ ਸਾਡੇ ਪੁੰਨ ਕਰਮ ਬੀ ਖੋਹ ਲਏ। ਅਸੀਂ ਭਲਿਆਈ ਕਿਸ ਮੌਕੇ ਤੇ ਕਰੀਏ ਤੇ ਅਪਣੇ ਲਈ ਪੁੰਨਾਂ ਦਾ ਤੋਸ਼ਾ ਕਦੋਂ ਲੱਦੀਏ, ਚੰਗਾ ਹੋਵੇ ਜੋ ਇਹ ਸਾਡੇ ਘਰ ਬਾਰ ਬੀ ਲੁੱਟ ਲਵੇ ਤੇ ਸਾਨੂੰ ਨੇਕੀਓਂ ਨਾਂ ਵਾਂਜੇ। ਇਹ ਕਹਿਕੇ ਹੋਰ ਸੋਚੀਂ ਪੈ ਗਿਆ ਕਿ ਜੇ ਇਹ ਸਾਡਾ ਸਭ ਕੁਛ ਖੋਹ ਲਵੇ ਤਾਂ ਅਸੀਂ ਫੇਰ ਪੁੰਨ ਕਾਹਦੇ ਨਾਲ ਕਰਾਂਗੇ। ਹੱਛਾ ਭਾਵੀ ਪ੍ਰਬਲ ਹੈ। ਸਹੁ ਹੇ ਮਨ ਸਹੁ। ਇੰਨੇ ਨੂੰ ਭੂਮੀਏ ਦਾ ਘਰ ਆ ਗਿਆ ਤੇ ਉਹ ਬੰਦਾ ਸਤਿਗੁਰਾਂ ਨੂੰ ਸਾਥੀਆਂ ਸਣੇ ਓਥੇ ਛੋੜਕੇ ਨਮਸਕਾਰ ਕਰਕੇ ਚਲਾ ਗਿਆ।

ਜਦ ਭੂਮੀਏ ਨੂੰ ਖਬਰ ਹੋਈ ਕਿ ਮੇਰੇ ਘਰ ਕੋਈ ਖੜੇ ਤੇਜ ਰੂਪ ਵਾਲਾ ਸੰਤ ਆਇਆ ਹੈ ਤੇ ਉਸਦੇ ਨਾਲ ਉਸਦੇ ਦੇਸ ਦਾ ਖੀ ਕੋਈ ਹੋਰ ਸਾਧੂ ਹੈ, ਹਿਕੇ ਕੋਈ ਹੋਰ ਸੰਤ ਹੈ ਤਾਂ ਉਹ ਆਦਰ ਕਰਨ ਲਈ ਆਇਆ ਤੇ ਬੜੇ ਭਾਉ ਨਾਲ ਸੁਹਣੇ ਟਿਕਾਣੇ ਬਿਠਾ ਕੇ ਆਦਰ ਭਾਉ ਲਗਾ ਕਰਨ। ਦਰਸ਼ਨ ਕਰਕੇ ਠੰਢ ਪਈ, ਦਿਲ ਨੂੰ ਕਹਿਣ ਲਗਾ ਕਿ ਐਸਾ ਸੁਹਣਾ ਦੀਦਾਰ ਅੱਗੇ ਨਹੀਂ ਸੀ ਕਦੇ ਡਿੱਠਾ। ਖਿੱਚ ਪਵੇ ਸੁ ਮਿੱਠੇ ਲਗਣ ਸੁ, ਪਰ ਸਮਝ ਨਾ ਆਵੇ ਸੁ ਕਿ ਕਿਉਂ। ਭੂਮੀਏ ਨੇ ਪਹਿਲਾਂ ਬਚਨਾਂ ਦਾ ਆਦਰ ਭਾਉ ਕੀਤਾ। ਫੇਰ ਆਖਣ ਲਗਾ: ਜੀਓ ਸੰਤ ਜੀ! ਅੰਨ ਭੋਜਨ ਤਿਆਰ ਹੈ। ਆਓ ਆਪ ਜੀ ਜੀਵੋਂ। ਤਾਂ ਸਤਿਗੁਰ ਜੀ ਨੇ ਆਖਿਆ: 'ਭਾਈ ਭਲਾ ਹੋਵੀ, ਅਸਾਂ ਨੂੰ ਪਹਿਲੋਂ ਦੱਸ ਜੋ ਤੂੰ ਕਿਰਤ ਕੀਹ ਕਰਦਾ ਹੈਂ ?' ਇਹ ਸੁਣਕੇ ਭੂਮੀਏ ਦੇ ਜੀ ਵਿਚ ਇਕ ਟੋਆ ਜੇਹਾ ਪੈ ਗਿਆ। ਸੋਚਣ ਲੱਗਾ ਕਿ ਜੇ ਮੈਂ ਆਖਦਾ ਹਾਂ ਕਿ ਚੋਰੀ ਕਰਦਾ ਤੇ ਧਾੜੇ ਮਾਰਦਾ ਹਾਂ ਤਾਂ ਗਲ ਕੋਝੀ ਹੋਈ ਤੇ ਜੇ ਕੂੜ ਮਾਰਦਾ ਹਾਂ ਤਾਂ ਏਹ ਪੂਰੇ ਭਾਂਡੇ ਜਾਪਦੇ ਹਨ, ਲਖ ਲੈਣਗੇ। ਜੇ ਏਹ ਕਿਤੇ ਕਿਸੇ ਵੈਰੀ ਤੋਂ ਸੂੰਹ ਸੁਣ ਹੀ ਆਏ ਹੋਣ ਕਿ ਮੇਰਾ ਕਿੱਤਾ ਮਾਰਨਾ ਤੇ ਖੁਹਣਾ ਹੈ ਤਾਂ ਮੂੰਹ ਤੇ ਸ਼ਰਮਿੰਦਿਆਂ ਕਰ ਦੇਣਗੇ, ਕਿਵੇਂ ਇਨ੍ਹਾਂ ਅੱਗੇ ਕੂੜ ਕਹਾਂ। ਜਿਸ ਵੇਲੇ ਇਸ ਦਾ ਮਨ ਇਸ ਤਰਾਂ ਦੀਆਂ ਸੋਚਾਂ ਵਿਚ ਸੀ ਸ੍ਰੀ ਗੁਰੂ ਜੀ ਇਸ ਦੇ ਚਿਹਰੇ ਵਲ ਪਵਿਤ੍ਰ ਨਜ਼ਰ ਪਾ ਕੇ ਤੱਕ ਰਹੇ ਸਨ। ਜਿਸ ਨਜ਼ਰ ਨਾਲ ਇਸ ਦੇ ਪਾਪ ਇਸ ਦੇ ਅੰਦਰ ਕੰਬ ਪਏ ਤੇ ਮਨ ਨੇ ਸੋਝੀ ਵਲ ਰੁਖ ਕੀਤਾ ਪਰ ਕਿਸੇ ਘਬਰਾ ਜੇਹੇ ਵਿਚ। ਇਸ ਘਬਰਾ ਵਿਚ, ਇਸ ਦੁਚਿਤਾਈ ਵਿਚ ਜੋ ਅੰਦਰ ਰੇੜਕਾ ਪਿਆ ਉਸ ਨਾਲ ਮੱਖਣ ਵਾਂਙੂ ਸੱਚ ਉਪਰ ਤਰ ਆਇਆ ਤੇ ਉਸ ਦੇ ਮੂੰਹੋਂ ਨਿਕਲ ਗਿਆ, 'ਦਾਤਾ ਮੇਰੇ ! ਰੋਜ਼ੀ ਮੇਰੀ ਮਾੜੀ ਹੈ, ਕਿਰਤ ਮੇਰੀ


www.sikhbookclub.com

ਚੰਗੀ ਨਹੀਂ, ਤੁਸਾਂ ਪੁਛਿਆ ਹੈ ਦੱਸ ਤੇ ਮੈਨੂੰ ਡਰ ਲਗਦਾ ਹੈ ਸਚ ਬੋਲਣ ਤੋਂ, ਪਰ ਸੱਚ ਤਾਂ ਇਹ ਜੇ ਕਿ ਮੈਂ ਦਿਨੇ ਰਾਹ ਖਹਿੜੇ ਲੁੱਟਦਾ ਹਾਂ, ਰਾਤੀ ਚੋਰੀਆਂ ਕਰਵਾਉਂਦਾ ਹਾਂ, ਪਰ ਇਕ ਗਲ ਜੇ ! ਮੈਂ ਲਾਉਂਦਾ ਭਲੇ ਅਰਥ ਹਾਂ, ਸਦਾਬ੍ਰਤ ਮੇਰਾ ਜੇ ਜਾਰੀ, ਆਇਆ ਗਿਆ ਸਾਧ ਸੰਤ ਸਭ ਵਰੋਸਾਕੇ ਜਾਂਦਾ ਹੈ ਏਥੋਂ, ਦੂਰੋਂ ਦੂਰੋਂ ਸਾਧੂ ਸੰਤ ਏਥੇ ਆਉਂਦੇ ਹਨ ਤੇ ਮੈਂ ਸੇਵਾ ਕਰਦਾ ਹਾਂ ਹਰ ਤਰ੍ਹਾਂ ਨਾਲ, ਸਭ ਪ੍ਰਸੰਨ ਜਾਂਦੇ ਹਨ, ਆਖਦੇ ਹੈਨ ਜੋ ਤੇਰੇ ਜੈਸਾ ਪੁੰਨੀ ਤੂੰ ਹੋਂ ਹੀ ਹੈਂ।' ਸਤਿਗੁਰੂ ਜੀ ਮੁਸਕ੍ਰਾਏ ਤੇ ਕਹਿਣ ਲਗੇ 'ਭਲਾ ਹੋਵੀ, ਸੱਚ ਬੋਲਿਆ ਈ'।

ਭੂਮੀਆ-ਅਗੇ ਤਾਂ ਹੀਏ ਨਾਲ ਕਦੇ ਨਹੀਂ ਕਿਸੇ ਮੈਥੋਂ ਏਦਾਂ ਪੁੱਛਿਆ ਤੇ ਨਾ ਮੈਂ ਕਦੇ ਅਪਣੇ ਮੂੰਹੋਂ ਅਪਣਾ ਮਤ੍ਹੱਪਣ ਆਪ ਮੰਨਿਆਂ ਹੈ, ਪਰ ਹੇ ਸੰਤ ! ਤੇਰੇ ਨੈਣਾਂ ਵਿਚ ਪਤਾ ਨਹੀਂ ਕੀ ਹੈ, ਅਜ ਪਹਿਲਾ ਦਿਨ ਹੈ ਕਿ ਮੈਂ ਕੰਬਿਆ ਹਾਂ ਤੇ ਆਪਣਾ ਕੀਤਾ ਆਪ ਸੱਚ ਕਹਿ ਦਿੱਤਾ ਹੈ ! ਲਓ ਹੁਣ ਆਓ ਭੋਜਨ ਖਾਓ।

ਸਤਿਗੁਰ-ਜਦ ਭਾਈ ਤੇਰੀ ਕਮਾਈ ਤੂੰ ਆਪ ਮਾੜੀ ਦੱਸੀ ਹੈ ਤਾਂ ਤੇਰਾ ਭੋਜਨ ਫਕੀਰਾਂ ਦੇ ਖਾਣ ਦਾ ਨਹੀਂ ਹੈ।

ਭੂਮੀਆ-ਜਦ ਸਭ ਕੁਛ ਮੈਂ ਭਲੇ ਅਰਥ ਪਿਆ ਲਾਉਂਦਾ ਹਾਂ ਤਾਂ ਬੀ ਕਮਾਈ ਵਿੱਚ ਦੋਸ਼ ਹੈ ?

ਸਤਿਗੁਰ-ਜਿਨ੍ਹਾਂ ਨੂੰ ਤੂੰ ਮਾਰਦਾ ਹੈਂ, ਖੁਹੰਦਾ ਹੈਂ, ਓਹ ਰੋਂਦੇ ਹਨ, ਦੁਖੀ ਹੁੰਦੇ ਹਨ। ਦੱਸ ਉਸ ਪਦਾਰਥ ਨਾਲ ਕੀਤੇ ਪੁੰਨ ਕਿਸ ਤਰ੍ਹਾਂ ਉੱਗ ਸਕਦੇ ਹਨ। ਸਬੂਤ ਦਾਣੇ ਬੀਜੇ ਤਾਂ ਉਗਦੇ ਹਨ ਕਦੇ ਦਾਲ ਬੀ ਬੀਜੀ ਉੱਗੀ ਹੈ[1] ?

ਭੂਮੀਆ ਸੋਚੀਂ ਪੈ ਗਿਆ, ਉਸਦੇ ਪਾਪ ਕੰਬੇ। ਜ਼ਖਮੀ ਕੀਤੇ, ਲੁੱਟੇ, ਖੋਹੇ, ਮਾਰੇ ਲੋਕ, ਤੜਫਦੇ, ਰੋਂਦੇ, ਬਦ ਅਸੀਸਾਂ ਦੇਂਦੇ ਸਭ ਅੱਖਾਂ ਅਗੇ ਆ ਗਏ। ਇਕ ਮੈਦਾਨ ਐਸੇ ਕਸ਼ਟ ਵਿਚ ਦੁਖੀਆਂ ਦਾ ਭਰਿਆ ਹੋਇਆ ਨਜ਼ਰੇ ਪੈ ਗਿਆ। ਭੂਮੀਆ ਫੇਰ ਕੰਬਿਆ। ਸਤਿਗੁਰ ਦੇ ਇਲਾਹੀ ਨੈਣ ਉਸਦੇ ਮੱਥੇ ਨੂੰ ਦੇਖ ਰਹੇ ਸਨ, ਪਰ ਭੂਮੀਆ ਦੇਖ ਰਿਹਾ ਸੀ ਤੜਫਣੀਆਂ ਵਿਲਕਣੀਆਂ ਤੇ ਉਸਨੂੰ ਮਿਲ ਰਹੀਆਂ ਬਦ ਅਸੀਸਾਂ ਨੂੰ। ਕੁਛ ਦੇਰ ਐਉਂ ਹੋ ਹਵਾ ਕੇ ਫੇਰ ਉਸਦੇ ਮਨ ਅਗੋਂ ਇਹ ਦਰਸ਼ਨ ਦੂਰ ਹੋ ਗਿਆ। ਫਿਰ ਸਤਿਗੁਰ ਦੇ ਚਰਨਾਂ ਵਲ ਤੱਕਿਆ ਤੇ ਆਖਣ ਲੱਗਾ, ਤੁਸਾਂ ਠੀਕ ਕਿਹਾ ਹੈ, ਪਰ ਹੁਣ ਤੁਸੀਂ ਭੋਜਨ ਪਾਓ ਜੋ ਮੇਰਾ ਭਲਾ ਹੋਵੇ। ਭਲੇ ਭਲੇ ਏਥੇ ਅੰਨ ਪਾ ਗਏ ਹਨ, ਉਹਨਾਂ ਦੀਆਂ ਅਸੀਸਾਂ ਦਾ ਪੁੰਨ ਫਲ ਖੀ ਤਾਂ ਹੈ, ਮੈਨੂੰ ਮਿਲੇਗਾ ਨਾ, ਕਰੋ ਮਿਹਰ !

ਸਤਿਗੁਰ-ਭਾਈ ਇਹ ਕਿਰਤ ਛੋੜ, ਧਰਮ ਕਿਰਤ ਕਰ, ਤਾਂ ਤੇਰਾ ਭਲਾ ਹੋਵੇਗਾ। 'ਰਤੂ ਨਾਲ ਲਿਬੜਿਆ ਧਨ' ਅਸੀਸਾਂ ਨਾਲ 'ਧਰਮ ਧਨ' ਨਹੀਂ ਬਣ ਸਕਦਾ[2]। ਜੋ ਤੂੰ ਫੇੜੇ ਹਨ, ਫੇੜਿਆਂ ਦਾ ਦੁੱਖ ਤੂੰ ਸਹਿਣਾ ਹੈ। ਤੇਰੇ ਫੜਿਆਂ ਦਾ ਦੁੱਖ ਤੇਰੇ ਘਰੋਂ ਖਾਣ ਵਾਲਿਆਂ ਨੇ ਨਹੀਂ ਸਹਿਣਾ। ਦੇਖ ਜੇ ਕਿਸੇ ਦਿਨ ਤੂੰ ਰਾਜੇ ਦੇ ਢਹੇ ਚੜ੍ਹ ਗਿਆ ਤਾਂ ਸੂਲੀ ਕੌਣ ਚੜ੍ਹੇਗਾ ਤੂੰ ਕਿ ਤੇਰੇ ਘਰ ਖਾ ਗਏ ਸਾਧ ਫਕੀਰ ? ਏਸੇ ਤਰ੍ਹਾਂ ਵੀਚਾਰ ਲੈ ਕਿ ਧਰਮ ਜਿੱਥੇ ਤੁਲੇਗਾ ਤੂੰ ਉਥੇ ਮਰੀਏਂਗਾ[3], ਅਪਣੇ ਅੰਦਰ ਝਾਤੀ ਮਾਰ। ਪਾਪ ਕਰ ਕਰਕੇ ਤੇਰਾ ਮਨ ਕਠੋਰ ਹੋ ਗਿਆ ਹੈ, ਓਥੇ ਦਇਆ ਨਹੀਂ ਉਪਜਦੀ, ਪਰਮੇਸ਼ਰ ਦਾ ਭਉ ਨਹੀਂ ਪੈਂਦਾ। ਹਾਂ ਤੇਰੀ ਨੀਯਤ ਵਿਚ ਜੁ ਨੇਕੀ ਦਾ ਕੁਛ ਮਾੜਾ ਮਾੜਾ ਖਿਆਲ ਰਿਹਾ ਹੈ ਤੇ ਉਹ ਮਰਿਆ ਨਹੀਂ ਉਸਦਾ ਸਦਕਾ ਅੱਜ ਤੂੰ ਸੱਚ ਬੋਲਿਆ ਹੈਂ। ਤੇਰੇ ਤੇ ਮਿਹਰ ਹੋ

---

1. ਬੀਉ ਬੀਜਿ ਪਤਿ ਲੈ ਗਏ ਅਬ ਕਿਉ ਉਗਵੈ ਦਾਲਿ॥ (ਆਸਾ ਦੀ ਵਾ: ਮ: ੧)
2. ਮਾਰਣ ਪਾਹਿ ਹਰਾਮ ਮਹਿ ਹੋਇ ਹਲਾਲੁ ਨ ਜਾਇ॥ (ਵਾਰ ਮਾਝ ਮ: ੧)
3. ਕੀਤਾ ਆਪੋ ਆਪਣਾ ਆਪੇ ਹੀ ਲੇਖਾ ਸੰਢੀਐ॥ (ਆਸਾ ਦੀ ਵਾਰ ਮ: ੧)


www.sikhbookclub.com

ਸਕਦੀ ਹੈ ਪਰ ਤਾਂ ਜੇ ਤੂੰ ਅਗੋਂ ਨੂੰ ਇਹ ਕਿੱਤਾ ਛੱਡ ਦੇਵੇਂ ਤੇ ਧਰਮ ਕਿਰਤ ਕਰੇਂ। ਧਰਮ ਦੀ ਕਿਰਤ ਵਿਚੋਂ ਭਲੇ ਅਰਥ ਲਾਵੇਂ ਤਾਂ ਤੇਰਾ ਦਿੱਤਾ ਥਾਂ ਪਵੇਗਾ*। ਭੂਮੀਆ ਸੋਚਣ ਲਗ ਪਿਆ, ਸਿਰ ਫੇਰਨ ਲੱਗ ਪਿਆ 'ਊਂ ਊਂ' ਦੀ ਆਵਾਜ਼ ਆਵੇ ਤੇ ਬੰਦ ਹੋ ਹੋ ਜਾਵੇ। ਫੇਰ ਮੱਥੇ ਤੇ ਹੱਥ ਫੇਰਕੇ ਕਹਿਣ ਲਗਾ ਹੇ ਚੀਰਵੀਆਂ ਨਜ਼ਰਾਂ ਵਾਲਿਆ ਅੰਦਰ ਵਿੰਨ੍ਹ ਘੱਤਿਆ ਈ! ਕੀਹ ਆਖਾਂ, ਝੂਠ ਬੋਲਣ ਦੀ ਹਿੰਮਤ ਹਾਰ ਗਈ ਆ, ਵਲਾ ਕਰਨਾ ਭੁੱਲ ਗਿਆ ਈ, ਤੂੰ ਕੋਈ ਆਪ 'ਸੱਚ' ਹੈਂ ਜੋ ਤੇਰੇ ਸਾਹਮਣੇ ਝੂਠ ਆਉਂਦਾ ਨਹੀਂ, ਮੇਰੇ ਅੰਦਰ ਹੀ ਅੰਦਰ ਲੁਕਦਾ ਜਾਂਦਾ ਏ। ਜੋ ਰਤਾ ਭੋਰਾ ਸੱਚ ਮੇਰੇ ਅੰਦਰ ਹਈ ਉਹੋ ਹੰਭਲੇ ਮਾਰ ਮਾਰ ਮੂੰਹ ਚੜ੍ਹ ਬਾਹਰ ਆਉਂਦਾ ਪਿਆ ਏ। ਮੇਰੇ ਤੇ ਮਿਹਰ ਕਰ ਤੇ ਮੇਰੇ ਕੀਤੇ ਹੋਏ ਕਰਮ ਬਖਸ਼ ਦੇਹ, ਪਰ ਹੇ ਬਖਸ਼ਣਹਾਰ ਰੱਖ ਭਾਵੇਂ ਮਾਰ, ਮੇਰਾ ਹੋ ਚੁਕਾ ਏ ਸੁਭਾਵ ਏਹੋ ਚੋਰੀਆਂ ਤੇ ਧਾੜੇ, ਮੈਥੋਂ ਏਹ ਨਹੀਓਂ ਛੁੱਟਣੇ। ਮੇਰਾ ਤਾਂ ਲਹੂ ਏਹੋ, ਮੇਰਾ ਸੁਭਾਵ ਏਹੋ। ਪਿਉ ਏਹੋ ਕਿੱਤਾ ਕਰਦਾ ਗਿਆ, ਦਾਦਾ ਇਹੋ ਕਰਦਾ ਰਿਹਾ, ਮੈਂ ਇਹੋ ਕਰਦਾ ਰਿਹਾ। (ਸਿਰ ਫੇਰ ਕੇ) ਕੂੜੀ ਗੱਲ, ਨਹੀਂ, ਮੈਥੋਂ ਨਹੀਂ ਛੁੱਟ ਸਕਦਾ ਇਹ ਕਿੱਤਾ। ਪਰ ਸੁਹਣਿਆਂ! ਤੂੰ ਡਾਢਾ ਚੰਗਾ ਲੱਗਾ ਏਂ, ਉਹ ਜਾਣੇ ਦੋ ਘੜੀਆਂ ਹੋ ਲਈਂ ਔਖਾ ਦੋ ਬੁਰਕੀਆਂ ਅੰਨ ਤਾਂ ਖਾ ਜਾਹ। (ਸੋਚ ਕੇ) ਮੇਰੇ ਜ਼ਿਮੀਂ ਬੀ ਹੈ, ਉਸ ਦਾ ਅੰਨ ਆਉਂਦਾ ਹੈ। ਉਸ ਅੰਨ ਦੀ ਰੋਟੀ ਪਕਵਾ ਦਿੰਦਾ ਹਾਂ। ਕਿਵੇਂ ਮੰਨ, ਭੋਜਨ ਪਾ ਤੇ ਮੇਰੇ ਤੇ ਮਿਹਰ ਕਰ।

ਸਤਿਗੁਰ ਜੀ ਹੁਣ ਮਰਦਾਨੇ ਵਲ ਤੱਕੇ। ਮਰਦਾਨੇ ਰਬਾਬ ਛੇੜ ਦਿੱਤਾ ਤਾਂ ਆਸਾ ਦੀ ਵਾਰ ਦੀ ਇਹ ਪਉੜੀ ਗਾਇਨ ਹੋਈ :-

*ਸਚਾ ਸਾਹਿਬੁ ਏਕੁ ਤੂੰ ਜਿਨਿ ਸਚੋ ਸਚੁ ਵਰਤਾਇਆ॥*
*ਜਿਸੁ ਤੂੰ ਦੇਹਿ ਤਿਸੁ ਮਿਲੈ ਸਚੁ ਤਾ ਤਿਨੀ ਸਚੁ ਕਮਾਇਆ॥*
*ਸਤਿਗੁਰਿ ਮਿਲਿਐ ਸਚੁ ਪਾਇਆ ਜਿਨ੍ਕੈ ਹਿਰਦੈ ਸਚੁ ਵਸਾਇਆ॥*
*ਮੂਰਖ ਸਚੁ ਨ ਜਾਣਨੀ ਮਨਮੁਖੀ ਜਨਮੁ ਗਵਾਇਆ॥*
*ਵਿਚਿ ਦੁਨੀਆ ਕਾਹੇ ਆਇਆ॥੮॥* (ਪੰਨਾ : ੪੬੭)

ਇਸ ਪਉੜੀ ਨੂੰ ਭੂਮੀਏ ਨੇ ਸੁਣਿਆ। ਉਸਦੇ ਜ਼ੀਉ ਤੇ ਨਕਸ਼ ਬੱਝ ਗਿਆ ਕਿ ਸੱਚ ਕੋਈ ਬੜੀ ਅਮੋਲਕ ਚੀਜ਼ ਹੈ। ਆਪ ਸੱਚ ਬੋਲਿਆ ਸਾਸੁ ਤੇ ਤੱਕ ਰਿਹਾ ਸੀ ਕਿ ਭਾਵੇਂ ਏਹ ਰੱਬ ਦਾ ਪਿਆਰਾ ਸੰਤ ਮੇਰੇ ਪੁੰਨਾ ਤੇ ਤਾਂ ਰੀਝ ਨਹੀਂ ਰਿਹਾ ਪਰ ਉਸ ਸੱਚ ਦੀ ਕਦਰ ਪਾ ਰਿਹਾ ਹੈ। ਫੇਰ ਆਖਣ ਲੱਗਾ, ਤੁਸੀਂ ਸੱਚ ਦੇ ਪਿਆਰੇ ਹੋ, ਮੈਂ ਤਾਂ ਜਾਤਾ ਸੀ ਮੇਰੇ ਸੱਚ ਉਤੇ ਗੁੱਸੇ ਹੋਵੋਗੇ, ਪਰ ਤੁਸੀਂ ਮੇਰੇ ਪੁੰਨਾਂ ਤੇ ਨਹੀਂ ਰੀਝੇ ਤੇ ਇਕ ਨਿਕੇ ਜਿਹੇ ਸੱਚ ਤੇ ਰੀਝੇ ਹੋ। ਮੈਂ ਕੀਹ ਕਰਾਂ, ਮੈਂ ਸੋਚਿਆ ਹੈ ਮੈਥੋਂ ਕਿੱਤਾ ਛੁਟਣਾ ਨਹੀਂ, ਸੱਚ ਦੇ ਪਿਆਰਿਆਂ ਨੂੰ ਮੈਂ ਕੂੜਾ ਬਚਨ ਕੀਹ ਦੇ ਦਿਆਂ, ਆਪ ਦੇ ਦਰ ਕੂੜ ਦੀ ਜਾਹੁ ਕੋਈ ਨਹੀਂ।

ਸਤਿਗੁਰ ਸੂਰਾ ਵੈਦ ਸੀ। ਉਹ ਜਾਣਦਾ ਸੀ ਕਿ ਇਸ ਨੇ ਇਹ ਬੀ ਨਿਰੋਲ ਸੱਚ ਕਿਹਾ ਹੈ। ਪੀੜ੍ਹੀਆਂ ਦਾ ਕਿੱਤਾ ਤੇ ਉਮਰਾ ਦਾ ਅਪਣਾ ਸੁਭਾਉ ਕਹਿਣੀ ਮਾਤ੍ਰ ਨਾਲ ਨਹੀਂ ਛੁੱਟ ਸਕਦਾ। ਇਹ ਪਾਪ ਵਿਚ ਪਥਰਾ ਗਿਆ ਦਿਲ ਸਹਜੇ ਸਹਜੇ ਨਰਮ ਹੋਵੇਗਾ। ਇਸ ਨੂੰ ਉਸ ਰਾਹੇ ਪਾ ਦੇਈਏ ਕਿ ਆਪੇ ਇਸ ਤੋਂ ਬੇਮਲੂੰਮੇ ਇਹ ਮਾੜਾ ਕੰਮ ਜੋ ਕਰ ਰਿਹਾ ਹੈ ਛੁੱਟ ਜਾਏ। ਤਾਂ ਸ੍ਰੀ ਗੁਰੂ ਜੀ ਆਖਣ ਲੱਗੇ-- ਭੂਮੀਆਂ! ਰਬ ਹੈ ਤੇ ਉਸ ਸਦਾ ਰਹਿਣਾ ਹੈ ਤੇ ਹੋਰ ਸਭਨਾਂ ਮਰਨਾ ਹੈ, ਪਰ ਮਰ ਕੇ ਮਿਟ ਨਹੀਂ ਜਾਣਾ ਮੂਲੋਂ, ਫੇਰ ਰਹਿਣਾ ਹੈ, ਹਾਂ ਜੀਵਨ ਨੇ ਰਹਿਣਾ ਹੈ ਕਿਸੇ ਰੰਗ। ਰਬ ਸੱਚ ਹੈ, ਸੱਚ ਨਾਲ ਮਿਲਦਾ ਹੈ ਤੇ ਸੱਚ ਨਾਲ ਮਿਲਿਆ ਹੀ ਕੂੜੇ ਕਰਮਾਂ ਨੇ ਨਾਸ਼ ਹੋਣਾ ਹੈ। ਸਮਝ ਲੈ ਕਿ ਸੱਚ

---

* ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ। (ਆਸਾ ਦੀ ਵਾਰ ਮ: ੧)

 www.sikhbookclub.com

ਹੈ ਸੱਚ ਬੋਲਣਾ, ਤੇ ਸੱਚ ਹੈ ਸੱਚ ਧਾਰਨਾ ਅੰਦਰ ਮਨ ਵਿਚ, ਤੇ ਸੱਚ ਨਾਲ ਐਨਾ ਪਿਆਰ ਕਰਨਾ ਕਿ ਭਾਵੇਂ ਕੌੜਾ ਲਗੇ ਸੱਚ ਸੁਣਕੇ, ਪਰ ਉਸ ਨੂੰ ਪਿਆਰ ਕਰੇ ਇਸ ਕਰਕੇ ਕਿ ਇਹ ਸੱਚ ਹੈ। ਜੇ ਇਉਂ ਕਰੇ ਤਾਂ ਫੇਰ ਸੱਚੀ ਸਿਖਿਆ ਲੈਣ ਦਾ ਤੇ ਉਸ ਨੂੰ ਧਾਰਨ ਦਾ ਵੱਲ ਆ ਜਾਂਦਾ ਹੈ! ਸੱਚੀ ਸਿਖਯਾ ਧਾਰਨ ਨਾਲ ਹੀ ਮੁਕਤੀ ਦਾ ਦਰਵਾਜ਼ਾ ਖੁਲ੍ਹ ਜਾਂਦਾ ਹੈ। ਸੱਚੀ ਸਿਖਯਾ ਹੈ ਉਸਦਾ ਨਾਮ। ਪਰਮੇਸੁਰ ਜਿਵੇਂ ਆਪ ਸੱਚ ਹੈ ਤਿਵੇਂ ਉਸਦਾ ਨਾਮ ਸੱਚ ਹੈ। ਉਸ ਸੱਚੇ ਨਾਮ ਦੀ ਕਰੇ ਆਰਾਧਣਾ, ਹਾਂ, ਸੱਚੇ ਨਾਮ ਨੂੰ ਧਿਆਵੇ। ਇਉਂ ਕਿ ਇਸ ਦੇਹੀ ਨੂੰ ਧਰਤੀ ਜਾਣੇ। ਜਿਵੇਂ ਧਰਤੀ ਵਾਹੀ ਤੇ ਸੁਹਾਗੇ ਨਾਲ ਭੰਨੀ ਸਾਧੀ ਦੀ ਹੈ ਤਿਵੇਂ ਇਹ ਕਾਯਾ ਭਲੇ ਕਰਮਾਂ (ਪੁੰਨ ਦਾਨ ਕਰਨ) ਤੇ ਸੱਚ ਬੋਲਣ ਤੇ ਸੱਚ ਧਾਰਣ ਨਾਲ ਸਾਧੀਦੀ ਹੈ। ਇਸ ਸਾਧੀ ਹੋਈ ਧਰਤੀ ਵਿਚ ਫੇਰ ਉਸ ਸੱਚੇ ਦੇ ਸਤਿਨਾਮ ਨੂੰ ਬੀਜੀਦਾ ਹੈ। ਇਹ ਬੀਉ ਫੇਰ ਮੌਲਦਾ ਹੈ ਅੰਦਰ ਆਪਣੇ, ਫੇਰ ਅੰਦਰਲਾ ਤੀਰਥ ਰੂਪ ਹੋ ਜਾਂਦਾ ਹੈ ਤੇ ਇਸ ਜੀਵ ਦਾ ਉਸ ਤੀਰਥ ਤੇ ਨਿਵਾਸ ਹੋ ਜਾਂਦਾ ਹੈ। ਇਹ ਸੱਚ ਅੰਦਰ ਵੱਸਦੇ ਸਾਰੇ ਪਾਪਾਂ ਨੂੰ ਸੋਧਕੇ ਕੱਢ ਦੇਂਦਾ ਹੈ, ਪਰ ਹੇ ਭੂਮੀਆਂ! ਸ਼ਰਤ ਇਹ ਹੈ ਕਿ ਸੱਚ ਨੂੰ ਘੁੱਟ ਕੇ ਖਿੱਚਕੇ ਪੱਲੇ ਬੰਨ੍ਹ ਲਵੇ। ਹਾਂ, ਸੱਚ ਪਾਰ ਉਤਾਰਾ ਕਰ ਦੇਵੇਗਾ ਤੇਰਾ। ਮਿਹਰ ਹੋ ਜਾਏਗੀ ਤੇਰੇ ਉੱਤੇ ਬੀ ਪਰ ਜੇ ਸੱਚ ਨੂੰ ਪੱਲੇ ਰਖਿਓਈ ਤਾਂ*।

ਭੂਮੀਆ-ਸੱਚ? ਸੱਚ? ਸੱਚ? ਹੱਛਾ; ਹੁਣ ਮੈਂ ਸੱਚ ਧਾਰਨ ਕਰ ਲਵਾਂ। ਸਦਾ ਸੱਚ ਬੋਲਾਂ? ਸੱਚ ਨੂੰ ਪਿਆਰ ਕਰਾਂ? ਦੂਜੀ ਗਲ, ਕੋਈ ਮੈਨੂੰ ਸੱਚੀ ਗਲ ਆਖੇ ਚਾਹੇ ਕੌੜੀ ਹੋਵੇ ਸਹਿ ਲਵਾਂ ਕਿ ਇਹ ਸੱਚੀ ਹੈ? ਹੈਂ? ਠੀਕ ਹੈ ਜੀਓ! ਅੰਦਰੋਂ ਸੱਚਾ ਹੋਵਾਂ, ਲੋਕੀਂ ਕੁਛ ਸਮਝਣ ਪਏ, ਮੈਂ ਅੰਦਰੋਂ ਸੱਚਾ ਹੋਵਾਂ। ਹੈਂ? ਠੀਕ! ਫਿਰ ਸੱਚਾ ਰੱਬ ਲਵਾਂ, ਉਹ ਤਾਂ ਮੇਰੇ ਮਨ ਵੱਸ ਨਾ ਨਾ ਹੋਇਆ, ਪਰ ਹੈ ਉਹ ਸਚ, ਹੈਂ ਸੱਚ ਕੀਕੂੰ ਹੋਇਆ ?

ਮਰਦਾਨਾ-ਭਾਈ ਜੋ ਸਦਾ ਹੋਵੇ ਉਹ ਸੱਚ, ਜੋ ਹੈਸੀ ਸਦਾ ਤੋਂ ਉਹ ਸੱਚ, ਜੋ ਹੈ ਹੁਣ, ਜੋ ਹੋਵੇਗਾ ਸਦਾ ਉਹ 'ਸਦਾ ਸੱਚ' ਹੋਇਆ ਨਾ।

ਭੂਮੀਆ-ਠੀਕ ਹੈ, ਉਹ ਰਬ ਸੱਚ ਹੈ। ਸਦਾ ਜੋ ਹੋਇਆ। ਜੋ ਸਦਾ ਹੋਵੇ ਓਹ ਸੱਚ, ਠੀਕ ਹੈ। ਕੂੜ ਤਾਂ ਨਹੀਂ ਸਦਾ ਹੁੰਦਾ, ਉਸਨੂੰ ਸੱਚ ਬਣਾਕੇ ਬੋਲੀ ਦਾ ਹੈ, ਤਾਂ ਜਿਨਾ ਚਿਰ ਅਗਲੇ ਨੂੰ ਉਸ ਦੇ ਸੱਚੇ ਹੋਣ ਦਾ ਭਰੋਸਾ ਰਹਿੰਦਾ ਹੈ ਉਨਾਂ ਚਿਰ ਉਸ ਸੱਚ ਦੀ ਉਮਰ ਹੋਈ। ਜਦੋਂ ਪਤਾ ਲਗ ਗਿਆ ਕਿ ਇਹ ਕੂੜ ਹੈ ਤਾਂ ਸੱਚ ਮਰ ਗਿਆ। ਪਰ ਉਹ ਸਚ ਤਾ ਸੀ ਹੀ ਨਹੀਂ, ਉਹ ਤਾਂ ਕੂੜ ਸੀ, ਸੋ ਮਰ ਗਿਆ, ਕੂੜ ਮਰਦਾ ਹੈ। ਠੀਕ ਹੈ ਜੀ ਸੱਚ ਉਹ ਜੋ ਸਦਾ ਰਹੇ ਤੇ ਜੋ ਸਦਾ ਜੀਵੇ ਸੋ ਸੱਚ। ਐਉਂ ਰੱਬ ਜੋ ਸਦਾ ਜੀਉਂਦਾ ਹੈ ਉਹ ਸੱਚ ਹੀ ਹੋਇਆ ਨਾ। ਜਗਤ ਨਹੀਂ ਰਹਿੰਦਾ ਉਹ ਕੂੜ ਹੈ, ਉਹ ਰੱਬ ਰਹਿੰਦਾ ਹੈ ਉਹ ਸੱਚ ਹੈ, ਠੀਕ ਹੈ ਜੀ। ਹਾ ਫਿਰ ਤੁਸਾਂ ਕਿਹਾ ਹੈ ਉਸਦਾ ਨਾਮ ਸੱਚ ਹੈ। ਇਹ ਬੀ ਮੈਂ ਅੰਦਰ ਧਾਰ ਲਵਾਂ। ਉਸਦਾ ਨਾਉਂ, ਰੱਬ ਦਾ ਨਾਉਂ ਕੀਕੂੰ ਸੱਚ ਹੈ? ਹਾਂ, ਰੱਬ ਜੁ ਸੱਚ ਹੋਇਆ ਤਾਂ ਸੱਚੇ ਦਾ ਨਾਉਂ ਬੀ ਸੱਚਾ। ਮੈਂ ਮਰ ਜਾਣਾ ਹੈ ਮੈਂ ਝੂਠਾ ਹਾਂ, ਮੇਰਾ ਨਾਉਂ ਬੀ ਮਰ ਜਾਏਗਾ ਮੇਰੇ ਮਰਨ ਮਗਰੋਂ, ਸੋ ਮੇਰਾ ਨਾਉਂ ਬੀ ਝੂਠਾ। ਐਉਂ ਸੱਚੇ ਦਾ ਨਾਉਂ ਸੱਚਾ ਆਪੇ ਹੋਯਾ। ਐਉਂ ਕਿ ਐਉਂ ਹੈ? ਹੈਂ ਜੀਓ? ਜੀਕੂੰ ਸੂਰਜ ਚਾਨਣ ਹੈ ਤੇ ਉਸਦੀ ਧੁੱਪ ਬੀ ਚਾਨਣ ਹੈ। ਰੱਬ ਬੀ ਸੱਚ ਉਸਦਾ ਨਾਉਂ ਬੀ ਸੱਚ। ਰੱਬ ਸੂਰਜ, ਉਸਦਾ ਨਾਮ ਧੁੱਪ। ਠੀਕ ਹੈ। ਹੁਣ ਕਾਯਾਂ ਧਰਤੀ ਵਾਕੂ ਸਾਧਣੀ ਹੈ। ਦਇਆ, ਪੁੰਨ ਦਾਨ ਨਾਲ। ਪੁੰਨ ਦਾਨ ਤਾਂ ਮੈਂ ਕਰਦਾ ਹਾਂ ਇਹ ਤਾਂ ਕਰਨੇ ਜਾਣਦਾ ਹਾਂ, ਪਰ ਦਇਆ ਮੈਂ ਨਾ ਜਾਣੀ ਸੀ। ਹੱਛਾ ਹੁਣ ਦਇਆ ਸਿੱਖਣੀ ਪਈ। ਦਇਆ ਹੋਵੇ ਤਾਂ ਪੁੰਨ

---

* ਓਥੈ ਸਚੇ ਹੀ ਸਚਿ ਨਿਬੜੈ ਚੁਣਿ ਵਖਿ ਕਢੇ ਜਜਮਾਲਿਆ॥ ਥਾਉ ਨ ਪਾਇਨਿ ਕੂੜਿਆਰ ਮੁਹ ਕਾਲੈ ਦੋਜਕਿ ਚਾਲਿਆ॥
(ਆਸਾ ਦੀ ਵਾਰ ਮ: ੧)

ਧਾਨ ਠੀਕ ਹੈ ਐਵੇਂ ਤਾਂ ਫੋਕੇ ਹੋਏ ਨਾਂ ਜਿਵੇਂ ਹੁੰਦੇ ਹਨ ਤੀਲੀਆਂ ਦੇ ਤੀਰ। ਠੀਕ ਹੈ। ਪਰ ਜੀਓ ਇਹ ਨਾ ਸਮਝਿਆ ਮੈਂ ਕਿ ਆਤਮਾ ਤੀਰਥ ਕੀ ਹੈ ਤੇ ਓਥੇ ਅੰਦਰ ਵੱਸਣਾ ਕੀ ਹੈ। ਪਰ ਚੰਗਾ ਮੈਂ ਦਇਆ ਸਿੱਖਾਂ, ਪੁੰਨ ਦਾਨ ਕਰਾਂ, ਜੋ ਕਰਦਾ ਹਾਂ ਤੇ ਸੱਚੇ ਨਾਮ ਨੂੰ ਧਿਆਵਾਂ ਤੇ ਸਚੇ ਰੱਬ ਨੂੰ ਮੰਨਾਂ? ਹੈਂ ਮੰਨਾਂ? ਹਾਂ ਅਗੇ ਜਾਣਦਾ ਹਾਂ ਰੱਬ ਪਰ ਕਦੇ ਚੇਤੇ ਨਹੀਂ ਰਖਿਆ। ਹੱਛਾ ਜੀ! ਹੁਣ ਗੱਲ ਕੋਈ ਮੋਟੀ ਜੇਹੀ ਕਰਕੇ ਦੱਸ ਦਿਓ ਨਾਂ।

ਗੁਰੂ ਜੀ-ਭਾਈ ਇਕ ਬਚਨ ਤਾਂ ਇਹ ਹਈ ਕਿ ਸੱਚ ਧਾਰਨ ਕਰ, ਸੱਚ ਬੋਲ, ਸੱਚ ਸੁਣ, ਸੱਚੀ ਸਿਖਿਆ ਸੁਣ ਜੋ ਤੈਨੂੰ ਦੇ ਰਹੇ ਹਾਂ, ਅੰਦਰੋਂ ਸੱਚਾ ਰਹੁ, ਸੱਚਾ ਨਾਮ ਜਪੁ। ਦੂਜੀ ਗਲ ਇਹ ਹਈ ਕਿ ਦਇਆ ਕਰਿਆ ਕਰ, ਗ੍ਰੀਬਾਂ ਤੇ ਦਇਆ, ਹੈਂ? ਤੀਜੀ ਗਲ ਇਹ ਕਿ ਤੂੰ ਐਉਂ ਸਮਝ ਲੈ ਕਿ ਲੂਣ ਖਾਕੇ ਬੁਰਾ ਨਾ ਕਰੀਂ ਕਿਸੇ ਦਾ। ਜੇ ਤੂੰ ਤਰੈਏ ਬਚਨ ਪਾਲੇਂਗਾ ਤਾਂ ਕਰਮ ਸ਼ੁੱਧ ਹੋ ਜਾਣਗੇ ਤੇ ਮਿਹਰ ਹੋ ਜਾਵੇਗੀ, ਤੂੰ ਬਖਸ਼ਿਆ ਜਾਏਂਗਾ।

ਭੂਮੀਆ-ਠੀਕ, ਲਓ ਜੀ ਤੁਸਾਂ ਤਰੈਏ ਕਰਮ ਦੱਸੇ ਹਨ. ਸੱਚ, ਗ੍ਰੀਬ ਮਾਰ ਨਾ ਕਰਨੀ ਦਇਆ ਜਿਹੜੀ ਆਖੀ ਨੇ, ਲੂਣ ਖਾਕੇ ਬੁਰਾ ਨਾ ਕਰਨਾ, ਚੰਗਾ ਜੀ। ਪਰ ਹੁਣ ਪਹਿਲਾ ਸੱਚ ਏਹ ਹੈ ਜੋ ਮੈਂ ਆਖਿਆ ਏ ਕਿ ਮੈਥੋਂ ਇਹ ਕਿੱਤਾ ਨਹੀਂ ਜੇ ਛੁੱਟਣਾ, ਉਞ ਮੈਂ ਜ਼ੋਰ ਲਾਵਾਂਗਾ ਆਪਣੀ ਵਲੋਂ, ਜੋ ਛਡ ਦਿਆਂ, ਪਰ ਮੈਨੂੰ ਆਪਣੇ ਆਪ ਤੇ ਦ੍ਰਿੜਤਾ ਨਹੀਂ ਜੇ, ਸੱਚ ਬੋਲਾਂਗਾ। ਹੋਰ ਸੱਚ ਜੋ ਤੁਸਾਂ ਆਖੇ ਹਨ, ਹੌਲੇ ਹੌਲੇ ਸਿੱਖ ਲਵਾਂਗਾ, ਪਰ ਦੋ ਤਾ ਹੁਣੇ ਧਾਰਦਾ ਹਾਂ। ਇਕ ਬੋਲਣ ਵਾਲਾ ਸੱਚ, ਦੂਸਰੇ ਸੱਚ ਦਾ ਨਾਮ ਜਪੀ ਜਾਣਾ। ਸੱਚ ਦਾ ਫਲ ਤਾਂ ਮੈਂ ਪ੍ਰਤੱਖ ਜੁ ਦੇਖ ਲਿਆ, ਤੁਸੀਂ ਸੱਚ ਪਰ ਹੀ ਰੀਝੇ ਹੋ ਨਾ; ਜੋ ਐਨੀ ਮਿਹਰ ਪਏ ਕਰਦੇ ਹੋ। ਦੂਜੀ ਗਲ ਲੂਣ ਖਾਕੇ ਬੁਰਾ ਨਾ ਕਰਨਾ ਤੇ ਤੀਜੀ ਗਲ ਗ੍ਰੀਬ ਮਾਰ ਨਾ ਕਰਨੀ। ਚੰਗਾ ਜੀਓ !

੭.

ਜਿਵੇਂ ਜ਼ੋਰ ਦੀ ਹਵਾ ਵਗੇ ਤਾਂ ਮੈਲੀਆਂ ਮੁਸ਼ਕਾਂ ਦੂਰ ਹੋ ਜਾਂਦੀਆਂ ਹਨ, ਮੀਂਹ ਪਵੇਂ ਤਾਂ ਛੱਪੜ ਜੂਹੜ ਤਾਜ਼ੇ ਹੋ ਜਾਂਦੇ ਹਨ, ਚਾਨਣ ਦਾ ਧੱਕਾ ਵਜੇ ਤਾਂ ਹਨੇਰਾ ਦੂਰ ਹੋ ਜਾਂਦਾ ਹੈ। ਭੂਮੀਏ ਦੇ ਪਾਪਾਂ ਨੂੰ ਇਉਂ ਦਾ ਧਮਾਕਾ ਦੇਕੇ ਉਪਕਾਰੀ ਸਤਿਗੁਰੂ ਜੀ ਅਗੇ ਨੂੰ ਰਮਦੇ ਰਹੇ।

ਭੂਮੀਆ ਹੁਣ ਆਪਣੇ ਕਿੱਤੇ ਨੂੰ ਛੱਡਦਾ ਹੈ, ਦੋ ਚਾਰ ਦਿਨ ਟਿਕਕੇ ਬੈਠਦਾ ਹੈ, ਪਰ ਫੇਰ ਝੱਸ ਆ ਪੈਂਦਾ ਹੈ। ਸੱਚੇ ਦਾ ਨਾਮ ਬੀ ਜਪਦਾ ਹੈ, ਪਰ ਅਜੇ ਨਾਮ ਤਾਂ ਨਵਾਂ ਫੁੱਟਿਆ ਅੰਗੂਰ ਹੈ ਤੇ ਬਣੇ ਹੋਏ ਸੁਭਾਉ ਰੁੱਖ ਹਨ ਪਤਾਲੀਂ ਜੜਾਂ ਵਾਲੇ। ਪਰ ਇਕ ਫਰਕ ਪੈ ਗਿਆ ਹੈ, ਅੱਗੇ ਕਰਦਾ ਸੀ ਤਾਂ ਬਫਾਉਂਦਾ ਸੀ ਆਪਣੀ ਕਾਮਯਾਬੀ ਉੱਤੇ, ਹੁਣ ਕਰਦਾ ਹੈ ਤਾਂ ਕਹਿੰਦਾ ਹੈ, ਕੀਹ ਲੀਤਾ ਕਿਸੇ ਦਾ ਧਨ ਹਿਰਕੇ। ਤਦੇ ਬਾਬਾ ਗੁਰੂ ਜੀ ਕਹਿੰਦੇ ਮਨ ਛੱਡ ਦੇ ਕਿੱਤਾ। ਐਓਂ ਦੇ ਜੱਕੋ ਤੱਕਿਆ ਵਿਚ ਸੋਚਣ ਲਗਾ 'ਉਹ ਹੋ ਮੈਂ ਤਾਂ ਬਚਨ ਦਿੱਤਾ ਸੀ ਕਿ ਦਇਆ ਕਰਾਂਗਾ ਤੇ ਜੋ ਕੁਛ ਮੈਂ ਕਰਦਾ ਹਾਂ ਇਹ ਤਾਂ ਦਇਆ ਨਹੀਂ। ਜਾਂ ਏਹ ਸੋਚ ਲੱਗੀ ਵੱਢ ਵੱਢ ਕੇ ਖਾਣ ਤਾਂ ਕਹਿਣ ਲੱਗਾ ਮਨਾਂ ਛੱਡ ਹੁਣ ਤੂੰ ਘਰ ਭਨਾਉਣੇ ਤੇ ਰਾਹ ਖਹਿੜੇ ਲੋਕਾਂ ਨੂੰ ਖੁਹਣਾ। ਇਸ ਵਿਚ ਦਇਆ ਨਹੀਂ ਤੇ ਗਰੀਬਮਾਰ ਬੀ ਕਈ ਵੇਰ ਹੋ ਜਾਂਦੀ ਹੈ। ਪਰ ਮਨਾਂ! ਸਦਾ ਬ੍ਰਤ ਕੀਕੂੰ ਚੱਲੇ, ਨੌਕਰਾਂ ਜੋਗੇ ਰੁਪੈ ਕਿਥੋਂ ਆਉਣ। ਖਰਚ-ਸ਼ਾਹ ਖਰਚ-ਕੀਕੂੰ ਟੁਰਨ?........ਹੱਛਾ ਖਈ, ਵਾਹ ਵਾਹ ਫੁਰ ਪਈ, ਚੰਗਾ.....। ਚਲੋ ਰਾਜਾ ਦਾ ਘਰ ਭੰਨੀਏ। ਇਸ ਵਿਚ ਗਰੀਬਮਾਰ ਕੋਈ ਨਹੀਂ, ਰਾਜਾ ਸਭ ਤੋਂ ਵਡਾ ਅਮੀਰ ਹੈ, ਉਸਦਾ ਘਰ ਲੁੱਟਣ ਵਿਚ ਕੁਦਇਆ ਬੀ ਕੋਈ ਨਹੀਂ, ਰਾਜੇ ਪਾਸ ਕਿਹੜਾ ਆਪਣਾ ਹੈ ਤੇ ਓਸ ਕਿਹੜਾ ਕੰਗਾਲ ਹੋ ਜਾਣਾ ਹੈ। ਬੱਸ ਠੀਕ ਹੈ, ਮਨ ਮੇਰੇ! ਚੱਲ ਹੁਣ ਘਰ ਭੰਨ ਰਾਜੇ ਦਾ। ਇੱਕੋ ਵੇਰ ਆ ਜਾਇਗੀ ਮਾਯਾ ਚੋਖੀ ਤੇ ਢੇਰ ਚਿਰ ਲੰਘ ਜਾਏਗਾ।


www.sikhbookclub.com

ਇਹ ਸੋਚਕੇ ਉਸਨੇ ਅਗਲੀ ਰਾਤ ਅਮੀਰਾਂ ਵਾਲੇ ਕਪੜੇ ਪਹਿਨੇ ਤੇ ਮੱਥੇ ਜਿਗਾ ਬੀ ਲਾ ਲਈ, ਸੁਹਣਾ ਸ਼ਾਹਜ਼ਾਦਾ ਬਣਕੇ ਚਾਰ ਘੜੀ ਰਾਤ ਗਈ ਰਾਜ ਦੁਆਰ ਚਲਾ ਗਿਆ ਬੇਝਕ ਤੇ ਆਪਣੇ ਮੂੰਹ ਧਿਆਨ ਅੰਦਰ ਜਾਣ ਲੱਗਾ ਤਾਂ ਦਰਵਾਨ ਨੇ ਕਿਹ, ਮਹਾਰਾਜ ਆਪ ਕੌਣ ਹੋ ਜੋ ਅੰਦਰ ਜਾਂਦੇ ਹੋ।

ਭੂਮੀਏ ਨੂੰ ਸੋਚ ਪੈ ਗਈ-ਝੂਠ ਕਹਾਂ ਕਿ ਸੱਚ? ਮਨ ਨੇ ਕਿਹਾ ਪ੍ਰਣ ਜੋ ਕੀਤਾ ਹੈ। ਕਹੁ ਸੱਚ ਤਾਂ ਉਸਨੇ ਬੜੀ ਦ੍ਰਿੜਤਾ ਨਾਲ ਆਖਿਆ! ਮੈਂ ਚੋਰ ਹਾਂ। ਦਰਵਾਨ ਸੁਣਕੇ ਘਾਬਰਿਆ, ਫਿਰ ਠਿਠੰਬਰਿਆ ਕਿ ਇਹ ਰਾਜਾ ਦਾ ਕੋਈ ਸਨਬੰਧੀ ਰਾਜ ਕੁਮਾਰ ਹੈ ਜੋ ਬੇਖਟਕੇ ਅੰਦਰ ਲੰਘ ਚਲਿਆ ਸੀ; ਮੈਂ ਰੋਕਿਆ ਹੈ ਤਾਂ ਗੁੱਸੇ ਹੋ ਗਿਆ ਹੈ ਤੇ ਗੁੱਸੇ ਨਾਲ ਆਪ ਨੂੰ ਚੋਰ ਕਹਿੰਦਾ ਹੈ, ਐਸਾ ਨ ਹੋਵੇ ਕਿ ਰਾਜਾ ਨੂੰ ਜਾ ਕਹੇ ਕਿ ਦਰਵਾਨ ਨੇ ਮੇਰੀ ਹੱਤਕ ਕੀਤੀ ਹੈ ਤਾਂ ਮੈਂ ਸਜ਼ਾ ਪਾ ਜਾਵਾਂ, ਮੈਂ ਨਵਾਂ ਆਦਮੀ ਹਾਂ। ਤਾਂ ਕਹਿਨ ਲਗਾ--ਹਛਾ ਮਹਾਰਾਜ ਜੀ ਜਾਓ ਖਿਮਾ ਕਰਨੀ।

ਭੂਮੀਆਂ ਚਲਾ ਗਿਆ ਅੰਦਰ ਨੂੰ, ਉਹ ਰਾਜ ਮਹਲ ਦਾ ਜਾਣੂ ਸੀ। ਜ਼ਿਮੀਦਾਰ ਵਡਾ ਹੋਣ ਕਰਕੇ ਕਈ ਵੇਰ ਆਇਆ ਗਿਆ ਮੂੰਹ ਚਿਤ ਲਗਦਾ ਸੀ। ਸਾਰੀਆਂ ਗੁਪਤ ਥਾਵਾਂ ਦੀਆਂ ਸੂੰਹਾਂ ਬੀ ਕੱਢ ਕਢਾ ਚੁਕਾ ਸੀ। ਜਾ ਰਾਜੇ ਦਾ ਨਿਜਦਾ ਥਾ ਲੱਭਿਓਸੁ! ਰਾਜੇ ਰਾਣੀ ਦੇ ਗਹਿਣੇ ਲੈ ਦੇ ਕੇ ਸੁਹਣੀ ਤਰ੍ਹਾਂ ਸੰਭਾਲ ਕੇ ਟੁਰਨ ਲਗਾ ਤਾਂ ਇਕ ਸੋਨੇ ਦੀ ਰਕੇਬੀ ਹੋਰ ਦਿੱਸੀਓਸੁ। ਇਸਨੂੰ ਚਾਇਓਸੁ ਤਾਂ ਉਸਦੇ ਵਿਚ ਕੁਝ ਸੀ, ਟੋਹਕੇ ਦੇਖਣ ਲਗਾ ਕਿ ਇਹ ਕੀ ਹੈ ਤਾਂ ਹੱਥਾ ਨੂੰ ਲੱਗ ਗਿਆ! ਹਰਿਆਨ ਹੋਕੇ ਚਖਿਓਸੁ ਤਾਂ ਉਹ ਹਾਜ਼ਮੇ ਦਾ ਚੂਰਨ ਲੱਗਾ, ਪਰ ਦੇਖੋ ਉਸ ਵਿਚ ਲੂਣ ਸੀ, ਉਹ ਲੱਗ ਗਿਆ ਭੂਮੀਏ ਦੇ ਮੂੰਹ ਨੂੰ। ਭੂਮੀਆ ਸੋਚੀ ਪੈ ਗਿਆ। ਹੈਂ, ਮੈਂ ਤਾਂ ਰਾਜੇ ਦਾ ਲੂਣ ਖਾ ਲਿਆ ਹੈ! ਸਤਿਗੁਰ ਨਾਲ ਬਚਨ ਕੀਤਾ ਸੀ ਕਿ ਮੈਂ ਤਾਂ ਲੂਣ ਖਾ ਕੇ ਬੁਰਾ ਨਹੀਂ ਕਰਾਂਗਾ, ਹੁਣ ਚੋਰੀ ਕਿਵੇਂ ਕਰਾਂ, ਪਰ ਨਹੀਂ ਸਤਿਗਰੁ ਦੀ ਸਿੱਖਜਾ ਏਸ ਵਿਚ ਇਹ ਸੀ ਕਿ ਅਪਣੇ ਮਿਤ੍ਰਾਂ ਤੇ ਸੰਬੰਧੀਆਂ ਦਾ ਬੁਰਾ ਨਹੀਂ ਕਰਨਾ, ਕਿਉਂ ਕਿ ਖਾਣ ਪੀਣ ਦੀ ਸਾਂਝ ਉਨ੍ਹਾਂ ਨਾਲ ਹੁੰਦੀ ਹੈ। ਦੂਜੇ ਇਹ ਬੀ ਹੋਊ ਕਿ ਜਿਸਦੀ ਨੌਕਰੀ ਕਰੀਏ ਉਸਦਾ ਦਿੱਤਾ ਖਾਈਦਾ ਹੈ, ਉਸਦਾ ਬੁਰਾ ਨਾ ਕਰਨਾਂ ਬੀ ਏਸ ਵਿਚ ਆ ਗਿਆ, ਤੀਸਰੇ ਮੰਗ ਖਾਣ ਵਾਲੇ ਵਾਸਤੇ ਬੀ ਸਿਖਜਾ ਹੋਊ ਕਿ ਜਿਸਦਾ ਦਿੱਤਾ ਖਾਣਾ ਹੈ ਦਾਤੇ ਦਾ, ਉਸਦਾ ਬੁਰਾ ਨਾ ਕਰੀਏ, ਸੋ ਨਾਂ ਮੈਂ ਕਿਸੇ ਦਾ ਦਿੱਤਾ ਖਾਂਦਾ ਹਾਂ, ਨਾਂ ਕਿਸੇ ਦਾ ਚਾਕਰ ਹਾਂ, ਸੰਬੰਧੀਆਂ ਮਿਤ੍ਰਾਂ ਦਾ ਬੁਰਾ ਮੈਂ ਕਰਦਾ ਹੀ ਨਹੀਂ। ਫਿਰ ਸਿਖਿਆ ਤਾਂ ਕਮਾਈ ਗਈ ਹੈ, ਹੈਂ। (ਹੋਰ ਸੋਚਕੇ) ਹੈਂ ਪਰ ਬਚਨ ਤਾਂ ਏਹੋ ਕੀਤਾ ਸੀ ਗੁਰੂ ਜੀ ਨੇ ਕਿ ਲੂਣ ਖਾ ਕੇ ਬੁਰਾ ਨਹੀਂ ਕਰਨਾ। ਲੂਣ ਹੁਣ ਖਾਧਾ ਗਿਆ ਚਾਹੋ ਕਿਵੇਂ ਖਾਧਾ ਗਿਆ, ਮੈਨੂੰ ਤਾਂ ਬਚਨ ਪਾਲਣਾ ਚਾਹੀਏ। ਜੇ ਮੈਂ ਕੁਛ ਸਮਝਿਆ ਹੈ ਠੀਕ ਨਾ ਨਿਕਲੇ ਤਾਂ ਦਾਤਾ ਗੁਰੂ ਮਿਹਰ ਨਾ ਕਰਸੀ। ਹਾਂ ਜੀ ਮਿਹਰ ਨਾਲ ਪਾਪ ਬਖਸ਼ੀਣੇ ਹਨ। ਮਿਹਰ ਨਾਲ ਮੈਂ ਸੱਚ ਦੇ ਤੀਰਥ ਤੇ ਅੱਪੜਨਾ ਹੈ। ਮਿਹਰ ਨਾਲ ਮੈਂ ਅੱਗੇ ਜਾ ਕੇ ਸੁਖੀ ਹੋਣਾ ਹੈ, ਸੋ ਮਿਹਰ ਲੈਣ ਲਈ ਮੈਂ ਹੁਕਮ ਪਾਲਣਾ ਹੈ। ਲੂਣ ਖਾਕੇ ਬੁਰਾ ਨਹੀਂ ਕਰਨਾ ਇਹ ਹੁਕਮ ਹੈਸੀ। ਮੈਂ ਬਚਨ ਦਿੱਤਾ ਹੈ ਕਿ ਕਮਾਵਾਂਗਾ, ਇਹ ਪਾਲਣਾ ਹੈ ਜ਼ਰੂਰੀ.....ਹੈਂ......ਫੇਰ ਘਰ ਦਾ ਖਰਚ ਕੀਕੂੰ ਟੁਰੂ? ਹੱਛਾ ਹੋਰ ਰਾਜਾ ਕੋਈ ਚੱਲ ਸੱਲਾਂਗੇ। ਚਲ ਮਨਾ ਹੁਣ ਚੱਲ। ਇਹੋ ਜਿਹੀਆਂ ਗਿਣਤੀਆਂ ਗਿਣਦਾ ਸਭ ਕੁਛ ਲੀਤਾ ਬੱਧਾ ਓਥੇ ਹੀ ਛੋੜਕੇ ਭੂਮੀਆ ਟੁਰ ਗਿਆ ਤੇ ਅਪਣੇ ਸਿਆਣੇ ਰਸਤਿਓਂ ਕਿਸੇ ਚਾਤਰੀ ਨਾਲ ਮਲਕੜੇ ਨਿਕਲ ਗਿਆ*।

---

* ਭਾਈ ਗੁਰਦਾਸ ਜੀ ਦੀ ਬੀ ਇਕ ਕਥਾ ਚੋਰ ਦੇ ਸ਼ਾਹ ਦੇ ਘਰ ਜਾਣ ਦੀ ਇਸੇ ਨਾਲ ਮਿਲਦੀ ਜੁਲਦੀ ਲਿਖੀ ਮਿਲਦੀ ਹੈ, 'ਚੋਰ ਗਿਆ ਘਰ ਸ਼ਾਹ ਦੇ ਜਾ ਅੰਦਰ ਵੜਿਆ'॥ (ਵਾ: ਭਾ: ਗੁ:)। ਹੋ ਸਕਦਾ ਹੈ ਕਿ ਭਾਈ ਗੁਰਦਾਸ ਨੇ ਏਹੋ ਭੂਮੀਏ ਵਾਲੀ ਸਾਖੀ ਸੁਣਕੇ ਹੀ ਕਥਾ ਲਿਖੀ ਹੋਵੈ। ਅੱਗੋਂ ਗਿਆਨੀਆਂ ਦੇ ਜੋ ਯਾਦ ਹੋਈ ਇਹ ਕਥਾ ਕਿਸੇ ਆਮ ਚੋਰ ਬਾਬਤ, ਸੋ ਭਾਈ ਗੁਰਦਾਸ ਦੀ ਵਾਰ ਤੋਂ ਲਈ ਹੋਵੇ ਉਨ੍ਹਾਂ ਨੇ ਲੂਣ ਖਾਕੇ ਬੁਰਾ ਨਾ ਕਰਨ ਦੇ ਵਿਸ਼ੇ ਵਿਚ।


www.sikhbookclub.com

੮.

ਜਾਂ ਦਿਨ ਹੋਇਆ ਤਾ ਰਾਜੇ ਨੇ ਡਿੱਠਾ ਕਿ ਮੇਰੇ ਹੀਰੇ ਪੰਨੇ ਤੇ ਰਾਣੀ ਦੇ ਸਾਰੇ ਜਵਾਹਰਾਤ ਤੇ ਗਹਿਣੇ ਕੱਠੇ ਕੀਤੇ ਬੱਧੇ ਪਏ ਹਨ। ਖੁਹਲੇ, ਦੇਖੇ, ਸਾਰੇ ਜਿਉਂ ਦੇ ਤਿਉਂ ਸਨ। ਪਰ ਇਹ ਪ੍ਰਤੱਖ ਦਿੱਸਦਾ ਸੀ ਕਿ ਕੋਈ ਚੋਰ ਆਇਆ ਹੈ ਤੇ ਉਹ ਸਭ ਕੁਛ ਲੈ ਚਲਿਆ ਸੀ, ਪਰ ਫੇਰ ਕਿਸੇ ਗੱਲੇ ਛਡ ਕੇ ਟੁਰ ਗਿਆ ਹੈ। ਇਹ ਹੈਰਾਨੀ ਸੀ ਕਿ ਉਹ ਕਿਉਂ ਛਡ ਗਿਆ ਹੈ, ਪਰ ਨਾਲ ਹੀ ਰਾਜੇ ਨੂੰ ਗੁੱਸਾ ਸੀ ਕਿ ਮੇਰੇ ਮਹਿਲਾਂ ਤਕ ਚੋਰ ਅਪੜ ਕੀਕੂੰ ਗਿਆ। ਸੋ ਪਹਿਲੀ ਪੁੱਛ ਪਹਿਰੇਦਾਰਾਂ ਨੂੰ ਹੋਈ। ਉਨ੍ਹਾਂ ਤੋਂ ਪਤਾ ਲਗ ਗਿਆ ਕਿ ਰਾਜਕੁਮਾਰ ਦੇ ਭੇਸ ਵਿਚ ਇਕ ਆਦਮੀ ਅੰਦਰ ਗਿਆ ਹੈ ਰਾਤ ਨੂੰ। ਉਸ ਗੁੱਸੇ ਨਾਲ ਆਖਿਆ ਬੀ ਸੀ ਕਿ ਮੈਂ ਚੋਰ ਹਾਂ। ਪਰ ਨਵੇਂ ਪਹਿਰੇਦਾਰ ਨੇ ਰਾਜਕੁਮਾਰ ਸਮਝ ਕੇ ਉਸ ਨੂੰ ਲੰਘ ਜਾਣ ਦਿਤਾ। ਹੁਣ ਐਸੇ ਦਿਲਾਵਰ ਚੋਰ ਨੂੰ ਪਕੜਨ ਦੀ ਚਾਹ ਰਾਜੇ ਦੇ ਦਿਲ ਵਿਚ ਹੋਰ ਥਾਂ ਕਰ ਗਈ ਕਿ ਜੋ ਤਲੀ ਤੇ ਦੀਵਾ ਧਰਕੇ ਚੋਰੀ ਦਾ ਹੀਆ ਕਰ ਸਕਦਾ ਹੈ। ਸੋ ਹੁਕਮ ਹੋ ਗਿਆ ਤੇ ਕੋਤਵਾਲ ਅਰ ਉਸਦੇ ਸੇਵਕ ਲਗੇ ਲੱਭਣ। ਇਨ੍ਹਾਂ ਲੋਕਾਂ ਨੂੰ ਤਰਸ ਦਇਆ ਨਹੀਂ ਹੁੰਦੀ, ਇਨ੍ਹਾਂ ਲੋਕਾਂ ਦਾ ਪਾਪੀਆਂ ਨਾਲ ਵਾਹ ਪੈ ਕੇ ਏਹ ਹਰ ਕਿਸੇ ਨੂੰ ਮਾੜਾ ਸਮਝਣ ਲਗ ਜਾਂਦੇ ਹਨ; ਸੋ ਸ਼ੁਬੇ ਵਿਚ ਹੀ ਕਈ ਦਿਨ ਬੀਤ ਗਏ, ਪਕੜ ਪਕੜਾਈ ਹੁੰਦੀ ਰਹੀ, ਜਦ ਕੋਈ ਪਤਾ ਨਾ ਲਗਾ ਤਾਂ ਮਾਰਕੁਟਾਈਆਂ ਟੁਰ ਪਈਆਂ। ਇਹ ਖਬਰ ਹੁਣ ਭੂਮੀਏ ਨੂੰ ਬੀ ਆ ਲਗੀ ਕਿ ਮੇਰੇ ਕੀਤੇ ਅਪ੍ਰਾਧ ਦੇ ਬਦਲੇ ਗਰੀਬ ਮਾਰ ਹੋ ਰਹੀ ਹੈ! ਬੇਗੁਨਾਹ ਫੜੇ ਜਾ ਰਹੇ ਹਨ, ਧਨ ਪੈਸੇ ਵਾਲੇ ਵਢੀਆਂ ਦੇ ਕੇ ਛੁਟ ਆਉਂਦੇ ਹਨ ਪਰ ਗ੍ਰੀਬਾਂ ਦੀਆਂ ਪਈਆਂ ਖਲਾਂ ਉਧੜਦੀਆਂ ਹਨ। ਭੂਮੀਏਂ ਸੋਚਿਆ, ਸਤਿਗੁਰਾਂ ਦਾ ਮੈਨੂੰ ਹੁਕਮ ਸੀ ਕਿ ਗਰੀਬ ਮਾਰ ਨਹੀਂ ਕਰਨੀ ਪਰ ਗਰੀਬ ਮਾਰ ਹੋ ਰਹੀ ਹੈ। ਭਾਵੇਂ ਮੈਂ ਤਾਂ ਗਰੀਬ ਮਾਰ ਨਹੀਂ ਕਰ ਰਿਹਾ, ਪਰ ਇਹ ਹੋ ਤਾਂ ਮੇਰੇ ਬਦਲੇ ਹੀ ਰਹੀ ਹੈ ਨਾਂ। ਕਰਾਂ ਮੈਂਤੇ ਭਰਨ ਗਰੀਬ, ਤਾਂ ਤੇ ਇਸ ਗਰੀਬ ਦਾ ਦੋਸ਼ ਮੇਰੇ ਮੱਥੇ ਹੈ। ਚਲ ਹੇ ਮਨ ਹੁਣ ਮੌਤ ਕਿ ਬੰਦੀ ਜੋ ਮਿਲੇ ਸੋ ਸਹਿ ਲੈ ਪਰ ਗਰੀਬਾਂ ਨੂੰ ਛੁਡਾ ਦੇਹ ਤੇ ਸਤਿਗੁਰਾਂ ਦੀ ਮਿਹਰ ਨਾ ਗੁਆ। ਅੰਤ ਨੂੰ ਪਿਛਲੇ ਕੀਤਿਆਂ ਦਾ ਭੋਗ ਭੋਗਣਾ ਹੀ ਹੈ ਨਾ। ਚੱਲ ਸਹੁ ਆਪਣੇ ਕੀਤੇ ਦਾ ਫਲ। ਇਹ ਵੀਚਾਰਕੇ ਭੂਮੀਆਂ ਬਣ ਠਣ ਕੇ ਰਾਜੇ ਦੇ ਦਰਬਾਰ ਪਾਸ ਚਲਾ ਗਿਆ ਤੇ ਅਚਾਨਕ ਮਿਲਣ ਦਾ ਦਾਉ ਤਕਦਾ ਰਿਹਾ। ਜਦ ਰਾਜਾ ਦਰਬਾਰੋਂ ਬਾਹਰ ਆਇਆ ਤਾਂ ਦਾਉ ਬਚਾਕੇ ਫੁਰਤੀ ਨਾਲ ਰਾਜੇ ਦੇ ਸਾਹਮਣੇ ਜਾ ਖੜੋਤਾ। ਹੱਥ ਬਨ੍ਹਕੇ ਅਰਜ਼ ਕੀਤੀਓਸੁ ਕਿ ਹੇ ਰਾਜਨ! ਤੇਰਾ ਚੋਰ ਮੈਂ ਹਾਂ, ਤੇਰਾ ਧਨ ਮਾਲ ਮੈਂ ਚੁਰਾਇਆ ਸੀ, ਪਰ ਫੇਰ ਓਥੇ ਹੀ ਛੱਡਕੇ ਟੁਰ ਆਇਆ ਸਾਂ। ਇਹ ਜੋ ਆਪਦੇ ਕੋਤਵਾਲ ਦੇ ਕਰਮਚਾਰੀ ਗਰੀਬਾਂ ਨੂੰ ਮਾਰ ਰਹੇ ਹਨ ਛੁਡਾ ਦੇਹ, ਜੋ ਓਹ ਸਭ ਬੇਗੁਨਾਹ ਹਨ, ਗੁਨਾਹੀ ਮੈਂ ਹਾਂ, ਮੈਨੂੰ ਜੋ ਦੰਡ ਚਿਤ ਆਵੇ ਦਿਓ।

ਰਾਜਾ ਤੇ ਰਾਜੇ ਦੇ ਪਾਸ ਖੜੇ ਅਹਲਕਾਰ ਹੱਕੇ ਬੱਕੇ ਰਹਿ ਗਏ ਕਿ ਐਸਾ ਚੋਰ ਕਦੇ ਨਹੀਂ ਸੀ ਸੁਣਿਆ। ਕਿਸ ਦਲੇਰੀ ਤੇ ਹਿਕਮਤ ਨਾਲ ਚੋਰੀ ਕਰਦਾ ਹੈ, ਫਿਰ ਮਾਲ ਧਨ ਛੋੜ ਜਾਂਦਾ ਹੈ। ਫਿਰ ਚੋਰ ਹੋ ਕੇ ਕਿਤਨਾ ਤਰਸਵਾਨ ਹੈ ਕਿ ਗਰੀਬਾਂ ਦਾ ਦੁੱਖ ਦੇਖ ਨਹੀਂ ਸਕਦਾ, ਇਹ ਧਰਮੀ ਹੈ ਕਿ ਕੁਧਰਮੀ?

ਤਦ ਰਾਜੇ ਨੇ ਪੁਛਿਆ, ਭਾਈ ਤੂੰ ਇਤਨਾ ਮਾਲ ਪਦਾਰਥ ਲੈ ਕੇ ਕਿਉਂ ਛੱਡ ਗਿਆ? ਕੋਈ ਜਾਗ ਪਿਆ ਸੀ ਕਿ ਤੈਨੂੰ ਕੋਈ ਭੁਲੇਖਾ ਲੱਗਾ ਸੀ?

ਭੂਮੀਆ- ਨਹੀਂ ਰਾਜਾ! ਸੱਚ ਇਹ ਹੈ ਕਿ ਮੈਨੂੰ ਕੋਈ ਨਹੀਂ ਸੀ ਫੜ ਸਕਦਾ ਤੇ ਮੈਨੂੰ ਡਰ ਬੀ ਕੋਈ ਨਹੀਂ ਸੀ, ਪਰ ਮੈਨੂੰ ਗੁਰੂ ਮਿਲਿਆ ਹੈ ਜੋ ਆਕਾਸ਼ਾਂ ਤੋਂ ਉਤਰਿਆ ਹੈ। ਓਨ੍ਹੇ ਮੈਨੂੰ ਤ੍ਰੈ ਸੁਮੱਤਾ ਦਿੱਤੀਆਂ ਸਨ। ਉਨ੍ਹਾਂ ਵਿਚੋਂ ਇਕ ਇਹ ਸੀ ਕਿ ਲੂਣ ਖਾਕੇ ਬੁਰਾ ਨਹੀਂ ਕਰਨਾ। ਜਦ ਆਪਦਾ ਮਾਲ

ਪਦਾਰਥ ਲੈਕੇ ਟੁਰਿਆ ਤਾਂ ਆਪਦਾ ਚੂਰਨ ਕਿਵੇਂ ਮੇਰੇ ਮੂੰਹ ਲਗ ਗਿਆ, ਸੋ ਰਾਜਾ! ਲੂਣ ਖਾਧਾ ਗਿਆ। ਹੁਣ ਮੈਂ ਕਿਵੇਂ ਬੁਰਿਆਈ ਕਰ ਸਕਦਾ ਸਾਂ। ਸੋ ਸਭ ਕੁਝ ਛੋੜਕੇ ਟੁਰ ਗਿਆ। ਰਾਜਾ ਏਹ ਸੁਣਕੇ ਹੋਰ ਅਸਚਰਜ ਹੋ ਗਿਆ ਕਿ ਹੈਂ ਇਹ ਚੋਰ ਹੈ ਦੁਰਾਚਾਰੀਆਂ ਕਰਨ ਵਾਲਾ ਪਰ ਕੈਸਾ ਗੁਰੂ ਆਗਯਾ ਦਾ ਪ੍ਰੇਮੀ ਹੈ ਕਿ ਅੱਖਰ ਅੱਖਰ ਦੀ ਸਿਖਯਾ ਪੂਰੀ ਕਰਦਾ ਹੈ। ਇਹ ਕੀ ਹੋਇਆ-ਸ੍ਰੇਸ਼ਟਾਚਾਰੀ ਕਿ ਦੁਰਾਚਾਰੀ? ਫੇਰ ਰਾਜੇ ਨੂੰ ਆਪਣੇ ਰਾਜ ਸ਼ਾਸਨ ਦੀ ਗਲ ਫੁਰੀ, ਪੁਛਣ ਲਗਾ:- ਓ ਨਿਡਰ ਆਦਮੀ ਤੇਨੂੰ ਇਹ ਡਰ ਨਹੀਂ ਆ ਰਿਹਾ ਕਿ ਮੈਂ ਤੈਨੂੰ ਦੰਡ ਦੇ ਸਕਦਾ ਹਾਂ, ਕਿਵੇਂ ਸੱਚ ਸੱਚ ਬਿਨਾਂ ਮਾਰੇ ਕੁੱਟੇ ਆਪੇ ਮੇਰੇ ਦੁਆਰ ਆ ਕੇ ਦੱਸ ਰਿਹਾ ਹੈਂ?

ਭੂਮੀਆ-ਏਸ ਕਰਕੇ ਰਾਜਾ! ਕਿ ਮੈਂ ਅਪਣੇ ਸਤਿਗੁਰ ਨਾਲ ਨੇਮ ਕੀਤਾ ਹੈ ਕਿ ਕਦੇ ਝੂਠ ਨਹੀਂ ਬੋਲਾਂਗਾ। ਸੱਚ ਨਾਲ ਪਿਆਰ ਕਰਾਂਗਾ ਤੇ ਸੱਚ ਨੂੰ ਰਿਦੇ ਵਿਚ ਧਾਰਾਂਗਾ। ਏਸ ਲਈ ਮੈਂ ਸੱਚ ਬੋਲ ਰਿਹਾ ਹਾਂ।[1]

ਰਾਜਾ (ਹੋਰ ਸੋਚ ਵਿਚ ਪੈਕੇ)-ਤੂੰ ਪਕੜਿਆ ਨਹੀਂ ਗਿਆ, ਆਪੇ ਕਿਉਂ ਆ ਗਿਆ ਹੈਂ ਤੂੰ ਰਾਜ ਦੰਡ ਨੂੰ ਆਪਣੇ ਉਤੇ ਲੈਣ ਵਾਸਤੇ?

ਭੂਮੀਆ-ਹੇ ਰਾਜਨ! ਮੈਂ ਬੇਨਤੀ ਕਰ ਚੁਕਾ ਹਾਂ ਕਿ ਮੇਰਾ ਸਤਿਗੁਰ ਨਾਲ ਬਚਨ ਹੈ ਕਿ ਗਰੀਬ ਮਾਰ ਨਹੀਂ ਕਰਾਂਗਾ ਤੇ ਹੁਣ ਆਪ ਦੇ ਕਰਮਚਾਰੀ ਗਰੀਬਾਂ ਨੂੰ ਮਾਰ ਕੁੱਟ ਰਹੇ ਹਨ ਤੇ ਇਸ ਦਾ ਕਾਰਣ ਮੈਂ ਹਾਂ। ਇਸ ਕਰਕੇ ਮੈਂ ਆਇਆ ਹਾਂ ਕਿ ਕਰਾਂ ਮੈਂ ਤੇ ਭਰਨ ਗਰੀਬ! ਇਹ ਕਿਉਂ? ਨਹੀਂ, ਕਰੇ ਭੂਮੀਆ ਤੇ ਭਰੇ ਬੀ ਭੂਮੀਆ।

ਰਾਜਾ ਹੋਰ ਅਚੰਭਾ ਹੋਕੇ-ਹੈਂ, ਓਇ ਤੂੰ ਭੂਮੀਆ ਹੈਂ। ਤੂੰ ਤਾਂ ਬੜਾ ਦਾਨੀ ਪ੍ਰਸਿੱਧ ਹੈਂ, ਸਾਧ ਸੇਵੀ ਹੈਂ, ਤੂੰ ਚੋਰ! ਤੂੰ ਤਾਂ ਅਸਾਂ ਧਰਮੀ ਜਾਣਿਆ ਸੈਂ?

ਭੂਮਿਆ-ਜੀ ਠੀਕ ਹੈ ਜੀਉ! ਮੈਂ ਬੀ ਆਪਨੂੰ ਧਰਮੀ ਸਮਝਦਾ ਸਾਂ। ਜੋ ਮੈਂ ਚੋਰੀ ਕਰਕੇ ਧਾੜਾ ਮਾਰਕੇਧਨ ਲਿਆਉਂਦਾ ਸਾਂ ਸੋ ਮੈਂ ਪਰਸੁਆਰਥ ਤੇ ਸਾਧ ਸੇਵਾ ਤੇ ਲਾਉਂਦਾ ਸਾਂ। ਮੈਂ ਸਮਝਦਾ ਸਾਂ ਕਿ ਮੈਂ ਪੁੰਨੀ ਹਾਂ, ਦਾਨ ਜੁ ਕਰਦਾ ਹਾਂ, ਪਰ ਵੇਖ ਰਾਜਾ! ਇਕ ਦਿਨ ਆ ਗਿਆ ਉਹ ਸੰਤ-ਸੰਤ ਕਿ ਆਪ ਰੱਬ ਦੀ ਜੋਤ, ਓਨ ਮੇਰੇ ਨੈਣ ਖੁਹਲੇ। ਉਹ ਆਖੇ ਤੇਰੇ ਘਰ ਦਾ ਅੰਨ ਨਹੀਂ ਖਾਣਾ, ਤੇਰਾ ਅੰਨ, ਪਾਪ ਦੀ ਕਮਾਈ ਦਾ ਹੈ। ਮੈਂ ਪੁੰਨੀ ਬਣ ਬਣ ਬਹਾਂ, ਉਹ ਆਖੇ ਨਹੀਂ ਤੇਰੀ ਕਮਾਈ ਪਾਪਾਂ ਭਰੀ ਹੈ, ਜਿਸ ਵਿਚ ਲੋਕਾਂ ਦਾ ਦੁੱਖ ਕਸ਼ਟ ਤੇ ਪੀੜਾ ਭਰੀ ਹੋਈ ਹੈ। ਲੇ ਰਾਜਾ! ਮੈਂ ਮੰਨ ਗਿਆ ਪਰ ਮੈਂ ਕਿਹਾ ਮੇਰਾ ਸੁਭਾਉ ਹੋ ਚੁਕਾ ਹੈ ਇਨ੍ਹਾਂ ਕੰਮਾਂ ਦਾ, ਉਹ ਛੁੱਟਣ ਨਹੀਂ ਲੱਗਾ। ਤਾਂ ਉਸ ਦਾਤੇ ਨੇ ਮੈਥੋਂ ਤਿੰਨ ਪ੍ਰਣ ਲਏ ਜੋ ਮੈਂ ਦਸੇ ਹਨ। ਉਨ੍ਹਾਂ ਨੇ ਮੈਨੂੰ ਆਖਿਆ ਕਿ ਜੇ ਮਿਹਰ ਦਾ ਲੋੜਵੰਦ ਹੈ ਤਾਂ ਏਹਨਾਂ ਤੇ ਮਨੋ ਤਨੋ ਅਮਲ ਕਰ! ਜਦ ਉਹ ਟੁਰ ਗਏ ਮੈਂ ਉਨ੍ਹਾਂ ਦੇ ਤਿੰਨਾਂ ਹੀ ਹੁਕਮਾਂ ਤੇ ਅਮਲ ਕਰਨ ਲੱਗਾ। ਹੁਣ ਮੈਂ ਜਦ ਚੋਰੀ ਕਰਨ ਕਿ ਡਾਕੇ ਮਾਰਨ ਵਿਚ ਜਾਵਾਂ ਤਾਂ ਮੈਂ ਕਈ ਵੇਰ ਦੁਖੀ ਹੋ ਜਾਵਾਂ ਲੁਟਦਿਆਂ ਦਾ ਦੁੱਖ ਦੇਖਕੇ। ਅੱਗੇ ਤਾਂ ਮੈਂ ਦੁੱਖ ਦੇ ਕੇ ਦੁਖੀ ਨਹੀਂ ਸਾਂ ਹੁੰਦਾ। ਜਿਵੇਂ ਸ਼ਿਕਾਰੀ ਮਰਦੇ ਪਸ਼ੂ ਪੰਖੀਆਂ ਦੀ ਤੜਫਨੀ ਵੇਖਕੇ ਉਦਾਸੀ ਨਹੀਂ ਖਾਂਦਾ ਤਿਵੇਂ ਮੈਂ ਬੀ ਇਨਸਾਨਾਂ ਦੀ ਤੜਫਨੀ ਵਿਲਕਣੀ ਉਤੇ ਨਾ ਪਸੀਜਣ ਨੂੰ ਬਹਾਦਰੀ ਸਮਝਦਾ ਸਾਂ। ਪਰ ਹੁਣ ਗੁਰੂ ਕੀ ਦੱਸੀ ਦਇਆ ਉਪਜਣ ਲਗ ਪਈ, ਨਾਲੇ ਉਨ੍ਹਾਂ ਕਿਹਾ ਸੀ ਕਿ ਇਹ ਕਿੱਤਾ ਛੋਡ ਦੇਹ ਮਾੜਾ ਹੈ, ਪਰ ਮੈਥੋਂ ਛੁੱਟੇ ਨਾਂਹ। ਪਰ ਜਦ ਹੁਣ ਜੇ ਕਿਸੇ ਨੂੰ ਖੋਹਾਂ ਤਾਂ ਦਇਆ ਉਪਜੇ, ਮੈਂ ਚਾਹਾਂ ਕਿ ਮੈਂ ਗਰੀਬਾਂ ਨੂੰ ਛੱਡਾਂ ਤੇ ਅਮੀਰਾਂ ਨੂੰ ਲੁੱਟਾਂ, ਪਰ ਕਈ ਵੇਰ ਪਤਾ ਨਾ ਲਗੇ ਕਿ ਅਮੀਰ ਹੈ ਕਿ ਗਰੀਬ ਸੋ ਮੈਨੂੰ ਫਿਕਰ ਪਿਆ ਕਿ ਇਸ ਕੰਮ ਵਿਚ

---

1. ਸਤਿਗੁਰਿ ਮਿਲਿਐ ਸਚੁ ਪਾਇਆ ਜਿਨ੍ਹੀ ਵਿਚਹੁ ਆਪੁ ਗਵਾਇਆ॥ ਜਿਨਿ ਸਚੋ ਸਚੁ ਬੁਝਾਇਆ॥

(ਵਾਰ ਆਸਾ: ਮ: ੧)


www.sikhbookclub.com

ਅਣਜਾਣੇ ਗਰੀਬ ਮਾਰ ਹੋ ਜਾਂਦੀ ਹੈ। ਇਸ ਕਰਕੇ ਮੈਂ ਕਿਹਾ ਕਿਸੇ ਰਾਜੇ ਦਾ ਘਰ ਭੰਨ ਕੇ ਵਰ੍ਹਾ ਦੋ ਵਰ੍ਹੇ ਆਰਾਮ ਕਰਾਂ ਤੇ ਨਿਰਸੰਸੇ ਹੋ ਜਾਵਾਂ ਕਿ ਗਰੀਬ ਮਾਰ ਮੈਂ ਨਹੀਂ ਕਰ ਰਿਹਾ। ਇਉਂ ਕਰਕੇ ਰਾਜਾ ਤੇਰੇ ਘਰ ਚੋਰੀ ਕਰਨ ਲਈ ਆਯਾ ਸਾਂ, ਇਸੇ ਗਰੀਖ ਮਾਰ ਨਾ ਕਰਨ ਤੇ ਹੁਣ ਤੇਰੇ ਸਾਹਮਣੇ ਲਿਆ ਖੜਾ ਕੀਤਾ ਹੈ।

ਦੂਜੇ ਉਪਦੇਸ਼ 'ਲੂਣ ਖਾਕੇ ਬੁਰਾ ਨਹੀਂ ਕਰਨਾ' ਨੇ ਮੈਨੂੰ ਤੇਰੀ ਚੋਰੀ ਕੀਤੀ ਦੌਲਤ ਛੁਟਵਾਈ ਸੀ। ਇਸੇ ਨੇ ਸਾਕਾਂ ਮਿਤ੍ਰਾਂ ਤੇ ਜਿਨ੍ਹਾਂ ਦਾ ਕਦੇ ਬੀ ਕੁਝ ਖਾਧਾ ਸੀ ਉਨ੍ਹਾਂ ਦੇ ਬੁਰੇ ਕਰਨੋ ਰੋਕ ਲਿਆ। ਤੀਸਰੇ ਇਸ ਪ੍ਰਣ ਨੇ ਕਿ ਸਦਾ ਸੱਚ ਬੋਲਾਂਗਾ, ਆਪਦੇ ਸਾਹਮਣੇ ਸਭ ਕੁਝ ਠੀਕ ਠੀਕ ਦੱਸ ਦੇਣ ਲਈ ਆਖਿਆ ਹੈ, ਹੁਣ ਜੋ ਜੀ ਕਰੇ ਕਰੋ, ਮੈਂ ਭੋਗਣ ਲਈ ਤਿਆਰ ਹਾਂ। ਰਾਜਾ ਸੁਣਕੇ ਹੋਰ ਹਰਿਆਨ ਹੋਇਆ। ਸੋਚੇ ਇਸਦਾ ਗੁਰੂ ਕੋਈ ਅਚਰਜ ਅਕਲ ਦਾ ਕੋਟ ਹੈ ਕਿ ਕਿਸ ਤਰ੍ਹਾ ਇਸ ਤੋਂ ਪਾਪ ਕਰਮ ਛੁਡਵਾਏ ਸੁ। ਝੱਸ ਬੁਰਾ ਹੁੰਦਾ ਹੈ, ਪਰ ਇਹ ਕੀਕੂੰ ਉਸ ਘੇਰ ਵਿਚ ਆ ਗਿਆ ਹੈ ਕਿ ਸਾਰਾ ਝੱਸ ਚੋਰੀ ਡਾਕੇ ਦਾ ਇਸਦਾ ਆਪੇ ਛੁਟ ਜਾਏ। ਪਰ ਹਾਂ ਉਹ ਗੁਰੂ ਨਿਰਾ ਅਕਲ ਦਾ ਕੋਟ ਨਹੀਂ ਉਹ ਜ਼ਰੂਰ ਤੇਜ ਵਾਲਾ ਹੈ, ਸਤਜਾ ਵਾਲਾ ਹੈ ਕਿ ਜਿਸਦੇ ਆਖੇ ਦਾ ਐਡਾ ਡੂੰਘਾ ਅਸਰ ਡਾਕੂਆਂ ਤੇ ਚੋਰਾਂ ਤੇ ਹੁੰਦਾ ਹੈ। ਐਸੇ ਗੁਰੂ ਦੇ ਦਰਸ਼ਨ ਕਰਨੇ ਚਾਹੀਏ। ਤਾ ਰਾਜਾ ਫੇਰ ਖੁਸ਼ੀ ਨਾਲ ਮੁਸਕ੍ਰਾਇਆ ਤੇ ਕਹਿਣ ਲਗਾ:- ਤੇਰਾ ਗੁਰੂ ਕਿੱਥੇ ਹੈ?

ਭੂਮੀਏ ਕਿਹਾ ਓਹ ਆਪਣੇ ਰੰਗ ਵਿਚ ਚਲੇ ਗਏ ਪਤਾ ਨਹੀਂ ਕਿਧਰ?

ਰਾਜਾ-ਉਸਦਾ ਨਾਉਂ ਕੀ ਹੈ?

ਭੂਮੀਆਂ-ਮੈਂ ਤਾਂ ਨਾਮ ਪੁੱਛ ਨਹੀਂ ਸਾਂ ਸਕਿਆ ਪਰ ਲੋਕਾਂ ਮੈਨੂੰ ਪਿਛੋਂ ਦੱਸਿਆ ਕਿ ਉਹ ਗੁਰੂ ਨਾਨਕ ਦੇਵ ਜੀ ਸੀਗੇ ਜੋ ਲਾਹੌਰ ਦੇ ਦੇਸ਼ ਤੋਂ ਆਏ ਸੀ।

ਰਾਜਾ (ਕੰਬਕੇ)--ਹੈਂ! ਓਹੋ ਹੈ ਗੁਰੂ ਨਾਨਕ। ਇਧਰ ਦੀ ਲੰਘ ਗਏ ਸੁਣੇ ਹਨ।

ਰਾਜਾ (ਜੀ ਵਿਚ)---ਸ਼ੋਕ! ਐਸੇ ਮਹਾਂ ਜਜੋਤੀ ਦੇ ਦਰਸ਼ਨ ਨਾਂ ਹੋਏ।

(ਭੂਮੀਏ ਨੂੰ) ਸੁਣ ਭਾਈ ਤੂੰ ਆਪਣੇ ਮੂੰਹੋਂ ਅਜ ਅਪਣੇ ਪਾਪਾਂ ਨੂੰ ਮੰਨਿਆ ਹੈ ਮੈਨੂੰ ਚਾਹੀਦਾ ਹੈ ਕਿ ਤੈਨੂੰ ਦੰਡ ਦੇਵਾਂ, ਪਰ ਦੰਡ ਦੇਣ ਨਾਲ ਤੂੰ ਕੈਦ ਵਿਚ ਜਾ ਕੇ ਤੰਗ ਪਵੇਂਗਾ ਓਥੇ ਹੋਰ ਤੇਰੇ ਵਰਗੇ ਤੈਨੂੰ ਮਿਲਣਗੇ। ਮੈਨੂੰ ਡਰ ਹੈ ਕਿ ਤੂੰ ਓਥੇ ਓਹਨਾਂ ਦੇ ਕੁਸੰਗ ਨਾਲ ਮੁੜ ਪਾਪਾਂ ਵਿਚ ਪੈ ਜਾਏਗਾ। ਜੇ ਮੈਂ ਤੈਨੂੰ ਛਡਦਾ ਹਾਂ ਤਾ ਮੇਰਾ ਨਿਆਂ ਪੂਰਾਂ ਨਹੀਂ ਹੁੰਦਾ। ਪਰ ਅਸਲ ਨਿਆਂ ਹੈ ਪਾਪੀਆਂ ਨੂੰ ਸੁਧਾਰ ਦੇਣਾ, ਮੈਨੂੰ ਜਾਪਦਾ ਹੈ ਕਿ ਮੈਥੋਂ ਵੱਡਾ, ਬ੍ਰਹਮ-ਲੋਕ ਦਾ ਰਾਜਾ, ਤੈਨੂੰ ਦੰਡ ਬੀ ਦੇ ਗਿਆ ਹੈ ਤੇ ਸੁਧਾਰ ਬੀ ਗਿਆ ਹੈ। ਤੂੰ ਜੋ ਪੁੰਨੀ ਮਸ਼ਹੂਰ ਸੈਂ ਅਜ ਪਾਪੀ ਪ੍ਰਸਿੱਧ ਹੋ ਗਿਆ ਹੈਂ। ਜਸ ਜੀਵਨ ਅਪਜਸ ਮਰਨ। ਅਪਜਸ ਦੀ ਮੌਤ ਦਾ ਤੈਨੂੰ ਦੰਡ ਆਪੇ ਮਿਲ ਗਿਆ ਹੈ। ਬਾਕੀ ਉਹ ਤੈਨੂੰ ਸੁਧਾਰ ਦੇ ਰਸਤੇ ਐਸਾ ਪਾ ਗਿਆ ਹੈ ਕਿ ਤੂੰ ਆਪੇ ਸੁਧਰ ਜਾਣਾ ਹੈ, ਖਬਰੇ ਸੁਧਰ ਹੀ ਗਿਆ ਹੈਂ। ਚੋਰੀ ਹੁਣ ਤੂੰ ਕਰ ਨਹੀਂ ਸਕਦਾ, ਧਾੜਾ ਨਹੀਂ ਮਾਰ ਸਕਦਾ, ਕਿਉਂਕਿ ਇਸ ਵਿਚ ਗਰੀਬ ਮਾਰ ਹੁੰਦੀ ਹੈ। ਅਮੀਰਾਂ ਤੇ ਰਾਜਿਆਂ ਨੂੰ ਤੂੰ ਲੁੱਟ ਨਹੀਂ ਸਕਦਾ ਜੋ ਜਦ ਸੁਬਹ ਪਏ ਸਭ ਤੋਂ ਪਹਿਲਾਂ ਤੈਨੂੰ ਪੁੱਛ ਹੋਣੀ ਹੈ; ਤੇ ਤੂੰ ਸੱਚ ਬੋਲਣਾ ਹੈ ਇਉਂ ਤੂੰ ਆਪੇ ਹੀ ਪਕੜੇ ਜਾਣਾ ਹੈ, ਸੋ ਤੇਰੇ ਲਈ ਚੋਰੀ ਧਾੜਾ ਕਰ ਸਕਣਾ ਕਠਨ ਹੋ ਗਿਆ। ਤੇਰੇ ਸਚੇ ਵੈਦ ਨੇ ਐਸਾ ਦਾਰੂ ਤੈਨੂੰ ਦਿਤਾ ਹੈ ਕਿ ਤੂੰ ਹੁਣ ਆਪੇ ਸਾਧ ਬਣ ਜਾਏਂਗਾ, ਪਰ ਸ਼ਾਬਾਸ਼ੇ ਤੇਰੇ ਕਿ ਹੁਕਮ ਤੇ ਪਹਿਰਾ ਦਿੱਤਾ ਹੈ ਤੇ ਜਿੰਦ ਖ਼ਤਰੇ ਵਿਚ ਪਾ ਕੇ ਬੀ ਤੂੰ ਹੁਕਮ ਪਾਲਿਆ ਹੈ। ਸੋ ਜਦ ਮੈਂ ਦੇਖਦਾ ਹਾਂ ਕਿ ਤੂੰ ਹੁਣ ਭਲਾ ਹੋ ਚਲਿਆ ਹੈਂ ਤੇ ਨਾਲ ਤੇਰੇ ਵਿਚ ਬਲ ਹੈ, ਸਾਹਸ ਹੈ, ਸਤਜਾ ਹੈ, ਅਣਖ ਹੈ, ਸੱਚ ਤੇ ਪਹਿਰਾ ਦੇਣ ਦਾ ਹੀਆ ਹੈ ਤੇ ਹੁਣ ਇਨ੍ਹਾਂ ਗੁਣਾਂ ਨਾਲ ਤੂੰ ਇਤਨਾ ਭਲਾ ਹੋ ਜਾਣਾ ਹੈ ਕਿ ਮਹਾਤਮਾ ਤੇਰੇ ਦਰਸ਼ਨ ਨੂੰ ਆਯਾ ਕਰਨਗੇ। ਸੋ ਮੈਂ ਖਿਮਾ

ਕਰਦਾ ਹਾਂ ਤੇ ਤੈਨੂੰ ਛਡਦਾ ਹਾਂ। ਪਰ ਮੇਰੀ ਅੱਖ ਤੇਰੇ ਤੇ ਰਹੇਗੀ ਏਹ ਦੇਖਣ ਲਈ ਕਿ ਤੂੰ ਗੁਰੂ ਦੇ ਦੱਸੇ ਰਾਹ ਤੇ ਟੁਰ ਰਿਹਾ ਹੈਂ ਤੇ ਪਰਜਾ ਨੂੰ ਦੁਖਾ ਤਾਂ ਨਹੀਂ ਰਿਹਾ।

੯.

ਕੁਝ ਸਮਾਂ ਲੰਘ ਗਿਆ, ਭੂਮੀਆ ਸਚ ਮੁਚ ਸੰਤ ਹੋ ਗਿਆ। ਪਾਪ ਕਰਮ ਉਸਦੇ ਸਾਰੇ ਛੁੱਟ ਗਏ। ਦਇਆ ਵਾਲੇ ਪੁੰਨ ਦਾਨ ਉਸ ਵਿਚ ਵਸ ਗਏ। ਸਚ ਟਿਕ ਗਿਆ ਉਸ ਦੇ ਅੰਦਰ, ਜਿਸ ਨੇ ਸਾਰੇ ਪਾਪ ਧੋ ਕੱਢੇ। ਨਾਮ ਨੇ ਅੰਦਰ ਸੁੱਛ ਕਰ ਦਿੱਤਾ ਬ੍ਰੀਕ ਮੈਲਾਂ ਤੋਂ ਤੇ ਪਿਛਲੇ ਕਰਮਾਂ ਦੀ ਕਾਈ ਤੋਂ। ਨਾਮ ਨੇ ਬਲ ਭਰ ਦਿੱਤਾ ਨੇਕੀ ਦਾ, ਹਾਂ, ਨਾਮ ਨੇ ਰਸ ਲਾ ਦਿੱਤਾ-ਆਤਮ ਰਸ। ਭੂਮੀਏ ਦੇ ਹੁਣ ਦੇ ਹਾਲ ਸੁਣ ਸੁਣ ਕੇ ਰਾਜੇ ਨੂੰ ਪ੍ਰਤੀਤ ਹੋ ਆਈ ਕਿ ਏਹ ਪੂਰਨ ਸੰਤ ਹੋ ਗਿਆ ਹੈ। ਤਾਂ ਉਸਨੇ ਭੂਮੀਏ ਨੂੰ ਸੱਦ ਕੇ ਕਿਹਾ: ਮੈਂ ਤੈਨੂੰ ਗੁਰੂ ਧਾਰਨ ਕਰਦਾ ਹਾਂ ਤੂੰ ਮੈਨੂੰ ਦੀਖਯਾ ਦੇਹ। ਤਾਂ ਭੂਮੀਏ ਆਖਿਆ: ਰਾਜਾ ਮੈਂ ਤਾਂ ਅਜੇ ਸਿੱਖ ਬੀ ਨਹੀਂ ਹਾਂ, ਗੁਰੂ ਤਾਂ ਉਹ ਆਪ ਹੈ, ਜਿਸਨੇ ਮੇਰੇ ਜੇਹੇ ਪਾਪੀ ਨੂੰ ਪਾਪ ਵਿਚੋਂ ਕੱਢ ਕੇ ਮਿਹਰ ਵਿਚ ਪੁਜਾ ਦਿਤਾ! ਰਾਜਾ! ਮਿਹਰ ਹਈ ਨਾਮ ਰਸ ਵਿਚ ਪਹੁੰਚ ਪੈਣਾ, ਮੈਨੂੰ ਸੋਝੀ ਆਈਏ ਹੁਣ, ਮਿਹਰ ਹੈ-ਨਾਮ ਰਸ, ਬ੍ਰਹਮਾਨੰਦ। ਹਾਂ ਜੇ ਤੂੰ ਚਾਹੁੰਦਾ ਹੈ ਤਾਂ ਗੁਰੂ ਨਾਨਕ ਦੇਵ ਜੀ ਨੂੰ ਗੁਰੂ ਧਾਰਨ ਕਰ। ਰਾਜੇ ਨੇ ਕਿਹਾ ਕਿ ਉਹ ਕਿੱਥੇ ਹਨ? ਤਾਂ ਭੂਮੀਏਂ ਨੇ ਕਿਹਾ ਕਿ ਓਹ ਤਾਂ ਦੂਰ ਚਲੇ ਗਏ ਹਨ ਪਰ ਓਹ ਜਾਣਨ ਹਾਰ ਹਨ, ਪ੍ਰੇਮ ਦੀ ਆਵਾਜ਼ ਦੂਰ ਤੋਂ ਸੁਣਦੇ ਹਨ ਤੇ ਪ੍ਰੇਮ ਭਾਉ ਕਰਕੇ ਪ੍ਰਗਟ ਹੋ ਜਾਂਦੇ ਹਨ। ਤੂੰ ਧਰਮ ਸਾਲ ਬਨਾਉ ਜਿਥੇ ਕੀਰਤਨ ਹੋਵੇ ਤੇ ਆਪ ਬੀ ਆਕੇ ਸੁਣਿਆ ਕਰ; ਕੀਰਤਨ ਰਾਜਾ, ਉਸ ਗੁਰੂ ਦੀ ਬਾਣੀ ਦਾ ਹੋਵੇ, ਜੋ ਮੇਰੇ ਡੇਰੇ ਦੇ ਕੁਛ ਸਜਣ ਹੁਣ ਕਰਦੇ ਹਨ। ਗੁਰੂ ਜੀ ਤਾ ਤਦੋਂ ਚਲੇ ਗਏ ਸਨ ਪਰ ਮੇਰੇ ਸੇਵਕ ਨੂਰ ਸ਼ਾਹ ਤੋਂ ਜਾ ਕੇ ਗੁਰੂ ਜੀ ਦੀ ਬਾਣੀ ਕੁਛ ਲਿਖ ਕੇ ਲੈ ਆਏ ਹਨ, ਉਸ ਦਾ ਅਸੀਂ ਕੀਤਰਨ ਕਰਦੇ ਹਾਂ। ਸੋ ਜੇ ਸ਼ਰਧਾ ਹੋ ਆਈ ਹੈ ਹੇ ਰਾਜਾ! ਤਾਂ ਧਰਮਸਾਲ ਪੁਆਓ ਤੇ ਇਹ ਕਾਰਜ਼ ਕਰੋ। ਮੇਰੇ ਘਰ ਹੁਣ ਓਹ ਸਦਾਬ੍ਰਤ ਨਹੀਂ ਰਿਹਾ, ਪਰ ਹਾਂ ਲੰਗਰ ਗੁਰੂ ਕਾ ਹੁੰਦਾ ਹੈ-ਜਿਤਨਾ ਮੇਰਾ ਵਿਤ ਹੈ ਉਸ ਮੂਜਬ ਜੋ ਧਰਮ ਨਾਲ ਆਉਂਦਾ ਹੈ ਮੈਂ ਵੰਡ ਛਕਦਾ ਹਾਂ। ਤਾਂ ਰਾਜੇ ਨੇ ਧਰਮਸਾਲ ਪੁਆਈ, ਧਰਮ ਮਾਲ ਨਾਲ ਲੰਗਰ ਲਾ ਦਿਤਾ ਗੁਰੂ ਨਾਨਕ ਦੇ ਨਾਮ ਦਾ। ਜੋ ਕੋਈ ਆਵੇ ਅਤਿਥੀ, ਪਰਦੇਸੀ, ਲੋੜਵੰਦ ਸਾਧ ਸੰਤ ਓਥੇ ਪ੍ਰਸਾਦ ਛਕੇ। ਤੀਸਰੇ ਪਹਿਰ ਓਥੇ ਕੀਰਤਨ ਹੋਵੇ। ਭੂਮੀਏ ਦੇ ਸੇਵਕ, ਜੋ ਹੁਣ ਗੁਰੂ ਕੇ ਸਿੱਖ ਸਦਾਉਂਦੇ ਸੇ, ਕੀਰਤਨ ਕਰਿਆ ਕਰਨ। ਦੂਰੋਂ ਨੇੜਿਓਂ ਬੀ ਸਿੱਖ ਕਦੇ ਕਦੇ ਆ ਜੁੜਦੇ ਸਨ। ਰਾਜਾ ਆਪ ਕੀਰਤਨ ਸੁਣਨ ਆਇਆ ਕਰੇ। ਹੋਰ ਕਈਆਂ ਨੂੰ ਬੀ ਪ੍ਰੇਮ ਹੋ ਆਇਆ।

ਭੂਮੀਏ ਤੇ ਰਾਜੇ ਦੀ ਇੰਨੀ ਨਿਸ਼ਾ ਹੋਈ ਕਿ ਉਸਨੂੰ ਆਪਣੇ ਵਜ਼ੀਰਾਂ ਵਿਚ ਥਾਉਂ ਦੇ ਦਿਤੀਓਸੁ ਕਿ ਜੋ ਸੱਚਾ ਹੈ, ਭਲਾ ਹੈ, ਦਇਆਵਾਨ ਹੈ ਤੇ ਮਨ ਵਿਚ ਬਲ ਰਖਦਾ ਹੈ ਨੇਕੀ ਦਾ ਤੇ ਭਉ ਰਖਦਾ ਹੈ ਰੱਬ ਦਾ, ਏਹ ਰਾਜ ਦੇ ਕੰਮ ਧਰਮ ਨਾਲ ਨਿਬਾਹੇਗਾ। ਆਪ ਰਾਜਾ ਹੁਣ ਏਸ ਅਰਦਾਸ ਵਿਚ ਰਿਹਾ ਕਰੇ ਕਿ ਕਦੇ ਹੇ ਗੁਰੂ ਨਾਨਕ ਤੇਰੇ ਦੀਦਾਰ ਹੋਣ ਤੇ ਮੈਂ ਬੀ ਦਰਸ਼ਨ ਕਰਾਂ ਤੇ ਮਨ ਦੀਆਂ ਮੁਰਾਦਾਂ ਪ੍ਰਾਪਤ ਕਰਾਂ।

ਭੂਮੀਆ ਜੋ ਭੂਮੀ ਦਾ ਭਾਰ ਤੇ ਪਾਪ ਦਾ **ਮੋਢੀਵਾਲ** ਸੀ ਹੁਣ ਪਿਆਰ, ਧਰਮ ਤੇ ਸੱਚੇ ਨਾਮ ਦਾ ਪ੍ਰਚਾਰ ਕਰਨ ਵਾਲਾ ਹੋ ਗਿਆ। ਧੰਨ ਸ੍ਰੀ ਗੁਰੂ ਨਾਨਕ ਦੇਵ ਜੀ, ਜਿਨ੍ਹਾਂ ਨੇ ਥੋਹਰਾਂ ਦੇ ਪੇੜ ਮਲਯਾਗਰ ਦੇ ਚੰਦਨ ਬਨਾ ਦਿਤੇ, ਓਹ ਤਰ ਗਏ ਤੇ ਸਾਡੇ ਨਿਸਤਾਰੇ ਲਈ ਉਨ੍ਹਾਂ ਚੰਦਨ ਬਣਿਆਂ ਦੇ ਜੀਵਨ ਪੂਰਨੇ ਬਣ ਗਏ ਸੁੱਤੇ ਲਾਉਣ ਦੇ।

ਸੋ ਅੱਜ ਹੈ ਉਸ ਗੁਰੂ, ਸੂਰੇ ਗੁਰੂ, ਪੂਰੇ ਗੁਰੂ, ਦਿਲ ਪੀੜਾਂ ਦੇ ਜਾਣਨ ਵਾਲੇ ਤੇ ਮਨ ਦੀਆਂ ਨਾੜੀਆਂ ਨੂੰ ਪਛਾਣਕੇ ਠੀਕ ਦਾਰੂ ਨਾਲ ਮਨ ਦੇ ਰੋਗ ਮਿਟਾਵਣ ਵਾਲੇ ਸੱਚੇ ਗੁਰੂ ਦੇ ਅਵਤਾਰ ਦਾ


www.sikhbookclub.com

ਦਿਨ, ਜਿਸ ਨੇ ਬੜੇ ਬੜੇ ਅਧਮ ਜੀਵਾਂ ਦਾ ਨਿਮਰਤਾਰਾ ਕੀਤਾ। ਹਾਂ ਅਜ ਹੈ ਉਹ ਦਿਨ, ਹੇ ਪਾਠਕ! ਚਾਹੀਦਾ ਹੈ ਕਿ ਅਸੀਂ ਸਾਰੇ ਆਪੋ ਆਪਣੇ ਥਾਂ ਆਪਣੇ ਪਾਪ ਲੈ ਕੇ ਉਸ ਗੁਰੂ ਦੇ ਅੱਗੇ ਧਰ ਦੇਈਏ ਕਿ ਹੇ ਕਰਤਾਰ ਦੇ ਘੱਲੇ ਪਾਪ ਹਰਨ ਦਾਤਾ! ਸਾਨੂੰ ਬੀ ਧੋ ਦੇ ਭੂਮੀਏ ਵਾਂਙੂ ਤੇ ਲਾ ਦੇ ਕਿਸੇ ਰਸਤੇ, ਜੋ ਅਸੀਂ ਬੀ ਹੋ ਜਾਈਏ ਪਾਰਗਿਰਾਮੀ ਤੇ ਜਿੱਤ ਲਈਏ ਹੀਰਾ ਜਨਮ।

ਆਖੋ

ਧੰਨ ਗੁਰੂ ਨਾਨਕ।

***

## ੫. ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਿਹਾਰ ਤੇ ਬੰਗਾਲ ਯਾਤਰਾ*

ਅਸਲ. ਚੁਪ। ਅਸਲ ਬੋਲਣਾ। ਅਸਲ ਸੁਣਨਾ। ਬਿਹਾਰ ਬੰਗਾਲ ਦੇ ਪ੍ਰਸਿਧ ਨਗਰਾਂ ਵਿਚ ਗੁਰ ਨਾਨਕ ਯਾਤ੍ਰਾ ਦੇ ਸਮਾਚਾਰ।

### ੧. ਚੁੱਪ।

**ਸਦੀਆਂ** ਤੋਂ ਮੋਨ ਖੜੀ ਇਕ ਪਹਾੜੀ ਦੇ ਸ਼ਿਖਰੇ ਖਿੜ ਪਏ ਹਨ 'ਪਦਮ-ਬ੍ਰਿੱਛ'। ਅਪੱਤ ਡਾਲੀਆਂ ਭਰ ਗਈਆਂ ਹਨ ਗੁਲਾਬੀ ਰੰਗ ਦੇ ਸ਼ਗੂਫ਼ੇ ਨਾਲ, ਜਿਵੇਂ ਕਿਸੇ ਨੇ ਪੁਰੋਕੇ ਲਾ ਦਿੱਤੀਆਂ ਹਨ ਫੂਲਸਰੀਆਂ। ਬਸੰਤ ਅਜੇ ਛੇ ਮਹੀਨੇ ਦੀ ਵਿੱਥ ਤੇ ਹੈ ਕਿ ਪਦਮ ਬ੍ਰਿੱਛਾਂ ਉੱਤੇ ਆ ਗਈ ਹੈ ਬਹਾਰ-ਖਿੜੀ ਬਹਾਰ। ਚੁੱਪ ਖੜੇ ਰਹੇ ਹਨ ਵਰ੍ਹਾ ਦਿਨ ਪਦਮ, ਹਵਾ ਨੇ ਪੱਤ ਪੱਤ ਕਰਕੇ ਉਡਾ ਦਿਤਾ ਹੈ ਸਾਰਾ ਮਾਲ ਮਤਾ, ਚੁਪਾਤੇ ਖੜਿਆਂ ਖਾਧੀ ਹੈ ਸਾਰੀ ਬਰਸਾਤ ਦੀ ਮਾਰ। ਪਰ ਇਸ ਚੁੱਪ ਵਿਚ ਡਾਲੀਆਂ ਦੇ ਅੰਦਰ ਦੀ ਘਾੜਤ ਘੜੀਂਦੀ ਰਹੀ ਹੈ, ਹਾਂ ਚੁੱਪ ਵਿਚ ਘੜੀਂਦੀ ਘਾੜਤ ਹੁਣ ਫੁੱਟਕੇ ਨਿਕਲ ਆਈ ਹੈ ਬਾਹਰ, ਖੇੜਾ ਲੈ ਕੇ ਆਈ ਹੈ ਤੇ ਲਾ ਰਹੀ ਹੈ ਖੇੜਾ ! ਕੀਹ ਸੁੰਦਰਤਾ ਦੀ ਟਕਸਾਲ ਚੁੱਪ ਵਿਚ ਹੀ ਆਪਣੀ ਘਾੜਤ ਘੜਦੀ ਹੈ ?

ਪਦਮ ਦੇ ਫੁੱਲਾਂ ਦੀਆਂ ਪੰਖੜੀਆਂ ਕੋਈ ਕੋਈ ਕਿਰ ਰਹੀਆਂ ਹਨ ਪਰ ਚੁੱਪ ਚਾਪ। ਹੇਠਾਂ ਫਰਸ਼ ਵਿਛ ਗਿਆ ਹੈ ਇਸ ਆਪਾ ਵਾਰਨਹਾਰ ਪੰਖੜੀਆਂ ਦੀ ਆਪੇ ਬਣੀ ਮਖਮਲ ਦਾ। ਜਿਸ ਪਰ ਬੈਠੇ ਹਨ ਇਕ ਸੰਤ ਚੁਪ ਚਾਪ ਤੇ ਅਡੋਲ, ਜਿਵੇਂ ਖੜੇ ਹਨ ਬ੍ਰਿੱਛ ਮੋਨ ਧਾਰੀ, ਉੱਤੋਂ ਪੈ ਰਹੀ ਹੈ ਸੰਤਾਂ ਉੱਤੇ ਕਿਸੇ ਕਿਸੇ ਵੇਲੇ ਕਿਰ ਰਹੀ ਫੁੱਲ ਪੰਖੜੀ।

ਚੁੱਪ, ਹਾਂ ਚੁੱਪ ਛਾ ਰਹੀ ਹੈ ਚਾਰ ਚੁਫੇਰੇ। ਚੁੱਪ ! ਰਸਨਾ ਬੋਲਣੋਂ ਰੁਕ ਗਈ ਤਾਂ ਹੋ ਗਈ ਚੁੱਪ। ਪਰ ਰਸਨਾ ਚੁੱਪ ਹੋ ਜਾਏ ਤਾਂ ਬੀ ਚੁੱਪ ਨਹੀਂ ਹੁੰਦੀ, ਫਿਰ ਵਾਸ਼ਨਾ ਰੂਪੀ ਰਸਨਾਂ ਅੰਦਰ ਪਈ ਬੋਲਦੀ ਹੈ। ਜੇ ਵਾਸ਼ਨਾ ਦੀ ਰਸਨਾ ਬੀ ਚੁੱਪ ਕਰ ਜਾਏ ਤਾਂ ਫੇਰ ਫੁਰਨਿਆਂ ਰੂਪੀ ਰਸਨਾਂ ਪਈ ਬੋਲਦੀ ਹੈ

---

* ਇਹ ਲੇਖ ਗੁਰਪੁਰਬ ਕੱਤਕ ਪੂਰਨਮਾਸ਼ੀ ਸੰ: ਗੁ: ਨਾ: ਸਾ: ੪੬੯ (੧੮ ਨਵੰਬਰ ੧੯੩੭) ਨੂੰ ਖਾਲਸਾ ਸਮਾਚਾਰ ਦਾ ਮੁਖ ਲੇਖ ਹੋ ਕੇ ਛਪਿਆ ਤੇ ਗੁਟਕੇ ਦੇ ਰੂਪ ਵਿਚ ਬੀ ਪ੍ਰਚਾਰਿਤ ਹੋਇਆ ਸੀ।


www.sikhbookclub.com

ਅੰਦਰ। ਸਉਂ ਜਾਓ ਤਾਂ ਬੀ ਅੰਦਰ ਵਾਸ਼ਨਾ ਤੇ ਫੁਰਨੇ ਸੁਪਨੇ ਦਾ ਰੂਪ ਧਾਰਕੇ ਪਏ ਬੋਲਦੇ ਤੇ ਗਲਾਂ ਕਰਦੇ ਹਨ। ਅੰਦਰ ਚੁਪ ਨਹੀਂ ਛਾਉਂਦੀ। ਪਰ ਇਸ ਵੇਲੇ ਸੰਤ ਬੈਠੇ ਹਨ ਸਾਰੀਆਂ ਚੁੱਪਾਂ ਧਾਰਕੇ। ਰਸਨਾ, ਵਾਸ਼ਨਾ, ਫੁਰਨੇ ਤਰੈਏ ਚੁੱਪ ਹਨ। ਪਰ ਹੁਣ ਜੋ ਚੁੱਪ ਛਾ ਰਹੀ ਹੈ ਉਸ ਵਿਚ ਆਤਮਾਂ ਗੱਲਾਂ ਕਰ ਰਿਹਾ ਹੈ ਪਰਮਾਤਮਾਂ ਨਾਲ। ਐਸੀ ਚੁੱਪ ਵਿਚ ਸਦਾ ਚੁੱਪ ਪਰਮਾਤਮਾ ਦੀ ਆਵਾਜ਼ ਬੀ ਸੁਣਾਈ ਦੇ ਜਾਂਦੀ ਹੈ ਆਤਮਾਂ ਨੂੰ। ਕੀਹ ਚੁੱਪ ਵਿਚ ਰੂਹ ਰੂਹ ਨਾਲ ਬੋਲਦੀ ਹੈ ?

ਕਿਤਨਾ ਚਿਰ ਬੈਠੇ ਰਹੇ ਸੰਤ ਬਿਮਲਾ ਸਿੰਘ ਜੀ ਇਸ ਤਰ੍ਹਾਂ ਚੁੱਪ ਤੇ ਅਡੋਲ ਕਿ ਇੰਨੇ ਨੂੰ ਪੂਰੇ ਵਲ ਚੁਪਾਤੇ ਹੀ ਲਾਲੀ ਛਾ ਗਈ ਤੇ ਮਲਕੜੇ ਮਲਕੜੇ ਅੱਗੇ ਅੱਗੇ ਵਧਣ ਲਗ ਗਈ। ਫੇਰ ਚਾਨਣ-ਰਿਸ਼ਮਾ ਨੱਚ ਪਈਆਂ, ਜਾਗ ਪਏ ਚੁੱਪ ਦੀ ਗੋਦ ਵਿਚ ਸੁੱਤੇ ਪਏ ਪੰਛੀ ! ਸੁਤਿਆਂ ਪਿਆਂ ਵਿਚ 'ਚੁੱਪ' ਸੰਗੀਤ ਰਸ ਭਰਦੀ ਰਹੀ ਸੀ, ਹੁਣ ਜਾਗ ਪਿਆਂ ਦੇ ਗਲੇ ਖੁੱਲ੍ਹ ਪਏ ਤੇ ਅੰਦਰਲਾ ਸੰਗੀਤ ਰਸ ਆਵਾਜ਼ ਹੋ ਕੇ ਨਿਕਲਿਆ ਤੇ ਬਨ ਦੀ ਚੁੱਪ ਨੂੰ ਸੁਹਣੀਆਂ ਸੁਰਾਂ ਨਾਲ ਬੁਲਾਉਣ ਲੱਗ ਪਿਆ। ਸੰਤਾਂ ਦੇ ਕੰਨਾਂ ਵਿਚ ਬੀ ਇਹ ਚਿੜੀ-ਚੂਹਕ ਤੇ ਪੰਛੀ-ਚਿਹਚਿਹੇ ਆ ਪਏ। ਹੋਰ ਉਚੇ ਆ ਕੇ ਸੂਰਜ ਨੇ ਆਪਣੇ ਨੈਣ ਬਾਣ ਛੱਡੇ, ਚਾਹੇ ਚੁਪਾਤੇ ਹੀ ਪਰ ਉਨ੍ਹਾਂ ਨੇ ਜਗਤ ਦੇ ਬੰਦ ਨੈਣਾਂ ਨੂੰ ਦੱਸ ਹੀ ਦਿੱਤਾ ਕਿ ਦਿਨ ਚੜ੍ਹ ਪਿਆ ਜੇ। ਕੰਨਾਂ ਦੇ ਪਰਦਿਆਂ ਨੇ ਅਗੇ ਹੀ ਪੰਛੀ-ਰਾਗ ਤੋਂ ਦਿਹੁੰ ਚੜਿਆ ਸਿਆਣ ਲਿਆ ਸੀ, ਸੋ ਹੁਣ ਸੰਤਾਂ ਦੇ ਅੰਦਰ ਬੀ ਜਾਗ੍ਰਤ ਦੀ ਲਹਿਰ ਫਿਰ ਗਈ ਤੇ ਉਥਾਨ ਦੇ ਫੁਰਨੇ ਦੀ ਠੁਹਕਰ ਆ ਵੱਜੀ। ਆਪ ਦੇ ਦੁਇ ਹੱਥ ਉੱਠੇ, ਨੈਣਾਂ ਤੇ ਦੋ ਚਾਰ ਵਾਰ ਫਿਰੇ। ਖੁੱਲ੍ਹ ਖੁੱਲ੍ਹ ਮਿਟ ਮਿਟ ਅੰਤ ਨੈਣ ਖੁੱਲ੍ਹੇ, ਨੈਣਾਂ ਨੇ ਪਹਿਲਾਂ ਆਪਣੇ ਹਥਾਂ ਦਾ ਦਰਸ਼ਨ ਕੀਤਾ, ਫੇਰ ਪਦਮ ਖੇੜੇ ਤੇ ਉਸੇ ਤੇ ਟੇਢੀਆਂ ਪੈ ਰਹੀਆਂ ਸੂਰ ਕਿਰਨਾਂ ਦਾ। ਫੇਰ ਸੰਤ ਚੁਫੇਰੇ ਤੱਕੇ ਪਰ ਬੋਲੇ ਨਹੀਂ। ਕਿਸ ਨਾਲ ਬੋਲਣ, ਸੁਣਨੇ ਵਾਲਾ ਕੰਨ ਤਾਂ ਕੋਈ ਪਾਸ ਨਹੀਂ। ਪਰ ਮਨ ਦੀ ਰਸਨਾ ਤੇ ਮਨ ਦੇ ਕੰਨ ਤਾਂ ਮੌਜੂਦ ਹਨ। ਮਨ ਹੁਣ ਮਨ ਨੂੰ ਆਖਦਾ ਹੈ: ਇਹ ਸੀ ਮਨਾ ! ਅਸਲੀ ਚੁੱਪ, ਜਿਸ ਵਿਚ ਆਤਮਾ ਨਾਲ ਪਰਮਾਤਮਾ ਗਲਾਂ ਕਰਦਾ ਹੈ। ਹੋਰ ਚੁੱਪ ਤਾਂ ਕਾਹਦੀ ਚੁੱਪ ਹੈ, ਅੰਦਰ ਚੁੱਪ ਕੋਈ ਨਹੀਂ ਹੁੰਦੀ। ਦੋ ਮਹੀਨੇ ਨਾਂ ਬੋਲੇ ਤਾਂ ਨਾਂ ਸਹੀ, ਅੰਦਰ ਤਾਂ ਗਲਾਂ ਹੁੰਦੀਆਂ ਹੀ ਰਹੀਆਂ ਹਨ। ਜਾਗਦਿਆਂ ਕੀ, ਸੁੱਤਿਆਂ ਬੀ ਚੁੱਪ ਨਹੀਂ ਹੁੰਦੀ। ਜਾਗਤ੍ਰ ਵਿਚ ਸੰਕਲਪ, ਨੀਂਦ ਵਿਚ ਸੁਪਨ-ਮਨੋਰਥ ਗਲਾਂ ਹੀ ਹਨ ਨਾਂ, ਜੋ ਹੁੰਦੀਆਂ ਹੀ ਰਹੀਆਂ। ਫੇਰ ਇਹ ਬੀ ਨਹੀਂ ਕਿ ਨੀਂਦ ਦੀ ਚੁੱਪ ਬੜੀ ਚੰਗੀ ਹੀ ਹੋਵੇ। ਜੇ ਸੁਭਾਉ ਮਾੜਾ ਹੈ ਤਾਂ ਰਸਨਾ ਮਾੜਾ ਬੋਲਦੀ ਹੈ ਤੇ ਜੇ ਰਸਨਾ ਨੀਂਦ ਵਿਚ ਚੁੱਪ ਹੋ ਗਈ ਤਾਂ ਸੁਪਨ ਦੇ ਮਨੋਰਥ ਬੀ ਮਾੜੇ। ਤੇ ਜੇ ਸੁਭਾਵ ਚੰਗਾ ਹੈ ਤਾਂ ਅੰਦਰ ਦੀਆਂ ਅਵਾਜ਼ਾਂ ਬੀ ਚੰਗੀਆਂ ਸੁਪਨ ਮਨੋਰਥ ਬੀ ਚੰਗੇ। ਹੇ ਮਨ! ਜੇ ਬਾਹਰ ਦੀ ਚੁਪ ਧਾਰੀ ਆ ਤਾਂ ਅੰਦਰ ਦੀ ਚੁੱਪ ਬੀ ਧਾਰ। ਹੈਂ ਕੇਹੀ ਸੁਹਦੀ ਚੁੱਪ ਸੀ, ਜਿਸ ਵਿਚ ਕੇਵਲ ਏਕੰਕਾਰ ਨਾਲ ਬਾਤ ਸੀ। ਇਹ ਮੇਰੀ ਚੁੱਪ ਕੀਹ ਸੀ ! ...ਕੀ ਇਹੋ ਅਮਰ ਜੀਵਨ ਨਹੀਂ ਸੀ ? ਕੀ ਉਸ ਵੇਲੇ ਮੈਂ ਅਨਿੱਤਤਾਈ ਵਿਚੋਂ ਨਿਕਲਕੇ ਨਿੱਤ ਨਹੀਂ ਸਾਂ ਹੋ ਗਿਆ ? ਹੁਣ ਜੋ ਬੋਲ ਰਿਹਾ ਹਾਂ; ਚਾਹੇ ਰਸਨਾਂ ਬੰਦ ਹੀ ਹੈ, ਕੀ ਮੈਂ ਫੇਰ ਅਨਿੱਤਤਾ ਵਿਚ ਨਹੀਂ ਆ ਗਿਆ ? ਹਾਂ, ਉਹ ਚੁੱਪ ਆਤਮਾ ਦੀ ਪਰਮਾਤਮਾ ਵਿਚ ਅਮਰਤਾ ਸੀ। ਕਿਉਂ ਮਨ ! ਕੀ ਮੈਂ ਤਦੋਂ ਪੂਰਨ ਪੂਰਨ ਨਹੀਂ ਸਾਂ ਸਾਗਰ ਵਾਂਙੂ, ਹੁਣ ਅਪੂਰਾ ਨਹੀਂ-ਹਿੱਸਾ ਹਿੱਸਾ, ਤਰੰਗ ਤਰੰਗ ? ਹੇ ਮਨਾਂ ਕੀ ਮੈਂ ਤਦੋਂ ਆਪ ਸਾਰੀ ਸੁੰਦਰਤਾ ਨਹੀਂ ਸਾਂ, ਸੰਗੀਤ ਆਪ ਨਹੀਂ ਸਾਂ ਸਾਰਾ ? ਤੇ ਹੁਣ ਕੀ ਮੈਂ ਸੁੰਦਰਤਾ ਦੀ ਇਕ ਝਲਕ ਮਾਤ੍ਰ ਤੇ ਸੰਗੀਤ ਦਾ ਇਕ ਤ੍ਰਾਨਾ ਮਾਤ੍ਰ ਨਹੀਂ ਰਹਿ ਗਿਆ ?

ਕੁਛ ਚਿਰ ਫੇਰ ਫੁਰਨੇ ਤੇ ਅਫੁਰਨੇ ਦੇ ਸੰਗਮ ਵਿਚ ਗੁੰਮ ਰਹਿਕੇ ਸੰਤਾਂ ਦੀ ਮਨ ਦੀ ਮਨ ਨਾਲ ਗਲ ਬਾਤ ਛਿੜ ਪਈ ਤੇ ਫੇਰ ਅਪਣੇ ਆਪ ਨਾਲ ਬੋਲੇ:- ਜਿਵੇਂ ਨੀਂਦ ਸਰੀਰ ਨੂੰ ਤਰੋ ਤਾਜ਼ਾ ਕਰ


www.sikhbookclub.com

ਦੇਂਦੀ ਹੈ, ਅਸਲੀ ਚੁੱਪ ਨੇ ਮੇਰੇ ਆਤਮਾ, ਮਨ, ਸਰੀਰ, ਤ੍ਰੈਹਾਂ ਨੂੰ ਤਰੋ ਤਾਜ਼ਾ ਕਰ ਦਿਤਾ ਹੈ[1]। ਭਾਗ ਸੁਲੱਖੀ ਹੈ ਇਹ ਚੁੱਪ। ਸਾਂਈਂ ਚੁੱਪ ਹੈ, ਸਦਾ ਆਨੰਦ ਹੈ। ਜੀਵ ਬੋਲਦਾ ਹੈ, ਜੀਵ ਕਦੇ ਆਨੰਦ ਹੈ ਕਦੇ ਦੁਖੀ। ਫਰਿਸ਼ਤੇ ਚੁੱਪ ਹਨ, ਦੇਵਤੇ ਚੁੱਪ ਹਨ, ਮੁਕਤੇ ਚੁੱਪ ਹਨ, ਸਿਧੀ ਨੂੰ ਪ੍ਰਾਪਤ ਹੋਏ ਚੁੱਪ ਹਨ, ਸੁਖੀ ਹਨ। ਇਹ ਮਾਨੁੱਖ ਬੋਲਦਾ ਹੈ ਇਹ ਪੀਂਘ ਚੜ੍ਹੇ ਵਾਂਙੂ ਸੁਖ ਦੁਖ ਦੇ ਹਿਲੋਰੇ ਲੈਂਦਾ ਹੈ।

ਪਰ ਹੇ ਮੇਰੇ ਮਨ ! ਬੋਲਣਾ ਬੀ ਤਾਂ ਇਕ ਗੁਣ ਹੈ, ਉੱਚਤਾ ਹੈ, ਪ੍ਰਾਪਤੀ ਹੈ। ਜੜ੍ਹ ਸ੍ਰਿਸ਼ਟੀ ਨਹੀਂ ਬੋਲਦੀ, ਜੀਵ ਸ਼੍ਰੇਣੀ ਬੋਲਦੀ ਹੈ, ਇਸ ਕਰਕੇ ਉਸ ਨਾਲੋਂ ਉੱਚੀ ਹੈ। ਜੀਵ ਸ਼੍ਰੇਣੀ ਬੋਲਦੀ ਹੈ ਪਰ ਅਧੂਰਾ, ਮਨੁੱਖ ਬੋਲਦਾ ਹੈ ਸਾਰਥਿਕ ਤੇ ਉਨ੍ਹਾਂ ਨਾਲੋਂ ਸੰਪੂਰਨ, ਸੋ ਮਨੁੱਖ ਜੀਵਾਂ ਤੋਂ ਬੀ ਉੱਚਾ ਹੈ। ਅਸਲ ਬੋਲਣਾ ਤਾਂ ਮਨੁੱਖ ਦੇ ਹੀ ਪਾਸ ਹੈ, ਮਨੁੱਖ ਸ੍ਰਿਸ਼ਟੀ ਦਾ ਤਦੇ ਸਰਦਾਰ ਹੈ। ਪਰ ਇਸ ਮਨੁੱਖ ਦੇ ਬੋਲਣ ਵਾਲਾ ਹੁੰਦਿਆਂ ਕਿਸੇ ਉੱਚੇ ਅਬੋਲ ਵਿਚ ਚੜ੍ਹ ਜਾਣਾ-ਉੱਚੀ ਚੁੱਪ ਵਿਚ ਪ੍ਰਵੇਸ਼ ਕਰ ਜਾਣਾ-ਬੋਲ ਅਬੋਲ ਸੰਗਤ ਵਿਚ-ਇਹ ਹੈ ਮਨੁੱਖ ਦਾ ਮਨੁੱਖਤਾਈ ਤੋਂ ਉੱਚੇ ਹੋਣਾ[2]।

ਹੁਣ ਸੰਸਾਰਕ ਖੇਲਾਂ ਵਿਚ ਬੀ ਤੱਕ ਮਨਾਂ ! ਭਾਵੇਂ ਮਾਨੁੱਖ ਉੱਚਾ ਹੈ, ਸ੍ਰਿਸ਼ਟੀ ਵਿਚ ਬੋਲਣ ਵਾਲਾ ਹੋਣ ਕਰਕੇ, ਪਰ ਇਸਦੇ ਉਚੇਰੇ ਸਮੇਂ ਤੇ ਇਸ ਦੀਆਂ ਉਚੇਰੀਆਂ ਛਿਨਾਂ ਚੁੱਪ ਦੇ ਕੁੱਛੜ ਚੜ੍ਹਕੇ ਹੀ ਇਸਨੂੰ ਮਿਲਦੀਆਂ ਹਨ। ਡਾਢੇ ਪਜਾਰ-ਵਲਵਲਿਆਂ ਵੇਲੇ ਇਨਸਾਨ ਚੁੱਪ ਹੁੰਦਾ ਹੈ। ਹਾਂ, ਅਤਿ ਪਿਆਰ ਦੀਆਂ ਛਿਨਾਂ ਪ੍ਰੀਤਮ ਨਾਲ ਉਹ ਹਨ ਜਦੋਂ ਦੁਇ ਚੁੱਪ ਦੀ ਗੋਦ ਵਿਚ ਬੈਠੇ ਹੋਣ। ਉਸ ਵੇਲੇ ਬੋਲਣਾ ਉਸ ਰਸ-ਸੰਗਮ ਵਿਚ ਵਿੱਥ ਲੈ ਆਉਂਦਾ ਹੈ। ਜਦ ਆਦਮੀ ਬੋਲਦਾ ਹੈ ਤਾਂ ਗੱਲ ਕਰਦਾ ਹੈ ਕਿਸੇ ਇਕ ਆਸ਼ੇ ਯਾ ਪਹਿਲੂ ਦੀ, ਜੋ ਹੁੰਦਾ ਹੈ ਇਕ ਅੰਸ਼ ਉਸਦੇ ਅੰਦਰਲੇ ਮਾਰੇ ਆਪੇ ਦਾ, ਸੋ ਉਹ ਉਸ ਵੇਲੇ ਆਪੇ ਦੇ ਖਜ਼ਾਨੇ ਦੀ ਕੋਈ ਇਕ ਰਕਮ ਬਾਹਰ ਕਢ ਰਿਹਾ ਹੁੰਦਾ ਹੈ, ਉਸਦਾ ਬਾਕੀ ਹਿੱਸਾ, ਉਸਦਾ ਸਾਰਾ ਆਪਾ ਤਾਂ ਉਸ ਵੇਲੇ ਬੀ ਇਕ ਚੁੱਪ ਵਿਚ ਹੁੰਦਾ ਹੈ। ਜਦੋਂ ਪ੍ਰੇਮ ਦਾ ਭਾਵ ਅਪਣੇ ਕਮਾਲ ਨੂੰ ਪੁਜਦਾ ਹੈ ਤਾਂ ਸਾਰਾ ਆਪੇ ਨਾਲ ਘੁਲ ਮਿਲ ਜਾਂਦਾ ਹੈ; ਉਸਦੀ ਕੋਈ ਅੰਸ਼ ਬਾਹਰ ਨਹੀਂ ਆਉਂਦੀ, ਇਸ ਕਰਕੇ ਚੁੱਪ ਛਾ ਜਾਂਦੀ ਹੈ ਤੇ ਚੁੱਪ ਵਿਚ ਰਸ ਸੰਗਮ।

ਦੇਖੋ ਮਨ ਰਾਜਾ ਜੀ ! ਤੁਸਾਂ ਵਿਦਜਾ ਪਾਈ, ਸੋ ਇਸ ਤਰ੍ਹਾਂ ਕਿ ਵਿਦਜਾ ਦਾਤਾ ਜੀ ਬੋਲੇ, ਤੁਸਾਂ ਸੁਣਿਆਂ, ਤੁਸੀਂ ਬੋਲੇ ਉਨ੍ਹਾਂ ਸੁਣਿਆਂ ਤੇ ਤੁਹਾਨੂੰ ਉੱਤਰ ਦਿੱਤੇ ਤਾਂ ਵਿਦਜਾ ਆਈ ਨਾ ? ਪਰ ਸੋਚ ਹੇ ਮਨ-ਵੀਚਾਰ ਕਰ, ਉਹ ਬੋਲਣਾ ਬੀ ਇਕ ਅੰਸ਼ ਹੁੰਦੀ ਸੀ ਅੰਦਰਲੇ ਸੰਪੂਰਨ ਆਪੇ ਦੀ। ਉਸਤਾਦ ਦੇ ਵਾਕ ਸੁਣਕੇ ਮਗਰੋਂ ਜਿਹੜਾ ਵੀਚਾਰ ਕੀਤਾ, ਸੋਚ ਸੋਚ ਕੇ ਜੋ ਅੰਦਰ ਗੁੜ੍ਹਿਆ, ਉਹ ਤਾਂ ਰਸਨਾਂ ਦੀ ਚੁੱਪ ਧਾਰਕੇ ਕੁਦਰਤ ਦੀਆਂ ਚੁੱਪਾਂ ਵਿਚ ਬੈਠਕੇ ਹੀ ਹੋਇਆ ਨਾਂ। ਉਹ ਸਮਾਂ ਕਿਤਨਾ ਵਧੀਕ ਲਗਾ ਉਸ ਸਮੇਂ ਨਾਲੋਂ, ਜੋ ਪੜ੍ਹਨ ਵੇਲੇ ਬੋਲਣ ਸੁਣਨ ਵਿਚ ਲੱਗਾ ਸੀ। ਚੁੱਪ ਵਡੇਰੀ ਹੈ, ਉਚੇਰੀ ਹੈ ਤੇ ਪੜ੍ਹੀ ਵਿਦਜਾ ਨੂੰ ਵਿਸ਼ਾਲਤਾ ਦੇਣੇ ਵਾਲੀ ਹੈ। ਛਡ ਹੇ ਮਨ ! ਏਹ ਸੋਚਾਂ, ਉਠ ਟੁਰ। ਤੂੰ ਹੁਣ ਬਚਨ ਦਿਤੇ ਮੂਜਬ ਜਾਣਾ ਹੈ, ਕਥਾ ਕਰਨੀ ਹੈ, ਇਹ ਉਪਕਾਰ ਹੈ, ਭਲਾ ਹੈ; ਮਨੁੱਖਾਂ ਜਨਮ ਦੀ ਸਫਲਤਾ ਹੈ। ਨਾਲੇ ਹੁਕਮ ਜੁ ਹੋਇਆ। ਪਰ ਇਹ ਬੀ ਤੱਕ ਲੈ ਕਿ ਸੰਗਤਾਂ ਵਿਚ ਜਾਕੇ ਕਥਾ ਵਾਰਤਾ ਉਪਦੇਸ਼ ਚਰਚਾ ਕਰਕੇ ਜਗਤ ਨੂੰ ਸੁਖ ਦੇ ਕੇ ਜਦ ਤੂੰ ਮੁੜਦਾ ਹੈਂ ਕਦੇ ਇਕ ਚਾਉ ਵਿਚ ਹੁੰਦਾ ਹੈਂ, ਪਰ ਕਦੇ ਐਉਂ ਹੁੰਦਾ ਹੈਂ ਕਿ ਜਿਵੇਂ ਭਰੇ ਖਜਾਨੇ ਦੇ ਆਇਆ ਹੈਂ, ਤਾਜ਼ਾ ਸਰੀਰ ਥਕਾ ਆਇਆ ਹੈਂ। ਫੇਰ ਚੁੱਪ ਤੇ ਏਕਾਂਤ ਲੋੜਦਾ ਹੈਂ, ਓਥੇ ਨਾਮ ਵਿਚ ਖੇਡਦਾ ਹੈਂ ਤਾਂ ਮੁੜ ਭਰ ਜਾਂਦਾ ਹੈਂ ਤੇ ਤਾਜ਼ਾਦਮ ਹੋ ਜਾਂਦਾ ਹੈਂ। ਆਹ ਦੇਖ ਦੋ ਮਹੀਨੇ ਦੀ ਚੁੱਪ ਨੇ ਮੁੜ ਲਬਾਲਬ ਭਰ ਦਿੱਤਾ ਹੈ, ਅਰੋਗ

---

1. ਬਾਣੀ ਰੋਕਿਆ ਰਹੈ ਦੁਆਰ॥ ਤਉ ਮਨੁ ਮਤਵਾਰੋ ਪੀਵਨ ਹਾਰ॥ (ਗਉ: ਕਬੀ: ਵਾਰ-੧)

2. ਜਹਾ ਬੋਲ ਤਹ ਅਛਰ ਆਵਾ॥ ਜਹ ਅਬੋਲ ਤਹ ਮਨੁ ਨ ਰਹਾਵਾ॥ ਬੋਲ ਅਬੋਲ ਮਧਿ ਹੈ ਸੋਈ॥ ਜਸ ਓਹੁ ਹੈ ਤਸ ਲਖੈ ਨ ਕੋਈ॥ (ਗਉ: ਕਬੀ: ਬਾ: ਅਖ-੨)


www.sikhbookclub.com

ਤੇ ਤਾਜ਼ਾ-ਦਮ ਕਰ ਦਿਤਾ ਹੈ; ਹੈ ਨਾ ਚੁੱਪ ਜਨਕ ਤੇ ਬੋਲਣ ਖਰਚ ਕਰਨਾ ! ਪਰ ਬਈ ਧੁਰੋਂ ਕਾਰ ਇਹੋ ਪਈ ਹੈ; ਜਪਣਾ ਤੇ ਜਪਾਣਾ; ਜਮਾ ਕਰਨਾ ਤੇ ਦਾਨ ਵਿਚ ਦੇਣਾ। ਦਾਤਾ ਦੇਂਦਾ ਰਹੇ ਤੇ ਦਾਤਾ ਵੰਡਵਾਂਦਾ ਰਹੇ, ਪਰ ਹੁਕਮ ਵਿਚ ਰੱਖੇ, ਹਉਂ ਵਿਚ ਨਾਂ ਜਾਣ ਦੇਵੇ।

ਸੰਤ ਫੇਰ ਕੁਛ ਚਿਰ ਦਿਲ ਨੂੰ ਰੋਕਦੇ ਰਹੇ, ਪਰ ਦਿਲ ਵਿਚ ਹੋਰ ਤ੍ਰੰਗ ਉਠੇ ਤੇ ਆਪ ਆਪੇ ਨਾਲ ਐਉਂ ਬੋਲੇ: ਚੁੱਪ ਬੜੀ ਸ਼ੈ ਹੈ, ਜਗਤ ਵਿਹਾਰ ਤੇ ਨੀਤੀ ਵਿਚ ਚੁੱਪ ਦਾ ਥਾਂ ਬੋਲਣ ਨਾਲੋਂ ਉਚੇਰਾ ਹੈ। ਕਿਸੇ ਉਰਦੂ ਕਵੀ ਨੇ ਕਿਹਾ ਹੈ ਰੱਬ ਨੇ ਦੋ ਕੰਨ ਦਿੱਤੇ ਤੇ ਇਕ ਜੀਭ ਦਿੱਤੀ ਹੈ[1], ਦੋ ਗੱਲਾਂ ਸੁਣਕੇ ਇਕ ਕਰਿਆ ਕਰ। ਇਸਨੇ ਬੋਲਣ ਨੂੰ ਘਟਾਕੇ ਚੁੱਪ ਨੂੰ ਵਧਾਇਆ ਹੈ। ਇਕ ਫਾਰਸੀ ਕਵੀ ਨੇ ਕਿਹਾ ਹੈ, ਜਦ ਤਕ ਆਦਮੀ ਚੁੱਪ ਹੈ ਉਸਦੇ ਗੁਣ ਔਗੁਣ ਦੁਇ ਲੁਕੇ ਹੋਏ ਹਨ[2]। ਇਸਦਾ ਇਹ ਅਰਥ ਹੋਇਆ ਕਿ ਜੋ ਵਿਦ੍ਵਾਨ ਨਹੀਂ, ਚੰਗੀ ਗੱਲ ਬਾਤ ਨਹੀਂ ਕਰ ਸਕਦਾ, ਉਹ ਚੁੱਪ ਹੀ ਰਹੇ ਤਾਂ ਚੰਗਾ ਹੈ। ਪਰ ਮੇਰੀ ਜਾਚੇ ਜੇ ਕਿਸੇ ਮੂਰਖ ਨੂੰ ਚੁੱਪ ਰਹਿਣ ਦੀ ਜਾਚ ਆ ਜਾਵੇ ਤਾਂ ਉਹ ਮੂਰਖ ਕਾਹਦਾ, ਉਹ ਤਾਂ ਦਾਨਾ ਹੋ ਗਿਆ। ਬੋਲਣ ਨਾਲ ਬਹੁਤ ਵੇਰ ਵਿਨਾਹ ਨਿਕਲੇ ਹਨ[3]; ਪਰ ਚੁੱਪ ਰਹਿਣ ਨਾਲ ਵਿਨਾਹ ਘੱਟ ਨਿਕਲਦਾ ਹੈ, ਚਾਹੋ ਬਾਜ਼ੇ ਵੇਲੇ ਸੌਰਦਾ ਕੁਛ ਨਹੀਂ। ਇਸ ਲਈ ਦਾਨਾ ਉਹ ਹੈ ਜੋ ਸੁਣਦਾ ਬਹੁਤ ਹੈ, ਤੇ ਵੀਚਾਰਦਾ ਬਹੁਤ ਹੈ, ਤਜਰਬਾ ਬਹੁਤ ਕਰਦਾ ਹੈ, ਪਰ ਬੋਲਦਾ ਘੱਟ ਹੈ। ਐਸਾ ਦਾਨਾ ਅਕਸਰ ਵੇਰ ਦੂਜੇ ਦਾਨੇ ਦੀ ਚੁੱਪ ਵਿਚੋਂ ਹੀ ਉਸਦੇ ਭਾਵ ਨੂੰ ਸਮਝ ਜਾਂਦਾ ਹੈ, ਜਿਵੇਂ ਸਿਆਣਾ ਸੰਗਤਰਾਸ਼ ਪੱਥਰ ਵਿਚ ਮੂਰਤੀ ਨੂੰ ਦੇਖ ਲੈਂਦਾ ਹੈ ਤੇ ਉਸ ਵਿਚੋਂ ਉਹ ਹਿੱਸਾ, ਜਿਸ ਨੇ ਮੂਰਤ ਛਿਪਾ ਰਖੀ ਹੈ, ਤ੍ਰਾਸ਼ ਤ੍ਰਾਸ਼ ਕੇ ਵੱਖ ਕਰ ਦੇਂਦਾ ਹੈ ਫੇਰ ਮੂਰਤ ਸਭ ਕਿਸੇ ਨੂੰ ਦਿੱਸ ਪੈਂਦੀ ਹੈ। ਚੁਪ ਉਸਤਾਦ ਬੀ ਹੈ। ਜੇ ਕੋਈ ਅਸੱਤ ਬੋਲਣ ਨੂੰ ਤਜਾਗ ਨਹੀਂ ਸਕਦਾ, ਉਹ ਗਲ ਕਰਨ ਵੇਲੇ ਕਾਹਲੀ ਨਾਂ ਕਰਿਆ ਕਰੇ, ਸਗੋਂ ਚੁਪ ਤੋਂ ਕੰਮ ਲਿਆ ਕਰੇ ਤਾਂ ਚੁਪ ਰੱਖਣ ਵੇਲੇ ਉਸਨੂੰ ਆਪਣੇ ਅਸੱਤ ਦਾ ਗਜਾਨ ਹੋਣ ਲਗ ਜਾਂਦਾ ਹੈ। ਹੁਣ ਜੇ ਉਹ ਅਦਰੋਂ ਤੋਲ ਕੇ ਗਲ ਕਰੇਗਾ ਤਾਂ ਤੋਲ ਕੇ ਬੋਲਣ ਦੀ ਤੇ ਸੱਚ ਬੋਲਣ ਦੀ ਜਾਚ ਵਧਦੀ ਜਾਏਗੀ। ਪਰ ਮਨਾਂ ! ਹਮਾਤੜਾਂ ਕਥਾ ਕਰਨ ਤੇ ਬੋਲਣ ਵਾਲਿਆਂ ਨੂੰ ਚੁੱਪ ਦੀ ਜਾਚ ਹੀ ਭੁੱਲ ਜਾਂਦੀ ਹੈ। ਬੋਲ ਬੋਲ ਕੇ ਅਸੀਂ ਪਾਟੇ ਢੋਲ ਹੋ ਜਾਂਦੇ ਹਾਂ। ਪਹਿਲੇ ਜਦੋਂ ਫਕੀਰ ਕਿ ਵਿਦਵਾਨ ਕਥਾ ਵਾਰਤਾ, ਉਪਦੇਸ਼, ਵਜਾਖਜਾਨ ਕਿ ਗੁਫ਼ਤਗੂਆਂ ਆਰੰਭ ਕਰਦਾ ਹੈ ਤਾਂ ਅੰਦਰ ਜਮਾ ਹੋਏ ਖਜ਼ਾਨੇ ਬਾਹਰ ਕਢਦਾ ਹੈ ਤਾਂ ਉਸ ਦੀ ਤਾਸੀਰ ਹੁੰਦੀ ਹੈ। ਪਰ ਜਦੋਂ ਬੋਲ ਬੋਲ ਕੇ ਅੰਦਰ ਸੱਖਣਾ ਮਗਜ਼ ਪੋਲਾ ਹੋ ਜਾਂਦਾ ਹੈ ਤਾਂ ਰਸਨਾ ਵਿਚ ਵੀ ਉਚੇ ਭਾਵ ਅਦਾ ਕਰਨੇ ਦੀ ਸਤਜਾ ਨਹੀਂ ਰਹਿੰਦੀ। ਫੇਰ ਉਹ ਮਸਖਰੀਆਂ ਤੇ ਜੁਗਤਾਂ ਸਿੱਖਦਾ ਹੈ ਤੇ ਬਨਾਵਟੀ ਘਾੜਤਾਂ ਘੜਦਾ ਹੈ। ਹੁਣ ਅੰਦਰ ਦੀ ਤੋਲ ਸ਼ਕਤੀ ਕੰਮ ਘੱਟ ਕਰਦੀ ਹੈ, ਤੇ ਬੋਲਣਾ ਇਕ ਸੁਭਾਵ ਖਣ ਜਾਂਦਾ ਹੈ, ਲੋਕਾਂ ਨੂੰ ਖੁਸ਼ ਕਰਨੇ ਲਈ ਬੋਲੀ ਜਾਈਦਾ ਹੈ। ਇਉਂ ਦੇ ਬੋਲਣ ਨਾਲ ਆਪਾ ਉਟਾਟਰਾ, ਰਸ ਹੀਨ ਤੇ ਸੱਖਣਾ ਹੋ ਜਾਂਦਾ ਹੈ। ਜੋ ਕੋਈ ਬੋਲਦਾ ਹੈ, ਉਹ ਆਪਣੇ ਖਜਾਲ ਦਾਨ ਕਰਦਾ ਹੈ, ਉਸਦਾ ਅੰਦਰੋਂ ਕੁਛ ਖਰਚ ਹੁੰਦਾ ਹੈ। ਜੋ ਸੁਣਦਾ ਹੈ ਉਹ ਲੈਂਦਾ ਹੈ, ਉਸ ਦਾ ਮਨ ਸੁਹਣੇ ਖਜਾਲਾਂ ਦੇ ਮਾਲ ਨਾਲ ਭਰਦਾ ਹੈ। ਬੋਲਣਾ ਦੇਣਾ ਹੈ, ਸੁਣਨਾ ਲੈਣਾ ਹੈ। ਖਜਾਲ ਸੱਤਜਾ ਹੈ, ਤਾਕਤ ਹੈ, ਵਸਤੂ ਹੈ ਜੋ ਦਿੱਤੀ ਲੀਤੀ ਜਾਂਦੀ ਹੈ ਪਰ ਜੇ ਦਾਤਾ ਸਤਜਾਵਾਨ ਹੋਵੇ ਤਾਂ। ਸਾਨੂੰ ਖਜਾਲ ਦੇਣ ਹਾਰਿਆਂ ਨੂੰ ਚੁੱਪ ਦੀ ਬੜੀ ਲੋੜ ਹੈ। ਕਿਵੇਂ ਜਾਚ ਆਵੇ ਚੁੱਪ ਦੀ ? ਜਗਤ ਦੇ ਸਿਆਣੇ ਲੋਕ ਤਾਂ ਆਪਣੇ ਅਯੋਗ ਤੇ

---

1. ਕਹੇ ਏਕੁ ਸੁਨ ਲੇ ਜਖ ਇਨਸਾਨ ਦੋ। ਕਿ ਹੱਕ ਨੇ ਜ਼ੁਬਾਂ ਏਕ ਦੀ ਕਾਨ ਦੋ। (ਜ਼ੌਕ)
2. ਤਾ ਮਰਦ ਸੁਖ਼ਨ ਨਗੁਫ਼ਤਾ ਬਾਸ਼ਦ। ਐਬੋ ਹੁਨਰਸ਼ ਨਿਹੁਫ਼ਤਾ ਬਾਸ਼ਦ। (ਸਾਅਦੀ)
3. ਬੋਲਤ ਬੋਲਤ ਬਢਹਿ ਖਿਕਾਰਾ॥ (ਗੌਂਡ ਕਬੀਰ ਜੀ)

ਅਸਮੇ ਦੇ ਬੋਲੇ ਬੋਲਾਂ ਤੋਂ ਉਪਜੇ ਦੁਖਾਂ ਨੂੰ ਪਾ ਪਾ ਕੇ 'ਸੰਜਮ ਦਾ ਬੋਲਣਾ' ਤੇ 'ਚੁਪ ਰਹਿਣ ਦੇ ਸਮੇਂ ਦੀ ਸਿਆਣ' ਸਿੱਖ ਜਾਂਦੇ ਹਨ। ਅਸੀਂ ਕੀਹ ਉਪਰਾਲਾ ਕਰੀਏ ਜਿਨ੍ਹਾਂ ਨੂੰ ਕਿੱਤਾ ਹੀ ਇਹੋ ਮਿਲ ਗਿਆ ਹੈ। ਇਹੋ ਹੀ ਠੀਕ ਹੈ ਕਿ ਕਦੇ ਕਦੇ ਵਸੋਂ ਤੋਂ ਦੂਰ ਏਕਾਂਤ ਵਿਚ ਜਾਇਆ ਕਰੀਏ ਤੇ ਚੁੱਪ ਰਹਿਕੇ ਚੁੱਪ ਦੇ ਸੁਖ ਨੂੰ ਅਨੁਭਵ ਕਰਕੇ ਇਸ ਨੂੰ ਅੰਦਰ ਵਸਾਇਆ ਕਰੀਏ। ਬੋਲਣਾ ਤਾਂ ਹੀ ਸਾਡਾ ਚੰਗਾ ਹੈ ਜਦੋਂ ਸਾਡੇ ਅੰਦਰ ਕੁਛ ਦੇਣੇ ਲਈ ਹੋਵੇ ਤਾਂ। ਨਿੱਤ ਬੋਲਦੇ ਰਹਿਣ ਨਾਲ ਅੰਦਰ ਸੱਖਣਾ ਹੋ ਜਾਂਦਾ ਹੈ। ਬਨਾਂ ਵਿਚ ਵਸਦੀ, ਕਦੇ ਕਦੇ ਬਾਗ਼ ਵਿਚ ਰਸਮਯ ਬੋਲਣ ਵਾਲੀ ਬੁਲਬੁਲ ਦੀ ਸੱਦ ਸਾਰੇ ਸੁਣਦੇ ਹਨ ਤੇ ਉਸਦੇ ਸੰਗੀਤ ਦੀ ਸਾਰੇ ਕਦਰ ਪੈਂਦੀ ਹੈ, ਪਰ ਘਰ ਘਰ ਲੌਂਦੇ ਤੇ ਸਾਰਾ ਦਿਨ ਲੌਂਦੇ ਕਾਂ ਦੀ ਬੋਲੀ ਕਾਂ ਕਾਂ ਸਦਾਉਂਦੀ ਤੇ ਅਪਣੇ ਲਈ ਨਫਰਤ ਪੈਦਾ ਕਰਦੀ ਹੈ। ਐਸੇ ਬੋਲਣ ਨਾਲੋਂ :-

*ਚੁਪੈ ਚੰਗਾ ਨਾਨਕਾ ਵਿਣੁ ਨਾਵੈ ਮੁਹਿ ਗੰਧੁ॥* (ਮਲਾ: ਵਾਰ-੨੩)

ਪਰ ਕੀਹ ਚੁਪ ਸਦਾ ਚੰਗੀ ਹੈ ? ਕਦੇ ਵੇਲੇ ਸਿਰ ਨਾਂ ਬੋਲਣ ਕਰਕੇ ਮਨੁੱਖ ਦੋਸ਼ੀ ਸਮਝਿਆ ਜਾਂਦਾ ਹੈ, ਕਦੇ ਚੁੱਪ ਨੂੰ ਅਗਲਾ ਆਪਣੀ ਹੱਤਕ ਸਮਝ ਲੈਂਦਾ ਹੈ, ਕਦੇ ਚੁੱਪ ਦੂਸਰੇ ਤੇ ਮਸਖਰੀ ਦਾ ਅਸਰ ਪਾ ਦੇਂਦੀ ਹੈ। ਕਦੇ ਚੁਪ ਰਿਹਾਂ ਵਿਨਾਹ ਹੋ ਜਾਂਦਾ ਹੈ। ਅੰਨ੍ਹੇ ਦੇ ਅਗੇ ਖੂਹ ਆ ਗਿਆ ਹੈ ਦੇਖਣ ਵਾਲੇ ਦੀ ਚੁੱਪ ਉਸ ਨੂੰ ਖੂਹ ਵਿਚ ਡੇਗ ਦੇਵੇਗੀ। ਤਾਹੀਓਂ ਸਤਿਗੁਰ ਨੇ ਮੋਨ ਨੂੰ ਨਹੀਂ ਸਲਾਹਿਆ, ਫੁਰਮਾਇਆ ਹੈ *'ਮੋਨਿ ਵਿਗੂਤਾ ਕਿਉ ਜਾਗੈ ਗੁਰ ਬਿਨੁ ਸੂਤਾ'।* ਪਰ ਮਨਾ ! ਚੁਪ ਨਾਲ ਕਈ ਵੇਰ ਤਰਸ, ਕਈ ਵੇਰ ਅਪਣੀ ਨਿਰਦੋਸ਼ਤਾ ਦਾ ਅਸਰ ਬੀ ਪਾ ਲਈਦਾ ਹੈ, ਐਸੇ ਵੇਲੇ ਬੋਲਕੇ ਉਹ ਅਸਰ ਗੁਆ ਬਹੀਦਾ ਹੈ। ਹੈ...? ਪਰ ਅਸਲ ਗਲ ਇਹ ਹੈ ਕਿ ਜਗਤ ਪ੍ਰਬੰਧ ਵਿਚ-ਇਨਸਾਨ ਦੀ ਵਰਤੋਂ ਵਿਚ-'ਚੁੱਪ' ਤੇ 'ਬੋਲਣ' ਦੁਹਾਂ ਦੀ ਜਾਚ ਸਿੱਖਣੀ ਚਾਹੀਏ। ਦੋਹਾਂ ਦਾ ਯੋਗ ਵਰਤਾਉ ਹੀ ਠੀਕ ਵਰਤਾਉ ਹੈ। ਦੇਖ ਨਾ, 'ਮੋਨ' ਸਾਧੂਆਂ ਨੇ ਲੱਭੀ ਸੀ ਅਪਣੇ ਥੱਕੇ ਮਨਾਂ ਨੂੰ ਤਰੋ ਤਾਜ਼ਾ ਕਰਨ ਲਈ; ਚੁੱਪ ਦਰ ਚੁੱਪ-ਡੂੰਘੀ ਚੁੱਪ-ਵਿਚ ਜਾ ਕੇ ਅਪਣੇ ਵਾਹਿਗੁਰੂ ਨਾਲ ਗਲਾਂ ਕਰਨ ਲਈ, ਪਰ ਬਣ ਗਈ ਇਹ ਇਕ ਨਿਸ਼ਾਨੀ ਸਾਧੂ ਨੂੰ ਪਛਾਨਣ ਦੀ; ਤਦੋਂ ਧਾਰ ਲਈ ਕਈ ਬਨਾਉਟੀਆਂ ਨੇ ਇਹ ਤੇ 'ਮੋਨੀ ਜੀ' ਪ੍ਰਸਿਧ ਹੋ ਕੇ ਪੂਜ ਬਣ ਗਏ। 'ਪੂਜੇ ਜਾਣਦੇ ਗੁਣਾਂ' ਤੋਂ ਬਾਝ ਹੀ ਐਉਂ ਕਈ ਮੋਨੀ ਬਣ ਬੈਠੇ ਪਰ ਉਨ੍ਹਾਂ ਵਿਚ ਨਿਰੀ ਮੋਨ ਨਾਲ ਸਾਧ ਦੇ ਲੱਛਣ ਕੋਈ ਨਾ ਆਏ, ਤਦੋ ਗੁਰੂ ਜੀ ਨੇ 'ਮੋਨਿ ਵਿਗੂਤਾ' ਕਹਿਕੇ ਇਸ ਤੋਂ ਰੋਕਿਆ ਸੀ[1]।

ਬੋਲਣ ਦੀ ਜਾਚ ਕੇਵਲ ਮਾਨੁਖ ਨੂੰ ਹੈ। ਪਰਸਪਰ ਬੋਲਕੇ ਹੀ ਵਿਦਯਾ, ਉਪਕਾਰ, ਗੁਣਾਂ ਦੀ ਸਾਂਟ ਹੁੰਦੀ ਹੈ। ਇਹੋ ਹੈ ਜੋ ਮਾਨੁੱਖ ਦੇ ਅੰਦਰਲੇ ਨੂੰ ਦੂਸਰੇ ਪਰ ਪ੍ਰਗਟ ਕਰਦੀ ਹੈ। ਇਸ ਕਰਕੇ ਆਪੇ ਨੂੰ ਚੁੱਪ ਵਿਚ ਜਾ ਜਾ ਕੇ ਭਰੀ ਰੱਖਣਾ ਚਾਹੀਦਾ ਹੈ ਤੇ ਜਾਚ ਸਿਖਣੀ ਚਾਹੀਦੀ ਹੈ ਕਿ ਕਦੋਂ ਚੁੱਪ ਠੀਕ ਹੈ ਤੇ ਕਦੋਂ ਬੋਲਣਾ; ਇਹ ਤਾਂ ਹੈ ਜਗਤ ਜੀਵਨ ਵਿਚ। ਜਿਨ੍ਹਾਂ ਨੇ ਵੀਚਾਰ ਦਾ ਰਾਹ ਉੱਚ ਜੀਵਨ ਵੱਲ ਕੱਢਿਆ ਹੈ, ਉਨ੍ਹਾਂ ਲਈ ਜੀਵਨ ਦੀ ਵਿਸ਼ਾਲਤਾ ਜੀਵਨ ਦੀ ਭਰਪੂਰਤਾ ਚੁੱਪ ਵਿਚ ਹੈ, ਹਾਂ ਉਸ ਚੁਪ ਵਿੱਚ ਜੋ ਯੋਗ ਸਮੇਂ ਰਸਨਾ ਨੂੰ ਰੋਕਦੀ ਹੈ, ਵਾਸ਼ਨਾ ਤ੍ਰਿਸ਼ਨਾ ਦੀ ਆਵਾਜ਼ ਨੂੰ ਬੰਨ੍ਹ ਬਹਾਲਦੀ ਹੈ, ਫੁਰਨੇ ਦੀ ਬੋਲਚਾਲ ਨੂੰ ਠੱਲ੍ਹ ਲੈਂਦੀ ਹੈ ਤਾਂ ਜੋ ਓਹ ਸਮੇਂ ਵੀ ਆਉਣ ਕਿ ਆਤਮਾ ਪ੍ਰਮਾਤਮਾ ਦੇ ਸੰਦੇਸੇ ਸੁਣ ਸਕੇ। ਪਰ ਫੇਰ ਤਾਂ ਜੇ ਉਹ ਉਪਕਾਰ ਵਿਚ ਬੋਲਣਾ ਬੀ ਜਾਣਦੀ ਹੈ[2]।

---

1. ਬੋਲੈ ਨਾਹੀ ਹੋਇ ਬੈਠਾ ਮੋਨੀ॥ ਅੰਤਰਿ ਕਲਪ ਭਵਾਈਐ ਜੋਨੀ॥ (ਪ੍ਰਭਾ: ਮ:੫:ਅਸਟ-੨)
2. ਬਾਬਾ ਬੋਲਨਾ ਕਿਆ ਕਹੀਐ॥ ਜੈਸੇ ਰਾਮ ਨਾਮ ਰਵਿ ਰਹੀਐ॥੧॥ ਰਹਾਉ॥
   ਸੰਤਨ ਸਿਉ ਬੋਲੇ ਉਪਕਾਰੀ॥ ਮੂਰਖ ਸਿਉ ਬੋਲੇ ਝਖ ਮਾਰੀ॥੨॥ (ਗੌਂਡ: ਕਬੀਰ ਜੀ - ੮੭੦)

 www.sikhbookclub.com

ਵਾਹਵਾ ਮਨਾ ! ਕੈਸੇ ਸੁਖ ਵਿਚ ਸੈਂ...ਹੈਂ ? ਉਥਾਨ ਹੁੰਦੇ ਹੀ ਚੱਲ ਪਿਆ ਮਨੋਵਾਦ। ਰਸਨਾ ਦੇ ਨਾਂ ਹਿੱਲਿਆਂ ਬੀ ਤੂੰ ਆਪਣੇ ਆਪ ਨਾਲ ਗਲਾਂ ਬਾਤਾਂ ਵਿਚ ਹੀ ਰੁੱਝਾ ਰਿਹਾ ਹੈਨਾਂ, ਸੋ ਇਹ ਬੀ ਤੂੰ ਬੋਲਿਆ ਹੀ ਹੈਂ ਨਾਂ ! ਇਹ ਗਲਾਂ ਹੀ ਕੀਤੀਆਂ ਨੀ ਨਾਂ, ਚੁੱਪ ਰਹਿੰਦਾ-ਜੁੜਿਆ ਰਹਿੰਦਾ ਤਾਂ ਕੇਹਾ ਚੰਗਾ ਸੀ! ਹੱਛਾ ਚੱਲ ਹੁਣ ਕੁਟੀ ਨੂੰ।...ਮਨਾਂ ! ਹਉਂ ਨੂੰ ਛੱਡ! ਸਾਂਈਂ ਨਾਲ ਲਿਵ ਵਿਚ ਰਹੁ, ਜਿਉਂ ਕਰਾਵੇ ਕਰ। ਅਰਦਾਸ ਕਰ, ***'ਜਿਉ ਬੁਲਾਵਹੁ ਤਿਉ ਨਾਨਕ ਦਾਸ ਬੋਲੈ'॥*** ਟਾਂ ਤੂੰ ਹੋ ਆਪਾ ਨਿਵਾਰਨ ਹਾਰ, ਗੀਢਾਂ ਰੋਕਾਂ ਤੋਂ ਸਾਫ ਮੁਰਲੀ ਤੇ ਓਹ ਹੋਵੇ ਖਜਾਵਨ ਹਾਰ। ਫੇਰ ਸਾਰਾ ਸੰਗੀਤ ਹੋਊ ਤੇਰਾ ਬੋਲਣਾ ਤੇ ਜਦੋਂ ਓਹ ਸੁਟ ਦੇਵੇ ਹਥੋਂ, ਤਾਂ ਮੁਰਲੀ ਚੁੱਪ।

ਇਹ ਕਹਿਕੇ ਸੰਤ ਉੱਠੇ ਤੇ ਟੁਰ ਪਏ। ਥੋੜੀ ਦੂਰ ਇਕ 'ਵਿਪਲ ਵਿਪਲ' ਨਾਦ ਕਰਦੀ 'ਕੂਲ੍ਹ' ਵਗ ਰਹੀ ਸੀ। ਠੰਢੀ ਠੰਢੀ ਛਾਂ ਸੀ ਪਰ ਵਿਰਲੀ ਵਿਰਲੀ। ਪਦਮ ਇਥੇ ਵੀ ਖਿਲ ਰਹੇ ਸਨ, ਰੁਤ ਸੁਹਾਵੀ ਅਖੀਰ ਅੱਸੂ ਦੀ ਸੀ। ਠੰਢ ਸੀ ਪਰ ਸੁਖਾਵੀਂ ਤੇ ਛਣਵੀਂ ਛਾਂ ਸੁਖਦਾਈ ਲਗਦੀ ਸੀ! ਕੂਲ੍ਹ ਦੇ ਕਿਨਾਰੇ ਇਕ ਸੰਤ ਨੈਣਾਂ ਤੋਂ ਨੀਰ ਕੇਰ ਰਹੇ ਸਨ ਜੋ ਠੰਢੇ ਠੰਢੇ ਜਲ-ਪ੍ਰਵਾਹ ਵਿਚ ਤੁਪਕਾ ਤੁਪਕਾ ਹੋ ਕੇ ਪੈਂਦਾ ਉਸੇ ਵਾਂਙੂ ਠਰਦਾ ਉਸੇ ਦੇ ਪ੍ਰਵਾਹ ਵਿਚ ਵਹਿੰਦਾ ਜਾਂਦਾ ਸੀ; ਹਾਂ ਹੰਝੂ ਦਾ ਇਕ ਇਕ ਜਲ-ਤੁਪਕਾ ਕੂਲ੍ਹ ਵਿਚ ਆਪ ਨੂੰ ਸਿੱਟ ਰਿਹਾ ਸੀ ਕਿ ਇਸਦੇ ਸੰਗ ਨਾਲ ਕਿਸੇ ਵੱਡੀ ਕੂਲ੍ਹ ਨੂੰ ਜਾ ਮਿਲੇ, ਉਹ ਵਡੀ ਕੂਲ੍ਹ ਫੇਰ ਕਿਸੇ ਵਡੇ ਰੌ ਨੂੰ ਜਾ ਮਿਲੇ, ਉਹ ਰੌ ਨਦੀ ਨੂੰ ਜਾ ਮਿਲੇ ਤੇ ਉਹ ਨਦੀ ਸਾਗਰ ਨੂੰ ਜਾ ਮਿਲੇ। ਐਉਂ ਇਹ ਤੁਪਕਾ ਜੇ ਜ਼ਿਮੀਂ ਉਤੇ ਇਕੱਲਾ ਸਾਗਰ ਨੂੰ ਤੁਰ ਪੈਂਦਾ ਤਾਂ ਮਿੱਟੀ ਵਿਚ ਰਲ ਜਾਂਦਾ, ਹੁਣ ਕੂਲ੍ਹ ਨਾਲ ਮਿਲਕੇ ਸਾਗਰ ਵਿਚ ਜਾ ਅੱਪੜੇਗਾ। ਹਾਂ ਇਕ ਨਿੱਕਾ ਜਿਹਾ ਜਲ-ਤੁਪਕਾ ਮੀਲਾਂ ਦੀ ਖੁਸ਼ਕ ਜਲ-ਪਜਾਸੀ ਧਰਤੀ ਤੋਂ ਆਪਾ ਬਚਾਕੇ ਸਾਗਰ ਨੂੰ ਐਉਂ ਜਾ ਮਿਲੇਗਾ।

ਸੰਤ ਬਿਮਲਾ ਸਿੰਘ ਜੀ ਨੇ ਕੂਲ੍ਹ ਕਿਨਾਰੇ ਬੈਠੇ ਇਕ ਕਖਾਯ ਬਸਤ੍ਰਾਂ ਵਾਲੇ ਸੰਤ ਨੂੰ ਨੈਣਾਂ ਤੋਂ ਨੀਰ ਵਹਾਉਂਦੇ ਵੇਖਕੇ ਪਜਾਰ ਤੇ ਤਰਸ ਦੀ 'ਦਿਲ-ਹਿੱਲਣੀ' ਖਾਧੀ ਤੇ ਪਾਸ ਆ ਕੇ ਬੈਠ ਗਏ। ਪਹਿਲਾ ਫੁਰਨਾ ਮਨ ਵਿਚ ਇਹ ਫੁਰਿਆ: 'ਚੁੱਪ ਲੰਘ ਜਾਣਾ ਠੀਕ ਸੀ ਕਿ ਏਥੇ ਅਟਕ ਕੇ ਗਲ ਬਾਤ ਕਰਨੀ ?' ਮਨ ਨੇ ਕਿਹਾ: ਨਿਜ-ਸੁਖ ਤਾਂ ਪਹਿਲੀ ਗਲ ਵਿਚ ਹੈ, ਪਰ ਇਹ ਬਿਰਧ ਪੁਰਖ ਹਨ, ਤਪੀ ਤੇ ਘਾਲੀ ਜਾਪਦੇ ਹਨ, ਇਕੱਲੇ ਹਨ, ਪਹਾੜ ਦੀ ਇਸ ਉਚਾਈ ਵਿਚ ਕਿ ਜਿੱਥੋਂ ਵਸੋਂ ਦੋ ਤ੍ਰੈ ਕੋਹ ਤੇ ਹੈ, ਪਤਾ ਨਹੀਂ ਕਿਸ ਕਸ਼ਟ ਵਿਚ ਹਨ ਜੋ ਇਕੱਲੇ ਬੈਠੇ ਰੋ ਰਹੇ ਹਨ; ਮਨਾਂ ! ਜੇ ਕੁਛ ਸਰ ਸਕੇ ਤਾਂ ਸੇਵਾ ਕਰੀਏ। ਸੋ ਆਪ ਨੇ ਦੋ ਮਹੀਨੇ ਦੀ ਧਾਰੀ ਮੋਨ ਖੁਹਲੀ ਤੇ ਬੋਲੇ: ਹੇ ਸੰਤ ਜੀ ! ਵਾਜਬ ਤਾਂ ਨਹੀਂ ਕਿ ਮੈਂ ਆਪ ਦੀ ਏਕਾਂਤ ਵਿਚ ਭੰਗ ਪਾਵਾਂ, ਪਰ ਆਪ ਦੀ ਉਮਰਾ ਤੇ ਤਪੋ ਚਿੰਨ੍ਹ ਦੇਖਕੇ ਰਿਹਾ ਨਹੀਂ ਗਿਆ ਕਿ ਫਕੀਰ ਇਕ ਸੰਤ ਜੀ ਦੇ ਪਾਸੋਂ, ਜੋ ਵੈਰਾਗ ਵਿਚ ਹੋਣ, ਪੁੱਛੇ ਬਿਨਾਂ ਲੰਘ ਜਾਏ। ਕੀ ਆਪ ਦੱਸਣ ਦੀ ਕ੍ਰਿਪਾਲਤਾ ਕਰ ਸਕਦੇ ਹੋ ਕਿ ਆਪ ਦੇ ਇਹ ਅਮੋਲਕ ਜੀਉਂਦੇ ਅੱਥਰੂ ਕਿਉਂ ਸਰਦ ਸਰਦ ਜਲ ਧਾਰਾ ਦਾ ਸੰਗ ਕਰ ਰਹੇ ਹਨ?

ਕਖਾਯ ਬ: ਵਾਲੇ ਸਾਧੂ-ਹੇ ਦਰਦਾਂ ਵਾਲੇ ਸੰਤ ! ਮੈਨੂੰ ਕੋਈ ਸੰਸਾਰਕ ਪੀੜਾ ਨਹੀਂ ਹੈ। ਮੇਰੀ ਪੀੜਾ ਇਹ ਹੈ ਕਿ ਮੈਨੂੰ ਕੋਈ ਸੰਦੇਸਾ ਨਹੀਂ ਮਿਲਦਾ ਕਿ ਮੇਰਾ ਪ੍ਰੀਤਮ ਮੈਨੂੰ ਪਿਆਰ ਕਰਦਾ ਹੈ ਕਿ ਨਹੀਂ। ਉਮਰਾ ਮੇਰੀ ੮੦ ਬਰਸ ਦੇ ਲਗ ਪਗ ਹੈ। ੧੭ ਵਰ੍ਹੇ ਦੀ ਉਮਰਾ ਵਿਚ ਮੈਂ ਵੈਰਾਗਵਾਨ ਹੋ ਕੇ ਘਰ ਤਿਆਗਿਆ ਸੀ। ਇਤਨੇ ਬਰਸਾਂ ਦੀ ਘਾਲ ਮਗਰੋਂ ਮੇਰੇ ਅੰਦਰ ਤਾਂ ਪਿਆਰੇ ਜੀ ਦਾ-ਸ਼ੁਕਰ ਹੈ-ਕਿ ਪਿਆਰ ਆ ਗਿਆ ਹੈ: ਮੈਂ ਉਸ 'ਪਿਆਰ ਤਰੰਗ' ਵਿਚ ਸੁਖੀ ਹਾਂ, ਪਰ ਹੇ ਸੰਤ ! ਪਿਆਰ 'ਮੇਲ' ਮੰਗਦਾ ਹੈ, ਸੋ ਮੇਰਾ ਚਿਤ ਕਰਦਾ ਹੈ ਕਿ ਪਿਆਰਾ ਮਿਲੇ ਯਾ ਇਹ ਸੰਦੇਸ਼ ਹੀ ਆ ਜਾਵੇ ਕਿ ਉਹ ਬੀ ਮੈਨੂੰ ਪਿਆਰ ਕਰਦਾ ਹੈ। ਇਹ ਕਹਿਕੇ ਸੰਤ ਜੀ ਦੇ ਨੈਣ ਹੋਰ ਬਰਸੇ ਤੇ ਉਸ ਦਰਸ਼ਨ ਨਾਲ

ਸੰਤ ਬਿਮਲਾ ਸਿੰਘ ਦੇ ਨੈਣ ਬੀ ਭਰ ਆਏ ਤੇ ਆਪ ਦੇ ਸੁੰਦਰ ਗਲੇ ਨੇ ਮਧੁਰ ਪਰ ਮਹੀਨ ਸੁਰ ਵਿਚ ਗਾਂਵਿਆਂ:-

*ਹਉ ਖੜੀ ਨਿਹਾਲੀ ਪੰਧੁ ਮਤੁ ਮੂੰ ਸਜਣੁ ਆਵਏ॥*
*ਕੋ ਆਣਿ ਮਿਲਾਵੈ ਅਜੁ ਮੈ ਪਿਰੁ ਮੇਲਿ ਮਿਲਾਵਏ॥* (ਵਾਰਾਂ ਤੇ ਵਧੀਕ: ਮ:੪-੧੪੨੧

ਇਹ ਗਾਉਂ ਕੇ ਸੰਤ ਜੀ ਦੇ ਨੈਣ ਮਿਟ ਗਏ ਤੇ ਕਖਾਯ ਬਸਤ੍ਰਾਂ ਵਾਲੇ ਸਾਧੂ ਜੀ ਬੀ ਅਡੋਲ ਟਿਕ ਗਏ। ਕੁਛ ਚਿਰ ਮਗਰੋਂ ਦੁਹਾਂ ਦੇ ਨੈਣ ਖੁੱਲ੍ਹੇ ਤਾਂ ਕਖਾਯ ਬ: ਵਾਲੇ ਜੀ ਬੋਲੇ 'ਹੇ ਸੰਤ ! ਇਹ ਕਿਸਦਾ ਸੰਗੀਤ ਹੈ ? ਇਸਦਾ ਅਰਥ ਤਾਂ ਬਿਰਹ ਦਾ ਹੈ, ਪਰ ਇਸਦੀ ਤਾਸੀਰ ਮੇਲ ਦੀ ਖੁਸ਼ਬੋ ਵਾਲੀ ਹੈ, ਅਰ ਆਤਮਿਕ ਪ੍ਰੇਮ ਦੇ ਰੰਗ ਵਾਲੀ ਹੈ, ਇਹ ਕਿਸੇ ਸੰਸਾਰਕ ਪ੍ਰੇਮੀ ਦਾ ਕਥਨ ਨਹੀਂ ਹੈ।' ਤਦੋਂ ਸੰਤ ਬਿਮਲਾ ਸਿੰਘ ਜੀ ਨੇ ਬ੍ਰਿਧ ਸੰਤ ਨੂੰ ਗੁਰੂ ਸਾਹਿਬ ਦਾ ਸੰਖੇਪ ਜੇਹਾ ਹਾਲ ਸੁਣਾਇਆ ਤੇ ਗੁਰਬਾਣੀ ਦੇ ਕਈ ਵਾਕ ਸੁਣਾਏ। ਜਿਉਂ ਜਿਉਂ ਇਸ ਸਤਿ ਪੁਰਖ ਨੇ ਬਾਣੀ ਸੁਣੀ ਨਿਹਾਲ ਹੁੰਦਾ ਚਲਾ ਗਿਆ ਤੇ ਅੰਤ ਕਹਿਣ ਲਗਾ ਕਿ ਮੈਂ ਵਿਰਕਤ ਹਾਂ; ਕੋਈ ਝਾਂਜਾ ਬੰਧਨ ਟਿਕਾਣੇ ਦਾ ਨਹੀਂ, ਜੇ ਖੇਚਲ ਨਾਂ ਸਮਝੋ ਤਾਂ ਕੁਛ ਦਿਨ ਆਪ ਨਾਲ ਵਿਚਰਾਂ ਤੇ ਇਹ ਬਾਣੀ ਆਪ ਤੋਂ ਸੁਣਾਂ। ਸੰਤ ਬਿਮਲਾ ਸਿੰਘ ਜੀ ਨੂੰ ਹੁਣ ਆਪ ਦੀ ਗੱਲ ਬਾਤ ਤੋਂ ਪਤਾ ਲਗ ਗਿਆ ਸੀ ਕਿ ਇਹ ਸਜਨ ਕਿਸੇ ਬੜੇ ਕ੍ਰੋੜਪਤੀ ਸੇਠ ਦਾ ਪੁਤ੍ਰ ਸੀ ਤੇ ਜਿਨ੍ਹਾਂ ਦੇ ਘਰ ਮੰਗਿਆ ਗਿਆ ਸੀ ਉਹ ਬੀ ਬੜੇ ਹੀ ਧਨ ਪਾਤ੍ਰ ਸੇ ਤੇ ਉਨ੍ਹਾਂ ਦੇ ਬੀ ਇਕੋ ਲੜਕੀ ਸੀ। ਇਸਨੇ ਗ੍ਰਿਹਸਤ ਵਿਚ ਰਹਿਕੇ ਦੋ ਘਰਾਂ ਦੀ ਦੌਲਤ ਦਾ ਮਾਲਕ ਬਣਨਾਂ ਸੀ। ਪਰ ਉਠਦੀ ਜੁਆਨੀ ਵਿਚ ਹੀ ਵੈਰਾਗ ਦਾ ਧੱਕਾ ਐਸਾ ਜ਼ਬਰਦਸਤ ਲਗਾ ਕਿ ਸਭ ਕੁਛ ਛੱਡ ਕੇ ਸਾਧੂ ਹੋ ਗਿਆ ਤੇ ੫੯ ਵਰ੍ਹੇ ਦੀ ਘਾਲਣਾ ਬਾਦ ਇਸ ਟਿਕਾਣੇ ਅੱਪੜਿਆ ਸੀ। ਜਦ ਇਸ ਸੱਚੇ ਵੈਰਾਗੀ ਤੇ ਘਾਲੀ ਸੰਤ ਪਰ ਗੁਰਬਾਣੀ ਦਾ ਅਸਰ ਹੁੰਦਾ ਸੰਤਾਂ ਨੇ ਵੇਖਿਆ ਤਾਂ ਬੋਲੇ, 'ਮੇਰੇ ਪ੍ਰੀਤਮ ਨੂੰ ਪਜਾਰ ਕਰਨ ਵਾਲੇ ਜੀਓ ਮੈਂ ਬੀ ਵਿਰਕਤ ਹਾਂ, ਆਪ ਮੇਰੀਆਂ ਚਸ਼ਮਾਂ ਤੇ ਟਿਕੋ, ਸਦਾ ਮੇਰੇ ਨਾਲ ਰਹੋ। ਇਹ ਬਾਣੀ ਜੇ ਆਪ ਨੂੰ ਭਾਈ ਹੈ ਤਾਂ ਇਸਦਾ ਭੋਜਨ ਰੱਜ ਰੱਜਕੇ ਪਾਓ।' ਐਉਂ ਦੀ ਗਲਬਾਤ ਕਰਕੇ ਦੁਇ ਪ੍ਰੇਮੀ ਹੋ ਗਏ ਤੇ ਉਥੋਂ ਟੁਰਕੇ ਕੁਟੀ ਨੂੰ ਆਏ। ਦੋ ਚਾਰ ਦਿਨ ਕੁਟੀ ਵਿਚ ਕੱਠੇ ਰਹਿਣ ਦੇ ਬਾਦ ਮੈਦਾਨਾਂ ਨੂੰ ਟੁਰ ਪਏ, ਕਿਉਂਕਿ ਸੰਤ ਬਿਮਲਾ ਸਿੰਘ ਜੀ ਨੇ ਇਕ ਸਤਿਸੰਗ ਦੇ ਦੀਵਾਨ ਵਿਚ ਗੁਰਪੁਰਬ ਪੂੰਨਮ ਤੇ ਪਹੁੰਚਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਤੇ ਗੁਰਪੁਰਬ ਸੰਬੰਧੀ ਸ੍ਰੀ ਗੁਰੂ ਜੀ ਦਾ ਕੋਈ ਪ੍ਰਸੰਗ ਸੁਨਾਉਣਾ ਸੀ ਤੇ ਪਹਿਲਾਂ ਬਚਨ ਦੇ ਚੁਕੇ ਹੋਏ ਸਨ, ਸੋ ਹੁਣ ਓਥੋਂ ਟੁਰ ਪਏ। ਦੂਸਰੇ ਸਾਧੂ ਜੀ ਬੀ ਨਾਲ ਹੋ ਲਏ। ਸੰਤ ਬਿਮਲਾ ਸਿੰਘ ਜੀ ਨੇ ਉਸ ਸਤਿਸੰਗ ਵਾਲੇ ਟਿਕਾਣੇ ਅੱਪੜਕੇ ਗੁਰਪੁਰਬ ਵਾਲੇ ਦਿਨ ਜੋ ਪ੍ਰਸੰਗ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜਗਤ ਯਾਤ੍ਰਾ ਵਿਚੋਂ ਸੁਣਾਏ ਉਹ ਅਗਲੇ ਸਫਿਆਂ ਵਿਚ ਅੰਕਿਤ ਹੈਨ। ਹੁਣ ਕਖਾਯ ਬਸਤ੍ਰਾਂ ਵਾਲੇ ਸੰਤ ਜੀ ਨੂੰ ਗੁਰਬਾਣੀ ਤੇ ਗੁਰੂ ਜੀਵਨ ਚਰਿਤ੍ਰਾਂ ਦਾ ਅਵਸਰ ਵਧੇਰੇ ਮਿਲਨ ਲਗ ਪਿਆ ਤੇ ਗੁਰਬਾਣੀ ਦੀ ਪ੍ਰੀਤ ਅੰਦਰ ਵਧਦੀ ਗਈ। ਉਨ੍ਹਾਂ ਦੇ ਦਿਲੀ ਭਾਵਾਂ ਨੇ ਬੀ ਗੁਰਬਾਣੀ ਵਾਲੇ ਰੰਗ ਪਕੜਨੇ ਆਰੰਭ ਕਰ ਦਿਤੇ।

-o-

## ੨. ਗਯਾ।

**ਸ੍ਰੀ ਗੁਰੂ ਗ੍ਰੰਥ ਸਾਹਿਬ ਜੀ** ਦੀ ਕਥਾ ਦੇ ਮਗਰੋਂ ਸ੍ਰੀ ਸੰਤ ਜੀ ਨੇ ਹੁਣ ਮਹਾਰਾਜ ਜੀ ਦੇ ਜੀਵਨ ਦੇ ਪ੍ਰਸੰਗ ਸੁਨਾਉਣੇ ਆਰੰਭ ਕੀਤੇ। ਸਾਧ ਸੰਗਤ ਜੀ ! ਅਜ ਮੈਂ ਸ੍ਰੀ ਸਤਿਗੁਰ ਨਾਨਕ ਦੇਵ ਜੀ ਦੇ ਬਿਹਾਰ ਤੇ ਬੰਗਾਲ ਦੇਸ ਤੇ ਉਥੋਂ ਆਸਾਮ ਅੱਪੜਨ ਦੇ ਸੰਖੇਪ ਪ੍ਰਸੰਗ ਸੁਨਾਉਣੇ ਹਨ, ਜਿਨ੍ਹਾਂ ਵਿਚੋਂ ਜੀਵਨ ਕਥਾ ਦੇ ਨਾਲ ਆਪ ਨੂੰ ਅਨੇਕ ਸਿਖਿਆਂ ਬੀ ਅਰਸ਼ੀ ਦਾਤਾ ਜੀ ਦੀਆਂ ਮਿਲਣਗੀਆਂ :-


www.sikhbookclub.com

ਜਦੋਂ ਸਤਿਗੁਰੂ ਜੀ ਨੇ ਸਾਲਸਰਾਇ ਜੌਹਰੀ ਨੂੰ ਸਿਖੀ ਦਾਨ ਦੇ ਕੇ ਫੇਰ ਮੰਜੀ ਬਖਸ਼ ਦਿੱਤੀ ਤੇ ਉਸਦੇ ਦਾਸ ਅਪਰਕੇ ਨੂੰ ਮਗਰੋਂ ਸੇਵਾ ਕਰਨ ਵਾਲਾ ਥਾਪਿਆ[1] ਤਾਂ ਉਹ ਸਤਿਗੁਰ ਜੀ ਦੇ ਸ਼ੁਕਰ ਵਿਚ ਉਨ੍ਹਾਂ ਦੇ ਗੁਣ ਗਾਂਉਦਾ ਓਥੇ ਟਿਕਿਆ ਰਿਹਾ। ਸਾਲਸਰਾਇ ਨੇ ਗੁਣ ਕਥਨ ਕੀਤੇ, ਕਵਿਤਾ ਵਿਚ ਰਚੇ ਤੇ ਗਾਂਵੇਂ। ਉਸਦੀ ਰਚਨਾਂ ਦਾ ਇਕ ਛੰਦ ਮਿਲਦਾ ਹੈ, ਜਿਸ ਤੋਂ ਉਸ ਸਮੇਂ ਦੀ ਗੁਰੂ ਜੀ ਦੇ ਜਸ ਦੀ ਸੱਦ ਅਜ ਸਾਡੇ ਤਕ ਅੱਪੜਦੀ ਹੈ:- (ਬਿਲਾਵਲ ਸਾਲਸਰਾਇ ਜੀ ਕੀ:-)

**ਸਤਿਗੁਰ ਦਾਤਾ ਨਾਮ ਕਾ ਦੀਨੇ ਖੋਲ੍ਹ ਕਪਾਟ॥ ਏਕ ਜੁ ਵਣਜਾ ਵਣਜਿਆ ਬਹੁਰਿ ਨ ਆਵੇ ਘਾਟ॥ ਸਤਿਗੁਰ ਨਾਨਕ ਪੂਰਾ॥ ਬਚਨ ਕਾ ਸੂਰ੍ਹਾ॥੧॥ਰਹਾਉ॥ ਅਗਮ ਨਿਗਮ ਦਿਖਲਾਵਤਾ ਖੋਲੇ ਨੇਤ੍ਰ ਅਨੰਤ[2]॥ ਜਗ ਵਣਜਾਰਾ ਏਕ ਹੈ ਸ਼ਾਹ ਏਕ ਭਗਵੰਤ॥ ਵਣਜ ਹਮਾਰਾ ਸਤਿਗੁਰੂ ਪੂੰਜੀ ਹਮਰੀ ਨਾਮ॥ ਆਠ ਪਹਿਰ ਧੁਨਿ ਲਗ ਰਹੇ ਯਹੀ ਹਮਾਰੇ ਕਾਮ॥ ਸਾਲਸ ਬਿਨਵੈ ਬੇਨਤੀ ਸੁਣ ਲੈ ਤੂੰ ਕਰਤਾਰ॥ ਕਾਚੇ ਰੰਗ ਉਤਾਰਕੇ ਸਾਚੇ ਰੰਗ ਅਪਾਰ॥**

ਐਸੇ ਪਿਆਰੇ ਨੂੰ ਤਾਰਕੇ ਸ੍ਰੀ ਸਤਿਗੁਰੂ ਜੀ ਟੁਰ ਪਏ, ਟੁਰ ਪਏ ਉਪਕਾਰੀ ਖਦਲਾਂ ਵਾਂਙੂ ਹੋਰਥੇ ਸ੍ਵਾਂਤੀ ਬੂੰਦਾਂ ਦਾ ਵਰੋਸਾਉ ਕਰਨ ਤੇ ਆ ਗਏ ਰਾਜ ਗਿਰੀ[3]। ਇਥੇ ਮੇਲਾ ਸੀ। ਮੇਲੇ ਤੇ ਕਈ ਨਾਸਤਕਾਂ ਨੂੰ ਆਸਤਕ ਬਣਾਕੇ ਆਪ ਪਹੁੰਚੇ ਗਯਾ। ਆਪ ਦਾ ਸੁਹਣਾ ਸੁਹਾਵਾ ਤੇ ਤੇਜ ਜਖ੍ਹੇ ਵਾਲਾ ਨੂਰਾਨੀ ਚਿਹਰਾ ਦੇਖਕੇ ਪੰਡੇ ਬੀ ਆ ਗਏ ਤੇ ਆਖਣ ਲਗੇ ਕਿ ਸ੍ਰੀ ਜੀਓ ਪਿੰਡ ਕਰਾਓ, ਪਿਤਰਾਂ ਦਾ ਨਿਸਤਾਰਾ ਕਰ ਲਓ। ਤਾਂ ਬਾਬੇ ਕਿਹਾ ਅਸਾਂ ਅਪਣੇ ਪਿਤਰਾਂ ਦਾ ਤੇ ਆਪਣੇ ਸਤਸੰਗੀਆਂ ਦਾ ਤੇ ਆਪਣਾ ਬੀ ਦੀਵਾ ਅਤੇ ਕਿਰਿਆ ਕਰਮ ਕਰਾ ਛਡਿਆ ਹੈ[4]। ਅਰ ਐਸੀ ਕਿਰਿਆ ਕੀਤੀ ਹੈ ਜੋ ਅਗਯਾਨ ਦਾ ਅੰਧੇਰਾ ਸਭ ਮਿਟ ਗਿਆ ਹੈ ਤੇ ਸਦਗਤੀ ਹੋ ਗਈ ਹੈ। ਸੁਰਗ ਤੇ ਨਰਕ ਜੋ ਹਨ ਸੋ ਅਗਯਾਨ ਵਿਖੇ ਹਨ, ਤਾਂਤੇ ਜਿਨ੍ਹਾਂ ਨੇ 'ਨਾਮ' ਰੂਪੀ ਦੀਵਾ ਬਾਲਿਆ ਹੈ ਤਿਨ ਕਾ ਉਧਾਰ ਹੋਇਆ ਹੈ। ਇਸਦੇ ਪਰਥਾਇ ਸ੍ਰੀ ਬਾਬਾ ਜੀ ਨੇ ਆਸਾ ਰਾਗ ਵਿਚ ਸ਼ਬਦ ਬੋਲਿਆ:-

ਆਸਾ ਮਹਲਾ ੧॥

*ਦੀਵਾ ਮੇਰਾ ਏਕੁ ਨਾਮੁ ਦੁਖੁ ਵਿਚਿ ਪਾਇਆ ਤੇਲੁ॥ ਉਨਿ ਚਾਨਣਿ ਓਹੁ ਸੋਖਿਆ ਚੂਕਾ ਜਮ ਸਿਉ ਮੇਲੁ॥੧॥ ਲੋਕਾ ਮਤ ਕੋ ਫਕੜਿ ਪਾਇ॥ ਲਖ ਮੜਿਆ ਕਰਿ ਏਕਠੇ ਏਕ ਰਤੀ ਲੇ ਭਾਹਿ॥੧॥ਰਹਾਉ॥ ਪਿੰਡੁ ਪਤਲਿ ਮੇਰੀ ਕੇਸਉ ਕਿਰਿਆ ਸਚੁ ਨਾਮੁ ਕਰਤਾਰੁ॥ ਐਥੈ ਓਥੈ ਆਗੈ ਪਾਛੈ ਏਹੁ ਮੇਰਾ ਆਧਾਰੁ॥੨॥ ਗੰਗ ਬਨਾਰਸਿ ਸਿਫਤਿ ਤੁਮਾਰੀ ਨਾਵੈ ਆਤਮ ਰਾਉ॥ ਸਚਾ ਨਾਵਣੁ ਤਾਂ ਥੀਐ ਜਾਂ ਅਹਿਨਿਸਿ ਲਾਗੈ ਭਾਉ॥੩॥ ਇਕ ਲੋਕੀ ਹੋਰੁ ਛਮਿਛਰੀ ਬ੍ਰਾਹਮਣੁ ਵਟਿ ਪਿੰਡੁ ਖਾਇ॥ ਨਾਨਕ ਪਿੰਡੁ ਬਖਸੀਸ ਕਾ ਕਬਹੂੰ ਨਿਖੂਟਸਿ ਨਾਹਿ॥੪॥੨॥੩੨॥-੩੫੮*

ਅਰਥਾਤ-ਮੇਰਾ ਦੀਵਾ ਇਕ ਪਰਮੇਸ਼ਰ ਦਾ ਨਾਮ ਸਿਮਰਨ ਕਰਨਾ ਹੈ, ਉਸ ਵਿਚ 'ਦੁੱਖ' ਦਾ ਤੇਲ ਪਾਇਆ ਹੈ। ਦੀਵਾ ਬਲਦਾ ਹੈ ਤਾਂ ਉਹ ਮੈਨੂੰ ਵਾਹਿਗੁਰੂ ਜੀ ਦੇ ਮਿਲਾਪ-ਰਾਹ ਦਾ ਚਾਨਣਾਂ ਦੇਂਦਾ ਹੈ ਤੇ ਦੂਜੇ ਪਾਸੇ ਮੇਰੇ ਦੁਖ ਘਟਦੇ ਜਾਂਦੇ ਹਨ ਜਿਕੂੰ ਦੀਵੇ ਬਲਣ ਨਾਲ ਤੇਲ ਘਟਦਾ ਜਾਂਦਾ ਹੈ। ਜੇ ਕੋਈ ਸ਼ੰਕਾ ਕਰੇ ਕਿ ਦੁਖ ਤਾਂ ਕਰਮਾਂ ਦਾ ਫਲ ਹਨ, ਅਵੱਸ਼ ਭੋਗਣੇ ਪੈਂਦੇ ਹਨ। ਗੁਰੂ ਜੀ ਦੱਸਦੇ ਹਨ, ਹੇ ਲੋਕੋ ਇਸ ਬਿਰਥਾ ਖਯਾਲ ਵਿਚ ਨਾ ਪੈਣਾ ਕਿ ਕਰਮ ਦਗਧ ਨਹੀਂ ਹੋ ਸਕਦੇ। ਜਿਵੇਂ ਸੈਂਕੜੇ ਮਣ ਲਕੜੀ ਵਿਚ ਇਕ ਰੱਤੀ ਅੱਗ ਰਖ ਦੇਈਏ ਤਾਂ ਓਹ ਸਾਰੀ ਸੜ

1. ਸ੍ਰੀ ਗੁ: ਨਾ: ਪ੍ਰਕਾਸ਼। 2. ਪਾਠਾਂਤ੍ਰ ਖੋਲੇ ਨੇਤ੍ਰ ਕਪਾਟ।
3. ਇਤਿ: ਖਜ਼ਾਨ ਸਿੰਘ। 4. ਜਨਮ ਸਾਖੀ ਭਾਈ ਮਨੀ ਸਿੰਘ।

 www.sikhbookclub.com

ਜੋਂਦੀ ਹੈ ਤਿਵੇਂ ਨਾਮ ਦੀ ਚਿੰਗਾਰੀ ਨਾਲ ਸਾਰੇ ਕਰਮ ਦਗਧ ਹੋ ਜਾਂਦੇ ਹਨ। ਪਿੰਡ ਤੇ ਪਤਲ ਮੇਰਾ ਵਾਹਿਗੁਰੂ ਹੈ ਤੇ ਕਿਰਿਆ ਮੇਰੀ ਕਰਤਾਰ ਦਾ ਸੱਚਾ ਨਾਮ ਹੈ। ਲੋਕ ਪਰਲੋਕ ਵਿਚ ਤੇ ਅੱਗੇ ਪਿੱਛੇ ਮੇਰਾ ਆਧਾਰ ਏਹੋ ਹੈ। ਹੇ ਵਾਹਿਗੁਰੂ ਤੇਰੀ ਸਿਫਤ ਕਰਨੀ ਮੇਰੀ ਗੰਗਾ ਤੇ ਕਾਸ਼ੀਂ (ਤੀਰਥ ਹੈ) ਤੇ ਇਸ ਵਿਚ ਆਤਮਾ ਇਸ਼ਨਾਨ ਕਰਦਾ ਹੈ। ਹਾਂ ਸਚਾ ਇਸ਼ਨਾਨ ਤਾਂ ਹੁੰਦਾ ਹੈ ਜੇ ਦਿਨ ਰਾਤ ਪਰਮੇਸ਼ਰ ਦੇ ਨਾਮ ਵਿਚ ਪ੍ਰੀਤ ਪੈ ਜਾਵੇ ਤਾਂ। ਬ੍ਰਾਹਮਣ ਜੋ ਪਿੰਡ ਭਰਾਉਂਦੇ ਹਨ ਉਹ ਪਿਤਰਾਂ ਨੂੰ ਦੇਵਤਿਆਂ ਨਾਲ ਰਲਾਉਣ ਵਾਸਤੇ ਹੁੰਦੇ ਹਨ, ਪਰ ਸਾਨੂੰ ਵਾਹਿਗੁਰੂ ਦੀ ਬਖਸ਼ਿਸ਼ ਦਾ ਪਿੰਡ ਪ੍ਰਾਪਤ ਹੈ ਜੋ ਕਦੇ ਮੁਕਦਾ ਹੀ ਨਹੀਂ, ਭਾਵ ਓਹ ਸਾਨੂੰ ਅਨੰਤ ਨਾਲ ਮੇਲਦਾ ਹੈ। ਤਦ ਪੰਡੇ ਸ਼ਰਨ ਪੈ ਗਏ।

☆☆☆

## ੩. ਦੇਵਗਿਰੀ।

**ਗਯਾ** ਦੇ ਪਾਂਡਿਆਂ ਨੂੰ ਅਸਲੀ ਰਾਹ ਕਲਜਾਨ ਦਾ ਦੱਸਕੇ ਸਤਿਗੁਰੁ ਜੀ ਓਥੋਂ ਟੁਰ ਪਏ। ਜੋ ਬੀਚਾਰ ਦੇ ਕੇ ਸੁਹਣੇ ਗੁਰ ਨਾਨਕ ਨੇ ਉਨ੍ਹਾਂ ਨੂੰ ਗਜਾਨ ਨੇਤ੍ਰ ਬਖਸ਼ੇ ਓਹ ਬੀਚਾਰ ਆਪ ਜੀ ਨੇ ਉਪਰਲੇ ਸ਼ਬਦ ਵਿਚ ਦਿਤੇ ਹੈਨ, ਜਿਨ੍ਹਾਂ ਨੂੰ ਪੜ੍ਹਕੇ ਅਜ ਤਕ ਅਨੇਕ ਜੀਵਾਂ ਨੇ ਸੁਖ ਪਾਇਆ ਹੈ।

ਗਯਾ ਤੋਂ ਟੁਰਕੇ ਆਪ ਬੁੱਧਗਯਾ[1] ਤੇ ਆਏ। ਏਥੇ ਆਕੇ ਆਪ ਨੇ ਬਾਹਰ ਡੇਰੇ ਲਾ ਦਿੱਤੇ। ਮਰਦਾਨੇ ਨੇ ਕੀਰਤਨ ਕਰਨਾ ਤੇ ਆਪ ਨੇ ਨਿਜਾਨੰਦ ਵਿਚ ਮਗਨ ਹੋ ਜਾਣਾ। ਇਸ ਕੀਰਤਨ ਨੇ ਬੁੱਧ ਗਯਾ ਦੇ ਮਹੰਤ ਨੂੰ ਖਿੱਚ ਪਾਈ, ਉਸਦਾ ਨਾਮ 'ਦੇਵ ਗਿਰੀ' ਲਿਖਿਆ ਹੈ[2]। ਇਹ ਆਦਮੀ ਸੀ ਤਾਂ ਬੁੱਧ ਮੰਦਿਰ ਦਾ ਮਹੰਤ ਪਰ ਸੀ ਲਗ ਪਗ ਸੰਨਯਾਸੀ। ਹਿੰਦੂਆਂ ਨੇ ਜਦ ਬੋਧ ਮਤ ਦੀ ਹਿੰਦੁਸਤਾਨ ਵਿਚੋਂ ਸਮਾਪਤੀ ਕਰ ਦਿਤੀ ਸੀ ਤਾਂ ਇਹ ਬੋਧੀ ਅਸਥਾਨ ਬੀ ਸਾਂਭ ਲਿਆ ਸੀ। ਇਥੇ ਬੁਧ ਜੀ ਨੇ ਤਪ ਤਪਿਆ ਤੇ ਉਨ੍ਹਾਂ ਨੂੰ ਅਪਣੇ ਗਜਾਨ ਦਾ ਅਨੁਭਵ ਹੋਇਆ ਸੀ। ਕਿਉਂਕਿ ਹਿੰਦੂ ਬੁਧ ਜੀ ਨੂੰ ਅਵਤਾਰ ਬੀ ਮੰਨਦੇ ਸਨ, ਇਸ ਕਰਕੇ ਇਹ ਅਸਥਾਨ ਬੀ ਉਨ੍ਹਾਂ ਨੇ ਆਪਣੇ ਅਧਿਕਾਰ ਵਿਚ ਕਰ ਲਿਆ ਸੀ। ਇਹ ਮਹੰਤ ਦੇਵ ਗਿਰ ਬਹੁਤ ਸਾਰੇ ਆਪਣੇ ਛੋਟੇ ਮੰਦਰਾਂ ਦੇ ਮਹੰਤਾਂ ਦਾ ਵੱਡਾ ਮਹੰਤ ਤੇ ਮਾਨਨੀਯ ਪੁਰਖ ਸੀ, ਪਰ ਸੀ ਸੱਚ ਦਾ ਖੋਜੀ ਤੇ ਵਿਦਵਾਨ। ਵਿਦਜਾ ਨੇ ਇਸਦੇ ਮਨ ਨੂੰ ਜਾਣਨਹਾਰ ਤਾਂ ਬਣਾ ਦਿਤਾ ਹੋਇਆ ਸੀ ਤੇ ਉਹ ਵੈਰਾਗੀ ਬੀ ਸੀ, ਪਰ ਉਹ 'ਰਾਗ' ਨੂੰ ਵੈਰਾਗ ਵਿਚ ਪਲਟਦਾ ਪਲਟਦਾ ਇੰਞ ਹੋ ਗਿਆ ਸੀ ਜਿਵੇਂ ਬ੍ਰਿੱਛ ਦੀ ਡਾਲੀ ਪੱਕੀ ਹੁੰਦੀ ਹੁੰਦੀ ਸੁੱਕ ਜਾਏ ਤਾਂ ਮੂਲੋਂ ਅੜ੍ਹਕ ਤੇ ਪੱਕੀ ਹੋ ਜਾਂਦੀ ਹੈ, ਪਰ ਉਸ ਦੀ ਇਸ ਪਕਿਆਈ ਤੇ ਕਰੜਾਈ ਵਿਚ ਉਸ ਵਿਚ ਲਚਕ ਨਹੀਂ ਰਹਿੰਦੀ। ਇਹ ਲਚਕ ਇਸ ਵਾਸਤੇ ਨਹੀਂ ਰਹਿੰਦੀ ਕਿ ਉਸ ਵਿਚ ਜਿੰਦ ਕਣੀ ਨਹੀਂ ਰਹਿੰਦੀ। ਜੀਉਂਦੀ ਟਹਿਣੀ ਵਿਚ ਪਕਿਆਈ ਤੇ ਲਚਕ ਦੁਇ ਹੁੰਦੀਆਂ ਹਨ। ਜੀਵਨ ਮਰਮ ਦੀ ਇਸ ਪ੍ਰਕਾਰ ਦੀ ਜਦ ਗਲ ਬਾਤ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਮਝਾਈ ਤਾਂ ਉਸਦੀ ਸੋਝੀ ਵਿਚ ਜੀਵਨ ਦਾ ਰੁਮਕਾ ਫਿਰ ਆ ਫਿਰਿਆ। ਸਤਿਗੁਰ ਜੀ ਨੇ ਉਸ ਨੂੰ ਦੱਸਿਆ ਕਿ ਰਾਗ (ਪਜਾਰ) ਮਾੜਾ ਹੈ ਮਾੜੇ ਕਰਮਾਂ ਦਾ, ਰਾਗ ਦੁਖਦਾਈ ਹੋ ਜਾਂਦਾ ਹੈ ਨਾਸ਼ਵੰਤ ਪਦਾਰਥਾਂ ਦਾ, ਪਰ ਅਵਿਨਾਸ਼ੀ ਤੇ ਪ੍ਰਿਯ ਸਰੂਪ ਵਾਲੇ ਦਾ ਰਾਗ (ਪ੍ਰੇਮ) ਮਾੜਾ ਨਹੀਂ, ਕਿਉਂਕਿ ਉਸਦੇ ਰਾਗ ਨਾਲ ਪਵਿੱਤ੍ਰ ਹੋਈਦਾ ਹੈ, ਉਸ ਦਾ ਰਾਗ ਦੁਖਦਾਈ ਨਹੀਂ, ਕਿਉਂਕਿ ਉਹ ਸਦਾ ਥਿਰ ਹੈ, ਕਦੇ ਨਾਸ਼ ਨੂੰ ਪ੍ਰਾਪਤ ਨਹੀਂ ਹੁੰਦਾ, ਇਸ ਕਰਕੇ ਉਸ ਨਾਲ ਕੀਤੇ ਰਾਗ ਦਾ ਅੰਤ ਦੁਖ ਨਹੀਂ ਹੋ ਸਕਦਾ[3]। ਫੇਰ ਓਹ ਆਨੰਦ ਸਰੂਪ ਹੈ, ਉਸ ਦਾ ਰਾਗ ਸੁਖ ਤੇ ਆਨੰਦ ਦਾਤਾ ਹੈ। ਜਿਸ ਵੈਰਾਗ ਨੂੰ ਧਾਰਨ ਕਰਨ ਖਾਤਰ ਅਸਾਂ ਅਪਣੇ ਮਨ ਨੂੰ ਕੁਹਨਾ ਹੈ, ਇੰਦਰਿਆਂ ਨੂੰ ਮਾਰਨਾ ਹੈ ਤੇ ਸੰਸਾਰ ਤੇ ਇਸਦੀ ਰਚਨਾ ਨੂੰ ਮਾੜਿਆਂ ਸਮਝਣਾ ਹੈ, ਉਹ

---

1. ਇਹ ਜਗਾ ਗਯਾ ਤੋਂ ਪੰਜ ਛੇ ਕੋਹ ਤੇ ਹੈ। 2. ਤਵਾ: ਖਾਲਸਾ।

3. ਨਾ ਓਹੁ ਮਰੈ ਨ ਹੋਵੈ ਸੋਗੁ॥ (ਆਸਾ ਮ: ੧)

ਵੈਰਾਗ ਅਬਿਨਾਸ਼ੀ ਨਾਲ ਰਾਗ ਕੀਤਿਆਂ ਸਹਜ ਸੁਭਾ ਪ੍ਰਾਪਤ ਹੋ ਜਾਂਦਾ ਹੈ ਤੇ ਉਸਦਾ ਅਸਰ ਇਨਸਾਨ ਦੀਆਂ ਤਾਕਤਾਂ ਨੂੰ ਕੁਹਣ ਵਾਲਾ ਨਹੀਂ ਪੈਂਦਾ। ਇਨਸਾਨ ਨਿਰਾ ਬੁੱਧੀ ਨਹੀਂ, ਇਸਦੇ ਅਸਲੇ ਵਿਚ ਭਾਵ (ਪ੍ਰੇਮ) ਬੀ ਹੈ। ਜਿਵੇਂ ਤੁਸਾਂ ਵੈਰਾਗ ਧਾਰਿਆ ਹੈ, ਅਰਥਾਤ ਮਨ ਨੂੰ ਮਾਰ ਘੱਤਿਆ ਹੈ ਹੁਣ ਕਿਸੇ ਪਾਸੇ ਦਾ ਰਾਗ ਤੁਹਾਡੇ ਪੱਕ ਗਏ ਮਨ ਬੁਧਿ ਨੂੰ ਨਿਵਾ ਨਹੀਂ ਸਕਦਾ, ਉਹ ਸੁੱਕੀ ਟਹਿਣੀ ਵਾਂਙੂ ਪੱਕਾ ਹੋ ਗਿਆ ਹੈ, ਪਰ ਇਸ ਨਾਲ ਕਾਰਜ ਸਿੱਧੀ ਨਹੀਂ ਹੋਈ ਤਦੇ ਮਨ ਵਿਚ ਲਚਕਦਾਰ ਤੇ ਜੀਉਂਦੀ ਅਪਕੜਤਾ ਨਹੀਂ ਪਰ ਜਿੰਦ ਹੀਨਤਾ ਵਾਲੀ ਉਦਾਸੀ ਦਾ ਅਕੜੇਵਾਂ ਜਿਹਾ ਹੈ।

ਦੇਵਰਿਸ਼ਿ ਲਈ ਇਹ ਨਵਾਂ ਸਬਕ ਸੀ, ਉਹ ਸਾਰੇ ਅੰਦਰਲੇ ਭਾਵਾਂ ਨੂੰ ਮਾਰਕੇ ਗਯਾਨਵਾਨ ਹੋਣ ਨੂੰ ਸਨਯਾਸ ਤੇ ਸਾਰੇ ਇੰਦਰਿਆਂ ਤੇ ਮਨ ਆਦਿ ਨੂੰ ਰੋਕਕੇ ਏਕਾਗ੍ਰ ਹੋਣੇ ਨੂੰ ਜੋਗ ਜਾਣਦਾ ਸੀ, ਸਤਿਗੁਰ ਨੂੰ ਪੁੱਛਣ ਲਗਾ ਕਿ ਫੇਰ ਕੀਹ ਜੀਓ ! ਇੰਦ੍ਰੇ ਦਮਨ ਨਹੀਂ ਕਰਨੇ, ਮਨ ਨੂੰ ਨਹੀਂ ਮਾਰਨਾ ? ਸਤਿਗੁਰ ਨੇ ਸਮਝਾਇਆ ਕਿ ਭਾਈ ਇੰਦ੍ਰਿਆਂ ਨੂੰ ਵਿਕਾਰਾਂ ਤੋਂ ਰੋਕਣਾ ਹੈ ਮਨ ਨੂੰ ਨੀਵਿਆਂ ਖਿਆਲਾਂ ਵਿਚ ਨਹੀਂ ਜਾਣ ਦੇਣਾ। ਸਭ ਅਵਗੁਣ ਤਿਆਗਣੇ ਤੇ ਸ਼ੁਭ ਗੁਣ ਧਾਰਨੇ ਹਨ, ਪਰ ਇਕ ਪਤੀ ਪਰਮੇਸ਼ੁਰ ਦਾ ਮਨ ਵਿਚ ਧ੍ਰਵਾ ਬੰਨ੍ਹਕੇ ਸਾਰੇ ਸ਼ਿੰਗਾਰ ਕਰਨੇ ਹਨ ਤੇ ਉਸ ਨਾਲ ਪ੍ਰੇਮ ਕਰਨਾ ਹੈ। ਪ੍ਰਯੋਜਨ ਬੁੱਧੀ ਨੂੰ ਨਿਰਮਲ ਕਰਨੇ ਦਾ ਹੈ, ਬੁਧੀ ਦੀ ਨਿਰਮਲਤਾ ਲਈ ਵੈਰਾਗ ਵਿਵੇਕ ਵਰਤਣੇ ਹਨ। ਮਨ ਉਤੇ ਇਸ ਨਿਰਮਲ ਬੁਧਿ ਦਾ ਚਰਾਗ ਰੋਸ਼ਨ ਕਰਕੇ ਇਸ ਦੇ ਕੁੰਡੇ ਹੇਠ ਮਨ ਨੂੰ ਟੋਰਨਾ ਹੈ। ਐਸੇ ਪ੍ਰਬੁਧ ਹੋਏ ਮਨ ਦੇ ਵੱਸ ਵਿਚ ਇੰਦਰਿਆਂ ਨੂੰ ਟੋਰਨਾ ਹੈ, ਪਰ ਅੰਦਰ ਜੋ ਸਾਡੇ ਆਤਮਾ ਵਿਚ ਪ੍ਰਿਯ ਸਰੂਪਤਾ ਦੀ ਅੰਸ਼ ਹੈ, ਪ੍ਰੇਮ ਹੈ, ਉਸਨੂੰ ਬੀ ਵਰਤਣਾ ਹੈ, ਉਸਨੂੰ ਮਾਰਨਾ ਨਹੀਂ। ਉਸ ਨਾਲ ਮਨ ਦੇ ਰੁਖ ਨੂੰ ਉਪਰਲੇ ਪਾਸੇ ਵਲ ਲਗੇ ਰਹਿਣ ਵਾਲਾ ਬਨਾਉਣਾ ਹੈ ਤੇ ਬੁੱਧੀ ਦਾ ਆਲੰਬ (ਆਸਰਾ) ਲੱਭਕੇ ਉਸਨੂੰ ਜੱਫਾ ਮਾਰਨਾ ਹੈ। ਬੁੱਧੀ ਨੇ ਜਦ ਨਿਸ਼ਚੇ ਕਰ ਲਿਆ ਕਿ ਜਗਤ ਦਾ ਮੂਲ ਮਾਲਿਕ ਪਾਲਿਕ ਇਕ ਅਕਾਲ ਪੁਰਖ ਹੈ ਤਾਂ ਹੁਣ ਉਸਦਾ ਅਲੰਬ ਇਹ 'ਏਕੰਕਾਰ' ਹੈ ਅਰਥਾਤ ਅਕਾਲ ਪੁਰਖ ਹੈ। ਜਦੋਂ ਮਨ ਬੁੱਧੀ ਵਾਹਿਗੁਰੂ ਵਿਚ ਰਾਗ ਕਰਕੇ ਅਰਥਾਤ ਉਸਨੂੰ ਅਪਣਾ ਆਲੰਬ ਬਣਾਕੇ ਉਸ ਨਾਲ ਲਗਾਤਾਰੀ ਲਗਾਉ ਪਾ ਲੈਣਗੇ ਤਾਂ ਉਨ੍ਹਾਂ ਵਿਚ ਵਾਹਿਗੁਰੂ ਤੇ ਵਾਹਿਗੁਰੂ ਵਿਚ ਓਹ ਵੱਸਣਗੇ। ਫੇਰ ਸਾਡਾ ਆਪਾ, ਜੀਵਤ ਆਪਾ ਹੋਵੇਗਾ ਤੇ ਜੀਵਨ ਮੁਕਤੀ ਦਾ ਸੁਖ ਪਾਏਗਾ। ਇਸ ਤਰ੍ਹਾਂ ਸਾਰਾ ਆਪਾ ਆਪਣੇ ਸਾਰੇ ਤਾਣ ਨਾਲ ਜਦ ਸਦਾ ਲਗਾ ਰਹੇਗਾ 'ਇਕ' ਵਿਚ ਤਾਂ 'ਇਕ ਸਮਾਇਆ' ਸਫਲ ਤੇ ਸੁਰਜੀਤ ਗਯਾਨ ਵਾਲਾ ਰਹੇਗਾ। ਇਹ ਕਾਰ ਸਿਰੇ ਚੜ੍ਹਦੀ ਹੈ ਗੁਰ ਸ਼ਬਦ ਦੀ ਕਮਾਈ ਨਾਲ। ਫਿਰ ਇਹ ਸਾਰਾ ਕੁਛ ਸਹਿਜ ਨਾਲ ਪ੍ਰਾਪਤ ਕਰਨਾ ਹੈ। ਸਹਿੰਦੇ ਸਹਿੰਦੇ ਹਠ, ਮਨ ਤੇ ਕੁੰਡਾ, ਤੇ ਆਪਾ ਨਿਵਾਰਨ ਦੇ ਸਾਰੇ ਕੰਮ ਕਰਨੇ ਹਨ, ਪਰ ਅੰਦਰ ਟੇਕ ਸਾਈਂ ਦੀ ਧਾਰਕੇ ਤੇ ਉਸਦੇ ਸਿਮਰਨ ਦੇ ਆਸਰੇ। ਜਦੋਂ ਅੰਦਰ ਠੰਢ ਵਰਤਣੀ ਹੈ ਤਾਂ 'ਸਹਿਜ' ਦਾ ਭਾ ਆ ਜਾਣਾ ਹੈ, ਸਹਿਜ ਆਨੰਦ ਨੇ ਅੰਦਰ ਟਿਕ ਜਾਣਾ ਹੈ। ਇਹ ਕਹਿਕੇ ਸ੍ਰੀ ਗੁਰੂ ਬਾਬਾ ਜੀ ਦੇ ਨੈਣ ਜੁੜ ਗਏ ਤੇ ਆਪਦੇ ਜੁੜਦੇ ਜਾਂਦੇ ਨੈਣਾਂ ਦੇ ਨਾਲ 'ਹਰਣੀ ਹੋਵਾਂ' ਪਦ ਨਿਕਲਿਆ। ਮਰਦਾਨੇ ਨੇ ਰਮਜ਼ ਸਮਝ ਲਈ ਤੇ ਗਉੜੀ ਬੈਰਾਗਣ ਦੇ ਵੈਰਾਗ ਮਈ ਪਰ ਰਸ ਭਰੇ ਸੰਗੀਤ ਵਿਚ ਰਬਾਬ ਦੀਆਂ ਮਿਠੀਆਂ ਸੁਰਾਂ ਨਾਲ ਗਾਂਵਿਆਂ:-

ਗਉੜੀ ਬੈਰਾਗਣਿ ਮਹਲਾ ੧॥

*ਹਰਣੀ ਹੋਵਾ ਬਨਿ ਬਸਾ ਕੰਦ ਮੂਲ ਚੁਣਿ ਖਾਉ॥ ਗੁਰਪਰਸਾਦੀ ਮੇਰਾ ਸਹੁ ਮਿਲੈ ਵਾਰਿ ਵਾਰਿ ਹਉ ਜਾਉ ਜੀਉ॥੧॥ ਮੈ ਬਨਜਾਰਨਿ ਰਾਮ ਕੀ॥ ਤੇਰਾ ਨਾਮ ਵਖਰੁ ਵਾਪਾਰੁ ਜੀ॥੧॥ ਰਹਾਉ॥ ਕੋਕਿਲ ਹੋਵਾ ਅੰਬਿ ਬਸਾ ਸਹਜਿ ਸਬਦ ਬੀਚਾਰੁ॥ ਸਹਜਿ ਸੁਭਾਇ ਮੇਰਾ ਸਹੁ ਮਿਲੈ ਦਰਸਨਿ ਰੂਪਿ ਅਪਾਰੁ॥੨॥ ਮਛੁਲੀ ਹੋਵਾ ਜਲਿ ਬਸਾ ਜੀਅ ਜੰਤ ਸਭਿ ਸਾਰਿ॥ ਉਰਵਾਰਿ ਪਾਰਿ ਮੇਰਾ ਸਹੁ ਵਸੈ ਹਉ ਮਿਲਉਗੀ*

*ਬਾਹ ਪਸਾਰਿ॥੩॥ ਨਾਗਨਿ ਹੋਵਾ ਧਰ ਵਸਾ ਸਬਦੁ ਵਸੈ ਭਉ ਜਾਇ॥*
*ਨਾਨਕ ਸਦਾ ਸੋਹਾਗਣੀ ਜਿਨ ਜੋਤੀ ਜੋਤਿ ਸਮਾਇ॥੪॥੨॥੧੯॥* (ਪੰਨਾ - ੧੫੭)

ਦੇਵ ਗਿਰ ਨੂੰ ਸੋਝੀ ਆ ਗਈ, ਹੁਣ ਉਸਦੀ ਬ੍ਰਿਤੀ ਵਿਚ ਵਾਹਿਗੁਰੂ ਦੇ ਨਾਮ ਦਾ ਨਿਵਾਸ ਹੋ ਗਿਆ, ਅਠ ਪਹਿਰ ਇਕ ਲਿਵ ਦਾ ਰੌ ਟੁਰ ਪਿਆ। ਅਗੇ ਤਾਂ ਆਪਣੇ ਖਿਆਲ ਵਿਚ ਗਿਆਨਵਾਨ ਸੀ ਪਰ ਗਿਆਨਵਾਨ ਹੋਕੇ ਬੀ ਮਨ ਫੁਰਨਿਆਂ ਵਿਚ ਰਹਿੰਦਾ ਸੀ। ਕਥਾ ਵਾਰਤਾ, ਚਰਚਾ ਵੀਚਾਰ, ਸੰਥਾ ਆਦਿ ਵੇਲੇ ਬ੍ਰਹਮ ਦੇ ਸੰਕਲਪ ਮਾਤ੍ਰ ਲੰਘਦੇ ਸਨ, ਪਰ ਹੁਣ ਸਾਂਈਂ ਦੀ ਹੋਂਦ ਇਕ ਰਸਮਯ ਯਾ ਲਗਾਤਾਰੀ ਰੌ ਹੋਕੇ ਅੰਦਰ ਵਸ ਗਈ। ਮਨ ਜੋ ਫੁਰਨਿਆਂ ਵਿਚ ਖਿੰਡਦਾ ਤੇ ਨਿਤਾਣਾ ਹੁੰਦਾ ਸੀ ਤਾਣ ਤੇ ਸੁਖ ਵਿਚ ਆ ਗਿਆ। ਸਤਿਗੁਰ ਦਾ ਵਾਕ ਹੈ :-

*'ਚੇਤਹਿ ਏਕੁ ਤਹੀ ਸੁਖੁ ਹੋਇ'॥*

ਦੇਵ ਗਿਰ ਨੇ ਬਹੁਤ ਦਿਨ ਸਤਿਗੁਰ ਨੂੰ ਪਿਆਰ ਨਾਲ ਪਾਸ ਰਖਿਆ, ਉਨ੍ਹਾਂ ਦੇ ਦੇਵ ਪ੍ਰਭਾਵ ਦਾ, ਉਨ੍ਹਾਂ ਦੇ ਰੱਬੀ ਗਿਆਨ ਦਾ, ਉਨ੍ਹਾਂ ਦੇ ਪਰਮਾਤਮ ਪ੍ਰੇਮ ਦਾ ਰਸ ਮਾਨਿਆ ਤੇ 'ਕੀਰਤਨ ਨਿਰਮੋਲਕ ਹੀਰਾ' ਸੁਣ ਸੁਣਕੇ ਆਪਣੇ ਆਪ ਦਾ ਮੁੱਲ ਵਧਾਇਆ।[1]

## ੪. ਰਾਜੌਲੀ, ਮਾਲਦਾ।

ਗਯਾ ਦੇ ਇਲਾਕੇ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਕਈ ਥਾਂਈਂ ਟਿਕੇ ਹਨ ਤੇ ਜਗਤ ਦਾ ਉਧਾਰ ਕੀਤਾ ਹੈ, ਜਿਸਦੇ ਨਿਸ਼ਾਨ ਅਜੇ ਤਕ ਕਿਤੇ ਕਿਤੇ ਮਿਲਦੇ ਹਨ। ਇਨ੍ਹਾਂ ਟਿਕਾਣਿਆਂ ਵਿਚੋਂ ਇਕ ਥਉਂ ਰਾਜੌਲੀ ਹੈ। ਇਥੇ ਇਕ ਕੱਲ੍ਹਣ ਸ਼ਾਹ ਨਾਮੇ ਫਕੀਰ ਤਪ ਕਰ ਰਿਹਾ ਸੀ[2]। ਅਠੇ ਪਹਿਰ ਧੂਣੀ ਧੁਖਦੀ ਰਹਿੰਦੀ ਸੀ ਤੇ ਆਪ ਬੈਠੇ ਤਪੱਸਜਾ ਕਰਦੇ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਆਪਣੀ ਜਗਤ ਯਾਤ੍ਰਾ ਵਿਚ ਜਿਥੇ ਲੋਕਾਂ ਨੂੰ ਰਬ ਦੇ ਰਸਤੇ ਲਾਉਂਦੇ ਸਨ; ਉਥੇ ਅਟਕਿਆਂ ਨੂੰ ਸਹਾਰਾ ਦੇਕੇ ਅੱਗੇ ਕਰਦੇ ਸਨ ਤੇ ਭੁੱਲਿਆਂ ਨੂੰ ਰਾਹੇ ਪਾਉਂਦੇ ਸਨ। ਜਿਨ੍ਹਾਂ ਦੀ ਨਰਦ ਪੁੱਗਣ ਦੇ ਨੇੜੇ ਆ ਅਟਕੇ ਉਹਨਾਂ ਨੂੰ ਸਿਰੇ ਚਾੜ੍ਹਦੇ ਸਨ। ਕਲ੍ਹਣ ਸ਼ਾਹ ਬੀ ਚਿਰਾਂ ਦੇ ਤਪ ਕਰ ਰਹੇ ਸਨ, ਜਦ ਗੁਰੂ ਜੀ ਓਥੇ ਜਾ ਟਿਕੇ ਤਾਂ ਕੀਰਤਨ ਦੀ ਗਲ ਬਾਤ ਇਨ੍ਹਾਂ ਦੇ ਕਨੀ ਪਈ ਤੇ ਇਨ੍ਹਾਂ ਨੇ ਜਾ ਲੁਕ ਛਿਪਕੇ ਕੀਰਤਨ ਸੁਣਿਆ। ਇਸ ਕੀਰਤਨ ਤੇ ਹੋ ਰਹੇ ਸ਼ਬਦਾਂ ਦੇ ਭਾਵ ਨੇ ਮੋਹਿਤ ਕਰ ਲਿਆ। ਫੇਰ ਤਾਂ ਸ਼ੰਕ ਨਿਵਾਰਕੇ ਸਤਿਗੁਰ ਜੀ ਨੂੰ ਮਿਲ ਪਏ ਤੇ ਦਿਲ ਦੇ ਦੁਖ ਸੁਖ ਕਹਿ ਸੁਣਾਏ। ਸਤਿਗੁਰ ਜੀ ਨੇ ਮਿਹਰ ਕੀਤੀ, ਜਿਥੇ ਅਟਕੇ ਖਲੇ ਸਨ ਓਥੋਂ 'ਨਾਮ ਮਹਾਂਰਸ' ਦੀ ਦਾਤ ਬਖਸ਼ਕੇ ਸੁੱਚੇ ਗਿਆਨ ਵਿਚ ਆਰੂੜ ਕਰ ਦਿਤਾ ਤੇ ਆਪ ਰਮਤੇ ਰਹੇ। ਤਦ ਤੋਂ ਓਥੇ ਦੋ ਅਸਥਾਨ ਚਲੇ ਆਉਂਦੇ ਹਨ। ਇਕ ਤਾਂ ਛੋਟੀ ਸੰਗਤ ਸਦਾਉਂਦਾ ਹੈ, ਜਿਥੇ ਏਸ ਫਕੀਰ ਦੀ ਧੂਣੀ ਹੁਣ ਤਕ ਚਲੀ ਆਉਂਦੀ ਹੈ। ਦੂਜਾ ਉਹ ਅਸਥਾਨ ਹੈ ਜਿੱਥੇ ਸ੍ਰੀ ਗੁਰੂ ਜੀ ਟਿਕੇ ਸਨ ਤੇ ਕੱਲ੍ਹਣ ਸ਼ਾਹ ਸ਼ਰਨ ਆਇਆ ਸੀ, ਇਸਨੂੰ ਵੱਡੀ ਸੰਗਤ ਆਖਦੇ ਹਨ। ਪਹਿਲੀ ਦਾ ਮੁਜਾਵਰ ਮੁਸਲਮਾਨ ਹੈ ਤੇ ਦੂਜੀ ਦਾ ਉਦਾਸੀ ਸੰਤ ਹੈ, ਇਸੀ ਤਰ੍ਹਾਂ ਹੋਰ ਬੀ ਟਿਕਾਣੇ ਗੁਰੂ ਨਾਨਕ ਦੇਵ ਜੀ ਦੇ ਨਾਮ ਨਾਲ ਸੰਬੰਧਤ ਓਸ ਇਲਾਕੇ ਵਿਚ ਸੁਣੀਦੇ ਹਨ। ਸੋ ਇਨ੍ਹਾਂ ਸਾਰਿਆਂ ਟਿਕਾਣਿਆਂ

---

1. ਇਸ ਦੇਵਗਿਰ ਤੋਂ ਤੀਜੀ ਪੀੜ੍ਹੀ ਦੇ ਮਹੰਤ, ਸ੍ਰੀ ਗੁਰੂ ਹਰਿਰਾਇ ਜੀ ਦੀ ਸ਼ਰਨ ਪ੍ਰਾਪਤ ਹੋਏ ਤੇ ਆਪਣੇ ਅਸ਼ਾਂਤ ਮਨ ਨੂੰ ਸੁਖੀ ਕਰਕੇ ਸਿਖ ਬਣੇ। ਏਹ ਸੰਤ ਜੀ ਤਿਆਗੀ ਹੋਕੇ ਸਾਧੂ ਬਣਕੇ ਸਾਧੂ ਦੇ ਵੇਸ਼ ਵਿਚ ਵਿਚਰੇ ਤੇ ਗੁਰੂ ਜੀ ਦੇ ਵਰ ਨਾਲ ਇੰਨੇ ਵਡੇ ਉਪਕਾਰੀ ਹੋਏ ਕਿ ਲਖਾਂ ਨਾਨਕ ਪੰਥੀ ਆਪ ਨੇ ਬਣਾਏ ਤੇ ਪੂਰਬ ਵਿਚ ਤ੍ਰੈ ਚਾਰ ਸੌ ਗੁਰ ਧਾਮ ਬਨਾਏ। ਆਪ ਦਾ ਨਾਮ ਸਤਵੇਂ ਪਾਤਸ਼ਾਹ ਜੀ ਨੇ 'ਭਗਤ ਭਗਵਾਨ' ਰਖਿਆ ਸੀ। ਇਨ੍ਹਾਂ ਡੇਰਿਆਂ ਦੇ ਸੰਤ 'ਭਗਤ ਭਗਵਾਨ ਕੇ' ਕਹਾਉਂਦੇ ਹਨ ਜੋ ਉਦਾਸੀ ਸੰਤ ਹਨ। ਸੂ: ਪ੍ਰਕਾਸ਼ ਵਿਚ ਆਪਦਾ ਪ੍ਰਸੰਗ ਹੈ।     2. ਕਲ: ਚਮਤਕਾਰ।


www.sikhbookclub.com

ਤੇ ਜ਼ੀਅਦਾਨ ਦੇਂਦੇ ਸ੍ਰੀ ਗੁਰੂ ਜੀ ਫੇਰ ਉੱਤਰ ਰੁਖ ਹੋਕੇ ਮੁੰਘੇਰ ਆਏ। ਜਿੱਥੇ ਹੁਣ ਤਕ ਗੁਰਦੁਆਰਾ ਹੈ[1], ਤੋਂ ਫੇਰ ਭਾਗਲ ਪੁਰੇ[1] ਚਲੇ ਗਏ। ਇਸਤੋਂ ਅਗੇ ਕਈ ਨਗਰਾਂ ਵਿਚ ਜਗਤ ਨੂੰ ਤਾਰਦੇ ਰਾਜ ਮਹਲ ਆਏ, ਇਥੋਂ ਉੱਤਰ ਪੂਰਬ ਰੁੱਖ ਕਰਕੇ 'ਮਾਲਦਾ' ਪਹੁੰਚੇ। ਸਭਨੀਂ ਥਾਂਈਂ ਨਿਸ਼ਾਨ ਆਪ ਦੇ ਮਿਲਦੇ ਦੱਸੀਦੇ ਹਨ। ਮਾਲਦਾ ਦੀ ਵਸਤੀ ਮਹਾਂ ਨੰਦ ਨਦੀ ਦੇ ਕਿਨਾਰੇ ਹੈ। ਇਥੇ ਇਕ ਰਾਜਿਆਂ ਤੁੱਲ ਸ਼ਾਹੂਕਾਰ ਰਹਿੰਦਾ ਸੀ। ਉਸਦਾ ਨਾਮ ਸੀ 'ਰਾਮ ਦੇਵ ਬਾਬੂ'[2]। ਇਹ ਸੱਜਣ ਦੁਨੀਆਂ ਦੇ ਐਸ਼੍ਵਰਜ ਵਾਲਾ ਸੀ ਪਰ ਸੀ ਭਲਾ। ਇਸਦਾ ਇਕ ਬਾਗ ਸੀ ਜਿਸ ਵਿਚ ਸ੍ਰੀ ਗੁਰੂ ਜੀ ਨੇ ਡੇਰਾ ਲਾਇਆ। ਇਹ ਬਾਗ ਸੀ ਤਾਂ 'ਮਾਲਦਾ' ਨਾਮੀ ਅੰਬਾਂ ਦਾ ਤੇ ਚੰਗੀ ਆਮਦਨ ਦੇਂਦਾ ਸੀ; ਪਰ ਬਾਬੂ ਨੇ ਇਸ ਵਿਚ ਸੰਤਾਂ ਦੇ ਠਹਿਰਨ ਲਈ ਕੁਟੀ ਬੀ ਪਾਈ ਹੋਈ ਸੀ। ਕਦੇ ਕੋਈ ਚੰਗਾ ਸਾਧੂ ਆ ਜਾਏ ਤਾਂ ਉਨ੍ਹਾਂ ਦੇ ਟਿਕਣ ਦੀ ਏਥੇ ਐਉਂ ਖੁੱਲ੍ਹ ਸੀ ਜਿਵੇਂ ਬਨ ਹੁੰਦਾ ਹੈ। ਇਕ ਦਿਨ ਮਰਦਾਨਾ ਰਬਾਬ ਵਜਾ ਰਿਹਾ ਸੀ, ਮਿੱਠੀ ਮਿੱਠੀ ਫੁਹਾਰ ਪੈ ਰਹੀ ਸੀ ਕਿ ਰਾਮ ਬਾਬੂ ਆ ਗਿਆ। ਉਸ ਵੇਲੇ ਸ੍ਰੀ ਗੁਰੂ ਜੀ ਆਪ ਇਹ ਅਪਣਾ ਸ਼ਬਦ ਗਉੜੀ ਦੀ ਮਧੁਰ ਧੁਨੀ ਵਿਚ ਗਾਉਂ ਰਹੇ ਸੀ:--

ਗਉੜੀ ਮਹਲਾ ੧

*ਚੋਆ ਚੰਦਨੁ ਅੰਕਿ ਚੜਾਵਉ॥ ਪਾਟ ਪਟੰਬਰ ਪਹਿਰਿ ਹਢਾਵਉ॥ ਬਿਨੁ ਹਰਿ ਨਾਮ ਕਹਾ ਸੁਖੁ ਪਾਵਉ॥੧॥ ਕਿਆ ਪਹਿਰਉ ਕਿਆ ਓਢਿ ਦਿਖਾਵਉ॥ ਬਿਨੁ ਜਗਦੀਸ ਕਹਾ ਸੁਖੁ ਪਾਵਉ॥੧॥ ਰਹਾਉ॥ ਕਾਨੀ ਕੁੰਡਲ ਗਲਿ ਮੋਤੀਅਨ ਕੀ ਮਾਲਾ॥ ਲਾਲ ਨਿਹਾਲੀ ਫੂਲ ਗੁਲਾਲਾ॥ ਬਿਨੁ ਜਗਦੀਸ ਕਹਾ ਸੁਖੁ ਭਾਲਾ॥੨॥ ਨੈਨ ਸਲੋਨੀ ਸੁੰਦਰ ਨਾਰੀ॥ ਖੋੜ ਸੀਗਾਰ ਕਰੈ ਅਤਿ ਪਿਆਰੀ॥ ਬਿਨੁ ਜਗਦੀਸ ਭਜੇ ਨਿਤ ਖੁਆਰੀ॥੩॥ ਦਰ ਘਰ ਮਹਲਾ ਸੇਜ ਸੁਖਾਲੀ॥ ਅਹਿਨਿਸਿ ਫੂਲ ਬਿਛਾਵੈ ਮਾਲੀ॥ ਬਿਨੁ ਹਰਿ ਨਾਮ ਸੁ ਦੇਹ ਦੁਖਾਲੀ॥੪॥ ਹੈਵਰ ਗੈਵਰ ਨੇਜੇ ਵਾਜੇ॥ ਲਸਕਰ ਨੇਬ ਖਵਾਸੀ ਪਾਜੇ॥ ਬਿਨੁ ਜਗਦੀਸ ਝੂਠੇ ਦਿਵਾਜੇ॥੫॥ ਸਿਧੁ ਕਹਾਵਉ ਰਿਧਿ ਸਿਧਿ ਬੁਲਾਵਉ॥ ਤਾਜ ਕੁਲਹ ਸਿਰਿ ਛਤ੍ਰ ਬਨਾਵਉ॥ ਬਿਨੁ ਜਗਦੀਸ ਕਹਾ ਸਚੁ ਪਾਵਉ॥੬॥ ਖਾਨੁ ਮਲੂਕੁ ਕਹਾਵਉ ਰਾਜਾ॥ ਅਬੇ ਤਬੇ ਕੂੜੇ ਹੈ ਪਾਜਾ॥ ਬਿਨੁ ਗੁਰ ਸਬਦ ਨ ਸਵਰਸਿ ਕਾਜਾ॥੭॥ ਹਉਮੈ ਮਮਤਾ ਗੁਰ ਸਬਦਿ ਵਿਸਾਰੀ॥ ਗੁਰਮਤਿ ਜਾਨਿਆ ਰਿਦੈ ਮੁਰਾਰੀ॥ ਪ੍ਰਣਵਤਿ ਨਾਨਕ ਸ਼ਰਣਿ ਤੁਮਾਰੀ॥੮॥੧੦॥-੨੨੫*

ਇਸ ਸ਼ਬਦ ਦਾ ਐਸਾ ਅਸਰ ਹੋਇਆ ਕਿ ਰਾਮ ਦੇਵ ਦੇ ਮਨ ਤੇ ਸੰਸਾਰਕ ਸੁਖਾਂ ਨਾਲੋਂ ਨਾਮ ਸੁਖ ਦੇ ਸਦੈਵੀ ਹੋਣ ਦਾ ਅਸਰ ਪੈ ਗਿਆ। ਫਿਰ ਤਾਂ ਦੁਇ ਵੇਲੇ ਕੀਰਤਨ ਸੁਣੇ ਤੇ ਸ੍ਰੀ ਗੁਰੂ ਜੀ ਨੂੰ ਤੁਰਨੋਂ ਅਟਕਾਵੇ। ਐਸਾ ਪ੍ਰੇਮ ਏਸ ਸਜਣ ਪੁਰਖ ਨੇ ਕੀਤਾ ਕਿ ਸ੍ਰੀ ਗੁਰੂ ਜੀ ਚੁਮਾਸਾ ਓਥੇ ਹੀ ਟਿਕ ਗਏ[3] ਮਰਦਾਨਾ ਬੀ ਕਈ ਦਿਨਾਂ ਤੋਂ ਚੁਮਾਸੇ ਲਈ ਅਟਕਣਾ ਚਾਹੁੰਦਾ ਸੀ, ਉਸਦਾ ਮਨੋਰਥ ਵੀ ਪੂਰਾ ਹੋ ਗਿਆ। ਏਥੇ ਚੰਗਾ ਰੰਗ ਸਤਿਸੰਗ ਦਾ ਬਣਿਆ ਰਿਹਾ। ਰਾਮ ਦੇਵ ਦਾ ਸਾਰਾ ਪਰਵਾਰ ਸਿੱਖ ਹੋਇਆ। ਇਰਦ ਗਿਰਦ ਬੀ ਸਿੱਖੀ ਫੈਲੀ ਤੇ ਲੋਕਾਂ ਦਾ ਨਿਸਤਾਰਾ ਹੋਇਆ, ਅਚਰਜ ਨਹੀਂ ਕਿ ਮੁਹਰਾਂ ਤੇ ਕੋਲਿਆਂ ਵਾਲੀ ਸਾਖੀ ਏਥੇ ਹੀ ਵਰਤੀ ਹੋਵੇ[4] ਜੋ ਇਸ ਪ੍ਰਕਾਰ ਹੈ:-- ਦੋ ਮਿੱਤ੍ਰ ਸਨ; ਇਕ ਤਾਂ ਗੁਰੂ ਕੇ ਦਰਸ਼ਨ ਨੂੰ ਆਯਾ ਕਰੇ ਤੇ ਦੂਜਾ ਕਿਸੇ ਵਿਕਾਰ ਨੂੰ ਜਾਇਆ ਕਰੇ। ਇਕ ਦਿਨ

---

1. ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਬੀ ਏਥੇ ਦੁਹੀਂ ਥਾਈਂ ਜੀਆ ਦਾਨ ਦੇਣ ਲਈ ਪਹੁੰਚੇ ਸਨ। (ਸੂ: ਪ੍ਰ:)
2. ਇਤਿ: ਸ. ਖ: ਸਿੰਘ।
3. ਤਵਾ: ਖਾਲਸਾ:।
4. ਇਹ ਸਾਖੀ ਪੁਰਾਤਨ ਜਨਮ ਸਾਖੀ ਵਿਚ ਹੈ, ਪਰ ਥਾਂਉਂ ਦਾ ਪਤਾ ਨਹੀਂ ਦਿਤਾ ਹੋਇਆ।

ਦੋਹਾਂ ਦੀ ਗਲ ਬਾਤ ਛਿੜ ਪਈ। ਵਿਕਰਮੀ ਵਿਸ਼ੇ ਭੋਗਾਂ ਦੀ ਮਹਿਮਾ ਕਰੇ ਤੇ ਸੁਕਰਮੀ ਸਤਿਸੰਗ ਦੀ ਮਹਿਮਾ ਕਰੇ। ਇਕ ਦਿਨ ਦੋਹਾਂ ਨੇ ਸਲਾਹ ਕੀਤੀ ਕਿ ਅਮੁਕੇ ਪਿਪਲ ਹੇਠ ਅਜ ਅਸੀਂ ਮੁੜਦੇ ਹੋਏ ਇਕ ਦੂਏ ਦੀ ਉਡੀਕ ਕਰੀਏ ਤੇ ਵਾਪਸ ਬੀ ਨੱਗਰ ਨੂੰ ਕੱਠੇ ਚਲੀਏ ਤੇ ਬਾਕੀ ਵੀਚਾਰ ਤਦੋਂ ਕਰਾਂਗੇ ਨਾਲੇ ਦੇਖਾਂਗੇ ਦੁਏ ਕੀ ਲਾਭ ਲੈ ਕੇ ਆਉਂਦੇ ਹਨ। ਜਦੋਂ ਦੁਏ ਮੁੜਦੇ ਹੋਏ ਮਿਲੇ ਤਾਂ ਵਿਕਰਮੀ ਕਹਿਣ ਲਗਾ 'ਬਈ ਦੇਖ ਮੈਂ ਤੈਥੋਂ ਪਹਿਲਾਂ ਆਇਆ ਹਾਂ ਤੇ ਵਿਹਲਾ ਹੋਣ ਕਰਕੇ ਛੁਰੀ ਨਾਲ ਜ਼ਿਮੀਂ ਖੁਟਦਾ ਰਿਹਾ ਹਾਂ ਤੇ ਮੈਂ ਇਕ ਮੁਹਰ ਪਾਈ ਹੈ। ਇਥੋਂ ਇਕ ਭਾਡਾਂ ਹੋਰ ਭੀ ਨਿਕਲਿਆ ਹੈ, ਪਰ ਉਸ ਵਿਚ ਕੋਲੇ ਸਨ। ਤੂੰ ਦੱਸ ਲੰਗੜ ਲੰਗੜ ਕਰਦਾ ਆਉਂਦਾ ਹੈਂ ਤੂੰ ਕੀ ਪਾਇਆ ਹੈ?' ਉਸ ਆਖਿਆ 'ਮੇਰਾ ਮਨ ਸੁਖੀ ਹੋਇਆ ਹੈ। ਇਹ ਮੇਰੇ ਪੈਰ ਵਿਚ ਸੂਲ ਚੁਭ ਗਈ ਸੀ। ਉਸ ਕਰਕੇ ਮੈਂ ਲੀਰ ਬੱਧੀ ਹੈ ਤੇ ਲੰਗੜਾਕੇ ਜ਼ਰਾ ਚੱਲ ਰਿਹਾ ਹਾਂ।' ਤਦ ਵਿਕਰਮੀ ਨੇ ਕਿਹਾ, ਚੱਲ ਤੇਰੇ ਸੰਤ ਤੋਂ ਪੁੱਛੀਏ ਕਿ ਸਤਿਸੰਗ ਦਾ ਫਲ ਸੂਲ ਤੇ ਮੇਰੇ ਸਰੀਰਕ ਰਸ ਦਾ ਫਲ ਮੁਹਰ, ਇਹ ਕਿਉਂ? ਤਦ ਦੁਇ ਗੁਰੂ ਬਾਬੇ ਪਾਸ ਆਏ ਤੇ ਸਾਰੀ ਵਿਥਿਆ ਦੱਸਕੇ ਕਾਰਨ ਪੁੱਛਿਆ। ਤਦ ਦਿਆਲ ਸਤਿਗੁਰੂ ਜੀ ਨੇ ਆਪਣਾ ਪਵਿੱਤ੍ਰ ਹੱਥ ਉਸ ਮਾੜੇ ਕਰਮਾਂ ਵਾਲੇ ਦੇ ਸਿਰ ਨੂੰ ਛੁਹਾਇਆ, ਹਾਂ ਸੁਹਣਾ ਸੁੱਚਾ ਹੱਥ ਮੈਲੇ ਸਿਰ ਨੂੰ ਲਾਇਆ, ਮਿਹਰ ਦੇ ਘਰ ਆਏ ਤੇ ਆਖਿਆ:--

ਭੋਲਿਆ! ਤੇਰੇ ਪਾਪ ਨੂੰ ਇਕ ਮੁਹਰ ਦਾ ਫਲ ਨਹੀਂ ਲਗਾ ਤੇਰੇ ਪਾਪਾਂ ਦੀ ਹਨੇਰੀ ਨੇ ਤੇਰੀਆਂ ਮੁਹਰਾਂ ਦਾ ਬ੍ਰਿੱਛ ਹਲੂਣ ਘੱਤਿਆ, ਸਭ ਝੜ ਪਈਆਂ, ਤੇਰੇ ਜੋਗੀ ਇਕ ਰਹਿ ਗਈ। ਕੋਲਿਆਂ ਦਾ ਮੱਟ ਮੁਹਰਾਂ ਦਾ ਮੱਟ ਹੈਸੀ, ਕਿਸੇ ਰੱਬ ਜੀ ਦੇ ਪਿਆਰੇ ਨੂੰ ਤੂੰ ਇਕ ਮੋਹਰ ਦਿਤੀ ਹੈਸੀ ਉਹ ਪਰਮਪਦ ਦੇ ਭੀਖਕ ਨੂੰ ਇਕ ਦਿੱਤੀ ਸਹੰਸਰ ਗੁਣਾਂ ਹੋ ਫਲੀ ਪਰ ਜਦ ਜਿਉਂ ਜਿਉਂ ਤੂੰ ਪਾਪ ਕਮਾਏ ਉਹ ਪੁੰਨਾਂ ਦੀਆਂ ਫਲੀਆਂ ਮੋਹਰਾਂ ਸੜਦੀਆਂ ਗਈਆਂ। ਤੂੰ ਜਾਣ ਲੈ ਕੇ ਤੇਰੇ ਪਾਪਾਂ ਨੇ ਤੇਰੇ ਕੱਠੇ ਕੀਤੇ ਸ਼ੁਭ ਕਰਮਾਂ ਤੇ ਉਨ੍ਹਾਂ ਦੇ ਫਲ ਨੂੰ ਸਾੜ ਸੁੱਟਿਆ ਕੇਵਲ ਇਕ ਰਹਿ ਗਈ, ਸੋ ਤੂੰ ਸਮਝ ਲੈ ਕਿ ਮੁਹਰ ਤੈਨੂੰ ਇਕ ਮੱਤ ਦੇਂਦੀ ਹੈ ਕਿ ਤੇਰੇ ਪਾਪਾਂ ਨੇ ਮੈਂ ਵਰਗੀਆਂ ਤੇਰੇ ਭਾਗਾਂ ਵਿਚੋਂ ਅਨੇਕਾਂ ਦੂਰ ਕੀਤੀਆਂ, ਬੀਜਿਆ ਹਰਿਆ ਹੋਣ ਦੀ ਥਾਂ ਕੁਸੰਗ ਨੇ ਸਾੜ ਘੱਤਿਆ, ਕੋਲੇ ਹੋ ਗਏ। ਇਸ ਘਾਲੀ ਪੁਰਖ ਦੀ ਸੇਵਾ ਤੇ ਸਤਿਸੰਗ ਨੇ, ਹਰਿ ਕੀਰਤਨ ਸੁਣਨ ਤੇ ਕਰਨ ਨੇ ਇਸ ਦੇ ਪਾਪ ਨਾਸ਼ ਕੀਤੇ ਹਨ। ਇਸ ਦੇ ਪਿਛਲੇ ਕਰਮ ਹੈਸਨ ਐਸੇ ਕਿ ਉਨ੍ਹਾਂ ਦਾ ਫਲ ਸੂਲੀ ਹੈਸੀ, ਜਿਉਂ ਜਿਉਂ ਇਹ ਸੇਵਾ ਨੂੰ ਆਇਆ ਜਿਉਂ ਜਿਉਂ ਇਸਦੇ ਅੰਦਰ ਰੱਬ ਜੀ ਦੇ ਜਸ ਨਾਲ ਵੈਰਾਗ ਤੇ ਉਮਾਹ ਆਇਆ, ਜਿਉਂ ਜਿਉਂ ਇਸਨੇ ਉਸਦਾ ਨਾਉਂ ਲੈ ਕੇ ਉਸਨੂੰ ਯਾਦ ਕੀਤਾ ਉਹ ਖੋਟੇ ਕਰਮ ਨਾਸ਼ ਹੋਣ ਲੱਗੇ, ਘਟਦੇ ਘਟਦੇ ਸੂਲੀ ਦੀ ਸੂਲ ਰਹਿ ਗਈ ਜੋ ਸੂਈ ਵਾਂਙੂ ਚੁਭ ਕੇ ਮਹਾਂ ਦੁਖ ਤੋਂ ਛੁਡਾ ਗਈ।

ਦੂਜੇ ਭਾਈ! ਜਿਉਂ ਜਿਉਂ ਤੂੰ ਵਿਸ਼ਿਆਂ ਵਿਚ ਵਰਤਿਆ ਹੈਂ, ਤੇਰੀਆਂ ਵਾਸ਼ਨਾ ਹੋਰ ਖੋਟੀਆਂ ਹੋ ਗਈਆਂ ਹਨ, ਤੇਰੀ ਰੁਚੀ ਮਾੜੇ ਪਾਸੇ ਵਲ ਹੋਰ ਵਧ ਗਈ ਹੈ, ਜਿਉਂ ਜਿਉਂ ਇਸ ਘਾਲੀ ਨੇ ਸਤਿਸੰਗ ਕੀਤਾ ਹੈ, ਇਸ ਦੀਆਂ ਵਾਸ਼ਨਾਂ ਸ਼ੁਭ ਤੇ ਪਵਿੱਤ੍ਰ ਹੋ ਗਈਆਂ ਹਨ, ਇਸਦੀ ਰੁਚੀ ਭਲੇ ਵਲ, ਸੇਵਾ ਵਲ, ਸਤਿਸੰਗ ਵਲ ਵਧ ਗਈ ਹੈ, ਇਸਦੇ ਅੱਗੋਂ ਨੂੰ ਹੋਣ ਵਾਲੇ ਕਰਮਾਂ ਦੀ ਸੇਧ ਸ਼ੁਭ ਬੱਝ ਗਈ ਹੈ।

ਇਹ ਸੁਣਕੇ ਹਟਵਾਣੀਏਂ ਦੇ ਦਿਲ ਵਿਚ ਗੱਲ ਪੁੜ ਗਈ, ਕੰਬਿਆ, ਉਹ ਜੋ ਦਾਤੇ ਦਾ ਹੱਥ ਛੋਹਿਆ ਸੀ, ਉਹ ਅੱਗ ਦੀ ਚੰਗਾਰੀ ਸੀ ਪਾਪਾਂ ਦੇ ਮੜ੍ਹਿਆਂ ਦੇ ਖੜੇ ਢੇਰ ਨੂੰ ਅੱਗ ਲਾਉਣ ਲਈ। ਮੱਤਿ ਤੋਂ ਬੋਝਾ ਉਤਰਿਆ, ਚਰਨੀਂ ਢੱਠਾ, ਆਖਣ ਲੱਗਾ: ਮਿਹਰ ਕਰੋ ਤੇ ਹੁਣ ਸ਼ੁਭ ਮਾਰਗ ਪਾਓ, ਭਲੇ ਕਰਮ ਸਿਖਾਓ ਤੇ ਮਾੜਿਆਂ ਦੇ ਰਾਹੋਂ ਵਰਜ ਲਓ, ਆਪਣੇ ਤਾਣ ਨਾਲ ਰਹਾ ਲਓ, ਅਸਾਂ ਵਿਚ

ਜੋਰ ਆਸੰਙ ਕਾਈ ਨਹੀਂ ਹੈ।

ਤਦ ਗੁਰੂ ਬਾਬਾ ਮਿਹਰਵਾਹਨ ਹੋਇਆ ਇਲਾਹੀ ਗਲੇ ਤੋਂ ਧੁਨਿ ਉੱਠੀ। ਮਰਦਾਨੇ ਰਬਾਬ ਛੇੜਿਆ ਤੇ ਸਤਿਗੁਰ ਜੀ ਦੇ ਮੁਖਾਰਬਿੰਦ ਤੋਂ ਮਾਰੂ ਦੀ ਵੈਰਾਗ ਭਰੀ ਸੁਰ ਛਿੜੀ ਤੇ ਇਸ ਸਾਨੂੰ, ਤੇ ਸਭਨਾਂ ਨੂੰ ਤਾਰਨ ਤੇ ਉਖਾਰਨ ਵਾਲੇ ਸ਼ਬਦ ਦਾ ਗਾਇਨ ਹੋਇਆ :-

*ਕਰਣੀ ਕਾਗਦੁ ਮਨੁ ਮਸਵਾਣੀ ਬੁਰਾ ਭਲਾ ਦੁਇ ਲੇਖ ਪਏ॥ ਜਿਉ ਜਿਉ ਕਿਰਤ ਚਲਾਏ ਤਿਉ ਚਲੀਐ ਤਉ ਗੁਣ ਨਾਹੀ ਅੰਤੁ ਹਰੇ॥੧॥ ਚਿਤ ਚੇਤਸਿ ਕੀ ਨਹੀਂ ਬਾਵਰਿਆ॥ ਹਰਿ ਬਿਸਰਤ ਤੇਰੇ ਗੁਣ ਗਲਿਆ ॥੧॥ ਰਹਾਉ॥ ਜਾਲੀ ਰੈਨਿ ਜਾਲੁ ਦਿਨੁ ਹੂਆ ਜੇਤੀ ਘੜੀ ਫਾਹੀ ਤੇਤੀ॥ ਰਸਿ ਰਸਿ ਚੋਗ ਚੁਗਹਿ ਨਿਤ ਫਾਸਹਿ ਛੂਟਸਿ ਮੂੜੇ ਕਵਨ ਗੁਣੀ॥੨॥ ਕਾਇਆ ਆਰਣੁ ਮਨੁ ਵਿਚਿ ਲੋਹਾ ਪੰਚ ਅਗਨਿ ਤਿਤੁ ਲਾਗਿ ਰਹੀ॥ ਕੋਇਲੇ ਪਾਪ ਪੜੇ ਤਿਸੁ ਊਪਰਿ ਮਨੁ ਜਲਿਆ ਸੰਨ੍ਹੀ ਚਿੰਤ ਭਈ॥੩॥ ਭਇਆ ਮਨੂਰੁ ਕੰਚਨੁ ਫਿਰਿ ਹੋਵੈ ਜੇ ਗੁਰ ਮਿਲੈ ਤਿਨੇਹਾ॥ ਏਕੁ ਨਾਮੁ ਅੰਮ੍ਰਿਤ ਓਹੁ ਦੇਵੈ ਤਉ ਨਾਨਕ ਤ੍ਰਿਸਟਸਿ ਦੇਹਾ॥੪॥੩॥*(ਮਾਰੂ ਮ: ੧ - ੯੯੦)

ਦੈਵੀ ਆਵਾਜ਼ ਮਨ ਵਿਚ ਪੁੜ ਜਾਣ ਵਾਲੇ ਸ਼ਬਦ ਦੇ ਅਰਥ ਦੋਹਾਂ ਤੇ ਕਹਿਰ ਦਾ ਅਸਰ ਕਰ ਗਏ। ਹਟਵਾਣੀਏ ਦੇ ਮਨ ਦਾ ਥਰ ਟੁੱਟ ਗਿਆ, ਮਨ ਦ੍ਰੱਵ ਗਿਆ, ਸੋਝੀ ਆ ਗਈ ਕਿ ਅਸੀਂ ਕਰਮ ਕਰਨ ਵਾਲੇ ਜੀਵ ਹਾਂ, ਮਨ ਵਾਲੇ ਹੋਣ ਕਰਕੇ ਅਸੀਂ ਸਮਝਦੇ ਹਾਂ ਕਿ ਅਸੀਂ ਜੋ ਕੁਝ ਕਰਦੇ ਹਾਂ ਓਹ ਦੋ ਪ੍ਰਕਾਰ ਦਾ ਹੈ: ਭਲਾ ਤੇ ਬੁਰਾ। ਇਹ ਜੋ ਕੁਝ ਕਰਦੇ ਹਾਂ। ਇਸ ਨਾਲ ਰੁਚੀ ਬਣਦੀ ਹੈ, ਰੁਚੀ ਪੱਕ ਕੇ ਸੁਭਾਵ ਬਣਦਾ ਹੈ, ਇਉਂ ਸਾਡੀ ਕਿਰਤ (ਕਰਨੀ) ਦਾ ਫਲ ਸਾਨੂੰ ਫੇਰ ਅੰਦਰੋਂ ਭਲੇ ਬੁਰੇ ਵੱਲ ਟੋਰਦਾ ਹੈ। ਮਾੜੇ ਕਰਮਾਂ ਵਿਚ ਜੋ ਸੁਆਦ ਹੈ, ਉਹ ਮਾਨੋ ਚੋਗ ਹੈ ਜੋ ਸਾਨੂੰ ਫਸਾਉਂਦੀ ਹੈ ਪੰਛੀ ਵਾਂਗੂੰ। ਅੰਦਰੋਂ ਸੁਭਾਵ ਮਾੜੇ ਪਾਸੇ ਵਲ ਰੁਚੀ ਕਰਾਉਂਦਾ ਹੈ, ਬਾਹਰੋਂ ਰਸਦਾਇਕ ਭੋਗ ਆਪਣੇ ਵਿਚ ਖਿੱਚਦੇ ਹਨ; ਇਉਂ ਜੀਵ ਫਸਦਾ ਜਾਂਦਾ ਹੈ, ਮਨ ਮਨੂਰ ਹੁੰਦਾ ਜਾਂਦਾ ਹੈ। ਅਰਥਾਤ ਉੱਚੇ ਰਸਾਂ ਵਲੋਂ ਮਰਦਾ ਜਾਂਦਾ ਹੈ ਤੇ ਨੀਵੇਂ ਰਸਾਂ ਵਿਚ- ਜੋ ਪਾਪ ਕਰਮਾਂ ਵਿਚ ਹੁੰਦਾ ਹੈ- ਅਸ਼ਕਤ ਹੁੰਦਾ ਜਾਂਦਾ ਹੈ। ਇਸ ਦੇ ਮੁੜ ਜੀਵਨ ਦੀ ਆਸ ਨਹੀਂ ਰਹਿੰਦੀ, ਕਿਉਂਕਿ ਨੀਵੇਂ ਰਸਾਂ ਵਿਚ ਖਚਿਤ ਹੋ ਜਾਵੇ ਤਾਂ ਸਾਂਈਂ ਯਾਦ ਨਹੀਂ ਆ ਸਕਦਾ ਤੇ ਵਿਸਾਰੇ ਵਿਚ ਜੋ ਕੋਈ ਸ਼ੁਭ ਗੁਣ ਪੱਲੇ ਹੁੰਦੇ ਹਨ ਉਹ ਸਹੈਤਾ ਨਹੀਂ ਕਰ ਸਕਦੇ, ਉਹ ਪਾਪਾਂ ਰੂਪੀ ਕੋਲਿਆਂ ਦੇ ਸੇਕ ਨਾਲ ਗਲਣ ਲਗ ਜਾਂਦੇ ਹਨ। ਸੋ ਫਾਥੇ ਪੰਛੀ ਦੇ ਛੁੱਟਣ, ਜਾ ਮਨੂਰ ਹੋਏ ਮਨ ਰੂਪ ਦੇ ਫੇਰ ਜੀਉ ਪੈਣ ਦਾ ਦਾਰੂ ਨਿਰੇ ਸ਼ੁਭ ਕਰਮ ਨਹੀਂ ਹਨ, ਉਹ ਤਾਂ ਗਲਦੇ ਜਾਣਗੇ ਪਾਪਾਂ ਦੇ ਮਘ ਰਹੇ ਕੋਲਿਆਂ ਦੇ ਸੇਕ ਨਾਲ। ਹਾਂ, ਮਨੂਰ ਦੇ ਜੀਉ ਉਠਣ ਦਾ, ਜੀਉ ਕੇ ਲੋਹੇ ਤੋਂ ਸੋਨਾ ਹੋ ਜਾਣ ਦਾ ਇੱਕੋ ਤ੍ਰੀਕਾ ਹੈ ਕਿ ਜੀਉਂਦਾ ਸਤਿਗੁਰ ਨਾਮ ਰੂਪ ਅੰਮ੍ਰਿਤ ਦਾ ਛੱਟਾ ਮਾਰੇ। ਨਾਮ ਦੇ ਤਰੌਂਕੇ ਨਾਲ ਮਨ ਸਾਂਈਂ ਦੀ ਯਾਦ ਵਿਚ ਆਉਂਦਾ ਹੈ, ਯਾਦ ਸਾਂਈਂ ਨਾਲ ਮੇਲ ਹੈ, ਪਾਪਾਂ ਤੇ ਨੀਵੇਂ ਰਸਾਂ ਨੇ ਸਾਡੇ ਤੇ ਉਸਦੇ ਵਿਚ ਭੁੱਲ ਦਾ ਪਰਦਾ ਤਾਣ ਦਿਤਾ ਸੀ। ਜਦ ਉਹ ਪਰਦਾ ਟੁੱਟਾ ਤਾਂ ਵਿੱਥ ਨਾ ਰਹੀ, ਹੁਣ ਸਾਂਈਂ ਦਾ ਬਲ, ਉਸਦਾ ਭਾਵ, ਉਸਦੀ ਸਤਤਾ ਅਸਾਂ ਵਿਚ ਆਵੇਗੀ, ਉਹ ਸਾਰੀ ਮੁਰਦਿਹਾਨ ਨੂੰ ਮਾਰ ਕੱਢੇਗਾ, ਮੋਇਆ ਮਨ ਜੀਉ ਕੇ ਉੱਚੇ ਰਸਾਂ ਦੇ ਅਨੁਭਵ ਵਿਚ ਆ ਕੇ ਆਤਮ ਰੂਪ ਹੋ ਜਾਏਗਾ!

ਸ਼ਬਦ ਦਾ ਭਾਵ ਕੀਰਤਨ ਦੇ ਦ੍ਰਵਾ ਦੇਣ ਵਾਲੇ ਤੇ ਪੰਘਾਰ ਦੇਣ ਵਾਲੇ ਅਸਰ ਨਾਲ ਦੋਹਾਂ ਦੇ ਅੰਦਰ ਗੱਠ ਗਿਆ, ਰੁਚੀ ਦਾ ਰੌਂ ਬਦਲ ਗਿਆ, ਧਾ ਕੇ ਚਰਨੀ ਢੱਠਾ "ਦਾਤਾ! ਦਾਤਾ! ਰੱਖ ਲੈ ਪਾਪੀ ਨੂੰ"।

ਸੂਰੇ ਸਤਿਗੁਰੂ ਨੇ ਸਿਰ ਕੰਡੀ ਤੇ ਹਥ ਫੇਰਿਆ ਤੇ ਆਖਿਆ: 'ਕਹੁ ਵਾਹਿਗੁਰੂ', ਵਾਹਿਗੁਰੂ, ਕਹਾਇਆ? ਨਹੀਂ ਅੰਦਰ ਪਾ ਦਿਤਾ, ਦੋਹਾਂ ਸਰੀਰਾਂ ਦੇ ਲੂੰ ਲੂੰ ਵਿਚ ਨਾਮ ਦੇ ਫੁਹਾਰੇ ਛੁੱਟੇ, ਦੋਵੇਂ ਨਾਉਂ ਧ੍ਰੀਕ ਸਿੱਖ ਹੋਏ।

ਇਸ ਤਰ੍ਹਾਂ ਏਥੇ ਚੁਮਾਸਾ ਬਿਤਾਕੇ ਹੁਣ ਸੁਹਾਵੀ ਰੁਤ ਆ ਜਾਣ ਕਰਕੇ ਸ੍ਰੀ ਗੁਰੂ ਜੀ ਨੇ ਕੂਚ ਦੀ ਤਜਾਰੀ ਕਰ ਲਈ, ਅਨੇਕਾਂ ਲੋਕ ਤਾਰ ਚੁਕੇ ਸਨ। ਰਾਮ ਦੇਵ ਜੀ ਗੁਰਸਿਖ ਹੋਕੇ ਸੁਖੀ ਹੋ ਗਏ ਸਨ। ਇਸ ਲਈ ਵਿਛੁੜਨਾ ਕਠਨ ਸੀ ਪਰ ਗੁਰੂ ਬਾਬਾ ਜੀ ਬਨਸੁੰਗਧੀ ਵਾਂਙ ਉਸਦੇ ਬਾਗ[1] ਵਿਚੋਂ ਨਿਕਲ ਹੀ ਟੁਰੇ[2]।

***

## ੫. ਸੂਜਾ

**ਇਥੋਂ** ਟੁਰਕੇ ਸਨੇ ਸਨੇ ਸ੍ਰੀ ਗੁਰੂ ਜੀ ਭਾਗੀਰਥੀ ਗੰਗਾ ਪਾਰ ਹੋ ਗਏ ਤੇ ਮੁਰਸ਼ਿਦਾਬਾਦ ਆਏ, ਜਿਸਨੂੰ ਆਮ ਲੋਕੀ ਮਕਸੂਦਾਬਾਦ ਬੀ ਆਖਦੇ ਹਨ ਤੇ ਇਥੋਂ ਸਾਧੂਆਂ ਦੀਆਂ ਅੰਡੀਆਂ ਤੇ ਗ੍ਰਿਹਸਤੀਆਂ ਦੇ ਪਹਿਨਣ ਦੇ ਰੇਸ਼ਮੀ ਦੁਪੱਟੇ ਤੇ ਸਾਫੇ ਆਦਿਕ ਆਉਂਦੇ ਹਨ। ਇਹ ਚੰਗਾ ਵਡਾ ਨਗਰ ਹੈ, ਕਦੇ ਇਹ ਰਾਜਧਾਨੀ ਬੀ ਸੀ। ਸ੍ਰੀ ਗੁਰੂ ਜੀ ਨੇ ਏਥੇ ਕੁਝ ਦਿਨ ਡੇਰਾ ਲਾ ਦਿਤਾ। ਬਹੁਤ ਲੋਕ ਸਤਿਸੰਗ ਵਿਚ ਲਗਕੇ ਪਰਮੇਸ਼ੁਰ ਦੇ ਪਜਾਰ ਰਸਤੇ ਪੈ ਗਏ। ਅਨੇਕਾਂ ਦੇ ਮੰਦ ਕਰਮ ਛੁਟ ਗਏ ਤੇ ਅਨੇਕਾਂ ਸ਼ੁਭ ਕਰਮੀ ਤੇ ਨਾਮੀ ਹੋ ਗਏ। ਇਨ੍ਹਾਂ ਵਿਚੋਂ ਸਭ ਤੋਂ ਅਧਿਕ ਨਾਮ ਰੰਗ ਇਕ ਜੜੀਏ ਨੂੰ ਚੜ੍ਹਿਆ ਜਿਸਦਾ ਨਾਉਂ ਸੀ ਸੂਜਾ। ਇਹ ਸਜਣ ਅਪਣੀ ਕਿਰਤ ਕਾਰ ਵਿਚ ਰਹਿਣ ਵਾਲਾ ਸੀ। ਮੌਤ ਦਾ ਭੈ ਜਾਣਦਾ ਸੀ ਤੇ ਭਲਿਆਈ ਦਾ ਖੋਜੀ ਸੀ, ਕਿਸੇ ਥਾਵੇਂ ਇਸਨੂੰ ਠੰਢ ਨਹੀਂ ਸੀ ਪ੍ਰਾਪਤ ਹੋਈ। ਜਾਂ ਸ੍ਰੀ ਗੁਰੂ ਜੀ ਦਾ ਸਤਿਸੰਗ ਪ੍ਰਾਪਤ ਹੋਇਆ ਤਾਂ ਇਸ ਦੇ ਮਨ ਨੇ ਟੇਕ ਬੱਧੀ। ਰੋਜ਼ ਦਰਸ਼ਨ ਕਰੇ, ਸਤਿਸੰਗ ਕਰੇ ਤੇ ਵੱਧ ਤੋਂ ਵੱਧ ਨਾਮ ਵਿਚ ਲਿਵਧਾਰੀ ਹੁੰਦਾ ਜਾਵੇ। ਇਥੋਂ ਤਾਈਂ ਕਿ ਇਹ ਪੂਰਨ ਨਾਮ ਪ੍ਰੇਮੀ ਤੇ ਰਸੀਆ ਹੋ ਗਿਆ॥ ਸ੍ਰੀ ਗੁਰੂ ਜੀ ਦਾ ਪ੍ਰੇਮ ਇਸ ਅੰਦਰ ਐਸਾ ਧਸਿਆ ਕਿ ਇਸਦਾ ਅੰਦਰ ਕਵਿਤਾ ਵਿਚ ਆ ਗਿਆ। ਇਸਦੇ ਗੁਰ ਉਸਤੁਤਿ ਦੇ ਰਚੇ ਛੰਦਾਂ ਵਿਚੋਂ ਇਕ ਮਿਲਦਾ ਹੈ ਜੋ ਇਸ ਪ੍ਰਕਾਰ ਹੈ :-

*ਸਤਿਗੁਰ ਨਾਨਕ ਪਰਸਿਆ ਸਭ ਪਾਪ ਬਿਨਾਸੇ। ਨਾਮ ਅਮੋਲਕ ਪਾਇਆ ਕਾਰਜ*
*ਭਏ ਰਾਸੇ। ਅਗਮ ਨਿਗਮ ਜਿਸ ਗਾਵਤੇ ਵਹਿ ਸਤਿਗੁਰ ਏਹ। ਜਿਨਕੀ ਕਿਰਪਾ ਤੇ*
*ਭਇਓ ਮੈਂ ਮੁਕਤ ਸਦੇਹ। ਕੱਚਾ ਰੰਗ ਉਤਾਰਿਕੇ ਸਚ ਰੰਗ ਚੜ੍ਹਾਇਆ।*
*ਸਤਿਗੁਰ ਨਾਨਕ ਦਇਆ ਤੇ ਅਮਰਾ ਪਦ ਪਾਇਆ।*

ਇਸ ਨਗਰੀ ਵਿਚ ਸਤਿਨਾਮ ਦਾ ਨਿਸ਼ਾਨ ਸ੍ਰੀ ਗੁਰੂ ਜੀ ਨੇ ਗਡ ਦਿਤਾ। ਸੂਜੇ ਭਗਤ ਦੀ ਸੰਗਤ ਤੇ ਉਲਾਦ ਅਜੇ ਓਥੇ ਦੱਸੀਦੀ ਹੈ।

◇◇◇

## ੬. ਰਾਮਦਾਸ

ਹੁਣ ਸ੍ਰੀ ਸਤਿਗੁਰੂ ਜੀ ਅਗੇ ਟੁਰ ਪਏ। ਪਹਿਲਾਂ ਦੱਖਣ ਦਾ ਰੁਖ਼ ਲਿਆ ਤਾਂ ਕ੍ਰਿਸ਼ਨ ਗੰਜ ਜਾ ਨਿਕਲੇ। ਕੁਛ ਦਿਨ ਸਤਿਨਾਮ ਦਾ ਸੋਹਿਲਾ ਸੁਣਾਕੇ ਕਈ ਥਾਂਈਂ ਫਿਰਦੇ ਉਤਰ ਪੂਰਬ ਰੁਖ ਨੂੰ ਹੋ ਪਏ ਤਾਂ ਆਪ ਸ੍ਰੀ ਰਾਜ ਗੰਜ਼ ਆ ਠਹਿਰੇ। ਕੁਛ ਦਿਨ ਏਥੇ ਨਾਮ ਦਾ ਪ੍ਰਚਾਰ ਕਰਦੇ ਇਧਰ ਉਧਰ ਫਿਰਦਿਆਂ ਤੇ ਥੋੜਾ ਚਿਰ ਟਿਕਦਿਆਂ ਗੁਜ਼ਰਿਆ। ਫੇਰ ਇਕ ਥਾਂ ਆਏ ਜਿਥੇ ਜਲ ਹੀ ਜਲ ਨਜ਼ਰ

---

1. ਇਹ ਗੁਰੂ ਕਾ ਬਾਗ ਹੁਣ ਤਕ ਹੈ। (ਇਤਿ: ਖਜ਼ਾਨ ਸਿੰਘ)
2. ਹੋ ਸਕਦਾ ਹੈ ਕਿ ਠੱਗਾਂ ਵਾਲਾ ਪ੍ਰਸੰਗ ਇਸ ਤੋਂ ਅਗਲੇ ਕਿਸੇ ਬਨ ਵਿਚ ਵਰਤਿਆ ਹੋਵੇ।



www.sikhbookclub.com

ਆਵੇ। ਓਥੋਂ ਸਿਰ ਧੁਰ ਪਾਰ ਦੀ ਨਜ਼ਰ ਨਾ ਪਵੇ। ਏਥੇ ਆਪ ਜੀ ਵਾਹਿਗੁਰੂ ਜੀ ਦੇ ਰੰਗ ਵਿਚ ਮਗਨ ਖੜੇ ਸਨ, ਮਰਦਾਨਾ ਪੁਛ ਗਿਛ ਕਰ ਰਿਹਾ ਸੀ ਕਿ ਆਪ ਨੇ ਫੁਰਮਾਇਆ: ਦੇਖ ਕਰਤਾਰ ਦੇ ਰੰਗ। ਓਹ ਆਪ ਸਭ ਕੁਛ ਕਰ ਰਿਹਾ ਹੈ। ਏਨੇ ਨੂੰ ਇਕ ਬੇੜੀ ਚੰਗੀ ਵਡੀ ਆਈ। ਮਲਾਹਾਂ ਨੇ ਆਪ ਜੀ ਨੂੰ ਕਿਹਾ ਕਿ ਅਸੀਂ ਲੈਣ ਵਾਸਤੇ ਆਏ ਹਾਂ, ਤਾ ਹੱਸਕੇ ਸ੍ਰੀ ਗੁਰੂ ਜੀ ਚੜ੍ਹ ਬੈਠੇ। ਉਸ ਮਹਾਨ ਜਲ ਦੇ ਫੈਲਾਉ ਤੋਂ ਪਾਰ ਹੋਏ ਤਾਂ ਜੋ ਸਾਧੂ ਕਿਸ਼ਤੀ ਵਿਚ ਲੈਣ ਆਇਆ ਸੀ ਓਹ ਆਪ ਜੀ ਨੂੰ ਇਕ ਪਹਾੜੀ ਜੇਹੀ ਤੇ ਲੈ ਗਿਆ। ਇਥੇ ਜਾਕੇ ਸਾਰੇ ਇਕ ਕੰਦਰਾਂ ਵਿਚ ਵੜ ਗਏ। ਏਥੇ ਅੰਧਕਾਰ ਸਖਤ ਸੀ। ਮਰਦਾਨਾ ਘਬਰਾਇਆ ਕਿ ਖਬਰੇ ਕਿਥੇ ਜਾ ਰਹੇ ਹਾਂ। ਕੁਝ ਚਿਰ ਬਾਦ ਅੰਧਕਾਰ ਮੁਕ ਗਿਆ ਤੇ ਫੇਰ ਖੁੱਲ੍ਹਾ ਥਾਂ ਆ ਗਿਆ ਤੇ ਕਈ ਸਾਧੂਆਂ ਦੀਆਂ ਧੂਣੀਆਂ ਲੱਗੀਆਂ ਹੋਈਆਂ ਨਜ਼ਰੇ ਪਈਆਂ। ਤਪੱਸਵੀ ਸਾਧੂ ਲੋਕ ਅਨੇਕ ਤਰ੍ਹਾਂ ਨਾਲ ਆਸਣ ਲਾਏ ਬੈਠੇ ਸਨ, ਸਤਿਗੁਰੂ ਜੀ ਨੂੰ ਦੇਖਕੇ ਉਨ੍ਹਾਂ ਸਾਰਿਆਂ ਨੇ ਉੱਠਕੇ ਅਦਬ ਨਾਲ ਨਮਸਕਾਰ ਕੀਤੀ ਤੇ ਸਭਨਾਂ ਦੇ ਸ਼ਰੋਮਣੀ ਸਾਧੂ ਨੇ ਬੜੇ ਭਾਉ ਤੇ ਆਦਰ ਨਾਲ ਮੱਥਾ ਟੇਕ ਕੇ ਸਨਮਾਨ ਕੀਤਾ। ਸ੍ਰੀ ਗੁਰੂ ਜੀ ਨੇ ਭੀ ਸਤਿਕਾਰ ਨਾਲ ਉਸਨੂੰ ਗਲੇ ਲਾ ਲਿਆ ਤੇ ਦੁਇ ਬਹੁਤ ਪਜਾਰ ਨਾਲ ਬਿਰਾਜ ਗਏ। ਇਸ ਤਪੋ ਮੂਰਤੀ ਦਾ ਨਾਉਂ ਰਾਮਦਾਸ ਲਿਖਿਆ ਹੈ। ਹੁਣ ਕੁਛ ਦਿਨ ਏਥੇ ਟਿਕ ਗਏ। ਖਾਣ ਪੀਣ ਨੂੰ ਏਥੇ ਫਲ ਮਿਲਦੇ ਸਨ ਜੋ ਬੜੇ ਸੁਾਦੀਕ ਸਨ ਤੇ ਕਈ ਤਰ੍ਹਾਂ ਦੇ ਕੰਦ, ਜੋ ਜ਼ਿਮੀਂ ਵਿਚੋਂ ਨਿਕਲਦੇ ਹਨ ਤੇ ਭੁੰਨਕੇ ਖਾਈਦੇ ਹਨ, ਨਾਲ ਹੁੰਦੇ ਸਨ। ਏਥੇ ਬਾਬਾ ਜੀ ਦੀ ਕੋਈ ਗੋਸ਼ਟ ਵੀਚਾਰ ਸੁਣਨੇ ਦਾ ਮਰਦਾਨੇ ਨੂੰ ਅਵਸਰ ਨਹੀਂ ਬਣਿਆ। ਕਿਉਂਕਿ ਰਾਤ ਪੈਂਦਿਆਂ ਹੀ ਸ੍ਰੀ ਗੁਰੂ ਜੀ ਤੇ ਸ੍ਰੀ ਰਾਮਦਾਸ ਜੀ ਓਥੋਂ ਭੀ ਅਗੇਰੇ ਕਿਸੇ ਤਪੋ ਭੂਮੀ ਤੇ ਚਲੇ ਜਾਂਦੇ ਤੇ ਧਜਾਨ ਮਗਨ ਟਿਕ ਜਾਂਦੇ ਸਨ ਤੇ ਸੁੇਰੇ ਆਪਣੇ ਟਿਕਾਣੇ ਆਉਂਦੇ ਸਨ। ਕਈ ਦਿਨ ਇਕਾਂਤ ਵਿਚ ਰਹਿਕੇ ਆਪਣੇ ਰੰਗ ਰਵਕੇ ਸ੍ਰੀ ਗੁਰੂ ਜੀ ਓਥੋਂ ਭੀ ਟੁਰ ਪਏ। ਮਰਦਾਨੇ ਪੁਛਿਆ ਆਪ ਕਿਥੇ ਜਾਂਦੇ ਸੇ ਤਾਂ ਫੁਰਮਾਉਣ ਲਗੇ :

*ਸਬਦਿ ਰੰਗਾਏ ਹੁਕਮਿ ਸਬਾਏ॥ ਸਚੀ ਦਰਗਹ ਮਹਲਿ ਬੁਲਾਏ॥* (ਮਾਝ ਮ: ੧ : ਅਸ਼ੂ-੧)

ਐਉਂ ਕੁਝ ਸਮਾਂ ਆਪਣੇ ਆਪ ਨੂੰ ਮੂਲੋਂ ਏਕਾਂਤ ਵਿਚ ਰੱਖਕੇ ਹੁਣ ਅੱਗੇ ਨੂੰ ਟੁਰ ਪਏ ਤੇ ਢਾਕੇ ਸ਼ਹਿਰ ਆ ਗਏ। ਸ਼ਹਿਰੋਂ ਬਾਹਰ ਇਕ ਟਿਕਾਣੇ ਆਪ ਟਿਕ ਗਏ। ਅੰਮ੍ਰਿਤ ਵੇਲੇ ਤੇ ਸੰਝਾਂ ਨੂੰ ਨਿੱਤ ਵਾਂਙੂ ਦੋਇ ਵੇਲੇ ਕੀਰਤਨ ਦਾ ਰੰਗ ਲੱਗ ਜਾਇਆ ਕਰੇ। ਨੇੜੇ ਨੇੜੇ ਤੋਂ ਲੋਕੀਂ ਬੀ ਆਉਣ ਲਗ ਪਏ ਤੇ ਹੌਲੀ ਹੌਲੀ ਸੁਣਨ ਵਾਲੇ ਵਧਦੇ ਗਏ। ਇਕ ਦਿਨ ਇਹ ਸ਼ਬਦ ਕਿਸੇ ਅਚਰਜ ਸੁਆਦ ਵਿਚ ਗਾਂਵਿਆ ਗਿਆ:- ਗਉੜੀ ਗੁਆਰੇਰੀ ਮਹਲਾ ੧॥ *ਮਨੁ ਕੁੰਚਰੁ ਕਾਇਆ ਉਦਿਆਨੈ॥* (ਪਨਾ-੨੨੧)

ਸੁਣਨ ਵਾਲਿਆਂ ਵਿਚ ਦੋ ਚਾਰ ਸਿਆਣੇ ਪੁਰਖ ਸਨ। ਉਨ੍ਹਾਂ ਤੇ ਐਸਾ ਅਸਰ ਹੋਇਆ ਕਿ ਉਨ੍ਹਾਂ ਨੂੰ ਖਿੱਚ ਪੈ ਗਈ ਤੇ ਸਤਿਗੁਰਾਂ ਦੇ ਪੈਰੀਂ ਪੈ ਗਏ। ਸਤਿਗੁਰ ਜੀ ਨੇ ਨਾਮ ਦਾਨ ਦੇ ਕੇ ਸੁਖ ਦੇ ਰਸਤੇ ਪਾ ਦਿਤਾ। ਹੁਣ ਓਥੋਂ ਦੇ ਉਸ ਵੇਲੇ ਦੇ ਕਈ ਨਾਮੀ ਸਾਧੂਆਂ ਤਕ ਸੋਆਂ ਪੁੱਜੀਆਂ। ਦੂਰ ਨੇੜੇ ਦੇ ਸਿੱਧਾਂ ਤਪੀਆਂ ਦੇ ਟਿਕਾਣਿਆਂ ਤੇ ਬੀ ਖਬਰਾਂ ਗਈਆਂ ਕਿ ਕੋਈ ਐਸੀ ਰਬੀ ਜੋਤ ਵਾਲਾ ਦਾਤਾ ਢਾਕੇ ਦੇ ਬਾਹਰ ਆ ਬੈਠਾ ਹੈ ਕਿ ਮੋਇਆਂ ਨੂੰ ਜਿਵਾਲਦਾ ਹੈ ਤੇ ਠੰਢਾਂ ਪਾਉਂਦਾ ਹੈ। ਇਹ ਖਬਰਾਂ ਸੁਣਕੇ ਇਕ ਇਕ ਕਰਕੇ ਓਹ ਸਾਰੇ ਲੋਕ ਆਉਣ ਲਗ ਪਏ। ਸ਼ਹਿਰ ਦੇ ਕਿਰਤੀ ਲੋਕ ਤੇ ਰੱਬੀ ਰਸਤੇ ਦੇ ਹੋਰ ਠਰਕੀ ਲੋਕ ਬੀ ਆਉਣ ਲਗ ਪਏ। ਸ੍ਰੀ ਬਾਬਾ ਜੀ ਦੇ ਉਪਦੇਸ਼ ਤੇ ਕੀਰਤਨ ਦਾ ਉਹ ਅਸਰ ਹੋਇਆ ਕਿ ਤਪੀ ਤੇ ਸਾਧੂ ਲੋਕ ਸਭ ਬਾਬੇ ਦੇ ਪ੍ਰੇਮੀ ਹੋ ਗਏ। ਸਭ ਤੋਂ ਵਧੀਕ ਜੋ ਗੁਰੂ ਪ੍ਰੇਮੀ ਹੋ ਗਿਆ ਉਹ ਨੱਥੇ ਸ਼ਾਹ ਨਾਮੇ ਫਕੀਰ ਸੀ। ਇਸ ਨੱਥੇ ਸ਼ਾਹ ਨੇ ਸਤਿਗੁਰੂ ਤੋਂ ਨਾਮ ਦਾਨ ਲੇ ਕੇ ਆਪਣੀ ਕਲਜਾਨ ਕੀਤੀ। ਫੇਰ ਆਪ ਪਾਸ ਲੂਣੀਆਂ ਨਾਮੇ ਸਿਧ ਆਇਆ। ਇਹ ਹਠ ਯੋਗੀ ਸੀ, ਸਤਿਗੁਰੂ ਜੀ ਨੇ ਇਸਨੂੰ ਨਾਮ ਵਿਚ ਲਾਕੇ ਕੀਤੀ ਤਪੱਸਜਾ ਨੂੰ ਫਲਵਾਨ ਕਰ ਦਿੱਤਾ। ਇਸੇ

 www.sikhbookclub.com

ਤਰ੍ਹਾਂ ਸ਼ੇਖ ਅਹਿਮਦ ਨਾਮੇ ਫਕੀਰ ਨੂੰ; ਜੋ ਚਿੱਲੇ ਕੱਟ ਕੱਟ ਕੇ ਥੱਕ ਰਿਹਾ ਸੀ ਤੇ ਮਨ ਠੌਰ ਨਹੀਂ ਸੀ ਪਾਂਦਾ, ਨਾਮ ਭਗਤੀ ਵਿਚ ਦ੍ਰਿੜ ਕੀਤਾ। ਹੋਰ ਭੀ ਰੇਵਾ ਦਾਸ, ਸ਼ਾਮਲ ਨਾਥ, ਚੰਦਨ ਨਾਥ, ਨਰੈਣ ਦਾਸ ਆਦਿਕਾਂ ਦੀਆਂ ਘਾਲਾਂ ਸੁਣ ਸੁਣ ਕੇ ਉਨ੍ਹਾਂ ਦੇ ਅਟਕ ਵਾਲੇ ਥਾਉਂ ਸੁਲਝਾਕੇ ਵਾਹਿਗੁਰੂ ਜੀ ਦੇ ਸ਼ਬਦ ਸੋਹਿਲੇ ਨਾਲ ਜਿਵਾਲ ਦਿਤੇ। ਇਨ੍ਹਾਂ ਲੋਕਾਂ ਦੇ ਨਾ ਤੇ ਟਿਕਾਣੇ ਅਜ ਤਕ ਕਾਇਮ ਦੱਸੀਦੇ ਹਨ[1]।

ਅਸਲ ਗਲ ਇਹ ਹੈ ਕਿ ਸਾਧੂ ਜਨ ਆਪਣੇ ਸਾਧਨਾਂ ਵਿਚ ਤਸੱਸਜਾ ਦੇ ਜ਼ੋਰ ਕੁਛ ਐਸੇ ਭਰਮ ਵਿਚ ਫਸ ਜਾਂਦੇ ਹਨ ਕਿ ਤਪ ਨੂੰ ਸਿੱਧੀ ਸਮਝਣ ਲਗ ਪੈਂਦੇ ਹਨ। ਤਪ ਨੇ ਤਾਂ ਮਨ ਨੂੰ ਵਿਕਾਰਾਂ ਤੋਂ ਛੁਡਾਕੇ ਵੈਰਾਗ ਵਿਚ ਲੈ ਆਉਣਾ ਸੀ! ਆਪਣੇ ਵਿਚ ਤਪ ਨੇ ਰੱਖਕੇ ਸਿੱਧੀ ਦੇ ਦਰ ਕਦੋਂ ਪੁਚਾਣਾ ਹੋਇਆ। ਇਸੇ ਤਰ੍ਹਾਂ ਕਈ ਕਰਾਮਾਤਾਂ ਦੀ ਪ੍ਰਾਪਤੀ ਤੇ ਜੋਧਨਾਂ ਵਿਚ ਲਗੇ ਮਿਹਨਤਾਂ ਕਰਦੇ ਰਹਿੰਦੇ ਹਨ ਤੇ ਕਈ ਇਥੋਂ ਤਿਲਕ ਕੇ ਤਾਂਤ੍ਰੀ ਹੋ ਜਾਂਦੇ ਹਨ। ਕਈਆਂ ਨੂੰ ਕਾਂਇਆਂ ਮਾਂਜਣ ਨਾਲ ਜੋ ਸਰੀਰ ਵਿਚ ਸੁਅਸਤਤਾਈ ਤੇ ਬਲ ਆ ਜਾਂਦਾ ਹੈ ਉਤਨਾ ਹੀ ਬਸ ਹੋ ਜਾਂਦਾ ਹੈ ਤੇ ਅਗੇ ਪਰਮੇਸ਼ੁਰ ਨਾਲ ਮਿਲਨ ਤੇ ਜੁੜਨ ਵਲ ਯਤਨ ਫੁਰਦਾ ਹੀ ਨਹੀਂ। ਇਸ ਤਰ੍ਹਾਂ ਦੇ ਤਪੀਆਂ ਤੇ ਘਾਲੀਆਂ ਨੂੰ ਗੁਰੂ ਬਾਬੇ ਨੇ ਰਾਹੇ ਪਾਇਆ ਤੇ ਢਾਕੇ ਵਿਚ ਸਤਿਸੰਗ ਦੀ ਨੀਂਹ ਲਾ ਦਿਤੀ[2]।

## ੭. ਧਨਪੁਰ।

ਢਾਕੇ ਤੋਂ ਥੋੜੀ ਹੀ ਦੂਰ ਕੋਈ ਚਾਰ ਪੰਜ ਕੋਹ ਤੇ ਇਕ ਚੰਗਾ ਗਿਰਾਂ ਸੀ ਜਿਸ ਦਾ ਨਾਮ ਧਨ ਪੁਰ ਸੀ, ਸ੍ਰੀ ਗੁਰੂ ਜੀ ਇਸਦੇ ਬਾਹਰ ਜਾ ਟਿਕੇ। ਏਥੇ ਭੀ ਸਤਿਗੁਰੂ ਜੀ ਸੱਜਨ ਦੇ ਟਿਕਾਣੇ ਵਾਂਙੂ ਇਕ ਕੁਫਰ-ਗੜ੍ਹ ਤੋੜਨ ਆਏ ਸਨ। ਮਰਦਾਨਾਂ ਕੁਝ ਖਾਣ ਪੀਣ ਹਿਤ ਲੈਣ ਲਈ ਸ਼ਹਿਰ ਵਿਚ ਗਿਆ। ਏਥੇ ਇਕ ਨੂਰ ਸ਼ਾਹ[3] ਨਾਮੇ ਤੰਤ੍ਰ ਵਿਦਜਾ ਦੀ ਉਸਤਾਦ ਫਕੀਰ ਇਸਤ੍ਰੀ ਰਹਿੰਦੀ ਸੀ! ਇਸ ਨੇ ਤ੍ਰਾਟਕ ਮੁਦ੍ਰਾ ਐਸੀ ਲਾਈ ਹੋਈ ਸੀ ਕਿ ਜਿਸ ਪਰ ਟਕ ਬੰਨ੍ਹ ਬੈਠੇ ਉਸਨੂੰ ਆਪ ਤੋਂ ਭੁਲਾਕੇ ਆਪਣੇ ਹੁਕਮ ਦਾ ਬੰਦਾ ਬਣਾ ਲੈਂਦੀ ਸੀ। ਕੋਈ ਐਸੀ ਨਿੰਦ੍ਰਾ ਉਸ ਤੇ ਛਾਂ ਜਾਂਦੀ ਸੀ ਕਿ ਉਸਨੂੰ ਆਪਣੀ ਸੁਤੰਤ੍ਰ ਸੁੱਧ ਭੁਲ ਜਾਂਦੀ ਸੀ[4] ਇਸਦੀਆਂ ਚੇਲੀਆਂ ਚੇਲੇ ਬੀ ਇਹੋ ਜਿਹੇ ਨਾਟਕ ਚੇਟਕ ਕਰਦੇ ਸਨ। ਮਰਦਾਨੇ ਨੂੰ ਸਾਧੂ ਤੇ ਸੰਗੀਤਕ ਜਾਣਕੇ ਐਸੇ ਕਰਤਬ ਖੇਡੇ ਕਿ ਉਹ ਭੀ ਤ੍ਰਾਟਕ ਮੁਦ੍ਰਾ ਦਾ ਸ਼ਿਕਾਰ ਹੋਕੇ ਉਸ ਨਿੰਦ੍ਰਾ ਦੇ ਵਸ ਹੋ ਗਿਆ। ਇਸ ਨਿੰਦ੍ਰਾ ਵਿਚ ਆਏ ਨੂੰ ਨਿੰਦ੍ਰਾ ਦੇਣ ਵਾਲਾ ਜੋ ਕੁਝ ਆਖੇ ਉਹ ਉਸਦੇ ਮਨ ਤੇ ਵਾਰਦ ਹੋ ਜਾਂਦਾ ਹੈ, ਜੋ ਉਹ ਮਿਰਚ ਖਾਣ ਨੂੰ ਦੇਕੇ ਕਹੇ ਮਿੱਠੀ ਹੈ ਤਾਂ ਉਸਨੂੰ ਮਿੱਠੀ ਹੀ ਲਗਦੀ ਹੈ। ਇਸ ਤਰ੍ਹਾਂ ਦੇ ਭੁਲੇਵੇ ਵਿਚ ਮਰਦਾਨਾ ਫਸ ਗਿਆ ਤੇ ਆਪਣੀ

---

1. ਖਾ: ਤਵਾ:।
2. ਜਿਥੇ ਆਪ ਬਿਰਾਜੇ ਸਨ ਉਥੇ ਚੰਗਾ ਵੱਡਾ ਗੁਰਦੁਆਰਾ ਹੈ, ਇਹ ਹੁਣ ਦੇ ਸ਼ਹਿਰੋਂ ਥੋੜੇ ਮੀਲਾਂ ਦੀ ਵਿੱਥ ਤੇ ਹੈ ਤੇ ਸ੍ਰੀ ਗੁਰੂ ਜੀ ਦੀਆਂ ਚਰਨ ਪਾਦਕਾਂ ਓਥੇ ਹਨ। ਇਹ ਨਥਾ ਸ਼ਾਹ ਜੋ ਆਦ ਗੁਰੂ ਜੀ ਨੂੰ ਮਿਲਿਆ ਫਕੀਰ ਸੀ, (ਵਿਸ਼ੇਸ਼ ਖੋਜ ਦੀ ਲੋੜ ਹੈ)। ਨੌਵੇਂ ਪਾਤਸ਼ਾਹ ਵੇਲੇ ਜੋ ਮਸੰਦ ਨੱਥਾ ਢਾਕੇ ਵਿਚ ਸੀ ਓਹ ਉਦਾਸੀ ਸ੍ਰੀ ਅਲਮਸਤ ਜੀ ਦਾ ਚੇਲਾ ਸੀ, ਇਸਦਾ ਨਾਮ ਗੁ: ਪ੍ਰ: ਸੂ: ਵਿਚ ਭਾਈ ਨਥਾ ਲਿਖਿਆ ਹੈ। ਜਿਸਦਾ ਨਾਮ ਨਥਾ ਰਾਮ ਬੀ ਸੱਦਦੇ ਸਨ। ਇਸਨੂੰ ਸੱਤਵੇਂ ਗੁਰੂ ਨੇ ਢਾਕੇ ਵਿਚ ਸਿੱਖੀ ਬਿਥਾਰਨ ਲਈ ਘੱਲਿਆ ਸੀ। ਇਸ ਸਤਪੁਰਖ ਦੀ ਮਾਤ੍ਰਾ ਭੀ ਉਦਾਸੀ ਸੰਤ ਪੜਦੇ ਹਨ। ਜਿਸ ਵਿਚ ਉਸਦੇ ਢਾਕੇ ਘੱਲੇ ਜਾਣ ਦਾ ਤੇ ਨੌਵੇਂ ਸਤਿਗੁਰਾਂ ਦੇ ਪ੍ਰੇਮੀ ਹੋਣ ਦਾ ਜ਼ਿਕਰ ਬੀ ਹੈ। ਨੌਵੇਂ ਸਤਿਗੁਰਾਂ ਵੇਲੇ ਢਾਕੇ ਵਿਚ ਖੁਲਾਕੀ ਨਾਥ ਮਸੰਦ ਸੀ। ਜੋ ਹੁਣ ਸ਼ਹਿਰ ਵਿਚ ਗੁਰਦੁਆਰਾ ਹੈ ਸੋ ਨੌਵੇਂ ਗੁਰਾਂ ਦੇ ਸ਼ਹਿਰ ਵਿਚ ਬਿਰਾਜਣ ਦੇ ਟਿਕਾਣੇ ਤੇ ਹੈ!
3. ਨੂਰ ਸ਼ਾਹ ਦੀ ਕਥਾ ਦੇ ਵਿਸਥਾਰ ਲਈ ਦੇਖੋ ਗੁ: ਨਾ: ਚਮਤਕਾਰ (ਪੂਰਬਾਰਧ) ਪਨਾ--੨੧੩
4. ਇਸਨੂੰ ਪੱਛਮ ਵਾਲੇ 'ਹਿਪਨੋਟਿਜ਼ਮ' (Hypnotism) ਆਖਦੇ ਹਨ।


www.sikhbookclub.com

ਸੁਧ ਬੁਧ ਨਾ ਰਹੀ ਤਾਂ ਸਤਿਗੁਰੂ ਜੀ ਉਠੇ ਤੇ ਉਸੇ ਟਿਕਾਣੇ ਜਾ ਪਹੁੰਚੇ। ਆਪ ਨੇ ਹੁਣ ਤ੍ਰਾਟਕ ਵਾਲੀਆਂ ਨੂੰ ਐਸਾ ਘਬਰਾ ਵਿਚ ਪਾਇਆ ਕਿ ਉਨ੍ਹਾਂ ਲਈ ਸਿਵਾਏ ਇਸਦੇ ਹੋਰ ਕੋਈ ਚਾਰਾ ਨਾ ਰਿਹਾ ਕਿ ਸ਼ਰਨ ਲੈਣ। ਇਉਂ ਮਰਦਾਨੇ ਦੀ ਉਹ ਮੁੱਦ੍ਰਾ ਤੋੜਕੇ ਸਤਿਗੁਰੂ ਜੀ ਨੇ ਉਸ ਨੂੰ ਹੁਣ ਸਦਾ 'ਦ੍ਰਿਸ਼ਟਾ ਰੁਖ਼' ਵਿਚ ਰਹਿਣ ਦੀ ਜਾਚ ਸਿਖਾਈ। ਅਰਥਾਤ ਆਪਾ ਆਪਣੇ ਆਪ ਨੂੰ ਦ੍ਰਿਸ਼ਟਮਾਨ ਤੋਂ ਉਚੱਾ ਅਨੁਭਵ ਕਰਕੇ ਫਾਇਲੀ ਰੁਖ਼ ਵਿਚ ਉੱਚਾ ਰਹੇ ਤੇ ਕਿਸੇ ਦੇ ਮਾੜੇ ਅਸਰ ਹੇਠ ਨਾ ਆਵੇ ਤੇ ਉਸ ਦਾ ਨੇਕ ਅਸਰ ਹੋਰਨਾਂ ਤੇ ਪਿਆ ਪਵੇ। ਨੂਰਸ਼ਾਹ ਤੇ ਬੀ ਕ੍ਰਿਪਾਲਤਾ ਹੋ ਗਈ, ਗੁਰੂ ਕਿਰਪਾ ਨਾਲ ਉਸਨੂੰ ਬੀ ਅਪਣੇ ਕਰਤਬ ਮਾੜੇ ਦਿਸ ਪਏ ਤੇ ਉਸਨੇ ਆਪਣੇ ਸਾਰੇ ਤੰਤ੍ਰ ਵਿਦਿਆ ਦੇ ਕਰਤਬ ਛੋੜ ਦਿਤੇ ਤੇ ਨਾਮ ਦੀ ਸ਼ਰਨ ਲਈ। ਉਸਦੇ ਸੇਵਕ ਬੀ ਸਤਿਗੁਰੂ ਦੇ ਉਪਦੇਸ਼ਾਂ ਨਾਲ ਨਾਮ ਦੀ ਸ਼ਰਨ ਆ ਗਏ। ਇਸ ਊਖਰ ਧਰਤੀ ਨੂੰ ਰੋਹੀ ਬਨਾਕੇ ਅਰਥਾਤ ਸਾਰੇ ਭੁੱਲਿਆਂ ਹੋਇਆਂ ਦੇ ਹਿਰਦੇ ਵਿਚ ਨਾਮ ਦਾ ਬੀਜ ਬੀਜਕੇ ਸਤਿਗੁਰ ਇਥੋਂ ਭੀ ਰਵਦੇ ਰਹੇ*।

✧✧✧

## ੮. ਭੂਮੀਆਂ

ਬਾਲੇ ਵਾਲੀ ਜਨਮਸਾਖੀ ਵਿਚ ਲਿਖਯਾ ਹੈ ਕਿ ਨੂਰ ਸ਼ਾਹ ਦਾ ਨਿਸਤਾਰਾ ਕਰਕੇ ਸਤਿਗੁਰ ਜੀ ਨੇ ਇਕ ਭੂਮੀਏ ਨਾਮੀ ਜ਼ਿਮੀਦਾਰ ਦਾ ਉਧਾਰ ਕੀਤਾ ਜੋ ਪੁੰਨੀ ਬੀ ਸੀ ਤੇ ਲੁਟੇਰਾ ਭੀ ਸੀ। (ਇਸ ਭੂਮੀਏ ਦਾ ਪ੍ਰਸੰਗ ਇਸ ਤੋਂ ਪਹਿਲੇ ਲੇਖ ਵਿਚ ਆ ਚੁਕਾ ਹੈ)।

ਆਖੋ ਧੰਨ ਗੁਰੂ ਨਾਨਕ ਦੇਵ ਜੀ, ਜਿਨ੍ਹਾਂ ਨੇ ਐਸੇ ਐਸੇ ਮਾੜੇ ਲੋਕ ਸਿਧੇ ਰਸਤੇ ਪਾਏ ਤੇ ਸਤਿਨਾਮ ਦਾ ਛਤਰ ਜਗਤ ਵਿਚ ਝੁਲਾ ਦਿਤਾ।

***

* ਸ੍ਰੀ ਨਰੋਤਮ ਤਾਰਾ ਸਿੰਘ ਜੀ ਦੇ 'ਗੁਰ ਤੀਰਥ ਸੰਗ੍ਰਹਿ' ਤੋਂ ਜਾਪਦਾ ਹੈ, ਢਾਕੇ ਠਹਿਰਨ ਵਾਲੇ ਗੁਰ ਧਾਮ ਦਾ ਨਾਮ ਬਰਛਾ ਸਾਹਿਬ ਹੈ ਤੇ ਨੂਰਸ਼ਾਹ ਨੂੰ ਤਾਰਨ ਵਾਲੇ ਟਿਕਾਣੇ ਚਰਨ ਪਾਦਕਾ ਗੁਰ ਧਾਮ ਹੈ, ਵਿਸ਼ੇਸ਼ ਖੋਜ ਦੀ ਲੋੜ ਹੈ।

 www.sikhbookclub.com

## ੬. ਗੋਸ਼ਟ ਮਛੰਦਰ ਨਾਥ*

ਸੰਸਾਰ ਵਾਕ ਰਚਨਾ। ਭੋਗਾਂ ਦੀ ਨਿਸ਼ਫਲਤਾ। ਉੱਦਮ। ਸੱਚੀ ਪਰਮ ਆਪੇ ਦੀ ਟੇਕ। ਮਾਨ ਪ੍ਰਤਿਸ਼ਠਾ ਦੀ ਟੇਕ ਦੀ ਨਿਸ਼ਫਲਤਾ। ਫੈਲਸੂਫ ਫਕੀਰ ਨਾਲ ਗੋਸ਼ਟ। ਜੀਵਨ। ਮਰਨਾ। ਆਸਾ ਵਿਚ ਨਿਰਾਸ਼ਾ। ਗ੍ਰਿਹਸਤ ਉਦਾਸ।

੧.

'ਪਿਰਮ ਰਸ ਜਾਮ' ਦੇ ਵਿੱਚੋਂ ਪਿਲਾ ਦੇ ਘੁੱਟ ਇਕ, ਸਾਕੀ!
ਪਿਲਾ ਦੇ ਘੁੱਟ ਇਕ, ਸਾਕੀ! ਪਿਲਾ ਦੇ ਘੁੱਟ ਇਕ ਸਾਕੀ!
ਕਿ ਜਿਸ ਦੇ ਪੀਤਿਆਂ ਖੁਲ੍ਹਦੀ ਹੈ ਗ਼ਫਲਤ ਦੀ ਗ਼ਸ਼ੀ ਸਾਰੀ
ਤੇ ਖੜਮਸਤੀ ਅਕਲ ਦੀ ਖੀ ਨਸ਼ੇ ਜਿਸ ਜਾਇ ਟਿਕ ਸਾਕੀ!
ਉਮਰ ਗੁਜ਼ਰੀ ਅਕਲ ਦੇ ਬੁੱਤ ਘੜ ਘੜ ਪੂਜਦੇ, ਭੰਨਦੇ,
ਤੇਰੇ ਪਿਆਲੇ ਤੋਂ ਸਦਕੇ! ਏ ਕਿਵੇਂ ਹੁਣ ਜਾਇ ਵਿਕ, ਸਾਕੀ!
ਪਿਲਾ ਦੇ ਜਾਮ, ਪੀ ਜਿਸਨੂੰ, ਏ ਦਿਲ ਹੋ ਜਾਇ ਸਭ ਖਾਲੀ,
ਭਰੇ ਮਹਬੂਬ ਦੀ ਦਿਲ ਸਿਕ, ਬਣਾਵੇ 'ਰੂਪ-ਸਿਕ', ਸਾਕੀ!
ਬਲੇਲ ਏ ਕੰਨ ਹੈ ਪੈਂਦੀ, 'ਖਿਜ਼ਾਂ ਆਖਰ ਬਹਾਰਾਂ ਦਾ,
'ਰੋਊ ਮਾਲੀ, ਰੋਊ ਬੁਲਬੁਲ, ਖਿਜ਼ਾਂ ਦਾ ਦੇਖ ਫਿਕ', ਸਾਕੀ!
ਖਿਜ਼ਾਂ ਮੁਹਰੇ ਮਿਲਾ ਪ੍ਰੀਤਮ, ਪਿਲਾ ਕੁਈ ਜਾਮ ਛਿਕ ਵਾਲਾ,
ਕਿ ਛਿਕਿਆ ਆ ਜਏ ਸੁਹਣਾ, ਗਲ ਲਾ ਲੈ ਓ ਛਿਕ ਸਾਕੀ!
ਮਿਲੇ ਪ੍ਰੀਤਮ ਖਿਜ਼ਾਂ ਫਿਰ ਕੀਹ! ਖਿਜ਼ਾਂ ਤਾਂ ਸਦ ਬਹਾਰ ਓਹੋ
ਜਦੋਂ ਪਜਾਰਾ ਮਿਲੇ ਆ ਕੇ ਤੇ ਲਾਵੇ ਨਾਲ ਹਿਕ, ਸਾਕੀ!

**ਹਿਮਾਲਯ** ਪਹਾੜ ਦੀਆਂ ਉਚਿਆਈਆਂ ਵਿਚ ਇਕ ਸੁਹਣਾ ਟਿਕਾਣਾ ਹੈ, ਗਹਿਬਰ ਬਨ ਹੈ, ਇਕ ਖੱਡ ਹੈ, ਪਾਣੀ ਦੀ ਇਕ ਸੁਹਣੀ ਧਾਰਾ ਆ ਰਹੀ ਹੈ ਜੋ ਇਕ ਟਿਕਾਣੇ ਆ ਕੇ ਪੰਜ ਚਾਰ ਗਜ਼ ਹੇਠਾਂ ਨੂੰ ਪਰਨਾਲੇ ਵਾਂਙੂ ਡਿਗਦੀ ਹੈ, ਇੱਥੋਂ ਦੋ ਤ੍ਰੈ ਗਜ਼ ਸੁਹਣੇ ਕੁਦਰਤੀ ਬਣੇ ਪਥਰੀਲੇ ਘਾਪੇ ਵਿੱਚੋਂ ਵਗ ਕੇ ਅੱਗੇ ਫੇਰ ਸਵਾ ਕੁ ਗਜ਼ ਹੇਠ ਨੂੰ ਢਹਿੰਦੀ ਹੈ, ਫੇਰ ਕੁਝ ਗਜ਼ ਵਗਕੇ ਤਿਲਕ ਕੇ ਹੇਠਾਂ ਨਿੱਕੇ ਜਿਹੇ ਕੁਦਰਤੀ ਕੁੰਡ ਵਿਚ ਪੈਕੇ ਅੱਗੇ ਨੂੰ ਵਹਿ ਪੈਂਦੀ ਹੈ। ਇਸ ਤਰ੍ਹਾਂ ਪੰਜ ਸਤ ਥਾਈਂ ਡਿਗਦੀ, ਢਹਿੰਦੀ, ਸਾਹ ਕਢਦੀ ਫੇਰ ਅਗੇ ਨੂੰ ਤ੍ਰਿਖੀ ਢਲਾਨ ਤੇ ਵਗ ਤੁਰਦੀ ਹੈ। ਇੱਥੇ ਕੁ ਇਕ ਸੱਜਣ ਪੁਰਖ ਬੈਠੇ ਹਨ। ਦਿਨ ਚੜ੍ਹਿਆ ਹੋਇਆ ਹੈ, ਬਨ ਬ੍ਰਿੱਛਾਂ ਦੇ ਪੱਤਿਆਂ ਵਿਚੋਂ ਛਣ ਛਣਕੇ ਧੁਪ ਦੇ ਗੋਲ ਗੋਲ ਛੱਲੇ ਇਸ ਧਰਤੀ ਤੇ ਪੈਂਦੇ ਹਨ, ਕਿਤੇ ਹੋਰ ਹੋਰ ਸ਼ਕਲਾਂ ਲੈ ਕੇ ਧੁੱਪ ਧਰਤੀ ਨੂੰ ਚੁੰਮ ਰਹੀ ਹੈ। ਸ਼ਾਂਤ, ਇਕਾਂਤ, ਟਿਕਾਉ ਤੇ ਰਸ ਹੈ। ਸਜੱਣ ਜੋ ਬੈਠੇ ਹਨ, ਇਸ ਸਤੋਗੁਣੀ ਪ੍ਰਭਾਉ ਹੇਠ ਬੈਠੇ ਹਨ, ਪਰ ਮਨ ਨਾਲ ਵਿਚਾਰਾਂ ਕਰ ਰਹੇ ਹਨ, ਜਿਨ੍ਹਾਂ ਦਾ ਕੁਛ ਭਾਵ ਉਪਰਲੇ ਛੰਦ ਵਿਚ ਅੰਕਿਤ ਕੀਤਾ ਗਿਆ ਹੈ। ਆਪ ਵਿਦ੍ਵਾਨ ਹਨ, ਉਮਰਾ ਵਡੇਰੀ ਹੈ, ਬਸਤ੍ਰ ਬੜੇ ਹਲਕੇ ਜਿਹੇ ਭਗਵੇ ਰੰਗ ਦੇ ਹਨ, ਸੋਚਦੇ ਹਨ ਕਿ ਜਿਸ ਜਿਸ ਤਰ੍ਹਾਂ ਸਾਈਂ ਨੂੰ ਅਕਲ ਨਾਲ, ਦਾਰਸ਼ਨਿਕ ਵਿਦਜਾ

* ਇਹ ਲੇਖ ਗੁਰਪੁਰਬ ਪੂੰਨਮ ਸੰਮਤ ਗੁ: ਨਾ: ਸਾਹਿਬ ੪੭੦ (੭ ਨਵੰਬਰ ੧੯੩੮) ਨੂੰ ਖਾਲਸਾ ਸਮਾਚਾਰ ਦੁਆਰਾ ਪ੍ਰਕਾਸ਼ਿਤ ਤੇ ਪ੍ਰਚਾਰਿਤ ਹੋਇਆ ਸੀ।


www.sikhbookclub.com

ਨਾਲ ਮਹੀ ਕੀਤਾ, ਉਸ ਉਸ ਤਰ੍ਹਾਂ ਦਾ ਮਨੋ ਗਿਆਨ ਅੰਦਰ ਬਨਾਯਾ, ਜੋ ਰੂਪ ਸਾਂਈਂ ਦਾ ਐਉਂ ਅੰਗਿਆ, ਉਹ ਅਪਣੇ ਮਨ ਦੇ ਹੀ ਮਸਾਲੇ ਨਾਲ ਬਨਾਯਾ। ਉਹ ਉਸਦਾ ਆਪਣਾ ਸਾਂਗੋ ਪਾਂਗ ਸਰੂਪ ਤਾਂ ਨਹੀਂ ਸੀ। ਬੁਤ ਤ੍ਰਾਸ਼ ਪੱਥਰ ਵਿਚੋਂਮੂਰਤ ਘੜਦਾ ਹੈ, ਮੂਰਤੀਆਂ ਦਾ ਚਿਤ੍ਰਕਾਰ ਕਾਗਜ਼ ਉਤੇ ਮੂਰਤੀ ਪ੍ਰਕਾਸ਼ ਦੇਂਦਾ ਹੈ; ਪਰ ਪਹਿਲਾਂ ਦੂਹਾਂ ਦੇ ਅੰਦਰ ਮੂਰਤ ਤੇ ਅਮੂਰਤ ਬਣਦੀ ਹੈ, ਅਮੂਰਤ ਦੇ ਹਿੱਸੇ ਨੂੰ ਪੱਥਰ ਵਿਚੋਂ ਉਕਰਨ ਹਾਰ ਉਕੇਰ ਦੇਂਦਾ ਹੈ ਤੇ ਉਸ ਦੇ ਮਨ ਵਿਚ ਬਣੀ ਮੂਰਤ ਪੱਥਰ ਵਿਚੋਂ ਨਿਕਲ ਆਉਂਦੀ ਹੈ। ਚਿਤ੍ਰਕਾਰ ਕਾਗਜ਼ ਵਿਚ ਅਮੂਰਤ ਦੇ ਥਾਂ ਖਾਲੀ ਛਡਦਾ ਤੇ ਮੂਰਤ ਦੇ ਥਾਂ ਰੰਗ ਭਰੀ ਜਾਂਦਾ ਹੈ ਤਾਂ ਮੂਰਤ ਮੂਰਤੀਮਾਨ ਹੋ ਜਾਂਦੀ ਹੈ ਕਿ ਜੋ ਉਸ ਦੇ ਮਨ ਵਿਚ ਪਹਿਲਾਂ ਬਣੀ ਸੀ। ਮੈਂ ਬੀ ਕੁਛ ਉਹੋ ਜਿਹਾ ਕੰਮ ਕਰਦਾ ਰਿਹਾ ਹਾਂ, ਚਾਹੇ ਮੈਂ ਮੂਰਤ ਵਾਹੀ ਤੇ ਉੱਕਰੀ ਨਹੀਂ ਤੇ ਚਾਹੋ ਮੈਂ ਆਪਣੇ ਅੰਦਰ ਰੂਪ ਰੇਖ ਰੰਗ ਵਾਲੀ ਸੂਰਤ ਨਹੀਂ ਖਿਆਲੀ, ਪਰ ਜੋ ਕੁਛ ਮੈਂ ਆਪਣੇ ਅੰਦਰ ਅੰਗਿਆ ਉਹ ਮੇਰਾ ਹੀ ਖਿਆਲ ਮਾਤ੍ਰ ਹੈ। ਖਿਆਲ ਤੋਂ ਅੱਗੇ ਯਥਾਰਥ ਵਿਚ ਤਾਂ ਮੈਂ ਗਿਆ ਨਹੀਂ। ਕਥਾ ਵਾਰਤਾ ਕੀਤੀਆਂ, ਲੋਕ ਪਰਚਾਏ ਪਰ ਆਪਣਾ ਮਨ ਨਹੀਂ ਪਰਚਿਆ। ਜੁਆਨੀ ਤਾਂ ਆਪਣੇ ਹੁਲਾਸ ਵਿਚ ਹੁੰਦੀ ਹੈ, ਚਾਹੋ ਮਾੜੇ ਪਾਸੇ ਨਹੀਂ ਗਏ, ਪਰ ਜੋ ਪਠਨ ਪਾਠਨ ਦੇ ਰੰਗ ਜਮਾਏ ਉਨ੍ਹਾਂ ਵਿਚ ਜੁਆਨੀ ਦਾ ਜੋਸ਼ ਸੁਹਣੇ ਦਿਨ ਲੰਘਾਈ ਗਿਆ। ਹੁਣ ਜਦ ਬਲਕਾਰ ਘਟਿਆ ਹੈ, ਅੰਦਰੋਂ ਤਾਕਤਾਂ ਨੇ ਕਿਤੇ ਹੇਠਾੜ ਪਾਸੇ ਵਲ ਰੁਖ ਕੀਤਾ ਹੈ ਤਾਂ ਸੋਚਾਂ ਪੈਂਦੀਆਂ ਹਨ ਕਿ ਕੀਹ ਬਣਿਆ?...... ਮਨਾਂ! ਸਭ 'ਵਾਕ ਰਚਨਾ' ਹੀ ਸੀ? ਜੋ ਚਾਹਿਆ ਵਾਕ ਰਚਨਾ ਨਾਲ ਰਚ ਲਿਆ। ਹੈਂ!.....ਠੰਢ ਕਿਉਂ ਨਹੀਂ ਪਈ? ਖਬਰੇ ਜਗਤ ਦੇ ਭੋਗਾਂ ਤੋਂ ਉਪਰਾਮ ਰਹੇ ਹਾਂ ਤਾਂ ਘਾਟ ਹੈ? ਗ੍ਰਿਹਸਤੀ ਹਸਦੇ ਖੇਡਦੇ ਖੁਸ਼ ਦਿੱਸਦੇ ਹਨ, ਭੋਗਾਂ ਦੇ ਕਾਰਣ?...ਪਰ ਜੇ ਭੋਗਾਂ ਵਿਚ ਠੰਢ ਹੁੰਦੀ ਤਾਂ ਤੂੰ ਗ੍ਰਿਹਸਤੀਆਂ ਨੂੰ ਠੰਢ ਦੇ ਮਗਰ ਭਉਂਦਾ ਨਾ ਦੇਖਦਾ। ਮਨਾਂ! ਤੂੰ ਤਾਂ ਓਹ ਬੀ ਵੇਖੇ ਹਨ ਜਿਨ੍ਹਾਂ ਦਾ ਮਜ਼ਹਬ ਹੀ ਭੋਗ ਹੈ। ਹਾਂ ਜਿਨ੍ਹਾਂ ਨੇ ਭੋਗਾਂ ਨੂੰ ਹੀ ਰੂਹ ਦਾ ਪ੍ਰਕਾਸ਼ ਤੇ ਹੁਲਾਸ ਮੰਨਿਆ ਹੈ ਤੇ ਇਨ੍ਹਾਂ ਨੂੰ ਹੀ ਸੱਭੋ ਕੁਛ ਜਾਤਾ ਹੈ, ਪਰ ਉਹ ਬੀ ਤੂੰ ਅੰਤ ਰੋਗਾਂ ਵਿਚ ਗ੍ਰਸੇ, ਨਿਤਾਣੇ ਹੋਏ ਤੇ ਨਿਰਾਸਤਾ ਵਿਚ ਡਾਵਾਂਡੋਲ ਹੁੰਦੇ ਵੇਖੇ ਹਨ। ਜਵਾਨੀ ਦੇ ਜੋਸ਼ ਵਿਚ ਭੋਗਾਂ ਦੇ ਪ੍ਰੇਮੀ ਭੋਗਾਂ ਨੂੰ ਸਭ ਕੁਛ ਜਾਣਦੇ ਉਮਡੀ ਨਦੀ ਵਾਂਙੂ ਐਂਠ ਐਂਠ ਟੁਰਦੇ ਹਨ, ਪਰ ਜਵਾਨੀ ਦੀ ਦੁਪਹਿਰ ਢਲਦੇ ਹੀ ਉਨ੍ਹਾਂ ਦੇ ਸਾਰੇ ਐਂਠ ਵੈਂਠ ਉਡ ਜਾਂਦੇ ਹਨ ਤੇ ਸਰੀਰ ਦੇ ਨੇਮ ਆਪ ਹੀ ਦੰਡ ਦਾਤਾ ਹੋਕੇ ਉਨ੍ਹਾਂ ਲਈ ਰੋਗ, ਨਿਤਾਣਪੁਣਾ ਤੇ ਛੇਤੀ ਦੀ ਮੌਤ ਦਾ ਸਾਮਾਨ ਲੈ ਆਉਂਦੇ ਹਨ।...ਯਾਦ ਹੈ ਤੈਨੂੰ ਹੀਰੇ ਮਿਰਗ ਵਰਗਾ ਸਾਧੂ, ਜਿਸਦੇ ਜੋਸ਼ ਅਗੇ ਫੁੱਲ ਕੇਸੂਆਂ ਦਾ ਜਲਵਾ ਮਾਤ ਪੈਂਦਾ ਸੀ, ਕੀਕੂੰ ਝੰਬਿਆ ਗਿਆ ਤੇ ਜਵਾਨੀ ਦੀ ਮੌਤ ਮਰਨ ਵੇਲੇ ਕੀਕੂੰ ਪੁਕਾਰ ਕੇ ਉਸ ਨੇ ਕਿਹਾ ਸੀ- 'ਇਸ ਮਾਰਗ, ਜਿਸ ਮੈਂ ਟੁਰਿਆ ਹਾਂ, ਕੋਈ ਨਾਂ ਟੁਰੇ। ਮੈਂ ਸਮਝਦਾ ਹਾਂ ਮੈਂ ਭੋਗਾਂ ਨੂੰ ਭੋਗਦਾ ਹਾਂ, ਪਰ ਭਰਥਰੀ ਦੇ ਕਹੇ ਮੂਜਬ ਭੋਗਾਂ ਨੇ ਮੈਨੂੰ ਭੋਗ ਲਿਆ ਹੈ। ਮੈਂ ਬਿਨ ਆਈ ਭੁੱਗਾ ਹੋਕੇ ਮਰ ਰਿਹਾ ਹਾਂ।' ਸੋ ਹੇ ਮੇਰੇ ਮਨ! ਭੋਗਾਂ ਦਾ ਜੀਵਨ ਕਿ ਭੋਗਾਂ ਨੂੰ ਧਰਮ ਬਣਾ ਕੇ ਇਸ ਵਿਚ ਪਰਵਿਰਤ ਹੋਣਾ ਕੋਈ ਤ੍ਰਿਪਤੀ ਦਾ ਕਾਰਨ ਨਹੀਂ, ਨਾਂ ਠੰਢ ਦੇਂਦਾ ਹੈ, ਨਾ ਆਪਣੇ ਹੀ ਰਸ ਨੂੰ ਸਦੈਵੀ ਬਣਾਉਂਦਾ ਹੈ। ਸੋ ਤੂੰ ਅਣਭੋਗੇ ਭੋਗਾਂ ਦੀ ਯਾਦ ਵਿਚ ਹਾਵਾ ਨਾ ਲੈ। ਜੇ ਤੂੰ ਭੋਗ ਨਹੀਂ ਭੋਗੇ ਤਾਂ ਬੀ ਤੂੰ ਇਹੋ ਜਿਹਾ ਹੈਂ, ਕੋਈ ਅਨਭੋਗਿਆਂ ਦਾ ਤੋਟਾ ਤੇਰੇ ਆਤਮਾ ਵਿਚ ਨਹੀਂ ਪਿਆ। ਜੇ ਤੂੰ ਭੋਗੇ ਹੁੰਦੇ ਤਾਂ ਭੋਗਾਂ ਦਾ ਕੋਈ ਲਾਹਾ-ਕੋਈ ਰਸ-ਐਸ ਵੇਲੇ ਤੇਰੇ ਨਾਲ ਨਹੀਂ ਸੀ ਹੋਣਾ। ਤੂੰ ਐਸ ਤਰ੍ਹਾਂ ਹੀ ਨਕਦ ਜਾਨ ਹੋਣਾ ਸੀ। ਸਗੋਂ ਜੋ ਤੂੰ ਵਿਦਯਾ ਪਾਈ, ਖੋਜ ਕੀਤੀ ਤੇ ਯਥਾਰਥ ਦੇ ਮਗਰ ਤਰਲੇ ਲਏ ਉਨ੍ਹਾਂ ਦਾ ਕੋਈ ਪਰਚਾ ਤੇਰੇ ਪਾਸ ਹੈ। ਤਾਂ ਤੇ ਹੇ ਮਨ! ਨਾ ਦੇਖ ਜਗਤ ਵੱਲ, ਨਾ ਦੇਖ ਉਨ੍ਹਾਂ ਚੀਜ਼ਾਂ ਵੱਲ, ਜੋ ਖੁਰਕ ਵਾਂਙੂ ਪਹਲੋਂ ਸੁਾਦੀਕ, ਪਰ ਫਲ ਵਿਚ ਹਾਨੀਕਾਰਕ ਹਨ। ਜਿਥੇ ਤੂੰ ਹੈਂ ਇਸਤੋਂ ਉਪਰ ਵਲ ਤੱਕ, ਹੇਠਾਂ ਵਲ ਨਾ ਵੇਖ।


www.sikhbookclub.com

ਸਮਝ ਸਭ ਕੁਝ ਪੈ ਗਿਆ, ਪਰ ਠੰਢ ਕਿਉਂ ਨਹੀਂ? ਮੈਂ ਜੋ ਸਮਝਿਆ ਸੋ ਹੋਇਆ ਨਹੀਂ।.... ਗੁਰਮੁਖ ਕਹਿੰਦੇ ਸਨ ਕਿ ਅਸੀਂ ਲੋਕ ਯਥਾਰਥ ਤੋਂ ਅੱਗੇ ਲੰਘ ਜਾਂਦੇ ਹਾਂ ਤੇ ਔਥੇ ਰਹਿੰਦੇ ਹਾਂ। ਯਥਾਰਥ ਤੋਂ ਅੱਗੇ ਕੀ ਹੋਇਆ? ਨਹੀਂ, ਇਹ ਉਨ੍ਹਾਂ ਨੇ ਬਿਲਾਸ ਕੀਤਾ ਸੀ। ਭਾਵ ਇਹ ਹੋਣਾ ਹੈ ਕਿ ਸਾਡਾ ਤੀਰ ਨਿਸ਼ਾਨੇ ਨਹੀਂ ਬੈਠਦਾ, ਉਰੇ ਪਰੇ ਜਾ ਵੱਜਦਾ ਹੈ।

ਇਸ ਤਰ੍ਹਾਂ ਦਾ ਮਨੋਵਾਦ ਕਰਦੇ ਆਪ ਉਠੇ ਤੇ ਉਥੋਂ ਟੁਰ ਪਏ। ਦੋ ਕੁ ਮੀਲ ਜਾਕੇ ਇਕ ਜਲ ਦੇ ਨਿੱਕੇ ਜਿਹੇ ਫੁਟ ਰਹੇ ਚਸ਼ਮੇ ਦੇ ਪਾਸ ਜਾ ਪਹੁੰਚੇ। ਇਥੇ ਇਕ ਕੁਟੀ ਸੀ ਤੇ ਗੁਰਮੁਖ ਜੀ* ਬਾਹਰ ਧੁੱਪੇ ਬੈਠੇ ਸੇ। ਇਨ੍ਹਾਂ ਨੇ ਨਮਸਕਾਰ ਕੀਤੀ ਤੇ ਉਨ੍ਹਾਂ ਨੇ ਆਦਰ ਦੇਕੇ ਬਹਾਲ ਲਿਆ। ਕੁਛ ਚਿਰ ਮਗਰੋਂ ਵਾਰਤਾਲਾਪ ਟੁਰ ਪਈ:-

ਗੁਰਮੁਖ-ਸੰਤ ਜੀ! ਕੱਖ ਉਹਲੇ ਲੱਖ ਹੈ।

ਸੰਤ-ਪਰ ਦਿੱਸਦਾ ਭਲੀਂਦਾ ਨਹੀਂ। ਕਿਵੇਂ ਕੱਖ ਦਾ ਪਰਦਾ ਦੂਰ ਹੋਵੇ।

ਗੁਰਮੁਖ-ਹੋਰ ਗੱਲਾਂ ਜ਼ੋਰ ਦੀਆਂ ਹਨ, ਇਹ ਗੱਲ ਜ਼ੋਰ ਦੀ ਨਹੀਂ।

ਸੰਤ-ਸਭ ਸਾਧਨ, ਸਭ ਵਿਦਿਆ, ਸਭ ਖੋਜ ਵੀਚਾਰ ਜ਼ੋਰ ਦੇ ਆਸਰੇ ਹੀ ਹੁੰਦੇ ਹਨ, ਜੀਓ ਜੀ! ਜ਼ੋਰ ਬਿਨਾਂ ਤਾ ਕੁਝ ਨਹੀਂ ਹੁੰਦਾ।

ਗੁਰਮੁਖ-ਠੀਕ ਹੈ, ਹਰ ਗਲ ਲਈ ਉਦਮ ਲੋੜੀਏ, ਉੱਦਮ ਦੀ ਟੇਕ ਬਲ ਤੇ ਹੈ, ਪਰ ਸੰਤ ਜੀ! ਨੀਂਦਰ ਬੀ ਕਦੇ ਜ਼ੋਰ ਕੀਤੀਆ ਆਉਂਦੀ ਹੈ? ਜਿਉਂ ਜਿਉਂ ਜ਼ੋਰ ਲਾਓ ਤਿਉਂ ਤਿਉਂ ਉੱਖੜਦੀ ਹੈ।

ਸੰਤ (ਤ੍ਰਬਕ ਕੇ)-ਸੱਚ ਕਿਹਾ ਨੇ। ਪਰ ਇਹ ਗਲ ਘਟਾਕੇ ਸਮਝਾਉਣ ਦੀ ਕ੍ਰਿਪਾ ਕਰੋ।

ਗੁਰਮੁਖ-ਆਪਣੇ ਆਪ ਨੂੰ ਭਲਾ ਬਨਾਉਣ, ਬਦੀਆਂ ਤੋ ਮਨ ਨੂੰ ਹੋੜਨਾ, ਸਰੀਰ ਨੂੰ ਬੰਨ੍ਹਣਾ ਜ਼ੋਰ ਦਾ ਕੰਮ ਹੈ। ਨਿਤਾਣੇ ਮਨਾਂ ਵਾਲੇ ਇਨ੍ਹਾਂ ਵਿਚ ਅਰੋਕ ਹੀ ਰੁੜ੍ਹ ਜਾਂਦੇ ਹਨ। ਘਰ ਬਾਰਾਂ ਵਿਚ ਵਸਦਿਆਂ, ਗ੍ਰਿਹਸਤ ਆਸ਼੍ਰਮ ਟੋਰਦਿਆਂ ਫੇਰ ਸਤਿਸੰਗ ਵਿਚ ਜਾਣਾ ਤੇ ਭਲਿਆਈ ਸਿੱਖਣੀ ਤੇ ਕਰਨੀ ਚੰਗੇ ਤਾਣ ਨਾਲ ਹੀ ਹੋ ਸਕਦਾ ਹੈ। ਗ੍ਰਿਹਸਤ ਛਡ ਚੁਕੇ ਭਲੇ ਪਰਖਾਂ ਦਾ ਵਿਦਿਆ ਪਾਉਣਾ ਕਿ ਸਾਧਨ ਕਰਨੇ ਸਭ ਜ਼ੋਰ ਦੇ ਕੰਮ ਹਨ। ਗ੍ਰਿਹਸਤੀ ਹੋਏ ਚਾਹੇ ਉਦਾਸੀ, ਜੋ ਬੀ ਸਾਧਨ ਕਰੇ ਉੱਦਮ ਨਾਲ ਹੀ ਕਰ ਸਕੇਗਾ, ਪਰ ਭਾਈ! ਜਦ ਸਾਂਈਂ ਦੀ ਮਿਹਰ ਨਾਲ ਕਦੇ ਸਮਾਂ ਆਵੇ ਪ੍ਰਾਪਤ ਹੋਣ ਦਾ, ਤਾਂ ਇਹ ਆਪਾ ਛੱਡਕੇ ਕਿਸੇ ਐਉਂ ਜਿਵੇਂ 'ਹੈ ਨਹੀਂ' ਵਾਲੇ ਹਾਲ ਜਾਏਗਾ, ਤਾਂ ਮਿਹਰ ਇਸ ਨੂੰ ਖਿੱਚ ਲਏਗੀ ਆਪਣੇ ਵਲ। ਜਿਵੇਂ ਮੰਜਾ ਡਾਹੁਣਾ ਤੇ ਵਿਛਾਈ ਕਰਨੀ ਉੱਦਮ ਹੈ। ਸਰੀਰ ਨੂੰ ਕਮਾਈ ਕਰ ਕੇ ਸੂਮਥ ਰਖਣਾ ਉੱਦਮ ਤੇ ਮਿਹਨਤ ਹੈ, ਪਰ ਮੰਜੇ ਤੇ ਲੇਟ ਕੇ ਫਿਰ ਆਪਾ ਇਕ ਢਿੱਲ ਵਿਚ ਛਡ ਦੇਈਦਾ ਹੈ। ਨਿਰਉਦਮ ਤੇ ਨਿਰਜ਼ੋਰ ਹੋ ਜਾਈਦਾ ਹੈ, ਪਰ ਆਪੇ ਦੇ ਕਿਸੇ ਉਹਲਿਓਂ ਨੀਂਦ ਮੁਲਕੜੇ ਆਕੇ ਆਪਣੀ ਗੋਦ ਵਿਚ ਸੁਆਲ ਲੈਂਦੀ ਹੈ। ਕੁਛ ਐਉਂ ਹੀ 'ਆਪਾ' 'ਪਰਮ ਆਪੇ' ਦੀ ਟੇਕ ਤੇ ਛੱਡ ਦੇਈਦਾ ਹੈ, ਤਾਂ ਪਰਮ ਆਪਾ ਇਸ ਢਿੱਲੇ ਛੱਡੇ ਆਪੇ ਨੂੰ ਗੋਦੀ ਸਮਾ ਲੈਂਦਾ ਹੈ।

ਸੰਤ-ਦ੍ਰਿਸ਼ਟਾਂਤ ਸੁਹਣਾ ਹੈ, ਘਟਿਆ ਬੀ ਹੈ, ਪਰ ਕੁਛ ਹੋਰ ਖੁਹਲ ਦਿਓ ਨਾ ਮਿਹਰ ਕਰਕੇ।

ਗੁਰਮੁਖ-ਸੰਤ ਜੀ! ਸਾਡੇ ਅੰਦਰ 'ਆਸ' ਤੇ 'ਅੰਦੇਸ਼ਾਂ' ਦੋ ਵੈਰੀ ਲੁਕੇ ਬੈਠੇ ਹਨ। ਕੀਹ ਗ੍ਰਿਹਸਤੀ ਕੀਹ ਉਦਾਸੀ ਇਨ੍ਹਾਂ ਤੋਂ ਜਾਣੂ ਨਹੀਂ ਹੁੰਦੇ। ਸਾਧਨ ਕਰਦਿਆਂ ਤੇ ਵਿਦਜਾ ਪਾਉਂਦਿਆਂ ਬੀ ਏਹ

---

* ਇਸ ਲੇਖ ਵਿਚ ਜਾਪਦਾ ਹੈ ਕਿ ਸਤਿਕਾਰ ਯੋਗ ਲੇਖਕ ਜੀ ਨੇ ਸੰਤ ਬਿਮਲਾ ਸਿੰਘ ਜੀ ਲਈ 'ਗੁਰਮੁਖ' ਪਦ ਵਰਤਿਆ ਹੈ। (ਸੰਪਾਦਕ)


www.sikhbookclub.com

ਮਨ ਦੇ ਅਗੇ ਸੂਖਮ ਪਰਦੇ ਬਣਕੇ ਤਣ ਰਹਿੰਦੇ ਹਨ।

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜਨਮ ਸਾਖੀ ਵਿਚ ਇਕ ਕਥਾ ਆਉਂਦੀ ਹੈ ਕਿ ਇਕ ਜੋਗੀ ਛੇ ਮਹੀਨੇ ਆਪਣੇ ਆਸ਼੍ਰਮ ਵਿਚ ਬੂਹੇ ਮਾਰ ਕੇ ਬੰਦ ਰਹਿੰਦਾ ਸੀ ਤੇ ਆਖਦਾ ਸੀ ਕਿ 'ਮੈਂ ਸਮਾਧੀ ਵਿਚ ਲੀਨ ਰਹਿੰਦਾ ਹਾਂ ਤੇ ਭੁੱਖ ਤ੍ਰਿਖਾ ਮੈਂ ਜਿੱਤੀ ਹੈ। ਛੇ ਮਹੀਨੇ ਵਿਚ ਮੈਂ ਕੋਈ ਅਠ ਦਸ ਤੋਲੇ ਅੰਨ ਖਾਂਦਾ ਹਾਂ ਤੇ ਸਦਾ ਆਪੇ ਵਿਚ ਲੀਨ ਰਹਿੰਦਾ ਹਾਂ।' ਉਹ ਦੇਸ਼ ਸਾਰਾ ਉਸਦਾ ਚੇਲਾ ਸੀ। ਜਦੋਂ ਛੇ ਮਹੀਨੇ ਮਗਰੋਂ ਉਹ ਬਾਹਰ ਨਿਕਲਦਾ ਤਾਂ ਬਾਹਰ ਮੇਲਾ ਜੁੜਿਆ ਹੁੰਦਾ ਸੀ। ਹਜ਼ਾਰਾਂ ਆਦਮੀ ਦਰਸ਼ਨ ਕਰਦੇ ਤੇ ਮੱਥੇ ਟੇਕਦੇ ਸਨ। ਜਦ ਉਥੇ ਗੁਰੂ ਨਾਨਕ ਦੇਵ ਜੀ ਗਏ ਤਦੋਂ ਉਹ ਮੇਲਾ ਭਰ ਰਿਹਾ ਸੀ। ਆਪ ਦਾ ਇਸ ਜੋਗੀ ਨਾਲ ਮੇਲ ਹੋਇਆ ਤਾਂ ਉਸ ਨੇ ਆਪਣੇ ਤਜਾਗ, ਵਿਰਾਗ, ਹਠ, ਤਪ ਦੀ ਗਲ ਸੁਣਾਈ। ਗੁਰੂ ਬਾਬੇ ਨੇ ਕਿਹਾ-'ਸਾਧੂ! ਸਾਂਈਂ ਦੇ ਆਸਰੇ ਹੋ। ਫਿਰ ਤੇਰੀ ਆਸਾ ਦੀ ਟੇਕ ਉਹ ਖਣੇ ਤੇ ਅੰਦੇਸੇ ਖਿਲਾ ਜਾਣ'। ਪਰ ਜੋਗੀ ਨੇ ਹਠ ਕੀਤਾ ਤੇ ਫੇਰ ਬਹਿ ਗਿਆ। ਗੁਰੂ ਬਾਬਾ ਜੀ ਬੀ ਉਥੇ ਹੀ ਰਹਿ ਪਏ ਤੇ ਛੇ ਮਹੀਨੇ ਸਤਿਸੰਗ ਲੱਗਾ ਰਿਹਾ। ਜਦ ਮੇਲੇ ਦਾ ਵੇਲਾ ਆਇਆ ਤਾਂ ਗੁਰੂ ਬਾਬੇ ਨੇ ਲੋਕਾਂ ਨੂੰ ਹੋੜ ਦਿਤਾ ਕਿ ਠੀਕ ਨਿਯਤ ਦਿਨ ਮੇਲਾ ਨਾ ਕਰੋ! ਇਕ ਅੱਧ ਦਿਨ ਪਛੜ ਕੇ ਕਰੋ। ਸੋ ਜਦ ਦਿਨ ਆਇਆ ਤੇ ਜੋਗੀ ਨੇ ਮੇਲੇ ਦੀ ਚਹਿਲ ਪਹਿਲ ਨਾ ਸੁਣੀ ਤੇ ਬਾਹਰ ਬੀ ਡਿੱਠੋਸੁ ਕਿ ਕੋਈ ਨਹੀਂ ਆਇਆ ਤਾਂ ਮਰਨ ਹਾਰ ਹੋ ਗਿਆ। ਗੁਰੂ ਬਾਬੇ ਨੇ ਦੱਸਿਆ ਕਿ ਇਹ ਅਦਮੀ ਆਪਣੀ ਮਾਨ ਪ੍ਰਤਿਸ਼ਠਾ ਦੇ ਆਸਰੇ ਜੀਉਂਦਾ ਹੈ ਤੇ ਨਹੀਂ ਸੀ ਸਮਝਦਾ ਕਿ ਮੇਰੇ ਮਨ ਦੀ ਟੇਕ ਇਨ੍ਹਾਂ ਲੋਕਾਂ ਵਲੋਂ ਮਿਲ ਰਹੀ ਪ੍ਰਤਿਸ਼ਠਾ ਪਰ ਹੈ।

ਉਸ ਪਰਥਾਇ ਜੋ ਗਲ ਬਾਤ ਹੋਈ ਸੀ, ਸੋ ਗੁਰੂ ਬਾਬੇ ਨੇ ਮਾਰੂ ਰਾਗ ਦੇ ਇਕ ਸ਼ਬਦ ਵਿਚ ਦੱਸੀ ਹੈ ਕਿ ਜਿਸ ਵਿਚ ਜੋਗੀ ਕਹਿੰਦਾ ਹੈ ਗੁਰੂ ਜੀ ਨੂੰ, ਕਿ ਤੂੰ ਇਕ ਸੁਰ ਰਸਤੇ ਪ੍ਰਾਣ ਬਾਹਰ ਕੱਢੇਂ, ਦੂਏ ਰਸਤੇ ਚੜ੍ਹਾਵੇਂ, ਅਉਂ ਜੇ ਪ੍ਰਾਣ ਵਾਯੂ ਨੂੰ ਜੁਗਤੀ ਨਾਲ ਸਨਬੰਧ ਕਰ ਲਏਂ ਦਸਮ ਦੁਆਰ ਨਾਲ ਤੇ ਮੱਛੀ ਵਾਂਙੂ ਚੰਚਲ ਮਨ ਨੂੰ ਇਸ ਜੁਗਤੀ ਨਾਲ ਬੰਨ੍ਹ ਰਖੇਂ ਤਾਂ ਇਹ ਸਰੀਰ ਨਹੀਂ ਮਰੇਗਾ ਤੇ ਸਰੀਰ ਵਿਚੋਂ ਹੰਸ (ਰੂਹ) ਉਡ ਨਹੀਂ ਜਾਏਗਾ।

ਗੁਰੂ ਜੀ ਬੋਲੇ-ਹੇ ਅਸਲੀਅਤ ਤੋਂ ਅਣਜਾਣ ਰਹਿ ਗਏ ਸਾਧੂ! ਤੂੰ ਕਿਉਂ ਭਰਮ ਵਿਚ ਭੁੱਲ ਗਿਆ ਹੈਂ? ਸਾਧਨਾਂ ਦਾ ਤਾਂ ਤੈਂ ਪ੍ਰਯੋਜਨ ਹੀ ਨਹੀਂ ਸਮਝਿਆ! ਸਰਬ ਸਾਧਨ ਪਰਮੇਸ਼ਰ ਨਿਰੰਕਾਰ ਦੀ ਪ੍ਰਾਪਤੀ ਵਾਸਤੇ ਕਰੀਦੇ ਹਨ, ਜਿਸ ਦਾ ਸਰੂਪ ਹੈ "ਪਰਮ ਆਨੰਦ" ਤੇ ਫੇਰ ਉਸ ਵਿਚ ਰਾਗ ਨਹੀਂ, ਉਹ ਪੂਰਨ ਵੈਰਾਗ ਸਰੂਪ ਹੈ! ਉਸਨੂੰ ਜੇ ਤੂੰ ਪ੍ਰਾਪਤ ਹੋਵੇਂ ਤਾਂ ਬੈਰਾਗੀ ਹੋ ਜਾਵੇ ਤੇ ਆਤਮਾਨੰਦ ਨੂੰ ਬੀ ਪ੍ਰਾਪਤ ਹੋਵੇਂ। ਹੁਣ ਤਾਂ ਤੂੰ ਪਵਨਾਂ ਰੋਕ ਕੇ ਬੀ ਆਸ ਅੰਦੇਸੇ ਵਿਚ ਹੈਂ! ਤਾਂ ਜੋਗੀ ਨੇ ਪੁਛਿਆ ਕਿ ਉਸ ਦੀ ਕੋਈ ਜੁਗਤ ਹੈ?

ਤਾਂ ਗੁਰੂ ਬਾਬੇ ਨੇ ਆਖਿਆ-ਤੇਰੇ ਅੰਦਰ ਜੋ ਕਾਮਨਾ ਹੈ, ਜੋ ਹੰਕਾਰ, ਕਾਮ, ਲੋਭ, ਮੋਹ ਤੇ ਕ੍ਰੋਧ ਦੇ ਰੂਪ ਧਾਰਦੀ ਹੈ ਉਹ ਅਜਰ ਚੀਜ਼ ਹੈ ਉਸ ਨੂੰ ਫੜ ਅਤੇ ਵੱਸ ਵਿਚ ਕਰ, ਫਿਰ ਤੇਰੇ ਅੰਦਰ ਛੇਵਾਂ ਇੰਦ੍ਰੇ ਹੈ-ਮਨ, ਜਿਸ ਦੁਆਰਾ ਕਾਮਨਾ ਕੰਮ ਕਰਦੀ ਹੈ, ਉਹ ਕਿਸੇ ਸਾਧਨ ਕਿਸੇ ਜੁਗਤ ਨਾਲ ਨਹੀਂ ਮਰਦਾ, ਐਉ ਉਹ ਮਨ ਅਮਰ ਹੈ, ਉਸ ਨੂੰ ਮਾਰ ਲੈ। ਫਿਰ ਭ੍ਰਾਂਤੀ ਯਾ ਭਰਮ ਹੈ ਜੋ ਤੇਰੇ ਮਨ ਨੂੰ ਭਰਮਾ ਰਿਹਾ ਹੈ ਉਸ ਦਾ ਤਜਾਗ ਕਰ ਤਾਂ ਅੰਮ੍ਰਿਤ ਤੂੰ ਪੀ ਸਕੇਂਗਾ। ਮੱਛੀ ਵਰਗੇ ਚੰਚਲ ਮਨ ਨੂੰ ਇਸ ਜੁਗਤ ਨਾਲ ਬੰਨ੍ਹੀਦਾ ਹੈ, ਤਦ ਏਹ ਮਨ ਫੇਰ ਸੰਕਲਪਾਂ ਵਿਚ ਨਹੀਂ ਉਡਦਾ ਤੇ ਨਾ ਹੀ ਸਰੀਰ ਸਿਥਲ ਹੁੰਦਾ ਹੈ। ਤਾਂ ਜੋਗੀ ਬੋਲਿਆ-ਅਜਰ ਕਾਮਾਦਿਕਾਂ ਨੂੰ ਕੀਕੂ ਜਰੀਦਾ ਹੈ ਤੇ ਅਮਰ ਮਨ ਨੂੰ ਕਿਕੂੰ ਮਾਰੀਦਾ ਹੈ? ਤੇ ਭ੍ਰਾਂਤਿ ਕਿਵੇਂ ਦੂਰ ਹੁੰਦੀ ਹੈ?

ਸ੍ਰੀ ਗੁਰੂ ਜੀ ਬੋਲੇ-ਭਾਈ! ਜੇ ਤੂੰ ਜਨ ਹੋਕੇ-ਵਾਹਿਗੁਰੂ ਦਾ ਪ੍ਰੇਮੀ ਦਾਸ ਬਣ ਕੇ-ਉਸ

ਦੇ ਨਾਮ ਨੂੰ ਮਨੋਂ ਹੋਕੇ ਸਿਮਰੇਂ ਤੇ ਮਨ ਦੀ ਪਵਨ-ਵਾਸ਼ਨਾ-ਨੂੰ ਉਸੇ ਪਰਮੇਸ਼ੁਰ ਤੇ ਲਾਵੇਂ ਤਾਂ ਇਸ ਹਰੀ ਸਿਮਰਨ ਨਾਲ ਤੂੰ ਅੰਮ੍ਰਿਤ ਪੀਵੇਂਗਾ। ਹੇ ਜੋਗੀ! ਇਸ ਇੱਕੋ ਜੁਗਤ ਨਾਲ ਚਪਲ ਮਨ ਵੱਸ ਹੋ ਜਾਂਦਾ ਹੈ ਤੇ ਸਰੀਰ ਬੀ ਸੁਸਥ ਰਹਿੰਦਾ ਹੈ[1], ਕਿਉਂਕਿ ਪਰਮ ਪ੍ਰਯੋਜਨ ਜੋ ਜੀਵਨ ਦਾ ਹੈ ਈਸ਼ਰ ਪ੍ਰਾਪਤੀ-ਸੋ ਪ੍ਰਾਪਤ ਹੋ ਜਾਂਦਾ ਹੈ।[2]

ਇਸ ਵਾਰਤਾ ਵਿੱਚੋਂ ਸਾਨੂੰ ਇਹ ਗਲ ਲੱਭੀ ਕਿ ਮਨ ਨੂੰ ਰੋਕਣ ਦੇ ਸਾਧਨ ਕਰਦਿਆਂ ਤੇ ਹੋਰ ਗੱਲਾਂ ਕਰਦਿਆਂ ਮਨ ਆਸਰਾ ਭਾਲਦਾ ਹੈ ਤੇ ਕਿਸੇ ਆਸਰੇ ਸਿਰ ਰਹਿੰਦਾ ਹੈ। ਜੋਗੀ ਨੇ ਪ੍ਰਾਣਾਯਾਮ ਤਾ ਕਰ ਲਿਆ, ਕਪਾਲ ਭਾਠੀ ਸਿਖ ਲਈ, ਕਾਲ ਬੰਚਨ ਬੀ ਕਰ ਲਈ, ਪਰ ਮਨ ਦੀ ਟੇਕ ਲੋਕਾਂ ਦੀ ਵਾਹਵਾਹ ਤੇ ਸੀ; ਜਦੋਂ ਨਾ ਮਿਲੀ ਤਾਂ ਮਰਨ ਮਰਾਂਦ ਹੋ ਗਿਆ। ਇਸੀ ਤਰ੍ਹਾਂ ਨੈਣ ਪਸਾਰ ਕੇ ਤੱਕ ਲਓ ਕਿ ਕਿਸੇ ਮਨ ਦਾ ਆਸਰਾ ਪਿਤਾ ਹੈ, ਕਿਸੇ ਮਨ ਦਾ ਆਸਰਾ ਮਾਤਾ ਹੈ, ਕਿਸੇ ਦਾ ਵਹੁਟੀ, ਪਤੀ, ਪੁੱਤ੍ਰ, ਕਿਸੇ ਦਾ ਚੇਲਾ ਹੈ। ਕਿਸੇ ਮਨ ਦਾ ਆਸਰਾ ਸ਼ੋਭਾ ਹੈ। ਕਿਸੇ ਦਾ ਧਨ ਹੈ, ਐਉਂ ਸੁਤੰਤਰ ਮਨ ਕੋਈ ਨਹੀਂ ਕਿ ਜਿਸ ਦਾ ਕੋਈ ਆਸਰਾ ਨਾ ਹੋਵੇ ਤੇ ਜੋ ਆਪਣੇ ਆਧਾਰ ਤੇ ਖੜਾ ਹੋਵੇ। ਜੋ ਪਰਮਾਰਥ ਤੋਂ ਅਨਜਾਣ ਹਨ, ਯਾ ਜਾਣ ਬੁੱਝ ਕੇ ਅਨਜਾਣ ਰਹਿਣਾ ਵਡਿਆਈ ਸਮਝਦੇ ਤੇ ਕਹਿੰਦੇ ਹਨ ਅਸੀਂ ਸੁਤੰਤਰ ਹਾਂ, ਅਸਲ ਵਿਚ ਉਨ੍ਹਾਂ ਦਾ ਮਨ ਬੀ ਸੁਤੰਤਰ ਨਹੀਂ, ਉਹ ਕਿਸੇ ਨਾ ਕਿਸੇ-ਇਸਤ੍ਰੀ; ਪੁਤ੍ਰ, ਪਦਾਰਥ, ਸ਼ੋਭਾ ਦਾ ਆਸਰਾ ਲੈਕੇ ਉਸ ਦੇ ਆਧਾਰ ਤੇਂ ਚਲ ਰਿਹਾ ਹੈ। ਜਦੋਂ ਉਹ ਆਧਾਰ ਟੁੱਟਦਾ ਕਿ ਬਿਨਸਦਾ ਹੈ, ਤਦੋਂ ਉਨ੍ਹਾਂ ਦਾ ਬੁਰਾ ਹਾਲ ਹੁੰਦਾ ਹੈ। ਇਸੇ ਤਰ੍ਹਾਂ ਪਰਮਾਰਥੀ ਮਨ ਆਸਰੇ ਲੈਂਦਾ ਹੈ, ਚਾਹੇ ਉਹ ਕੁਛ ਸੂਖਮ ਹੋਣ।

ਸੰਤ-ਪਰ ਜੀਉ, ਗੁਰਮੁਖ ਰਾਜ ਜੀਉ! ਮੈਂ ਤਾਂ ਨਾ ਜੋਗ ਕਰਕੇ ਮਨ ਨੂੰ ਸਰੀਰ ਦੇ ਕਿਸੇ ਧਾਰਣਾ ਅਸਥਾਨ ਵਿਚ ਫਾਹੇ ਦਿਤਾ ਹੈ, ਨਾ ਕਿਸੇ ਰਿਧੀ ਸਿਧੀ ਵਿਚ ਲੱਗਾ ਹਾਂ, ਧਨ ਧਾਮ ਇਸਤ੍ਰੀ ਪੁਤ੍ਰ ਸਾਰੇ ਆਸਰੇ ਛੋੜ ਕੇ ਸਾਧੂ ਹੋਇਆ ਸਾਂ, ਮੈਨੂੰ ਕਿਹੜੀ ਭ੍ਰਾਂਤੀ ਕਿਹੜਾ ਆਸਰਾ ਦੇ ਰਹੀ ਹੈ?

ਗੁਰਮੁਖ-ਇਹ ਗਲ ਤਾਂ ਅਪਣੇ ਮਨ ਖੋਜਿਆਂ ਆਪ ਨੂੰ ਲੱਭੀ ਭਲੀ ਹੈ, ਦੂਜੇ ਦਾ ਦੱਸਿਆ ਅਨੁਮਾਨਕ-ਟੋਹ ਮਾਤ੍ਰ-ਹੁੰਦਾ ਹੈ, ਸੋ ਕਦੇ ਠੀਕ ਕਦੇ ਨਾ ਠੀਕ, ਪਰ ਜੇ ਠੀਕ ਭੀ ਹੋਵੇ ਤਾਂ ਸੁਣ ਕੇ ਗੁੱਸਾ ਜੇਹਾ ਲਗਦਾ ਹੈ, ਕਿਉਂਕਿ ਹਰ ਮਨੁੱਖ, ਚਾਹੇ ਉਹ ਕੋਈ ਹੈ, ਚੰਗਾ ਬਣਦਾ ਹੈ ਤੇ ਜੋ ਇਸ ਦੇ ਕੰਨਾਂ ਵਿਚ ਕੋਈ ਗਲ ਨਾ ਸੁਖਾਵੀਂ ਪਵੇ ਤਾਂ ਮਾੜੀ ਲਗਦੀ ਹੈ, ਚਾਹੇ ਉਹ ਸੱਚ ਹੋਵੇ, ਪਰ ਜੇ ਉਹ ਸੱਚ ਆਪ ਦੇਖ ਲਵੇ ਤਾ ਅਪਣੇ ਆਪ ਨਾਲ ਕੋਈ ਗੁੱਸੇ ਨਹੀਂ ਹੁੰਦਾ ਤੇ ਫਿਰ ਉਹ ਪੁਰਸ਼ ਵਡਭਾਗਾ ਹੈ ਜੋ ਅਪਣੀ ਭੁੱਲ ਆਪ ਵੇਖ ਕੇ ਉਸ ਨੂੰ ਠੀਕ ਕਰਨ ਵਿਚ ਲਗ ਪਵੇ।

ਸੰਤ-ਨਹੀਂ ਜੀਓ! ਮੈਨੂੰ ਚਾ ਦੱਸੋ, ਮੈਂ ਆਪ ਦਾ ਧੰਨਵਾਦ ਮੰਨਾਂਗਾ, ਮੈਨੂੰ ਮੇਰੀ ਭੁਲ ਸੁਝਾਓ।

---

1. ਗੁਰੂ ਜੀ ਦਾ ਭਾਵ ਇਹ ਹੈ ਕਿ ਸਰੀਰ ਦੀਆਂ ਤਾਕਤਾਂ ਨੂੰ ਕਤਲ ਨਾ ਕਰੋ, ਮਨ ਨੂੰ ਉੱਚੇ, ਸੁੱਚੇ ਦੀ ਯਾਦ ਨਾਲ ਆਤਮ ਸੁੰਦਰਤਾ ਵਲ ਲੈ ਜਾਓ ਤਾਂ ਮਨ ਉੱਚਾ, ਸੁੱਚਾ ਸੁਹਣਾ ਤੇ ਵਿਸਮਾਦੀ ਹੋਕੇ ਸਿਫਤ ਸਲਾਹ ਵਿਚ ਟਿਕੇਗਾ, ਰਸ ਵਿਚ ਬੀ ਹੋਵੇਗਾ ਤੇ ਪਾਪ ਸੁਤੇ ਹੀ ਪਰੇ ਹੋ ਜਾਣਗੇ ਤੇ ਸਰੀਰ ਬੀ ਅਰੋਗ ਰਹੇਗਾ।
2. ਇਹ ਵਾਰਤਾਲਾਪ ਉਸ ਸ਼ਬਦ ਦਾ ਖੁਲ੍ਹਾ ਟੀਕਾ ਹੈ ਜੋ ਸ੍ਰੀ ਗੁਰੂ ਜੀ ਨੇ ਤਦੋਂ ਉਚਾਰਿਆ॥

*ਸ਼ਬਦ ਇਹ ਹੈ:--* *ਮਾਰੂ ਮਹਲਾ ੧॥*

*ਸੂਰ ਸਰੁ ਸੋਸਿ ਲੈ ਸੋਮ ਸਰੁ ਪੋਖਿ ਲੈ ਜੁਗਤਿ ਕਰ ਮਰਤੁ ਸੁ ਸਨਬੰਧੁ ਕੀਜੈ॥*
*ਮੀਨ ਕੀ ਚਪਲ ਸਿਉ ਜੁਗਤਿ ਮਨੁ, ਰਾਖੀਐ ਉਡੈ ਨਹ ਹੰਸੁ ਨਹ ਕੰਧੁ ਛੀਜੈ॥੧॥*
*ਮੂੜੇ ਕਾਇਚੇ ਭਰਮਿ ਭੁਲਾ॥ ਨਹ ਚੀਨਿਆ ਪਰਮਾਨੰਦੁ ਬੈਰਾਗੀ॥੧॥ ਰਹਾਉ॥*
*ਅਜਰ ਗਹੁ ਜਾਰਿ ਲੈ ਅਮਰ ਗਹੁ ਮਾਰਿ ਲੈ ਭ੍ਰਾਤਿ ਤਜਿ ਛੋਡਿ ਤਉ ਅਪਿਉ ਪੀਜੈ॥*
*ਮੀਨ ਕੀ ਚਪਲ ਸਿਉਂ ਜੁਗਤ ਮਨੁ ਰਾਖੀਐ ਉਡੈ ਨਹ ਹੰਸੁ ਨਹ ਕੰਧੁ ਛੀਜੈ॥੨॥*
*ਭਣਤਿ ਨਾਨਕੁ ਜਨੋ ਰਵੈ ਜੇ ਹਰਿ ਮਨੋ ਮਨ ਪਵਨ ਸਿਉ ਅੰਮ੍ਰਿਤੁ ਪੀਜੈ॥*
*ਮੀਨ ਕੀ ਚਪਲ ਸਿਉ ਜੁਗਤਿ ਮਨੁ ਰਾਖੀਐ ਉਡੈ ਨਹ ਹੰਸੁ ਨਹ ਕੰਧੁ ਛੀਜੈ॥੩॥੯॥-੯੯੧*

ਗੁਰਮੁਖ-ਤੁਸੀਂ ਭਲੇ ਸਾਧੂ ਹੋ, ਸੱਚ ਆਖਦੇ ਹੋ, ਪਰ ਜੇ ਤੁਸੀਂ ਕਲ ਫੇਰ ਆਉਣ ਦੀ ਕ੍ਰਿਪਾਲਤਾ ਕਰੋ ਤਾਂ ਮੈਂ ਤੁਸਾਨੂੰ ਗੁਰੂ ਬਾਬੇ ਤੇ ਮਛਿੰਦ੍ਰ ਜੋਗੀ ਦੀ ਗੋਸ਼ਟ ਸੁਣਾਵਾਂ। ਮੇਰਾ ਖ਼ਿਆਲ ਹੈ ਕਿ ਉਸ ਵਿਚੋਂ ਆਪ ਜੀ ਨੂੰ ਆਪਣਾ ਰਸਤਾ ਆਪੇ ਸੁੱਝ ਪਵੇਗਾ ਤੇ ਕੋਈ ਗਲ ਰਹਿ ਗਈ ਤਾਂ ਉਸ ਪਰ ਫੇਰ ਖੁਲ੍ਹੀ ਵਿਚਾਰ ਕਰ ਲਵਾਂਗੇ।

ਸੰਤ-ਸਤਿ ਬਚਨ, ਪਰ ਜੀਓ! ਗੁਰੂ ਬਾਬੇ ਦੀ ਸਿਧਾਂ ਨਾਲ ਗੋਸ਼ਟ ਜੋ ਅਚਲ ਵਟਾਲੇ ਹੋਈ ਸੋ, ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਹੈ ਤੇ ਸੁਮੇਰ ਆਦਿ ਪਰ ਹੋਈ ਗੋਸ਼ਟ ਦਾ ਨਾਉਂ ਤਾਂ ਨਹੀਂ ਦਿੱਤਾ, ਪਰ ਓਹ ਸ਼ਬਦ ਬੀ ਹੈਨ। ਇਹ ਮਛਿੰਦ੍ਰ ਦੀ ਗੋਸ਼ਟ ਮੈਂ ਨਹੀਂ ਅਗੇ ਸੁਣੀ।

ਗੁਰਮੁਖ-ਇਹ ਗੋਸ਼ਟ ਬੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਹੈ, ਪਰ ਉੱਥੇ ਇਹ ਨਾਮ ਨਹੀਂ ਦਿੱਤਾ, ਸ਼ਬਦ ਹਨ। ਪੁਰਾਤਨ ਜਨਮ ਸਾਖੀ ਵਾਲੇ ਨੇ ਦਸਿਆ ਹੈ ਕਿ ਇਹ ਸ਼ਬਦ ਮਛਿੰਦ੍ਰ ਨਾਲ ਹੋਈ ਗੋਸ਼ਟ ਦੇ ਹਨ।

ਸੰਤ-ਸਤਿ ਬਚਨ ਜੀਓ! ਬੜੀ ਮੇਹਰ, ਮੈਂ ਕੱਲ ਫੇਰ ਆਵਾਂਗਾ।

ਪਰਸਪਰ ਸਤਿਕਾਰ ਕਰ ਕੇ ਵਾਹਿਗੁਰੂ ਜੀ ਕੀ ਫਤਹ ਬੁਲਾ ਕੇ ਸੰਤ ਜੀ ਵਿਦਾ ਹੋਏ।

੨.

**ਇਸ** ਟਿਕਾਣੇ ਤੋਂ ਦੋ ਢਾਈ ਕੋਹ ਤੇ ਇਕ ਪਹਾੜੀ ਛਾਵਣੀ ਸੀ। ਜਿਸਦੇ ਬਾਜ਼ਾਰ ਵਿਚ ਇਕ ਗੁਰੂ ਕੇ ਸਿੰਘਾਂ ਦੀ ਦੁਕਾਨ ਤੇ ਘਰ ਸੀ। ਇਹ ਸਿੰਘ ਦਰਜ਼ੀ ਦਾ ਕੰਮ ਕਰਦੇ ਸੇ! ਸੰਤ ਇਨ੍ਹਾਂ ਦੇ ਘਰ ਉਤਰੇ ਹੋਏ ਸਨ, ਗਰਮੀਆਂ ਵਿਚ ਇਹ ਅਕਸਰ ਇਥੇ ਆਇਆ ਜਾਇਆ ਕਰਦੇ ਸਨ ਤੇ ਇਨ੍ਹਾਂ ਪਾਸ ਟਿਕਿਆ ਕਰਦੇ ਸਨ। ਹੋਰ ਬੀ ਕੁਛ ਦਫਤਰਾਂ ਦੇ ਸਿਖ ਬਾਬੂ ਸੰਤਾਂ ਦੇ ਮੇਲੀ ਸਨ। ਸੰਤਾਂ ਦਾ ਐਉਂ ਚੰਗਾ ਪਰਚਾ ਪਿਆ ਹੋਇਆ ਸੀ ਤੇ ਉਹ ਉਪਦੇਸ਼ ਬੀ ਸੋਹਣਾ ਦਿਆ ਕਰਦੇ ਸਨ। ਅਜ ਐਤਵਾਰ ਸੀ, ਸੰਤ ਜਦ ਘਰ ਪਹੁੰਚੇ ਤਾਂ ਪ੍ਰਸ਼ਾਦ ਇਕ ਸਿੰਘ ਦੇ ਘਰ ਸੀ, ਜੋ ਕਿਸੇ ਦਫਤਰ ਦਾ ਕਲਰਕ ਸੀ। ਸੋ ਸੰਤ ਆਪਣੇ ਟਿਕਾਣੇ ਪੁੱਜ ਕੇ ਮੂੰਹ ਹੱਥ ਧੋ ਕੇ ਉਨ੍ਹਾਂ ਦੇ ਘਰ ਚਲੇ ਗਏ। ਪਰਵਾਰ ਨੇ ਸਤਿਕਾਰ ਕੀਤਾ ਤੇ ਪ੍ਰਸ਼ਾਦ ਛਕਾਇਆ। ਪ੍ਰਸ਼ਾਦ ਛਕ ਕੇ ਸੰਤ ਲੇਟ ਗਏ ਤੇ ਉਸ ਵੇਲੇ ਘਰ ਦੇ ਮਾਲਕ ਸੂਰਨ ਸਿੰਘ ਜੀ ਨੇ ਆ ਵਾਰਤਾਲਾਪ ਛੇੜੀ। ਪਹਿਲੇ ਤਾਂ ਸਮੇਂ ਦੇ ਰੰਗਾਂ ਦੀ ਗਲਬਾਤ ਤੁਰੀ, ਫੇਰ ਕੁਝ ਰਾਜਸੀ ਬੱਦਲਾਂ ਦੀ ਰੰਗਾਂ ਰੰਗੀ ਤੇ ਘੁੜਦੌੜ ਦੇ ਹਾਲ ਚੱਲੇ: ਛੇਕੜ ਗੁਰੂ ਇਤਿਹਾਸ ਦੀ ਗਲ ਚਲ ਪਈ। ਸੂਰਨ ਸਿੰਘ ਜੀ ਨੇ ਸੰਤਾਂ ਨੂੰ ਦੱਸਿਆ ਕਿ ਸਾਡੇ ਘਰ ਵਿਚ ਇਕ ਵਡੇ ਵਡੇਰਿਆਂ ਦੀ ਬਖਸ਼ਸ਼ ਜਨਮ ਸਾਖੀ ਹੈ ਜੋ ਚੋਖੀ ਪੁਰਾਣੀ ਹੈ। ਸੰਤਾਂ ਨੇ ਪੁੱਛਿਆ ਕਿੰਨੀ ਕੁ?

ਸੂਰਨ ਸਿੰਘ-ਦੋ ਕੁ ਸੌ ਸਾਲ ਤੋਂ ਉਪਰ ਦੀ ਲਿਖਤ ਹੈ......ਮੈਂ ਲੈ ਹੀ ਆਵਾਂ, ਆਪ ਵੇਖ ਲਓ। ਇਹ ਆਖ ਕੇ ਉਹ ਚਲਾ ਗਿਆ ਤੇ ਸੰਦੂਕ ਦਾ ਜੰਦਰਾ ਖੋਹਲ ਕੇ ਪੋਥੀ ਲੈ ਆਇਆ। ਸੰਤਾਂ ਨੇ ਉਸ ਦੇ ਪੱਤਰੇ ਉਥੱਲੇ, ਕਾਗਜ਼ ਪੁਰਾਣਾ ਪੈ ਕੇ ਟੁਟ ਰਿਹਾ ਸੀ। ਸਹਿਜੇ ਸਹਿਜੇ ਅੰਤਲਾ ਪਤਰਾ ਪਰਤਿਆ ਤਾਂ ਡਿੱਠਾ ਕਿ ਲਿਖਾਰੀ ਦਾ ਸੰਮਤ ੧੭੯੧ ਬ੍ਰਿਕਮੀ ਹੈ। ਸੰਤਾਂ ਨੇ ਇਸ ਨੂੰ ਚੰਗੀ ਪੁਰਾਣੀ ਸਮਝ ਕੇ ਵਿਚੋਂ ਵਿੱਚੋ ਵਾਚਣਾ ਆਰੰਭਿਆ। ਕੁਦਰਤ ਕਰਤਾਰ ਦੀ, ਆਪ ਦੀ ਦ੍ਰਿਸ਼ਟੀ ਇਕ ਸਾਖੀ ਤੇ ਅਟਕ ਗਈ। ਜਿਸ ਸਾਖੀ ਤੇ ਲਿਖਿਆ ਸੀ :-

*"ਅਗੇ ਸਾਖੀ ਬੀਚਾਰ ਫਕੀਰੀ ਕਾ, ਫੈਲਸੂਫ ਫਕੀਰ ਨਾਲ"*

ਸੰਤਾਂ ਨੇ ਨਾਲ ਹੀ ਡਿੱਠਾ ਕਿ ਫੈਲਸੂਫ ਦੀ ਮੂਰਤ ਬੀ ਬਾਬੇ ਦੀ ਮੂਰਤ ਦੇ ਨਾਲ ਦਿੱਤੀ ਹੈ। ਤਦ ਗਹੁ ਕਰ ਕੇ ਵਾਚਣ ਲਗ ਪਏ ਕਿ ਦੇਖੋ ਜੇ ਮੇਰੀ ਅੰਤ੍ਰੀਵ ਮੁਸ਼ਕਲ ਦਾ ਕੋਈ ਤੋੜ ਟੋਟਕਾ ਇੱਥੋਂ ਹੀ ਲੱਭ ਪਵੇ ਤਾਂ।

ਸਾਖੀ ਉਹ ਇਉਂ ਲਿਖੀ ਹੋਈ ਸੀ:-


www.sikhbookclub.com

ਤਬ ਏਕ ਫੈਲਸੂਫ ਫਕੀਰ ਨਾਲ ਗੋਸ਼ਅ ਹੋਈ। ਤਬ ਬਾਬਾ ਬੋਲਿਆ ਪਹਿਲੇ ਫਕੀਰੀ ਅੰਦਰਿ ਚਾਹੀਐ। ਅੰਦਰਿ ਫਕੀਰੀ ਹੋਇ ਸੁ ਕਿਸ ਭਾਂਤਿ ਹੋਇ? ਜਿਉਂ ਧਾਨ ਕੀ ਮੁੰਜਰ ਹੋਇ ਸਠੀ ਕੀ। ਤਉ ਕੁਛ ਸੋਧੀਐ ਅੰਦਰਿ ਫਲੁ ਹੋਇ। ਇਸ ਭਾਂਤਿ ਕਰਕੇ ਜੇ ਅੰਦਰਿ ਫਕੀਰੀ ਹੋਇ ਤਾਂ ਭਾਵੈ ਗ੍ਰਿਹਸਤ ਮਹਿ ਹੋਵੇ, ਭਾਵੈ ਉਦਾਸ ਮਹਿ ਹੋਵੇ। ਅਰ ਜੇ ਗ੍ਰਿਹਸਤੁ ਮਹਿ ਨਾ ਰਹੈ ਬਾਹਰਿ ਨਿਕਲੈ, ਭੇਖ ਕਰਿ ਨਿਕਲੇ ਫਕੀਰ ਦਾ।....

ਟੋਪੀ ਲੇਵੇ, ਖਫਨੀ ਪਹਰੇ, ਲੰਗੋਟੀ ਪਹਰੇ। ਤਬ ਏ ਬਸਤਰ ਤੋਬਹ ਤੋਬਹ ਕਰ ਉਠਤੇ ਹੈਂ। ਕਹਤ ਹੈਨਿ ਏ ਹੈਵਾਨ ਖੁਦਾਇ ਦੇ ਤੂ ਅਸਾਂਨੂ ਉਪਰਿ ਨਾ ਲੈ। ਜਿਨ੍ਹਾਂ ਦੇ ਅਸੀਂ ਬਸਤ੍ਰ ਹਾਂ, ਜੇ ਓਇ ਅਮਲ ਹੋਵਨੀ ਤਾਂ ਲੈ ਨਹੀਂ ਤਾਂ ਨਾ ਲੈ। ਜਿਨ੍ਹਾਂ ਦਾ ਤੂੰ ਕੁਟਣੁ ਹੈ ਸੋ ਲੈ। ਕਹੋ ਜੀ ਫੁਰਮਾਈਐ। ਸੋ ਬਸਤ੍ਰ ਕਵਨੁ ਹੈ ਜਿਤੁ ਪਹਿਰੇ ਸੋਭਾ ਪਾਵਹਿ। ਤਬ ਬਸਤਰੁ ਕਹਤੇ ਹੈ ਜੀ...ਟੋਪੀ ਪਹਰਣੀ ਏਹ ਬਾਲਕ ਦਾ ਭੇਖ ਹੈ। ਕੇਹਾ ਬਾਲਕ ਜਿਚਰੁ ਗੋਦੀ ਰੁੜਦਾ ਹੋਵੈ। ਜੇ ਉਸ ਬਾਲਕ ਜੇਹਾ ਹੈਂ ਤਾਂ ਅਸਾਂ ਕਉ ਹਥੁ ਲਾਇ। ਅਤੇ ਜੇ ਸਿਆਣਾ ਹੈਂ ਤਾਂ ਨਾ ਲਾਇ॥੧॥ ਅਰ ਖਫਨੀ ਬੋਲੀ ਏ ਯਾਰ ਖੁਦਾਇ ਦੇ ਜੇ ਮੈਨੂੰ ਪੈਨਦਾ ਹੈਂ ਖਫਨੀ ਮੁਰਦੇ ਦਾ ਪਹਰਾਵਾ ਹੈ। ਜੇ ਜੀਂਵਦਾ ਮੁਰਦਾ ਹੋਵੈਂ ਤਾਂ ਪਹਰੁ। ਅਤੇ ਏ ਜੇ ਕਾਈ ਦੁਨੀਆਂ ਦੀ ਹਿਰਸ ਕਰਹਿਂ ਤਾ ਤੂੰ ਮੈਨੂੰ ਨਾ ਪਹਰੁ॥੨॥ ਫਿਰ ਫਹੋੜੀ ਬੋਲੀ: ਬੰਦੇ ਖੁਦਾਇ ਦੇ ਮੈਂ ਤੋ ਮਿਸਲ ਗੁਦੜ ਦੀ ਧੂਏ ਦੀ ਹਾਂ, ਜੇ ਖੁਦੀ ਹਿਰਸਿ ਛੋਡਹਿ ਖੁਦਾਇ ਦੇ ਉਪਰਿ ਧੁਖਹਿਂ ਤਾਂ ਹਥਿ ਲਾਇ। ਨਾ ਧੁਖਹਿਂ ਤਾਂ ਨਾ ਲਾਇ॥੩॥ ਫੇਰ ਡਿਬੀ ਬੋਲੀ: ਏ ਬੰਦੇ ਖੁਦਾਇ ਦੇ ਤੂੰ ਜੁ ਮੈਨੂੰ ਹਥੁ ਲਾਇੰਦਾ ਹੈ। ਜੇ ਉਤਮਿ ਜਲ ਚਲਹਿ ਤਾਂ ਮੈਨੂੰ ਹਥੁ ਲਾਇ। ਤਬ ਉਸ ਪੁਛੀ ਡਿਬੀ ਤੇਰਾ ਕਵਣ ਰਾਹੁ ਹੈ। ਤਾਂ ਡਿਬੀ ਬੋਲੀ ਮੇਰਾ ਰਾਹੁ ਉਪੁਠਾ ਹੈ।ਹੋਰਨਾਂ ਭਾਂਡਿਆਂ ਦੇ ਮੁਹਿ ਸਿਧੇ ਹੈਨ ਮੇਰਾ ਮੁਹੁ ਅਪੁਠਾ ਹੈ। ਜੇਕਰ ਜਹਾਨ ਦੀਓਂ ਸ਼ਾਦੀਓਂ ਗਮੀਓਂ ਵਲੋਂ ਮੁਹੁ ਅਪੁਠਾ ਕਰਿ ਰਖੈ ਤਾਂ ਹਥੁ ਲਾਇ, ਨਾਹੀ ਤਾ ਨਾ ਲਾਇ॥ ਪਹੁੜਿ ਫਕੀਰੀ ਦੀ ਕਿਆ ਮਜਾਲ ਹੈ ਜੇ ਏਕ ਬਾਰ ਏਹ ਘਰੁ ਤਿਆਗ ਨਿਕਲੇ ਤਾਂ ਫਿਰ ਕਿਆ ਦੁਨੀਆਂ ਦੇ ਘਰਾਂ ਅਗੇ ਜਾਇ ਹਥ ਅਡੇ। ਸਬਰੁ ਕਰਕੇ ਬਹਿ ਰਹੇ। ਖੁਦਾਇ ਉਪਰਿ ਸਿਦਕੁ ਕਰੇ। ਇਕੇ ਦਮੁ ਨਿਕਲਿ ਗਇਆ ਇਕੈ ਖੁਦਾਇ ਮਿਲਿਆ। ਜਿਸ ਦੁਨੀਆਂ ਨੂੰ ਤਿਆਗਿ ਨਿਕਲਿਆ ਫਿਰ ਉਸ ਹੀ ਦੁਨੀਆਂ ਵਿਚ ਹਟਿ ਹਟਿ ਲਗਾ ਮੰਗਿ ਮੰਗਿ ਖਾਵਨਿ। ਤਾਂ ਖੁਦਾਇ ਨਾਲਿ ਵਾਸਲੁ ਨ ਹੋਇਓ। ਤਾਂ ਕਿਸ ਹੀ ਮਜਲ ਨ ਪਹੁਤਾ। ਜੇ ਇਜੇਹੀ ਫਕੀਰੀ ਹੋਇ ਨ ਆਵੈ ਤਾਂ ਇਸ ਨੂੰ ਘਰੁ ਹੀ ਭਲਾ। ਮਤੁ ਕੁਛ ਸ਼ਕਤੀ ਵਿਚ ਖੁਦਾਇ ਦੇ ਨਾਇ ਭੀ ਨਿਕਲੇ। ਜਦਿ ਕਦਿ ਏਵੈ ਫਕੀਰੀ ਕਰੈ। ਜੇ ਨਾ ਕਰੇ ਤਾਂ ਸਾਂਗੀ ਹੋਹਿਆ। ਸਾਂਗੀ ਕਿਆ ਕਰਦੇ ਹੈਨ। ਰਤੀ ਇਕੁ ਸਾਂਗੁ ਕਰਿ ਆਵਦੇ ਹੈਨਿ। ਸਾਂਗੀ ਹੈਨ, ਜੋਗੀ ਹੈਨ, ਸੰਨਿਆਸੀ ਹੈਨ। ਜੋ ਰੂਪੁ ਕੀਤਾ ਲੋੜਨਿ। ਬਾਹਰਹੁ ਸਾਂਗ ਕਰਤੇ ਹੈਨ ਅੰਦਰਹੁ ਮਸਕਲੇ ਹੈਨ। ਜੋਗੀ ਸੰਨਿਆਸੀ ਹੋਵਉ, ਪੀਰ ਪੁਰਖੁ ਹੋਵਉ, ਭਗਤੁ ਸਿਧ ਸਾਧਕ ਹੋਵਉ, ਅੰਦਰਿ ਦਾਵਾ ਰਹਿਆ ਤਾਂ ਸਾਂਗੀ ਹੋਇਆ। ਜੇ ਦਾਵਾ ਦੂਰ ਹੋਵੈ ਤਾਂ ਫਕੀਰੁ ਭੀ, ਪੀਰ ਭੀ, ਮੁਰੀਦੁ ਭੀ, ਸਿੱਖੁ ਭੀ, ਗੁਰੂ ਭੀ॥ ਵਾਹੁ ਬਾਬਾ ਨਾਨਕ ਬੰਦੇ ਖੁਦਾਇ ਦੇ ਧਨੁ ਤੇਰੀ ਕਮਾਈ॥ ਸਾਖੀ ਪੂਰੀ ਹੋਈ।

ਇਹ ਵਾਰਤਾ ਪੜ੍ਹਕੇ ਸੰਤ ਸੋਚੀਂ ਪੈ ਗਏ। ਫੇਰ ਪੋਥੀ ਖੁਹਲੀ ਤੇ ਇਹ ਸਤਰ ਮੁੜ ਮੁੜ ਵਾਚੀ, 'ਅੰਦਰਿ ਫਕੀਰੀ ਹੋਇ ਸੁ ਕਿਸ ਭਾਂਤਿ ਹੋਇ? ਜਿਉ ਧਾਨ ਕੀ ਮੁੰਜਰਿ ਹੋਇ ਸਠੀ ਕੀ।' ਸੱਠੀ ਦੇ ਚਾਵਲ ਦਾ ਸਿੱਟਾ ਬਾਹਰੋਂ ਖੁਰਦਰਾ ਤੇ ਤੋਹ ਰੂਪ ਅੰਦਰੋਂ ਮਿੱਠਾ ਚਾਵਲ। ਫਿਰ ਅਗਲੀ ਸਤਰ ਪੜ੍ਹੀ- 'ਜੇ ਅੰਦਰਿ ਫਕੀਰੀ ਹੋਇ ਤਾਂ ਭਾਵੇਂ ਗ੍ਰਿਹਸਤ ਮਹਿ ਹੋਵੈ ਭਾਵੈ ਉਦਾਸ ਮਹਿ ਹੋਵੈ'। ਫਿਰ ਸੋਚ ਪਈ ਕਿ ਕਿਵ ਕਰੀਏ? ਮੈਂ ਛਲ ਕਪਟ ਨਹੀਂ ਕੀਤੇ; ਵਿਦਜਾ ਪੜ੍ਹੀ, ਵਿਦਜਾ ਪੜ੍ਹਾਈ, ਗਜਾਨ ਸਮਝਿਆ ਸਮਝਾਇਆ, ਵਿਕਾਰਾਂ ਤੋਂ ਬੀ ਬਚ ਬਚਾ ਹੀ ਰਿਹਾ ਹੈ। ਗੁਰਮੁਖ ਆਖਦੇ ਸੀ ਮਨ ਹੋਰ ਆਸਰੇ

ਧਾਰਦਾ ਹੈ। ਇਸ ਵਿਚ ਕੁਛ ਭੇਤ ਹੈ। ਉਹਨਾਂ ਨੇ ਸਾਖੀ ਬੀ ਸੁਣਾਈ ਸੀ, ਉਹ ਜੋਗੀ ਮਾਨ ਦੇ ਆਸਰੇ ਜੀਉਂਦਾ ਸੀ। ਆਸਰਾ ਮਨ ਅਨਜਾਣੇ ਹੀ ਧਾਰ ਲੈਂਦਾ ਹੈ, ਮਹੁਰਾ ਮਿੱਟੀ ਦਾ ਜੁ ਹੋਇਆ, ਮਿੱਟੀ ਖੜੋਂਦੀ ਹੀ ਮਿੱਟੀ ਦੇ ਥੰਮ੍ਹਿਆਂ ਦੇ ਆਸਰੇ ਹੈ। ਪਰ ਨਹੀਂ, ਗੁਰਬਾਣੀ ਆਖਦੀ ਹੈ, 'ਮਨ ਤੂੰ ਜੋਤਿ ਸਰੂਪੁ ਹੈ'....., ਹਾਂ, ਜੋਤਿ ਮਿੱਟੀ ਵਿਚ ਲੁਕੀ ਪਈ ਹੈ। ਦੇਹ ਦੀ ਕੁਨਾਲੀ ਨੇ ਜੋਤ ਦੱਬ ਰਖੀ ਹੈ। ਤਾਂਹੀਓਂ ਬੰਦੇ ਆਪ ਨੂੰ ਮਾਇਆ ਵਿਚ ਫਸਾ ਫਸਾ ਕੇ ਖੁਸ਼ ਹੁੰਦੇ ਹਨ। ਇਸ ਤਰ੍ਹਾਂ ਸੋਚਦੇ ਆਪ ਟਿਕ ਗਏ।

ਤ.

**ਅਗਲੇ** ਦਿਨ ਸੰਤ ਵੇਲੇ ਸਿਰ ਗੁਰਮੁਖ ਜੀ ਕੋਲ ਜਾ ਅਪੱੜੇ, ਅਗੋ ਉਹ ਬੈਠੇ ਵਾਰਤਾਲਾਪ ਕਰ ਰਹੇ ਸਨ, ਕੋਈ ਸੰਨਿਆਸੀ ਸਾਧੂ ਉਨ੍ਹਾਂ ਤੋਂ ਕੁਛ ਪੁੱਛ ਰਹੇ ਸੇ ਤੇ ਉਨ੍ਹਾਂ ਨੇ ਉਤਰ ਦਿੱਤਾ ਸੀ। ਜਾਂ ਇਹ ਸਾਧੂ ਚਲੇ ਗਏ ਤਾਂ ਗੁਰਮੁਖਾਂ ਨੇ ਇਧਰ ਰੁਖ ਮੋੜਿਆ। ਸੰਤਾਂ ਨੇ ਕਲ ਜੋ ਸਾਖੀ ਪੜ੍ਹੀ ਸੀ ਸੁਣਾਈ। ਗੁਰਮੁਖ ਨੇ ਸੁਣਕੇ ਕਿਹਾ-ਗੁਰੂ ਬਾਬੇ ਦਾ ਬੋਲਣਾ ਜਦ ਹੁੰਦਾ ਹੈ 'ਸੱਚ' ਉਤੇ ਹੁੰਦਾ ਹੈ। ਇਸ ਸਾਖੀ ਵਿਚ ਬੀ 'ਸੱਚ' ਹੀ ਦਾ ਜ਼ੋਰ ਹੈ! ਸੰਤ ਜੀ! ਸੱਚ ਹੀ ਮੂਲ ਹੈ, ਸਾਧਨ ਭੀ ਸੱਚ ਹੈ ਤੇ ਪ੍ਰਾਪਤੀ ਬੀ ਸੱਚ ਹੈ। ਸੱਚ ਬਿਨਾਂ ਸਭ ਘਾੜਤ ਕੱਚ ਹੈ।

ਸੰਤ-ਸੱਚ ਦੀ ਸੋਝੀ ਪਈ ਜਿਨੀ, ਉੱਨਾਂ ਕਮਾਉਣ ਤੇ ਤਾਣ ਲਾ ਲਿਆ। ਅਗੇ? ਅਗੇ ਕਿਰਪਾ ਕਰਕੇ ਦੱਸੋ ਨਾ ਕਿਵ ਕਰੇ?

ਗੁਰਮੁਖ-ਫੇਰ ਹੋਰ ਕੱਚ ਖੁਲ੍ਹਦਾ ਹੈ ਫਿਰ ਉਸਨੂੰ ਸੋਧਿਆ। ਸੋਧਦਿਆਂ ਸੋਧਦਿਆਂ ਕੱਚ ਦੇ ਛਿੱਲੜ ਲਹਿੰਦੇ ਲਹਿੰਦੇ ਅੰਤ ਸੱਚ, ਨਿਰੋਲ ਸੱਚ, ਰਹਿ ਜਾਂਦਾ ਹੈ। ਹੁਣ ਸੱਚ ਦਾ ਜੋ ਹੈ ਮਾਲਕ ਤੇ ਸਰੂਪ, ਜਿਸ ਨੂੰ ਆਖੀਦਾ ਹੈ-'ਸੱਚਾ' ਉਹ ਸੱਚਾ ਫੇਰ ਆਪੇ ਵਿਚ ਸਮਾ ਲੈਂਦਾ ਹੈ ਜਤਨ ਕਰਨਹਾਰ ਨੂੰ। ਲਓ ਹੁਣ ਤੁਸਾਂ ਸਾਨੂੰ ਫੈਲਸੂਫ ਦੀ ਸਾਖੀ ਸੁਣਾਈ ਹੈ, ਅਸੀਂ ਤੁਹਾਨੂੰ ਕੱਲ ਦੀ ਕਹੀ ਹੋਈ ਮਛਿੰਦ੍ਰ ਦੀ ਗੋਸ਼ਟ ਸੁਣਾਉਂਦੇ ਹਾਂ। ਫੈਲਸੂਫ ਨਾਮ ਹੈ ਦਾਰਸ਼ਨਿਕ ਵਿਦਯਾ ਜਾਨਣ ਵਾਲੇ ਦਾ, ਪਰ ਹੁਣ ਉਸ ਨੂੰ ਕਹਿੰਦੇ ਹਨ ਜੋ ਦੋ ਚਾਰ ਗਲਾਂ ਸਿੱਖ ਕੇ ਅਕਲੀ ਫਹੁ ਮਾਰਨ ਲਗ ਜਾਂਦਾ ਹੈ ਤੇ ਖਣ ਠਣ ਕੇ ਰਹਿੰਦਾ ਹੈ। ਕਪੜੇ ਆਦਿਕ ਦੀ ਸਫਾਈ ਰਖਦਾ ਹੈ ਤੇ ਫੂਕ ਫੂਕ ਕੇ ਪੈਰ ਧਰਦਾ ਹੈ, ਉਸ ਨੂੰ ਪਏ ਆਖਦੇ ਹਨ ਫੈਲਸੂਫ। ਸੋ ਫੈਲਸੂਫ ਨਿਸ਼ਚੇ ਦੇ ਘਰ ਨਹੀਂ ਵਸਦਾ; ਇਸੇ ਕਰਕੇ ਉਸ ਨੂੰ ਕਿਹਾ ਸੀ ਕਿ ਸਠੀ ਦੇ ਧਾਨ ਦੇ ਮਿਟੇ ਵਾਂਙੂ ਹੋ। ਬਾਹਰੋਂ ਭਾਵੇਂ ਖੁਰਦਰਾ, ਪਰ ਅੰਦਰੋਂ ਮੁੱਲ ਵਾਲਾ, *'ਜਿਨ੍ ਪਟੁ ਅੰਦਰਿ ਬਾਹਰਿ ਗੁਦੜੁ'*। ਲਓ ਹੁਣ ਗੋਸ਼ਟ ਸੁਣੋ, ਆਸ ਹੈ ਇਸ ਨਾਲ ਬਾਕੀ ਦੀ ਗੱਲ ਖੁੱਲ੍ਹ ਜਾਏਗੀ :-

ਜਦੋਂ ਸ੍ਰੀ ਗੁਰੂ ਜੀ ਸੰਗਲਾਦੀਪ ਨੂੰ ਗਏ ਹਨ ਤਾਂ ਕਿਸੇ ਟਾਪੂ ਵਿਚ ਯਾ ਕਿਨਾਰੇ ਦੇ ਕਿਸੇ ਛੋਟੇ ਜਿਹੇ ਪਾਣੀ ਘਿਰੇ ਥ੍ਹੇਤੇ ਵਿਚ ਪੁਜੇ ਤਾਂ ਅਗੋ ਗੋਰਖਨਾਥ ਤੇ ਉਸਦਾ ਗੁਰੂ ਮਛਿੰਦ੍ਰ ਬੈਠੇ ਸਨ। ਦੂਰੋਂ ਦੇਖ ਕੇ ਪੁੱਛਿਓਸੁ 'ਗੋਰਖ! ਕੌਣ ਆ ਰਹੇ ਹਨ?' ਗੋਰਖ ਨੇ ਕਿਹਾ ਕਿ ਜੀ ਗੁਰੂ ਨਾਨਕ ਹੈ ਨਾਲ ਦੋ ਸਿਖ ਹਨ[1]। ਮਛਿੰਦਰ ਖੁਸ਼ ਹੋਇਆ ਤੇ ਆਦਰ ਦੇ ਕੇ ਆਦੇਸ ਕੀਤੀਓਸੁ। ਸੁਖ ਸਾਂਦ ਆਪੋ ਵਿਚ ਪੁਛ ਕੇ ਬਹਿ ਗਏ ਤਾਂ ਮਛਿੰਦ੍ਰ ਨੇ ਪੁਛਿਆ :-

ਹੇ ਗੁਰੂ ਨਾਨਕ ! ਸਾਗਰ ਵਿਚ ਬੈਠੇ ਹਾਂ, ਦੇਖੋ, ਜੇ ਕੋਈ ਸਾਗਰ ਵਿਚ ਜੀਉਂਦਾ ਪੈ ਜਾਏ ਤਾਂ ਡੁਬ ਜਾਂਦਾ ਹੈ, ਜੇ ਮਰਕੇ ਪਵੇ ਤਾਂ ਤਰਦਾ ਹੈ, ਪਰ ਐਦਾਂ ਦਾ ਤਰਿਆ ਭਾਵੇਂ ਡੁੱਬਾ ਮੁਰਦਾ ਹੀ ਹੁੰਦਾ ਹੈ, ਤੂੰ ਦੱਸ ਕਿ ਇਹ ਸਾਗਰ ਕੀਕੂੰ ਤਰੀਏ ਜੋ ਤਰਿਆ ਬੀ ਜਾਏ ਤੇ ਤਾਰੂ ਜੀਉਂਦਾ ਬੀ ਰਹੇ[2]।

---

1. ਸੈਦੋ ਤੇ ਸੀਹੋਂ ਏ ਦੋ ਸਿੱਖ ਨਾਲ ਸੇ।

2. ਕਿਨ ਬਿਧਿ ਸਾਗਰੁ ਤਰੀਐ॥ ਜੀਵਤਿਆ ਨਹ ਮਰੀਐ॥੧॥ਰਹਾਉ॥ (ਰਾਮਕਲੀ ਮ:੧-੩-੮੭੭)

 www.sikhbookclub.com

ਸ੍ਰੀ ਗੁਰੂ ਜੀ ਬੋਲੇ:- ਹੇ ਜੋਗੀ ਰਾਜ! ਜਲ ਉਤੇ ਤਰਨਾ ਸਿੱਖੋ। ਪਹਿਲਾਂ ਤਾਰੀ ਹਥਾਂ ਪੈਰਾਂ ਦੇ ਜ਼ੋਰ ਨਾਲ ਆਉਂਦੀ ਹੈ। ਜਦੋਂ ਤਾਰੂ ਹੋ ਜਾਏ ਤਾਂ ਫੇਰ ਮੁਰਦਾ ਤਾਰੀ ਸਿਖਦਾ ਹੈ। ਇਸ ਤਾਰੀ ਦੇ ਆਇਆਂ ਬਿਨਾਂ ਜਤਨ ਕਰਦਾ ਤਰਦਾ ਹੈ ਜਿਵੇਂ ਮੁਰਦਾ ਬਿਨਾਂ ਜਤਨ ਤਰਦਾ ਹੈ ਤੇ ਫੇਰ ਤਰਨਹਾਰ, ਜੀਉਂਦਾ ਬੀ ਰਹਿੰਦਾ ਹੈ। ਪਰ ਹੇ ਜੋਗੀ! ਇਹ ਬੀ ਸੋਚੋ ਨਾ, ਕਿ ਤਰਨਾ ਕਿਸ ਵਾਸਤੇ ਹੈ? ਐਵੇਂ ਤਰਨਾ ਤਾਂ ਇਕ ਮਨ ਦਾ ਚਾਉ ਹੈ, ਸਰੀਰ ਦੀ ਕਸਰਤ ਹੈ, ਕਿਸੇ ਪ੍ਰਯੋਜਨ ਲਈ ਤਰਨਾ ਚਾਹੀਏ।

ਮਛਿੰਦ੍ਰ-ਇਸ ਲਈ ਕਿ ਸਰੀਰ ਅਰੋਗ ਰਹੇ, ਉਮਰ ਲੰਮੀ ਹੋਵੇ, ਅਪਣੇ ਸਰੂਪ ਵਿਚ ਟਿਕੇ, ਜਗਤ ਵਿਚ ਭਲੀ ਬੀਤੇ।

ਗੁਰੂ ਜੀ-ਇਸ ਗਲ ਲਈ ਤਾਂ ਤੁਸਾਂ ਜਗਤ ਛਡ ਦਿਤਾ, ਏਕਾਂਤ ਵਾਸੀ ਹੋਕੇ ਜੋਗ ਸਾਧਨਾਂ ਵਿਚ ਲਗ ਗਏ, ਸੋ ਤੁਸੀਂ ਤਾਂ ਗ੍ਰਿਹਸਤ ਦਾ ਮਾਇਆ ਜਾਲ ਛੋੜ ਗਏ, ਤੁਸੀਂ ਹੁਣ ਸੁਕੀਂ ਲੱਤੀਂ ਤੁਰ ਰਹੇ ਹੋ, ਤੁਹਾਨੂੰ ਤਰਨ ਦੀ ਕੀ ਲੋੜ ਹੈ, ਤੁਹਾਨੂੰ ਤਾਂ ਤੁਰਨ ਦੀ ਲੋੜ ਹੈ।

ਮਛਿੰਦ੍ਰ ਤ੍ਰਬ੍ਰਕਿਆ, ਸੋਚੀਂ ਪੈ ਗਿਆ, ਫੇਰ ਬੋਲਿਆ-ਭਲਾ ਤਰਨਾ ਕਿਸ ਨੂੰ ਲੋੜੀਦਾ ਹੈ, ਭਉਜਲ ਕਿਸ ਦੇ ਅੱਗੇ ਹੈ?

ਗੁਰੂ ਜੀ-ਇਹ ਤਾਂ ਅਸਾਂ ਲੋਕਾਂ ਵਾਸਤੇ ਹੈ ਜਿਨ੍ਹਾਂ ਨੇ ਆਪਣੇ ਪ੍ਰੀਤਮ ਪਾਸ ਪਹੁੰਚਣਾ ਹੈ। ਜਿਨ੍ਹਾਂ ਦਾ ਮਨੋਰਥ ਆਪੇ ਦਾ ਸੁਖ ਟੋਲਣਾ ਨਹੀਂ, ਪਰ ਮੁਖਾਂ ਦੇ ਸੁਆਮੀ ਅਪਣੇ ਪ੍ਰੀਤਮ ਪਾਸ ਅੱਪੜਨਾ ਹੈ, ਜਿਨ੍ਹਾਂ ਨੂੰ ਇਹ ਲਲਨਾ ਲਗ ਰਹੀ ਹੈ ਕਿ ਸਾਡੇ ਪਿਆਰੇ ਦਾ ਦਰ-ਜੋ ਕਈ ਦਰਾਂ ਨੂੰ ਲੰਘ ਕੇ ਆਉਂਦਾ ਹੈ-ਕਿਵੇਂ ਲੱਭੇ, ਉਸ ਅਸਲੀ ਤੇ ਉਸ ਦੇ ਵਸੇਬੇ ਦੇ ਦਰ ਦੀ ਸਾਨੂੰ ਟੋਲ ਹੈ। ਉਸ ਪ੍ਰੀਤਮ ਦੇ ਪਿਆਰ ਕਾਰਨ ਅਸੀਂ ਉਸ ਦੇ ਉਸ ਦਰ ਲਈ ਉਦਾਸ ਫਿਰ ਰਹੇ ਹਾਂ ਤੇ ਪੁੱਛ ਦੱਸ ਰਹੇ ਹਾਂ ਕਿ ਕੋਈ ਆ ਕੇ ਦੱਸੇ ਤੇ ਜਿਸ ਦਰ ਵਿਚ ਉਹ ਪ੍ਰੀਤਮ ਵਸਦਾ ਹੈ ਉਹ ਕਿਹੜਾ ਦਰ ਕਹੀਦਾ ਹੈ[1] ?

ਮਛਿੰਦ੍ਰ-ਉਹ ਦਰ ਆਪਣਾ ਸਰੂਪ ਹੈ।

ਗੁਰੂ ਜੀ-ਅਸਾਂ ਤਾਂ ਉਸਨੂੰ ਟੋਲਣਾ ਹੈ ਜੋ ਆਪੇ ਦਾ ਪਰਮ ਆਪਾ ਹੈ, ਜਿਸਨੂੰ ਕਰਤਾ ਪੁਰਖ ਕਰਕੇ ਜਾਤਾ ਤੇ ਪਿਆਰਿਆ ਹੈ। ਉਸ ਦਾ ਅਸਾਂ ਦਰ ਲੱਭਣਾ ਹੈ ਜਿੱਥੇ ਬੈਠਕੇ ਪਿਆਰਾ ਸਭਦੀ ਸੰਭਾਲ ਕਰਦਾ ਹੈ।

ਮਛਿੰਦ੍ਰ-ਫੇਰ ਤੁਹਾਡੇ ਖਿਆਲ ਵਿਚ ਉਹ ਕਿੱਥੇ ਵਸਦਾ ਹੈ?

ਗੁਰੂ ਜੀ-ਸਾਡਾ ਪ੍ਰੀਤਮ ਪੁਰਖ ਜਿਸ ਆਸਣ ਤੇ ਬਿਰਾਜਮਾਨ ਹੈ ਉਸਦਾ ਨਾਮ ਹੈ 'ਸੱਤ'। ਇਹ ਆਸਣ ਜਿਸ ਘਰ ਵਿਚ ਲਗ ਰਿਹਾ ਹੈ ਉਸ ਦੇ ਦਰਵਾਜ਼ੇ ਦਾ ਨਾਉਂ ਹੈ ਦੁਖ, ਉਸਨੂੰ ਦੋ ਤਖਤੇ ਲਗੇ ਹੋਏ ਐਸੇ ਹਨ ਕਿ ਮਾਨੋ ਜੜੇ ਹੋਏ ਹਨ, ਉਹਨਾਂ ਦਾ ਨਾਮ ਹੈ ਆਸ ਤੇ ਅੰਦੇਸਾ। ਫਿਰ ਇਸ ਦਰਵਾਜ਼ੇ ਅਗੇ ਜੋ ਪਹਿਰੇਦਾਰ ਹੈ ਉਸ ਦਾ ਨਾਮ ਹੈ ਰੋਹ (=ਗੁੱਸਾ)। ਇਸਦੇ ਉਦਾਲੇ ਇਕ ਖਾਈ ਹੈ ਜੋ ਜਲ ਨਾਲ ਭਰ ਰਹੀ ਹੈ ਤੇ ਉਸਦਾ ਨਾਮ ਹੈ, ਮਾਯਾ। ਇਸ ਪਾਣੀ ਦੇ ਵਿਚਾਲੇ ਸਾਡੇ ਪ੍ਰੀਤਮ ਨੇ ਅਪਣੇ ਰਹਣੇ ਦਾ ਘਰ ਬਨਾਇਆ ਹੋਇਆ ਹੈ। ਇਸ ਲਈ ਸਾਨੂੰ ਲੋੜ ਹੈ ਤਰਨਾ ਸਿੱਖਣ ਦੀ, ਕਿਉਂਕਿ ਸਾਡਾ ਪ੍ਰਯੋਜਨ ਆਪਾ ਨਿਵਾਰਨ ਤੇ ਬੱਸ ਨਹੀਂ, ਪਰ ਅਸਾਂ ਪ੍ਰੀਤਮ ਦੇ ਦੇਸ, ਪ੍ਰੀਤਮ ਦੇ ਘਰ, ਉਸਦੇ ਪਾਸ ਪੁੱਜਣਾ ਹੈ[2] !

ਮਛਿੰਦ੍ਰ-ਤਦ ਤੁਸਾਂ ਦਾ ਮਾਰਗ ਜੋਗ ਨਹੀਂ।

---

1. ਜਿਤੁ ਦਰਿ ਵਸਹਿ ਕਵਨੁ ਦਰੁ ਕਹੀਐ ਦਰਾ ਭੀਤਰਿ ਦਰੁ ਕਵਨੁ ਲਹੈ॥ ਜਿਸੁ ਦਰ ਕਾਰਣਿ ਫਿਰਾ ਉਦਾਸੀ ਸੋ ਦਰ ਕੋਈ ਆਇ ਕਹੈ॥੧॥ (ਪਿਛਲਾ ਸ਼ਬਦ ਜਾਰੀ ਹੈ)
2. ਦੁਖੁ ਦਰਵਾਜਾ ਰੋਹੁ ਰਖਵਾਲਾ ਆਸਾ ਅੰਦੇਸਾ ਦੁਇ ਪਟ ਜੜੇ॥ ਮਾਇਆ ਜਲੁ ਖਾਈ ਪਾਣੀ ਘਰੁ ਬਾਧਿਆ ਸਤ ਕੈ ਆਸਣਿ ਪੁਰਖੁ ਰਹੈ॥੨॥

ਗੁਰੂ ਜੀ-ਸਾਡਾ ਮਾਰਗ ਪਜਾਰੇ ਨਾਲ ਪ੍ਰੇਮ ਹੈ।

ਮਛੰਦ੍ਰ-ਜਿਸਨੂੰ ਤੁਸਾਂ ਡਿੱਠਾ ਨਹੀਂ ਉਸ ਦੇ ਪ੍ਰੇਮ ਦਾ ਕੀਹ ਸਰੂਪ ਹੈ ?

ਗੁਰੂ ਜੀ ਦੇ ਮੁਣਕੇ ਪਜਾਰ ਨਾਲ ਨੈਣ ਭਰ ਗਏ, ਨਜ਼ਰਾਂ ਜੋਗੀਆਂ ਤੋਂ ਉੱਠਕੇ ਉੱਪਰ ਨੂੰ ਹੋ ਕੇ ਨੈਣ ਅਧਖੁਲ੍ਹੇ ਅਧਮਿਟੇ ਹੁੰਦੇ ਬੰਦ ਹੋ ਗਏ। ਦੋ ਬੂੰਦਾਂ ਕਿਰੀਆਂ ਤੇ ਆਵਾਜ਼ ਆਈ-ਹੇ ਪਜਾਰੇ-ਤੇਰੇ ਜੇਹਾ ਤੂੰ ਹੀ ਹੈਂ, ਤੂਈਂ ਤੂਈਂ, ਤੂਈਂ, ਤੇਰੇ ਜੇਹਾ ਹੋਰ ਕੋਈ ਨਹੀਂ, ਤੇਰਾ ਮੈਂ ਅੰਤ ਨਹੀਂ ਪਾਯਾ, ਪਰ ਤੇਰਾ ਨਾਮ, ਹਾਂ ਤੇਰਾ ਨਾਮ-ਤੇਰਾ ਨਾਮ-(ਤ੍ਰਬਕ ਕੇ) ਮਨਾਂ, ਉੱਚੀ ਨਹੀਂ ਬੋਲਣਾ, ਕਿਸਨੂੰ ਬੋਲਕੇ ਸੁਨਾਉਣਾ ਹੈਂ ? ਮਨ, ਮਨ ਵਿਚ ਹੀ ਰਹੁ। ਪਜਾਰ ਮਨ ਵਿਚ ਹੀ ਰਹੇ, ਉਹ ਜਾਣੀ ਜਾਣ ਹੈ, ਆਪ ਜਾਣਦਾ ਹੈ, ਆਪ ਹੀ ਮਿਹਰਾਂ ਕਰਦਾ ਹੈ[1]। ਇਉਂ ਉਚਾਰਦੇ ਆਪ ਚੁਪ ਹੋ ਗਏ, ਅਰ ਕੁਛ ਕਾਲ ਚੁਪ ਵਰਤੀ ਰਹੀ। ਜਦ ਆਪ ਦੇ ਫੇਰ ਨੈਣ ਖੁੱਲ੍ਹੇ ਤਾਂ ਮਛਿੰਦ੍ਰ ਬੋਲਿਆ-ਅਸੀਂ ਖੀ ਤਾਂ ਆਲਖ ਆਲਖ ਉਸੇ ਇਕ ਨੂੰ ਆਖਦੇ ਹਾਂ, ਫਰਕ ਕਿੱਥੇ ਹੈ?

ਗੁਰੂ ਜੀ-ਜੋਗੀ ਜੀ ! ਜਦ ਤਾਈਂ ਇਸਦੇ ਅੰਦਰ, ਚਾਹੇ ਇਹ ਮਾਯਾ ਧਾਰੀ ਹੈ ਤੇ ਚਾਹੇ ਜੋਗੀ, ਜਤੀ, ਗਜਾਨੀ ਹੈ, ਆਸ ਤੇ ਅੰਦੇਸਾ ਹੈਨ, ਤਦ ਤਕ 'ਇਕ' ਦਾ ਕਹਿਣਾ ਕੀਹ ਅਰਥ ਰਖਦਾ ਹੈ ? ਆਸਾ ਤੇ ਅੰਦੇਸੇ ਆਲਖ ਆਲਖ ਕਹਿਣ ਨੂੰ ਯਾ ਵਾਹਦਾਨੀਅਤ ਦੇ ਕੂਕਣ ਨੂੰ ਅਗੇ ਨਹੀਂ ਵਧਣ ਦੇਂਦੇ, ਪਰ ਜੇ ਆਸਾ ਵਿਚ ਨਿਰਾਸ ਰਹੇ ਤਾਂ ਉਹ ਪ੍ਰੀਤਮ ਜੋ ਇਕ ਹੈ ਮਿਲ ਪੈਂਦਾ ਹੈ[2]। ਆਸਾ ਇਕ ਪਿਆਰੇ ਦੇ ਮਿਲਣ ਦੀ ਰੱਖੇ, ਬਾਕੀ ਸੰਸਾਰਕ ਲੋੜਾਂ ਦੀ ਆਸ ਨਾ ਚਿਤਵੇ। ਅੰਦੇਸਾ ਇਸ ਗਲ ਦਾ ਕਰੇ ਕਿ ਮੇਰਾ ਮਨ ਹਰਿ ਪ੍ਰੀਤਮ ਦੇ ਪਜਾਰ ਤੋਂ-ਨਾਮ ਸਿਮਰਨ ਤੋਂ-ਮਤੇ ਉੱਕ ਜਾਵੇ। ਹੋਰ ਜਗਤ ਦੇ ਭੈ, ਤੌਖਲੇ ਦੂਰ ਕਰੇ ਕਿ ਜੋ ਕੁਛ ਸਾਂਈਂ ਕਰੇਗਾ ਸੋ ਚੰਗਾ ਕਰੇਗਾ: ਐਉਂ ਮਨ ਲਿਵ ਵਿਚ ਜਾਂਦਾ ਹੈ ਤੇ ਤੌਖਲੇ ਸਾਰੇ ਬਿਲਾ ਜਾਂਦੇ ਹਨ।

ਹੇ ਜੋਗੀ ! ਸਾਗਰ ਜੋ ਅਸਾਂ ਕਿਹਾ ਹੈ-ਮਾਯਾ ਜਲ ਖਾਈ ਰੂਪ, ਉਹ ਐਉਂ ਤਰੀਦਾ ਹੈ, ਹਾਂ, ਐਉਂ ਤਰੀਦਾ ਹੈ ਜੀਉਂਦਿਆਂ ਤੇ ਤਰਦਿਆਂ ਨਾ ਡੁੱਬੀਦਾ ਹੈ, ਨਾ ਮਰੀਦਾ ਹੈ, ਇਸ ਨੂੰ ਆਖਦੇ ਹਨ ਜੀਉਂਦਿਆਂ ਮਰਨਾ[3]।

ਇਹ ਕਹਿਕੇ ਗੁਰਮੁਖ ਸੰਤ ਨੂੰ ਕਹਿਣ ਲਗੇ:-ਸੋ ਸੰਤ ਜੀ ਵਿਚਾਰ ਕਰ ਲਓ।

ਸੰਤ-ਆਪ ਹੀ ਕਿਰਪਾ ਕਰਕੇ ਜ਼ਰਾ ਹੋਰ ਖੁਟਲਕੇ ਸਮਝਾ ਦਿਓ।

ਗੁਰਮੁਖ-"ਸਤਜ" ਤਾਂ ਹੈ ਆਸਨ ਪਰਮ ਪੁਰਖ ਦਾ। 'ਸਤਜ-ਸਦਾ ਸਤਜ'। ਸਤਜ ਦੇ ਉਦਾਲੇ ਖਾਈ। ਭਾਵ ਅਸਤਜ ਹੈ। ਇਹ ਖਾਈ ਭਰੀ ਹੈ ਮਾਯਾ ਨਾਲ। ਮਾਯਾ ਹੈ ਸਤ ਦੀ ਅਸਤ ਉਤੇ ਤੇ ਪਰਸਪਰ ਕੋਈ ਅਕਹਿ ਕ੍ਰਿਯਮਾਨਤਾ, ਆਪ ਨੇ ਪੜ੍ਹਿਆ ਹੋਊ ਮਾਯਾ ਹੈ ਭੀ ਤੇ ਨਹੀਂ ਭੀ, ਇਸ ਨੂੰ ਇਸੇ ਕਰਕੇ ਅਨਰਵਚਨੀ ਕਹਿੰਦੇ ਹਨ। ਫਿਰ ਜਗਤ ਹੈ, ਜਿਸ ਵਿਚ ਅਸੀਂ ਬੀ ਹਾਂ। ਸਾਡੇ ਮਨਾਂ ਦੇ ਅਗੇ, 'ਲੈਣ ਦੀ ਇਛਜਾ', 'ਮਿਲਨ ਦੀ ਆਸ' 'ਕਾਮਯਾਬੀਆਂ ਦੀਆਂ ਉਮੈਦਾਂ' ਨਾਕਾਮਯਾਬੀਆਂ ਦੇ ਤੌਖਲੇ, ਅੰਦੇਸੇ' ਇਨ੍ਹਾਂ ਭਾਵਾਂ ਦਾ ਜਾਲ ਤਣ ਰਿਹਾ ਹੈ, ਜੋ ਮਨ ਦੀ ਸੇਧ ਨੂੰ ਅਪਣੇ ਉਲਝਾ ਵਿਚ ਰਖਦਾ ਹੈ ਤੇ 'ਸਦਾ ਸੱਚ' ਵੱਲੇ ਜਾਣ ਨਹੀਂ ਦੇਂਦਾ, ਇੱਥੋਂ ਤਾਈਂ ਕਿ ਆਸ਼ਾਵਾਂ ਦੇ ਪੂਰਨ ਕਰਨ ਤੇ ਅੰਦੇਸ਼ਿਆਂ ਦੇ ਦੂਰ ਕਰਨ ਵਿਚ 'ਸਦਾਚਾਰੀ ਸੱਚ' ਨੂੰ ਬੀ ਅਸੀਂ ਲੋੜਾਂ ਵੇਲੇ ਅਕਸਰ ਗੁਆ ਬੈਠਦੇ ਹਾਂ, ਜੇ ਸਾਨੂੰ ਫੇਰ ਬੀ ਨਾਕਾਮਯਾਬੀਆਂ ਹੋਣ ਤਾਂ ਰੋਹ ਚੜ੍ਹਦੇ ਹਨ। ਰੋਹ ਚੜ੍ਹਿਆਂ

1. ਕਿੰਤੇ ਨਾਮਾ ਅੰਤੁ ਨ ਜਾਣਿਆਂ ਤੁਮ ਸਰਿ ਨਾਹੀ ਅਵਰੁ ਹਰੇ॥ ਊਚਾ ਨਹੀ ਕਹਣਾ ਮਨ ਮਹਿ ਰਹਣਾ ਆਪੇ ਜਾਣੈ ਆਪਿ ਕਰੇ॥੩॥ (ਉਹੋ ਸ਼ਬਦ ਜਾਰੀ ਹੈ)

2. ਜਬ ਆਸਾ ਅੰਦੇਸਾ ਤਬ ਹੀ ਕਿਉ ਕਰਿ ਏਕੁ ਕਹੈ॥ ਆਸਾ ਭੀਤਰਿ ਰਹੈ ਨਿਰਾਸਾ ਤਉ ਨਾਨਕ ਏਕੁ ਮਿਲੈ॥੪॥

3. ਇਨ ਬਿਧਿ ਸਾਗਰੁ ਤਰੀਐ॥ ਜੀਵਤਿਆ ਇਉ ਮਰੀਐ॥੧॥ਰਹਾਉ ਦੂਜਾ॥੩॥ (ਸ਼ਬਦ ਸਮਾਪਤ)

 www.sikhbookclub.com

ਵਿਚ ਬੁੱਧੀ ਬੀ ਕਈ ਵਾਰ ਗੁਆ ਬੈਠੀਦੀ ਹੈ ਤੇ ਉਸ ਵੇਲੇ ਦੇ ਕੀਤੇ ਕੰਮਾਂ ਦੇ ਦੁੱਖ ਉਪਜ ਪੈਂਦੇ ਹਨ। ਇਹ ਸਾਰੇ ਪਰਦਾ ਹੋ ਹੋ ਕੇ ਸਾਨੂੰ 'ਸਤਜ' ਤੋਂ ਵਿੱਥ ਦੇਈ ਰਖਦੇ ਹਨ। ਹੁਣ ਉਪਰਾਲਾ ਇਹ ਨਹੀਂ ਕਿ ਭੁੱਖੇ ਰਹੀਏ ਕਿ ਸੁਾਸਾਂ ਨੂੰ ਸਾਧੀਏ ਕਿ ਸਰੀਰ ਦੀਆਂ ਅੰਦਰਲੀਆਂ ਕਲਾਂ ਨੂੰ ਵਸੀ ਭੂਤ ਕਰੀਏ ਕਿ ਗਿਆਨ ਘੋਟੀਏ ਤੇ 'ਅਹੰ ਅਹੰ' ਕੂਕੀਏ, ਪਰ ਇਹ ਕਿ ਉਸ ਮਾਯਾ ਜਲ ਖਾਈ ਨੂੰ ਟੱਪੀਏ। ਸੋ ਜੁਗਤ ਮੇਰੇ ਸੁਣਾਏ ਗੁਰ ਸਬਦ ਤੋਂ ਇਹ ਪ੍ਰਾਪਤ ਹੋਈ ਕਿ ਅਸੀਂ ਆਪਣੇ ਜੀਵਨ ਵਿਚ ਸਦਾਚਾਰ ਨੂੰ ਮੁੱਖ ਥਾਂ ਦੇਈਏ। ਸਾਡਾ ਕਥਨ, ਕਰਨ, ਵੀਚਾਰ ਐਸਾ ਹੋਵੇ ਜਿਸ ਵਿਚ ਸੱਚ ਦਾ ਵਰਤਾਉ ਪ੍ਰਧਾਨ ਹੋਵੇ,. ਪਵਿੱਤ੍ਰਤਾ ਤੇ ਮਿੱਠਤ ਸਾਡਾ ਅਸੂਲ ਬਣੇ। ਫੇਰ ਨਾਮ ਸਿਮਰੀਏ, ਇਸ ਨਾਲ ਆਸ ਅੰਦੇਸੇ ਮਿਟਣਗੇ। ਸੋ ਜਦ ਸਾਡੇ ਆਚਾਰ, ਵੀਚਾਰ, ਵਿਹਾਰ ਵਿਚ ਸੱਚ ਦੀ ਵਰਤੋਂ ਆਈ ਤੇ ਆਸ ਅੰਦੇਸੇ ਤੋਂ ਅਸਾਂ ਆਪ ਨੂੰ ਚਾਯਾ ਤੇ ਉੱਚਿਆਂ ਕੀਤਾ ਨਾਮ ਸਿਮਰਨ ਨਾਲ, ਤਾਂ ਸਾਡੇ ਅੰਦਰੋਂ ਸੱਚ ਵਲ ਰੁਖ ਬੱਝ ਗਿਆ, ਇਹੋ ਅਭਿਆਸ ਸਾਨੂੰ 'ਸਦਾ ਸੱਚ' ਵਿਚ ਲੈ ਜਾਏਗਾ। ਭਾਵ ਇਹ ਹੈ ਕਿ 'ਸੱਚ ਦਾ ਆਚਰਣ', 'ਸਿਫਤ ਸਲਾਹ ਤੇ ਸਿਮਰਨ ਦਾ ਅਭਿਆਸ' 'ਮਾਯਾ ਜਲ ਖਾਈ' ਤੋਂ ਤਾਰ ਕੇ ਲੈ ਜਾਂਦਾ ਹੈ ਪਾਰ, ਤੇ ਪਾਰ ਬੈਠਾ ਹੈ 'ਸਦਾ ਸੱਤ' ਦੇ ਆਸਣ ਉੱਤੇ ਸਾਡਾ ਪ੍ਰੀਤਮ, ਜਿਸ ਦੇ ਮਿਲਾਪ ਲਈ ਅਸੀਂ ਯਤਨ ਕਰ ਰਹੇ ਹਾਂ-ਸੱਤਜ ਪੁਰਖ।

ਸੰਤ-ਭਾਵੇਂ ਗੁਰਬਾਣੀ ਦੀ ਕਥਾ ਕਰ ਲਈਦੀ ਹੈ, ਪਰ ਗੁਰਬਾਣੀ ਬੜੀ ਡੂੰਘੀ ਸ਼ੈ ਹੈ। ਕਿਵ ਇਹ ਰੂਪਕ ਕਮਾਲ ਦੀ ਕਵਿਤਾ ਨਾਲ ਸਤਿਗੁਰ ਨੇ ਬੰਨ੍ਹਿਆ ਹੈ ਤੇ ਵਿਚ ਕਿੱਕੁਰ ਅਪਣੇ ਉੱਚੇ ਆਦਰਸ਼ ਦਾ ਦਾਰਸ਼ਨਿਕ ਭਾਵ ਰਖਿਆ ਹੈ, ਫਿਰ ਕਿੱਕੂੰ ਵਰਤੋਂ ਦਾ ਅਰ ਅਸਲ ਦਾ ਉੱਚਾ ਸਦਾਚਾਰੀ ਪਹਿਲੂ ਦਰਸਾਇਆ ਹੈ ਤੇ ਸਾਧਨ ਪੱਖ ਵਿਚ ਸਾਰਾ ਰਸਤਾ-ਕਿ ਕੀਕੂੰ ਟੁਰਨਾ ਹੈ ਦੱਸ ਦਿੱਤਾ ਹੈ। ਸਾਂਈਂ ਮਿਲਾਪ ਦਾ ਰਹੱਸਜ ਕੀਕੂੰ ਵਿਚ ਵਿਆਪਕ ਰੱਖ ਦਿਤਾ ਹੈ। ਫਿਰ ਕੀਕੂੰ ਇੱਕੋ ਸਬਦ ਵਿਚ ਉਹ ਸਾਰੀ ਵਾਰਤਾਲਾਪ ਗੁੰਦ ਕੇ ਰੱਖ ਦਿਤੀ ਹੈ, ਜੋ ਮਛਿੰਦ੍ਰ ਨਾਥ ਨਾਲ ਕਰਦਿਆਂ ਪਤਾ ਨਹੀਂ ਕਿੰਨੀ ਕੁ ਲੰਮੀ ਤੇ ਵੇਰਵੇ ਨਾਲ ਹੋਈ ਹੋਊ।

ਗੁਰਮੁਖ-ਸਰਵੱਗਜ ਮਹਾਂ ਪੁਰਖ ਗੁਰ ਨਾਨਕ ਦੇਵ ! ਧੰਨਜ ਹੋ, ਆਪ ਧੰਨਜ ਹੋ !

੪.

**ਸੰਤ**-ਹਛਾ ਜੀਓ ਜੀ! ਫੇਰ ਅਗੋਂ ਦੀ ਗੋਸਟ ਜੋ ਹੋਈ ਸੋ ਸੁਣਾਓ।

ਗੁਰਮੁਖ-ਆਪ ਦੇ ਇਹ ਬਚਨ ਹੋਣ ਮਗਰੋਂ ਕੁਛ ਚਿਰ ਤਾਂ ਚੁਪ ਰਹੀ, ਪਰ ਫੇਰ ਮਛਿੰਦ੍ਰ ਬੋਲਿਆ-- ਹੇ ਸੁਭਾਗ ਤਪੇ ! ਜੀਵ ਜਾਂ ਤਾਂ ਆਸਾ ਵਿਚ ਰਹਿ ਸਕਦਾ ਹੈ ਜਾਂ ਨਿਰਾਸਾ ਵਿਚ; ਆਸਾ ਵਿਚ ਨਿਰਾਸ ਰਹਿਣਾ ਅਣਬਣ ਹੈ। ਜੀਵ ਆਸਾ ਵਿਚ ਜੀਉਂਦਾ ਹੈ, ਇਕ ਦੂਸਰਾ ਇਕ ਦੂਸਰੇ ਦਾ ਆਸਰਾ ਹੈ। ਸਭ ਦੀ ਆਸ ਉਮੈਦ ਟਿਕ ਰਹੀ ਹੈ ਇਕ ਦੂਜੇ ਤੇ। ਮਾਂ ਬੱਚਾ ਪਾਲ ਰਹੀ ਹੈ ਕਿ ਵੱਡਾ ਹੋਕੇ ਸੁਖ ਦੇਵੇਗਾ। ਵਪਾਰੀ ਵਪਾਰ ਕਰ ਰਿਹਾ ਹੈ ਕਿ ਕਮਾਇਆ ਧਨ ਸੁਖ ਦੇਵੇਗਾ। ਅਸੀਂ ਜੋਗੀ ਲੋਕ ਨਿਰਾਸਤਾ ਵਿਚ ਹਾਂ, ਕਿ ਜਗਤ ਮਿਥਿਆ ਹੈ, ਇਸ ਦੇ ਰਸਾਂ ਕਸਾਂ ਭੋਗਾਂ ਦਾ ਅੰਤ ਪੱਲੇ ਕੁਛ ਨਹੀਂ, ਸੋ ਬਨਾਂ ਵਿਚ ਵਸਦੇ ਹਾਂ ਤੇ ਨਿਰਾਸ ਵਲਾਉਂਦੇ ਹਾਂ, ਇਹ ਤਜਾਗ ਮਾਰਗ ਗ੍ਰਿਹਸਤ ਵਿਚ ਨਹੀਂ ਹੋ ਸਕਦਾ, ਇਸ ਲਈ ਘਰ ਛਡਣਾ ਜ਼ਰੂਰੀ ਹੈ; ਤੁਸੀਂ ਗੱਲਾਂ ਤਾਂ ਜੁੜੇ ਹੋਏ ਜੋਗੀ ਦੀਆਂ ਕਰਦੇ ਹੋ, ਪਰ ਜੋਗੀ ਦਾ ਭੇਖ ਨਹੀਂ, ਸਿੰਙੀ ਝੋਲੀ ਆਦਿ ਕੋਈ ਜੋਗੀਆਂ ਦਾ ਚਿੰਨ੍ਹ ਨਹੀਂ, ਕਿਸ ਪ੍ਰਕਾਰ ਤੁਸੀਂ ਸੋਧਦੇ ਹੋ ਅਸੋਧ ਮਨ ਨੂੰ ? ਮੇਰੀ ਜਾਚੇ ਤੁਸੀਂ ਗੁਰੂ ਕਰੋ ਤੇ ਭੇਖ ਲਓ ਤਾਂ ਨਿਰਾਸਾ ਵਿਚ ਆਓਗੇ।

ਗੁਰੂ ਜੀ-ਯੋਗੀ ਜੀ ! ਗ੍ਰਿਹਸਤ ਛਡਕੇ ਫੇਰ ਉਨ੍ਹਾਂ ਗ੍ਰਿਹਸਤੀਆਂ ਦੇ ਦੁਆਰੇ ਜਾ ਕੇ ਮੰਗਣਾ ਕਿਵੇਂ ਜੋਗ ਹੈ? ਕਿਵੇਂ ਤਜਾਗ ਤੇ ਨਿਰ ਆਸਾ ਹੈ ? ਤੁਸੀਂ ਝੋਲੀ ਉੱਥੇ ਜਾ ਕੇ ਅੱਡਦੇ ਹੋ ਜਿੱਥੇ ਅੱਡਣੀ ਨਹੀਂ


www.sikhbookclub.com

ਚਾਹੀਏ, ਕਿਉਂਕਿ ਉਸਨੂੰ ਤਾਂ ਤੁਸੀਂ ਮਾੜਾ ਕਹਿਕੇ ਛੱਡ ਆਏ ਹੋ। ਅਸਾਂ ਬੀ ਤੁਸਾਂ ਵਾਂਗੂੰ ਝੋਲੀ ਅੱਡੀ ਹੈ, ਪਰ ਉਹ ਝੋਲੀ ਸਾਂਈਂ ਦਾਤਾ ਦੇ ਦਰ ਅੱਡੀ ਹੈ ਤੇ ਅਰਦਾਸ ਕਰਦੇ ਹਾਂ ਕਿ ਇਸ ਵਿਚ ਨਾਮ ਦੀ ਖੈਰ ਪਵੇ[1]। ਆਟੇ ਦੀ ਮੰਗ ਵਾਸਤੇ ਯਾ ਆਪਣਾ ਪਤਾ ਦੇਣ ਲਈ ਕਿ ਜੋਗੀ ਆਏ ਹਨ ਤੁਸੀਂ ਸਿੰਙੀ ਵਜਾਉਂਦੇ ਹੋ ਕਿ ਲੋਕ ਇਸਨੂੰ ਸੁਣਨ ਤੇ ਤੁਸਾਂ ਕੋਲ ਆਵਣ। ਮੈਂ ਬੀ ਸਿੰਙੀ ਵਜਾਉਂਦਾ ਹਾਂ ਅਰ ਉਸ ਵਜਦੀ ਨੂੰ ਬੀ ਲੋਕੀਂ ਸੁਣਦੇ ਹਨ ਪਰ ਉਹ ਸਿੰਙ ਯਾ ਨਾਲ ਦੀ ਨਹੀਂ, ਉਹ ਤਾਂ ਉਪਦੇਸ਼ ਹੈ ਜੋ ਮੈਂ ਜਗਤ ਨੂੰ ਦੇ ਰਿਹਾ ਹਾਂ ਕਿ ਸਰੀਰ ਦੀਆਂ ਨਾੜੀਆਂ ਪਰਮੇਸ਼ੁਰ ਤਕ ਨਹੀਂ ਜਾਂਦੀਆਂ, ਪਰ ਸੁਰਤ ਜਾਂਦੀ ਹੈ, ਸੋ ਸੁਰਤ ਨੂੰ ਉਸ ਵਲ ਲਾਓ, ਸਬਦ ਕਮਾਓ, ਨਾਮ ਜਪੋ, ਐਉਂ ਉਸਨੂੰ ਜਾ ਮਿਲੋਗੇ[2]। ਅਸਾਂ ਬੀ ਗੁਰੂ ਕੀਤਾ ਹੈ, ਉਹ ਗੋਰਖ ਹੈ, ਪਰ ਮਨੁਖ ਗੋਰਖ ਕਦੇ ਜਾਗਦਾ ਹੈ ਕਦੇ ਸੌਂ ਜਾਂਦਾ ਹੈ, ਮੇਰਾ ਗੋਰਖ ਸਦਾ ਜਾਗਦਾ ਹੈ। ਉਹ ਗੋਰਖ ਉਹ ਹੈ ਜਿਸਨੇ ਸ੍ਰਿਸ਼ਟੀ ਰਚੀ ਹੈ ਤੇ ਐਸੇ ਮਹਾਨ ਕਾਰਜ ਕਰਦਿਆਂ ਉਸਨੂੰ ਦੇਰ ਨਹੀਂ ਲਗਦੀ[3]। ਫੇਰ ਉਸ ਨਿਰੰਕਾਰ ਗੋਰਖ ਨੇ ਪੌਣ ਪਾਣੀ ਆਦਿ ਤੱਤਾਂ ਦੀ ਦੇਹੀ ਰਚਕੇ ਉਸ ਵਿਚ ਪ੍ਰਾਣ ਪਾ ਦਿੱਤੇ ਹਨ। ਸੋ ਇਉਂ ਤੱਤਾਂ ਦੀ ਦੇਹੀ ਪ੍ਰਾਣਧਾਰੀ ਹੋ ਗਈ ਹੈ। ਇਹ ਪ੍ਰਾਣ ਧਾਰਣਾ ਫਿਰ ਅੰਧ ਜੀਵਨ ਨਹੀਂ, ਦੋ ਨੇਤ੍ਰ ਦੇਖਣੇ ਲਈ ਬੀ ਇਸਨੂੰ ਲਾ ਦਿੱਤੇ ਹਨ। ਫਿਰ ਇਸ ਦੀ ਪਾਲਣਾ ਲਈ ਧਰਤੀ ਦਿੱਤੀ ਹੈ ਜੋ ਇਸਨੂੰ ਭੋਜਨ ਦੇਂਦੀ ਹੈ ਤੇ ਮਰ ਗਏ ਸਰੀਰ ਨੂੰ ਅਪਣੇ ਵਿਚ ਫਿਰ ਲੈ ਕਰ ਲੈਂਦੀ ਹੈ। ਸੋ ਹੇ ਜੋਗੀ ! ਐਸੇ ਕਰਨਹਾਰ ਤੇ ਦਾਤਾਰ ਪਰਮੇਸ਼ੁਰ ਨੂੰ ਭੁਲਾਕੇ ਲੋਕੀ ਦਾਤਾਂ ਵਿਚ ਲਗ ਰਹੇ ਹਨ ਤੇ ਉਸਦੇ ਗੁਣ ਗਾਯਣ ਨੂੰ ਭੁਲਾ ਦਿੱਤਾ ਹੈ ਨੇ[4]। ਸਾਡਾ ਭਾਵ ਇਹ ਹੈ ਕਿ ਉਸ ਦਾਤੇ ਦੀ ਸਿਫਤ ਸਲਾਹ ਕਰਨੀ ਤੇ ਉਸਦਾ ਨਾਮ ਸਿਮਰਨਾ ਇਹ ਸਿੱਧਾ ਤੇ ਸੁਖੱਲਾ ਮਾਰਗ ਹੈ। ਹੋਰਨਾਂ ਨਾਲ ਸਾਡਾ ਦ੍ਵੈਖ ਨਹੀਂ, ਹਿੰਦੂ ਮਤ ਦਾ ਸਿੱਧ ਹੋਵੇ, ਜੋਗੀ ਹੋਵੇ, ਜੰਗਮ ਹੋਵੇ, ਮੁਸਲਮਾਨਾਂ ਦਾ ਕੋਈ ਪੀਰ ਹੋਵੇ, ਕਿਸੇ ਪ੍ਰਕਾਰ ਦੀ ਸਾਧਨਾਂ ਕਰਨ ਵਾਲਾ ਹੋਵੇ, ਐਸੇ ਅਨੇਕਾਂ ਹਨ, ਜੋ ਕੋਈ ਹੋਵੇ ਸੋ ਹੋਵੇ, ਮੈਂ ਉਨ੍ਹਾਂ ਵਿਚੋਂ ਕਿਸੇ ਨੂੰ ਮਿਲਾਂ ਮੇਰਾ ਮਨੋਰਥ ਇਹੋ ਹੁੰਦਾ ਹੈ ਕਿ ਅਪਣੇ ਨਿਰੰਕਾਰ ਦਾ ਕੀਰਤਨ ਕਰਾਂ। ਇਕ ਤਾਂ ਕੀਰਤਨ ਨਾਲ ਮੈਂ ਆਪਣੇ ਪਿਆਰੇ ਦੇ ਰੰਗ ਵਿਚ ਰਹਾਂਗਾ। ਦੂਜੇ ਇਹ ਮਾਨਸਕ ਸੇਵਾ[5] ਅਪਣੇ ਮਾਲਕ ਦੀ ਹੋ ਜਾਏਗੀ। ਤੀਸਰੇ ਇਹ ਸ੍ਰਿਸ਼ਟੀ ਦੀ ਸੇਵਾ ਹੋ ਜਾਏਗੀ ਕਿ ਹਰ ਮਤਾਵਲੰਬੀ ਨੂੰ ਮੈਂ ਅਸਲ ਕੀਮਤ ਵਾਲੀ ਗਲ-ਸਿਫਤ ਸਲਾਹ-ਦੀ ਛੁਹ ਲਾ ਦਿਆਂਗਾ, ਇਹ ਮਾਨੋਂ ਉਨ੍ਹਾਂ ਦੀ ਭੀ ਸੇਵਾ ਹੋਵੇਗੀ। ਹੇ ਮਛਿੰਦ੍ਰ, ਆਸਾ ਸਾਂਈ ਉਪਰ ਰੱਖਣੀ ਹੈ। ਆਸਾ ਨਹੀਂ ਛੱਡਣੀ, ਪਰ ਜਗਤ ਵਿਚੋਂ ਆਸਾ ਚੁੱਕਣੀ ਹੈ। ਜਗਤ ਜੀਵਾਂ ਕਿ ਪਦਾਰਥਾਂ ਪਰ ਧਰੀਆਂ ਆਸਾਂ ਸਦਾ ਪੂਰਨ ਨਹੀਂ ਹੁੰਦੀਆਂ ਤੇ ਅਪੂਰਨ ਹੋਣ ਵੇਲੇ ਮਨ ਨੂੰ ਤੌਖਲੇ ਤੇ ਰੰਜ ਵਿਚ ਲੈ ਜਾਂਦੀਆਂ ਹਨ। ਇਹ ਸ਼ੈ-ਸਾਂਈਂ ਤੇ ਆਸਾ-ਹਰੀ ਕੀਰਤਨ ਨਾਲ ਪ੍ਰਾਪਤ ਹੁੰਦੀ ਹੈ। ਜਿਵੇਂ

---

1. ਪਤੁ ਝੋਲੀ ਮੰਗਣ ਕੈ ਤਾਈ ਭੀਖਿਆ ਨਾਮੁ ਪੜੇ॥੧॥ ਪਤੁ ਝੋਲੀ = ਝੋਲੀ ਦਾ ਅੱਡਣ।
   ਪ੍ਰਾਕ੍ਰਿਤ, ਪਤ੍ਤ = ਅੱਡਣ, ਪ੍ਰਸਾਰਨ। (ਰਾਮ: ਮ: ੧-੪/੮੭੭)
2. ਸੁਰਤਿ ਸਬਦੁ ਸਾਖੀ ਮੇਰੀ ਸਿੰਙੀ ਬਾਜੈ ਲੋਕੁ ਸੁਣੇ।
3. ਬਾਬਾ ਗੋਰਖੁ ਜਾਗੈ॥ ਗੋਰਖੁ ਸੋ ਜਿਨਿ ਗੋਇ ਉਠਾਲੀ ਕਰਤੇ ਬਾਰ ਨ ਲਾਗੈ॥੧॥ਰਹਾਉ॥ ਗੋਰਖ ਦਾ ਅਰਥ ਹੈ ਸ੍ਰਿਸ਼ਟੀ ਦੀ ਰਖਯਾ ਕਰਨੇ ਵਾਲਾ, ਸੋ ਗੁਰੂ ਜੀ ਅਪਣਾ ਗੋਰਖ ਕਰਤਾਰ ਨੂੰ ਕਹਿ ਰਹੇ ਹਨ।
4. ਪਾਣੀ ਪ੍ਰਾਣ ਪਵਣਿ ਬੰਧਿ ਰਾਖੇ ਚੰਦੁ ਸੂਰਜੁ ਮੁਖਿ ਦੀਏ॥ ਮਰਣ ਜੀਵਣ ਕਉ ਧਰਤੀ ਦੀਨੀ ਏਤੇ ਗੁਣ ਵਿਸਰੇ॥੨॥ (ਸ਼ਬਦ ਜਾਰੀ)
5. ਸਿਧ ਸਾਧਿਕ ਅਰੁ ਜੋਗੀ ਜੰਗਮ ਪੀਰ ਪੁਰਸ ਬਹੁਤੇਰੇ॥ ਜੇ ਤਿਨ ਮਿਲਾ ਤ ਕੀਰਤਿ ਆਖਾ ਤਾ ਮਨੁ ਸੇਵ ਕਰੇ॥੩॥ (ਸ਼ਬਦ ਜਾਰੀ)


www.sikhbookclub.com

ਕਾਗਜ਼ ਤੇ ਲੂਣ ਨੂੰ ਪਾਣੀ ਝਟ ਗਾਲ ਲੈਂਦਾ ਹੈ, ਤਿਵੇਂ ਮਾਯਾ ਮਨਾਂ ਨੂੰ ਅਪਣੇ ਵਿਚ ਭਰਮਾ ਲੈਂਦੀ ਹੈ। ਜਿਵੇਂ ਕਾਗਜ਼ ਨੂੰ ਘਿਉ ਨਾਲ ਬਿੱਧਾ ਕਰ ਲਓ, ਲੂਣ ਨੂੰ ਚਿਕਨਾਈ ਵਿਚ ਲਪੇਟ ਲਓ, ਫੇਰ ਪਾਣੀ ਉਨ੍ਹਾਂ ਨੂੰ ਅਪਣੇ ਵਿਚ ਛੇਤੀ ਨਾਲ ਨਹੀਂ ਗਾਲ ਸਕਦਾ, ਤਿਵੇਂ ਨਿਰੰਕਾਰ ਦੀ ਸਿਫਤ ਸਲਾਹ ਦਾ ਕੱਜਣ ਜਦ ਮਨ ਨੂੰ ਮਿਲ ਜਾਂਦਾ ਹੈ ਤਾਂ ਮਾਯਾ ਨਹੀਂ ਭਰਮਾ ਸਕਦੀ, ਐਉਂ ਮਾਯਾ ਦੇ ਵਿਚ ਹੀ ਵੱਸਕੇ ਮਾਯਾ ਤੋਂ ਅਲੇਪ ਰਹਿ ਸਕੀਦਾ ਹੈ, ਜੀਕੂੰ ਕਮਲ ਪਾਣੀ ਵਿਚ ਖੜੋਤਾ ਉਸਦੇ ਗਾਲਣ ਹਾਰ ਅਸਰ ਨਾਲ ਗਲਦਾ ਨਹੀਂ, ਸਗੋਂ ਪਲਦਾ ਹੈ ਤੇ ਉਸ ਮਾਰੂ ਅਸਰ ਤੋਂ ਅਸੰਗ ਰਹਿੰਦਾ ਹੈ, ਤਿਵੇਂ ਐਸੇ ਭਗਤ ਜੋ ਨਾਮ ਤੇ ਸਿਫਤ ਵਾਲੇ ਹਨ, ਜਿਨ੍ਹਾਂ ਪੁਰਖਾਂ ਨੂੰ ਮਿਲ ਪੈਣ, ਉਨ੍ਹਾਂ ਦਾ ਜਮ ਨੇ ਕੀ ਵਿਗਾੜ ਕਰ ਸਕਣਾ ਹੈ[1]। ਉਹ ਤਾਂ ਸਤਿਸੰਗ ਨਾਲ ਨਾਮ-ਬਾਣੀ ਕੀਤਰਨ ਦੇ ਘ੍ਰਿਤ ਨਾਲ ਪਹਿਲੋਂ ਮਾਇਆ ਦੇ ਅਸਰ ਤੋਂ ਤੇ ਫੇਰ ਜਮ ਤਾੜਨਾਂ ਦੇ ਅਸਰ ਤੋਂ ਪਰੇ ਹੋ ਗਏ ਹਨ। ਸੋ ਉਹ ਜੋਗ ਕ੍ਰਿਯਾ ਕਰਕੇ ਜਮ ਤੋਂ ਡਰਨ ਕਿਉਂ, ਉਹ ਸਾਂਈਂ ਦੀ ਸਿਫ਼ਤ ਸਲਾਹ ਏਥੇ ਕਰਦੇ ਉਸਦੀ ਸਿਫਤ ਸਲਾਹ ਦੇ ਦੇਸ਼ ਜਾ ਪ੍ਰਾਪਤ ਹੁੰਦੇ ਹਨ।

ਮਛਿੰਦਰ-ਹੇ ਨਾਨਕ ! ਜੋ ਤੁਸਾਂ ਆਖਿਆ ਅਸਾਂ ਦੋਹਾਂ ਸਮਝਿਆ ਹੈ, ਕਿਉਂ ਗੋਰਖ ?

ਗੋਰਖ-ਹਾਂ ਜੀ ਸਮਝਿਆ ਹੈ, ਪਰ...

ਮਛਿੰਦਰ-ਪਰ ਨਾਨਕ ! ਜੋ ਤੁਸਾਂ ਮਾਰਗ ਕਿਹਾ ਹੈ ਇਹ ਅਤੀਤ ਮਾਰਗ ਤੋਂ ਕਠਨ ਹੈ। ਨਹੀਂ, ਨਹੀਂ ਗ੍ਰਿਹਸਤ ਵਿਚ ਜੋਗ ਨਹੀਂ ਹੋ ਸਕਦਾ, ਜੋਗ ਬਿਨਾਂ ਪ੍ਰਾਣ ਵੱਸ ਨਹੀਂ ਹੁੰਦੇ, ਪ੍ਰਾਣ ਵਸਗਤ ਹੋਏ ਬਿਨਾ ਮਨ ਅਡੋਲ ਨਹੀਂ ਹੁੰਦਾ। ਜੋਗ ਜੁਗਤ ਬਿਨਾਂ ਨਹੀਂ ਆਉਂਦਾ। ਜੁਗਤੀ ਅਤੀਤ ਹੋਏ ਬਿਨ ਨਹੀਂ ਕਮਾਈ ਜਾ ਸਕਦੀ, ਅਤੀਤਤਾਈ ਵਿਚ ਭੇਖ ਲਏ ਬਿਨਾਂ ਪ੍ਰਪੱਕਤਾ ਨਹੀਂ ਹੁੰਦੀ। ਸੋ ਜੋ ਅਤੀਤ ਹੋ ਕੇ ਭੇਖ ਲਵੇ ਤੇ ਫੇਰ ਜੁਗਤੀ ਸਿੱਖ ਕੇ ਜੋਗ ਦੇ ਸਾਰੇ ਅੰਗਾਂ ਨੂੰ ਪਾਲੇ ਉਹੋ ਅਉਧੂ ਅਰਥਾਤ ਅਡੋਲ ਤੇ ਨਾਚਲਾਇਮਾਨ ਬਣਦਾ ਹੈ, ਉਹੋ ਅਉਧੂ ਫਿਰ ਹੋਰ ਚੇਲਿਆਂ ਨੂੰ ਜੁਗਤੀ ਦੱਸਕੇ ਨਾਲ ਮਿਲਾ ਸਕਦਾ ਹੈ। ਤੁਸੀਂ ਗ੍ਰਿਹਸਤ ਵਿਚ ਐਸਾ ਅਉਧੂ ਕੀਕੂੰ ਪੈਦਾ ਕਰ ਸਕਦੇ ਹੋ ਜੋ ਤਰੇ ਤੇ ਤਾਰੇ ਭਉਜਲ ਤੋਂ ? ਹੇ ਨਾਨਕ ਜੀ ! ਛਡੋ ਏਹ ਗੱਲਾਂ, ਪਹਿਲੋਂ ਜੋਗ ਲਓ।

੫.

**ਇਹ** ਸੁਣਕੇ ਸ੍ਰੀ ਗੁਰੂ ਜੀ ਬੋਲੇ-ਹੇ ਮਛਿੰਦਰ ! ਸੁਣ ਮੇਰੀ ਗਲ, ਪ੍ਰਾਣਾਂ ਨੂੰ ਵੱਸ ਕਰਕੇ ਬੀ ਜੇ ਮਨ ਡੋਲਦਾ ਰਹੇ ਰਸਾਂ ਕਸਾਂ ਵਲ, ਤਾਂ ਕੀਹ ਬਣਿਆ ? ਤੁਸੀਂ ਦੇਖ ਲਓ ਇਹ ਗਲਾਂ ਕਰਨ ਵਾਲੇ ਜੋਗੀ ਦਾਰੂ ਪੀ ਪੀ ਕੇ ਬੈਠਦੇ ਹਨ। ਸੋ ਜਿਸ ਚੀਜ਼ ਦੀ ਲੋੜ ਹੈ ਉਹ ਇਹ ਹੈ ਕਿ ਪੰਜਾਂ-ਕਾਮ, ਕ੍ਰੋਧ, ਲੋਭ, ਮੋਹ, ਹੰਕਾਰ-ਨੂੰ ਅਪਣੇ ਤਾਬੇਦਾਰ ਬਣਾ ਲਵੇ, ਜਦੋਂ ਇਨ੍ਹਾਂ ਦੇ ਵੱਸ ਪੈਕੇ ਡੋਲਣ ਦਾ ਸਮਾਂ ਆ ਬਣੇ ਉਸ ਵੇਲੇ ਅਡੋਲ ਰਹੇ। ਇਹ ਜੁਗਤ ਆਪਾ ਵੱਸ ਕਰ ਲੈਣ ਦੀ, ਵਾਸ਼ਨਾ ਤੇ ਹੁਕਮ ਧਾਰ ਲੈਣ ਦੀ ਸਿੱਖੇ[2]। ਉਹ ਆਦਮੀ ਆਪ ਤਰੇਗਾ ਤੇ ਸਭ ਕੁਲਾਂ ਤਾਰਨ ਦੇ ਸਮਰੱਥ ਹੋ ਜਾਏਗਾ, ਉਸਦਾ ਜੋਗ ਉਸਦੀ ਸਤਜਾ ਤੇ ਬਲ ਨੂੰ ਅਡੋਲ ਰਖੇਗਾ, ਕਿਉਂਕਿ ਪੰਜ ਮਹਾਂਬਲੀ ਜਿਸਨੇ ਬੰਨ੍ਹ ਤੇ ਸੰਵਾਰ ਲਏ ਉਹ ਜੋ ਹੁਣ ਦਿਨ ਰਾਤ ਮਨ ਵਿਚ ਟਿਕਿਆ ਰਹੇ ਤਾਂ ਅਉਧੂ ਹੋ ਗਿਆ। ਜਿੱਥੇ ਜਗਤ ਦੇ ਸਾਮਾਨ ਸੰਕਲਪ ਵਿਚੋਂ ਸੁੰਨ ਹੋ ਗਏ ਹਨ ਤੇ ਉਸ ਸੁੰਨ ਵਿਚ ਜੋ ਏਕਾ ਹੈ ਉਸ ਏਕੇ ਵਿਚ ਜਿਸ ਦਾ

---

1. ਕਾਗਦੁ ਲੂਣੁ ਰਹੈ ਘ੍ਰਿਤ ਸੰਗੇ ਪਾਣੀ ਕਮਲੁ ਰਹੈ॥ ਐਸੇ ਭਗਤ ਮਿਲਹਿ ਜਨ ਨਾਨਕ ਤਿਨ ਜਮੁ ਕਿਆ ਕਰੈ॥੪॥੪॥
(ਚਉਪਦਾ ਸਮਾਪਤ) (ਰਾਮ: ਮ:੧-੮੭੭)

2. ਸੁਣਿ ਮਾਛਿੰਦ੍ਰਾ ਨਾਨਕੁ ਬੋਲੈ॥ ਵਸਗਤਿ ਪੰਚ ਕਰੇ ਨਹ ਡੋਲੈ॥ ਐਸੀ ਜੁਗਤਿ ਜੋਗ ਕਉ ਪਾਲੇ॥ ਆਪਿ ਤਰੇ ਸਗਲੇ ਕੁਲ ਤਾਰੇ॥੧॥
(ਰਾਮਕਲੀ ਮਹਲਾ ੫)

(ਸੰਸਕ੍ਰਿਤ, ਵਸ਼ੰਗਤ= ਤਾਬੇਦਾਰ, ਹੁਕਮ ਮੰਨਣ ਵਾਲਾ, ਪੰਜਾਬੀ, ਵਸਗਤਿ।)

 www.sikhbookclub.com

ਟਿਕਾਉ ਹੋ ਗਿਆ ਹੈ, ਉਹ ਅਵਧੂਤ ਹੈ[1]। ਸਾਡਾ ਤਾਤਪਰਜ ਇਹ ਹੈ ਕਿ ਉਸਦਾ ਆਚਰਨ ਤਾਂ ਹੋਵੇ ਸ਼ੁੱਧ ਤੇ ਪਵਿਤ੍ਰ ਤੇ ਮਨ ਦਾ ਟਿਕਾਉ ਹੋਵੇ ਨਿਰੰਕਾਰ ਵਿਚ, ਉਹ ਅਉਧੂਤ-ਅਡੋਲ-ਹੈ[2]।

ਮਛਿੰਦਰ (ਕਾਹਲਾ ਹੋਕੇ)-ਬਿਨਾ ਪ੍ਰਾਣਾਯਾਮ ਤਾੜੀ ਕਿਸ ਤਰ੍ਹਾਂ ਲੱਗੇਗੀ ?

ਸ੍ਰੀ ਗੁਰੂ ਜੀ-ਨਿਰੰਕਾਰ ਦੇ ਸੱਚੇ ਨਾਮ ਵਿਚ ਜੋ ਮਨ ਜੋੜੇਗਾ ਉਹ ਉਸ ਦੇ ਚਿਤ ਦੀ ਤਾੜੀ ਹੋਵੇਗੀ, ਕਿਉਂਕਿ ਉਸ ਦੇ ਅੰਦਰ ਇਸ ਅਭਯਾਸ ਨਾਲ ਉਨਮਨ-ਉੱਚੇ ਪਾਸੇ ਵਲ ਦਾ ਲਗਾਉ-ਹੋ ਜਾਏਗਾ। ਇਸੇ ਨਾਮ ਅਭਯਾਸ ਨਾਲ ਉਹ ਧਿਆਨ ਦਾ ਰੂਪ ਹੋ ਜਾਏਗਾ, ਅਰਥਾਤ ਆਪਣੇ ਪ੍ਰੀਤਮ ਦੇ ਪ੍ਰੇਮ ਵਿਚ ਜੁੜ ਜਾਏਗਾ। ਸਾਂਈਂ ਦੇ ਧਿਆਨ ਵਿਚ ਧਿਆਨ ਦਾ ਰੂਪ ਹੋ ਜਾਣਾ ਇਹੀ ਆਸਣ ਹੈ ਜੋ ਸਾਡਾ ਅਵਧੂਤ ਲਗਾਵੇਗਾ[3]। ਫਿਰ ਉਹ ਦਰ ਦਰ ਮੰਗਤਾ ਬਣਕੇ ਨਹੀਂ ਅੰਨ ਮੰਗੇਗਾ, ਉਹ ਤਾਂ ਗ੍ਰਿਹਸਤੀ ਹੈ, ਕਿਰਤ ਕਰਕੇ ਖਾਏਗਾ ਤੇ ਖੁਲਾਏਗਾ, ਪਰ ਇਕ ਭਿੱਖਿਆ ਉਹ ਮੰਗਦਾ ਹੈ, ਉਹ ਅਰਦਾਸ ਕਰਦਾ ਹੈ ਕਿ ਹੇ ਭਗਵੰਤ ! ਮੈਨੂੰ ਆਪਣੀ ਪ੍ਰੇਮਾ ਭਗਤੀ ਦੀ ਖੈਰ ਪਾ[4]। ਇਸ ਤਰ੍ਹਾਂ ਪੰਜਾਂ ਨੂੰ ਵਸਗਤ ਕਰਕੇ ਸਾਂਈਂ ਵਿਚ ਲਿਵ ਜੋੜਕੇ ਫੇਰ ਉਹ ਅਰਦਾਸ ਵਿਚ ਜੀਉਂਦਾ ਹੈ ਤੇ ਵਾਹਿਗੁਰੂ ਦੇ ਭੈ ਵਿਚ ਟੁਰਦਾ ਹੈ, ਅਰਥਾਤ ਉਹ ਅਪਣੇ ਜੀਵਨ ਦੇ ਕੰਮਾਂ ਵਿਚ ਸਾਂਈਂ ਦਾ ਭੈ ਰਖਦਾ ਹੈ, ਜਿਸ ਕਰਕੇ ਉਸਦੀ ਲਿਵ ਬੀ ਨਹੀਂ ਟੁਟਦੀ ਤੇ ਆਚਰਨ ਬੀ ਅਡੋਲ ਰਹਿੰਦਾ ਹੈ। ਆਸ ਅੰਦੇਸੇ ਤ੍ਰਿਸ਼ਨਾ ਉਸਨੂੰ ਨਹੀਂ ਸਤਾਉਂਦੀਆਂ, ਕਿਉਂਕਿ ਉਸਨੂੰ ਅਮੋਲਕ ਪਦਾਰਥ 'ਸੰਤੋਖ' ਪ੍ਰਾਪਤ ਹੁੰਦਾ ਹੈ। ਇਸ ਸੰਤੋਖ ਵਿਚ ਰਹਿਣੇ ਕਰਕੇ ਉਹ ਸਦਾ ਤ੍ਰਿਪਤ ਰਹਿੰਦਾ ਹੈ ਤੇ ਜੋ ਸਾਂਈਂ ਦੇਵੇ ਉਸ ਪਰ ਖ਼ੁਸ਼ ਰਹਿੰਦਾ ਹੈ[5]। ਹੇ ਮਛਿੰਦਰ ! ਸੁਣ ਤੂ ਅਵਧੂਤ ਦੀ ਨਿਸ਼ਾਨੀ, ਨਾਨਕ ਗੁੰਝਲਦਾਰ ਭਾਵਾਂ ਵਿਚ ਤੇ ਕਠਨ ਪਦਾਂ ਵਿਚ ਤੇ ਬੇਰਸ ਉਦਾਸੀਆਂ ਵਾਲੀ ਬੋਲੀ ਵਿਚ ਨਹੀਂ, ਪਰ ਸਦਾ ਜੀਉਂਦੀ ਜਾਗਦੀ ਅੰਮ੍ਰਿਤ ਵਰਗੇ ਰਸ ਨਾਲ ਪ੍ਰੇਮ ਭਰੀ ਬਾਣੀ ਦੁਆਰਾ ਅਉਧੂ ਦੇ ਲੱਛਣ ਦੱਸਦਾ ਹੈ ਕਿ-ਜੋ ਆਸਾ ਵਿਚ ਨਿਰਾਸ ਦਿਨ ਗੁਜ਼ਾਰੇਗਾ, ਨਿਸਚੇ ਉਹ ਕਰਤਾਰ ਨੂੰ ਪਾ ਲਵੇਗਾ, ਜੋ ਕਰਤਾਰ ਨੂੰ ਪਾ ਲਵੇਗਾ ਉਹ ਅਵਧੂਤ[6] ਹੈ। ਹੇ ਮਛਿੰਦ੍ਰ ! ਨਾਨਕ ਬੇਨਤੀ ਕਰਦਾ ਹੈ ਕਿ ਚੇਲੇ ਦੇ ਕੰਨ ਪਾੜਕੇ ਮੁੰਦ੍ਰਾਂ ਪਾ ਕੇ ਗੁਰ ਚੇਲੇ ਦੀ ਮਰਿਯਾਦਾ ਇਹ ਸਾਡਾ ਅਉਧੂ ਨਹੀਂ ਟੋਰਦਾ। ਇਹ ਅਵਧੂਤ, ਜੋ ਅਸਾਂ ਦੱਸਿਆ ਹੈ, ਚੇਲਿਆਂ ਨੂੰ ਐਉਂ ਤਾਰੇਗਾ ਕਿ ਨਿਰੰਕਾਰ ਜੋ ਸਰਬ ਗੰਮਤਾ ਤੋਂ ਪਰੇ ਹੈ, ਉਸ ਅਗੰਮ ਦਾ ਪਤਾ ਚੇਲਿਆਂ ਨੂੰ ਦੱਸੇਗਾ ਕਿ ਹੈ ਤਾਂ ਉਹ ਅਗੰਮ ਪਰ ਉਸ ਦਾ ਨਾਮ ਸਿਮਰਨੇ ਕਰ ਕੇ ਉਹ ਪ੍ਰਾਪਤ ਹੋ ਜਾਂਦਾ ਹੈ; ਐਉਂ ਉਹ ਅਉਧੂ ਗੁਰ ਚੇਲੇ ਦੇ ਸਨਬੰਧ ਨੂੰ ਤੋਰਦਾ ਹੈ[7]। ਇਹ ਅਉਧੂ ਨਸ਼ੇਦਾਰ ਦਾਰੂ ਨਹੀਂ ਪੀਂਦਾ ਤੇ ਨਾਲ ਨੁਕਲਾਂ ਦੇ ਭੋਜਨ ਨਹੀਂ ਖਾਂਦਾ ਜਿਵੇਂ

---

1. ਜੋ ਸੰਸਾਰਕ ਫੁਰਨੇ ਤੋਂ ਅਫੁਰ ਹੋ ਜਾਂਦਾ ਹੈ ਉਹ ਸਤ ਵਸਤੂ ਵਿਚ-ਜੋ ਇਕ ਹੈ-ਟਿਕਦਾ ਹੈ, ਸ਼ੰਕਰ ਜੀ ਨੇ ਭੀ ਸੁੰਨ ਦਾ ਅਰਥ ਪਰਮਾਤਮਾ ਦੱਸਿਆ ਹੈ। ...ਗੰਭੀਰ ਧੀਰੰ ਨਿਰ੍ਵਾਣ ਸ਼ੂਨ੍ਯਮ੍; ਸੰਸਾਰ ਸਾਰੰ ਨਚ ਪਾਰ ਪੁਣ੍ਯਮ੍।
2. ਸੋ ਅਉਧੂਤੁ ਐਸੀ ਮਤਿ ਪਾਵੈ॥ ਅਹਿਨਿਸਿ ਸੁੰਨਿ ਸਮਾਧਿ ਸਮਾਵੈ॥੧॥ਰਹਾਉ॥ (ਰਾ: ਮ: ੧/੫-੮੭੭)
3-4. ਭਿਖਿਆ ਭਾਇ ਭਗਤਿ ਭੈ ਚਲੈ॥ ਹੋਵੈ ਸੁ ਤ੍ਰਿਪਤਿ ਸੰਤੋਖਿ ਅਮੁਲੈ॥ ਧਿਆਨ ਰੂਪਿ ਹੋਇ ਆਸਣੁ ਪਾਵੈ॥ ਸਚਿ ਨਾਮਿ ਤਾੜੀ ਚਿਤੁ ਲਾਵੈ॥੨॥ (ਸ਼ਬਦ ਜਾਰੀ)
5. ਜਾਂ, ਉਹ ਪ੍ਰੇਮਾ ਭਗਤੀ ਦੀ ਭਿੱਖਿਆ ਲੈਂਦਾ ਹੈ।
ਅਥਵਾ ਉਹ ਅਉਧੂਤ ਜਗਤ ਦੇ ਜੀਵਾਂ ਨਾਲ ਅੰਮ੍ਰਿਤ ਵਰਗੀ ਮਿੱਠੀ ਬੋਲੀ ਬੋਲੇਗਾ, ਤੁਸਾਂ ਵਾਙ ਸ੍ਰਾਪਾਂ ਦੇ ਭੈ ਨਹੀਂ ਦੇਵੇਗਾ।
6. ਨਾਨਕੁ ਬੋਲੈ ਅੰਮ੍ਰਿਤ ਬਾਣੀ॥ ਸੁਣਿ ਮਾਛਿੰਦ੍ਰਾ ਅਉਧੂ ਨੀਸਾਣੀ॥ ਆਸਾ ਮਾਹਿ ਨਿਰਾਸੁ ਵਲਾਏ॥ ਨਿਹਚਉ ਨਾਨਕ ਕਰਤੇ ਪਾਏ॥੩॥ (ਸ਼ਬਦ ਜਾਰੀ)
7. 'ਗੁਰ ਚੇਲੇ ਕੀ ਸੰਧਿ ਮਿਲਾਵੇ' ਦਾ ਅਰਥ ਐਉਂ ਬੀ ਕਰਦੇ ਹਨ:-ਗੁਰੂ ਸਰਵੱਗ=ਈਸ੍ਵਰ ਤੇ ਚੇਲਾ ਅਲਪੱਗ=ਜੀਵ, ਸੋ ਜੀਵ ਈਸ਼੍ਵਰ ਦੀ ਏਕਤਾ ਦਿਖਾ ਦਿੰਦਾ ਹੈ।


www.sikhbookclub.com

ਜੋਗੀ ਕਰਦੇ ਹਨ, ਪਰ ਇਹ-ਗੁਰ ਦੀਖਯਾ-ਗੁਰੂ ਤੋਂ ਪ੍ਰਾਪਤ ਹੋਏ ਨਾਮ ਦੀ ਕਮਾਈ ਨੂੰ ਦਾਰੂ ਵਾਂਙੂ ਆਪ ਪੀਂਦਾ ਹੈ ਤੇ ਇਹੋ ਉਸਦਾ ਭੋਜਨ ਹੈ। ਇਹੋ ਦਾਰੂ ਤੇ ਭੋਜਨ ਉਹ ਚੇਲਿਆਂ ਨੂੰ ਦੇਂਦਾ ਹੈ। ਇਹ ਅਉਧੂਤ ਇਕ ਜੋਗ ਦੀ ਨਹੀਂ ਛਿਆਂ ਦਰਸ਼ਨਾਂ ਦੇ ਸਿਧਾਂਤ ਦੀ ਸੋਝੀ ਨੂੰ ਪ੍ਰਾਪਤ ਕਰ ਲੈਂਦਾ ਹੈ[1]।

ਸੋ ਹੇ ਮਛਿੰਦ੍ਰ ! ਹੇ ਗੋਰਖ ! ਸਾਡਾ ਮਾਰਗ! ਉਦਾਸ ਦਾ ਐਉਂ ਟੁਰਦਾ ਹੈ।

ਇਹ ਸੁਣਕੇ ਦੁਇ ਅਸਚਰਜ ਰਹਿ ਗਏ ਤੇ ਝੁਕ ਗਏ।

ਐਉਂ ਮਛਿੰਦ੍ਰ ਨਾਲ ਗੋਸ਼ਟ ਸੰਪੂਰਨ ਹੋਈ, ਜੋਗੀ ਆਪਣੇ ਰਾਹ ਪਏ ਤੇ ਸ੍ਰੀ ਗੁਰੂ ਜੀ ਠੰਢੀ ਠੰਢੀ, ਮਿੱਠੀ ਪਰਉਪਕਾਰੀ ਸਮੀਰ ਵਾਂਗ ਰਾਜੇ ਸ਼ਿਵਨਾਭ ਨੂੰ ਸੁਖੀ ਕਰਨ ਵਾਸਤੇ ਤੇ ਠੰਢਾਂ ਪਾਉਣ ਵਾਸਤੇ ਸੰਗਲਾਦੀਪ ਨੂੰ ਟੁਰੇ ਪਏ।

ਲਿਖਿਆ ਹੈ ਕਿ ਉਪਰਲੀ ਬਾਤ ਚੀਤ ਜਾਂ ਗੋਸ਼ਟ ਜੋ ਤ੍ਰੈ ਸ਼ਬਦਾਂ ਵਿਚ ਗੁਰੂ ਬਾਬੇ ਨੇ ਉਚਾਰੀ ਸੈਦੋ ਨਾਮੇ ਸਿਖ ਨੇ, ਜਿਸਦੀ ਜਾਤ ਜਟ ਘੇਹੋ ਲਿਖੀ ਹੈ, ਲਿਖ ਲੀਤੀ ਤੇ ਇਹ ਬਾਣੀ-ਤਰੈਏ ਸ਼ਬਦ-ਪੰਚਮ ਗੁਰੂ ਜੀ ਨੇ ਬੀੜ ਵਿਚ ਚਾੜ੍ਹੀ ਜੋ ਰਾਮਕਲੀ ਰਾਗ ਵਿਚ ਆਈ ਹੈ[2]। ਆਖੋ-

ਧੰਨ ਗੁਰੂ ਨਾਨਕ ਦੇਵ !

ਸੰਤ ਜੋ ਹੁਣ ਗੁਰਮੁਖ ਜੀ ਤੋਂ ਗੋਸ਼ਟ ਸੁਣਦੇ ਸੁਣਦੇ ਆਪੇ ਵਿਚ ਜੁੜੇ ਹੋਏ ਮਗਨ ਬੈਠੇ ਸਨ, ਬੋਲੇ- ਧੰਨ ਗੁਰੂ ਨਾਨਕ ਦੇਵ ! ਇਹ ਕਹਿਕੇ ਸੀਸ ਨਿਵਾਇਆ ਤੇ ਫੇਰ ਬੋਲੇ :-

ਕਮਾਲ ਹੈ ਜੀਓ ਜੀ-ਸਤਿਗੁਰ ਜੀ ਦੇ ਵਾਰਤਾਲਾਪ ਦੇ ਤ੍ਰੀਕੇ ਦਾ ਤੇ ਹੋਈਆਂ ਗੋਸ਼ਟਾਂ ਨੂੰ ਐਉਂ ਗੁੰਦਕੇ ਸ਼ਬਦਾਂ ਵਿਚ ਰਖ ਦੇਣ ਦਾ, ਕਿ ਜਿਵੇਂ ਖ਼ਜ਼ਾਨੇ ਦੇ ਥੋੜੇ ਥਾਂ ਵਿਚ ਜੁਗਤ ਨਾਲ ਅਮਿਤ ਦੌਲਤ ਸਾਂਭ ਦੇਈਦੀ ਹੈ। ਪਰ ਸੁਆਦ ਤਦੋਂ ਹੀ ਆਉਂਦਾ ਹੈ ਜਦੋਂ ਕੋਈ ਕਰਨੀ ਵਾਲਾ ਇਨ੍ਹਾਂ ਖਜ਼ਾਨਿਆਂ ਨੂੰ ਖੁਹਲੇ ਤੇ ਦਿਖਾਵੇ, ਹਾਂ, ਤਦੋਂ ਹੀ ਮਨ ਸੁਖੀ ਹੋ ਜਾਂਦਾ ਹੈ। ਬਾਣੀ ਲਗਦੀ ਤਾਂ ਸਿੱਧੀ ਸਿੱਧੀ ਹੈ, ਹਮਾਤੜ ਝਟ ਅੱਖਰ ਪੂਰੇ ਕਰਕੇ ਕਹਿ ਦੇਂਦੇ ਹਨ 'ਅਰਥ ਲਾ ਲਏ', ਪਰ ਕਿੰਨਾ ਬਰੀਕ, ਉੱਚਾ ਤੇ ਸੁਖਦਾਈ ਸਾਮਾਨ ਹੈ, ਬਾਣੀ ਵਿਚ।

ਗੁਰਮੁਖ-ਹੁਣ ਸੰਤ ਜੀ ਦੱਸੋ ਕਿ ਆਪਦੇ ਅਮਲੀ ਤਜਰਬੇ ਵਿਚ ਅਤੇ ਕਰਨੀ ਦੀਆਂ ਘਾਟੀਆਂ ਤੇ ਚੜ੍ਹ ਰਹੇ ਜਤਨ ਵਿਚ ਜੋ ਮੁਸ਼ਕਲ ਅੱਗੇ ਆਈ ਸੀ ਖੁੱਲ੍ਹ ਗਈ ਹੈ, ਕਿ ਹੋਰ ਵਿਸਥਾਰਨ ਦੀ ਲੋੜ ਹੈ ?

ਸੰਤ-ਸਤਿਗੁਰ ਦੀ ਬਾਣੀ ਤੇ ਆਪਦੀ ਵਾਰਤਾਲਾਪ ਦੇ ਢੰਗ ਤੇ ਭਾਵ ਖੁਹਲਵੀਂ ਟੀਕਾ ਨਾਲ ਗੰਢ ਖੁੱਲ੍ਹ ਗਈ ਹੈ। ਧੰਨ ਸਤਿਗੁਰ, ਧੰਨ ਸਿੱਖੀ, ਧੰਨ ਬਾਣੀ, ਜਿਸ ਵਿਚ ਰਤਨ ਭਰੇ ਪਏ ਹਨ। ਆਸਚਰਯ ਹੈ ਕਿ ਸਾਨੂੰ ਗ੍ਰਿਹਸਤ ਦੇ ਕੰਮ ਨਹੀਂ, ਫੇਰ ਆਸਾ ਕਿਉਂ। ਅੱਠੀਂ ਪਹਿਰੀਂ ਮਧੂਕੜੀ ਨਾਲ ਨਿਰਬਾਹ ਤੁਰ ਜਾਂਦਾ ਹੈ, ਫਿਰ ਬੀ ਆਸ਼ਾ ! ਧੀ ਟੋਰਨੀ ਨਹੀਂ, ਨੂੰਹ ਲਿਆਉਣੀ ਨਹੀਂ, ਬਰਾਦਰੀ ਦਾ ਭੈ ਨਹੀਂ, ਦੁਸ਼ਮਨ ਦੋਖੀ ਹੈ ਨਹੀਂ, ਰਾਜ ਭੈ ਵੱਲੋਂ ਬੀ ਆਪਣੇ ਅਟੰਕ ਰਹਿਣ ਕਰਕੇ ਸੁਖ ਹੈ, ਪਰ ਫੇਰ ਅੰਦੇਸੇ ਫੇਰੇ ਮਾਰਦੇ ਹਨ। ਸਭ ਛਡਿਆ, ਭੇਖ ਮਾਤ੍ਰ ਦੀ ਪਕੜ ਰੋਹ ਦੇ ਸਮੇਂ ਖੀ ਲੈ ਆਉਂਦੀ ਹੈ। ਅਠ

---

1. ਪ੍ਰਣਵਤਿ ਨਾਨਕੁ ਅਗਮੁ ਸੁਣਾਏ॥ ਗੁਰ ਚੇਲੇ ਕੀ ਸੰਧਿ ਮਿਲਾਏ॥ ਦੀਖਿਆ ਦਾਰੂ ਭੋਜਨੁ ਖਾਇ॥ ਛਿਅ ਦਰਸਨ ਕੀ ਸੋਝੀ ਪਾਇ॥੪॥੫॥ (ਚਉਪਦਾ ਸਮਾਪਤ)

2. ਉਪਰਲੀ ਬਾਤ ਚੀਤ ਉਨ੍ਹਾਂ ਤ੍ਰੈ ਸ਼ਬਦਾਂ ਦਾ ਵਾਰਤਕ ਅਨੁਵਾਦ ਹੈ। ਸ਼ਬਦ ਇਹ ਹਨ ਜੋ ਪਿੱਛੇ ਆ ਗਏ ਹਨ-
   ੧. ਜਿਤੁ ਦਰਿ ਵਸਹਿ ਕਵਨੁ ਦਰੁ ਕਹੀਐ ਦਰਾ ਭੀਤਰਿ ਦਰੁ ਕਵਨੁ ਲਹੈ॥
   ੨. ਸੁਰਤਿ ਸਬਦੁ ਸਾਖੀ ਮੇਰੀ ਸਿੰਙੀ ਬਾਜੈ ਲੋਕੁ ਸੁਣੇ॥ ੩. ਸੁਣ ਮਾਛਿੰਦ੍ਰਾ ਨਾਨਕ ਬੋਲੈ॥

ਪਹਿਰੀ ਮਨ ਦੀ ਆਸ ਸਾਂਈਂ ਜੀ ਤੇ ਨਹੀਂ ਜਾ ਟਿਕਦੀ।

ਗੁਰਮੁਖ-ਸੰਤ ਜੀ ! ਅਸੀਂ ਜੋ ਵਿਦਿਆ ਦੇ ਆਸ਼ੇ ਸਮਝਦੇ ਹਾਂ ਕਿ 'ਹੋ ਗਿਆ', ਉਹ 'ਸਮਝੇ ਪੈ ਗਿਆ' ਹੁੰਦਾ ਹੈ, 'ਹੋ ਗਿਆ' ਨਹੀਂ ਹੁੰਦਾ। 'ਹੋ ਗਿਆ' ਵਾਸਤੇ ਅਮਲ ਦੀ ਲੋੜ ਹੈ। ਸਿਫਤ ਸਲਾਹ ਵਿਚ ਵਸੀਏ, ਕੀਰਤਨ ਦਾ ਪਰਚਾ ਪਾਈਏ, ਨਾਮ ਵਿਚ ਵੱਸੀਏ, ਫੇਰ ਜੋ ਅਸੀਂ ਪੜ੍ਹਿਆ ਹੈ, ਉਸਦੀ ਪ੍ਰਾਪਤੀ ਹੁੰਦੀ ਹੈ। ਫੇਰ ਉਹ ਅਵਸਥਾ ਘਟਦੀ ਹੈ। ਗੁਰੂ ਬਾਬਾ ਚਾਹੁੰਦਾ ਹੈ ਅਸੀਂ ਸਿਫਤ ਸਲਾਹ ਨਾਲ ਸਾਂਈਂ ਦੇ ਰਾਹ ਟੁਰੀਏ ਜੋ ਮਨ ਖਿੜਿਆ ਰਹੇ। ਸਿਮਰਣ ਨਾਲ ਉਸਦੇ ਪਿਆਰ ਵਿਚ ਰਹੀਏ, ਜੋ ਹੋਰ ਦ੍ਰਿਸ਼ਟਮਾਨ ਦਾ ਕੋਈ ਪਿਆਰ ਅਪਣੇ ਵਲ ਖਿੱਚ ਕੇ ਸਾਨੂੰ ਉਦਾਸੀਆਂ ਤੌਖਲੇ ਤੇ ਦੁੱਖ ਨਾ ਦੇਵੇ। ਇਹ ਮਾਰਗ ਵਾਹ ਵਾਹ ਹੈ, ਇਸੇ ਕਰਕੇ ਸਾਡੀ ਗੁਰੂ ਦੀਖਿਆ 'ਵਾਹਿਗੁਰੂ' ਹੈ। ਵਾਹ ਵਾਹ ਕਰਦਿਆਂ ਖੇੜੇ, ਖੁਸ਼ੀ ਤੇ ਚਾਉ ਦੇ ਘਰ ਰਹੀਦਾ ਹੈ। ਵਾਹਿਗੁਰੂ ਜੀ ਨੂੰ ਪ੍ਰੀਤਮ ਬਣਾ ਕੇ ਉਸ ਦੇ ਪਿਆਰ ਨਾਲ ਮਨੋਂ ਬ੍ਰਿਤੀ ਉਸ ਵਿਚ ਖਿੱਚੀ ਰੱਖਕੇ ਉਸਦੇ ਸਿਮਰਨ ਵਿਚ ਉਸਦਾ ਪਿਆਰ ਲਖ ਕੇ ਜੋ ਜੀਵਨ ਬਸਰ ਕਰਨਾ ਹੈ ਤੇ ਜਿਸ ਦੀ ਨੀਂਹ ਸਦਾਚਾਰ ਤੇ ਰਖ ਲਈ ਹੈ, ਇਹ 'ਗ੍ਰਿਹਸਤ ਉਦਾਸ' ਮਤ ਤੇ 'ਪ੍ਰਵਾਨ ਗ੍ਰਿਹਸਤ ਉਦਾਸ' ਮਾਰਗ ਨੂੰ ਸੁਗਮਤਾ ਦੇਂਦਾ ਹੈ। ਫੁਰਮਾਇਆ ਹੈ:

*ਨਾਨਕ ਭਗਤਾ ਸਦਾ ਵਿਗਾਸੁ॥*

ਸਾਡੀ ਜਾਚੇ ਤਾ ਅਤੀਤ ਮਾਰਗ ਵਿਚ ਬੀ ਰਸ ਤੇ ਕਾਮਯਾਬੀ ਸਾਂਈਂ ਨਿਰੰਕਾਰ ਨੂੰ ਪਿਆਰ ਨਾਲ ਹਰ ਵੇਲੇ ਬ੍ਰਿਤੀ ਵਿਚ ਆਰੂੜ ਰਖਿਆਂ ਹੀ ਪ੍ਰਾਪਤ ਹੁੰਦੀ ਹੈ।

ਫੇਰ ਗੁਰੂ ਬਾਬਾ ਸਾਨੂੰ ਭਾਈ ਚਾਰੇ ਤੋਂ ਕੱਢਕੇ ਪਰੇ ਨਹੀਂ ਵਗਾਹ ਮਾਰਦਾ। ਉਹ ਸਰਬੱਤ ਦਾ ਭਲਾ ਲੋਚਦਾ ਹੈ, ਇਸ ਕਰਕੇ ਹੁਕਮ ਦੇਂਦਾ ਹੈ ਕਿ ਭਾਈਚਾਰੇ ਦੇ ਵਿਚੇ ਰਹੋ, ਆਪ ਤਰੋ, ਹੋਰਨਾਂ ਨੂੰ ਤਾਰੋ। ਕਠਨ ਹੈ ਇਹ ਕੁਛ ਕਰਨਾਂ, ਪਰ ਕੀਮਤੀ ਸ਼ੈ ਦੁਰਲੱਭ ਹੁੰਦੀ ਹੈ। ਅਸੀਂ ਸੰਤ ਜੀ ! ਏਸੇ ਕਰਕੇ ਸਾਧ ਸੰਗਤ ਵਿਚ ਗੁਰ ਆਸ਼ੇ ਮੂਜਬ ਜੋ ਸਰੇ ਬਣੇ ਸੇਵਾ ਲਈ ਤਤਪਰ ਰਹਿੰਦੇ ਹਾਂ। ਗੁਰੂ ਬਖਸ਼ੇ, ਆਪਣੀ ਮਿਹਰ ਨਾਲ ਇਸ ਮਾਯਾ ਜਲ ਖਾਈ ਤੋਂ ਤਾਰਦਾ ਅਪਣੇ ਚਰਨਾਂ ਵਿਚ ਲਿਵ ਲੁਵਾਈ ਰਖੇ।

ਧੰਨ ਗੁਰੂ ਨਾਨਕ ਦੇਵ !

OOO


www.sikhbookclub.com

## ੭. 'ਪੀੜਾ-ਹਰਨ' ਦਾਤਾ।

{ ਅਰਦਾਸ ਦਾ ਰੂਪ, ਲੋੜ, ਤੇ ਲਾਭ। ਨਿਆ ਤੇ ਰਹਿਮ। ਭਗਤੀ ਸਾਂਈਂ ਦੇ ਨੇੜੇ ਤੇ ਅਭਗਤੀ ਦੂਰ ਕਿਵੇਂ?। ਨੇਕੀ ਸਰੀਰ ਦੀ ਸਫਲਤਾ ਹੈ। ਲੋੜ ਦੇ ਨੁਸਖੇ ਹਨ ਮਾਇਆ ਦੇ ਨੋਟ। ਰੱਬ ਹੈ ਚਾਹੇ ਉਟ ਦਿਸਦਾ ਨਹੀਂ।

੧.

(ਅਰਦਾਸ)

...*'ਤੂ ਭਰਪੂਰਿ ਜਾਨਿਆ ਮੈ ਦੂਰਿ॥ ਜੋ ਕੁਛ ਕਰੀ ਸੁ ਤੇਰੈ ਹਦੂਰਿ॥'* ਹਾਂ, ਮੇਰੇ ਦਾਤਾ ! ਤੂੰ ਹਾਜਰਾ ਹਜ਼ੂਰ ਹੈਂ, ਮੈਂ ਦੂਰ ਕਰਿ ਜਾਤਾ ਹੈ...ਜਾਨਿਆ ਮੈ ਦੂਰਿ, ਦੂਰ, ਦੂਰ ਦੂਰ। ਤੂੰ ਹਦੂਰ ਹੈਂ, ਹਾਜਰਾ ਹਜ਼ੂਰ, ਜ਼ਾਹਿਰਾ ਜ਼ਹੂਰ। ਬਖਸ਼ ਮੇਰੇ ਦਾਤਾ ! ਅਕਾਲ ਪੁਰਖ ਵਾਹਿਗੁਰੂ ! ਦੀਨਾ ਬੰਧੂ, ਕਰੁਣਾਮਯ ਜਗਦੀਸ਼ੁਰ!... *'ਰਾਖੁ ਸਦਾ ਪ੍ਰਭ ਅਪਨੈ ਸਾਥ॥ ਤੂ ਹਮਰੋ ਪ੍ਰੀਤਮੁ ਮਨਮੋਹਨੁ ਤੁਝ ਬਿਨੁ ਜੀਵਨੁ ਸਗਲ ਅਕਾਥ॥'* ਹੇ ਸਾਥੀ ! *'ਪਾਰਬ੍ਰਹਮੁ ਭਇਓ ਸਾਥੀ'*, ਹੇ ਮੇਰੇ ਸਦਾ ਦੇ ਸਾਥੀ, ਮੇਰਾ ਸਾਥੀ ਹੋ ! ਤੁਧ ਬਿਨ ਇਹ ਜੀਵਨ ਬਿਰਥਾ ਹੈ। ਦਾਤਾ ! ਤੂੰ ਤਾਂ ਅੰਗਸੰਗ ਹੈਂ, ਮੈਨੂੰ ਸਦਾ ਸਾਥ ਦਿੱਸ ਪਓ। ਤੇਰੇ ਸਾਥ ਦੀ ਪ੍ਰਤੀਤੀ ਮੇਰੇ ਅੰਦਰ ਹੋ ਆਵੇ। ਤੂੰ ਮੇਰਾ ਸਾਥੀ ਹੈਂ, ਹਾਂ ਤੇਰੀ ਮਿਹਰ ਨਾਲ ਮੈਂ ਸਾਥੀ ਜਾਤਾ ਹੈ, ਪਰ ਹੇ ਬਖਸ਼ਿੰਦ ਭੁੱਲ ਕਿਉਂ ਆ ਵਾਪਰਦੀ ਹੈ ?.....

*'ਹੇ ਅਚੁਤ ਹੇ ਪਾਬ੍ਰਹਮ ਅਬਿਨਾਸੀ ਅਘਨਾਸ॥ ਹੇ ਪੂਰਨ ਹੇ ਸਰਬ ਮੈ ਦੁਖ ਭੰਜਨ ਗੁਣਤਾਸ॥ ਹੇ ਸੰਗੀ ਹੇ ਨਿਰੰਕਾਰ ਹੇ ਨਿਰਗੁਣ ਸਭ ਟੇਕ॥ ਹੇ ਗੋਬਿੰਦ ਹੇ ਗੁਣ ਨਿਧਾਨ ਜਾਕੈ ਸਦਾ ਬਿਬੇਕ॥ ਹੇ ਅਪਰੰਪਰ ਹਰਿ ਹਰੇ ਹਹਿ ਭੀ ਹੋਵਨਹਾਰ॥ ਹੇ ਸੰਤਹ ਕੈ ਸਦਾ ਸੰਗਿ ਨਿਧਾਰਾ ਆਧਾਰ॥ ਹੇ ਠਾਕੁਰ ਹਉ ਦਾਸਰੋ ਮੈ ਨਿਰਗੁਨ ਗੁਨੁ ਨਹੀ ਕੋਇ॥ ਨਾਨਕ ਦੀਜੈ ਨਾਮ ਦਾਨੁ ਰਾਖਉ ਹੀਐ ਪਰੋਇ॥'* (ਗਉੜੀ ਬਾਵਨ ਅ: ਮ ੫-੫੫-੨੬੧)

ਦੇਹੁ ਆਪਣਾ ਨਾਉ, ਦਾਤਾ ਦੇਹੁ ਆਪਣਾ ਨਾਉ। ...ਦਿਤਾ ਹੋਇਆ ਨੇ, ਦੇਂਦੇ ਹੋ, *'ਨਿਤ ਦੇਵਹਿ ਚੜਹਿ ਸਵਾਇਆ॥'* ਪਰ ਕਿਉਂ ਮੈਨੂੰ ਭੁੱਲ ਆ ਵਾਪਰਦੀ ਹੈ ?...ਹਾਇ ਮਿਹਰਾਂ ਦੇ ਸਾਂਈਂ...! *'ਪ੍ਰਭ ਜੀਉ ਤੂ ਮੇਰੋ ਸਾਹਿਬੁ ਦਾਤਾ॥ ਕਰਿ ਕਿਰਪਾ ਪ੍ਰਭ ਦੀਨ ਦਇਆਲਾ ਗੁਣ ਗਾਵਉ ਰੰਗਿ ਰਾਤਾ॥' 'ਗੁਣ ਗਾਵਉ ਰੰਗਿ ਰਾਤਾ'* ਸਦਾ, ਸਦਾ, ਦਾਤਾ ! ਸਦਾ ਤੇਰੇ ਰੰਗ ਰੱਤਾ ਰਹਾਂ।... *'ਵਿਸਰੁ ਨਾਹੀ ਦਾਤਾਰ ਆਪਣਾ ਨਾਮੁ ਦੇਹੁ॥ ਗੁਣ ਗਾਵਾ ਦਿਨੁ ਰਾਤਿ ਨਾਨਕ ਚਾਉ ਏਹੁ॥'* ਏਹ ਚਾਉ ਖੜਿਆ ਰਹੇ, ਚਾਉ ਚੜੇ ਤੇਰੇ ਗੁਣ ਗਾਵਾਂ। ਹੇ ਦਾਤਾ ! ਚਾਉ ਵਿਚ ਗੁਣ ਗਾਵਾਂ।... *'ਪ੍ਰਭ ਜੀ ਮਿਲੁ ਮੇਰੇ ਪ੍ਰਾਨ॥ ਬਿਸਰੁ ਨਹੀ ਨਿਮਖ ਹੀਅਰੇ ਤੇ ਅਪਨੇ ਭਗਤ ਕਉ ਪੂਰਨ ਦਾਨ॥ਰਹਾਉ॥ ਖੋਵਹੁ ਭਰਮੁ ਰਾਖੁ ਮੇਰੇ ਪ੍ਰੀਤਮ ਅੰਤਰਜਾਮੀ ਸੁਘੜ ਸੁਜਾਨ॥ ਕੋਟਿ ਰਾਜ ਨਾਮ ਧਨੁ ਮੇਰੈ ਅੰਮ੍ਰਿਤ ਦ੍ਰਿਸਟਿ ਧਾਰਹੁ ਪ੍ਰਭ ਮਾਨ॥੧॥ ਆਠ ਪਹਰ ਰਸਨਾ ਗੁਨ ਗਾਵੈ ਜਮੁ ਪੂਰਿ ਅਘਾਵਹਿ ਸਮਰਥ ਕਾਨ॥ ਤੇਰੀ ਸਰਣਿ ਜੀਅਨ ਕੇ ਦਾਤੇ ਸਦਾ ਸਦਾ ਨਾਨਕ ਕੁਰਬਾਨ॥'॥੨॥੩॥੨੨॥ (ਟੋਡੀ ਮ:੫)* ਹਾਂ ਜੀਉ ਜੀ, ਮੇਰੇ ਸਾਂਈਆਂ ਜੀਓ! ਮੇਰੇ ਪ੍ਰਭੂ ਜੀਓ ! ਮਿਲੁ ਮੇਰੇ ਪ੍ਰਾਨ ! 'ਪ੍ਰਭ ਜੀ ਮਿਲੁ ਮੇਰੇ ਪ੍ਰਾਨ।' ਇਕ ਨਿਮਖ ਨਾ ਬਿਸਰੋ। ਰਸਨਾ ਗੁਨ ਗਾਵੈ, ਗੁਨ ਗਾਵੈ। ਮਿਹਰ, ਮਿਹਰ, ਮਿਹਰ। ...ਨਮਸਕਾਰ, ਡੰਡਉਤ ਬੰਦਨਾ। ਮੇਰੇ ਦਾਤਾ! ਮੇਰੇ ਪ੍ਰਭੂ ! ਨਮਸਕਾਰ। ਡੰਡਉਤ ਬੰਦਨਾ। ਹਾਂ ਮੇਰੇ, ਮੇਰੇ ਪ੍ਰਭ ਜੀਉ ! *ਪ੍ਰਭ ਜੀ ਤੂੰ ਮੇਰੇ ਪ੍ਰਾਨ ਅਧਾਰੈ॥ ਨਮਸਕਾਰ ਡੰਡਉਤਿ ਬੰਦਨਾ ਅਨਿਕ ਬਾਰ ਜਾਉ ਬਾਰੈ॥੧॥ਰਹਾਉ॥*

*ਊਠਤ ਬੈਠਤ ਸੋਵਤ ਜਾਗਤ ਇਹੁ ਮਨੁ ਤੁਝਹਿ ਚਿਤਾਰੈ॥ ਸੂਖ ਦੂਖ ਇਸੁ ਮਨ ਕੀ ਬਿਰਥਾ ਤੁਝ ਹੀ ਆਗੈ ਸਾਰੈ॥੧॥ ਤੂ ਮੇਰੀ ਓਟ ਬਲ ਬੁਧਿ ਧਨੁ ਤੁਮਹੀ ਤੁਮਹਿ ਮੇਰੈ ਪਰਵਾਰੈ। ਜੋ ਤੁਮ ਕਰਹੁ ਸੋਈ ਭਲ ਹਮਰੈ ਪੇਖਿ ਨਾਨਕ ਸੁਖ ਚਰਨਾਰੈ॥੨॥੨॥੮੨॥ (ਬਿ: ਮ: ੫-੮੨੦)* ਚਰਨਾਰਬਿੰਦ ਦਾ ਸੁਖ ਇਸ ਲੋਭੀ ਭਵਰ ਵਰਗੇ ਮਨ ਨੂੰ ਚਰਨਾਰਬਿੰਦ ਦਾ ਸੁਖ ਬਖਸ਼ੋ, ਬਖਸ਼ੀ ਰਖੋ ਸਾਈਆਂ ਜੀਓ, ਬਖਸ਼ੀ ਰੱਖੋ। ਹੇ ਮਿੱਠੇ, ਹੇ ਮਿੱਠ ਬੋਲੇ, ਬਚਨ ਨਾਦ ਮੇਰੇ ਸ੍ਰਵਨਾਂ ਵਿਚ ਭਰ ਦਿਓ। *'ਬਚਨ ਨਾਦ ਮੇਰੇ ਸ੍ਰਵਨਹੁ ਪੂਰੇ ਦੇਹਾ ਪ੍ਰਿਅ ਅੰਕਿ ਸਮਾਨੀ॥'* ਦਾਤਾ ! ਬਚਨ ਨਾਦ,... *'ਅੰਮ੍ਰਿਤਾ ਪ੍ਰਿਅ ਬਚਨ ਤੁਹਾਰੇ॥ ਅਤਿ ਸੁੰਦਰ ਮਨਮੋਹਨ ਪਿਆਰੇ ਸਭਹੂ ਮਧਿ ਨਿਰਾਰੇ॥੧॥ਰਹਾਉ॥ ਰਾਜੁ ਨ ਚਾਹਉ ਮੁਕਤਿ ਨ ਚਾਹਉ ਮਨਿ ਪ੍ਰੀਤਿ ਚਰਨ ਕਮਲਾਰੇ॥ ਬ੍ਰਹਮ ਮਹੇਸ ਸਿਧ ਮੁਨਿ ਇੰਦ੍ਰਾ ਮੋਹਿ ਠਾਕੁਰ ਹੀ ਦਰਸਾਰੇ॥੧॥ ਦੀਨੁ ਦੁਆਰੈ ਆਇਓ ਠਾਕੁਰ ਸਰਨਿ ਪਰਿਓ ਸੰਤ ਹਾਰੇ॥ ਕਹੁ ਨਾਨਕ ਪ੍ਰਭ ਮਿਲੇ ਮਨੋਹਰ ਮਨੁ ਸੀਤਲ ਬਿਗਸਾਰੇ॥੨॥੩॥੨੯ (ਦੇਵ: ਮ ੫:-੫੩੪)* ਮਨੁ ਸੀਤਲ ਬਿਗਸਾਰੇ। ਇਸੇ ਤਰ੍ਹਾਂ ਦਾਤਾ ! ਬਿਗਸਿਆ ਰਹੇ ਮਨ, ਸੀਤਲ ਰਹੇ, ਤੇਰੇ ਪ੍ਰੇਮ ਵਿਚ ਪ੍ਰਵੇਧਿਆ ਰਹੇ।....ਦਾਤਾ ! ਹਜ਼ੂਰੀ ਦਾਨ ਰਹੇ।"

ਇਹ ਅਰਦਾਸ ਹੋ ਰਹੀ ਹੈ, ਕਿਤਨੇ ਚਿਰ ਤੋਂ ਸੰਤ ਜੀ ਇਸ ਬੇਨਤੀ ਦੇ ਭਾਵ ਵਿਚ ਨਿਮਗਨ, ਕਦੇ ਚੁੱਪ ਲੀਨਤਾ ਵਿਚ, ਕਦੇ ਬੋਲ ਕੇ ਦ੍ਰਵੇ ਹੋਏ ਰੰਗ ਵਿਚ ਬਿਨੈ ਉਚਾਰ ਵਿਚ, ਲਗ ਰਹੇ ਸੇ।

ਗੰਗਾ ਦਾ ਨਿਰਮਲ ਨੀਰ ਵਹਿ ਰਿਹਾ ਸੀ, ਆਪ ਇਕ ਨਿਰਜਨ ਟਿਕਾਣੇ ਇਕ ਭਾਰੀ ਪੱਥਰ ਸ਼ਿਲਾ ਤੇ ਬੈਠੇ ਪਹਿਲਾਂ ਰਹਿਰਾਸ ਦਾ ਪਾਠ ਕਰਦੇ ਰਹੇ ਸੇ, ਫੇਰ ਅਰਦਾਸਾ ਸੋਧਿਆ, ਮਗਰੋਂ ਜਿਉਂ ਇਸ ਪ੍ਰਕਾਰ ਦ੍ਰਵ ਕੇ ਬੇਨਤੀ ਪ੍ਰਾਰਥਨਾ ਵਿਚ ਲੱਗੇ ਕਿ ਕਿੰਨਾ ਚਿਰ ਹੀ ਇਸ ਸੁਆਦ ਤੇ ਪਿਆਰ ਵਿਚ ਬੀਤ ਗਿਆ। ਸੰਧਿਆ ਦਾ ਸਮਾਂ ਸੀ, ਨਿੱਕੀ ਨਿੱਕੀ ਪਉਣ ਰੁਮਕ ਰਹੀ ਸੀ, ਮਿੱਠੀ ਮਿੱਠੀ ਤਰੇਲ ਪੈ ਰਹੀ ਸੀ, ਅਦਬ ਵਾਲਾ, ਪਰ ਸਹਿਮਵਾਂ ਹਨੇਰਾ ਛਾ ਰਿਹਾ ਸੀ, ਜਿਸ ਵਿਚ ਆਕਾਸ਼ਾਂ ਤੇ ਨਿਕਲ ਰਹੇ ਤਾਰਿਆਂ ਦੀ ਲੋ ਆਪਣਾ ਪ੍ਰਕਾਸ਼ ਪਾ ਪਾ ਕੇ ਵਧ ਰਹੇ ਹਨੇਰੇ ਨੂੰ ਘਟਾ ਘਟਾ ਕੇ ਸੁਆਦਲਾ ਬਣਾ ਰਹੀ ਸੀ। ਸੰਤਾਂ ਦੀ ਨਜ਼ਰ ਵਗ ਰਹੇ ਪਾਣੀਆਂ ਤੇ ਪਈ ਤਾਂ ਅੰਬਰਾਂ ਤੇ ਡਲ੍ਹਕ ਰਹੇ ਤਾਰੇ ਪਾਣੀ ਵਿਚ ਅਠਖੇਲੀਆਂ ਕਰਦੇ ਨਜ਼ਰ ਪਏ-ਹੈਂ, ਇਹ ਸੰਸਾਰ ਕੀਹ ਹੈ ? ਇਹੋ ਅਰਸ਼ਾਂ ਦੇ ਚਾਨਣਿਆਂ ਦਾ ਪ੍ਰਤਿਬਿੰਬ ? *'ਆਪਹਿ ਕਉਤਕ ਕਰੈ ਅਨਦ ਚੋਜ'॥ 'ਆਪਹਿ ਰਸ ਭੋਗਨ ਨਿਰਜੋਗ॥'* ਨੈਣ ਭਰ ਆਏ ਤੇ ਸੁਆਦ ਵਿਚ ਹੀ ਬੰਦ ਹੋ ਗਏ। ਥੋੜ੍ਹੀ ਦੇਰ ਮਗਰੋਂ ਪੈਖੜ ਹੋਈ, ਸੰਤਾਂ ਦੇ ਨੈਣ ਖੁੱਲ੍ਹ ਗਏ, ਦੇਖਣ ਤਾਂ ਇਕ ਸਜਣ ਆ ਰਿਹਾ ਹੈ। ਨੇੜੇ ਆ ਕੇ ਉਸਨੇ ਸੀਸ ਝੁਕਾਇਆ, 'ਫਤਹ ਬੁਲਾਈ', ਸੰਤਾਂ ਨੇ ਆਦਰ ਦੇ ਬਚਨ ਕਹੇ ਤੇ ਫੇਰ ਬੋਲੇ :-'ਸਜਣਾਂ ! ਏਥੇ ਤਾਂ ਬੈਠਣ ਦੀ ਜਾਅ ਨਹੀਂ, ਆਓ ਕੁਟੀ ਨੂੰ ਚੱਲੀਏ।' ਇਹ ਕਹਿ ਕੇ ਆਪ ਉਠੇ ਤੇ ਕੁਟੀ ਨੂੰ ਟੁਰ ਪਏ ਤੇ ਆਇਆ ਸੱਜਣ ਬੀ ਨਾਲ ਟੁਰ ਪਿਆ। ਥੋੜ੍ਹੀ ਵਾਟ ਜਾ ਕੇ ਆਪਦੀ ਕੁਟੀ ਆ ਗਈ, ਜਿਸ ਦੇ ਬਾਹਰ ਇਕ ਫੂੜ੍ਹੀ ਜੇਹੀ ਵਿਛੀ ਹੋਈ ਸੀ, ਜਿਸ ਪਰ ਆਏ ਸੱਜਣ ਨੂੰ ਬਿਠਾ ਲਿਆ ਤੇ ਆਪ ਸੰਤ ਜੀ ਇਕ ਕੁਸ਼ਾ ਦੇ ਬਣੇ ਆਸਣ ਜੇਹੇ ਤੇ ਟਿਕ ਗਏ। ਫੇਰ ਬੋਲੇ :-

ਆਓ, ਜੀਉ ਆਇਆਂ ਨੂੰ, ਐਸ ਵੇਲੇ ਹਨ੍ਹੇਰੇ ਵਿਚ ਆਏ ?

ਚਾਨਣ ਸਿੰਘ-ਮਹਾਰਾਜ ਜੀਓ। ਮੈਂ ਦੇਰ ਦਾ ਆਇਆ ਹਾਂ। ਆਪ ਜਦ ਪਾਠ ਕਰ ਰਹੇ ਤੇ ਪਾਠ ਦਾ ਰੂਪ ਹੋ ਰਹੇ ਸੇ, ਤਦੋਂ ਮੈਂ ਆਇਆ ਸੀ ਤੇ ਆਪ ਨੂੰ ਸੁਖ ਵਿਚ ਵੇਖਕੇ ਦੂਰ ਹੀ ਬੈਠ ਗਿਆ ਸੀ। ਆਪ ਦਾ ਅਰਦਾਸਾ ਸੁਣਦਾ ਰਿਹਾ ਹਾਂ ਤੇ ਇਸ ਵਗ ਰਹੇ ਪਾਣੀਆਂ ਦੀ ਸਹੁੰ ਹੈ ਕਿ ਇਨ੍ਹਾਂ ਹੀ ਵਾਙੂ ਦ੍ਰਵਦਾ ਰਿਹਾ ਹਾਂ ਤੇ ਸੁਖੀ ਹੁੰਦਾ ਰਿਹਾ ਹਾਂ। ਪਹਿਲਾਂ ਮੇਰਾ ਵੀਚਾਰ ਸੀ ਕਿ ਚੁੱਪ ਕਰਕੇ ਦਬੇ ਪੈਰ ਮੁੜ ਜਾਵਾਂ ਤੇ ਆਪ ਦੇ ਇਸ ਸ਼ਾਂਤੀ ਨਾਲ ਸੁਖੀ ਹੋ ਰਹੇ ਮਨ ਵਿਚ ਆਪਣੇ ਆਉਣ ਦਾ ਪਤਾ ਦੇ ਕੇ ਹਿਲਾਉ ਨਾ ਪੈਦਾ ਕਰਾਂ, ਪਰ ਅਸਾਂ ਲੋਕਾਂ ਕੋਲ, ਜੋ ਸਦਾ ਡੋਲਣੀ ਬੇੜੀ ਚੜ੍ਹੇ

 www.sikhbookclub.com

ਰਹਿੰਦੇ ਹਾਂ, ਡੋਲ ਹੀ ਡੋਲ ਹੈ। ਸੋ ਖਿਮਾ ਕਰਨੀ, ਜੋ ਮੈਂ ਆਪਦਾ ਕੋਈ ਰਸ ਭੰਗ ਕਰ ਦਿਤਾ ਹੋਵੇ ਯਾ ਕਰ ਰਿਹਾ ਹੋਵਾਂ ਤਾਂ।

ਸੰਤ-ਰਸਦਾਤਾ ਰਸ ਦੇਂਦਾ ਹੈ, ਰਸਦਾਤਾ ਰਸ ਲੈਂਦਾ ਹੈ ਤੇ ਰਸ ਦਾਤਾ ਵੰਡਵਾ ਦੇਂਦਾ ਹੈ, ਉਸਦੇ ਕੌਤਕ ਹਨ। *'ਆਪੇ ਹਰਿ ਇਕ ਰੰਗੁ ਹੈ ਆਪੇ ਬਹੁ ਰੰਗੀ॥ ਜੋ ਤਿਸੁ ਭਾਵੈ ਨਾਨਕਾ ਸਾਈ ਗਲ ਚੰਗੀ॥'* ਅਸੀਂ ਭਾਈ ! ਜੋਗੀ ਕਿ ਤਪੀਸਰ ਨਹੀਂ ਹਾਂ ਕਿ ਸਾਡਾ ਤਪ ਯਾ ਹਠ ਯਾ ਸਮਾਧੀ ਕੁਛ ਭੰਗ ਹੁੰਦਾ ਹੈ ਤੇ ਕੋਪ ਆ ਕੇ ਸ੍ਰਾਪ ਬ੍ਰਿਤੀ ਵਲ ਜਾਈਏ। ਸਾਡੇ ਸਤਿਗੁਰ ਨੇ ਸਾਨੂੰ ਦਾਤ ਆਪ ਬਖਸ਼ੀ ਹੈ ਤੇ ਆਗਯਾ ਕੀਤੀ ਹੈ: *'ਖਾਵਹਿ ਖਰਚਹਿ ਰਲਿ ਮਿਲਿ ਭਾਈ॥ ਤੋਟਿ ਨ ਆਵੈ ਵਧਦੋ ਜਾਈ॥'* ਜੋ ਕੁਛ ਹੈ ਗੁਰੂ ਦਾ ਹੈ, ਸਾਡਾ ਕੁਛ ਹੈ ਨਹੀਂ, ਨਾ ਸਮਾਧੀ, ਨਾ ਤਪ, ਨਾ ਰਸ, ਨਾ ਸ਼ਾਂਤੀ। ਸਭ ਕੁਛ ਓਸੇ ਦੀ ਦਾਤ ਹੈ। ਉਸ ਦਾਤ ਦਾ ਜਗਤ ਸਾਂਝੀਵਾਲ ਹੈ। ਸਾਰੇ ਜੋ ਉਸਦੇ ਬੱਚੇ ਹੋਏ। ਤੁਸੀਂ ਆਏ, ਸੁੱਖ ਹੋਇਆ, ਕੋਈ ਇਛਯਾ ਹੋਵੇ ਤਾਂ ਉਸਦੇ ਪੂਰਨ ਦਾ ਜਤਨ ਕਰੀਏ। ਦੂਰੋਂ ਆਏ ਹੋ, ਜਲ ਹੈ, ਸੂਰ ਦੇ ਟੁੱਕਰ ਬੀ ਹੈਨ, ਕੁਛ ਛਕੋ, ਹੋਰ ਕੋਈ ਕੁਛ ਸੇਵਾ ਦੱਸੋ ?

ਚਾਨਣ ਸਿੰਘ-ਹਨੇਰਾ ਹੈ ਤੇ ਚਾਨਣ ਦੀ ਲੋੜ ਹੈ। ਨਾਉਂ ਚਾਨਣ ਸਿੰਘ ਹੈ ਪਰ ਅੰਦਰ ਬਾਹਰ ਭੁਲੇਵੇ ਹਨ ਤੇ ਹਨੇਰੇ ਹਨ। ਕੁਛ ਹੋ ਸਕੇ ਤਾਂ ਦੂਰ ਕਰ ਦਿਓ।

ਸੰਤ-ਕੋਈ ਸ਼ੰਕਾ ਨਵਿਰਤ ਕਰਨੀ ਹੈ ?

ਚਾਨਣ ਸਿੰਘ-ਜੀ ਪਹਿਲੋਂ ਸ਼ੰਕਾ ਨਵਿਰਤ ਹੋਵੇ ਤਾਂ ਟੁਰਿਆ ਜਾਵੇ। ਟੁਰ ਪੈਨਾ ਹਾਂ, ਸੁਖੀ ਹੋ ਜਾਨਾ ਹਾਂ, ਪਰ ਸਮਾਂ ਹੈ ਚੰਚਲਤਾਈਆਂ ਦਾ। ਮੇਲ ਗੇਲ ਵਾਲੇ ਥਾਂਓਂ ਉਤਰ ਪ੍ਰਸ਼ਨ ਹੋ ਪੈਂਦੇ ਹਨ। ਜਦੋਂ ਰੁਕ ਜਾਈਦਾ ਹੈ ਤਾਂ ਮਨ ਕੱਚਾ ਹੋਣ ਕਰਕੇ ਆਪ ਹੀ ਸੰਸੇ ਦੀ ਨੈਂ ਰੁੜ੍ਹ ਪਈਦਾ ਹੈ। ਪ੍ਰਤੱਖ ਦੇਖੀਦਾ ਹੈ, ਸੁਖੀ ਹੋਈਦਾ ਹੈ, ਫੇਰ ਸੰਸਾ ਬੁਰੀ ਬਲਾ ਹੈ। ਸੰਸਾਰ ਵਿਚ ਮੈਂ ਤਾਂ ਉਨ੍ਹਾਂ ਨੂੰ ਇਸਦੇ ਭਾਰੇ ਵੈਰੀ ਸਮਝਦਾ ਹਾਂ ਜੋ ਅਪਣੇ ਸੰਸਿਆਂ ਨਾਲ 'ਲਗੇ ਹੋਏ ਦਿਲਾਂ' ਨੂੰ ਡੁਲਾ ਦੇਂਦੇ ਹਨ।

ਸੰਤ-ਭਾਈ, ਸੰਸਾ ਹੀ ਸੰਸਾਰ ਹੈ। ਸੰਸਾ ਦੁਖ ਦਾ ਹੇਤੁ ਹੈ, ਪਰ ਜੇ ਨੀਯਤ ਨੇਕ ਦਾ ਸੰਸਾ ਹੋਵੇ ਤਾਂ ਤਲਾਸ਼ ਦਾ ਉਸਨੂੰ ਫੁੱਲ ਪੈਂਦਾ ਹੈ, ਤਲਾਸ਼ ਦੇ ਅੰਤ ਉਸਨੂੰ ਨਿਹਚੇ ਦਾ ਫਲ ਲਗਦਾ ਹੈ। ਸੋ ਸੰਸੇ ਨਾਲ ਡੋਲੋ ਨਹੀਂ। ਸੰਸਾ ਕਰੋ, ਸੰਸਾ ਹਰੋ, ਅਡੋਲ ਹੋ ਜਾਓ। ਨਿਸਚਾ ਨਾਮ ਸੰਸੇ ਤੋਂ ਪਾਰ ਹੋ ਕੇ ਅਡੋਲ ਹੋ ਜਾਣ ਦਾ ਹੈ।

ਚਾਨਣ ਸਿੰਘ-ਹੁਣ ਹਨੇਰਾ ਪੈ ਗਿਆ ਤੇ ਦੇਰ ਹੋ ਗਈ ਹੈ, ਆਪ ਬੀ ਆਰਾਮ ਕਰੋ ਤੇ ਮੈਂ ਬੀ ਦੂਰ ਜਾਣਾ ਹੈ, ਜੇ ਆਗਿਆ ਦਿਓ ਤਾਂ ਸਵੇਰੇ ਹਾਜ਼ਰ ਹੋਵਾਂ। ਜੋ ਸੰਸਾ ਲੈ ਕੇ ਆਇਆ ਸਾਂ ਉਸ ਦਾ ਘਬਰਾ ਸ਼ਮਨ ਹੋ ਗਿਆ ਹੈ। ਆਪ ਦੇ ਪਾਠ ਤੇ ਅਰਦਾਸ ਨੇ ਠੰਢ ਪਾ ਦਿਤੀ ਹੈ, ਸੁਖੀ ਹੋ ਰਿਹਾ ਹਾਂ, ਫੇਰ ਸੰਸੇ ਦਾ ਕੰਟਕ ਜੋ ਅੰਦਰ ਵੜ ਗਿਆ ਹੈ ਕਿਸੇ ਕਰਾਰੇ ਬੇਪਰਕਾਰ ਨੇ ਵਾੜਿਆ ਹੈ, ਸੋ ਚੁਭ ਰਿਹਾ ਹੈ, ਇਸਦੀ ਨਿਵਿਰਤੀ ਆਪ ਦੇ ਬਚਨਾ ਨਾਲ ਹੋਣੀ ਹੈ, ਇਸ ਕਰਕੇ ਆਗਯਾ ਦਿਓ ਤਾਂ ਸਵੇਰੇ ਆਵਾਂ।

ਸੰਤ-ਸਤਿ ਬਚਨ ਜੀਉ।

੨.

**ਸੰਤ** ਕੁਟੀ ਦੇ ਬਾਹਰ ਬੈਠੇ ਸਨ, ਮਨ ਮਨ ਵਿਚ ਜੁੜ ਰਿਹਾ ਸੀ, ਸੰਕਲਪ, ਫੁਰਨੇ ਦੀ ਨੈਯਾ ਅਡੋਲ ਹੋ ਰਹੀ ਸੀ, ਅੰਤਰ ਆਤਮੇ ਪਰਮਾਤਮਾ ਦਾ ਅਨੁਭਵ ਹੋ ਰਿਹਾ ਸੀ ਕਿ ਸੂਰਜ ਨਿਕਲ ਆਇਆ। ਇਸਨੇ ਕਿਰਨਾਂ ਛਡੀਆਂ ਜੋ ਸੰਤਾਂ ਦੇ ਚਿਹਰੇ ਤੇ ਪਈਆਂ, ਨੈਣ ਖੁੱਲ੍ਹ ਆਏ ਤੇ ਫੁਰਨੇ ਨੇ ਬੀ ਆਪਣੀਆਂ ਕਿਰਨਾਂ ਛਡੀਆਂ-ਹੈਂ ਦਿਨ ਚੜ੍ਹ ਆਇਆ ? ਸ਼ੁਕਰ ਹੈ ਪਰਮ ਪੁਰਖ ਦਾ, ਜਿਸਦੇ ਪਯਾਰ ਵਿਚ ਅੰਮ੍ਰਿਤ ਵੇਲਾ ਸਫਲ ਹੋ ਗਿਆ। ਇਹ ਕਹਿੰਦਿਆਂ ਆਪ ਦੇ ਅੰਦਰ ਸ਼ੁਕਰ ਦੇ ਭਾਵ


www.sikhbookclub.com

ਨਾਲ ਇਕ ਸੰਗੀਤਕ ਲਹਿਰ ਫਿਰੀ ਤੇ ਰਾਮਕਲੀ ਦੀ ਡਾਢੀ ਮਿੱਠੀ ਤੇ ਟਿਕਵੀਂ ਸੁਰ ਵਿਚ ਇਹ ਉਚਾਰ ਹੋਇਆ :-

*ਏ ਸਰੀਰਾ ਮੇਰਿਆ ਹਰਿ ਤੁਮ ਮਹਿ ਜੋਤਿ ਰਖੀ ਤਾ ਤੂ ਜਗ ਮਹਿ ਆਇਆ॥ ਹਰਿ ਜੋਤਿ ਰਖੀ ਤੁਧੁ ਵਿਚ ਤਾ ਤੂ ਜਗ ਮਹਿ ਆਇਆ॥ ਹਰਿ ਆਪੇ ਮਾਤਾ ਆਪੇ ਪਿਤਾ ਜਿਨਿ ਜੀਉ ਉਪਾਇ ਜਗਤੁ ਦਿਖਾਇਆ॥ ਗੁਰਪਰਸਾਦੀ ਬੁਝਿਆ ਤਾ ਚਲਤੁ ਹੋਆ ਚਲਤੁ ਨਦਰੀ ਆਇਆ॥ ਕਹੈ ਨਾਨਕੁ ਸ੍ਰਿਸਟਿ ਕਾ ਮੂਲੁ ਰਚਿਆ ਜੋਤਿ ਰਾਖੀ ਤਾ ਤੂ ਜਗ ਮਹਿ ਆਇਆ॥੩੩॥ (ਰਾਮ ਮ:੩ - ਅਨੰਦੁ-)*

ਕੁਛ ਦੇਰ ਫੇਰ ਚੁੱਪ ਛਾ ਗਈ। ਸੁਹਣੇ 'ਸਾਂਈਂ-ਦਰਸ਼ਨਾਂ' ਦੀ ਦ੍ਰਵਣਤਾ ਨਾਲ ਸਜਲ ਨੇਤ੍ਰ ਬੰਦ ਹੋ ਗਏ, ਫੇਰ ਨੈਣ ਖੁੱਲ੍ਹੇ। ਫੇਰ ਸੰਗੀਤਕ ਲਹਿਰ ਉੱਠੀ ਤੇ ਉਸੇ ਸੁਰ ਤਾਰ, ਲਯ ਵਿਚ ਇਹ ਉਚਾਰ ਹੋਇਆ:-

*ਮਨਿ ਚਾਉ ਭਇਆ ਪ੍ਰਭ ਆਗਮੁ ਸੁਣਿਆ॥ ਹਰਿ ਮੰਗਲੁ ਗਾਉ ਸਖੀ ਗ੍ਰਿਹੁ ਮੰਦਰ ਬਣਿਆ॥ ਹਰਿ ਗਾਉ ਮੰਗਲ ਨਿਤ ਸਖੀਏ ਸੋਗੁ ਦੂਖੁ ਨ ਵਿਆਪਏ॥ ਗੁਰਚਰਨ ਲਾਗੇ ਦਿਨ ਸਭਾਗੇ ਆਪਣਾ ਪਿਰੁ ਜਾਪਏ॥ ਅਨਹਤ ਬਾਣੀ ਗੁਰ ਸਬਦਿ ਜਾਣੀ ਹਰਿ ਨਾਮੁ ਹਰਿ ਰਸੁ ਭੋਗੋ॥ ਕਹੈ ਨਾਨਕੁ ਪ੍ਰਭੁ ਆਪਿ ਮਿਲਿਆ ਕਰਣ ਕਾਰਣ ਜੋਗੋ॥੩੪॥ (ਰਾਮ: ਮ:੩ - ਅਨੰਦੁ-੯੨੧)*

ਇਹ ਉਚਾਰ ਕੇ ਸੰਤ ਫੇਰ ਚੁਪ ਹੋ ਗਏ! ਕੁਛ ਸਮਾਂ ਬੀਤ ਗਿਆ ਕਿ ਚਾਨਣ ਸਿੰਘ ਹੁਰੀਂ ਆ ਪਹੁੰਚੇ। ਅਡੋਲ ਟਿਕੇ ਸਰੋਵਰ ਵਿਚ ਮਿਠੇ ਠੰਢੇ, ਤਾਜ਼ੇ ਤਾਜ਼ੇ, ਆਪੇ ਦੇ ਰਸ ਨਿਮਗਨ ਸਰੋਵਰ ਵਿਚ ਨ੍ਹਾਉਣ ਨੂੰ, ਅਪਣੀ ਮਲ ਧੋਣ ਨੂੰ, ਠੰਢਾ ਥੀਣ ਨੂੰ, ਰਜ ਰਜ ਪੀਣ ਨੂੰ ਮਾਨੋਂ ਇਕ ਥਕਿਆ, ਘਬਰਾਇਆ, ਪਰ ਲੋੜਵੰਦ ਪੰਛੀ ਆ ਗਿਆ ਹੈ। ਸੰਤ ਦਾ ਮਨ ਹੁਣ ਰਜ਼ਾ ਦੇ ਦਰਜੇ ਵਿਚ ਅੱਪੜ ਚੁਕਾ ਹੋਇਆ ਸੀ, ਜਾਣਦੇ ਸਨ ਕਿ ਇਹ ਮੇਰੇ ਪ੍ਰੀਤਮ ਦੇ ਹੁਕਮ ਵਿਚ ਹੈ, ਉਸ ਦੀ ਇਸ ਵਿਚ ਇਸ ਵੇਲੇ ਖੁਸ਼ੀ ਹੈ ਕਿ *'ਅਵਰਹ ਨਾਮੁ ਜਪਾਵੈ'*। ਅੰਮ੍ਰਿਤ ਵੇਲੇ ਤੋਂ ਹੁਣ ਤੱਕ ਉਸ ਮਿਹਰ ਪੁੰਜ ਦੀ ਖੁਸ਼ੀ ਇਸ ਵਿਚ ਸੀ *'ਆਪਿ ਜਪੈ'*। ਸੋ ਵਾਹ ਵਾਹੁ। ਸਾਵਧਾਨ ਹੋ ਕੇ ਚੜ੍ਹਦੇ ਰੰਗ ਵਿਚ ਆ ਕੇ ਬੋਲੇ:-ਆਓ ਸਿੰਘ ਜੀ ! ਜੀਉ ਆਇਆਂ ਨੂੰ। ਚਾਨਣ ਸਿੰਘ ਅਦਬ ਨਾਲ ਫਤਹ ਬੁਲਾਕੇ, ਸਿਰ ਨਿਵਾਕੇ ਵਿਛੀ ਸਫ ਤੇ ਬਹਿ ਗਿਆ। ਕੁਸ਼ਲ ਆਨੰਦ ਪੁੱਛਣ ਦੇ ਬਾਦ ਵਾਰਤਾ ਛਿੜ ਪਈ।

ਚਾਨਣ ਸਿੰਘ-ਮੈਨੂੰ ਜਾਪਦਾ ਹੈ ਕਿ ਆਪ ਇਸ ਵੇਲੇ ਆਪੇ ਦੇ ਰਸ ਝੂਮ ਰਹੇ ਸੇ, ਠੰਢ ਠੰਢ ਸੁਆਉ ਏਥੇ ਭਰ ਰਿਹਾ ਹੈ, ਮੈਂ ਘਬਰਾ ਲੈ ਕੇ ਆ ਵਿਘਨ ਪਾਇਆ ਹੈ; ਖਿਮਾ ਕਰਨੀ, ਜਗਤ ਖੁਦ-ਗਰਜ਼ ਹੈ ਤੇ ਮੈਂ ਬੀ ਜਗਤ ਦਾ ਬੰਦਾ ਹਾਂ।

ਸੰਤ-ਸੱਜਣਾਂ ! ਉੱਚੀ ਨਜ਼ਰ ਕਰ, ਜਿਸਨੇ ਹੁਣ ਤਕ ਆਪਣੇ ਰੰਗ ਰੰਗੀ ਰਖਿਆ, ਉਹ ਹੁਣ ਤੈਨੂੰ ਉਸੇ ਰੰਗ ਰੰਗਣਾ ਚਾਹੁੰਦਾ ਹੈ ਤੇ ਮੈਂ ਉਸ ਪਜਾਰੇ ਦੀ ਰਜ਼ਾ ਵਿਚ-ਖੁਸ਼ੀ ਵਿਚ-ਆਪਣੀ ਮਰਜੀ ਦੀ ਤਰਬ ਮੇਲੀ ਹੈ। ਬੋਲਣਹਾਰ ਬਾਜ਼ ਸੁਰ[1] ਦਾਤਾ ਹੈ, ਉਸ ਨਾਲ ਥਰਰਾਵਣਹਾਰ ਥਰਰਾ ਕੇ ਉਹੋ ਸੁਰ ਉਚਾਰਨਹਾਰ ਇਕ ਨਿੱਕੀ ਤਰਬ[2] ਮੈਂ ਹਾਂ। ਸੋ ਮੈਂ ਕੀਹ ਤੇ ਮੇਰਾ ਕੀਹ, ਵਿਘਨ ਕੀਹ ਤੇ ਨਾ ਵਿਘਨ ਕੀਹ। *'ਬੁਰਾ ਨਹੀ ਸਭ ਭਲਾ ਹੀ ਹੈ ਰੇ ਹਾਰ ਨਹੀ ਸਭ ਜੇਤੈ॥'* ਹੈਂ ਜੀਓ ਜੀ !...ਸੁਣ ਭਾਈ, *'ਦੂਖੁ ਨਾਹੀ ਸਭੁ ਸੁਖੁ ਹੀ ਹੈ ਰੇ ਏਕੈ ਏਕੀ ਨੇਤੈ॥'* ਹੋਰ ਸੁਣ ਭਾਈ,

*'ਸੋਗੁ ਨਾਹੀ ਸਦਾ ਹਰਖੀ ਹੈ ਰੇ ਛੋਡਿ ਨਾਹੀ ਕਿਛੁ ਲੇਤੈ॥'* ਹਾਂ ਜੀਉ !

*'ਬੁਰਾ ਨਹੀ ਸਭੁ ਭਲਾ ਹੀ ਹੈ ਰੇ ਹਾਰ ਨਹੀ ਸਭ ਜੇਤੈ॥' (ਕਾਨੜਾ ਮ:੫-੨੨-੧੩੦੨)*

---

1. ਖ਼ਾਜ਼-ਸਾਜ਼ ਦੀ ਜ਼ਿਸ ਤਾਰ ਤੇ ਮਿਜ਼੍ਰਾਬ ਲਗੇ ਯਾ ਗਜ ਫਿਰੇ। 2. ਤਰਬ-ਜੋ ਹੇਠਾ ਨਿਕੀਆ ਤਾਰਾਂ ਹੁੰਦੀਆਂ ਹਨ।


www.sikhbookclub.com

ਚਾਨਣ ਸਿੰਘ-ਧੰਨ ਹੋ! *'ਫਿਰਤ ਫਿਰਤ ਨਾਨਕ ਦਾਸੁ ਆਇਓ ਸੰਤਨ ਹੀ ਸਰਨਾਇ॥ ਕਾਟੈ ਅਗਿਆਨ ਭਰਮ ਮੋਹ ਮਾਇਆ ਲੀਓ ਕੰਠਿ ਲਗਾਇ॥੨॥੪॥੨੩ - ੧੩੦੨*

ਸੰਤ-ਵਾਹਿਗੁਰੂ ਦਾ ਬਿਰਦ ਇਹੀ ਹੈ।

ਚਾਨਣ ਸਿੰਘ-ਜੀਉ ਜੀ, ਮੈਂ ਸ਼ਰਮਿੰਦਾ ਹਾਂ ਕਿ ਰਾਹੇ ਪੈਕੇ, ਚੋਖਾ ਟੁਰਕੇ ਸਾਰੇ ਨਿਸ਼ਾਨ ਦਰੁਸਤ ਰਸਤੇ ਟੁਰੇ ਜਾਣ ਦੇ ਤੱਕ ਤੱਕ ਫੇਰ ਭਰਮ ਖਲੋਂਦਾ ਹਾਂ ਕਿ ਕਿਤੇ ਮੈਂ ਗਲਤ ਰਸਤੇ ਤਾ ਨਹੀਂ ਪੈ ਗਿਆ, ਪਰ ਏਨਾਂ ਸ਼ੁਕਰ ਹੈ ਕਿ ਫੇਰ ਆਪ ਪਾਸ ਆਕੇ ਭਰਮ ਨਿਵਿਰਤੀ ਕਰ ਲੈਂਦਾ ਹਾਂ ਤੇ ਧੰਨ ਹੋ ਆਪ, ਜੋ *'ਮੁਹੁ ਮੈਲਾ ਕਰੈ ਨ ਭੰਗੁ'* ਦਾ ਗੁਣ ਰਖਦੇ ਹੋ। ਅੱਜ ਜੇ ਮੈਂ ਆਪਣੀ ਗਲ ਦੱਸੀ ਤੁਸੀਂ ਹੱਸੋਗੇ ਕਿ ਇਸ ਨਾਮ ਦੇ ਮੁਤਲਾਸ਼ੀ ਨੇ ਕਿਸ ਟੱਕਰੇ ਜਾ ਠੁਹਕਰ ਖਾਧੀ ਹੈ।

ਸੰਤ-ਮਾਯਾ ਪ੍ਰਬਲ ਹੈ, ਜਗਤ ਵਿਚ ਕੁਸੰਗ ਪ੍ਰਧਾਨ ਹੈ, ਅਸੀਂ ਆਪਣੇ ਮਨ ਦੀਆਂ ਆਪਣੇ ਨਾਲ ਹੀ ਪਹੇਮਾਨਗੀਆਂ ਤੋਂ ਅਜਾਣ ਹਾਂ। ਸੱਚ ਜਾਣ ਸੱਜਣਾਂ! ਮਨ ਦੂਸਰਿਆਂ ਨਾਲ ਧੋਖਾ ਪਿਛੋਂ ਕਰਦਾ ਹੈ, ਪਹਿਲੋਂ ਆਪਣੇ ਨਾਲ ਕਰਦਾ ਹੈ। ਇਸ ਤਰ੍ਹਾਂ ਮਨ ਆਪਣੇ ਧੋਖੇ ਆਪ ਖਾਂਦਾ ਹੈ, ਫੇਰ ਇਹ ਦੂਜਿਆਂ ਦੇ ਧੋਖੇ ਵਿਚ ਆਉਂਦਾ ਹੈ ਤੇ ਆਪੇ ਤੋਂ ਉਖੜ ਖੜੋਂਦਾ ਹੈ। ਫੇਰ ਦੋਸ਼ ਕਰਮਾਂ ਨੂੰ, ਕਿਸਮਤ ਨੂੰ ਤੇ ਸਦਾ ਦੇ ਦਾਤੇ 'ਪਿਆਰ ਪੁੰਜ' ਨੂੰ ਦਿੰਦਾ ਹੈ। ਸੋ ਕਹੁ ਭਾਈ, ਤੇ ਸੰਗ ਨਾ ਕਰ। ਸਾਰੇ ਇਸੇ ਤਰ੍ਹਾਂ ਡਿਗ ਡਿਗ ਕੇ ਸਵਾਰ ਹੋਏ ਹਨ। ਜੋ ਆਪ 'ਕਦੇ ਨਾ ਡਿਗੇ ਹੋਣ ਦੀ' ਡੀਂਗ ਮਾਰੇ ਉਹ ਆਪੇ ਨੂੰ ਅਜੇ ਸਮਝਦਾ ਨਹੀਂ। ਕਹੁ ਨਿਸੰਗ ਹੋ ਕੇ ਜੋ ਸੰਸਾ ਅੰਦਰ ਚੁਭ ਰਿਹਾ ਹੈ।

ਚਾਨਣ ਸਿੰਘ-ਸੰਤ ਜੀ, ਆਪ ਨੇ ਆਗਿਆ ਕੀਤੀ ਸੀ ਕਿ ਸਿਮਰਨ ਦੇ ਨਾਲ ਅਰਦਾਸ ਦੀ ਬੜੀ ਲੋੜ ਹੈ। ਮੈਂ ਅਰਦਾਸ ਵਿਚ ਬਹੁਤ ਸੁਖ ਪਾਇਆ ਭੀ ਹੈ, ਪਰ ਦੇਖੋ ਜੀ, ਇਕ ਦਿਨ ਮੈਨੂੰ ਕਿਸੇ ਨੇ ਮਖੌਲ ਨਾਲ, ਨਹੀਂ ਜੀਓ, ਤਨਜ਼ ਨਾਲ,......ਹਾਂ ਜਿਸਨੂੰ ਫਾਰਸੀ ਵਾਲੇ 'ਤਨਜ਼' ਕਹਿੰਦੇ ਹਨ, ਨਫਰਤ ਭਰੇ ਚੋਭਵੇਂ ਮਖੌਲ ਨਾਲ ਆਖਿਆ 'ਅਰਦਾਸ ਦਾ ਕੀ ਲਾਭ ਹੈ? ਕੀਹ ਰੱਬ ਅੰਤਰਜਾਮੀ ਨਹੀਂ? ਉਹ ਜਾਣਦਾ ਨਹੀਂ? ਉਹ ਆਪਣੀ ਕੁਸ਼ਾਮਤ ਕਰਵਾ ਕੇ ਕਿਉਂ ਖੁਸ਼ ਹੁੰਦਾ ਤੇ ਦਾਤਾਂ ਦੇਂਦਾ ਹੈ। ਰੱਬ ਕੀਹ ਤੇ ਕੁਸ਼ਾਮਤਾਂ ਸਿਫਾਰਸ਼ਾਂ ਕੀਹ? ਆਪੇ ਕਿਉਂ ਨਹੀਂ ਉਹ ਕਰਦਾ ਜੋ ਅਸੀਂ ਲੋੜਦੇ ਹਾਂ?' ਪਤਾ ਨਹੀਂ ਕਿਉਂ, ਪਰ ਇਹ ਗਲ ਮੇਰੇ ਅੰਦਰ ਘਾਉ ਕਰ ਗਈ ਕਿ ਹੈਂ, ਰੱਬ ਕਿਉਂ ਅਰਦਾਸਾਂ ਤੇ ਕੁਸ਼ਾਮਤਾਂ ਦਾ ਲੋੜਕੂ ਹੈ? ਮੈਂ ਸੋਚਾਂ ਭੀ ਕੀਤੀਆਂ, ਪਾਠ ਭੀ ਕੀਤੇ, ਪਰ ਮਨ ਖਹੁ ਸਿਰ ਨਹੀਂ ਲੱਗਾ।

ਸੰਤ ਸੁਣ ਕੇ ਹੱਸ ਪਏ ਤੇ ਕਹਿਣ ਲੱਗੇ: ਭਾਈ ਵਾਦੀ ਦੀ ਇਹ ਗਲ ਸੁਣ ਕੇ ਅਸੀਂ ਘਬਰਾ ਗਏ, ਇਹੋ ਗਲ ਤਾਂ ਗੁਰੂ ਜੀ ਨੇ ਆਪ ਆਖੀ ਹੈ, ਸੁਣ :-

*ਹਰਿ ਅੰਤਰਜਾਮੀ ਸਭ ਬਿਧਿ ਜਾਣੈ ਤਾ ਕਿਸੁ ਪਹਿ ਆਖਿ ਸੁਣਾਈਐ॥*
*ਕਹਣੈ ਕਥਨਿ ਨ ਭੀਜੈ ਗੋਬਿੰਦੁ ਹਰਿ ਭਾਵੈ ਪੈਜ ਰਖਾਈਐ॥* (ਸੋਰਠਿ ਮ :੫-੬੨-੬੨੪)

ਚਾਨਣ ਸਿੰਘ ਘਬਰਾ ਕੇ ਬੋਲਿਆ ਫੇਰ ਤਾਂ ਜੀ ਵਾਦੀ ਦੀ ਗਲ ਸੱਚੀ ਹੋ ਗਈ ਨਾ, ਤੁਸਾਂ ਮੈਨੂੰ ਅਰਦਾਸ ਵਿਚ ਕਿਉਂ ਜੋੜਿਆ?

ਸੰਤ ਫੇਰ ਹੱਸੇ ਤੇ ਕਹਿਣ ਲੱਗੇ ਭਾਈ ਵਾਦੀ ਨੇ ਕਿੱਕਰ ਦੀ ਸੂਲ ਲੈ ਕੇ ਤੈਨੂੰ ਚੋਭ ਦਿਤੀ ਹੈ ਤੇ ਵਿਚੇ ਛੱਡ ਦਿੱਤੀ ਹੈ, ਉਹ ਨਟਸਾਲ* ਦੀ ਤਰ੍ਹਾਂ ਪੀੜ ਲਾ ਰਹੀ ਹੈ ਤੇ ਲਹੂ ਵਗ ਰਿਹਾ ਹੈ, ਸਤਿਗੁਰ ਦੇ ਹੱਥ ਭੀ ਸੂਲ ਹੈ ਉਹ ਇਸ ਨਾਲ ਤੈਨੂੰ ਚੁਭੀ ਹੋਈ ਸੂਲ ਕੱਢ ਦੇਣਗੇ ਤੇ ਠੰਢ ਪਾ ਦੇਣਗੇ। ਏਤਨਾ ਕੁ ਫਰਕ ਹੈ ਵਾਦੀ ਦੇ ਵਾਕ ਦਾ ਤੇ ਗੁਰੂ ਵਾਕ ਦਾ।

---

* ਨਟਸਾਲ--ਨਸ਼ਟ ਸ਼ੱਲਯ--ਤੀਰ ਦੀ ਨੋਕ ਜੋ ਜ਼ਖਮ ਦੇ ਵਿਚ ਟੁੱਟ ਕੇ ਫਸੀ ਰਹਿ ਗਈ ਹੋਵੇ।


www.sikhbookclub.com

ਚਾਨਣ ਸਿੰਘ--ਜੀਉ, ਮੈਂ ਨਹੀ ਸਮਝਿਆ।

ਸੰਤ-ਭਾਈ ਸੁਣ, ਬਚਪਨੇ ਵਿਚ ਜਦ ਤੈਨੂੰ ਕੋਈ ਸੋਝੀ ਨਹੀਂ ਸੀ, ਤੂੰ ਬੇਬਸ ਤੇ ਪਰਵਸ ਸੈਂ, ਕੀਹ ਤੈਨੂੰ ਭੁੱਖ ਲਗੇ ਤੇ ਤੇਰੀ ਮਾਂ ਤੈਨੂੰ ਆਪੇ ਦੁੱਧ ਨਹੀਂ ਸੀ ਪਿਲਾਉਂਦੀ? ਫੇਰ ਤੂੰ ਭੁੱਖ ਲਗਦੇ ਸਾਰ ਹੀ ਕਿਉਂ ਬੁੱਲ੍ਹੀਆਂ ਅਟੇਰਦਾ ਤੇ ਰੋ ਰੋ ਪੈਂਦਾ ਸੈਂ? ਕੀਹ ਤੇਰੀ ਮਾਂ ਨੂੰ ਤੇਰੇ ਰੋਣ ਵਿਚ ਕੋਈ ਦਿੱਬ ਰਾਗ ਦਿਸਦਾ ਸੀ, ਜਿਸਦੀ ਉਸਨੂੰ ਲੋੜ ਸੀ? ਕੀਹ ਤੇਰੇ ਰੋਣ ਵਿਚ ਕੁਸ਼ਾਮਤ ਸੀ ਜ਼ਿਸਦੀ ਮਾਂ ਨੂੰ ਭੁੱਖ ਸੀ? ਤੂੰ ਜਾਣਦਾ ਹੈਂ ਕਿ ਮਾਂ ਨੂੰ ਤੇਰੇ ਰੋਣ ਦੀ ਯਾ ਇਉਂ ਕਹੋ ਕਿ ਤੇਰੀ ਉਸ ਵੇਲੇ ਦੀ ਬੋਲੀ ਵਿਚ ਤੇਰੀ ਵਲੋਂ ਅਰਦਾਸ ਸੁਣਨ ਦੀ ਲੋੜ ਨਹੀਂ ਸੀ। ਉਹ ਜਾਣਦੀ ਸੀ ਕਿ ਤੈਨੂੰ ਕਿਸ ਵੇਲੇ ਦੁੱਧ ਦੇਣਾ ਹੈ, ਕਿਸ ਵੇਲੇ ਦਾ ਦਿਤਾ ਸੁੱਖ ਦੇਵੇਗਾ, ਕਿਸ ਵੇਲੇ ਦਾ ਦੁਖ ਦੇਵੇਗਾ। ਤੇਰੇ ਨਾਲੋਂ ਉਹ ਸਰਬ ਗਜਾਤਾ ਸੀ ਤੇ ਆਪ ਸਭ ਕੁਛ ਆਪਣੀ ਦਾਨਾਈ ਨਾਲ ਦੇਂਦੀ ਸੀ, ਪਰ ਤੂੰ ਅਰਦਾਸ ਕਰਦਾ ਹੀ ਕਰਦਾ ਸੈਂ। ਸਾਂਈਂ ਕਰਤਾ ਪੁਰਖ ਸਭ ਕੁਝ ਜਾਣਦਾ ਹੈ ਤੇ ਆਪੇ ਦੇਂਦਾ ਹੈ: *'ਤੁਮ ਬਡ ਦਾਤੇ ਦੇ ਰਹੇ॥ ਜੀਅ ਪ੍ਰਾਣ ਮਹਿ ਰਵਿ ਰਹੇ॥'* ਪਰ ਭਾਈ, ਮਾਨੁਖ ਦਾ ਸੁਭਾਵ ਹੈ ਮੰਗਣਾ। ਜਦੋਂ ਲੋੜ ਪੈਂਦੀ ਹੈ, ਮਾਨੁਖ ਦਾ ਮੂੰਹ ਮੰਗੇ ਨਾ ਮੰਗੇ, ਅੰਦਰਲੇ ਸਰੀਰ ਦੇ ਅਵੈਵ ਮੰਗਦੇ ਹਨ। ਭੁੱਖ ਲਗਦੀ ਹੈ ਤਾਂ ਮਿਅਦਾ ਮੰਗਦਾ ਹੈ, ਉਸ ਵਿਚ ਇਕ ਪ੍ਰਕਾਰ ਦਾ ਮਾਨੋਂ ਹਿਲਾਉ ਹੁੰਦਾ ਹੈ। ਉਸਦੇ ਇਸ ਮੰਗ ਬਣੀਕ ਹਿਲਾਉ ਨੂੰ ਲਖ ਕੇ ਮਨ ਸਮਝਦਾ ਹੈ ਕਿ ਕੁਛ ਮਿਲੇ; ਤਦ ਮਨ ਮੰਗਦਾ ਹੈ ਪਹਿਲਾਂ, ਫੇਰ ਜੀਭ ਕਹਿੰਦੀ ਹੈ---ਮਾਂ ਰੋਟੀ ਦੇਹ। ਸੋ ਮੰਗ ਤਾਂ ਸਾਡੇ ਅੰਗ ਅੰਗ ਵਿਚ ਵਸਦੀ ਹੈ। ਮੰਗ ਮਨ ਵਿਚ ਵਸਦੀ ਹੈ। ਮੰਗਣਾ ਸਾਡਾ ਸੁਭਾਵ ਹੈ; ਸਾਂਈਂ ਦਰੋਂ ਜੋ ਕੁਝ ਮੰਗੀਦਾ ਹੈ ਉਸਦਾ ਨਾਉਂ ਅਰਦਾਸ ਹੈ। ਉਹ ਦਾਤਾ ਆਪੇ ਦੇ ਰਿਹਾ ਹੈ, ਪਰ ਮੰਗ ਸਾਡਾ ਸੁਭਾਵ ਹੈ, ਸੋ ਇਉਂ ਅਰਦਾਸ ਭਾਈ ਸਾਡਾ ਸੁਭਾਵ ਹੈ, ਆਪੇ ਦੇਣਾ ਤੇ ਦੇ ਕੇ ਨਾਂ ਥਕਣਾ ਇਹ ਉਸਦਾ ਸੁਭਾਵ ਹੈ। *'ਦੇਦਾ ਦੇ ਲੈਦੇ ਥਕਿ ਪਾਹਿ'।*

ਚਾਨਣ ਸਿੰਘ (ਲੰਮਾ ਸਾਹ ਲੈਕੇ)--ਚੁਭਕ ਘਟੀ ਹੈ, (ਕਲੇਜੇ ਤੇ ਹੱਥ ਰੱਖਕੇ) ਸੂਲ ਕਿਵੇਂ ਸੂਲ ਕੱਢਦੀ ਹੈ! ਸ਼ੁਕਰ ਹੈ।

ਸੰਤ-ਭਾਈ, ਵਾਦੀ ਨੇ ਜੋ ਸੂਲ ਚੋਭੀ ਵੈਰ ਭਾਵ ਨਾਲ, ਨਫਰਤ ਦੇ ਘਰ ਆਪਣੀ ਸੁਰਤ ਲਿਜਾਕੇ ਚੋਭੀ, ਉਸਨੇ ਪੀੜਾ ਕੀਤੀ। ਸਤਿਗੁਰ ਬੀ ਆਖਦੇ ਹਨ ਕਿ ਪ੍ਰਭੂ ਅੰਤਰਯਾਮੀ ਹੈ, ਸਭ ਕੁਛ ਜਾਣਦਾ ਹੈ, ਸਾਡੀ ਮੰਗ ਦੀ ਲੋੜ ਤੋਂ, ਸਾਡੀ ਅਰਦਾਸ ਦੀ ਲੋੜ ਤੋਂ ਯਾ ਜਿਵੇਂ ਵਾਦੀ ਕਹਿਕੇ ਪ੍ਰਸੰਨ ਹੋਇਆ ਹੈ ਸਾਡੀ 'ਕੁਸ਼ਾਮਤ', ਹਾਂ ਇਸ ਕੁਸ਼ਾਮਤ ਦੀ ਲੋੜ ਤੋਂ ਗ਼ਨੀ ਹੈ, ਮਤ ਜਾਣ ਕਿ ਤੇਰੀ ਕਥਨੀ ਨਾਲ ਹੀ ਦ੍ਰਵ ਕੇ ਕੁਛ ਦੇ ਰਿਹਾ ਹੈ। ਉਹ ਦਾਤਾ ਹੈ, ਆਪਣੇ ਆਪ ਦੇ ਰਿਹਾ ਹੈ, ਪਰ ਸਾਡਾ ਸੁਭਾਵ ਅਰਦਾਸ ਹੈ, ਅਸਾਂ ਕਰਨੀ ਹੈ! ਚਾਹੋ ਉਹ ਸਾਡੇ ਕਹਿਣ ਤੇ ਨਾਂ ਦੇਵੇ, ਉਹ ਆਪੇ ਦੇਂਦਾ ਹੈ, ਪਰ ਉਹ ਸਰਬੱਗ ਹੈ, ਇਸ ਲਈ ਸਾਡੀ ਅਰਦਾਸ ਸੁਣਦਾ ਜ਼ਰੂਰ ਹੈ। ਜੇ ਕਹੋ ਕਿ ਸੁਣਦਾ ਹੀ ਨਹੀਂ ਤਾਂ ਸਰਬੱਗ ਕਿਵੇਂ ? ਜੇ ਸੁਣਦਾ ਹੈ ਤਾਂ ਸਾਡੀ ਅਰਦਾਸ ਦਾ ਉਹ ਲੋੜਕੂ ਹੈ ਤੇ ਕੁਸ਼ਾਮਤ ਪੰਸਦ ਹੈ, ਵਾਦੀ ਦਾ ਇਹ ਮਖੌਲ ਯਥਾਰਥ ਕਿਵੇਂ ਬਣ ਗਿਆ? ਜੋ ਸ਼ੈ ਯਥਾਰਥ ਨਹੀਂ ਉਸਦੀ ਪੀੜ ਕਿਉਂ ਹੋਈ! ਮਾਂ ਦਾ ਸੁਭਾਵ ਦੇਣਾ ਹੈ। ਬੱਚੇ ਨੂੰ ਆਪੇ ਦੇਂਦੀ ਹੈ ਤੇ ਉਸ ਦੀ ਅਕਲ ਤੋਂ ਵਧੀਕ ਦਾਨਾਈ ਨਾਲ ਦੇਂਦੀ ਹੈ, ਪਰ ਬੱਚੇ ਦੇ ਰੋਣ ਨੂੰ ਸੁਣਦੀ ਹੈ, ਮਿਹਰ ਵਿਚ ਬੀ ਆਉਂਦੀ ਹੈ, ਇਉਂ ਮੇਹਰ ਵਿਚ ਆਕੇ ਬੀ ਦੇਂਦੀ ਹੈ, ਪਰ ਦੇਂਦੀ ਹੈ ਆਪਣੇ ਵਿਚਾਰੇ ਅਨੁਸਾਰ। ਤਿਵੇਂ ਸਾਂਈਂ ਸੁਣਦਾ ਹੈ ਤੇ ਪਿਆਰਿਆਂ ਦੇ ਪਿਆਰ ਨੂੰ ਪਿਆਰ ਸਮਝਦਾ ਹੈ, ਦੇਂਦਾ ਹੈ, ਪਰ ਦੇਂਦਾ ਆਪਣੀ ਸਰਬੱਗ ਗਜਾਤਾ ਨਾਲ ਹੈ ਤੇ ਦੇਂਦਾ ਹੈ ਆਪੇ। ਇਹ ਹੈ ਸੂਲ ਨਾਲ ਸੂਲ ਕੱਢ ਦੇਣਾ, ਕਿਉਂਕਿ ਅਗਲੀ ਤੁਕ ਵਿਚ ਫੁਰਮਾਉਂਦੇ ਹਨ- *'ਹੋਇ ਦਇਆਲੁ ਕਿਰਪਾਲੁ ਪ੍ਰਭੁ ਠਾਕੁਰੁ ਆਪੇ ਸੁਣੈ ਬੇਨਤੀ॥'* ਉਹ ਜੋ ਆਪੇ ਦੇ ਰਿਹਾ ਹੈ ਅਰਦਾਸ ਨੂੰ ਸੁਣਦਾ ਹੈ ਤੇ ਦਿਆਲੂ ਭੀ ਹੁੰਦਾ ਹੈ।

ਚਾਨਣ ਸਿੰਘ-ਠੀਕ ਫੁਰਮਾਇਆ ਨੇ, ਪਰ ਵਾਹਿਗੁਰੂ ਜੀ ਦੀ 'ਮਿਹਰ' ਤੇ 'ਨਿਆਂ' ਦਾ ਕੁਛ ਭੇਤ ਦੱਸੋ ਨਾ? ਮਿਹਰਬਾਨ ਹੈ ਤਾਂ ਨਿਆਇ ਕਰਤਾ ਨਹੀਂ ਤੇ ਜੇ ਨਿਆਇ ਕਰਤਾ ਹੈ ਤਾ ਮਿਹਰਬਾਨ ਨਹੀਂ।

ਸੰਤ (ਹੱਸ ਕੇ)--ਤੁਹਾਡੇ ਇਨਸਾਨੀ ਪ੍ਰਬੰਧ ਵਿਚ ਰਾਜਿਆਂ, ਦੇਸਾਂ ਦੇ ਹੁਕਮਰਾਨਾਂ ਨੇ ਜੱਜ ਥਾਪੇ ਹੋਏ ਹਨ ਨਿਆਂ ਕਰਨ ਵਾਸਤੇ, ਫੇਰ ਕਿੰਗ (King) ਯਾ ਰਾਜਾ ਯਾ ਪ੍ਰੈਜ਼ੀਡੈਂਟ ਯਾ ਵਾਇਸਰਾਇ ਰਹਿਮ ਕਰਮ ਦਾ ਵਸੀਕਾਰ (Prerogative of mercy) ਕਿਉਂ ਰੱਖਦਾ ਹੈ। ਅਦਲ ਤੇ ਰਹਿਮ ਤੁਹਾਡੇ ਪ੍ਰਬੰਧ ਵਿਚ ਤਾਂ ਹੈਨ ਜੋ ਅੰਸ਼ ਹੋ, ਪਰ ਜਿਸ ਦੀ ਅੰਸ਼ ਹੋ, ਉਸ ਵਿਚ 'ਅਦਲ ਤੇ ਨਿਆਂ' ਤੁਹਾਨੂੰ ਕਿਉਂ ਸੰਭਵ ਨਹੀਂ ਦਿੱਸਦਾ? ਫੇਰ ਦੇਖੋ ਜਿਹੜੇ ਲੋਕ ਐਹੋ ਜੇਹੇ ਇਤ੍ਰਾਜ਼ ਕਰਕੇ ਤੁਹਾਨੂੰ ਉਖੇੜਦੇ ਹਨ, ਉਹ ਆਪ ਭੁੱਲਾਂ ਕਰਦੇ ਹਨ। ਭੁੱਲਾਂ ਕਰਕੇ ਮਾਫੀਆਂ ਮੰਗਦੇ ਹਨ। ਮਾਫ ਨਾ ਕੀਤੇ ਜਾਣ ਤਾਂ ਇਸਨੂੰ ਇਖਲਾਕੀ ਕਮਜ਼ੋਰੀ ਦੱਸਦੇ ਹਨ। ਜਿਸ ਤੋਂ ਸਾਬਤ ਹੋਇਆ ਕਿ ਓਹ ਮਾਫੀ ਕਹੋ, ਬਖਸ਼ਿਸ਼ ਕਹੋ, ਰਹਿਮ ਕਹੋ, ਇਸਨੂੰ ਇਖਲਾਕੀ ਖੂਬੀ ਤੇ ਯੁਕਤੀ ਤੇ ਨਜਾਜ ਸਿਧ ਬਾਤ ਸਮਝਦੇ ਹਨ, ਫੇਰ ਦੱਸੋ ਇਹ ਸ਼ੁਭ ਗੁਣ ਪ੍ਰਮਾਤਮ ਦੇਵ ਵਿਚ ਉਨ੍ਹਾਂ ਨੂੰ ਕਿਉਂ ਅਯੁਕਤ ਯਾ ਅਵਗੁਣ ਯਾ ਬੇਲੋੜਾ ਦਿੱਸਦਾ ਹੈ।

ਚਾਨਣ ਸਿੰਘ (ਲੰਮਾ ਸਾਹ ਲੈਕੇ)--ਸੁੱਤੇ ਨੂੰ ਜਗਾ ਦਿਤਾ ਨੇ।

ਫੇਰ ਸੰਤ ਗੰਭੀਰ ਸੁਰ ਵਿਚ ਹੋ ਕੇ ਬੋਲੇ:-ਭਾਈ, ਇਹ ਜੋ ਗਲ ਤੂੰ ਵਾਦੀ ਤੋਂ ਸੁਣੀ ਹੈ ਤੇ ਨਵੀਂ ਤੇ ਅਨੋਖੀ ਸਮਝੀ ਹੈ ਇਹ ਨਵੀਂ ਨਹੀਂ, ਇਹੋ ਜਿਹੀਆਂ ਤਰਕਾਂ ਹੋ ਬੀਤੀਆਂ ਦੀਆਂ ਉਗਾਹੀਆਂ ਹਨ। ਸ਼ੰਕ੍ਰਾਚਾਰਯ ਜੀ ਦੇ ਸਮੇਂ ਉਨ੍ਹਾਂ ਤੇ ਸ਼ੰਕਾ ਹੋਈ ਸੀ ਇਹੋ, ਇਸ ਰੂਪ ਵਿਚ ਕਿ ਵਾਹਿਗੁਰੂ ਭਗਤਾਂ ਤੇ ਤੁਠਦਾ ਹੈ ਤੇ ਦੂਸਰਿਆਂ ਤੇ ਨਹੀਂ, ਉਹ ਨਿਆਈਂ ਤੇ ਸਮਤੁਲਨਾ ਤੇ ਸਮਦ੍ਰਿਸ਼ਟੀ ਵਾਲਾ ਕੀਕੂੰ ਹੋਇਆ? ਹੈ ਨਾ ਤੇਰੇ ਵਾਦੀ ਦੀ ਤਰਕ ਇਸੇ ਤਰਕ ਦੀ ਉਗਾਹੀ।

ਚਾਨਣ ਸਿੰਘ- (ਹੱਸਕੇ)--ਠੀਕ ਫੁਰਮਾਇਆ ਨੇ।

ਸੰਤ-ਲੈ ਸੁਣ, ਹੁਣ, ਜੋ ਸ਼ੰਕਰ ਜੀ ਨੇ ਜਵਾਬ ਦਿੱਤਾ ਸੀ:-ਅੱਗ ਬਲ ਰਹੀ ਹੈ, ਉਹ ਸਭ ਕਿਸੇ ਨੂੰ ਨਿੱਘ ਦਾਨ ਕਰ ਰਹੀ ਹੈ; ਜੋ ਉਸਦੇ ਨੇੜੇ ਆਉਂਦੇ ਹਨ ਓਹ ਪਾਲੇ ਦੇ ਕਸ਼ਟ ਤੋਂ ਬਚਦੇ ਹਨ ਤੇ ਨਿੱਘ ਦਾ ਸੁੱਖ ਲੈਂਦੇ ਹਨ, ਜੋ ਦੂਰ ਬੈਠਦੇ ਹਨ ਓਹ ਅੱਗ ਦੇ ਹੁੰਦਿਆਂ ਸੁੰਦਿਆਂ ਪਾਲੇ ਦਾ ਕਸ਼ਟ ਸਹਾਰਦੇ ਹਨ, ਦੱਸ ਨਿਕਟ ਬੈਠਿਆਂ ਨੂੰ ਜੋ ਅਗਨੀ ਨਿੱਘ ਦਾਨ ਕਰ ਰਹੀ ਹੈ, ਇਹ ਉਸਦੀ ਸਮਦ੍ਰਿਸ਼ਟੀ ਸਮਵਰਤਨ ਵਿਚ ਨੁਕਸ ਪਾ ਰਹੀ ਹੈ।.....ਸੋਚ ਕੇ ਹਛੂੰ ਤਰ੍ਹਾਂ ਦੱਸ ਭਾਈ!

ਚਾਨਣ ਸਿੰਘ ਤ੍ਰਬ੍ਰਕਿਆ, ਜਿਵੇਂ ਕੋਈ ਸੁੱਤਾ ਪਿਆ ਅਚਾਨਕ ਖੜਾਕ ਨਾਲ ਤ੍ਰਬ੍ਰਕ ਉਠਦਾ ਹੈ, ਬੋਲਿਆ:- ਅਗਨੀ ਦਾ ਕੀਹ ਦੋਸ਼ ਹੈ, ਉਹ ਤਾਂ ਸਮਵਰਤ ਰਹੀ ਹੈ।

ਸੰਤ-ਤਿਵੇਂ ਭਾਈ, ਜੋ ਪਰਮਾਤਮਾ ਦੇ ਨੇੜੇ ਜਾਂਦੇ ਹਨ, ਉਹ ਸਰਬ ਗੁਣਾਂ ਦੇ ਸੂਰਜ ਤੋਂ ਸ਼ੁਭ ਗੁਣਾਂ ਦੀ ਨਿੱਘ ਉਸਦੇ ਚਾਨਣੇ ਤੋਂ ਉੱਤਮ ਗਿਆਨ, ਉਸਦੇ ਤੇਜ ਸਰੂਪ ਦੀ ਸੁੰਦਰਤਾ ਤੋਂ ਰਸਮਯਤਾ ਪ੍ਰਾਪਤ ਕਰਦੇ ਹਨ। ਜੋ ਉਸ ਤੋਂ ਦੂਰ ਰਹਿੰਦੇ ਹਨ ਓਹ ਵਿਰਵੇ ਰਹਿੰਦੇ ਹਨ। ਭਗਤੀ ਨਾਮ ਹੈ ਉਸਦੇ ਨੇੜੇ ਹੋਣ ਦਾ, ਇਸ ਵਿਚ ਕੁਸ਼ਾਮਤ ਆਦਿ ਪਦ ਵਰਤਣੇ ਜ਼ਿੰਦਗੀ ਦੇ ਮਹਾਨ ਗੰਭੀਰ ਅਸੂਲਾਂ ਨੂੰ ਮਖੌਲ ਕਰਨ ਦੇ ਸਿਵਾ ਕੀ ਹੈ। ਜਿਵੇਂ ਕਿਸੇ ਸਾਇੰਸਵੇਤਾ ਦੇ 'ਪੁਟਾਸ਼ੀਅਮ' ਨੂੰ ਬਿਨਾਂ ਅੱਗ ਲਾਏ ਬਾਲ ਕੇ ਦਿਖਾ ਦੇਣ ਨੂੰ ਕੋਈ ਆਖੇ ਇਹ ਮਦਾਰੀ ਬਹੁਤ ਅੱਛਾ ਹੈ। 'ਸਾਡਾ ਜੀਵਨ ਕੀਹ ਵਸਤੂ ਹੈ?' ਇਹ ਇਨਸਾਨ ਦੀ ਜ਼ਿੰਦਗੀ ਦਾ ਇਕ ਅਹਮ ਸੁਆਲ ਹੈ, ਜਿਸ ਪਰ ਜਗਤ ਦੇ ਮਹਾਨ ਦਾਨੇ ਅਦਬ ਨਾਲ ਤੇ ਗਹਿਰੀਆਂ ਕੋਸ਼ਸ਼ਾਂ ਵਿਚ ਉਮਰਾ ਲਾਉਂਦੇ ਹਨ, ਇਨ੍ਹਾਂ ਅਤਿ ਅਹਮੀਅਤ ਦੇ ਮਾਮਲਿਆਂ ਨੂੰ ਇਸ ਤਰ੍ਹਾਂ ਮਖੌਲ ਬਣਾ ਦੇਣਾ ਸਰਬ ਸਾਧਾਰਣ ਦੀ ਵਿਚਾਰ ਸ਼ਕਤੀ (Consciousness) ਨਾਲ

ਧਰੋਹ ਕਰਨਾ ਹੈ, ਕਿਉਂਕਿ ਸਰਬ ਸਾਧਾਰਣ ਨੂੰ ਯਾ ਇਉਂ ਕਹੋ ਕਿ ਆਮ ਲੋਕਾਂ ਨੂੰ ਫੁਰਸਤ ਕਿੱਥੇ, ਵਿਦਯਾ ਕਿੱਥੇ, ਸਾਮਾਨ ਕਿੱਥੇ ਕਿ ਓਹ ਇਨ੍ਹਾਂ ਦੀ ਖੋਜ ਕਰਕੇ ਅਮਲੀਅਤ ਨੂੰ ਲੱਭਣ, ਹਾਲਾਂਕਿ ਸਾਰੇ ਮਾਮਲੇ ਖੋਜੇ ਜਾ ਚੁਕੇ ਹਨ, ਸਾਰੇ ਐਸੇ ਪ੍ਰਸ਼ਨ ਹੋ ਚੁਕੇ ਤੇ ਸਾਰੇ ਉਤਰ ਪਾ ਚੁਕੇ ਹਨ ਤੇ ਗ੍ਰੰਥਾਂ ਪੋਥੀਆਂ ਵਿਚ ਲਿਖੇ ਪਏ ਹਨ ਤੇ ਵਿਦਵਾਨਾਂ ਨੂੰ ਪਤਾ ਹਨ। ਸੋ ਬਰਖੁਰਦਾਰ ਜੀ! ਹਰ ਅਹਮ ਗਲ ਨੂੰ ਵਿਚਾਰਸ਼ੀਲ ਤ੍ਰੀਕੇ ਨਾਲ, ਅਦਬ ਨਾਲ ਹੱਲ ਕਰਨਾ ਚਾਹੀਏ;

---

੩.

**ਚਾਨਣ ਸਿੰਘ**-ਫੇਰ ਜੀ ਇਹ ਗਲ ਅਜੇ ਭੀ ਨਹੀਂ ਜੇ ਸਮਝੇ ਪਈ ਕਿ 'ਭਗਤੀ' ਰੱਬ ਦੇ ਨੇੜੇ ਹੋਣਾ ਕਿਵੇਂ ਹੈ ਤੇ 'ਨਾ ਭਗਤੀ' ਦੂਰ ਰਹਿਣਾ ਕਿਵੇਂ ਹੈ?

ਸੰਤ ਫੇਰ ਮੁਸਕ੍ਰਾਏ ਤੇ ਕਹਿਣ ਲੱਗੇ--ਬਹੁਤ ਠੀਕ ਕਿਹਾ ਜੇ। ਤੁਸੀਂ ਵਿਦਯਾ ਪਾਈ ਹੈ ਸਾਇੰਸ ਤੇ ਫਿਲਾਸਫੀ ਪੜ੍ਹੀ ਹੈ। ਤੁਸੀਂ ਸਮਝਦੇ ਹੋ ਕਿ 'ਦੇਸ਼' ਕਿਸ ਨੂੰ ਆਖਦੇ ਹਨ?

ਚਾਨਣ ਸਿੰਘ-'ਦੇਸ਼?'.......ਮੁਲਕ ਨੂੰ

ਸੰਤ (ਮੁਸਕ੍ਰਾਕੇ)--ਹਾਂ ਭਾਈ, ਠੀਕ ਹੈ ਪਰ ਦਾਰਸ਼ਨਿਕ ਵਿਦਯਾ ਵਿਚ, ਫਿਲਾਸਫੀ ਵਿਚ, 'ਦੇਸ਼' ਉਸ ਨੂੰ ਕਹਿੰਦੇ ਹਨ ਜਿਸ ਨੂੰ ਤੁਸੀਂ (Space) ਸਪੇਸ* ਆਖਦੇ ਹੋ। ਇਹ ਜੋ ਪਹਿਨਾਉ ਹੈ, ਜਿਸ ਵਿਚ ਚੁੜਾਣ ਲੰਮਾਣ ਡੂੰਘਾਣ ਗਣਤ ਵਿਦਿਆ ਦਸਦੀ ਹੈ 'ਦੇਸ਼' ਹੈ। ਫਿਰ ਦੂਸਰੀ ਚੀਜ਼ ਹੈ 'ਕਾਲ', ਜਿਸ ਨੂੰ ਤੁਸੀਂ 'ਟਾਈਮ' ਆਖਦੇ ਹੋ। ਇਹ ਜੋ ਦ੍ਰਿਸ਼ਟਮਾਨ ਜਗਤ ਹੈ, ਦੇਸ਼ ਕਾਲ ਵਿਚ ਹੈ। ਇਹ ਗਲ ਸਮਝਦੇ ਹੋ?

ਚਾਨਣ ਸਿੰਘ-ਜੀ ਹਾਂ, ਆਪ ਦੀ ਕ੍ਰਿਪਾ ਨਾਲ ਸਮਝਦਾ ਹਾਂ। ਅਸੀਂ ਤਾਂ ਜੋ ਕੁਝ ਬੀ ਸੋਚਦੇ ਸਮਝਦੇ ਹਾਂ ਦੇਸ਼ ਕਾਲ ਦੇ ਪਹਿਨਾਉ ਵਿਚ ਹੀ ਸੋਚਦੇ ਹਾਂ, ਸਾਡਾ ਮਨ ਦੇਸ਼ ਕਾਲ ਵਿਚ ਹੀ ਸਮਝਦਾ ਤੇ ਸੋਚਦਾ ਹੈ।

ਸੰਤ-ਭਲਾ ਹੋਵੇ ਨੇ। ਹੁਣ ਅਸੀਂ ਜੇ ਕਿਸੇ ਦੇ ਨੇੜੇ ਜਾਣਾ ਹੋਵੇ ਯਾ ਦੂਰ ਹੋਣਾ ਹੋਵੇ ਤਾਂ ਦੋ ਗੱਲਾ ਵਾਪਰਨਗੀਆਂ, 'ਦੇਸ਼ ਵਿਚ' ਉਰੇ ਪਰੇ ਹੋਵਾਂਗੇ ਅਤੇ ਐਸਾ ਕਰਨ ਵਿਚ ਕਾਲ ਖਰਚ ਹੋਵੇਗਾ-ਸਮਾਂ ਲੱਗੇਗਾ। ਕੀਹ ਇਹ ਗੱਲ ਸਿੱਧ ਹੋ ਗਈ ਕਿ ਸਾਡਾ ਨੇੜੇ ਦੂਰ ਹੋਣਾ ਦੇਸ਼ ਕਾਲ ਵਿਚ ਹੁੰਦਾ ਹੈ? ਜੋ ਕੁਝ ਰੂਪਧਾਰੀ ਇਹ ਜਗਤ ਹੈ, ਇਹ ਸਾਰਾ ਦੇਸ਼ ਕਾਲ ਵਿਚ ਹੈ, ਸੋ ਇਸ ਵਿਚ ਨੇੜੇ ਦੂਰ ਹੋਣਾ ਦੇਸ਼ ਕਾਲ ਵਿਚ ਹੀ ਹੁੰਦਾ ਹੈ। ਜੇ ਅੱਗ ਬਲ ਰਹੀ ਹੈ ਤਾਂ ਅਸੀਂ ਲੱਤਾਂ ਨਾਲ ਟੁਰ ਕੇ ਯਾ ਸਵਾਰੀ ਤੇ ਬੈਠ ਕੇ ਅਰਥਾਤ ਦੇਸ਼ ਵਿਚ ਟੁਰ ਕੇ ਉਸ ਨੇੜੇ ਜਾਵਾਂਗੇ, ਪਰ ਪਰਮਾਤਮਾ ਅਗਨੀ ਵਾਂਙੂ ਦੇਸ਼ ਕਾਲ ਵਿਚ ਰੂਪ ਧਾਰਕੇ ਕਿਤੇ ਲਟ ਲਟ ਨਹੀਂ ਪ੍ਰਜ੍ਵਲਤ ਹੋ ਰਿਹਾ ਜੋ ਲੱਤਾਂ ਨਾਲ ਟੁਰ ਕੇ ਉਸ ਦੇ ਨੇੜੇ ਜਾ ਪਹੁੰਚਾਂਗੇ। ਉਹ ਰੂਪ ਤੋਂ ਰਹਿਤ ਯਾ ਦੇਸ਼ ਕਾਲ ਤੋਂ ਪਰੇ ਹੈ, ਉਸਦੇ ਨੇੜੇ ਜਾਣਾ ਦੇਸ਼ ਵਿਚ ਕਿਸੇ ਹਰਕਤ ਦੇ ਕਰਨ ਨਾਲ ਨਹੀਂ ਹੋ ਸਕਦਾ। ਉਹ ਰੂਹ ਹੈ, ਆਤਮ ਵਸਤੂ ਹੈ, ਸਾਡਾ ਅਸਲ ਆਪਾ ਜੋ ਸਾਡੇ ਅੰਦਰ ਅਤਿ ਸੂਖਮ ਰੂਪ ਵਾਲਾ ਹੈ, ਜੋ ਬਿਨਾਂ ਸਰੀਰ ਦੀ ਹਰਕਤ ਦੇ ਅੱਖ ਫੋਰ ਵਿਚ ਜਿੱਥੇ ਚਾਹੇ ਚਲਾ ਜਾਂਦਾ ਹੈ; ਉਹ ਬੀ ਸੂਖਮ ਹੈ ਰੂਹ-ਆਤਮ ਵਸਤੂ-ਹੈ। ਸੋ ਸਾਡੇ ਆਪੇ ਨੂੰ ਸਾਂਈਂ ਦੇ ਨੇੜੇ ਹੋਣ ਲਈ ਤੁਰਨ ਦੀ ਲੋੜ ਨਹੀਂ, ਉਸ ਨੇ ਤਾਂ ਆਪਣੇ ਸੰਕਲਪ ਵਿਚ ਜਿਸ ਸੈ ਦੇ ਨੇੜੇ ਹੋਣਾ ਹੈ ਹੋ ਜਾਣਾ ਹੈ। ਇਥੇ ਜਿਸਦੇ ਨੇੜੇ ਹੋਣਾ ਹੈ ਉਹ ਦੇਸ਼ ਕਾਲ ਵਿਚ ਨਹੀਂ, ਪਰ ਰੂਹ ਹੈ। ਰੂਹ ਦੇਸ਼

---

*. ਇਹ ਜੋ ਦਿੱਸਦੇ ਪਦਾਰਥਾਂ ਵਿੱਚ ਵਿੱਥ ਹੈ, ਇਹ ਸਾਰਾ ਪੁਲਾੜ ਜਿਹਾ ਜਿਸ ਵਿਚ ਖੰਡ ਬ੍ਰਹਮੰਡ ਤੇ ਇਨ੍ਹਾਂ ਅੰਦਰ ਜੋ ਵਿਹਲ ਜਿਹੀ ਹੈ ਸਾਰੇ ਨੂੰ 'ਦੇਸ਼' ਕਹੀਦਾ ਹੈ। ਪੱਛਮੀ ਵਿਦਯਾ ਵਿਚ ਇਸ ਨੂੰ (Space) ਕਹਿੰਦੇ ਹਨ।


www.sikhbookclub.com

ਕਾਲ ਵਿਚ ਨਹੀਂ, ਇਸ ਕਰਕੇ ਸਾਡਾ ਆਪਾ ਹੁਣ ਕੀਕੂੰ ਉਸਦੇ ਨੇੜੇ ਹੋਵੇ? ਸਾਫ਼ ਹੈ ਕਿ ਉਹ ਆਪਣੇ 'ਭਾਵ' ਮਾਤ੍ਰ ਨਾਲ ਪ੍ਰਮਾਤਮਾ ਦੇ ਨੇੜੇ ਹੋ ਸਕਦਾ ਹੈ। ਇਸ ਲਈ ਅਸਾਂ ਆਪਣੇ ਅੰਦਰਲੇ ਨੂੰ ਉਸਦੇ ਵੱਲ ਰੁਖ਼ ਦੇਣਾ ਹੈ। ਆਪੇ ਨੂੰ ਜੋ ਇਹ ਰੁਖ਼ ਦੇਣਾ ਹੈ, ਇਸ ਨੂੰ ਗੁਰਬਾਣੀ ਵਿਚ 'ਨਾਮ' ਕਿਹਾ ਹੈ। ਇਸ ਰੁਖ਼ ਦੇਣ ਦੇ ਕਈ ਤ੍ਰੀਕੇ ਹਨ। ਜਿਨ੍ਹਾਂ ਵਿਚੋਂ ਇਕ ਕੀਰਤਨ ਹੈ ਤੇ ਇਕ ਅਰਦਾਸ। ਸਾਡੇ ਸਰੀਰ ਵਿਚ ਮੈਂ ਦੱਸਿਆ ਸੀ ਕਿ 'ਮੰਗ' ਹੈ। ਇਸੀ ਤਰ੍ਹਾਂ ਸਾਡੇ ਮਨ ਵਿਚ ਮੰਗ ਹੈ। ਸਭ ਤੋਂ ਵਡੀ ਮੰਗ ਹੈ--ਜੀਵਨ ਦਾ ਭੇਤ ਖੁੱਲ੍ਹੇ ਸੁਖ ਮਿਲੇ, ਇਸ ਲਈ ਅਰਦਾਸ ਕਰੀਦੀ ਹੈ:-

*ਪ੍ਰਭ ਜੀਉ ਤੂ ਮੇਰੋ ਸਾਹਿਬ ਦਾਤਾ॥*

*ਕਰਿ ਕਿਰਪਾ ਪ੍ਰਭ ਦੀਨ ਦਇਆਲਾ ਗੁਣ ਗਾਵਹੁ ਰੰਗਿ ਰਾਤਾ।* (ਸੋਰਠਿ ਮ:੫-੨੩-੬੧੫

ਇਹ ਅਰਦਾਸ ਕਰਨੀ ਉਸਦੇ ਨੇੜੇ ਹੋਣ ਦਾ ਜਤਨ ਹੈ, ਆਪੇ ਦੇ ਭਾਵ ਨੂੰ ਉਹ ਪਰਮਾਤਮ ਦੇਵ ਵੱਲ ਝੁਕਾਉ ਵਾਲਾ, ਉਸ ਵੰਨੇ ਰੁਖ਼ ਵਾਲਾ ਬਨਾਉਣਾ ਹੈ, ਉਸ ਪਵਿਤ੍ਰਤਾ ਰੂਪੀ ਅਗਨੀ ਦੇ ਅਲਾਂਬੇ ਦੇ ਨੇੜੇ ਹੋਣਾ ਹੈ। ਜਦ ਇਉਂ ਕਰਦਿਆਂ ਉਸਦੀ ਸਮੀਪਤਾ ਵਿਚ ਜਾਈਦਾ ਹੈ ਤਾਂ ਉਸਦਾ ਅਸਰ ਸਾਡੇ ਤੇ ਪੈਂਦਾ ਹੈ ਤੇ ਅੰਦਰਲਾ ਟਿਕਾਉ ਵਿਚ ਆਉਣ ਲਗ ਪੈਂਦਾ ਹੈ, ਉਸਦੀ ਹੋਂਦ ਦੀ, ਉਸਦੀ 'ਹੈ' ਦੀ ਪ੍ਰਤੀਤੀ ਸਾਡੇ ਆਪੇ ਵਿਚ ਨਿਸ਼ਚਿਤ ਹੋਣ ਲਗ ਜਾਂਦੀ ਹੈ। ਯਾ ਇਉਂ ਕਹੋ ਕਿ ਅਰਦਾਸ ਤੋਂ ਬਾਦ ਜਦੋਂ ਹੋਰ ਪਾਸਿਆਂ ਵਿਚ ਵਿਚਰੀਦਾ ਹੈ ਤਾਂ ਅੰਦਰ ਵਾਹਿਗੁਰੂ ਜੀ ਦੀ ਹੋਂਦ ਦਾ ਭਾਵ ਇਕ 'ਹੈ' ਦੀ ਪ੍ਰਤੀਤੀ ਵਿਚ ਕਾਯਮ ਹੋ ਜਾਂਦਾ ਹੈ, ਅਰਥਾਤ ਸਾਨੂੰ ਪਰਮਾਤਮਾ ਹਰ ਵੇਲੇ ਯਾਦ ਰਹਿਣ ਲਗ ਪੈਂਦਾ ਹੈ। ਸਾਡੀ ਸਿੰਮ੍ਰਤੀ (ਯਾਦ ਸ਼ਕਤੀ) ਵਿਚ ਉਸਦਾ ਨਿਵਾਸ-ਨਾਮ ਸਿਮਰਨ-ਕਹੀਦਾ ਹੈ। ਆਪੇ ਦੇ ਇਸ ਰੰਗ ਵਿਚ ਫੇਰ ਰਸ ਪੈਂਦਾ ਹੈ- *'ਉਇ ਸੁਖ ਕਾਮਿਉ ਬਰਨਿ ਸੁਨਾਵਤ'*। ਉਸ ਰਸ ਤੋਂ ਸ਼ੁਕਰ ਦੇ ਭਾਵ ਉਪਜਦੇ ਹਨ, ਉਨ੍ਹਾਂ ਭਾਵਾਂ ਦਾ ਰਸ ਆਪਣਾ ਹੁੰਦਾ ਹੈ। ਇਉਂ 'ਅੰਦਰਲੇ ਆਪੇ' ਨੂੰ ਭਾਵ ਨਾਲ ਪ੍ਰਮਾਤਮ ਦੇਵ ਦੀ ਨਿਕਟਤਾ ਪ੍ਰਾਪਤ ਹੁੰਦੀ ਹੈ ਤੇ ਉਸਦੇ ਗੁਣਾਂ ਦਾ, ਉਸਦੇ ਸਰੂਪ ਦਾ, ਉਸਦੇ ਆਨੰਦ ਦਾ ਪ੍ਰਭਾਉ ਪ੍ਰਾਪਤ ਹੁੰਦਾ ਹੈ ਤੇ ਸਾਨੂੰ ਜੀਵਨ ਕੀਹ ਹੈ ਦਾ ਪਤਾ ਲੱਗਦਾ ਹੈ। ਜੀਵਨ ਫਿਰ ਰਸ ਮਯ ਹੋ ਜਾਂਦਾ ਹੈ ਤੇ ਉਸ ਰਸ ਦਾ ਫੇਰ ਦਾਤਾ ਬਣ ਜਾਈਦਾ ਹੈ, ਜੀਉ ਕਰਦਾ ਹੈ ਕਿ ਜਗਤ ਨੂੰ ਸੁਖੀ ਕਰੀਏ, ਫਿਰ ਆਪਣਾ ਜੀਵਨ ਜਗਤ ਦੇ ਹਰ ਤਰ੍ਹਾਂ ਦੇ ਉਪਕਾਰ ਲਈ ਨਿਰ-ਯਤਨ ਸਮਰਪਨ ਹੋ ਜਾਂਦਾ ਹੈ।

ਚਾਨਣ ਸਿੰਘ-ਆਪ ਦਾ ਇਹ ਮਤਲਬ ਹੈ ਕਿ ਜਿਵੇਂ ਰੂਪਧਾਰੀ ਜਗਤ ਵਿਚ ਰੂਪਧਾਰੀ ਰੂਪ ਧਾਰੀ ਕੋਲ ਜਾਵੇ ਤਾਂ ਟੁਰਕੇ ਯਾ ਕਿਸੇ ਸਵਾਰੀ ਤੇ ਚੜ੍ਹਕੇ ਜਾਂਦਾ ਹੈ, ਐਉਂ ਵਾਹਿਗੁਰੂ ਜੀ ਕੋਲ ਨਹੀਂ ਜਾ ਸਕੀਦਾ, ਉਹ ਅਰੂਪ ਹੈ, ਸੂਖਮ ਤੋਂ ਸੂਖਮ ਹੈ, ਦੇਸ਼ ਤੇ ਕਾਲ ਦੀ ਬੰਨ੍ਹ ਵਿਚ ਨਹੀਂ ਹੈ, ਪਰ ਹੈ ਵਜੂਦ ਵਾਲਾ ਚੇਤਨ ਤੇ ਸੁਖ ਸਰੂਪ। ਉਸਦੇ ਨੇੜੇ ਹੋਣਾ ਹੋਵੇ ਤਾਂ ਅੰਦਰਲੇ ਦੇ ਭਾਵ ਨਾਲ ਹੋਈਦਾ ਹੈ। ਸੋ ਅਗਨੀ ਵਾਲਾ, ਦ੍ਰਿਸ਼ਟਾਂਤ ਤਾਂ ਢੁੱਕਿਆ ਪਰ ਨੇੜੇ ਜਾਣਾ 'ਸਾਂਈਂ' ਦੇ ਹੋਰ ਤਰ੍ਹਾਂ ਦਾ ਹੈ, ਉਹ ਹੈ ਭਾਵ ਨਾਲ, ਸੋ ਭਾਵ ਨਾਲ ਜੋ ਸਾਂਈਂ ਵਲ ਰੁਖ ਕਰਦਾ ਹੈ ਉਹ ਨੇੜੇ ਹੁੰਦਾ ਹੈ ਤੇ ਸੁਖ ਲੈਂਦਾ ਹੈ। ਇਹ ਜੋ ਅਰਦਾਸ ਹੈ, ਸ਼ੁਕਰ ਹੈ, ਉਸਦੇ ਗੁਣ ਗਾਇਨ ਕਰਨਾ ਹੈ ਤੇ ਉਸਨੂੰ ਪਿਆਰ ਨਾਲ ਯਾਦ ਕਰਨਾ ਹੈ; ਇਹ ਹੈ ਅੰਦਰਲੇ ਦੇ ਭਾਵ ਨੂੰ ਉਸ ਪਾਸੇ ਲਾ ਲੈਣਾ। ਕੀਹ ਜੀ ਮੈਂ ਠੀਕ ਸਮਝ ਲਿਆ ਹੈ?

ਸੰਤ-ਹਾਂ ਭਾਈ, ਤੂੰ ਉਂਵ ਬੀ ਸੋਚ ਲੈ ਕਿ ਉਥੇ ਤਾਂ ਅਗਨੀ ਜੜ੍ਹ ਪਦਾਰਥ ਸੀ ਨਾ, ਤੇ ਏਥੇ ਵਾਹਿਗੁਰੂ ਜੀ ਚੇਤਨ ਹੋਏ ਤੇ ਅਸੀਂ ਬੀ ਚੇਤਨਤਾ ਵਾਲੇ ਹੋਏ। ਇਸੇ ਗਲ ਨੂੰ ਮਨੁਖਾਂ ਮਨੁਖਾਂ ਵਿਚ ਘਟਾਕੇ ਦੇਖ ਲੈ। ਮਨੁੱਖ ਟੁਰਕੇ ਇਕ ਮਨੁੱਖ ਦੇ ਨੇੜੇ ਜਾ ਬੈਠਾ। ਦੁਇ ਓਪਰੇ ਦੋ ਬ੍ਰਿੱਛਾਂ ਵਾਂਙੂ ਨੇੜੇ ਨੇੜੇ ਖੜੇ ਰਹੇ। ਪਰ ਜਦ ਦਿਲ ਵਿਚ ਕੋਈ ਭਾਵ ਲੈ ਕੇ ਜਾਓ ਤਾਂ ਅਸਲੀ ਨੇੜੇ ਹੋਈਦਾ ਹੈ? ਦੁਇ


www.sikhbookclub.com

ਫਿਰ ਪਰਸਪਰ ਸੰਬੰਧ ਪ੍ਰਤੀਤ ਕਰਦੇ ਹਨ। ਜੇ ਪਜਾਰ ਦਾ ਭਾਵ ਹੋਵੇ ਤਾਂ ਆਪੋ ਵਿਚ ਅਸਰ ਕਰਦਾ ਤੇ ਸੁਖ ਦੇਂਦਾ ਹੈ।

ਚਾਨਣ ਸਿੰਘ (ਤ੍ਰਬ੍ਰਕ ਕੇ)--ਠੀਕ ਦੱਸਿਆ ਨੇ, ਬਹੁਤ ਖ਼ੂਬ.......।

ਸੰਤ-ਫੇਰ ਦੇਖ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਲਿਖਜਾ ਹੈ- *'ਖਾਲੀ ਚਲੇ ਧਣੀ ਸਿਉ ਟਿਬੇ ਜਿਉ ਮੀਹਾਹੁ ॥'* ਮੀਹ ਜਦ ਵੱਸਦਾ ਹੈ ਤਾਂ ਟੋਏ ਭਰੀਂਦੇ ਹਨ, ਟਿੱਬੇ ਸੱਖਣੇ ਰਹਿ ਜਾਂਦੇ ਹਨ, ਸੋ ਜਿਨ੍ਹਾਂ ਦੇ ਮਨ ਸਾਂਈਂ ਦੇ ਸਦਾ ਵੱਸ ਰਹੇ ਪਿਆਰ ਤੇ ਮਿਹਰ ਦੇ ਮੀਂਹ ਅੱਗੇ ਟਿੱਬੇ ਬਣੇ ਹਨ ਓਹ ਸੱਖਣੇ, ਜੋ ਟੋਏ ਬਣਦੇ ਹਨ ਓਹ ਲਹ ਲਹ ਕਰਦੇ ਸੁਭਰ ਭਰਦੇ ਹਨ! ਮੀਂਹ ਦੀ ਸਮਵਰਤਨਾਂ ਵਿਚ ਕੋਈ ਫਰਕ ਨਹੀਂ! ਕੀ ਤੁਸੀਂ ਸਮਝਦੇ ਹੋ ਟੋਏ ਬਣਨ ਦਾ ਕੀਹ ਭਾਵ ਹੈ?

ਚਾਨਣ ਸਿੰਘ--ਨਹੀਂ ਜੀ।

ਸੰਤ-ਭਾਈ, ਅਧਿਕਾਰੀ ਬਣਨਾ। ਆਪਣੇ ਆਪ ਨੂੰ ਇਸ ਜੋਗ ਬਨਾਉਣਾ ਕਿ ਮਿਲੀ ਦਾਤ ਨੂੰ ਸਾਂਭ ਸਕੇ। ਤੁਸੀਂ ਸ਼ਾਇਦ ਅੰਗ੍ਰੇਜ਼ੀ ਵਿਚ ਉਸ ਨੂੰ 'ਰੀਸੀਪੀਅੰਟ' (Recepient) ਆਖਦੇ ਹੋਸੋ। ਭਗਤੀ ਭਾਵ ਨਾਲ, ਪਿਆਰ ਦੇ ਅੰਤ੍ਰੀਵ ਭਾਵ ਨਾਲ ਜੋ ਵਾਹਿਗੁਰੂ ਜੀ ਵਲ ਰੁਖ਼ ਕਰਨਾ ਹੈ ਇਹ ਰੀਸੀਪੀਅੰਟ ਬਣਨਾ ਹੈ। ਜੇ ਟਿੱਬੇ ਰੀਸੀਪੀਅੰਟ ਬਣ ਕੇ ਲਾਭ ਲੈਣੋਂ ਵਿਰਵੇ ਹਨ ਤਾਂ ਮੀਂਹ ਦੀ ਵੰਡ ਨੂੰ ਕਿਉਂ ਉਲਾਂਭਾ ਕਿ ਉਹ ਕੁਸ਼ਾਮਤ ਦੀ ਲੋੜ ਰੱਖਦਾ ਹੈ। ਮੀਂਹ ਤਾਂ ਸਮੁੰਦ੍ਰ ਤੇ ਭੀ ਵੱਸਦਾ ਹੈ, ਰੇਤ ਥੱਲੇ ਤੇ ਭੀ, ਟਿੱਬੇ ਤੇ ਵੀ, ਪਰਬਤ ਤੇ ਭੀ ਤੇ ਛੱਪੜ ਤੇ ਬੀ, ਖੇਤਾਂ ਤੇ ਭੀ ਤੇ ਘਰਾਂ ਤੇ ਭੀ। ਜੋ ਜੋ ਉਸਦੇ ਬਖਸ਼ੇ ਪਾਣੀ ਨੂੰ ਲੈਣ ਲਈ ਆਪ ਨੂੰ ਰੀਸੀਪੀਅੰਟ ਬਣਾਉਂਦਾ ਹੈ ਉਹ ਉਹ ਵਰੋਸਾਉਂਦਾ ਹੈ, ਫਰਕ ਕੇਵਲ ਇੰਨਾ ਹੈ ਕਿ ਮੀਂਹ ਤੇ ਅਗਨੀ ਨਿਰਜਿੰਦ ਹਨ, ਦਾਤਾ ਅਸਲੀ ਜਿੰਦ ਤੇ ਪੂਰਨ ਚੇਤਨਤਾ ਹੈ, ਉਹ ਵਡਾ ਦਾਤਾ ਸਭ ਕਿਸੇ ਨੂੰ ਦੇਂਦਾ ਹੈ, ਜੋ ਰੀਸੀਪੀਅੰਟ ਹੈਨ, ਸੋ ਲਾਭਵੰਦ ਹੁੰਦੇ ਹਨ ਜੋ ਨਹੀਂ ਸੋ ਨਹੀਂ ਹੁੰਦੇ।

ਚਾਨਣ ਸਿੰਘ-ਹੁਣ ਸਾਰੀ ਗੱਲ ਦੀ ਸਮਝ ਆਈ ਜੇ। ਸ਼ੁਕਰ ਹੈ ਆਪ ਦਾ ਤੇ ਆਪ ਦੇ ਦਾਤਾ ਜੀ ਦਾ।

ਸੰਤ-ਇਕ ਹੋਰ ਗੱਲ ਸਮਝ। ਜੇ ਲੋਹਾ ਉਸ ਨਾਲ, ਜਿਸਨੂੰ ਤੁਸੀਂ 'ਮੈਗਨਿਟ' (Magnet) ਤੇ ਅਸੀਂ ਮਿਕਨਾਤੀਸ ਆਖਦੇ ਹਾਂ, ਛੋਹੇ ਤਾਂ ਉਸ ਵਿਚ ਮਿਕਨਾਤੀਸੀ ਖਿੱਚ ਆ ਜਾਂਦੀ ਹੈ, ਉਹ ਲੋਹਾ ਫਿਰ ਦੂਸਰੇ ਲੋਹੇ ਨੂੰ ਆਪਣੀ ਵੱਲ ਖਿੱਚਦਾ ਹੈ, ਅਰਥਾਤ ਉਹ ਮਿਕਨਾਤੀਸੀ ਸ਼ਕਤੀ ਵਾਲਾ ਹੋ ਜਾਂਦਾ ਹੈ, ਪਰ ਜੇ ਲੋਹਾ ਕੱਚਾ ਹੈ ਤਦ ਜਦੋਂ ਉਸ ਨੂੰ ਮਿਕਨਾਤੀਸ ਤੋਂ ਪਰੇ ਕਰੋਗੇ ਆਪ ਮਿਕਨਾਤੀਸ ਨਹੀਂ ਰਹੇਗਾ, ਪਰ ਜੇ ਉਹ ਫੌਲਾਦ ਹੋ ਗਿਆ ਹੈ ਅਰਥਾਤ ਕਮਾਇਆ ਲੋਹਾ ਜੋ ਅਸਪਾਤ ਕਿ ਫੌਲਾਦ ਕਿ ਪੱਕਾ ਕੁਛ ਕਹੋ ਬਣ ਚੁਕਾ ਹੈ ਤੇ ਉਸ ਨੂੰ ਤੁਸੀਂ ਮੈਗਨਿਟ ਦੇ ਗਲੇ ਲਗਾ ਦਿਓ ਤਾਂ ਉਸ ਵਿਚ ਮਿਕਨਾਤੀਸੀ ਤਾਕਤ ਪ੍ਰਵੇਸ਼ ਕਰਕੇ ਟਿਕ ਜਾਏਗੀ। ਜਦੋਂ ਪਰੇ ਬੀ ਕਰ ਲਓਗੇ ਤਾਂ ਉਸ ਵਿਚ ਉਹ ਤਾਕਤ ਸਮਾਈ ਹੋਈ ਹੋਵੇਗੀ, ਅਰਥਾਤ ਉਹ ਦੂਸਰੇ ਲੋਹੇ ਨੂੰ ਖਿੱਚੇਗੀ। ਇਹ ਰਿਹਾ ਦ੍ਰਿਸ਼ਟਾਂਤ, ਇਸ ਦਾ ਭਾਵ ਇਹ ਹੈ ਕਿ ਅਸਾਂ ਜੁ ਆਪ ਇਸ ਸ੍ਰਿਸ਼ਟੀ ਦੇ ਮੂਲ ਕਾਰਣ-ਵਾਹਿਗੁਰੂ-ਦੇ ਨੇੜੇ ਹੋਣਾ ਹੈ ਉਸ ਦਾ ਪ੍ਰਭਾਉ ਲੈਕੇ ਆਤਮ ਜੀਵਨ ਵਾਲੇ ਹੋ ਜਾਣ ਲਈ ਹੈ, ਜੇ ਅਸੀਂ ਆਪੇ ਨੂੰ ਘਾਲ ਕਰ ਕੇ ਕਮਾ ਲਵਾਂਗੇ ਤਾਂ ਸਾਂਈਂ ਦੀ ਸ਼ਕਤੀ ਦਾ ਪਰਵੇਸ਼ ਉਨ੍ਹਾਂ ਦੇ ਗੁਣਾਂ ਦਾ ਆਵੇਸ਼, ਉਨ੍ਹਾਂ ਦੇ ਸਰੂਪ ਦਾ ਨਿਵਾਸ, ਉਨ੍ਹਾਂ ਦੀ ਤਦਰੂਪਤਾ ਸਾਡੇ ਨਾਲ ਥਿਰ ਤੇ ਅਭੇਦ ਹੋ ਜਾਏਗੀ। ਜੇ ਅਸੀਂ ਕੱਚੇ ਹਾਂ ਤਾਂ ਜਦ ਤਕ ਸਤਿਸੰਗ ਦ੍ਵਾਰਾ ਨਾਲ ਰਹੇ, ਸੁਖਾਵੇਸ਼ ਵਾਲੇ ਰਹੇ, ਪਰੇ ਹੋ ਗਏ ਤਾਂ ਰਹਿ ਗਏ ਸਖਣੇ।

ਚਾਨਣ ਸਿੰਘ-ਉਈ, ਸੰਤ ਜੀ ਤਦੇ ਮੈਂ ਡਿੱਗ ਡਿੱਗ ਪੈਂਦਾ ਹਾਂ। ਅਜੇ ਕੱਚਾਂ ਹਾਂ। ਕਮਾਈ ਦੀ ਕਸਰ ਹੈ, ਠੀਕ ਹੈ........ਨਾਲ ਲਾਈ ਰੱਖੋ ਨਾ!


www.sikhbookclub.com

ਸੰਤ-ਭਾਈ ਸਾਡੀ ਗੱਲ ਦੀ ਸੈਨਤ ਤੁਸਾਂ ਵੰਨੇ ਨਹੀਂ ਸੀ। ਅਸੀਂ ਤਾਂ ਇਕ ਅਸੂਲ ਤੁਸਾਂ ਨੂੰ ਸਮਝਾਇਆ ਸੀ ਕਿ ਰੀਸੀਪੀਐਂਟ ਤਾਂ ਅਸੀਂ ਆਪ ਨਹੀਂ ਹੁੰਦੇ ਤੇ ਦੋਸ਼ ਦੇਂਦੇ ਤੇ ਮਖੌਲ ਕਰਦੇ ਹਾਂ ਕਰਤਾ ਪੁਰਖ ਨੂੰ ਕਿ ਜੋ ਸਦਾ ਮਿਹਰ ਦਾ ਰੂਪ ਹੈ। ਸਾਡੀ ਘਾਲ ਕਮਾਈ, ਸਾਡਾ ਬਾਣੀ ਦਾ ਪਾਠ ਵੀਚਾਰ, ਸ਼ੁਕਰ, ਨਾਮ, ਆਪੇ ਨੂੰ ਕਮਾਉਣਾ ਤੇ ਸਾਂਈਂ ਦੇ ਨੇੜੇ ਜਾਣਾ ਹੈ, ਆਪੇ ਨੂੰ ਰੀਸੀਪੀਐਂਟ ਬਣਾ ਕੇ ਦਾਤ ਲੈਣ, ਸੰਭਾਲਣ ਤੇ ਆਤਮ ਜੀਵਨ ਵਾਲੇ ਹੋ ਜਾਣ ਲਈ ਹੈ। ਬਾਕੀ ਕਸਰਾਂ ਆਪੋ ਆਪਣੀਆਂ-ਮੇਰੀਆਂ ਮੈਂ ਜਾਣਾ, ਤੁਸਾਡੀਆਂ ਤੁਸੀਂ, ਜਿਉਂ ਜਿਉਂ ਘਟਾਓ ਤਿਉਂ ਤਿਉਂ ਸੁਖ।

ਚਾਨਣ ਸਿੰਘ-ਹੁਣ ਸਮਝੇ ਪਈ ਜੇ ਸਾਰੀ ਗੱਲ । ਸੰਤ ਜੀ, ਖਿਮਾ ਕਰਨੀ ਆਪ ਨੇ ਅੱਜ ਦੀਆਂ ਗੱਲਾਂ ਵਿਚ ਅੰਗਰੇਜ਼ੀ ਪਦ ਵਰਤੇ ਹਨ ਤੇ ਦ੍ਰਿਸ਼ਟਾਂਤਾਂ ਵਿਚ ਜੋ ਕੁਝ ਕਿਹਾ ਹੈ ਉਸ ਤੋਂ ਥਹੁ ਪੈਂਦਾ ਹੈ ਕਿ ਆਪ ਸਾਇੰਸ ਤੇ ਫਿਲਾਸਫੀ ਦੇ ਭੀ ਜਾਣੂ ਹੋ, ਆਪ ਕਿਸੇ ਕਾਲਜ ਵਿਚ ਭੀ ਗਏ ਹੋ?

ਸੰਤ-ਭਾਈ, ਤੁਸਾਂ ਵਾਂਗੂ ਪੜ੍ਹੇ ਸਾਂ, ਪਰ ਜਗਤ ਵਿਚ ਖ਼ੁਦਗਰਜ਼ੀ ਦੇਖੀ, ਇਸ ਖ਼ੁਦਗਰਜ਼ੀ ਕਰ ਕੇ ਸਾਰੇ ਦੁਖੀ ਦੇਖੇ ਤਾਂ ਮਨ ਨੇ ਕਿਹਾ--

***ਸੋ ਅਸਥਾਨੁ ਬਤਾਵਹੁ ਮੀਤਾ॥ ਜਾਕੈ ਹਰਿ ਹਰਿ ਕੀਰਤਨੁ ਨੀਤਾ॥*** (ਆਸਾ ਮ: ੫-੭੦)

ਸੋ ਇਸ ਪਾਸੇ ਲਗ ਗਏ, ਜਦ ਸੋਝੀ ਪਈ ਤਾਂ ਮਨ ਨੇ ਕਿਹਾ, ਤੂੰ ਹੁਣ ਸੁਖੀ ਹੈਂ; ਹੁਣ ਜਗਤ ਨੂੰ ਸੁਮਤਿ ਦਿਓ, ਆਪਣਾ ਜਗਤ ਤੇ ਬੋਝ ਕੇਵਲ ਰੁਖੇ ਭੋਜਨ ਦਾ ਰੱਖੋ ਤੇ ਕੱਜਣ ਮਾਤਰ ਬਸਤਰ ਦਾ ਤੇ ਬਾਕੀ ਜਪੋ ਤੇ ਜਪਾਵੋ। ਆਪ ਕਰੋ ਤੇ ਜਗਤ ਨੂੰ ਰਸਤਾ ਦੱਸੋ ਕਿ ਤੁਸੀਂ ਜੋ ਖ਼ੁਦਗਰਜ਼ੀ ਦਾ ਜੀਵਨ ਬਸਰ ਕਰਦੇ ਹੋ ਇਹ ਮਾੜਾ ਹੈ। ਜਗਤ ਇਸ ਕਰ ਕੇ ਬਹੁਤ ਦੁਖੀ ਹੈ। ਤੁਸੀਂ ਜਗਤ ਦੇ ਮੂਲ ਕਾਰਨ ਨੂੰ ਪਛਾਣੋ, ਉਸ ਨਾਲ ਇਕ ਸੁਰ ਹੋ ਜਾਓ ਤੇ ਫੇਰ ਸੰਸਾਰ ਵਿਚ ਪਿਆਰ ਦੀ ਵਰਤੋਂ ਵਰਤੋ:-

***ਏਕ ਪਿਤਾ ਏਕਸ ਕੇ ਹਮ ਬਾਰਿਕ ਤੂੰ ਮੇਰਾ ਗੁਰ ਹਾਈ॥*** (ਸੋਰਠਿ ਮ: ੫

ਇਹ ਸੁਮੱਤ ਦੇਣ ਲਈ ਅਸੀਂ ਫੇਰ ਮਨਸਾ ਧਾਰ ਲਈ ਤੇ ਸਾਧੂ ਇਸ ਕਰਕੇ ਟਿਕੇ ਰਹੇ ਕਿ ਸਾਡਾ ਬੋਝ ਸ੍ਰਿਸ਼ਟੀ ਉਤੇ ਨਾ ਪਵੇ, ਪਵੇ ਤਾਂ ਅਤਿ ਥੋੜਾ।

੪.

**ਗੱਲਾਂ** ਕਰਦੇ ਕਰਦੇ ਸੰਤ ਅੱਭੜਵਾਹੇ ਉਠੇ ਤੇ ਨਦੀ ਦੇ ਰੁਖ਼ ਨੂੰ ਦੌੜ ਗਏ। ਚਾਨਣ ਸਿੰਘ ਕੁਟੀ ਲਾਗੇ ਹੀ ਬੈਠਾ ਰਿਹਾ, ਤੱਕਦਾ ਤੇ ਹੈਰਾਨ ਹੁੰਦਾ ਰਿਹਾ ਕਿ ਸੰਤਾਂ ਨੂੰ ਕੀਹ ਹੋ ਗਿਆ ਜੋ ਇਵ ਨੱਸ ਗਏ ਹਨ। ਕੁਛ ਚਿਰ ਮਗਰੋਂ ਉਹ ਕੀਹ ਡਿੱਠਾ ਕਿ ਸੰਤ ਪਾਣੀ ਵਿਚ ਤ੍ਰਿਬੁਡ ਵਾਪਸ ਆ ਰਹੇ ਹਨ ਅਤੇ ਮੋਢੇ ਤੇ ਇਕ ਭਿੱਜੇ ਕੱਪੜਿਆਂ ਵਾਲੀ ਲੋਥ ਚਾਈ ਲਿਆਉਂਦੇ ਹਨ। ਕੁਟੀ ਪਾਸ ਆ ਕੇ ਸੰਤਾਂ ਨੇ ਲੋਥ ਪਰਾਲੀ ਤੇ ਲੰਮੀ ਪਾ ਦਿੱਤੀ ਤੇ ਛੇਤੀ ਨਾਲ ਆਪਣੇ ਘੜੇ ਦਾ ਪਾਣੀ ਡੋਹਲ ਕੇ ਮੂਧਾ ਕਰਕੇ ਲੋਥ ਉਸ ਪੁਰ ਪੁੱਠੀ ਪਾਕੇ ਐਸਾ ਕੁਛ ਕੀਤਾ ਕਿ ਉਸਦੇ ਮੂੰਹ ਥਾਣੀਂ ਸਾਰਾ ਅੰਦਰ ਪਿਆ ਪਾਣੀ ਨਿਕਲ ਗਿਆ। ਫਿਰ ਉਸਨੂੰ ਸਿੱਧਿਆਂ ਕਰਕੇ ਲਿਟਾ ਦਿੱਤਾ। ਇੰਨੇ ਨੂੰ ਇਕ ਬਿਰਧ ਮਾਈ ਤੇ ਇਕ ਜੁਆਨ ਆ ਪਹੁੰਚੇ। ਸੰਤਾਂ ਨੇ ਕਿਹਾ- 'ਮਾਈ! ਬੀਬੀ ਦੇ ਕਪੜੇ ਛੇਤੀ ਲਾਹ ਦੇ, ਆਹ ਲੈ ਸਾਫਾ, ਪੂੰਝ ਦੇਹ ਝਟਪਟ, ਤੇ ਆਹ ਲੈ ਲੋਈ ਇਸ ਨਾਲ ਕੱਜ ਦੇਹ'। ਮਾਈ ਤੇ ਆਏ ਭਾਈ ਨੇ ਛੇਤੀ ਨਾਲ ਇਹ ਕੰਮ ਕੀਤਾ ਤੇ ਆਪ ਨੇ ਚਾਨਣ ਸਿੰਘ ਨੂੰ ਕਿਹਾ- ਦੌੜ ਭਾਈ, ਡਾਕਟ੍ਰ ਧਨਵੰਤਰ ਸਿੰਘ ਨੂੰ ਜਾਕੇ ਕਹੁ ਛੇਤੀ ਆਵੇ, ਸਾਡਾ ਨਾਂ ਲਈਂ ਤੇ ਆਖੀਂ ਡੁੱਬੇ ਨੂੰ ਸੁਰਜੀਤ ਕਰਨ ਦਾ ਸਾਮਾਨ ਲੈ ਕੇ ਛੇਤੀ ਆ ਜਾਵੇ। ਆਪ ਸੰਤਾਂ ਨੇ ਲੋਥ ਨੂੰ ਖਾਸ ਤਰਕੀਬ ਨਾਲ ਲਿਟਾਕੇ ਸਿਰ੍ਹਾਣੇ ਦਾਉ ਹੋ ਕੇ ਬਾਹੀਂ ਮੋਢਿਆਂ ਤੋਂ ਫੜਕੇ ਪਿਛੇ ਅੱਗੇ ਕਰਨੀਆਂ ਅਰੰਭ ਦਿੱਤੀਆਂ ਕਿ ਮਾਨੋਂ ਬੀਬੀ ਦੇ ਫਿਫੜੇ ਖੱਲਾਂ ਹਨ ਤੇ ਇਹ ਹਰਕਤ ਧਉਕਣੀ ਦਾ ਕੰਮ ਕਰਨ ਲੱਗੀ ਹੈ। ਕੁਛ ਅਰਸਾ ਸੰਤਾਂ ਦੇ ਐਸਾ ਕਰਨੇ ਨਾਲ ਮੱਧਮ ਮੱਧਮ ਸਾਹ ਟੁਰ ਪਿਆ।

ਇੰਨੇ ਨੂੰ ਡਾਕਟਰ ਘੋੜਾ ਦੁੜਾਉਂਦਾ ਆ ਪਹੁੰਚਾ। ਉਸ ਨੇ ਆਕੇ ਸੰਤਾਂ ਨੂੰ ਕਿਹਾ- ਆਪ ਹੁਣ ਛੋੜ ਦਿਓ ਤੇ ਇਹ ਕੰਮ ਮੈਂ ਕਰਸਾਂ। ਸੋ ਡਾਕਟਰ ਲੱਗ ਪਿਆ, ਸਾਹ ਟੁਰ ਪਿਆ ਤੇ ਕੁਛ ਉਸਨੇ ਦਵਾਈ ਸਰੀਰ ਵਿਚ ਸੂਈ ਵਾਲੀ ਪਿਚਕਾਰੀ ਨਾਲ ਪਾਈ। ਹੁਣ ਚਾਨਣ ਸਿੰਘ ਤੇ ਡਾਕਟਰ ਦੇ ਆਦਮੀ ਕੱਪੜੇ ਤੇ ਕੰਬਲ ਤੇ ਹੋਰ ਸਾਮਾਨ ਲੈ ਕੇ ਪੁਜ ਪਏ ਸਨ। ਗਲ ਕੀਹ ਵੇਲੇ ਸਿਰ ਦੇ ਹੋ ਪਏ ਉਪਚਾਰ ਨਾਲ ਬੀਬੀ ਹੋਸ਼ ਵਿਚ ਆ ਗਈ। ਡਾਕਟਰ ਸਾਹਿਬ ਹੁਣ ਉਸਨੂੰ ਕਮਜ਼ੋਰ ਜਾਣਕੇ ਤੇ ਸੰਤਾਂ ਦੀ ਕੁਟੀ ਬੇਸਾਮਾਨ ਸਮਝਕੇ ਸਟਰੈਚਰ* ਤੇ ਪਾਕੇ ਲੈ ਗਏ ਤੇ ਆਪਣੇ ਡਾਕਟਰੀ ਉਪਾਵਾਂ ਨਾਲ ਬੀਬੀ ਵੱਲ ਕਰ ਲਈ।

ਡਾਕਟਰ, ਬੀਬੀ ਦੀ ਮਾਂ, ਪਤੀ ਤੇ ਕੰਪੋਂਡਰ ਆਦਿ ਸਭ ਦੇ ਚਲੇ ਜਾਣ ਮਗਰੋਂ ਚਾਨਣ ਸਿੰਘ ਨੇ ਪੁੱਛਿਆ- ਮਹਾਰਾਜ ਜੀ! ਆਪ ਨੂੰ ਕੋਈ ਅੰਤਰਯਾਮਤਾ ਹੋਈ ਸੀ ਕਿ ਆਪ ਇਕ ਦਮ ਉੱਠਕੇ ਦੌੜ ਪਏ ਸਾਓ? ਸੰਤ ਸੁਣ ਕੇ ਮੁਸਕ੍ਰਾ ਪਏ ਤੇ ਬੋਲੇ-ਅੰਤਰਯਾਮੀ ਜਾਣੇ! ਸਾਡੇ ਕੰਨੀ ਤਾਂ ਇਕ ਚੀਕ ਦੀ ਆਵਾਜ਼ ਪਈ ਸੀ ਤੇ ਅਸੀਂ ਉਸ ਆਵਾਜ਼ ਦੇ ਰੁੱਖ ਉਠ ਦੌੜੇ ਸਾਂ, ਨਦੀ ਇਥੋਂ ਨੇੜੇ ਹੀ ਹੈ, ਜਾਂ ਅਸੀਂ ਪਹੁੰਚੇ ਤਾਂ ਪਾਣੀ ਵਿਚ ਸਾਨੂੰ ਡੁਬਕੀਆਂ ਲੈਂਦੀ ਇਹ ਬੀਬੀ ਦਿੱਸ ਪਈ ਸੀ! ਅਸੀਂ ਛਾਲ ਮਾਰੀ, ਛੋਟੇ ਹੁੰਦਿਆ ਜਦੋਂ ਅਸਾਂ ਤਰਨਾਂ ਸਿੱਖਿਆ ਤਾਂ ਕਈ ਮੁੰਡੇ ਦਮ ਤੋੜਕੇ ਡੁਬਣ ਲੱਗਦੇ ਸਨ ਤੇ ਕੱਢੀਦਾ ਸੀ ਤਦੋਂ ਇਹ ਬੀ ਜਾਚ ਸਿੱਖੀ ਸੀ ਕਿ ਡੁਬਦੇ ਨੂੰ ਕਿਵੇਂ ਕੱਢੀਦਾ ਹੈ। ਜਦੋਂ ਤਾਰੂ ਕਿਸੇ ਡੁਬਦੇ ਨੂੰ ਕੱਢਦਾ ਹੈ ਤਾਂ ਡੁਬਣਹਾਰ ਉਸਨੂੰ ਜੱਫਾ ਮਾਰਦਾ ਹੈ, ਜੱਫਾ ਵੱਜ ਜਾਏ ਤਾਂ ਦੁਏ ਡੁਬਦੇ ਹਨ, ਸੋ ਤਰਕੀਬ ਸਿੱਖੀ ਦੀ ਹੈ ਕਿ ਉਸਦਾ ਜੱਫਾ ਆਪਨੂੰ ਨਾ ਵੱਜੇ ਤੇ ਅਸੀਂ ਉਸਨੂੰ ਪੈਰਾਂ ਤੋਂ ਕਿ ਗੁਤ ਤੋਂ ਫੜਕੇ ਜਿਵੇਂ ਬਣ ਪਵੇ ਕੱਢ ਲਿਆਈਏ, ਉਹ ਜਾਚ ਅਜ ਕੰਮ ਆਈ। ਇਹ ਬੀਬੀ ਡੁਬਦੀ ਤੇ ਰੁੜ੍ਹਦੀ ਬਚ ਗਈ, ਕਰਤਾਰ ਨੇ ਹੱਥ ਦੇ ਕੇ ਰੱਖ ਲਿਆ!

ਚਾਨਣ ਸਿੰਘ ਅਚਰਜ ਹੋ ਰਿਹਾ ਸੀ ਕਿ ਇਕ ਅਡੋਲ ਸਮਾਧੀਆਂ ਵਾਲਾ ਸਾਧੂ, ਵਿਦਯਾ ਦਾ ਪੁੰਜ, ਇਡਾ ਮੋਟਾ ਸਖ਼ਤ ਤੇ ਜਾਨ ਹੂਲਵਾਂ ਕੰਮ ਕਿਕੂੰ ਕਰ ਆਇਆ ਹੈ। ਕਿਵੇਂ ਇਨ੍ਹਾਂ ਦੇ ਕੰਨਾਂ ਨੇ ਇਡੀ ਦੂਰੋਂ ਡੁਬ ਰਹੀ ਧੀ ਦੀ ਮਾਂ ਦੀ ਚੀਕ ਸੁਣੀ ਤੇ ਕਿਵੇਂ ਉਠ ਭੱਜੇ। ਮਨ ਨੇ ਕਿਹਾ-ਚਾਨਣ ਸਿੰਘ! ਇਹ ਗੁਰੂ ਕੇ ਪਿਆਰੇ ਕਹਿਣੀ ਕਰਨੀ ਦੇ ਸੂਰੇ ਹਨ, ਨੇਕੀ ਦੇ ਪੁੰਜ ਹਨ। ਉਧਰ ਸੰਤ ਉਸਦੇ ਹਰਜਾਨੇ ਮੂੰਹ ਵਲ ਤੱਕ ਰਹੇ ਸਨ, ਬੋਲੇ:-

ਭਾਈ ਅਚਰਜ ਕਿਉਂ ਹੋ ਰਹੇ ਹੋ, ਅਸਾਂ ਨੇਕੀ ਕੋਈ ਨਹੀਂ ਕੀਤੀ। ਅਸੀਂ ਤਾਂ ਹੁਕਮੀ ਬੰਦੇ ਹਾਂ। ਅੰਤਰਯਾਮੀ ਅੰਦਰ ਬੈਠਾ ਹੈ, ਉਸ ਪ੍ਰੇਰਨਾ ਕੀਤੀ ਉਹ ਲੈ ਟੁਰਿਆ, ਉਸ ਹਿੰਮਤ ਦਿਤੀ, ਹਿੰਮਤ ਬਰ ਆਈ। ਸਾਡਾ ਇਸ ਵਿਚ ਇਹੋ ਹਿੱਸਾ ਹੈ ਕਿ ਅੰਤਰਯਾਮੀ ਨਾਲ ਸਾਡਾ ਨੇਹੁੰ ਲਗਾ ਰਹੇ ਤੇ ਇਹ ਸਰੀਰ ਕਿਸੇ ਦੇ ਸੁਖ ਲਈ ਕੰਮ ਆ ਜਾਵੇ, ਇਸਦੀ ਸਫਲਤਾ ਇਹੋ ਹੈ। ਅੰਦਰੋਂ ਹਉਂ ਪਰੇ ਕੀਤੀ ਤਾਂ ਸਾਂਈਂ ਮਿਲ ਪਿਆ, ਬਾਹਰੋਂ ਹਉਂ ਦੀ ਵਰਤੋਂ ਛੱਡੀ ਤਾਂ ਸ੍ਵਾਰਥਪਰਤਾ (=ਖੁਦਗਰਜ਼ੀ) ਗਈ ਤੇ ਜੀਵਨ ਦੂਜਿਆਂ ਲਈ ਸੁਖਦਾਤਾ ਹੋ ਗਿਆ।

ਚਾਨਣ ਸਿੰਘ-ਸਚ ਫੁਰਮਾਇਆ ਨੇ, ਕਹਿਣੀ ਕਰਨੀ ਇਕ ਹੋਵੇ ਤਦੇ ਸੁਆਦ ਹੈ। ਅਗੇ ਮੈਂ ਸਮਝਦਾ ਸਾਂ, ਇਕ ਕਹਿਣੀ ਹੈ ਇਕ ਕਰਣੀ ਹੈ! ਅਜ ਆਪਦੇ ਕਹਣੇ ਤੋਂ ਸਮਝ ਆਈ ਹੈ ਕਿ ਇਕ ਤਾਂ ਹੈ ਕਹਣੀ ਪਰ ਕਰਨੀਆਂ ਹਨ ਦੋ। ਪਹਿਲੀ ਕਰਨੀ ਹੈ ਅੰਦਰੋਂ ਹਉਂ ਤੇ ਜੀਤ ਪਾਉਣੀ, ਇਸ ਨਾਲ ਸਾਂਈਂ ਨਾਲ ਮੇਲ ਪ੍ਰਾਪਤੀ ਹੈ, ਦੂਸਰੀ ਕਰਨੀ ਹੈ ਬਾਹਰ ਹਉਮੈ ਤੇ ਜੀਤ ਪਾਉਣੀ, ਜਿਸ ਨਾਲ ਖ਼ੁਦਗਰਜ਼ੀ ਤੇ ਵਸੀਕਾਰ ਪਾਕੇ ਜੀਵਨ ਭਲਿਆਈ ਦਾ ਬਣਕੇ ਦੂਸਰਿਆਂ ਨੂੰ ਸੁਖ ਦਾਤਾ ਹੋ ਜਾਂਦਾ ਹੈ।

---

* ਬੀਮਾਰਾਂ ਨੂੰ ਆਰਾਮ ਨਾਲ ਲੰਮੇ ਪਿਆ ਹੀ ਲੈਜਾਣ ਵਾਲੀ ਖਟ ਜਿਹੀ ਨੂੰ ਸਟਰੈਚਰ ਆਖਦੇ ਹਨ।

ਸੰਤ-ਭਾਈ ਮਾਨੁਖ ਦਾ ਮਾਨੁਖ ਦਾਰੂ ਹੈ। ਗੁਰੂ ਬਾਬੇ ਨੇ ਇਹੋ ਸੁਮਤਿ ਸਿੱਖਾਂ ਨੂੰ ਦਿੱਤੀ ਸੀ ਕਿ ਅੰਦਰੋਂ ਥੋਥੇ ਤੇ ਅੰਧਕਾਰ ਵਿਚ ਨਾ ਰਹੋ। ਪ੍ਰਬੁਧ ਹੋਵੋ, ਫੁਰਨੇ ਤੇ ਮਨੋਰਾਜ ਦੀ ਨੈਂ ਉੱਤੇ ਸਾਂਈਂ ਦੇ ਨਾਮ ਦਾ ਤੁਲਹਾ ਤਾਰ ਲਓ ਤੇ ਉਤੇ ਬਹਿ ਜਾਓ। ਬਾਹਰ ਖੁਦੀ ਖੁਦਗਰਜੀ ਛੋੜਕੇ-ਹਾਂ, ਜਿੰਨੀ ਜਿੰਨੀ ਛਡੀ ਜਾਏ ਛਡ ਛਡਕੇ ਪਰਸੁਆਰਥ ਕਰੋ।.....ਹੱਛਾ ਭਾਈ ! ਅਰਦਾਸ ਵਾਲੀ ਗਲ ਮੁਕ ਗਈ ਕਿ ਕੁਛ ਹੋਰ ?

ਚਾਨਣ ਸਿੰਘ-ਕੁਛ ਕੁਛ ਪੁੱਛ ਹੋਰ ਹੈ, ਪਰ ਹੁਣ ਪ੍ਰਸਾਦ ਦਾ ਵੇਲਾ ਹੈ। ਆਪ ਨੇ ਛੇਤ੍ਰ ਤੋਂ ਦੋ ਫੁਲਕੇ ਲੈਣ ਜਾਣਾ ਹੋਵੇਗਾ। ਸੋ ਮੈਂ ਜੇ ਆਗਜਾ ਹੋਵੇ ਤਾਂ ਲੋਢੇ ਪਹਿਰ ਆ ਜਾਵਾਂ।

ਸੰਤ-ਭਾਈ ਕੱਲ ਤੇ ਰਖੋ ਗੱਲ, ਅੱਜ ਤੀਸਰੇ ਪਹਿਰ ਸ੍ਵਰਗ ਆਸ਼੍ਰਮ ਵਿਚ ਕੀਰਤਨ ਹੈ, ਅਸਾਂ ਓਥੇ ਜਾਣਾ ਹੈ, *'ਕੀਰਤਨ ਨਿਰਮੋਲਕ ਹੀਰਾ'*। ਤੁਸੀਂ ਭੀ ਓਥੇ ਆ ਜਾਓ, ਕੀਰਤਨ ਸੁਣੋ। ਦੇਸ ਤੋਂ ਕੋਈ ਸੁਹਣੇ ਰਾਗੀ ਆਏ ਹਨ। ਗੱਲ ਫੇਰ ਕੱਲ ਤੇ ਰੱਖੋ।

ਚਾਨਣ ਸਿੰਘ-ਸਤਿ ਬਚਨ ਜੀਉ ! ਇਹ ਕਹਿਕੇ ਅਦਬ ਨਾਲ ਫਤਹ ਬੁਲਾਕੇ ਚਾਨਣ ਸਿੰਘ ਟੁਰ ਗਿਆ।

ਅਗਲੇ ਦਿਨ ਚਾਨਣ ਸਿੰਘ ਫੇਰ ਆਇਆ ਤਾਂ ਵਾਰਤਾਲਾਪ ਐਉਂ ਆਰੰਭ ਹੋਈ-ਸ੍ਰੀ ਸੰਤ ਜੀਉ ਅਰਦਾਸ ਕਰਨੀ ਸਾਂਈਂ ਦੇ ਨੇੜੇ ਹੋਣਾ ਹੋਇਆ; ਨੇੜੇ ਹੋ ਜਾਣ ਕਰ ਕੇ ਉਹ ਫੈਜ਼ ਦੇ ਚਸ਼ਮੇ ਤੋਂ ਸੁਤੇ ਹੀ ਫੈਜ਼ਯਾਬ ਹੋਣਾ ਹੋਇਆ, ਉਹ ਸਾਡੀ ਅਰਦਾਸ ਸੁਣਦਾ ਤਾਂ ਨਾ ਹੋਇਆ ਨਾ, ਜਿਵੇਂ ਅਗਨੀ ਦਾ ਦ੍ਰਿਸ਼ਟਾਂਤ ਆਪ ਨੇ ਦੱਸਿਆ ਸੀ ? ਅਗਨੀ ਕੋਈ ਅਰਦਾਸ ਨਹੀਂ ਨਾਂ ਸੁਣਦੀ ਪਈ।

ਸੰਤ (ਗਹੁ ਨਾਲ ਤੱਕ ਕੇ)-ਐਸਾ ਕਹਿਣਾ ਪਰਮਾਤਮ ਦੇਵ ਨੂੰ ਅਚੇਤਨ ਮੰਨਣਾ ਹੋਵੇਗਾ, ਪਰ ਪਰਮਾਤਮ ਦੇਵ ਚੇਤਨ ਹੈ, ਅਗਨੀ ਅਚੇਤ ਹੈ।....ਭਾਈ, ਦ੍ਰਿਸ਼ਟਾਂਤ ਦਾ ਇਕ ਅੰਗ ਲਈਦਾ ਹੈ।

ਚਾਨਣ ਸਿੰਘ-ਹੱਛਾ, ਠੀਕ ਹੈ ਜੀਉ....ਤਾਂ ਫੇਰ ਸੁਣਦਾ ਹੈ, ਪਰ ਪਸੀਜਦਾ ਨਹੀਂ ਹੈ।

ਸੰਤ-ਐਸਾ ਕਹਿਣਾ ਇਹ ਕਹਿਣ ਹੋਏਗਾ ਕਿ ਪਰਮਾਤਮ ਦੇਵ 'ਪ੍ਰਿਯ ਸਰੂਪ' ਨਹੀਂ ਹਨ, ਪਰ ਉਨ੍ਹਾਂ ਦਾ 'ਚੇਤਨ' ਸਰੂਪ 'ਪ੍ਰਿਯ' ਸਰੂਪ ਭੀ ਹੈ, ਉਹ ਸੁਧਾ ਪ੍ਰੇਮ ਹੈ।

ਚਾਨਣ ਸਿੰਘ-ਤਾਂ ਫੇਰ ਅਰਦਾਸ ਜ਼ਰੂਰ ਪਰਵਾਨ ਹੁੰਦੀ ਹੋਊ ?

ਸੰਤ-ਐਸਾ ਕਹਿਣਾ ਇਹ ਅਰਥ ਰੱਖੇਗਾ ਕਿ ਪਰਮਾਤਮ ਦੇਵ ਸੁਤੰਤ੍ਰ ਤੇ ਸ੍ਵਛੰਦ ਨਹੀਂ ਅਤੇ ਸਾਡੀ ਅਰਦਾਸ ਇਕ ਹੁਕਮ ਹੈ[1], ਜਿਸਦਾ ਬਜਾ ਲਿਆਉਣਾ ਪਰਮਾਤਮ ਦੇਵ ਦਾ ਫਰਜ਼ ਹੈ।

ਚਾਨਣ ਸਿੰਘ-ਠੀਕ.....ਫੇਰ ਤਾਂ ਸਿੱਟਾ ਇਹ ਨਿਕਲਿਆ ਕਿ ਅਰਦਾਸ ਨਹੀਂ ਕਰਨੀ ਚਾਹੀਦੀ।

ਸੰਤ-ਐਸਾ ਕਹਿਣਾ, 'ਦਲੀਲ ਜਿਸ ਪਾਸੇ ਲੈ ਜਾ ਰਹੀ ਹੈ' ਉਸਦਾ ਮੂੰਹ ਮਰੋੜ ਦੇਣਾ ਹੋਵੇਗਾ।

ਚਾਨਣ ਸਿੰਘ-ਦਲੀਲ ਜਿੱਧਰ ਲੈ ਜਾ ਰਹੀ ਹੈ, ਉਸਦਾ ਠੀਕ ਸਿੱਟਾ ਕੀਹ ਹੋਏਗਾ।

ਸੰਤ-ਅਰਦਾਸ ਕਰਨੀ ਚਾਹੀਦੀ ਹੈ[2]।

ਚਾਨਣ ਸਿੰਘ-'ਜੇ ਸੁਣੀ ਜਾਣੀ ਹੈ ਕਿ ਨਹੀਂ' ਇਸਦਾ ਥਹੁ ਨਹੀਂ ਤਾਂ ਕੀਹ ਲਾਭ ?

ਸੰਤ-ਐਸਾ ਕਹਿਣਾ ਆਪਣੀ ਅਕਲ ਨੂੰ ਸਰਬੱਗ ਮੰਨਣਾ ਹੋਵੇਗਾ

ਚਾਨਣ ਸਿੰਘ-ਉਹ ਕਿਵੇਂ ਜੀਉ ਜੀ ?

---

1. ਨਾਨਕ ਹੁਕਮੁ ਨ ਚਲਈ ਨਾਲਿ ਖਸਮ ਚਲੈ ਅਰਦਾਸਿ॥ *(ਵਾਰ ਆਸਾ ਮ: ੧)*
2. ਆਪੇ ਜਾਣੈ ਕਰੇ ਆਪਿ ਆਪੇ ਆਣੈ ਰਾਸਿ॥ ਤਿਸੈ ਅਗੈ ਨਾਨਕਾ ਖਲਿਇ ਕੀਚੈ ਅਰਦਾਸਿ॥੧॥
*(ਮਾਰੂ ਵਾ: ਮ: ੨-੨੦)*


www.sikhbookclub.com

ਸੰਤ-ਜੋ ਅਸੀਂ ਮੰਗੀਏ ਉਹ ਜ਼ਰੂਰ ਮਿਲੇ, ਇਹ ਅਸੀਂ ਆਪਣੀ ਮੰਗ ਨੂੰ ਸਰਖਦਾ ਠੀਕ ਮੰਨਕੇ ਮੰਗਦੇ ਹਾਂ। ਜੇ ਖਿਆਲ ਹੋਵੇ ਕਿ ਅਸੀਂ ਆਪਣੀ ਮੰਗ ਵਿਚ ਭੁੱਲ ਤੇ ਹੋ ਸਕਦੇ ਹਾਂ ਤਾਂ ਅਸੀਂ ਆਪਣੀ ਅਲਪੱਗਤਾ ਸਮਝ ਲਈ ਹੈ। ਅਤੇ ਸੱਚ ਇਹੋ ਹੈ ਕਿ ਅਸੀਂ ਅਲਪੱਗ ਹਾਂ, ਉਹ ਸਰਬੱਗ ਹੈ। ਅਸੀਂ ਮੰਗੀਏ, ਉਹ ਆਪਣੀ ਸਰਬੱਗਤਾ ਵਿਚ ਜੋ ਸਾਡੇ ਲਈ ਭਲਾ ਸਮਝੇਗਾ ਯਾ ਹੋਰ ਕਿਵੇਂ ਦਰੁਮਤ ਸਮਝੇਗਾ ਕਰੇਗਾ, ਐਸਾ ਵੀਚਾਰ ਕਰਨੇ ਵਿਚ ਅਸੀਂ ਉਸਨੂੰ ਸਰਬੱਗ ਮੰਨਦੇ ਹਾਂ। ਉਹ ਅਰਦਾਸ ਕਬੂਲ ਕਰੇ ਯਾ ਨਾ ਐਸਾ ਮੰਨਣੇ ਵਿਚ ਅਸੀਂ ਉਸ ਨੂੰ ਸੁਛੰਦ ਭੀ ਮੰਨਦੇ ਹਾਂ। ਗੁਰੂ ਸਤਿਗੁਰੂ ਨੇ ਸਿਖਲਾਇਆ ਹੈ :-

'***ਤੂ ਸਮਰਥੁ ਵਡਾ ਮੇਰੀ ਮਤਿ ਥੋਰੀ ਰਾਮ॥***' ਤਾਂਤੇ ਅਰਦਾਸ ਕਰੋ, ਪਰ ਉਸਦੀ ਸਰਬੱਗ ਰਜਾਤ ਤੇ ਛੋੜੋ-'***ਦੁਇ ਕਰ ਜੋੜਿ ਕਰਉ ਅਰਦਾਸਿ॥ ਤੁਧੁ ਭਾਵੈ ਤਾ ਆਣਹਿ ਰਾਸਿ॥***' ਹੇ ਸਾਂਈਂ ! ਮੈਂ ਦੋ ਹੱਥ ਜੋੜ ਕੇ ਅਰਦਾਸ ਕਰ ਰਿਹਾ ਹਾਂ, ਪਰ ਇਸ ਨੂੰ ਰਾਸ ਤੂੰ ਆਪਣੀ ਮਰਜ਼ੀ ਨਾਲ ਪਾਵੀਂ, ਕਿਉਂਕਿ ਮੇਰੀ ਮਤ ਥੋਰੀ ਹੈ ਤੇ ਤੈਂ ਸਮਰੱਥ ਦੀ ਮਤ ਸਰਬੱਗ ਹੈ! ਭਾਈ ! ਅਸੀਂ ਕਈ ਵੇਰ ਗ਼ਲਤ ਮੰਗਾ ਮੰਗ ਕੇ ਆਪਣੇ ਬੁਰੇ ਦਾ ਸਾਮਾਨ ਕਰਦੇ ਹੋਏ ਨਹੀਂ ਸਮਝਦੇ ਕਿ ਕੀਹ ਕਰ ਰਹੇ ਹਾਂ, ਉਹ ਦਾਤਾ ਜਾਣਦਾ ਹੈ, ਇਸ ਕਰ ਕੇ ਆਪਣੀ ਰਜ਼ਾ ਨਾਲ ਕਬੂਲ ਯਾ ਨਾ ਕਬੂਲ ਕਰਦਾ ਹੈ!

ਚਾਨਣ ਸਿੰਘ-ਠੀਕ ਜੀ ਠੀਕ, ਹੁਣ ਸਮਝਿਆ।

ਸੰਤ-ਭਾਈ, ਸਿੱਧਾਂਤ ਦੀ ਗੱਲ ਸਮਝ। ਅਰਦਾਸ ਦਾ ਭਾਵ ਹੈ ਅਪਣੇ ਅੰਤਰ ਵਾਹਿਗੁਰੂ ਜੀ ਦੇ ਫੈਜ਼ ਤੋਂ ਮੁੱਤਾਸਰ ਹੋਣ ਦੇ ਰੁਖ਼ ਵਿਚ ਆ ਜਾਣਾ। ਦੂਸਰਾ ਹੈ ਅਰਦਾਸ ਕੀਹ ਕਰਨੀ ਹੈ। ਸਭ ਤੋਂ ਉੱਤਮ ਅਰਦਾਸ ਹੈ ਵਾਹਿਗੁਰੂ ਜੀ ਤੋਂ ਵਾਹਿਗੁਰੂ ਜੀ ਦੀ ਮੰਗ ਕਰਨੀ-'***ਵਿਣੁ ਤੁਧੁ ਹੋਰੁ ਜਿ ਮੰਗਣਾ ਸਿਰਿ ਦੁਖਾ ਕੈ ਦੁਖ॥ ਦੇਹਿ ਨਾਮੁ ਸੰਤੋਖੀਆ ਉਤਰੈ ਮਨ ਕੀ ਭੁਖ॥***' ਇਸ ਅਰਦਾਸ ਦੀ ਪਰਵਾਨਗੀ ਨੇ ਸਾਨੂੰ ਆਪਣੇ ਪਰਮ ਪਰਯੋਜਨ ਤੇ ਅਪੜਾ ਦੇਣਾ ਹੈ, ਜਿੱਥੇ ਅੱਪੜ ਕੇ ਸਾਡੇ ਮਨ ਦੀ 'ਮੰਗ ਦੀ ਬਾਣ' ਹੀ ਦੂਰ ਹੋ ਜਾਣੀ ਹੈ। ਇਹ ਅਰਦਾਸ ਹੈ ਜੋ ਅਰਦਾਸ ਤੋਂ ਉਪਰ ਲੈ ਜਾਂਦੀ ਹੈ। ਫਿਰ ਅਰਦਾਸ ਕਰੋ ਆਪਣੇ ਅਵਗੁਣਾਂ ਦੇ ਦੂਰ ਕਰਨੇ ਲਈ। ਹਿੰਮਤ ਕਰੋ ਅਵਗੁਣ ਦੂਰ ਕਰਨੇ ਦੀ, ਨਾਲ ਅਰਦਾਸ ਕਰੋ ਸਾਂਈਂ ਸਹਾਇਤਾ ਲਈ 'ਅਵਗੁਣ ਦੂਰ ਹੋਣ।'

ਇਹ ਕਹਿੰਦੇ ਸੰਤਾਂ ਦਾ ਰੰਗ ਬਦਲਿਆ, ਉਠ ਕੇ ਖੜੇ ਗਏ-'ਓਇ ਚਾਨਣ ਸਿੰਘਾ ! ਉਠ ਜੋੜ ਹੱਥ, ਅਦਬ ਵਿਚ ਹੋ। ਖੜੇ ਹੋ ਕੇ ਸੰਤਾਂ ਦਾ ਹੁਣ ਚਿਹਰਾ ਸ਼ਾਂਤ ਤੇ ਏਕਾਂਤ ਰੰਗੀ ਹੋ ਗਿਆ, ਰਸਨਾ ਨੇ ਡਾਢੀ ਮਿੱਠੀ ਸੁਰ ਵਿਚ ਗਾਂਵਿਆਂ :-

*ਸੁਣਹੁ ਬੇਨੰਤੀਆ ਸੁਆਮੀ ਮੇਰੇ ਰਾਮ॥ ਕੋਟਿ ਅਪ੍ਰਾਧ ਭਰੇ ਭੀ ਤੇਰੇ ਚੇਰੇ ਰਾਮ॥ ਦੁਖ ਹਰਨ ਕਿਰਪਾ ਕਰਨ ਮੋਹਨ ਕਲਿ ਕਲੇਸਹ ਭੰਜਨਾ॥ ਸਰਨਿ ਤੇਰੀ ਰਖਿ ਲੇਹੁ ਮੇਰੀ ਸਰਬ ਮੈ ਨਿਰੰਜਨਾ॥ ਸੁਨਤ ਪੇਖਤ ਸੰਗਿ ਸਭ ਕੈ ਪ੍ਰਭ ਨੇਰ ਹੂ ਤੇ ਨੇਰੇ॥ ਅਰਦਾਸਿ ਨਾਨਕ ਸੁਣਿ ਸੁਆਮੀ ਰਖਿ ਲੇਹੁ ਘਰ ਕੇ ਚੇਰੇ॥੧॥ ਤੂ ਸਮਰਥੁ ਸਦਾ ਹਮ ਦੀਨ ਭੇਖਾਰੀ ਰਾਮ॥ ਮਾਇਆ ਮੋਹਿ ਮਗਨੁ ਕਢਿ ਲੇਹੁ ਮੁਰਾਰੀ ਰਾਮ॥ ਲੋਭਿ ਮੋਹਿ ਬਿਕਾਰਿ ਬਾਧਿਓ ਅਨਿਕ ਦੋਖ ਕਮਾਵਨੇ॥ ਅਲਿਪਤ ਬੰਧਨ ਰਹਤ ਕਰਤਾ ਕੀਆ ਅਪਨਾ ਪਾਵਨੇ॥ ਕਰਿ ਅਨੁਗ੍ਰਹੁ ਪਤਿਤ ਪਾਵਨ ਬਹੁ ਜੋਨਿ ਭ੍ਰਮਤੇ ਹਾਰੀ॥ ਬਿਨਵੰਤਿ ਨਾਨਕ ਦਾਸੁ ਹਰਿ ਕਾ ਪ੍ਰਭ ਜੀਅ ਪ੍ਰਾਨ ਅਧਾਰੀ॥੨॥* (ਬਿਹਾਗੜਾ ਮ: ੫ - ੫੪੦)

ਸੰਤ ਬੈਠ ਗਏ, ਚਾਨਣ ਸਿੰਘ ਬੀ ਬੈਠ ਗਿਆ, ਸੰਤ ਬੋਲੇ: ਸੁਣ ਭਾਈ ! ਫਿਰ ਅਰਦਾਸ ਕਰੀਦੀ ਹੈ ਸਰਬਤ ਦੇ ਭਲੇ ਦੀ, ਅਸੀਂ ਰੋਜ ਅਰਦਾਸ, ਕਰਦੇ ਹਾਂ, ਪਹਿਲੇ ਮੰਗਦੇ ਹਾਂ ਨਾਮ, ਨਾਮ


www.sikhbookclub.com

ਦੁਆਰਾ ਚੜ੍ਹਦੀਆਂ ਕਲਾਂ, ਫੇਰ ਸਰਬਤ ਦਾ ਭਲਾ-*ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਕਾ ਭਲਾ।* ਸਮਝਦੇ ਹੋ ? ਅਸੀਂ ਮੰਗਦੇ ਹਾਂ ਨਾਮ ਪਰਮੇਸੁਰ ਦਾ, ਹਜ਼ੂਰੀ ਵਾਸ, ਨਿਰੰਤਰ ਮੇਲ। ਅਸੀਂ ਮੰਗਦੇ ਹਾਂ ਆਪਣੇ ਲਈ ਚੜ੍ਹਦੀਆਂ ਕਲਾਂ, ਫਿਰ ਦੂਸਰਿਆਂ ਲਈ ਮੰਗਦੇ ਹਾਂ ਸਰਬੱਤ ਦਾ ਭਲਾ, ਨਾਲ ਮੰਗਦੇ ਹਾਂ ਤੇਰੇ ਭਾਣੇ ਵਿਚ ਤੇਰੀ ਸਮਰੱਥ ਤੇ ਸਰਵੱਗ ਬੁੱਧੀ ਅਨੁਸਾਰ ਹੋਵੇ ਸਾਡੀ ਮੰਗ ਦੀ ਪੂਰਣਤਾ, ਅਰਥਾਤ ਇਹ ਬੀ ਉਸ ਦੇ ਭਾਣੇ ਵਿਚ ਮੰਗਦੇ ਹਾਂ। ਅਰਦਾਸਾਂ ਕਰਦੇ ਹਾਂ, ਪਰ ਭਾਣੇ ਵਿਚ ਰਹਿੰਦੇ ਹਾਂ।

ਚਾਨਣ ਸਿੰਘ-ਬਹੁਤ ਸੁਖੀ ਹੋ ਗਿਆ ਹਾਂ, ਪਰ ਇਕ ਨਿੱਕੀ ਜਿਹੀ ਪੁੱਛ ਬਾਕੀ ਹੈ :-ਕੀਹ ਸੰਸਾਰਕ ਲੋੜਾਂ ਤੇ ਸਰੀਰਕ ਲੋੜਾਂ ਤੇ ਸਰੀਰਕ ਥੋੜਾਂ ਲਈ ਅਰਦਾਸ ਕਰੀਦੀ ਹੈ ਕਿ ਨਹੀਂ ਕਰੀਦੀ ?

ਸੰਤ-ਕਰੋ, ਕਿਉਂ ਨਾਂ ਕਰੋ। ਜਦ ਤਾਂਈਂ ਮਨ ਸਾਂਈਂ ਦੇ ਪ੍ਰੇਮ ਵਿਚ ਆ ਕੇ ਹੋਰ ਲੋੜਾਂ ਤੋਂ ਬੇਲੋੜ ਨਹੀਂ ਹੋ ਗਿਆ ਇਸਦੇ ਅੰਦਰ ਮੰਗ ਦਾ ਭਾਵ ਉਪਜਣਾ ਹੈ ਤੇ ਇਸ ਨੇ ਮੰਗਣਾ ਹੈ। ਫੇਰ ਹੋਰਥੇ ਇੱਛਿਆਂ ਹੋਣ ਨਾਲੋਂ ਵਾਹਿਗੁਰੂ ਦੇ ਦਰੋਂ ਮੰਗੋ। ਜਿਸਦੇ ਅਗੇ ਸੁਆਲੀ ਹੋਵੋਗੇ, ਉਸਦਾ ਪ੍ਰਭਾਉ ਬੀ ਲਓਗੇ। ਵਾਹਿਗੁਰੂ ਦੇ ਦਰ ਢਵੋਗੇ, ਉਸ ਅੱਗੇ ਮਨ ਦੀ ਝੋਲੀ ਅੱਡੋਗੇ, ਐਸਾ ਕਰਨੇ ਵਿਚ ਉਸਦੇ ਨੇੜੇ ਤਾਂ ਜਾਓਗੇ ਨਾ? ਫੇਰ ਮੰਗੋ ਚਾਹੇ ਪਦਾਰਥ ਹੀ ਪਰ ਉਸ ਕਲਯਾਨ ਦਾਤਾ ਦੀ ਨਿਕਟਤਾ ਦਾ ਹਜ਼ੂਰੀ ਦਾ ਕੁਛ ਨਾ ਕੁਛ ਤਾਂ ਅਸਰ ਪਏਗਾ। ਸੋ ਮੰਗੋ ਪਦਾਰਥ ਹੀ ਭਾਵੇਂ ਪਰ ਓਸੇ ਤੋਂ ਮੰਗੋ। ਇਸੇ ਕਰਕੇ ਦਾਤਾ ਗੁਰੂ ਨੇ ਫੁਰਮਾਯਾ ਹੈ :-

*ਮਾਂਗਉ ਰਾਮ ਤੇ ਸਭਿ ਥੋਕ॥ ਮਾਨੁਖ ਕਉ*
*ਜਾਚਤ ਸ੍ਰਮੁ ਪਾਈਐ ਪ੍ਰਭ ਕੈ ਸਿਮਰਨਿ ਮੋਖ॥* (ਧਨਾ: ਮ: ੫-੫੦)

ਹਾਂ ਜੀਓ ! ਅਰਦਾਸ ਕਰੋ ਮਾਰੇ ਥੋਕਾਂ ਲਈ, ਅਰਦਾਸ ਕਰਦੇ ਨਿਕਟਤਾ ਵਿਚ ਜਾਓਗੇ, ਪ੍ਰਭੂ ਦਾ ਮੁਕਤੀ ਦਾਤਾ, ਹਉਮੈ ਨਵਿਰਤੀ ਤੇ ਆਪ ਪਛਾਨਣ ਦਾ ਅਸਰ ਬੀ ਪਵੇਗਾ। ਹਾਂ, ਅਰਦਾਸ ਕਰੋ ਪਰ ਆਪਣੇ ਕਰਮਾਂ ਦਾ ਬਲ ਬੀ ਧਿਆਨ ਕਰ ਲਿਆ ਕਰੋ। ਜੋ ਤੁਸਾਂ ਕੀਤੇ ਹਨ ਤੇ ਕਰ ਰਹੇ ਹੋ ਉਹ ਤੁਹਾਡੇ 'ਸੁਭਾਵ' ਨੂੰ ਤੇ ਤੁਹਾਡੇ 'ਸੁਖ ਦੁਖ' ਨੂੰ ਬਣਾ ਰਹੇ ਹਨ। ਉਨ੍ਹਾਂ ਦਾ ਅਸਰ ਤੇ ਫਲ ਤੁਸਾਂ ਹੀ ਭੋਗਣਾ ਹੈ। ਅਰਦਾਸ ਕਰੋ, ਮੰਗੋ। ਮਿਲੇ, ਸ਼ੁਕਰ ਕਰੋ, ਨਾ ਮਿਲੇ ਸ਼ੁਕਰ ਕਰੋ, ਸਾਂਈਂ ਨੂੰ ਦੋਸ਼ ਨਾ ਦਿਓ ਕਿ ਕਿਉਂ ਨਹੀਂ ਸੁ ਦਿੱਤਾ। ਆਪਣੇ ਕਰਮ ਦਾ ਵੀ ਖਿਆਲ ਰਖੋ। *'ਨਾਰਾਇਣ ਨਿੰਦਸਿ ਕਾਇ ਭੂਲੀ ਗਵਾਰੀ॥ ਦੁਕ੍ਰਿਤੁ ਸੁਕ੍ਰਿਤੁ ਥਾਰੋ ਕਰਮੁ ਰੀ।'* ਮੇਰਾ ਭਾਵ ਇਹ ਹੈ ਕਿ ਜਦ ਤੁਸੀਂ ਸਮਝੋ ਕਿ ਤੁਹਾਡੀ ਮੰਗ ਪੂਰੀ ਨਹੀਂ ਹੋਈ ਤਦ ਇਕ ਆਪਣੇ ਹੋ ਰਹੇ ਉੱਦਮ ਤੇ ਅਨਉੱਦਮ ਦਾ ਵੀਚਾਰ ਭੀ ਕਰੋ। ਨਾਲ ਦਾਤਾ ਦੀ ਸਰਬੱਗਤਾ ਦਾ ਵੀਚਾਰ ਭੀ ਕਰੋ, ਆਪਣੀ ਅਲਪੱਗਤਾ ਦਾ ਭੀ ਖਿਆਲ ਕਰੋ! ਉਸ ਤੇ ਭਰੋਸਾ ਤੇ ਸਿਦਕ ਰੱਖੋ, ਅਰਦਾਸ ਕਰੋ ਤੇ ਉਸਤੇ ਛੋੜੋ-ਉਹ ਜਾਣਦਾ ਹੈ ਕਿ ਸਾਡੇ ਲਈ ਕੀਹ ਭਲਾ ਹੈ। ਯਾਦ ਰੱਖੋ ਅਰਦਾਸ ਨੇ ਤੁਸਾਨੂੰ ਤਕੜਿਆਂ ਕਰਨਾ ਹੈ....ਤੁਸਾਡੇ ਆਪਣੇ ਉੱਦਮ ਨੂੰ ਡਾਢ ਮਿਲਨੀ ਹੈ ਅਰਦਾਸ ਤੋਂ। ਭਾਈ ਸੱਜਣਾ ! ਅਰਦਾਸ ਨੇ ਨਿਰਬਲ ਨਿਤਾਣੇ ਅਨਉੱਦਮੀ ਨਹੀਂ ਬਣਾ ਦੇਣਾ। ਹੋਰ ਭਾਈ ਅਰਦਾਸ ਦੀ ਪਹੁੰਚ ਦੀ ਸੱਤਿਆ ਸਿਦਕ ਵਿਚ ਹੈ। ਬੇਸਿਦਕੇ ਦਿਲ ਦੀ ਅਰਦਾਸ ਦਿਲੋਂ ਉਪਰ ਨਹੀਂ ਜਾਂਦੀ। ਸੱਚੇ ਦਿਲੋਂ ਅੰਦਰੋਂ ਬਾਹਰੋਂ ਜੁੜਕੇ ਅਰਦਾਸ ਕਰਿਆ ਕਰੋ। ਜਿਤਨੀ ਸਚਿਆਈ ਸਰਲਤਾ, ਤੀਖਣਤਾ ਵਾਲੀ ਅਰਦਾਸ ਹੋਵੇਗੀ, ਉਨੀ ਹੀ ਉਹ ਅਸਰ ਵਾਲੀ ਹੋਵੇਗੀ। ਪਾਪ ਵਾਸ਼ਨਾ ਦੇ ਪੂਰਨ ਹੋਣ ਲਈ ਅਰਦਾਸ ਨਾ ਕਰਿਆ ਕਰੋ। ਇਹ ਚਾਹ, ਇਹ ਮੰਗ, ਇਹ ਅਰਦਾਸ ਅਪਨੀ ਹੀ ਰੂਹ ਨੂੰ ਕਾਲਿਆਂ ਕਰ ਦੇਂਦੀ ਹੈ। ਇਨਸਾਨ ਦੀ ਇਨਸਾਨੀਅਤ ਕਲੰਕਤ ਹੋ ਜਾਂਦੀ ਹੈ। ਅਰਦਾਸ ਕਰੋ ਆਪਣੀਆਂ ਉੜਾਂ ਥੁੜਾਂ ਲਈ, ਅਰਦਾਸ ਕਰੋ ਉੱਚੀਆਂ ਚੀਜ਼ਾਂ ਲਈ, ਅਰਦਾਸ ਦਾ ਪਰਮ ਉੱਚਾ ਆਦਰਸ਼ ਉੱਚੀਆਂ ਮੰਗਾਂ ਹਨ। ਅਰਦਾਸ

ਤਾਂ ਹਜ਼ੂਰੀ ਵਿਚ ਲੈ ਜਾਣ ਦੇ ਖੰਭ ਹਨ! ਅਰਦਾਸ ਹਿਰਦੇ ਕੰਵਲ ਦਾ ਖਿੜਾਉ ਹੈ ਜਿਸਦੀ ਸੁਗੰਧੀ ਤੇ ਫਰਿਸ਼ਤੇ ਲੋਟਨ ਹੁੰਦੇ ਹਨ। ਉੱਚੀਆਂ ਮੰਗਾਂ ਦੀ ਅਰਦਾਸ ਨਾਲ ਮਨ ਨਿਰਮਲ ਤੇ ਸ੍ਵੱਛ ਹੁੰਦਾ ਹੈ, ਫੁਰਨਿਆਂ ਵਿਚ ਪਵਿੱਤ੍ਰਤਾ ਆਉਂਦੀ ਹੈ, ਸੰਕਲਪ ਪਾਵਨ ਹੋ ਜਾਂਦੇ ਹਨ, ਸ਼ੁਧ ਸੰਕਲਪਾਂ ਦਾ, ਪਵਿੱਤ੍ਰ ਫੁਰਨਿਆਂ ਦਾ ਅਸਰ ਮਨ ਤੇ ਸਰੀਰ ਤੇ ਅਰੋਗਤਾ ਵਾਲਾ ਹੁੰਦਾ ਹੈ। ਇਹ ਗਲ ਸਾਰੇ ਸਿਆਣੇ ਮੰਨਦੇ ਹਨ ਕਿ ਚੰਗੇ ਸੰਕਲਪਾਂ, ਚੰਗੇ ਵਿਚਾਰਾਂ ਦਾ ਅਸਰ ਸ਼ਰੀਰ ਤੇ ਮਨ ਉਤੇ ਸੁਖਦਾਈ ਪੈਂਦਾ ਹੈ।

ਚਾਨਣ ਸਿੰਘ--ਠੀਕ ਹੈ ਜੀਓ ਜੀ ! ਅਰਦਾਸ ਸੰਬੰਧੀ ਸਾਰੇ ਪਹਿਲੂ ਆਪ ਨੇ ਖੁਹਲ ਦਿੱਤੇ ਨੇ, ਅਰਦਾਸ ਕਰਨੀ ਚਾਹੀਏ। ਪਰਮਾਤਮ ਦੇਵ ਚੇਤਨ ਦੇਵ ਹਨ, ਅੰਤਰਯਾਮੀ ਹਨ, ਅਰਦਾਸ ਸੁਣਦੇ ਹਨ, ਪ੍ਰੇਮ ਸਰੂਪ ਹਨ। ਪਿਆਰ ਕਰਦੇ ਹਨ, ਪਿਆਰ ਕਰਵਾਂਦੇ ਹਨ, ਪਿਆਰ ਦਾ ਜਵਾਬ ਦੇਂਦੇ ਹਨ। ਅਸੀਂ ਉਸਦੇ ਬੱਚੇ ਹਾਂ, ਓਹ ਮਾਤਾ ਪਿਤਾ ਵਤ ਸਾਡੇ ਨਿੱਕੇ ਨਿੱਕੇ ਪਿਆਰਾਂ ਪਰ ਪਸੀਜਦੇ ਹਨ, ਮੰਗਾਂ ਪੂਰੀਆਂ ਕਰਦੇ ਹਨ ਤੇ ਐਸਾ ਕਰਨੇ ਵਿਚ ਆਪਣੇ ਪ੍ਰੇਮ ਦੇ ਬਿਰਦ ਨੂੰ ਪਾਲਦੇ ਹਨ। ਓਹ ਸਾਨੂੰ ਪ੍ਰੇਮ ਕਰਦੇ ਦਾਤਾਂ ਦੇਂਦੇ ਤੁਠਦੇ ਆਪ ਨਿਰਲੇਪ ਹਨ। ਸਦਾ ਪੂਰੇ ਹਨ, ਸ੍ਵਛੰਦ ਹਨ, ਬੇਲੋੜ ਹਨ। ਕਿਸੇ ਗਲ ਨੇ ਉਨ੍ਹਾਂ ਦੀ ਪੂਰਨਤਾ ਨੂੰ ਨਹੀਂ ਵਧਾਉਣਾ ਘਟਾਉਣਾ। ਠੀਕ ਹੈ ਕਿਉਂ ਜੀ ?

ਸੰਤਾਂ ਦੇ ਨੈਣ ਬੰਦ ਸਨ ਤੇ ਕੁਛ ਸਹਿਜੇ ਸਹਿਜੇ ਧੁਨੀ ਕਰ ਰਹੇ ਸਨ, ਚਾਨਣ ਸਿੰਘ ਚੁੱਪ ਹੋਇਆ ਤਾਂ ਉੱਚੀ ਸੁਰ ਵਿਚ ਗਾਂਵੇ :-

*ਤੁਮ ਪੂਰਨ ਪੂਰਿ ਰਹੇ ਸੰਪੂਰਨ ਹਮ ਭੀ ਸੰਗਿ ਅਘਾਏ।*
*ਮਿਲਤ ਮਿਲਤ ਮਿਲਤ ਮਿਲਿ ਰਹਿਆ ਨਾਨਕ ਕਹਣੁ ਨ ਜਾਏ॥* (ਰਾਮਕਲੀ ਮ: ੫-੬)

੫.

ਉਪਰ ਲਿਖੇ ਸਮਾਚਾਰ ਗੰਗਾ ਕਿਨਾਰੇ ਰਿਖੀਕੇਸ਼ ਵਰਤ ਰਹੇ ਸਨ, ਲਛਮਣ ਝੂਲੇ ਦੇ ਹੇਠਾਂ ਗੰਗਾ ਦਾ ਕਿਨਾਰਾ ਬਹੁਤ ਉੱਚਾ ਹੈ। ਇਸ ਤੋਂ ਹੇਠਾਂ ਵਹਿ ਰਹੇ ਜਲ ਦਾ ਰੰਗ ਅਚਰਜ ਨੀਲਗੂੰ ਹੋ ਕੇ ਚੁਪ ਚਾਪ ਅਡੋਲ ਵਹਿੰਦਾ ਮਨਮੋਹਨ ਨਜ਼ਾਰਾ ਦਿਖਾਉਂਦਾ ਹੈ। ਇਸਦੇ ਅੱਗੇ ਚੱਲਕੇ ਇਹ ਕੁਛ ਫੇਰ ਲੈ ਕੇ ਰਿਖੀਕੇਸ ਦੇ ਟਿਕਾਣੇ ਖੂਬ ਤੇਜ਼ ਵਹਿੰਦਾ ਹੈ। ਇਥੇ ਬਰਸਾਤ ਤੋਂ ਮਗਰੋਂ ਜਗ੍ਹਾ ਜਗ੍ਹਾ ਦੂਰ ਨੇੜੇ ਕੱਖਾਂ ਦੀਆਂ ਕੁਲੀਆਂ ਪਾ ਕੇ ਸਾਧੂ ਆ ਟਿੱਕਦੇ ਹਨ। ਸੰਤ ਐਤਕੀ ਇੱਥੇ ਇਕ ਤ੍ਰਿਣ-ਕੁਟੀ ਵਿਚ ਆਣ ਟਿਕੇ ਸਨ। ਸਾਧ ਤਾਂ ਅਨੇਕ ਹੁੰਦੇ ਹਨ ਤੇ ਅਨੇਕ ਮਤਾਂ ਦੇ ਹੁੰਦੇ ਹਨ, ਪਰ ਐਤਕੀ ਗੁਰੂ ਨਾਨਕ ਗੁਰੂ ਗੋਬਿੰਦ ਸਿੰਘ ਜੀ ਦੀ ਸਿੱਖਿਆ ਨੂੰ ਸਮਝ ਕੇ ਤੁਰਨ ਤੇ ਤੋਰਨ ਵਾਲੇ ਦਾਨੇ ਇਹੋ ਸਭ ਤੋਂ ਵਧੀਆ ਆਏ ਹੋਏ ਸਨ।

ਦੋ ਇਕ ਦਿਨ ਮਗਰੋਂ ਚਾਨਣ ਸਿੰਘ ਸੰਤਾਂ ਨੂੰ ਮਿਲਨੇ ਲਈ ਫੇਰ ਆਇਆ, ਉਸ ਦੀਆਂ ਛੁਟੀਆਂ ਮੁੱਕ ਰਹੀਆਂ ਸਨ! ਜਾਂ ਕੁਟੀ ਆਇਆ ਤਾਂ ਸੰਤ ਨਹੀਂ ਸਨ। ਫਿਰ ਉਹ ਸੈਰ ਦੇ ਖਿਆਲ ਤੇ ਉਪਰ ਨੂੰ ਹੋ ਟੁਰਿਆ ਤੇ ਲਛਮਣ ਝੂਲਾ ਲੰਘ ਕੇ ਡਾਕ ਬੰਗਲੇ ਯਾ ਰੈਸਟ ਹਾਊਸ ਦੇ ਹੇਠ ਦੀ ਨਦੀ ਦੇ ਚੜ੍ਹਾਉ ਵੱਲ ਟੁਰ ਪਿਆ। ਇਥੇ ਅਗੇ ਮੀਲ ਕੁ ਦੀ ਵਾਟ ਨਹੀਂ ਗਿਆ ਹੋਊ ਬੇਰੀਆਂ ਜਿਹੀਆਂ ਤੇ ਰੇਤਾ ਜਿਹਾ ਆ ਗਿਆ। ਇਸ ਇਕਾਂਤ ਨੂੰ ਦੇਖ ਕੇ ਚਾਨਣ ਸਿੰਘ ਨਦੀ ਦੇ ਕੰਢੇ ਜਾ ਖੜੋਤਾ ਜੋ ਬੈਠਕੇ ਕੁਛ ਬਾਣੀ ਦਾ ਪਾਠ ਕਰੇ। ਅੱਗੇ ਕੀਹ ਦੇਖੇ ਕਿ ਸੰਤ ਇਸ਼ਨਾਨ ਕਰ ਰਹੇ ਹਨ। ਦੇਖ ਕੇ ਖੁਸ਼ ਹੋਇਆ ਫਤਹ ਗਜਾਈ ਤੇ ਮੱਥਾ ਟੇਕਣ ਨੂੰ ਦੌੜਿਆ, ਪਰ ਸੰਤਾਂ ਨੇ ਸਿਰ ਹੱਥਾਂ ਤੇ ਸੰਭਾਲ ਲਿਆ--ਖਾਲਸਾ ਜੀ ! ਫਤਹ ਗਜਾਓ।

ਚਾਨਣ ਸਿੰਘ-*ਘੋਲਿ ਘੁਮਾਈ ਤਿਸੁ ਮਿਤ੍ਰ ਵਿਚੋਲੇ ਜੈ ਮਿਲਿ ਕੰਤੁ ਪਛਾਣਾ॥...* (ਰਾਮ: ਵਾ: ਮ-੫)

ਸੰਤ-ਉਹ ਮਿਤ੍ਰ ਵਿਚੋਲਾ ਗੁਰ ਨਾਨਕ ਗੁਰੂ ਗੋਬਿੰਦ ਸਿੰਘ ਹੈ।


www.sikhbookclub.com

ਚਾਨਣ ਸਿੰਘ-ਉਨ੍ਹਾਂ ਦਾ ਪਤਾ ਭੀ ਆਪ ਨੇ ਹੀ ਦਿੱਤਾ ਹੈ ਨਾ।

ਸੰਤ-ਹਛਾ, ਏਦਾਂ ਹੀ ਸਹੀ, ਜੇ ਗੁਰੂ ਦਾ ਪਤਾ ਅਸਾਂ ਦਿੱਤਾ ਹੈ ਤਾਂ ਸਾਡੇ ਦਿੱਤੇ ਪਤੇ ਪਰ ਤੁਰੋ, ਅਮਲ ਕਰੋ ਤੇ ਉਨ੍ਹਾਂ ਨੂੰ ਪਿਆਰ ਕਰੋ। ਸਾਧੂ ਦੀ ਸੇਵਾ, ਜਿਸ ਪਰ ਸਾਧੂ ਪ੍ਰਸੰਨ ਹੁੰਦਾ ਹੈ, ਉਸਦੇ ਬਚਨ ਦੀ ਕਮਾਈ ਹੈ। ਸੋ ਸਾਡਾ ਬਚਨ ਹੈ ਕਿ ਮਿਤ੍ਰ ਵਿਚੋਲਾ ਗੁਰੂ ਨਾਨਕ ਹੈ। ਗੁਰੂ ਨਾਨਕ ਹੈ। ਉਪਕਾਰ ਉਸਦਾ ਹੈ, ਰਾਹ ਉਸਦਾ ਹੈ, ਪੰਥ ਉਸਦਾ ਹੈ, ਖਾਲਸਾ ਉਸਦਾ ਹੈ, ਉਹ ਸਮਰੱਥ ਹੈ, ਉਹ ਜਾਗਤ ਜੋਤਿ ਹੈ, ਉਸਨੂੰ ਮਿਤ੍ਰ ਵਿਚੋਲਾ ਜਾਣੋ।

ਚਾਨਣ ਸਿੰਘ-ਸਤਿ ਬਚਨ ਜੀ ! ਸਤਿ ਬਚਨ ਜੀਓ ਜੀ।.....ਅੱਜ ਆਪ ਇੱਧਰ ਆ ਗਏ ?

ਸੰਤ-ਭਾਈ ਅੱਜ ਸਵੇਰੇ ਉਠੇ, ਜਦ ਸੈਣ ਵਾਲੀ ਸਫ ਝਾੜਨ ਲਈ ਚੁਕੀ ਤਾਂ ਹੇਠਾਂ ਪੰਜਾਹ ਰੁਪੈ ਦੇ ਨੋਟ ਪਏ ਸਨ। ਕਲ ਇਕ ਸੱਜਣ ਦਰਸ਼ਨ ਦੇਣ ਆਏ ਸਨ ਮਾਇਆ-ਧਾਰੀ ਉਨ੍ਹਾਂ ਨੇ ਮੱਥਾ ਟੇਕੇ ਸਨ ਏਹ ਨੋਟ। ਅਸਾਂ ਮੋੜ ਦਿੱਤੇ। ਏਹ ਕਾਗਤ ਲੋੜ ਦੇ ਨੁਸਖੇ ਹਨ, ਜੋ ਲੋੜਾਂ ਵਾਲਿਆਂ ਨੇ ਲੋੜ ਦੂਰ ਕਰਨ ਲਈ ਲਿਖੇ ਹਨ। ਸੋ ਏਹ ਨੁਸਖੇ ਜਿਨ੍ਹਾਂ ਦੀ ਸਾਨੂੰ ਲੋੜ ਨਹੀਂ ਸੀ ਉਹ ਸੱਜਣ ਜਾਣ ਵੇਲੇ ਸਾਡੇ ਅਨਜਾਣੇ ਲੁਕੋਕੇ ਸਫ ਹੇਠ ਧਰ ਗਿਆ। ਸਾਨੂੰ ਰਾਤੀਂ ਸੂੰਹ ਪਈ ਸੀ ਕਿ ਇਸ ਪਾਸੇ ਇੱਧਰ ਕੁਛ ਮੀਲ ਉਪਰ ਇਕ ਗ਼ਰੀਬ ਰਹਿੰਦਾ ਹੈ, ਜਿਸਦਾ ਵਾਹੀ ਨਾਲ ਗੁਜ਼ਾਰਾ ਟੋਰਦਿਆਂ ਕਰਜ਼ਾ ਸਿਰ ਹੋ ਗਿਆ ਹੈ ਤੇ ਜੀਆ ਜੰਤ ਖਾਣ ਵਾਲਾ ਹੈ, ਇਸਤ੍ਰੀ ਬੀਮਾਰ ਪਈ ਹੈ। ਸੋ ਇਹ ਲੋੜ ਪੂਰੀ ਕਰਨਹਾਰ ਜੰਤ੍ਰ ਮੰਤ੍ਰ ਉਸ ਨੂੰ ਦੇ ਆਏ ਹਾਂ। ....ਹਾਂ ਭਾਈ, ਮਾਇਆ ਧਾਰੀ ਸੰਤਾਂ ਪਾਸ ਆਉਂਦੇ ਹਨ, ਸੰਤਾਂ ਤੋਂ ਮਾਇਆ ਦੇ ਮੋਹ ਤੋਂ ਅਤੀਤਤਾਈ ਦਾ ਗੁਣ ਨਹੀਂ ਲੈ ਜਾਂਦੇ, ਮਗੋਂ ਆਪਣੀ ਮਾਇਆ ਉਨ੍ਹਾਂ ਨੂੰ ਦੇ ਜਾਂਦੇ ਹਨ। ਜੇ ਸਾਧੂ ਭੀ ਮਾਇਆ ਕੱਠੀ ਕਰਨ ਲੱਗ ਜਾਵੇ ਤਾਂ ਫੇਰ ਮਾਇਆਧਾਰੀ ਹੋ ਜਾਊ। ਧਾਰਨਾ, ਨਾਮ ਕੱਠੀ ਕਰਨੀ ਤੇ ਸਾਂਭਣੇ ਦਾ ਹੈ ਨਾ? ਹਾਂ ਆਪੇ ਆਈ ਤੇ ਮੱਲੋ ਮੱਲੀ ਆਈ ਨੂੰ ਲੋੜਾਂ ਤੇ ਲਾ ਦੇਣਾ ਤੇ ਹੱਥ ਧੋਈ ਰੱਖਣੇ ਹੀ ਸੁਖਦਾਈ ਹਨ। ਇਹ ਧਾਰਨਾ ਨਹੀਂ ਹੈ। ਕੇਵਲ ਤਿਆਗ ਲਈ ਨਹੀਂ, ਪਰ ਬੇਲੋੜੇ ਹੋਣ ਕਰਕੇ, ਕਿਉਂਕਿ ਸਾਧੂ ਨੇ ਲੋੜ ਜੋ ਘਟਾ ਲਈ ਕਿ ਲੋੜਾਂ ਵਾਲੇ ਸੰਸਾਰ ਵਿਚ ਮੇਰਾ ਭਾਰ ਜਿੰਨਾ ਘਟ ਸਕੇ ਘਟੇ ਤੇ ਮੈਂ ਜਿੰਨਾ ਉਪਕਾਰ ਕਰ ਸਕਾਂ ਕਰਾਂ।

ਚਾਨਣ ਸਿੰਘ-ਇਹ ਉਪਕਾਰ ਦਾ ਖਿਆਲ ਆਪ ਦਾ ਹੀ ਹੈ।

ਸੰਤ-ਇਹ ਸੁਮਤਿ ਗੁਰੂ ਨਾਨਕ ਗੁਰੂ ਗੋਬਿੰਦ ਸਿੰਘ ਜੀ ਦੀ ਹੈ। ਗੁਰੂ ਨਾਨਕ ਦੇਵ ਜੀ ਨੇ ਡਿੱਠਾ ਕਿ ਜਗਤ ਦੁਖੀ ਹੈ, ਕਾਰਣ ਅਗਿਆਨ ਹੈ। ਅਗਿਆਨ ਦੋ ਪ੍ਰਕਾਰ ਦਾ ਹੈ। ਇਕ ਆਪੇ ਨੂੰ ਨਾ ਸਮਝ ਸੱਕਣੇ ਦਾ, ਦੂਜੇ ਜਗਤ ਨਾਲ ਵਿਤਕਰੇ ਤੇ ਦ੍ਵੈਖ ਦੀ ਵਰਤੋਂ ਵਰਤਨ ਦਾ। ਦੁਖ ਐਉਂ ਝੀਣੀ ਬਾਣਿ ਦੇ ਰਿਹਾ ਹੈ। *'ਨਾਨਕ ਦੁਖੀਆ ਸਭੁ ਸੰਸਾਰ।'* ਆਪ ਗੁਰੂ ਜੀ ਨੇ ਦਾਰੂ ਏਹ ਦਿੱਤਾ-*'ਮੰਨੇ ਨਾਉ ਸੋਈ ਜਿਣਿ ਜਾਇ।'* ਨਾਮ ਹੈ ਵਾਹਿਗੁਰੂ ਜੀ ਨਾਲ ਸਾਡੇ ਮਨ ਦਾ ਲਗਾਤਾਰ ਮੇਲ, ਸਗਜਾਤ ਮੇਲ, ਅੰਤਰ ਆਤਮੇ ਮੇਲ। ਇਸ ਮੇਲ ਨਾਲ ਸਾਂਈਂ ਨਾਲ ਵਿੱਥ ਤੇ ਜਗਤ ਨਾਲ ਵਿਤਕਰਾ ਮਿਟ ਜਾਂਦਾ ਹੈ, ਫਿਰ ਇਹ ਬੰਦਾ ਜਗਤ ਵਿਚ ਦੁਖ ਦੇਣੋਂ ਹਟ ਜਾਂਦਾ ਹੈ। *'ਦੂਖੁ ਨ ਦੇਈ ਕਿਸੈ ਜੀਅ ਪਤਿ ਸਿਉ ਘਰਿ ਜਾਵਉ॥'* ਫਿਰ ਇਸਨੂੰ ਦੁਖ ਮੇਟਣ ਦਾ ਉੱਦਮ ਹੋ ਆਉਂਦਾ ਹੈ। ਫੇਰ ਇਹ ਸਰੇ ਤਾਂ ਸੁਖ ਦਾਤਾ ਹੋ ਜਾਂਦਾ ਹੈ। ਗੁਰੂ ਕਾ ਆਦਰਸ਼ ਹੈ-

*'ਬ੍ਰਹਮ ਗਿਆਨੀ ਤੇ ਕਛੁ ਬੁਰਾ ਨ ਭਇਆ॥'* (ਸੁਖਮਨੀ)

ਚਾਨਣ ਸਿੰਘ-ਕਿਵੇਂ ਜੀਉ ?

ਸੰਤ-ਭਾਈ ਪਹਿਲਾਂ ਉਹ ਆਪਣੇ ਮਨ ਵਿਚ ਉਸ ਸੱਚੇ ਨੂੰ ਵਸਾਉਂਦਾ ਹੈ, ਉਸ ਬਿਨਾਂ ਉਹ ਹੋਰ ਨਹੀਂ ਵੇਖਦਾ। ਉਸਦੇ ਬਚਨਾਂ ਵਿਚ ਭੀ ਫੇਰ ਸੱਚ ਦਾ ਨਿਵਾਸ ਹੁੰਦਾ ਹੈ। ਇਉਂ ਦੀ 'ਸਾਂਈਂ ਧਾਰਨਾ'


www.sikhbookclub.com

ਅੰਦਰ ਧਾਰ ਕੇ ਉਹ ਮਾਇਆ ਦੇ ਜਾਲ ਤੋਂ ਨਿਰਲੇਪ ਹੋ ਜਾਂਦਾ ਹੈ। ਆਪਣੀਆਂ ਲੋੜਾਂ ਘਟਾ ਕੇ ਅਲੇਪ ਹੋ ਕੇ ਸਮ ਭਾਵ ਵਿਚ ਰਹਿੰਦਾ ਹੈ। ਸੋ ਸੁਤੇ-ਸਿਧ ਬਾਤ ਹੈ ਕਿ ਉਸ ਤੋਂ ਬੁਰਾ ਹੋਣਾ ਬੰਦ ਹੋ ਜਾਏਗਾ। ਫਿਰ ਉਸਦਾ ਵਰਤਾਉ ਕੀਹ ਹੋਏਗਾ ? *'ਬ੍ਰਹਮ ਗਿਆਨੀ ਕੀ ਸਭ ਊਪਰਿ ਮਇਆ।'* ਉਸਦੇ ਹਿਰਦੇ ਵਿਚ ਤੇ ਵਰਤੋਂ ਵਿਚ ਮਿਹਰ ਹੋਵੇਗੀ ਤੇ ਉਹ ਮਇਆ ਉਸਦੀ ਸਭ ਤੇ ਹੋਵੇਗੀ। ਫੇਰ ਉਸ ਵਿਚ ਸੁਤੇ ਸਿਧ ਉਮਾਹ ਹੁੰਦਾ ਹੈ, ਜਿਵੇਂ ਚਸ਼ਮੇ ਦੇ ਜਲ ਵਿਚ ਉਮਾਹ ਹੁੰਦਾ ਹੈ। ਚਸ਼ਮਾ ਅੰਦਰੋਂ ਭਰਕੇ ਉਛਲਦਾ ਹੈ। ਇਹ ਉਛਾਲ ਉਸਦਾ 'ਸਹਜ ਸੁਭਾਉ' ਹੁੰਦਾ ਹੈ ਤੇ ਉਮਾਹ ਕਾਹਦਾ ਹੁੰਦਾ ਹੈ-ਪਰਉਪਕਾਰ ਦਾ। ਸੋ ਵਾਕ ਹੈ:- *'ਬ੍ਰਹਮ ਗਿਆਨੀ ਪਰਉਪਕਾਰ ਉਮਾਹਾ॥'* ਇਹ ਹੈ ਗੁਰ ਨਾਨਕ ਆਦਰਸ਼ ਜੋ ਗੁਰੂ ਅਰਜਨ ਦੇਵ ਜੀ ਨੇ ਖੁਹਲ ਕੇ ਸਮਝਾਇਆ ਹੈ। ਸੋ ਪਹਿਲਾ ਕਦਮ ਹੈ *'ਬ੍ਰਹਮ ਗਿਆਨੀ ਕੈ ਨਾਮ ਅਧਾਰੁ॥'* ਦੂਸਰਾ ਹੈ, *'ਬ੍ਰਹਮ ਗਿਆਨੀ ਪਰਉਪਕਾਰ ਉਮਾਹਾ'।*

ਚਾਨਣ ਸਿੰਘ (ਕਾਹਲਾ ਹੋ ਕੇ)-ਮੈਂ ਜੀ, ਖਿਮਾ ਕਰਨੀ, ਆਪਦੇ ਬਚਨਾਂ ਨੂੰ ਅਟਕਾਰਾ ਪਾਉਂਦਾ ਹਾਂ। ਸੁਹਣੇ ਜੀਓ ! ਗੁਰੂ ਤੁਹਾਡਾ ਭਲਾ ਕਰੇ। ਮੈਨੂੰ ਇਕ ਦਿਨ ਸਾਡੇ ਦਫਤਰ ਵਿਚ ਨਵੇਂ ਹੋਏ ਨੌਕਰ ਨੇ ਪੁੱਛਿਆ, ਰੱਬ ਦੀਹਦਾ ਨਹੀਂ, ਤੁਸੀਂ ਕਿਵੇਂ ਮੰਨਦੇ ਹੋ ਕਿ ਉਹ ਹੈ ? ਮੈਂ ਜੋ ਕਹਿ ਸੱਕਿਆ ਕਿਹਾ, ਪਰ ਜੀ ਤੁਸੀਂ ਕੋਈ ਪੱਕੀ ਗੱਲ ਦੱਸੋ ਨਾ ਕਿ ਹੈ ਕਿ ਨਹੀਂ ?

ਸੰਤ-ਭਾਈ, ਤੂੰ ਹੈਂ ਕਿ ਨਹੀਂ ?

ਚਾਨਣ ਸਿੰਘ-ਜੀਓ ਇਹ ਤਾਂ ਮੈਨੂੰ ਦਿੱਸਦਾ ਹੈ ਕਿ ਮੈਂ ਹਾਂ।

ਸੰਤ-ਫੇਰ ਉਹ ਭੀ ਹੈ।

ਚਾਨਣ ਸਿੰਘ-ਉਹ ਕਿਵੇਂ ਜੀ ?

ਸੰਤ-ਭਾਈ ਅੰਸ਼ ਕਹੇ ਅੰਸ਼ੀ ਨਹੀਂ, ਤਾਂ ਕੀਹ ਠੀਕ ਹੈ ?

ਚਾਨਣ ਸਿੰਘ (ਸੋਚ ਸੋਚ ਕੇ)-ਅੱਛਾ, *'ਕਹੁ ਕਬੀਰ ਇਹੁ ਰਾਮ ਕੀ ਅੰਸੁ'* ਠੀਕ ਹੈ।

ਸੰਤ-ਭਾਈ ! ਇਕ ਲੱਕੜੀ ਦਾ ਟੁਕੜਾ ਆਖੇ ਕਿ ਸੂਰਜ ਨਹੀਂ ਹੈ, ਕੀ ਇਹ ਗਲ ਮੰਨਣ ਯੋਗ ਹੋਊ। ਲਕੜੀ ਨੂੰ ਸੂਰਜ ਨੇ ਬਣਾਇਆ। ਤੁਸੀਂ ਪੜ੍ਹੇ ਗੁੜ੍ਹੇ ਹੋ, ਸੋਚੋ ਜੇ ਸੂਰਜ ਨਾ ਹੋਵੇ ਤਾਂ ਧਰਤੀ ਉਤੇ ਘਾਹ ਦਾ ਤ੍ਰਿਣ ਬੀ ਨਾਂ ਉਗੇ। ਬ੍ਰਿਛ ਕਿ ਲਕੜੀ, ਕੋਇਲਾ ਕਿ ਪੱਥਰ ਦਾ ਕੋਇਲਾ ਸਭ ਸੂਰਜ ਨੇ ਬਣਾਏ ਹਨ। ਫੇਰ ਇਨ੍ਹਾਂ ਵਿਚ ਸੂਰਜ ਦੀ ਅੰਸ਼ ਮੌਜੂਦ ਹੈ। ਇਨ੍ਹਾਂ ਨੂੰ ਜਦੋਂ ਹੀ ਕਿ ਅਗਨੀ ਦੀ ਛੁਹ ਮਿਲੇਗੀ ਸੂਰਜ ਵਾਂਙੂ ਬਲ ਪੈਣਗੇ, ਚਮਕ ਪੈਣਗੇ, ਆਪਣੇ ਅੰਸ਼ੀ ਸਮਾਨ ਪ੍ਰਜ੍ਵਲਤ ਹੋ ਖੜੋਣਗੇ। ਲਕੜੀ ਨੂੰ ਨਹੀਂ ਕਹਣਾ ਚਾਹੀਦਾ-ਸੂਰਜ ਹੈ ਨਹੀਂ, ਉਸਨੂੰ ਚਾਹੀਦਾ ਹੈ ਕਿ ਆਪਣਾ ਅੰਧਕਾਰ ਦੂਰ ਕਰੇ, ਰੌਸ਼ਨ ਹੋਵੇ ਫੇਰ ਆਪ ਨੂੰ ਬੀ ਜੋਤਿ ਰੂਪ ਅਨੁਭਵ ਕਰ ਲਊ ਤੇ ਉਸ ਆਪਣੇ ਪ੍ਰਕਾਸ਼ ਵਿਚ ਪ੍ਰਮਾਤਮ ਦੇਵ ਨੂੰ ਬੀ ਦੇਖ ਲਊ।

ਚਾਨਣ ਸਿੰਘ-ਬਹੁਤ ਠੀਕ ! ਵਾਹਵਾ, ਸੁਆਦ ਆ ਗਿਆ ਹੈ। ਜੀਓ ਜੀ ਕੋਈ ਹੋਰ ਯੁਕਤੀ ਤੇ ਸਬੂਤ ?

ਸੰਤ-ਭਾਈ! ਕਾਰਣ ਤੋਂ ਕਾਰਜ਼ ਰੂਪ ਹੋ ਕੇ ਉਪਜੇ ਬਣੇ ਪਦਾਰਥਾਂ ਲਈ ਯੁਕਤੀਆਂ ਤੇ ਸਬੂਤ ? ਜੋ ਕਿਸੇ ਕਾਰਣ ਦਾ ਕਾਰਜ ਨਹੀਂ, ਜੋ ਸਭ ਕਾਰਣਾਂ ਦਾ ਮੂਲ ਕਾਰਣ ਤੇ ਆਪ ਅਕਾਰਨ ਹੈ ਉਸ ਪਰ ਯੁਕਤੀ ਦਲੀਲ ਹਾਵੀ ਕੀਕੂੰ ? ਉਂਵ ਨਜ਼ਰ ਮਾਰੋ, ਤਕੋ ਕੁਦਰਤ ਕਾਦਰ ਦੀ ਉਗਾਹੀ ਦੇ ਰਹੀ ਹੈ-ਗੁਰੂ ਸਾਹਿਬ ਦੱਸਦੇ ਹਨ ਕਿ ਮੈਂ ਕਰਤਾਰ ਨੂੰ ਕੁਦਰਤ ਵਿਚ ਬੀ ਦੇਖਕੇ ਉਸਦਾ ਪ੍ਰੇਮੀ ਹੋ ਗਿਆ ਹਾਂ- *'ਕਰਤੇ ਕੁਦਰਤੀ ਮੁਸਤਾਕੁ'॥* ਤੂੰ ਭਾਈ ਪੜ੍ਹਿਆ ਹੋਇਆ ਹੈਂ, ਦੇਖ ਖਾਂ ਕੁਦਰਤ ਵਿਚ ਹਿਸਾਬ ਹੈ, ਸੁਹਜ ਹੈ, ਤਰਤੀਬ ਹੈ, ਵਿਉਂਤ ਹੈ ਯਾ ਤੁਸੀਂ ਜਿਵੇਂ ਕਹੋਗੇ ਮੈਥੇਮੈਟਿਕਸ (Mathematics) ਹੈ। ਡੀਜ਼ਾਈਨ (Design) ਹੈ, ਹਰ ਸ਼ੈ ਦੀ ਬਨਾਵਟ ਵਿਚ, ਹਰ ਪ੍ਰਬੰਧ ਵਿਚ। ਕਿਹੜੀ ਵਸਤੂ ਕੈਮਿਸਟਰੀ (Chemistry ਰਸਾਯਨ ਵਿਦਿਆ) ਨੇ ਖੋਜੀ ਤੇ ਵਿਤ੍ਰੇਕ ਕੀਤੀ ਹੈ ਜਿਸ ਵਿਚ ਕਿ ਉਸਦੇ ਅਵੈਵਾਂ ਦੀ ਤਰਤੀਬ


www.sikhbookclub.com

ਤੇ ਮੇਣਤੀ ਗੇਣਤੀ ਵਿਚ ਹਿਸਾਬ ਨਹੀਂ ਦੇਖਿਆ ਤੇ ਇਨ੍ਹਾਂ ਦੇ ਹੀ ਰਤਾ ਰਤਾ ਜਿੰਨੇ ਫਰਕਾਂ ਨਾਲ ਦੇਖ ਕਿ ਪਦਾਰਥ ਹੋਰ ਦੇ ਹੋਰ ਟੁਰੇ ਜਾਂਦੇ ਹਨ, ਇਹ ਸਾਰੇ ਰਚਨਾ ਦੇ ਵਿਚ ਕਿਸੇ ਚੇਤਨਤਾ ਦਾ ਹੱਥ ਹੋਣ ਦੇ ਸਬੂਤ ਹਨ।...ਹਾਂ ਭਾਈ ! ਕਿਵੇਂ ਤੁਸੀਂ ਮੰਨ ਲੈਂਦੇ ਹੋ ਕਿ ਕੁਛ ਨਹੀਂ ਤੋਂ ਇਹ ਸਾਰਾ ਆਕਾਰ, ਇਹ ਦਿੱਸ ਰਿਹਾ ਸਾਮਾਨ, ਇਹ ਸਾਰਾ ਪ੍ਰਬੰਧ ਬਣ ਗਿਆ। 'ਹੈ' ਤੋਂ ਹੀ ਇਹ ਦਿੱਸ ਰਹੀ ਰਚਨਾ ਜੋ ਭਾਂਤ ਭਾਂਤ ਦੀ ਹੈ, ਅਡ ਅਡ ਹਾਲਤਾਂ ਤੇ ਕਾਰਣਾਂ ਤੋਂ ਉਪਜ ਤੇ ਹੋ ਸਕਦੀ ਹੈ। 'ਨਹੀਂ' ਤੋਂ 'ਹੈ' ਕੀਕੂੰ ? ਫਿਰ ਇਸ ਦਿੱਸਦੇ ਵਿਚ ਕ੍ਰਮ, ਤਰਤੀਬ, ਪ੍ਰਬੰਧ, ਹਿਸਾਬ, ਜੋ ਬੁੱਧੀ ਦੇ ਕਾਰਜ ਹਨ ਪਤਾ ਦੇ ਰਹੇ ਹਨ ਕਿ ਕੋਈ ਵਿਸ਼ਾਲ ਚੇਤਨਾ ਇਸਦੀ ਸਾਜਣਹਾਰ ਹੈ।

ਚਾਨਣ ਸਿੰਘ-ਜੀਉ ਜੀ ਠੀਕ ਹੈ, ਸਭ ਕੁਛ ਦਿਲ ਤੇ ਬੈਠਦਾ ਹੈ, ਸੁਆਦ ਦੇਂਦਾ ਹੈ, ਮੈਂ ਮੰਨਦਾ ਹਾਂ; ਹੁਣ ਤਾਂ ਵਡੇ ਵਡੇ ਸਾਇੰਸਵੇਤਾ ਬੀ ਅਨੇਕਾਂ ਹਨ ਜੋ ਮੰਨਦੇ ਹਨ, ਪਰ ਜੀ ਕਿਵੇਂ ਦਿੱਸ ਬੀ ਪਵੇ ?

ਸੰਤ-ਦਿੱਸ ਬੀ ਪੈਂਦਾ ਹੈ। ਜੋ ਸ਼ੈ ਦ੍ਰਿਸ਼ਟਮਾਨ ਹੋ ਸਕਦੀ ਹੈ, ਉਹ ਦਿੱਸ ਸਕਦੀ ਹੈ, ਜੋ ਦ੍ਰਿਸ਼ਟਮਾਨ ਨਹੀਂ ਉਹ ਦਿੱਸ ਨਹੀਂ ਸਕਦੀ।

ਚਾਨਣ ਸਿੰਘ-ਦ੍ਰਿਸਟਮਾਨ ਕੀਹ ਜੀਓ ? ਦਿੱਸਣ ਵਾਲੀ ?

ਸੰਤ-ਜਿਸਨੂੰ ਤੁਸੀਂ ਪੱਛਮੀ ਬੋਲੀ ਵਿਚ ਔਬਜੈਕਟਿਵ (objective) ਆਖਦੇ ਹੋ। ਤੁਸੀਂ ਦੇਖਣਹਾਰ (subjective) ਹੋ ਕੇ ਦੀਸਣਹਾਰ ਯਾ ਦ੍ਰਿਸ਼ਟਮਾਨ (objective) ਨੂੰ ਦੇਖ ਰਹੇ ਹੋ। ਜੋ ਦ੍ਰਿਸ਼ਟਮਾਨ ਹੈ ਸੋ ਸਤਿਗੁਰ ਨੇ ਦਸਿਆ ਹੈ-ਕਿ ***'ਦ੍ਰਿਸਟਿਮਾਨ ਹੈ ਸਗਲ ਮਿਥੇਨਾ॥'*** ਦ੍ਰਿਸ਼ਟਮਾਨ ਰੂਪ ਵਟਾਉਂਦਾ ਹੈ, ਰੰਗ ਬਦਲਦਾ ਹੈ, ਹੋਰ ਤੋਂ ਹੋਰ ਹੁੰਦਾ ਹੈ, ਇਕ ਰਸ ਅਟੱਲ ਨਹੀਂ ਰਹਿੰਦਾ। ਪਰਮਾਤਮਦੇਵ ਜਗਤ ਰਚਨਾ ਵਿਚ ਦ੍ਰਿਸ਼ਟਮਾਨ ਪਹਿਲੂ ਵਿਚ ਦ੍ਰਿਸ਼ਟਮਾਨ ਨਹੀਂ ਹੈ, ਉਹ ਦ੍ਰਿਸ਼ਟਾ ਹੈ ਉਸ ਨੂੰ ਸਭ ਕੁਝ ਦ੍ਰਿਸ਼ਟਮਾਨ ਹੈ, ਦ੍ਰਿਸ਼ਟਮਾਨ ਦ੍ਰਿਸ਼ਟਾ ਨੂੰ ਨਹੀਂ ਦੇਖ ਸਕਦਾ, **'ਓਹ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ॥'** ਇਹ ਗੁਰ ਨਾਨਕ ਵਾਕ ਹੈ। ਪਰ ਇਕ ਹੋਰ ਤ੍ਰੀਕਾ ਹੈ ਦ੍ਰਿਸ਼ਟਾ ਨੂੰ ਦੇਖਣ ਦਾ, ਉਹ ਹੈ ਅਨੁਭਵ। ਅਨੁਭਵ ਨੂੰ ਸਮਝਣ ਵਾਸਤੇ ਇਕ ਦ੍ਰਿਸ਼ਟਾਂਤ ਦੇਂਦਾ ਹਾਂ, ਉਹ ਪੂਰਾ ਤਾਂ ਨਹੀਂ, ਪਰ ਤੁਸਾਨੂੰ ਜਾਚ ਦੱਸ ਦੇਵੇਗਾ ਸਮਝਣ ਦੀ ਕਿ ਦ੍ਰਿਸ਼ਟਾ ਦੀ ਲੱਖਤਾ ਕਿਵੇਂ ਹੁੰਦੀ ਹੈ ਤੇ ਅਨੁਭਵ ਕਿੱਕੁਰ ਦਾ ਗਜਾਨ ਹੋ ਸਕਦਾ ਹੈ। ਤੁਸੀਂ ਸਾਰੇ ਜਗਤ ਨੂੰ ਆਪਣੀ ਦ੍ਰਿਸ਼ਟੀ ਨਾਲ ਦੇਖ ਰਹੇ ਹੋ, ਤੁਹਾਡੀ ਨਜ਼ਰ ਸਭ ਕੁਛ ਦੇਖ ਰਹੀ ਹੈ, ਪਰ ਕੀਹ ਤੁਸਾਂ ਕਦੇ ਆਪਣੀ ਨਜ਼ਰ ਬੀ ਦੇਖੀ ਹੈ ? ਨਜ਼ਰ ਨੂੰ ਦ੍ਰਿਸ਼ਟਮਾਨ ਬਣਾ ਕੇ ਆਪਣੇ ਨੈਣਾਂ ਦੇ ਸਾਹਮਣੇ ਰੱਖਕੇ ਤੁਸੀਂ ਉਸ ਤਰ੍ਹਾਂ ਨਹੀਂ ਦੇਖ ਸਕਦੇ ਜਿਵੇਂ ਕਿ ਤੁਸੀਂ ਮੈਨੂੰ ਦੇਖ ਰਹੇ ਹੋ। ਪਰ ਤੁਸੀਂ ਜਾਣਦੇ ਹੋ ਕਿ ਤੁਸੀਂ ਸੂਰਦਾਸ ਨਹੀਂ, ਤੁਸੀਂ ਦੇਖਦੇ ਹੋ ਕਿ ਨਜ਼ਰ ਕੋਈ ਸ਼ੈ ਹੈ, ਜੋ ਤੁਸਾਂ ਨਾਲ ਇਕ ਤਰ੍ਹਾਂ ਅਭੇਦ ਹੋ ਕੇ ਦੇਖਣਹਾਰ ਬਣਕੇ ਦੇਖ ਰਹੀ ਤੇ ਆਪਣੀ ਹੋਂਦ ਲਖਾ ਰਹੀ ਹੈ। ਇਸ ਤਰ੍ਹਾਂ ਉਸ ਦ੍ਰਿਸ਼ਟਾ ਨੂੰ, ਆਪਣੇ ਆਪੇ ਵਿਚ ਜੁੜ ਜੁੜ ਕੇ, ਆਪਣੇ ਆਪੇ ਵਿਚ ਮਿਲੇ ਹੋਏ ਅਨੁਭਵ ਕਰੀਦਾ ਹੈ, ਇਸ ਲਈ ਅੰਤਰਮੁਖ ਅਭਜਾਸ ਦੀ ਲੋੜ ਹੈ। ਸਾਡੇ ਅੰਦਰ ਉਹ ਅੰਤ੍ਰਯਾਮੀ-ਅੰਤਰ ਸਥਿਤ-ਹੋ ਕੇ ਸਾਡੇ ਨਾਲ ਮਿਲਿਆ ਹੋਇਆ ਬੈਠਾ ਹੈ। ਉਸਨੂੰ ਅਨੁਭਵ ਨਾਲ ਸਿਆਣ ਸਕੀਦਾ ਹੈ, ਇਸ ਲਈ ਅੰਤਰ ਮੁਖ ਹੋਣ ਦਾ ਅਭਜਾਸ ਕਰੋ। ਜਦੋਂ ਮਨ ਬਾਹਰ ਮੁਖੀ ਹੈ, ਦ੍ਰਿਸ਼ਟਮਾਨ ਨਾਲ ਮਾਨੋ ਅਭੇਦ ਹੋ ਰਿਹਾ ਹੈ, ਹਰ ਛਿਨ ਇਹ ਗੰਗਾ ਦੇ ਤਰੰਗਾਂ ਵਾਂਙੂ ਫੁਰਨਿਆਂ ਵਿਚ ਤ੍ਰਪ ਰਿਹਾ, ਅਨੇਕ ਮੈਲਾਂ ਨਾਲ ਭਰਿਆ ਪ੍ਰਵਾਹ ਰੂਪ ਹੋ ਕੇ ਵਹਿ ਰਿਹਾ ਹੈ, ਖੜਾ ਕਰੋ ਸੁ, ਮੈਲਾਂ ਬੈਠਣ ਦਿਓਸੁ, ਫੇਰ ਇਸ ਵਿਚ ਆਪਣੇ ਆਪ ਨੂੰ ਅਤੇ ਪਰਮਾਤਮਦੇਵ ਦੀ 'ਹੋਂਦ' ਨੂੰ ਤੱਕ ਲੈਣਾ, ਇਸਦਾ ਪਰਮ ਸ਼ੁੱਧ ਸਰੂਪ ਅਨੁਭਵ ਕਰ ਲੈਣਾ। ਹੁਣ ਤਾਂ ਭਾਈ ਤੁਹਾਨੂੰ ਤੁਹਾਡੀ ਵਿਦਜਾ ਵਿਗਜਾਨ (ਸਾਇੰਸ) ਤੋਂ ਬਥੇਰੇ ਦ੍ਰਿਸ਼ਟਾਂਤ ਮਿਲਦੇ ਹਨ:

ਰੇਡੀਓ ਤੋਂ ਸੁਮਤਿ ਲਓ। ਸਾਰੇ ਜਹਾਨ ਦੇ ਰੇਡੀਓ ਦੇ ਗਾਉਣੇ ਕਿਸੇ ਲਹਿਰਾਉ ਵਾਲੇ ਰੂਪ ਵਿਚ ਤੁਹਾਡੇ ਆਲੇ ਦੁਆਲੇ ਚੱਕਰ ਲਾ ਰਹੇ ਹਨ, ਤੁਸੀਂ ਕਿਉਂ ਨਹੀਂ ਉਨ੍ਹਾਂ ਨੂੰ ਸੁਣਦੇ ਤੇ ਗਾਉਣਹਾਰਿਆਂ ਨੂੰ ਦੇਖਦੇ ? ਕੀ ਇਸਦਾ ਸਿੱਟਾ ਇਹ ਨਿਕਲੂ ਕਿ ਓਹ ਹੈਨ ਨਹੀਂ ? ਕਦੇ ਨਹੀਂ। ਤੁਸੀਂ ਕੋਈ ਪ੍ਰਤੀਤੀ ਕਰਨ ਵਾਲੀ (sensitive) ਵਸਤੂ ਉਤਨੀ ਨਾਜ਼ਕ ਪੈਦਾ ਕਰ ਲਓ ਕਿ ਉਨ੍ਹਾਂ ਲਹਿਰਾਵਾਂ ਨੂੰ ਪ੍ਰਤੀਤ ਕਰ ਸਕੇ ਤਾਂ ਉਹ ਪ੍ਰਤੱਖ ਹੋ ਜਾਊ। ਸੋ ਰੇਡੀਓ ਵਿਚ ਜਦ ਉਹ ਸਾਮਾਨ ਕਰ ਦਿਤਾ ਗਿਆ ਤਾਂ ਉਹ ਲਹਿਰਾਉ ਰੂਪ ਵਾਲਾ ਲਹਿਰਾਵਨਹਾਰ ਬੋਲਣਹਾਰ ਹੋ ਗਿਆ। ਤਿਵੇਂ ਭਾਈ ਆਪਣੇ ਮਨ ਨੂੰ, ਜੋ ਦ੍ਰਿਸ਼ਟਮਾਨ (objective) ਪਦਾਰਥਾਂ ਨਾਲ ਲਗ ਰਿਹਾ ਹੈ ਤੇ ਉਨ੍ਹਾਂ ਨਾਲ ਮਾਨੋਂ ਤਦਰੂਪ (Identify) ਹੋ ਰਿਹਾ ਹੈ, ਮੋੜੋ ਅੰਦਰ ਨੂੰ, ਉਹ ਦ੍ਰਿਸ਼ਟਾ ਰੁਖ਼ ਵਲ ਏਕਾਗ੍ਰ ਹੋਣਾ ਸਿੱਖੇ, ਏਕਾਗ੍ਰ ਹੁੰਦਾ ਹੁੰਦਾ ਜਦ ਉਹ ਦ੍ਰਿਸ਼ਟਮਾਨ ਦੀ ਤਦਰੂਪਤਾ ਤੋਂ ਉਚੇਰਾ ਹੋ ਜਾਏਗਾ, ਉਸ ਵਿਚ ਪ੍ਰਤੀਤੀ ਦੀ ਉਹ ਨਜ਼ਾਕਤ (sensitiveness) ਆ ਜਾਏਗੀ ਕਿ ਜੋ ਦ੍ਰਿਸ਼ਟਾ ਵਾਹਿਗੁਰੂ ਨੂੰ ਪ੍ਰਤੀਤ ਕਰ ਲਵੇਗੀ, ਅਨੁਭਵ ਕਰ ਲਵੇਗੀ।

ਚਾਨਣ ਸਿੰਘ-ਸਤਿ ਹੈ। ਦ੍ਰਿਸ਼ਟਮਾਨ (objective) ਪਦਾਰਥਾਂ ਦੇ ਗਜਾਨ ਲਈ ਅਸੀਂ ਸਾਇੰਸ ਦੁਆਰਾ ਦਸ ਦਸ ਵੀਹ ਵੀਹ ਵਰ੍ਹੇ ਪਏ ਟੱਕਰਾਂ ਮਾਰਦੇ ਹਾਂ ਤਾਂ ਕੁਛ ਪਤਾ ਚਲਦਾ ਹੈ ਤੇ ਇਧਰ 'ਦ੍ਰਿਸ਼ਟਾ' ਵਸਤੂ ਦੇ ਜਾਣਨੇ ਲਈ ਅਸੀਂ ਥੋੜ੍ਹਾ ਬਹੁਤ ਪੜ੍ਹਕੇ ਚਾਹੁੰਦੇ ਹਾਂ ਕਿ ਆਪੇ ਹੱਥ ਜੋੜੀ ਉਹ ਮਾਡੇ ਮਗਰ ਮਗਰ ਕਿਉਂ ਨਹੀਂ ਫਿਰਦਾ ਤੇ ਹੁੱਜਤ ਬਣਾ ਕੇ ਸੁਖੀ ਹੋ ਜਾਂਦੇ ਹਾਂ ਕਿ 'ਹੈ' ਤਾਂ ਦਿਸਦਾ ਕਿਉਂ ਨਹੀਂ ? ਆਪ ਦੇ ਫੁਰਮਾਨ ਮੂਜਬ ਮੇਰੀ ਤਾਂ ਤਸੱਲੀ ਹੋ ਗਈ ਹੈ ਅਜ ਸਾਰਾ ਸੰਸਾ ਨਵਿਰਤ ਹੋ ਗਿਆ ਹੈ। ਠੰਢ ਪੈ ਗਈ ਹੈ। ਹੁਣ ਇਕ ਗਲ ਹੈ, ਉਹ ਕਿਰਪਾ ਕਰਕੇ ਦੱਸ ਦਿਓ: ਜਦੋਂ ਕਿ ਕੋਈ ਇਨਸਾਨ ਆਪਦੇ ਫੁਰਮਾਨ ਮੂਜਬ ਗੁਰਬਾਣੀ ਦੇ ਪਾਠ, ਵੀਚਾਰ, ਅਰਦਾਸ, ਸ਼ੁਕਰ, ਕੀਰਤਨ, ਨਾਮ ਸਿਮਰਨ, ਪ੍ਰੇਮ ਦੁਆਰਾ ਦ੍ਰਿਸ਼ਟਾ ਦੇ ਅਨੁਭਵ ਵਿਚ ਪਹੁੰਚ ਪਿਆ, ਤਾਂ ਉਸ ਆਨੰਦ ਵਿਚ ਨਿਮਗਨ ਕਿਉਂ ਨਾਂ ਹੋ ਜਾਵੇ, ਫੇਰ ਕੀਹ ਲੈਣਾ ਸੂ ਦੁਨੀਆਂ ਨਾਲ ਵਾਹ ਪਾ ਕੇ ਉਪਕਾਰ ਦਾ ਕਿ ਸੇਵਾ ਦਾ ਬੀ।

ਸੰਤ (ਮੁਸਕ੍ਰਾਕੇ)-ਠੀਕ ਕਿਹਾ ਜੇ। ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਅਕਸਰ ਦਾਨਿਆਂ ਦਾ ਰੁਖ਼ ਇਹੀ ਸੀ ਜੋ ਤੁਸਾਂ ਜੀ ਨੇ ਕਿਹਾ ਹੈ। ਪਰ ਗੁਰੂ ਜੀ ਨੇ ਡਿੱਠਾ ਕਿ ਜਦ ਐਸੇ ਸਤਿਪੁਰਖ ਜੋ ਸੁਖੀ ਹੋ ਜਾਂਦੇ ਹਨ, ਆਪਣਾ ਜੀਵਨ ਮੁਕਤੀ ਦਾ ਰਸ ਲੈਣ ਲਈ ਅਲੱਗ ਹੋ ਕੇ ਏਕਾਂਤ ਥਾਂਈਂ ਟੁਰ ਜਾਂਦੇ ਹਨ ਤਾਂ ਪਿੱਛੇ ਜੋ ਲੋਕ ਰਹਿ ਜਾਂਦੇ ਹਨ ਸਰਬ ਸਾਧਾਰਨ ਹੁੰਦੇ ਹਨ, ਅਨਪੜ੍ਹ ਹੁੰਦੇ ਹਨ, ਨਾ ਦੀਨ ਸੰਭਾਲ ਸਕਦੇ ਹਨ ਨਾ ਦੁਨੀਆਂ। ਇਸ ਤਰ੍ਹਾਂ ਭਾਈਚਾਰਾ ਕਹੋ, ਪਰਜਾ ਕਹੋ, ਲੋਕੀ ਕਹੋ, ਜਿਸ ਨੂੰ ਤੁਸੀਂ ਸੁਸਾਇਟੀ ਆਖੋਗੇ, ਤਬਾਹ ਹੋ ਗਈ ਹੈ। ਗ਼ੈਰ ਮੁਲਕਾਂ ਦੇ ਜਰਵਾਣੇ ਆਉਂਦੇ ਹਨ, ਲੁਟਦੇ ਹਨ ਰਾਜ ਕਰਦੇ ਹਨ, ਇਨ੍ਹਾਂ ਨੂੰ ਅਨੇਕ ਤਰ੍ਹਾਂ ਨਾਲ ਵਢ ਵਢ ਖਾਂਦੇ ਹਨ। ਉਨ੍ਹਾਂ ਸਤਿਗੁਰਾਂ ਨੇ ਵੀਚਾਰਿਆ ਕਿ ਥੋੜੇ ਬਨਖਾਸੀਆਂ ਨੇ ਆਤਮ ਸੁਖ ਮਾਣ ਲਿਆ ਤਾਂ ਕੀਹ ਜੇ ਬਾਕੀ ਪਰਜਾ ਆਤਮ ਸੁਖ ਤਾਂ ਕਿਤੇ ਰਿਹਾ, ਸੁਤੰਤ੍ਰਤਾ ਦਾ ਸੁਖ ਬੀ ਖੋਹ ਬੈਠੇ, ਵਿਦਯਾ ਤੇ ਸਰੀਰਕ ਆਰਾਮ ਬੀ ਗੁਆ ਬੈਠੇ ਤੇ ਪ੍ਰਸ਼ਾਦ ਪਾਣੀ ਤਕ ਬੀ ਉਖੇਰੇ ਹੋ ਜਾਣ। ਇਸ ਉਨ੍ਹਾਂ ਦੇ ਸਰਬੱਤ ਦੇ ਭਲੇ ਦੀ ਵੀਚਾਰ ਨੂੰ ਗੁਰੂ ਅਰਜਨ ਦੇਵ ਜੀ ਨੇ ਇਉਂ ਫੁਰਮਾਯਾ- '*ਸਗਲ ਸਮੂਹ ਲੈ ਉਧਰੇ ਨਾਨਕ ਪੂਰਨ ਬ੍ਰਹਮੁ ਪਛਾਤਾ॥*' ਗੁਰੂ ਨਾਨਕ ਦੇਵ ਜੀ, ਜਿਨ੍ਹਾਂ ਨੇ ਪੂਰਨ ਬ੍ਰਹਮ ਪਛਾਤਾ ਹੈ, ਉਨ੍ਹਾਂ ਨੇ ਸਗਲ ਸਮੂਹ ਦਾ ਉਧਾਰ ਕੀਤਾ ਹੈ ਤੇ ਕਰਨਾ ਹੈ। ਉਨ੍ਹਾਂ ਨੇ ਕੇਵਲ ਆਪਣੀ ਕਲਿਆਣ ਯਾ ਆਪਣੇ ਥੋੜੇ ਪ੍ਰੇਮੀਆਂ ਦੀ ਕਲਿਆਣ ਦਾ ਵੀਚਾਰ ਨਹੀਂ ਕੀਤਾ, ਪਰ ਉਨ੍ਹਾਂ ਨੇ ਸਗਲ ਸਮੂਹ ਦੇ ਉਧਾਰ ਦਾ ਪ੍ਰਬੰਧ ਕੀਤਾ ਹੈ। ਇਸ ਤੋਂ ਪਹਿਲੀ ਤੁਕ ਵਿਚ ਫੁਰਮਾਉਂਦੇ ਹਨ- '*ਸਫਲੁ ਜਨਮੁ ਹਰਿ ਜਨ ਕਾ ਉਪਜਿਆ*


www.sikhbookclub.com

***ਜਿਨਿ ਕੀਨੋ ਸਉਤ ਬਿਧਾਤਾ।'*** ਪਰਮੇਸੁਰ ਦੇ ਪਿਆਰੇ ਜਨ-ਗੁਰੂ ਨਾਨਕ-ਦਾ ਜਨਮ ਸਫਲ ਜਨਮ ਹੋਇਆ ਹੈ, ਜਿਨ੍ਹਾਂ ਨੇ ਜੀਵਾਂ ਦਾ- ਸਗਲ ਸਮੂਹ-ਦਾ ਉਧਾਰ ਕਰਕੇ ਉਨ੍ਹਾਂ ਨੂੰ ਪਰਮੇਸੁਰ ਦੇ ਸੁਹਣੇ ਪੁਤ੍ਰ ਬਣਾ ਦਿਤਾ ਹੈ। ਭਾਵੇਂਹ ਕਿ ਗੁਰੂ ਨਾਨਕ ਦੇਵ ਜੀ ਨੇ 'ਸਗਲ' ਦੇ ਉਧਾਰ ਨੂੰ ਮੁੱਖ ਰਖਿਆ, ਇਸੇ ਕਰਕੇ ਸਿਖ ਧਰਮ ਦਾ ਆਚਾਰਯ ਸਾਧੂ, ਸੰਤ, ਮਹਾਤਮਾ, ਗੁਣੀ, ਗੁਰਮੁਖ ਉਹੋ ਹੈ ਜੋ ਪਹਿਲਾਂ ***'ਮਨਿ ਸਾਚਾ ਮੁਖਿ ਸਾਚਾ ਸੋਇ॥ ਅਵਰੁ ਨ ਪੇਖੈ ਏਕਸੁ ਬਿਨ ਕੋਇ'*** ਦੀ ਅਵਸਥਾ ਪਾ ਕੇ ਫੇਰ'....ਪਰਉਪਕਾਰ ਉਮਾਹਾ' ਦੇ ਰੰਗ ਵਿਚ ਕੰਮ ਕਰਦਾ ਹੈ। ਇਕ ਆਪਣੀ ਨਹੀਂ, ਪਰ ਜਗਤ ਦੀ ਕਲਜਾਣ ਜਥਾ ਸ਼ਕਤਿ ਜੋ ਕੁਛ ਹੋਵੇ ਸੇਵਾ ਕਰਦਾ ਹੈ।

ਚਾਨਣ ਸਿੰਘ-ਪਹਿਲੋਂ ਆਪ ਪ੍ਰਬੁੱਧ ਹੋਣਾ ਜ਼ਰੂਰੀ ਹੈ ? ਐਵੇਂ ਕੋਈ ਨਿਰਾ ਉਪਕਾਰੀ ਹੋ ਜਾਵੇ ਤਾਂ...... ?

ਸੰਤ-ਹੁਕਮ ਹੈ ਗੁਰ ਨਾਨਕ ਦੇਵ ਜੀ ਦਾ ***'ਪਹਿਲੋ ਦੇ ਜੜ ਅੰਦਰਿ ਜੰਮੈ ਤਾਂ ਉਪਰਿ ਹੋਵੈ ਛਾਂਉ।'*** ਬ੍ਰਿੱਛ, ਭਾਈ ! ਦੂਸਰਿਆ ਨੂੰ ਛਾਂ ਤਾਂ ਹੀ ਦੇ ਸਕੇਗਾ ਜਾਂ ਪਹਿਲੋਂ ਉਗੇ, ਜੜ੍ਹ ਪੱਕੀ ਹੋਵੇ ਤੇ ਫੇਰ ਬ੍ਰਿੱਛ ਫੈਲੇ ਤਾਂ। ਪੰਜਵੇਂ ਗੁਰਾਂ ਨੇ ਫੁਰਮਾਯਾ: ***'ਪ੍ਰਥਮੇ ਮਨੁ ਪਰਬੋਧੈ ਅਪਨਾ ਪਾਛੈ ਅਵਰ ਰੀਝਾਵੈ।*** ਭਾਈ, ਜਦ ਤਾਂਈਂ ਆਦਮੀ ਨੂੰ ਅੰਦਰ ਆਪਣੇ ਨਿਸਚੇ ਨਹੀਂ ਹੋਇਆ ਕਿ ਆਪਾ ਮੇਰਾ ਹਉਂ ਦੇ ਹਨੇਰੇ ਤੋਂ ਛੁੱਟਕੇ ਸੁਖ ਰੂਪ ਹੈ ਤਦ ਤਾਂਈਂ ਦੂਜੇ ਦੇ ਭਲੇ ਲਈ ਆਪਾ ਵਾਰਨਾ ਕਠਨ ਖੇਡ ਹੈ। ਜੋ ਲੋਕ ਅੰਦਰੋਂ ਹਉਂ ਕੱਟਕੇ ਸਾਂਈਂ ਦੇ ਨਾਮ ਦੇ ਆਧਾਰ ਨਾਲ ਗਜਾਨਵਾਨ ਨਹੀਂ ਹੋਏ ਉਨ੍ਹਾਂ ਨੂੰ ਆਪਣੇ ਸੁਆਰਥ ਦੀ ਖਿੱਚ ਟਪਲੇ ਦੇ ਜਾਂਦੀ ਹੈ ਤੇ ਓਹ ਖੁਦਗਰਜ਼ੀ ਦੇ ਹੱਥੋਂ ਨਹੀਂ ਛੁਟਦੇ ਤੇ ਪਰਾਏ ਭਲੇ ਵਿਚ ਔਖੇ ਨਿਭਦੇ ਹਨ। ਜਿਨ੍ਹਾਂ ਨੇ ਸਾਂਈਂ ਪ੍ਰੇਮ ਵਿਚ ਟੇਕ ਲਾਈ ਹੈ ਤੇ ਅਪਣੇ ਸ਼ੁਭ ਕਰਮ ਬੀ ਉਸਨੂੰ ਅਰਪੇ ਹਨ, ਉਨ੍ਹਾਂ ਤੋਂ ਜਗਤ ਨੂੰ ਸੁਖ ਮਿਲਿਆ ਹੈ। ਜਿਨ੍ਹਾਂ ਨੇ ਆਪ ਪ੍ਰਬੁੱਧ ਹੋਏ ਬਿਨਾਂ, ਸਾਂਈਂ ਨੂੰ ਪ੍ਰੀਤਮ ਬਨਾਏ ਬਿਨਾ, ਉਪਕਾਰ ਕੀਤੇ ਹਨ। ਉਨ੍ਹਾਂ ਬਾਬਤ ਤੁਹਾਡੀ ਪੱਛਮੀ ਬੋਲੀ ਵਿਚ ਇਕ ਕਹਾਵਤ ਹੈ ਜ਼ਿਸਦਾ ਅਰਥ ਹੈ ਕਿ 'ਉਪਕਾਰ ਦਾ ਅੰਤ ਅਪਕਾਰ ਹੁੰਦਾ ਹੈ', ਅਰਥਾਤ ਉਪਕਾਰੀ ਆਦਮੀ ਉਪਕਾਰ ਦੇ ਉਲਟ ਹੋ ਕੇ ਨਿੱਬੜਦਾ ਹੈ। ਕਾਰਣ ਇਹ ਹੈ ਕਿ ਉਪਕਾਰੀ ਨੂੰ ਮੁਸ਼ਕਲਾਂ ਆਉਂਦੀਆਂ ਹਨ। ਜਗਤ ਉਪਕਾਰ ਲੈ ਕੇ ਮਾੜੇ ਵਰਤਾਉ ਕਰਦਾ ਹੈ, ਜਿਸ ਤੋਂ ਮਨ ਦੁਖੀ ਹੁੰਦਾ ਹੈ। ਉਪਕਾਰੀਆਂ ਨੂੰ ਹੀ ਸੂਲੀਆਂ ਫਾਹੇ ਤੇ ਕੈਦਾਂ ਮਿਲੀਆਂ। ਜਿਸ ਉਪਕਾਰੀ ਦੇ ਅੰਦਰ ਪ੍ਰਭੂ ਦੀ ਟੇਕ ਹੈ, ਜਿਸ ਦੇ ਗਜਾਨ ਨੇਤ੍ਰ ਖੁੱਲ੍ਹੇ ਹਨ, ਉਹ ਜਗਤ ਦੇ ਮੰਦੇ ਸਲੂਕਾਂ ਨਾਲ ਘਾਬਰਦਾ ਨਹੀਂ ਤੇ ਅੰਤ ਪ੍ਰਯੰਤ ਜਗਤ ਉਧਾਰ ਦੇ ਕੰਮ ਵਿਚ ਨਿਭ ਜਾਂਦਾ ਹੈ। ਵਾਹਿਗੁਰੂ ਦੇ ਗਿਆਨ ਤੋਂ ਹੀਨ ਪੁਰਖ ਉਪਕਾਰਾਂ ਵਿਚ ਅੱਕ ਥੱਕ ਜਾਂਦਾ ਹੈ, ਕਈ ਵੇਰ ਉਪਕਾਰ ਛੱਡ ਹੀ ਬੈਠਦਾ ਹੈ।

ਫੇਰ ਇਕ ਸੋਚ ਹੋਰ ਹੈ। ਗੁਰਮਤ ਅਨੁਸਾਰ ਪਰਮੇਸ਼ਰ ਦਾ ਪਿਆਰਾ ਜਦ ਲੋਕਾਂ ਦੀਆਂ ਪੀੜਾਂ ਹਰਦਾ ਹੈ ਤਾਂ ਉਹਨਾਂ ਨੂੰ ਪਰਮੇਸ਼ਰ ਦਾ ਗਜਾਨ ਬੀ ਦੇਂਦਾ ਹੈ, ਜੀਵਨ ਦੇ ਉਚੇ ਆਦਰਸ਼ ਸਿਖਾਲਦਾ ਹੈ। ਜੇ ਇਹ ਨਾਂ ਸਿਖਾਲੇ ਤੇ ਦੁਖ ਹਰੇ ਤਾਂ ਦੁੱਖਾਂ ਦੇ ਦੂਰ ਹੋਇਆਂ ਓਹੋ ਦੁਖੀ ਤੇ ਪਾਪੀ ਲੋਕ ਅਪਣੇ ਪਹਿਲੇ ਖੁਦਗਰਜ਼ੀ ਤੇ ਵਿਕਾਰਾਂ ਦੇ ਸੁਭਾਵ ਵਿਚ ਵਰਤਦੇ ਹਨ ਤੇ ਜਗਤ ਲਈ ਦੁਖਦਾਈ ਹੋ ਜਾਂਦੇ ਹਨ। ਇਕ ਪ੍ਰਸਿਧ ਪੱਛਮੀ ਲੇਖਕ ਨੇ ਇਕ ਕਹਾਣੀ ਲਿਖੀ ਹੈ, ਜਿਸਦਾ ਸੰਖੇਪ ਭਾਵ ਇਹ ਹੈ ਕਿ ਸ੍ਰੀ ਈਸਾ ਜੀ ਨੇ ਇਕ ਕੋੜ੍ਹੀ ਨੂੰ ਰਾਜੀ ਕਰ ਦਿਤਾ, ਸਮੇਂ ਬਾਦ ਓਹ ਦੇਖਣ ਗਏ ਕਿ ਉਹ ਕੋਹੜੀ ਹੁਣ ਕੀਹ ਕਰ ਰਿਹਾ ਹੈ ? ਤਾਂ ਓਹ ਕੀ ਦੇਖਦੇ ਹਨ ਕਿ ਉਹ ਇਕ ਸੁੰਦਰ ਮਕਾਨ ਵਿਚ ਬੈਠਾ ਸ਼ਰਾਬ ਪੀ ਰਿਹਾ ਤੇ ਵਿਕਾਰ ਕਮਾ ਰਿਹਾ ਹੈ। ਤਾਂ ਉਨ੍ਹਾਂ ਨੇ ਪੁੱਛਿਆ ਭਾਈ ਕੀ ਤੂੰ ਓਹੋ ਕੋਹੜੀ ਹੈਂ ? ਉਸਨੇ ਚਰਨ ਪਕੜੇ ਤੇ ਕਿਹਾ ਹਾਂ ਰੱਬੀ ! ਮੈਂ ਉਹੋ ਹਾਂ ਜਿਸਨੂੰ ਤੁਸਾਂ ਰਾਜ਼ੀ ਕੀਤਾ ਸੀ। ਓਹ ਕਹਣ ਲਗੇ ਭਾਈ ਇਹ ਤੂੰ ਕੀਹ ਕਰਮ ਕਰ ਰਿਹਾ ਹੈਂ? ਉਸਨੇ ਕਿਹਾ ਫੇਰ ਪ੍ਰਭੂ ਜੀ ਮੈਂ ਹੋਰ ਕੀ


www.sikhbookclub.com

ਕਰਦਾ ਤੇ ਕੀਹ ਕਰਾਂ ? ਇਸ ਲਈ ਗੁਰੂ ਆਦਰਸ਼ ਨੇ ਸਿਖਲਾਇਆ ਹੈ ਕਿ ਜਿਵੇਂ ਖੋਤੇ ਦੀ ਪਿਛਾੜੀ ਤਾਂ ਖੁਹਲੀ ਦੀ ਹੈ ਜੇ ਉਸਨੂੰ ਪਹਿਲੇ ਲੱਦ ਲਈਏ, ਨਹੀਂ ਤਾਂ ਸੁਆਹ ਵਿਚ ਲੇਟਦਾ ਹੈ ਤੇ ਉਡਾਕੇ ਦੂਸਰਿਆਂ ਦੇ ਸਿਰ ਪਾਉਂਦਾ[1] ਹੈ। ਸੋ ਜੋ ਪਹਿਲਾਂ ਆਪ ਉੱਚ ਜੀਵਨ ਵਾਲਾ ਹੋ ਗਿਆ ਹੈ ਉਹ ਦੂਸਰਿਆਂ ਦੇ ਦੁਖ ਦੂਰ ਕਰਨ ਵਿਚ ਸਹਾਇਤਾ ਬੀ ਕਰੇਗਾ ਤੇ ਉਨ੍ਹਾਂ ਨੂੰ ਉੱਚ ਜੀਵਨ ਦੀ ਮਤ ਬੀ ਦੇਵੇਗਾ, ਨਹੀਂ ਤਾਂ ਡਰ ਹੈ ਕਿ ਆਪ ਬੀ ਅੱਕ ਥੱਕ ਜਾਵੇਗਾ ਤੇ ਦੁੱਖ ਦੂਰ ਕਰਕੇ ਖ਼ੁਦਗਰਜ਼ਾਂ ਦੀਆਂ ਪਿਛਾੜੀਆਂ ਹੀ ਕਈ ਵੇਰ ਖ਼ੁਹਲੇਗਾ, ਜੋ ਖੇਹਾਂ ਉਡਾਉਣਗੇ। ਇਹ ਗਲਾਂ ਸਦਾ ਨਹੀਂ ਹੁੰਦੀਆਂ ਮੈਂ ਜੋ ਕਹਿ ਰਿਹਾ ਹਾਂ ਅਕਸਰ ਹੋਣ ਵਾਲੀਆਂ ਕਹਿ ਰਿਹਾ ਹਾਂ। ਹਾਂ ਦਾਰੂ ਕਰੀਦਾ ਹੈ ਤਾਂ ਸਰਬਥਾ ਕਰੀਦਾ ਹੈ, ਸੋ ਉਪਕਾਰੀ ਨੂੰ ਸਿੱਖਿਆ ਦਾਤਾ ਬੀ ਹੋਣਾ ਚਾਹੀਦਾ ਹੈ।

੬.

**ਜਿਸ** ਵੱਡੇ ਪੱਥਰ ਤੇ ਬੈਠੇ ਸੰਤ ਗੱਲਾਂ ਕਰ ਰਹੇ ਸਨ, ਉਸ ਦੇ ਪਿੱਛੇ ਇਕ ਹੋਰ ਉੱਚਾ ਚਿਟਾਨ ਜਿਹਾ ਸੀ, ਇਸ ਦੇ ਨਾਲ ਇਕ ਬੰਗਾਲੀ ਸੰਤ ਬੈਠੇ ਸਨ, ਉਹ ਸੰਤਾਂ ਦੀ ਵਾਰਤਾਲਾਪ ਸੁਣਦੇ ਰਹੇ ਸਨ। ਜੀਵਨ ਮੁਕਤੀ ਵਾਲੇ ਸੰਤ ਦਾ ਫੇਰ ਜਗਤ ਵਿਚ ਆ ਕੇ ਵੱਸਣਾ ਤੇ ਪਰਉਪਕਾਰ ਕਰਨਾ ਸੁਣਕੇ ਅਚਰਜ ਹੋ ਰਹੇ ਸਨ। ਉਹ ਹੁਣ ਓਥੋਂ ਉਠਕੇ ਸਨਮੁਖ ਆ ਗਏ ਤੇ ਨਮਸਕਾਰ ਕਰਕੇ ਬਹਿ ਗਏ, ਆਖਣ ਲੱਗੇ: ਜੋ ਆਪ ਦੀ ਗੁਫਤਗੂ ਵਿਚ ਦਖਲ ਦੇਣਾ ਬੇਅਦਬੀ ਨਾ ਹੋਵੇ ਤਾਂ ਮੈਂ ਕੁਝ ਪੁੱਛਣਾ ਚਾਹੁੰਦਾ ਹਾਂ ਕਿ ਜੀਵਨ·ਮੁਕਤ ਦਾ ਰਸ ਕੀਹ ਤੇ ਜਗਤ ਦੇ ਬਖੇੜੇ ਕੀਹ ? ਮੈਂ ਹੁਣ ਇਸ ਥਾਂ ਤੋਂ ਦੋ ਸੌ ਕੋਹ ਉਪਰ ਪਹਾੜ ਵਿਚ ਇਕਾਂਤ ਦੋ ਸਾਲ ਕੱਟ ਕੇ ਆਇਆ ਹਾਂ। ਇਹੋ ਜਿਹਾ ਰਸ ਪਰਵਿਰਤੀ ਵਿਚ ਕਿੱਥੇ ਹੈ ਜੋ ਇਕਾਂਤ ਵਿਚ ਦੇਖਿਆ ਹੈ! ਆਪ ਕਹਿ ਰਹੇ ਹੋ ਕਿ ਜੀਵਨ ਮੁਕਤੀ ਵਾਲਾ ਭੀ ਹੋਵੇ ਤੇ ਆਪਣੇ ਹੀ ਨਹੀਂ, ਸਗੋਂ ਜਗਤ ਦੇ ਬਖੇੜੇ ਸਹੇੜ ਕੇ ਫੇਰ ਸੁਖੀ ਹੋ ਰਹੇ। ਇਹ ਪ੍ਰਕਾਰ ਕਿਵੇਂ ਹੈ ?

ਸੰਤ-ਗਲ ਤਾਂ ਕੁਛ ਇਵੇਂ ਹੈ, ਪਰ ਇਥੇ ਜੋ ਗਲ ਹੁਣ ਹੋ ਰਹੀ ਹੈ ਇਸਤੋਂ ਉਲਟਵੇਂ ਰੁਖ ਤੋਂ ਹੋ ਰਹੀ ਹੈ। 'ਜੀਵਨ ਮੁਕਤਿ ਪਰਵਿਰਤੀ ਕਰੇ' ਇਉਂ ਨਹੀਂ, ਪਰ ਗਲ ਇਸ ਵੇਲੇ ਹੋ ਰਹੀ ਹੈ ਕਿ ਜਗਤ ਦੇ ਉਪਕਾਰੀ ਜੋ ਪਰਮੇਸੁਰ ਵਿਚ ਨੇਸ਼ਟਾ ਭਗਤੀ ਧਾਰੇ ਬਿਨਾਂ ਅਰਥਾਤ ਆਪ ਆਪਣੇ 'ਨੇਕੀ ਕੁੱਲ ਦੇ ਬ੍ਰਿੱਛ' ਪਰਮਾਤਮ ਦੇਵ ਦੀ ਛਾਉਂ ਪ੍ਰਾਪਤ ਕੀਤੇ ਬਿਨਾ ਜਗਤ ਦਾ ਉਪਕਾਰ ਕਰਦੇ ਹਨ, ਉਹਨਾਂ ਨੂੰ ਘਬਰਾ, ਉਦਾਸੀ, ਕਈ ਵੇਰ ਉਪਕਾਰ ਦਾ ਤਯਾਗ ਯਾ ਇਸ ਵਿਚ ਗਿਲਾਨੀ ਪ੍ਰਾਪਤ ਹੁੰਦੀ ਹੈ। ਇਸ ਲਈ ਉਪਕਾਰ ਦੀ ਭਾਵਨਾ ਵਾਲੇ ਨੂੰ ਲੋੜੀਂਦਾ ਹੈ ਕਿ ਸਾਂਈਂ ਵਿਚ ਆਪਣਾ ਧ੍ਰੁਵਾ ਗੱਡ ਕੇ, ਉੱਚ ਜੀਵਨ ਦਾ ਆਦਰਸ਼ ਬਣਾ ਕੇ ਜਗਤ ਦਾ ਉਪਕਾਰ ਕਰੇ। ਜਿਸ ਦੇ ਅੰਦਰ ਕੋਈ ਉੱਚਾ ਸੁੱਚਾ ਤੇ ਸੱਚੇ ਆਦਰਸ਼ ਦਾ ਆਸਰਾ ਨਹੀਂ, ਉਹ ਕਈ ਵੇਰ ਨਿਰਾਸਤਾ ਨੂੰ ਪਹੁੰਚਦਾ ਹੈ ਜਦੋਂ ਕਿ ਉਪਕਾਰ ਕਰਦਿਆਂ ਠੁਹਕਰਾਂ ਤੇ ਉਖੇੜਾਂ ਲਗਦੀਆਂ ਹਨ ਤੇ ਇਸ ਗਲ ਦਾ ਜਗਤ ਇਤਿਹਾਸ ਉਗਾਹ ਹੈ ਕਿ ਉਪਕਾਰ ਕਰਨ ਵਾਲੇ ਨਾਲ ਜਗਤ ਨੇ ਅਕਸਰ ਅਪਕਾਰ ਹੀ ਕੀਤਾ ਹੈ। ਦੂਸਰੇ ਪਾਸੇ ਇਤਿਹਾਸ ਤੇ ਤਜਰਬਾ ਦੱਸਦਾ ਹੈ ਕਿ ਗਯਾਨਹੀਨ ਉਪਕਾਰੀ ਉਪਕਾਰ ਵਿਚ ਗਲਤੀਆਂ ਖਾਂਦੇ ਤੇ ਅਣਜਾਣੇ ਅਪਕਾਰ ਕਰ ਬੈਠਦੇ ਹਨ। ਸਗੋਂ ਅਕਸਰ ਵੇਰ ਪ੍ਰਬੁੱਧ ਹੋਏ ਬਿਨਾਂ ਉਪਕਾਰ ਕਰਨ ਵਾਲੇ ਆਪਣੀ ਹਉਮੈਂ ਨੂੰ ਹੀ ਪੱਠੇ ਪਾਉਂਦੇ ਹਨ, ਉਨ੍ਹਾਂ ਦੇ ਉਪਕਾਰ ਉਨ੍ਹਾਂ ਦੇ ਅਹੰਕਾਰ ਤੇ ਮਨ ਦੇ ਅਭਿਮਾਨ ਤੋਂ ਹੁੰਦੇ ਹਨ, ਇਸ ਕਰਕੇ ਓਹ ਉਨ੍ਹਾਂ ਦੇ ਆਪਣੇ ਲਈ ਬੀ ਹਾਨੀਕਾਰਕ ਹੋ ਜਾਂਦੇ ਹਨ। ਫਿਰ ਦੇਖਿਆ ਗਿਆ ਹੈ ਕਿ ਰਿਆਕਾਰ[2] ਲੋਕ ਉਪਕਾਰ ਨੂੰ

1. ਖਰ ਕਾ ਪੈਖੁਰ ਤਉ ਛੁਟੈ ਜਉ ਊਪਰਿ ਲਾਦਾ॥ (ਬਿਲਾ: ਮ: ੫)

2. ਛਲ ਕਰਨ ਵਾਲੇ।


www.sikhbookclub.com

ਆਪਣੇ ਮਾੜੇ ਕਰਮਾਂ ਦੀ ਚਾਦਰ ਬੀ ਬਣਾਉਂਦੇ ਹਨ। ਦੇਖਣੇ ਵਿਚ ਆਇਆ ਹੈ ਕਿ 'ਕੇਵਲ ਇਖ਼ਲਾਕੀ ਆਚਰਨ ਬਨਾਓ ਤੇ ਇਨਸਾਨ ਨਾਲ ਹਮਦਰਦੀ ਕਰੋ' ਐਸਾ ਉਪਦੇਸ਼ ਦੇਣ ਵਾਲੇ ਆਪ ਮਹਾਨ ਸੁਆਰਥੀ ਹੁੰਦੇ ਹਨ ਤੇ ਇਸ ਪਰਦੇ ਹੇਠ ਦੁਕਾਨਾਂ ਟੋਰਦੇ ਹਨ ਤੇ ਇਸ ਕਰ ਕੇ ਦਾਨਿਆਂ ਨੇ ਕਿਹਾ ਹੈ ਕਿ ਉਪਕਾਰੀ ਵਿਚ ਬਹੁਤ ਸਾਰੀ ਅਕਲ ਦੀ ਲੋੜ ਹੈ, ਪਰ ਗੁਰਮਤਿ ਦਾ ਵੀਚਾਰ ਇਹ ਹੈ ਕਿ ਉਪਕਾਰੀ ਪੁਰਖ ਐਸਾ ਉੱਚ ਆਚਰਣੀਯ ਲੋੜੀਦਾ ਹੈ, ਜੋ ਅੰਤ੍ਰੀਵ ਹਉਮੈ ਨੂੰ ਸਮਝਦਾ ਹੋਵੇ ਤੇ ਬਹਰੰਗ ਹਉਮੈ-ਖੁਦਗਰਜ਼ੀ-ਦੇ ਹੱਥੋਂ ਛੁਟ ਚੁਕਾ ਹੋਵੇ। ਇਹ ਗਲ ਉਸ ਨੂੰ ਪ੍ਰਾਪਤ ਤਾਂ ਹੁੰਦੀ ਹੈ ਜੋ ਪਰਮੇਸ਼ਰ ਤੇ ਟਿਕਦਾ ਹੈ। ਜੋ ਆਪਣੇ ਕਰਮ ਉਸ ਨੂੰ ਅਰਪਦਾ ਹੈ, ਉਸ ਪ੍ਰੇਮ ਰੂਪ ਪਰਮੇਸ਼ੁਰ ਦੀ ਟੇਕ ਵਾਲੇ ਵਿਚ ਪ੍ਰੇਮ ਹੁੰਦਾ ਹੈ, ਜਿਸ ਕਰਕੇ ਉਹ ਉਮਾਹੂ ਹਮਦਰਦੀ ਵਿਚ ਹੁੰਦਾ ਹੈ। ਉਸ ਦਾ ਮਨ ਪ੍ਰਬੁੱਧ ਹੁੰਦਾ ਹੈ ਇਸ ਕਰਕੇ ਉਹ ਸਮਝਕੇ ਨੇਕੀ ਕਰਦਾ ਹੈ, ਜੋ ਨੇਕੀ ਕਿ ਨੇਕੀ ਦਾ ਫਲ ਲਿਆਵੇ। ਉਹ ਆਪਣੇ ਪ੍ਰਬੁੱਧ ਮਨ ਨੂੰ ਬੀ ਵਾਹਿਗੁਰੂ ਜੀ ਦੀ ਰਾਖੀ ਵਿਚ ਟੋਰਦਾ ਹੈ ਜੋ ਉਸ ਨੂੰ ਸ਼ੁਭ ਕੰਮਾਂ ਵਿਚ ਪਰਮਾਤਮ ਦੇਵ ਰਾਹਨੁਮਾਈ ਤੇ ਅਨੁਗ੍ਰਹ ਦੀ ਸਹਾਇਤਾ ਮਿਲਦੀ ਰਹੇ, ਉਸ ਦੀ ਨੇਕੀ ਮੰਗਤਪੁਣਾ ਨਾ ਵਧਾਵੇ ਨਾ ਦਲਿਦਰ ਤੇ ਪਾਪ ਵਲ ਰੁਚੀ ਦੁਆਵੇ, ਨਾ ਕੱਚੇ ਕੁਸ਼ਾਮਤੀਆਂ ਦੀ ਭੀੜ ਦੁਆਲੇ ਕੱਠੀ ਕਰ ਦੇਵੇ, ਨਾ ਅਪਣੇ ਵਿਚ ਹੰਕਾਰ ਕਿ ਲੋਕਾਂ ਤੋਂ ਗਿਲਾਨੀ ਪੈਦਾ ਕਰੇ।

ਹੁਣ ਇਸ ਗੱਲ ਨੂੰ ਜਦ ਉਲਟਾਓਗੇ, ਸੰਤ ਜੀ ! ਤਾਂ ਦੇਖੋਗੇ ਕਿ ਮੈਂ ਕਹਿ ਰਿਹਾ ਹਾਂ ਕਿ ਜੀਵਨ ਮੁਕਤ ਲੋਕਾਂ ਨੂੰ ਉਪਕਾਰ ਕਰਨਾ ਚਾਹੀਦਾ ਹੈ। ਓਨ੍ਹਾਂ ਦਾ ਅਲੱਗ ਹੋ ਬਹਿਣਾ ਗੁਰੂ ਘਰ ਵਿਚ ਪਰਵਾਣ ਨਹੀਂ। ਇੱਥੇ ਕਿਆ ਸਾਧੂ, ਕਿਆ ਗ੍ਰਿਹਸਤੀ, ਜੋ ਜੋ ਗੁਰੂ ਗਜਾਨ ਨਾਲ ਪ੍ਰਬੁੱਧ ਹੋਵੇ, ਉਸ ਦਾ ਫਰਜ਼ ਹੁੰਦਾ ਹੈ ਕਿ ਉਹ ਦਾਤਾ ਹੋ ਵਰਤੇ, ਓਹ ਵੰਡੇ, ਓਹ ਦੇਵੇ, ਕਿਉਂਕਿ ਓਹੋ ਦੇਣ ਨੂੰ ਸਮਰੱਥ ਹੈ ਤੇ ਓਸੇ ਪਾਸ ਦਰੁਸਤੀ ਨਾਲ ਦੇਣ ਦਾ ਚਾਨਣ ਹੈ*। ਇਕ ਆਖਦੇ ਹਨ ਜਿਨ੍ਹਾਂ ਨੇ ਭਗਵੰਤ ਨੂੰ ਪਿਆਰ ਕੀਤਾ ਹੈ, ਓਨ੍ਹਾਂ ਨੇ ਜਗਤ ਨੂੰ ਪਿਆਰ ਕਰ ਲਿਆ ਹੈ। ਇਕ ਆਖਦੇ ਹਨ ਜਿਨ੍ਹਾਂ ਨੇ ਜਗਤ ਨੂੰ ਪਿਆਰ ਕੀਤਾ ਹੈ, ਓਨ੍ਹਾਂ ਨੇ ਭਗਵੰਤ ਨੂੰ ਪਿਆਰ ਕਰ ਲਿਆ ਹੈ। ਮੈਨੂੰ ਗੁਰਮਤ ਤੋਂ ਸੋਝੀ ਮਿਲੀ ਹੈ ਕਿ ਜਿਨ੍ਹਾਂ ਨੇ ਭਗਵੰਤ ਨਾਲ ਪਿਆਰ ਕੀਤਾ ਹੈ, ਉਨ੍ਹਾਂ ਨੂੰ ਜਗਤ ਪਿਆਰ ਦੀ ਠੀਕ ਸੋਝੀ ਆਈ ਹੈ, ਇਸ ਸੋਝੀ ਵਿਚ ਜਿਨ੍ਹਾਂ ਨੇ ਜਗਤ ਨੂੰ ਪਿਆਰ ਕੀਤਾ ਹੈ ਉਨ੍ਹਾਂ ਨੇ ਭਗਵੰਤ ਨੂੰ ਵਿਆਪਕ ਜਾਣਿਆ ਹੈ।

ਬੰਗਾਲੀ ਸੰਤ-ਬਹੁਤ ਖ਼ੂਬ। ਪਰ ਇਹ ਸਤਜ ਹੈ ਕਿ ਅੰਦਰੋਂ ਹਉਂ ਨੂੰ ਸਮਝਕੇ ਪਰਮਾਤਮ ਦੇਵ ਨੂੰ ਅਨੁਭਵ ਕਰਕੇ ਹੀ ਆਪਣੇ 'ਅਸਲ ਆਪੇ' ਦੀ ਤੇ ਜਗਤ ਨਾਲ ਸਾਡਾ ਕੀਹ ਸੰਬੰਧ ਹੈ, ਦੀ ਸੋਝੀ ਆਉਂਦੀ ਹੈ, ਇਹ ਸੋਝੀ ਜੋ ਉਪਕਾਰ ਕਰਾਵੇ ਉਹੀ ਠੀਕ ਓਪਕਾਰ ਹੋ ਸਕਦਾ ਹੈ ਤੇ ਇਹੋ ਸੋਝੀ ਉਪਕਾਰ ਕਰਨ ਲਈ ਤੰਦਰੁਸਤ ਤੇ ਅਰੋਗ ਇਛਾ ਉਤਪਤ ਕਰਦੀ ਹੈ। ਸੋ ਆਪ ਨੇ ਜੋ ਤੁਕ ਪੜ੍ਹੀ ਸੀ ਬਹੁਤ ਦਰੁਸਤ ਹੈ- '***ਪ੍ਰਥਮੇ ਮਨੁ ਪਰਬੋਧੈ ਅਪਨਾ ਪਾਛੈ ਅਵਰ ਰੀਝਾਵੈ।***' ਪਰ ਮੇਰੀ ਇਕ ਆਸ਼ੰਕਾ ਹੈ ਕਿ ਕਿਆ ਜੀਵਨ ਮੁਕਤੀ ਦਾ ਆਨੰਦ ਪਰਉਪਕਾਰ ਦੀਆਂ ਮੁਸ਼ਕਲਾਂ ਵਿਚ ਸੰਭਵ ਹੈ ?

ਸੰਤ-ਜੀਓ, ਗੁਰਮਤ ਵਿਚ ਇਸ ਦਾ ਇਕ ਦਾਰੂ ਲਿਖਿਆ ਹੈ। ਉਹ ਹੈ 'ਹੁਕਮ ਦੀ ਸਿਆਣ।' ਜੇ ਇਹ ਜੀਵਨ ਮੁਕਤੀ ਦੇ ਰਸ ਨੂੰ ਆਪਣਾ ਜਾਣਕੇ ਲਗ ਰਿਹਾ ਹੈ ਤਾਂ ਅਜੇ ਬੀ ਕਿਸੇ ਲੇਸ਼ ਮਾਤ੍ਰ ਹਉਂ ਵਿਚ ਹੀ ਹੈ। ਜੇ ਹੁਕਮ ਪਛਾਣੇ ਤਾਂ ਹਉਂ ਦਾ ਪ੍ਰਭਾਵ ਸਾਰਾ ਦੂਰੀ ਤੇ ਜਾ ਖਲੋਂਦਾ ਹੈ : '***ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ।***' ਜੇ ਸਾਧਕ ਨੂੰ ਸਮਾਂ ਜੀਵਨ ਮੁਕਤੀ ਦੇ ਰਸ ਲੈਣ ਦਾ ਮਿਲ ਗਿਆ ਤਾਂ ਹੁਕਮ ਪਛਾਣੇ, ਜੈਸਾ ਕਿ ਆਪ ਦੋ ਬਰਸ ਏਕਾਂਤ ਰਹਿਕੇ ਰਸ ਲੈ ਆਏ ਹੋ। ਅੱਜ

---

* ਓਇ ਦਾਤੇ ਦੁਖ ਕਾਟਨਹਾਰ॥ ਜਾ ਕੈ ਸੰਗਿ ਤਰੈ ਸੰਸਾਰ॥ (ਸੁਖਮਨੀ)


www.sikhbookclub.com

ਅਚਾਨਕ ਆਪ ਇਸ ਨਿਰਜਨ ਥਾਂਵੇਂ ਟਿਕ ਰਹੇ ਸਾਓ, ਸਾਡਾ ਕੋਈ ਕੰਮ ਨਹੀਂ ਸੀ ਏਥੇ, ਭਾਣੇ ਵਿਚ ਗਲੇ ਆ ਪਈ ਮਾਇਆ ਨੂੰ ਸਫਲ ਕਰਨੇ ਨਮਿਤ ਏਧਰ ਆ ਗਏ। ਇਹ ਸਿੰਘ ਜੀ ਬਿਨਾ ਜਾਣੇ ਕਿ ਅਸੀਂ ਕਿਥੇ ਹਾਂ, ਇਧਰੇ ਪ੍ਰੇਰੇ ਆ ਗਏ, ਸਾਡੀ ਵਾਰਤਾਲਾਪ ਆਪਦੇ ਨੇੜੇ ਹੋ ਪਈ, ਆਪ ਸੁਣਕੇ ਖੁਸ਼ੀ ਹੋਏ ਹੋ, ਹੁਣ ਸ਼ਾਇਦ ਆਪ ਲਈ ਹੁਕਮ ਹੈ ਕਿ ਜਗਤ ਦਾ ਉਪਕਾਰ ਕਰੋ। ਸੋ ਜੇ ਆਪ ਨੂੰ ਚਾਉ ਹੋ ਆਵੇ ਤਾਂ ਆਪ ਹੁਕਮ ਸਮਝ ਕੇ ਕਰੋ। ਸਾਧੂ ਨੂੰ ਲੋੜੀਏ ਇਹ ਸਮਝ-ਦੁਖ ਆਵੈ ਹੁਕਮ, ਸੁਖ ਆਵੇ ਹੁਕਮ! ਜਦ ਫੇਰ ਇਕਾਂਤ ਦੀ ਆਗਿਆ ਆਵੇ, ਇਕਾਂਤ ਹੋ ਕੇ ਆਪਣੇ ਅੰਦਰ ਨੂੰ ਸੁਖੀ ਸੁਰਜੀਤ ਕਰ ਲਵੇ। ਸੋ ਤੁਸੀਂ ਜੇ ਚਾਹੋ ਤਾਂ ਜਗਤ ਵਿਚ ਸੇਵਾ ਕਰਦਿਆਂ ਯਾਦ ਵਿਚ ਵੱਸੋ, ਵਿਚ ਵਿਚ ਜੋ ਸਮੇਂ ਵਧੇਰੇ ਮਿਲਦੇ ਹਨ ਸਾਂਈਂ ਯਾਦ ਵਿਚ ਲਾਓ। ਜਦੋਂ ਕੋਈ ਕੰਮ ਮੁੱਕਾ, ਜਾਤਾ ਹੁਕਮ ਖੀ ਭੁਗਤ ਗਿਆ, ਹੁਣ ਲਓ ਆਪਣੇ ਆਪੇ ਵਿਚ ਟਿਕਣ ਦਾ ਰਸ। ਜਦੋਂ ਐਨ ਰਸ ਮੱਤੇ ਵਿਚ ਜਗਤ ਪੀੜਾ ਹਰਨ ਦੀ ਆਈ ਝੀਣੀ ਆਵਾਜ਼, ਨਾ ਸਮਝੋ ਕਿ ਹਾਇ ਦੁਖੱ ਆ ਗਿਆ, ਮੇਰਾ ਸੁਖ ਚੱਲਿਆ; ਉਸ ਵੇਲੇ ਸਮਝੋ ਹੁਕਮ ਆਇਆ ਹੈ, ਉਹ ਕੰਮ ਦੁਖ ਹਰਨ ਦਾ ਹੁਕਮ ਵਿਚ ਕਰੋ, ਕਰਕੇ ਅਰਪਨ ਕਰੋ ਹੁਕਮੀ ਨੂੰ! ਆਪ ਅੰਦਰ ਸੰਸਕਾਰ ਮਾਤ੍ਰ ਨਾ ਰੱਖੋ। ਉਪਕਾਰ ਵਿਚ ਸਭ ਜਾਰੀ ਹੋ ਪਏ ਸੰਕਲਪ ਧੋ ਕੇ ਨਿਜਾਨੰਦ ਵਿਚ ਸਾਂਈਂ ਪਿਆਰ ਵਿਚ, ਜੁੜ ਜਾਓ। ਗਜਾਨਵਾਨ ਲਈ ਸਿਮਰਨ ਦਾ ਇਹੋ ਫਲ ਹੈ ਕਿ ਸਿਮਰਨ ਉਸਦੇ ਆਨੰਦ ਦੀ ਬਾਧਾ ਨਹੀਂ ਹੋਣ ਦੇਂਦਾ ਤੇ ਹੁਕਮ ਵਿਚ ਸੋਝੀ ਦੇਈ ਰੱਖਦਾ ਹੈ।

ਬੰਗਾਲੀ ਸੰਤ (ਠੰਢਾ ਸਾਹ ਲੈ ਕੇ)-ਬਹੁਤ ਖੂਬ! ਹੁਕਮ ਦਾ ਧ੍ਰੁਵਾ ਗੁਰੂ ਨਾਨਕ ਦਾ ਸਾਧੂ ਲਈ ਬਹੁਤ ਅੱਛਾ ਹੈ। ਮੈਂ ਗੁਰੂ ਨਾਨਕ ਦਾ ਯਸ਼ ਬਹੁਤ ਸੁਣਿਆ ਹੈ। ਕਦੇ ਕਦੇ ਕੋਈ ਉਨ੍ਹਾਂ ਦੇ ਸੰਗੀਤ ਭੀ ਸੁਣੇ ਸਨ ਪਰ ਮਾਰਗ ਦਾ ਮੈਂ ਵਾਕਫ ਨਹੀਂ। ਨਾਂ ਉਨ੍ਹਾਂ ਦੇ ਜੀਵਨ ਦਾ ਜਾਣੂ ਹਾਂ। ਕੀਹ ਅਮਲੀ ਤੌਰ ਤੇ ਵੇਖ ਸਕਣ ਲਈ ਮੈਨੂੰ ਕੋਈ ਵਾਕਿਆ ਦੱਸ ਸਕਦੇ ਹੋ ਕਿ ਜੀਵਨ ਮੁਕਤੀ ਦੇ ਰਸ ਵਿਚ ਹੁੰਦਿਆਂ, ਜਗਤ ਦਾ ਉਪਕਾਰ ਅਮਲ ਵਿਚ ਆਉਂਦਾ ਹੈ ਅਰ ਉਹ ਪ੍ਰਬੁੱਧਤਾ ਦੀ ਰੌਸ਼ਨੀ ਵਿਚ ਭੀ ਟੁਰਦਾ ਹੁੰਦਾ ਹੈ।

ਸੰਤ-ਕਈ ਹਨ, ਪਰ ਇਕ ਨਿੱਕਾ ਜਿਹਾ ਇਕ ਗ੍ਰਿਹਸਤੀ ਨੌਜਵਾਨ ਸਿੱਖ ਦਾ ਦੱਸਦਾ ਹਾਂ: ਅੱਜ ਤੋਂ ਢੇਰ ਪਹਿਲਾਂ ਜਦੋਂ ਅੰਮ੍ਰਿਤਸਰ ਵਿਚ ਬਿਜਲੀ ਨਹੀਂ ਸੀ, ਨਾ ਪਾਣੀ ਦੇ ਨਲਕੇ ਸਨ, ਸ਼ਹਿਰ ਦੇ ਇਕ ਕਾਰਖਾਨੇ ਨੂੰ ਅੱਗ ਲੱਗ ਗਈ। ਰਾਤ ਦੇ ਦੋ ਕੁ ਵਜੇ ਸਨ, ਇਕ ਨੌਜਵਾਨ ਸਿਖ ਤ੍ਰਿਪਹਿਰੇ ਵਜ਼ੇ ਦਰਬਾਰ ਸਾਹਿਬ ਕੀਰਤਨ ਦਾ ਆਨੰਦ ਲੈਣ ਆਇਆ ਕਰਦਾ ਸੀ। ਉਹ ਜਦ ਤ੍ਰਿਪਹਿਰੇ ਵੇਲੇ ਜਾਗਿਆ ਤਾਂ ਉਸਨੇ ਅਕਾਸ਼ ਵਿਚ ਪ੍ਰਕਾਸ਼ ਡਿੱਠਾ ਤੇ ਅਨੁਮਾਨ ਲਾਇਆ ਕਿ ਅੱਗ ਲੱਗ ਰਹੀ ਹੈ। ਸਮਝਿਆ ਕਿ ਕੀਰਤਨ ਦੀ ਥਾਂ ਏਥੇ ਜਾਣੇ ਦੀ ਆਗਿਆ ਹੈ, ਸੋ ਝਟ ਪਟ ਓਥੇ ਪਹੁੰਚ ਗਿਆ। ਤਦੋਂ ਕਾਰਖਾਨੇ ਨੂੰ ਬਚਾਉਣ ਵਾਸਤੇ ਅੱਗ ਬੁਝਾਉਣ ਵਾਲੇ ਇੰਜਨ ਪਹੁੰਚੇ ਹੋਏ ਸਨ, ਪੂਰੀ ਵਾਹ ਲੱਗ ਰਹੀ ਸੀ, ਪਰ ਅੱਗ ਨਾਲ ਪੇਸ਼ ਨਹੀਂ ਸੀ ਜਾ ਰਹੀ! ਬਾਜ਼ਾਰ ਨਾਲ ਵਾਰ ਹੋਣ ਕਰਕੇ ਅਗਨੀ ਦਾ ਸੇਕ ਇਧਰ ਰੁੱਖ ਕਰ ਰਿਹਾ ਸੀ ਤੇ ਡਰ ਸੀ ਕਿ ਬਾਜ਼ਾਰ ਦੀਆਂ ਦੁਕਾਨਾਂ ਸੇਕ ਨਾਲ ਹੀ ਖਲ ਪੈਣਗੀਆਂ। ਦੁਕਾਨਦਾਰ ਪਾਣੀ ਦੇ ਡੋਲ ਭਰ ਭਰ ਕੰਧਾਂ ਕੋਠਿਆਂ ਤੋਂ ਉਸ ਪਾਸੇ ਪਾ ਰਹੇ ਸਨ ਕਿ ਸੇਕ ਅਸਰ ਘੱਟ ਕਰੇ! ਇਹ ਨੌਜਵਾਨ ਭੀ ਇਸੇ ਪਾਸੇ ਲੱਗ ਪਿਆ ਕਿ ਗਰੀਬਾਂ ਦੀਆਂ ਦੁਕਾਨਾ ਬਚਾਉਣ ਵਿਚ ਮੱਦਦ ਕਰੇ। ਬਾਜਾਰ ਵਿਚੋਂ ਇਕ ਹੰਸਲੀ ਲੰਘਦੀ ਸੀ ਜੋ ਮੋਰੀ ਦਾ ਕੰਮ ਵੀ ਦੇਂਦੀ ਸੀ ਤੇ ਕੌਲਸਰ ਦੇ ਜਲ ਨੂੰ ਬੀ ਕੱਢ ਕੇ ਲੈ ਜਾਇਆ ਕਰਦੀ ਸੀ। ਪਾਣੀ ਦੇ ਖੂਹ ਇੰਜਨਾਂ ਨੇ ਮੱਲੇ ਹੋਏ ਸਨ ਤੇ ਇਸ ਮੋਰੀ ਦਾ ਪਾਣੀ ਹੀ ਸੀ ਜੋ ਹੱਟੀਆਂ ਤੇ ਪਾਇਆ ਜਾ ਰਿਹਾ ਸੀ। ਅਚਾਨਕ ਨੌਜਵਾਨ ਨੂੰ ਸੋਝੀ ਫੁਰੀ ਕਿ ਕੋਈ ਵੱਡਾ ਉਪ੍ਰਾਲਾ ਪਾਣੀ ਦਾ ਹੋਵੇ ਜੋ ਸਾਰੇ ਪਾਣੀ ਪਾਉਣ ਵਾਲਿਆਂ ਦੀ ਮਿਹਨਤ ਸਫਲ ਹੋਵੇ,

ਨਹੀਂ ਤਾਂ ਮੋਰੀ ਦਾ ਪਾਣੀ ਮੁੱਕ ਗਿਆ ਹੈ, ਇਕ ਖੂਹ ਨੇ ਇੰਜਨਾਂ ਦੀ ਖੈਂਚ ਨਾਲ ਜਵਾਬ ਦੇ ਦਿਤਾ ਹੈ ਤੇ ਬਾਕੀ ਦੇ ਬੀ ਸ਼ਾਇਦ ਪਾਣੀਓਂ ਟੁੱਟ ਜਾਣ, ਤੇਹਾ ਇਕ ਡੋਲਾ ਪਾਣੀ ਕੀਹ ਸੁਆਰੇਗਾ ? ਕੋਈ ਸਾਂਈਂ ਤੋਂ ਚਾਨਣ ਮੰਗ ਤੇ ਪਾਣੀ ਅਸਗਾਹ ਕਰ ਦੇਹ। ਸਾਂਈਂ ਨੇ ਸੁਮੱਤ ਦਿੱਤੀ, ਇਹ ਨੌਜਵਾਨ ਦੌੜ ਕੇ ਕੌਲਸਰ ਪਹੁੰਚਾ, ਜਿਸਦਾ ਜਲ ਸਾਫ ਕਰਨ ਦੀ ਲੋੜ ਪਵੇ ਤਾਂ ਇਹ ਹੰਸਲੀ ਪਾਣੀ ਖਿੱਚਿਆ ਕਰਦੀ ਸੀ, ਸੋ ਉਸ ਨੇ ਜਾ ਕੇ ਫੱਟੇ ਚੁੱਕ ਦਿੱਤੇ ਤੇ ਸਰੋਵਰ ਦਾ ਜਲ ਹੰਸਲੀ ਵਿਚ ਵਗ ਤੁਰਿਆ। ਥੋੜ੍ਹੇ ਹੀ ਚਿਰ ਵਿਚ ਉਹ ਜਲ ਅਗਨੀ ਵਾਲੀ ਥਾਂ ਪਹੁੰਚਾ, ਜਲ ਅਸਗਾਹ ਆ ਜਾਣ ਕਰ ਕੇ ਸਭ ਡੋਲੇ, ਡੋਲਾਂ, ਬਾਲਟੀਆਂ ਤੇ ਘੜੇ ਭਰ ਭਰ ਪਾਉਣ ਵਾਲਿਆਂ ਦੀ ਮਿਹਨਤ ਸਫਲ ਹੋ ਗਈ। ਸਗੋਂ ਇੰਜਨਾਂ ਨੇ ਭੀ ਆਪਣੀ ਹੌਜ਼ (ਨਾਲੀ) ਇਸ ਹੰਸਲੀ ਵਿਚ ਸੱਟੀ ਤੇ ਆਪਣਾ ਕੰਮ ਸਵਾਯਾ ਕਰ ਲਿਆ। ਥੋੜੇ ਚਿਰ ਬਾਦ ਅੱਗ ਬੁਝ ਗਈ। ਕਾਰਖਨੇ ਦਾ ਤਾਂ ਚੋਖਾ ਨੁਕਸਾਨ ਹੋਇਆ, ਪਰ ਬਾਜ਼ਾਰ ਸਾਰਾ ਬਚ ਗਿਆ, ਅਸੀਂ ਭੀ ਤਦੋਂ ਓਥੇ ਸੇ ਤੇ ਇਸ ਟਿਕਾਣੇ ਪਹੁੰਚੇ ਹੋਏ ਸੇ ਤੇ ਇਸ ਨੌਜਵਾਨ ਦੇ ਜਾਣੂ ਸੇ। ਸਾਨੂੰ ਪਤਾ ਸੀ ਕਿ ਜਲ ਨੂੰ ਅਸਗਾਹ ਕਰ ਦੇਣ ਵਾਲੀ ਸੇਵਾ ਇਸ ਨੇ ਕੀਤੀ ਹੈ। ਅਸਾਂ ਉਸਨੂੰ ਪੁੱਛਿਆ ਭਾਈ ਇਹ ਅਕਲ ਕਿੱਥੋਂ ਫੁਰੀ ? ਕਹਿਣ ਲੱਗਾ ਗੁਰੂ ਨਾਨਕ ਦੇਵ ਜੀ ਦੀ ਸੱਜਣ ਠੱਗ ਵਾਲੀ ਸਾਖੀ ਤੋਂ। ਸਾਖੀ ਦਾ ਸਾਨੂੰ ਪਤਾ ਸੀ, ਅਸੀਂ ਅਭਿਪ੍ਰਾਯ ਸਮਝ ਗਏ ਤੇ ਮਨ ਨੂੰ ਕਿਹਾ ਦੇਖ, ਗੁਰੂ ਨਾਨਕ ਦੀ ਹਰ ਗਲ ਵਿਚ, ਹਰ ਕਰਨੀ ਵਿਚ ਅਮਰ ਤੇ ਅਟੱਲ ਉਪਦੇਸ਼ ਹੈ :-

*ਗੁਰ ਨਾਨਕ ਕੀ ਬਾਤ ਮੇਂ ਬਾਤ ਬਾਤ ਮੇਂ ਬਾਤ।*
*ਜਿਉਂ ਮਹਿੰਦੀ ਕੇ ਪਾਤ ਮੇਂ ਪਾਤ ਪਾਤ ਮੇਂ ਪਾਤ।*

ਬੰਗਾਲੀ ਸੰਤ-ਆਪ ਦਾ ਸੰਭਾਖਣ ਬਹੁਤ ਮਨੋਹਰ ਹੈ, ਕੀਹ ਆਪ ਦੱਸ ਸਕਦੇ ਹੋ ਕਿ ਉਹ ਸੱਜਣ ਠੱਗ ਵਾਲੀ ਸਾਖੀ ਕੀਹ ਹੈ ਤੇ ਗੁਰੂ ਨਾਨਕ ਦੇਵ ਜੀ ਦੀ ਸਿੱਖਿਆ ਉਸ ਵਿਚ ਕੀਹ ਹੈ ?

ਸੰਤ-ਹਾਂ ਜੀ, ਖੁਸ਼ੀ ਨਾਲ ਸੁਣੋ:

ਸ੍ਰੀ ਗੁਰੂ ਨਾਨਕ ਦੇਵ ਜੀ ਪਹਿਲੋਂ ਗ੍ਰਿਹਸਤੀ ਸਨ ਤੇ ਸੁਲਤਾਨਪੁਰ ਨਵਾਬ ਦੇ ਮੋਦੀ ਸਨ। ਜਦੋਂ ਉਨ੍ਹਾਂ ਨੂੰ ਸਾਂਈਂ ਵਲੋਂ ਸੰਸਾਰ ਦੇ ਉਪਕਾਰ ਦੀ ਆਗਿਆ ਹੋਈ ਤਾਂ ਆਪ ਪਹਿਲੋਂ ਏਮਨਾਬਾਦ ਤਲਵੰਡੀ ਆਦਿ ਥਾਂਈਂ ਫਿਰਦੇ ਟੁਰਦੇ ਜਗਤ ਰਖਜਾ ਲਈ ਟੁਰ ਪਏ। ਸ਼ੁਭ ਮਤਾਂ ਦੇਂਦੇ, ਰੱਬ ਦੇ ਰਸਤੇ ਲਾਉਂਦੇ ਆਪ ਇਕ ਸੇਧ ਬੰਨ੍ਹਕੇ ਮੁਲਤਾਨ ਦੇ ਪਾਸੇ ਵਲ ਟੁਰੇ। ਇਧਰ ਆਪ ਨੂੰ ਇਕ ਹੋ ਰਹੀ ਬਦੀ ਦੇ ਸੁਧਾਰ ਦਾ ਖਿਆਲ ਸੀ। ਤੁਲੰਭੇ ਦੇ ਲਾਗ ਆਪ ਇਕ ਥਾਂ ਅੱਪੜੇ। ਇਥੇ ਇਕ ਆਦਮੀ ਰਹਿੰਦਾ ਸੀ ਜਿਸ ਦਾ ਨਾਮ ਸੱਜਣ ਸੀ। ਹਿੰਦੂ 'ਸਜਣ ਸ਼ਾਹ' ਕਰਕੇ ਬੋਲਦੇ ਸਨ, ਮੁਸਲਮਾਨ 'ਸਜਣ ਸ਼ੇਖ'। ਇਸ ਦਾ ਇਕ ਬਹੁਤ ਵਡਾ ਮਕਾਨ ਸੀ, ਜਿਸ ਦੇ ਵਿਚਕਾਰ ਡਿਉਢੀ ਸੀ, ਇਕ ਪਾਸੇ ਮਸੀਤ ਤੇ ਦੂਏ ਪਾਸੇ ਮੰਦਿਰ ਸੀ। ਜਦੋਂ ਕੋਈ ਮੁਸਾਫਰ ਆ ਜਾਵੇ ਤਾਂ ਖਾਤਰ ਕਰਦਾ ਤੇ ਪਾਸ ਰਖ ਲੈਂਦਾ ਸੀ। ਰਾਤ ਨੂੰ ਉਸ ਨੂੰ ਮਾਰ ਦੇਣਾ ਤੇ ਮਾਲ ਲੁੱਟ ਪੁਟ ਲੈਣਾ ਤੇ ਮਾਰਕੇ ਗੁਪਤ ਭੋਰਿਆਂ ਵਿਚ ਬਣਾਏ ਖੂਹਾਂ ਖਾਹਾਂ ਵਿਚ ਲੋਥਾਂ ਗੁੰਮ ਕਰ ਦੇਣੀਆਂ*। ਕੋਈ ਐਸੇ ਪੇਚ ਬਣਾਏ ਹੋਏ ਸਨ ਕਿ ਸਾਰੇ ਮਾੜੇ ਕੰਮ ਸਾਰ ਲੈਂਦਾ ਤੇ ਸੂੰਹ ਨਾ ਨਿਕਲਦੀ। ਐਸੇ ਲੋਕ ਹਾਕਮਾਂ ਆਦਿਕਾਂ ਨਾਲ ਮਿਲੇ ਰਹਿੰਦੇ ਹਨ, ਆਪਣੀ ਮਾੜੀ ਖੱਟੀ ਦੇ ਹਿੱਸੇ ਦੇਂਦੇ ਰਹਿੰਦੇ ਹਨ, ਸੋ ਜੇ ਸੂੰਹ ਨਿਕਲੇ ਬੀ ਤਾਂ ਪਕੜੇ ਨਹੀਂ ਜਾਂਦੇ। ਇਸ ਪਾਪੀ ਤੇ ਇਸ ਦੇ ਪਾਪਾਂ ਦੀ ਗੁਰੂ ਬਾਬੇ ਨੂੰ ਸੋਝੀ ਸੀ, ਇਸ ਲਈ ਆਪਣੇ ਜਗਤ ਉਧਾਰ ਦੇ ਕੰਮ ਵਿਚ ਆਪਣਾ ਪਹਿਲਾ ਕੰਮ ਇਹੋ ਚਿਤਵਿਆ ਕਿ ਜੇ ਇਹ ਇਕ ਆਦਮੀ ਸੋਧਿਆਂ ਜਾਵੇ, ਅਨੇਕਾਂ ਆਦਮੀਆਂ ਦੇ ਖੂਨ ਬਚ ਜਾਣ ਤੇ ਅਨੇਕਾਂ ਦਾ ਭਲਾ ਹੋ ਜਾਵੇ, ਸੋ ਆਪ ਮੁਸਾਫਰ ਤਾਂ ਸਨ ਹੀ,

---

* ਅਤੇ ਜਾਂ ਰਾਤ ਪਵੈ ਤਾਂ ਆਖੇ ਚਲੁ ਜੀ ਸੋਵਹੁ। ਅੰਦਰ ਲੈ ਜਾਵੈ। ਖੂਹੈ ਵਿਚਿ ਪਾਹਿ ਕਰਿ ਮਾਰੈ।
ਅਰ ਜਾਂ ਸਬਾਹ ਹੋਵੇ ਤਾਂ ਆਸਾ ਤਸਬੀ ਹਥਿ ਲੇ ਮੁਸਲਾ ਪਾਇ ਬਹੈ। (ਪੁ: ਜ: ਸਾ:)


www.sikhbookclub.com

ਮੁਸਾਫਰਾਂ ਵਾਂਗੂੰ ਜਾ ਉਸਦੇ ਘਰ ਉਤਰੇ। ਚਿਹਰੇ ਦਾ ਜਲਾਲ ਵੇਖਕੇ ਉਸ ਜਾਤਾ ਕੋਈ ਵਡੀ ਅਮੀਰ ਸਾਮੀ ਆਈ ਹੈ, ਨਾਲ ਆਪ ਦੇ ਮਰਦਾਨਾ ਸੀ। ਸੱਜਣ ਨੇ ਬੜੀ ਖਾਤਰ ਕੀਤੀ, ਆਪਣੇ ਅਮਲੇ ਫੈਲੇ ਨੂੰ ਤਿਆਰ ਕੀਤਾ ਕਿ ਰਾਤ ਇਨ੍ਹਾਂ ਨੂੰ ਮਾਰਕੇ ਲੁੱਟਣਾ ਹੈ ਤੇ ਬਹੁਤ ਪਦਾਰਥ ਹੱਥ ਲਗਣਾ ਹੈ, ਪਰ ਗੁਰੂ ਜੀ ਸੌਣ ਨਾ ਤੇ ਉਹ ਕਾਹਲੀ ਕਰੇ ਕਿ ਕਿਵੇਂ ਸੌਂ ਜਾਣ ਤਾਂ ਮਾਰਾਂ। ਕਈ ਕੌਤਕ ਉਸ ਕੀਤੇ, ਲੰਮੀ ਗਲ ਬਾਤ ਹੈ। ਅਖੀਰ ਜਦ ਬਹੁਤ ਰਾਤ ਬੀਤੀ ਤਾਂ ਗੁਰੂ ਜੀ ਨੇ ਕਿਹਾ ਭਾਈ ਇਕ ਸ਼ਬਦ ਖੁਦਾਇ ਦਾ ਕੀਰਤਨ ਕਰ ਕੇ ਫੇਰ ਸਵਾਂਗੇ। ਸੋ ਮਰਦਾਨੇ ਨੇ ਰਬਾਬ ਵਜਾਇਆ ਤਦ ਗੁਰੂ ਜੀ ਨੇ ਆਪਣੇ ਡਾਢੇ ਮਿੱਠੇ ਤੇ ਸੁਰੀਲੇ ਗਲੇ ਤੋਂ ਇਹ ਸ਼ਬਦ ਗਾਂਵਿਆਂ :-

ਸੂਹੀ ਮਹਲਾ ੧ ਘਰੁ ੬

*ਉਜਲੁ ਕੈਹਾ ਚਿਲਕਣਾ ਘੋਟਿਮ ਕਾਲੜੀ ਮਸੁ॥ ਧੋਤਿਆ ਜੂਠਿ ਨ ਉਤਰੈ ਜੇ ਸਉ ਧੋਵਾ ਤਿਸੁ॥੧॥ ਸਜਣ ਸੇਈ ਨਾਲਿ ਮੈ ਚਲਦਿਆ ਨਾਲਿ ਚਲੰਨਿ॥ ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ॥੧॥ਰਹਾਉ॥ ਕੋਠੇ ਮੰਡਪ ਮਾੜੀਆ ਪਾਸਹੁ ਚਿਤਵੀਆਹਾ॥ ਢਠੀਆ ਕੰਮਿ ਨ ਆਵਨ੍ਹੀ ਵਿਚਹੁ ਸਖਣੀਆਹਾ॥੨॥ ਬਗਾ ਬਗੇ ਕਪੜੇ ਤੀਰਥ ਮੰਝਿ ਵਸੰਨ੍ਹਿ॥ ਘੁਟਿ ਘੁਟਿ ਜੀਆ ਖਾਵਣੇ ਬਗੇ ਨਾ ਕਹੀਅਨਿ॥੩॥ ਸਿੰਮਲ ਰੁਖੁ ਸਰੀਰੁ ਮੈ ਮੈਜਨ ਦੇਖਿ ਭੁਲੰਨਿ॥ ਸੇ ਫਲ ਕੰਮਿ ਨ ਆਵਨੀ ਤੇ ਗੁਣ ਮੈ ਤਨਿ ਹੰਨਿ॥੪॥ ਅੰਧੁਲੈ ਭਾਰੁ ਉਠਾਇਆ ਡੂਗਰ ਵਾਟ ਬਹੁਤੁ॥ ਅਖੀ ਲੋੜੀ ਨਾ ਲਹਾ ਹਉ ਚੜਿ ਲੰਘਾ ਕਿਤੁ॥੫॥ ਚਾਕਰੀਆ ਚੰਗਿਆਈਆ ਅਵਰ ਸਿਆਣਪ ਕਿਤੁ॥ ਨਾਨਕ ਨਾਮੁ ਸਮਾਲਿ ਤੂ ਬਧਾ ਛੁਟਹਿ ਜਿਤੁ॥੬॥੧॥੩॥ - ੭੨੯*

ਸਜਣ ਨੇ ਇਹ ਸ਼ਬਦ ਸੁਣਿਆ। ਸਤਿਗੁਰ ਨੇ ਪੜ੍ਹਿਆ ਦਿਲ ਦੇ ਡੂੰਘੇ ਭਾਵ ਨਾਲ ਸੀ ਕਿ ਇਸ ਤੇ ਅਸਰ ਪਵੇ, ਵੇਲਾ ਬੀ ਏਕਾਂਤ ਦਾ ਸੀ, ਆਤਮ-ਪ੍ਰਭਾਵ ਉਸ ਸੂਰੇ ਗੁਰੂ ਦਾ ਕਮਾਲ ਦਾ ਸੀ, 'ਸੱਜਨ' ਤੇ ਅਸਰ ਹੋ ਗਿਆ, ਆਪਣੇ ਕੀਤੇ ਕਰਮ ਉਸ ਨੂੰ ਪਾਪ ਹੋ ਦਿੱਸੇ ਤੇ ਸ਼ਰਮ ਆਈ ਤਦ ਪੈਰਾਂ ਤੇ ਢੱਠਾ, ਪੈਰ ਚੁੰਮਿਓਸੁ ਤੇ ਪੁਕਾਰਿਆ 'ਜੀਉ ਮੇਰੇ ਗੁਨਾਹ ਫਦਲ ਕਰਿ'। ਤਦ ਗੁਰੂ ਜੀ ਨੇ ਕਿਹਾ 'ਸ਼ੇਖ ਸਜਣ ! ਖੁਦਾਇ ਦੀ ਦਰਗਾਹ ਦੁਹ ਗਲੀਂ ਗੁਨਾਹ ਫਦਲ ਹੁੰਦੇ ਹਨ।'। ਤਦ ਸਜਣ ਨੇ ਕਿਹਾ ਜੀ ਦੱਸੋ ਮੇਰੇ ਕੀਤੇ ਪਾਪਾਂ ਤੇ ਫਜ਼ਲ ਕੀਕੂੰ ਹੋਵੇ ? ਗੁਰੂ ਜੀ ਨੇ ਕਿਹਾ ਇਕ ਤਾਂ ਸੱਚ ਬੋਲੇ, ਦੱਸ ਕੀਹ ਕੁਛ ਕਰਦਾ ਰਿਹਾ ਹੈਂ ? ਦੂਸਰੇ ਜੋ ਕੁਛ ਪਾਪਾਂ ਨਾਲ ਕਮਾਇਆ ਹਈ ਉਹ ਦੇਹ ਰੱਬ ਦੇ ਰਸਤੇ ਅਤੇ ਜਿਨ੍ਹਾਂ ਦਾ ਲੁਟਿਆ ਹਈ ਉਨ੍ਹਾਂ ਨੂੰ। ਤਦ ਉਸ ਪਾਪੀ ਨੇ ਆਪਣੇ ਸਾਰੇ ਪਾਪਾਂ ਦਾ ਇਕਰਾਰ ਕੀਤਾ। ਅਗਲੇ ਦਿਨ ਉਸ ਦਾ ਸਾਰਾ ਮਾਲ ਧਨ ਘਲਵਾ ਦਿਤਾ, ਥਾਉਂ ਥਾਂਈਂ ਜਿਥੋਂ ਦਾ ਸੀ ਜਿਨ੍ਹਾਂ ਦਾ ਥਹੁ ਸੀ, ਬਾਕੀ ਭਲੇ ਅਰਥ ਲੁਆ ਦਿੱਤਾ। ਉਹ ਜੋ ਉਸ ਦਾ ਪਾਪ ਵਾਲਾ ਘਰ ਸੀ ਸਾਰਾ ਢੁਹਾਕੇ ਧਰਮਸਾਲ ਬਨਵਾਈ। ਇਹ ਪਹਿਲੀ ਧਰਮਸਾਲ ਸੀ, ਜੋ ਗੁਰੂ ਬਾਬੇ ਨੇ ਬਨਵਾਈ, ਸਜਣ ਇਸ ਧਰਮਸਾਲ ਦਾ ਸੇਵਕ ਹੋਇਆ। ਨਾਮ ਜਪੇ, ਕੀਰਤਨ ਕਰੇ, ਪਾਪਾਂ ਦੀ ਮੈਲ ਮਨ ਤੋਂ ਧੋਵੇ ਤੇ ਆਏ ਗਏ ਦੁਖੀ ਦਰਦਵੰਦ ਰਵਾਨਿਆਂ ਦੀ ਸੇਵਾ ਕਰੇ। ਅੰਨ ਪਾਣੀ ਧਰਮ ਦਾ ਕਰੇ।

ਬੰਗਾਲੀ ਸੰਤ-ਬਹੁਤ ਖੂਬ। ਠੀਕ ਹੈ ਜੋ ਆਪ ਨੇ ਕਿਹਾ ਹੈ। ਜੇ ਹੁਣ ਗੁਰੂ ਜੀ ਆਪਣੇ ਆਨੰਦ ਵਿਚ ਬੈਠੇ ਰਹਿੰਦੇ ਤਾਂ ਇਸ ਪਾਪ ਗੜ੍ਹ ਨੂੰ ਕੌਣ ਤੋੜਦਾ ? ਕਿਤਨਾ ਉਪਕਾਰ ਕੀਤਾ ? ਸ੍ਰਿਸ਼ਟੀ ਦੇ ਵੈਰੀ ਨੂੰ ਸ੍ਰਿਸ਼ਟੀ ਦਾ ਹਿਤੂ ਬਣਾ ਦਿਤਾ, ਪਰ ਜੀ ਇਸ ਵਿਚ ਕੀਹ ਉਪਦੇਸ਼ ਸੀ ਜੋ ਉਸ ਨੌਜਵਨਾ ਨੇ ਲਿਆ ਤੇ ਪਾਣੀ ਨੂੰ ਉਮਾਹੂ ਕਰ ਦੇਣ ਦਾ ਕੰਮ ਕੀਤਾ।

ਸੰਤ-ਉਪਦੇਸ਼ ਇਹ ਸੀ ਕਿ ਗੁਰੂ ਜੀ ਨੇ ਇਕ ਆਦਮੀ ਨੂੰ ਤਾਰਿਆ, ਪਰ ਇਕ ਦੇ ਤਾਰਨ


www.sikhbookclub.com

ਨਾਲ ਇਕ ਨਹੀਂ ਬਚਿਆ, ਸੈਂਕੜੇ ਤੇ ਹਜ਼ਾਰਾਂ ਦਾ ਬਚਾਉ ਹੋ ਗਿਆ ਤੇ ਸੈਂਕੜੇ ਇਸ ਤੋਂ ਅਗੋਂ ਉਸ ਇਕ ਦੇ ਹਥੋਂ ਸੁਖੀ ਹੋਏ। ਇਸੀ ਤਰ੍ਹਾਂ ਉਸ ਨੇ ਸੋਚਿਆ ਕਿ ਇਕ ਇਕ ਡੋਲ ਪਾਉਣ ਨਾਲੋਂ ਉਹ ਕੰਮ ਕਰੋ ਕਿ ਤੇਰੇ ਇਕ ਨਿਮਾਣੇ ਜਤਨ ਨਾਲ ਜਲ ਅਸਗਾਹ ਆ ਜਾਵੇ ਤੇ ਸਾਰਿਆਂ ਦੀ ਸੇਵਾ ਸਫਲਤਾ ਨੂੰ ਪਹੁੰਚੇ ਜੋ ਅਗ ਬੁਝ ਜਾਵੇ। ਆਪਣੇ ਮਨ ਨੂੰ ਉਸ ਮਤਿ ਦੇ ਚਾਨਣੇ ਨਾਲ ਵਿਸ਼ਾਲਤਾ ਵਿਚ ਪਾਇਆ ਤੇ ਮਨ ਨੂੰ ਵਾਹਿਗੁਰੂ ਦੇ ਚਾਨਣੇ ਅੱਗੇ ਸੁੱਟਿਆ। ਅੰਦਰ ਬੈਠੇ ਅੰਤਰਯਾਮੀ ਨੇ ਉਸ ਨੂੰ ਵਿਸ਼ਾਲ ਬੁੱਧੀ ਦਿਤੀ। ਸੋ ਸੰਤ ਜੀ ! ਸਾਂਈਂ ਦੀ ਰਾਖੀ ਹੇਠ ਪ੍ਰਬੁੱਧ ਮਨ ਹੋਣ ਨਾਲ ਹੀ ਪਰਉਪਕਾਰ ਦੀ ਵਿਸ਼ਾਲਤਾ ਤੇ ਦਰੁਸਤੀ ਬਣਦੀ ਹੈ।

ਬੰਗਾਲੀ ਸੰਤ-ਇਸ ਤੋਂ ਤਾਂ ਇਹ ਸਾਬਤ ਹੋਇਆ ਕਿ ਸ੍ਰੀ ਗੁਰੂ ਜੀ ਕੇਵਲ ਜੀਵਾਂ ਨੂੰ ਪਰਮਾਰਥ ਦਾ ਉਪਦੇਸ਼ ਦੇ ਕੇ ਉਚਿਆਂ ਹੀ ਨਹੀਂ ਸੇ ਕਰਦੇ, ਸਗੋਂ ਉਹ ਇਨਸਾਨ ਦੀ ਦਿਲ-ਪੀੜਾ ਨਾਲ ਡੂੰਘੀ ਦਿਲੀ ਹਮਦਰਦੀ ਰਖਦੇ ਸਨ।

ਸੰਤ-ਉਹਨਾਂ ਦੇ ਦਿਲ ਨੂੰ ਜਿੰਨੀ ਇਨਸਾਨ ਨਾਲ ਹਮਦਰਦੀ ਸੀ, ਉਹ ਇਨੇ ਕਮਾਲ ਦੀ ਸੀ ਕਿ ਕਹੀ ਨਹੀਂ ਜਾ ਸਕਦੀ। ਨਾ ਕੇਵਲ ਇਨਸਾਨ ਦੇ ਅਗਜਾਨ ਦੂਰ ਕਰਨ ਵਿਚ, ਨਾ ਕੇਵਲ ਵੱਡੀਆਂ ਮੁਸ਼ਕਲਾਂ ਦੇ ਹੱਲ ਕਰਨ ਵਿਚ, ਸਗੋਂ ਜ਼ਿੰਦਗੀ ਦੇ ਆਮ ਨਿੱਕੇ ਨਿੱਕੇ ਵਰਤਾਰੇ ਵਿਚ ਬੀ। ਅਜੇ ਉਮਰਾ ਛੋਟੀ ਹੀ ਸੀ ਕਿ ਭੁੱਖਿਆਂ ਤੇ ਦੁਖੀਆਂ ਨੂੰ ਦੇ ਦੇ ਕੇ ਖੁਸ਼ ਹੁੰਦੇ ਸਨ। ਇਕ ਵੇਰੀ ਪਿਤਾ ਜੀ ਨੇ ਕੁਛ ਰੁਪਯੇ ਦੇ ਕੇ ਸੌਦਾ ਖਰੀਦਣ ਲਈ ਘੱਲਿਆ। ਆਪ ਨੇ ਰਸਤੇ ਵਿਚ ਡਿੱਠਾ ਕਿ ਇਕ ਸਾਧੂਆਂ ਦੀ ਮੰਡਲੀ ਹੈ ਜੋ ਕਈ ਦਿਨਾਂ ਦੀ ਭੁੱਖੀ ਹੈ। ਆਪ ਨੇ ਉਨ੍ਹਾਂ ਰੁਪੱਯਾਂ ਦਾ ਦਰੁਸਤ ਵਰਤਾਉ ਉਨ੍ਹਾਂ ਲੋੜਵੰਦਾਂ ਦੀ ਪੀੜਾ ਹਰਨ ਵਿਚ ਸਮਝਿਆ ਤੇ ਉਨ੍ਹਾਂ ਨੂੰ ਭੋਜਨ ਲੈ ਕੇ ਖੁਲ੍ਹਾ ਦਿੱਤਾ। ਜਾਣਦੇ ਸਨ ਕਿ ਪਿਤਾ ਜੀ ਵਲੋਂ ਪੀੜਾ ਪ੍ਰਾਪਤ ਹੋਵੇਗੀ। ਕਿੰਤੂ ਉਸ ਪਰ ਪੀੜਾ ਉਤੇ ਪਸੀਜਣ ਵਾਲੇ ਦਾਤੇ ਨੇ ਉਨ੍ਹਾਂ ਦੀ ਪੀੜਾ ਹਰ ਦਿੱਤੀ ਤੇ ਪਿਤਾ ਵਲੋਂ ਮਿਲੀ ਪੀੜਾ ਆਪਣੇ ਉਪਰ ਸਹਾਰ ਲਈ।

ਛੋਟੀ ਛੋਟੀ ਦਿਲ ਪੀੜਾ ਬੀ ਪਛਾਣਦੇ ਤੇ ਹਮਦਰਦ ਹੋ ਖੜੋਂਦੇ ਸਨ। ਸੁਲਤਾਨਪੁਰ ਜਦੋਂ ਆਪ ਮੋਦੀ ਖਾਨੇ ਦਾ ਕੰਮ ਕਰਦੇ ਸਨ ਤਾਂ ਗ੍ਰੀਬ ਅੱਤਿਥੀ ਲੋੜਵੰਦ ਆਪ ਦੇ ਦਰ ਆਏ ਹੀ ਰਹਿੰਦੇ ਸਨ। ਆਪ ਆਪਣੀ ਕਮਾਈ ਲਗ ਪਗ ਸਾਰੀ ਉਨ੍ਹਾਂ ਦੀ ਪੀੜਾ ਹਰਨ ਤੇ ਲਾ ਦੇਂਦੇ ਸਨ। ਕਈ ਵੇਰ ਸ਼ਿਕਾਇਤਾਂ ਹੋਈਆਂ ਕਿ 'ਨਾਨਕ ਮੋਦੀ ਮੋਦੀ ਖਾਨਾ ਲੁਟਾ ਰਿਹਾ ਹੈ। ਪਰ ਜਦ ਕਦੇ ਹਿਸਾਬ ਹੋਇਆ, ਇਹੋ ਨਿਕਲਿਆ ਕਿ ਗੁਰੂ ਨਾਨਕ ਰਬ ਦਾ ਮੋਦੀ ਅਪਣੀ ਕਮਾਈ ਲੁਟਾਉਂਦਾ ਹੈ ਨਵਾਬ ਦਾ ਮੋਦੀਖਾਨਾ ਨਹੀਂ ਲੁਟਾਉਂਦਾ। ਇਥੋਂ ਤਾਈਂ ਆਪ ਦਾ ਇਨਸਾਨੀ ਨਿਕੀਆਂ ਨਿਕੀਆਂ ਮੁਸ਼ਕਲਾਂ ਨਾਲ ਪਿਆਰ ਸੀ ਕਿ ਇਕ ਵੇਰ ਇਕ ਆਦਮੀ ਦੀ ਧੀ ਦਾ ਵਿਆਹ ਸੀ ਤੇ ਉਹ ਕੰਗਾਲ ਹੈਸੀ ਯਾ ਹੋ ਗਿਆ ਸੀ। ਆਪ ਨੇ ਆਪਣੇ ਸਿਖ ਭਾਈ ਭਗੀਰਥ ਨੂੰ ਲਾਹੌਰ ਭੇਜਕੇ ਚੂੜਾ ਆਦਿ ਵਿਆਹ ਦੀ ਸੌਜ ਵੇਲੇ ਸਿਰ ਮੰਗਵਾਕੇ ਕਾਰਜ ਕਰਵਾ ਦਿਤਾ। ਤੁਸੀਂ ਕਹਿੰਦੇ ਸੇ ਕਿ ਨਿੱਕੀਆਂ ਨਿੱਕੀਆਂ ਇਨਸਾਨੀ ਪੀੜਾਂ ਵਿਚ ਬੀ ਦਰਦ ਵੰਡਦੇ ਸਨ ਕਿ ਨਹੀਂ, ਸੰਤ ਜੀ ! ਉਹ ਤਾਂ ਇਨਸਾਨ ਦੇ ਦਰਦ ਨਾਲ ਆਪ ਦਰਦੀ ਹੁੰਦੇ ਸਨ ਅੱਤਿ ਦੇ, ਇਹੋ ਸ਼ੈ ਉਨ੍ਹਾਂ ਨੂੰ ਸਾਰੇ ਜਗਤ ਵਿਚ ਲਈ ਫਿਰੀ। ਇਕ ਵੇਰ ਆਪ ਪਾਕਪਟਨ ਵਲ ਗਏ ਸਨ। ਇਧਰ ਇਕ ਕੋੜ੍ਹੀ ਫਕੀਰ ਸ਼ਹਿਰੋਂ ਬਾਹਰ ਰਹਿੰਦਾ ਸੀ। ਕੋਈ ਇਸ ਦੇ ਨੇੜੇ ਨਹੀਂ ਸੀ ਢੁੱਕਦਾ। ਇਕੱਲਾ ਤੇ ਦਰਦ ਰਞਾਣਾ ਸੀ, ਕੋਈ ਵਾਤ ਪੁੱਛਣੇ ਵਾਲਾ ਨਹੀਂ ਸੀ। ਇਸਦੇ ਪਾਸ ਜਾ ਕੇ ਰਹੇ। ਕੋੜ੍ਹੀ ਤੋਂ ਨਫਰਤ ਨਹੀਂ ਕੀਤੀ। ਰਾਤ ਉਸ ਪਾਸ ਉਸਦੀ ਝੁੱਗੀ ਵਿਚ ਗੁਜ਼ਾਰੀ, ਉਸਨੂੰ ਸਤਿ ਉਪਦੇਸ਼ ਦਿੱਤਾ। ਆਪ ਆਤਮ ਸਤਜਾ ਵਿਚ ਬੜੇ ਪ੍ਰਬਲ ਸੇ ਪਰ ਲਗਦੇ ਚਾਰੇ ਕਰਾਮਾਤ ਵਾਲੀ ਗਲ ਘੱਟ ਕਰਦੇ ਸੇ। ਇਸ ਕੋੜ੍ਹੀ ਦੀ ਪੀੜਾ ਤੇ ਤ੍ਰੁਠੇ, ਉਸਦਾ ਕੋੜ੍ਹ ਦੂਰ ਕੀਤਾ ਸਰੀਰ ਦਾ ਹੀ ਨਹੀਂ ਮਨ ਦਾ ਰੋਗ ਬੀ ਦੂਰ ਕੀਤਾ। ਪੁਰਾਤਨ ਜਨਮ ਸਾਖੀ ਵਿਚ


www.sikhbookclub.com

ਲਿਖਿਆ ਹੈ-"ਤਖ ਦਰਸਨ ਕਾ ਸਦਕਾ ਕੋੜ੍ਹ ਦੂਰ ਹੋਇ ਗਇਆ, ਦੇਹੀ ਹਛੀ ਹੋਈ, ਆਇ ਪੈਰੀ ਪਇਆ, ਨਾਉਂ ਧਰੀਕ ਹੋਇਆ। ਗੁਰੂ ਗੁਰੂ ਲਗਾ ਜਪਣਿ"। ਅਰਥਾਤ ਗੁਰੂ ਜੀ ਨੇ ਦੇਹ ਅਰੋਗਤਾ ਦਾਨ ਬਖਸ਼ਿਆ ਨਾਲ ਉਸਨੂੰ ਉੱਚ ਜੀਵਨ ਵਿਚ ਦਾਖਲ ਕੀਤਾ ਜੋ ਰਾਜ਼ੀ ਹੋਕੇ ਵਿਕਾਰਾਂ ਵਿਚ ਨਾ ਜਾ ਪਵੇ ਮਗੋਂ ਅੰਦਰੋਂ ਸੁਖੀ ਹੋ ਕੇ ਜਗਤ ਪੀੜਾ ਦੇ ਹਰਨ ਵਿਚ ਸੇਵਾ ਕਰੇ। ਪਰ-ਵਸ ਪੈ ਕੇ ਪੀੜਤ ਹੋਣ ਵਾਲਿਆਂ ਦੀ ਪੀੜਾ ਹਰਨ ਦਾ ਪ੍ਰਸੰਗ ਮੈਂ ਸਜਣ ਦਾ ਸੁਣਾ ਚੁਕਾ ਹਾਂ। ਇਕ ਵੇਰ ਆਪ ਦਾ ਸਾਥੀ ਮਰਦਾਨਾ ਇਕ ਜਾਦੂਗਰਨੀ ਦੇ ਵੱਸ ਪੈ ਗਿਆ ਸੀ। ਆਪ ਨੇ ਨਾ ਕੇਵਲ ਮਰਦਾਨੇ ਨੂੰ ਉਸ ਤੋਂ ਛੁਡਾਇਆ ਸਗੋਂ ਉਸ ਜਾਦੂਗਰਨੀ ਨੂੰ ਆਪਣੇ ਨੀਵੇਂ ਵਿਹਾਰ ਤੋਂ, ਜਿਸ ਨਾਲ ਉਹ ਲੋਕਾਂ ਨੂੰ ਵੱਸ ਕਰਕੇ ਦੁਖੀ ਕਰ ਰਹੀ ਸੀ, ਛੁਡਾਇਆ ਤੇ ਨਾਮ ਦਾਨ ਦੇਕੇ ਉੱਚ ਜੀਵਨ ਵਿਚ ਲਾਇਆ। ਤੁਸੀਂ ਜਾਣਦੇ ਹੋ ਇਕ ਲੋਕ ਮਾਣਸ ਭੱਖ ਹੁੰਦੇ ਹਨ, ਜਿਨ੍ਹਾਂ ਨੂੰ ਸਾਡੇ ਮਿਤ੍ਰ ਚਾਨਣ ਸਿੰਘ ਦੀ ਪੱਛਮੀ ਬੋਲੀ ਵਿਚ ਕੈਨੀਬਲ (Cannibal) ਆਖਦੇ ਹਨ, ਐਸਾ ਇਕ ਆਦਮੀ ਦੱਖਣੀ ਬਨਾਂ ਵਿਚ ਰਹਿੰਦਾ ਸੀ। ਉਸਦਾ ਨਾਮ ਕੌਡਾ ਰਾਖਸ਼ ਸੀ, ਉਹ ਆਦਮੀ ਮਾਰਕੇ ਖਾਇਆ ਕਰਦਾ ਸੀ। ਆਪ ਆਪਣੇ ਇਕ ਸਫਰ ਵਿਚ ਇਸ ਪਾਸੇ ਜਾ ਨਿਕਲੇ। ਡਰੇ ਨਹੀਂ, ਅਝਕੇ ਨਹੀਂ, ਆਪਣੀ ਪਰਾਗੱਲਭ ਸ਼ਖਸੀਅਤ ਨਾਲ ਉਸ ਉਤੇ ਆਪਣਾ ਅਸਰ ਪਾਇਆ ਤੇ ਉਸ ਤੋਂ ਇਹ ਕੰਮ ਛੁਡਵਾਇਆ। ਬੜੀ ਖ਼ੂਬੀ ਆਪਦੀ ਇਹ ਸੀ ਕਿ ਐਸੇ ਪਤਿਤਾਂ ਨੂੰ ਜਦ ਠੀਕ ਕਰਦੇ ਸੀ ਤਾਂ ਉੱਚ ਜੀਵਨ ਸਿਖਾਕੇ ਸੁਖਦਾਈ ਬਣਾ ਦੇਂਦੇ ਸੀ, ਜੋ ਉੱਚੇ ਆਦਰਸ਼ ਵਿਚ ਆਕੇ ਫੇਰ ਉਨ੍ਹਾਂ ਦਾ ਗਿਰਾਉ ਨਾ ਹੋਵੇ। ਐਸੇ ਐਸੇ ਉਪਕਾਰਾਂ ਵੇਲੇ ਆਪਣੇ ਆਪ ਨੂੰ ਸਖਤ ਖਤਰਿਆਂ ਵਿਚ ਪਾਕੇ ਬੀ ਆਪਣਾ ਸ਼ੁਭ ਮਨੋਰਥ ਸਿਰੇ ਚਾੜ੍ਹੇ ਬਿਨਾਂ ਨਹੀਂ ਸੇ ਰਹਿੰਦੇ। ਇਕ ਵੇਰ ਇਕ ਇਨਸਾਨਾਂ ਨੂੰ ਗੁਲਾਮੀ ਵਿਚ ਪਾਕੇ ਦੁੱਖ ਦੇਣ ਵਾਲੇ ਦੀ ਗੁਲਾਮੀ ਵਿਚ ਆਪਣੇ ਆਪਨੂੰ ਲਿਜਾਕੇ ਉਸ ਨੂੰ ਐਸਾ ਸੋਧਿਆ ਕਿ ਸਾਰੇ ਗੁਲਾਮ ਰਿਹਾ ਕਰਵਾਏ। ਬਾਬਰ ਦਾ ਹਮਲਾ ਤੁਸਾਂ ਪੜ੍ਹਿਆ ਹੋਊ। ਗੁਰੂ ਨਾਨਕ ਦੇਵ ਜੀ ਦੇ ਦੋ ਤ੍ਰੈ ਸ਼ਬਦ ਹੈਨ ਉਸ ਵੇਲੇ ਦੇ। ਆਪ ਪਠਾਣਾਂ ਦੇ ਰਾਜ ਸਮੇਂ ਹੋਏ ਹਨ, ਮੁਗਲਾਂ ਦਾ ਰਾਜ ਉਨ੍ਹਾਂ ਦੇ ਸਮੇਂ ਹੀ ਆਇਆ ਸੀ। ਗੁਰੂ ਜੀ ਨੇ ਬਾਬਰ ਦੇ ਆਉਣ, ਜ਼ੁਲਮ ਕਰਨ, ਹਿੰਦ ਜਿੱਤਣ ਤੇ ਫੇਰ ਹਮਾਯੂ ਦੇ ਨੱਸ ਜਾਣ ਬਾਬਤ ਉਸਦੇ ਆਉਣ ਤੋਂ ਪਹਿਲਾਂ ਭਵਿਖਤ ਵਾਕ ਕਹੇ ਸਨ। ਓਹ ਸਬਦ ਮੌਜੂਦ ਹੈ ਤੇ ਉਸ ਵਿਚ ਸਾਫ ਦਿੱਸਦਾ ਹੈ ਕਿ ਹੋਣਹਾਰ ਪਹਿਲੋਂ ਹੀ ਇਹ ਕਹਿ ਰਹੇ ਹਨ। ਸੋ ਇਸਤਰ੍ਹਾਂ ਬੀ ਆਪਨੂੰ ਪਤਾ ਸੀ ਤੇ ਜਦ ਓਹ ਕਾਬਲੋਂ ਟੁਰ ਹੀ ਪਿਆ ਤਾਂ ਪਤਾ ਸੀ ਕਿ ਆ ਰਿਹਾ ਹੈ। ਅੱਜ ਕਲ ਦੇਖੋ ਜੰਗ ਯੂਰਪ ਵਿਚ ਹੋ ਰਿਹਾ ਹੈ ਤੇ ਸਾਡੇ ਪੰਜਾਬ ਦੇ ਕਈ ਲੋਕੀ ਘਰ ਛੋੜ ਛੋੜ ਪਹਾੜਾਂ ਵਲ ਲੁਕਣੇ ਨੂੰ ਜਾ ਰਹੇ ਹਨ, ਪਰ ਗੁਰੂ ਬਾਬਾ ਜੀ ਸੈਦਪੁਰ ਸੰਡਿਆਲੀ* ਵਿਚ ਉਸ ਵੇਲੇ ਬੀ ਬੈਠੇ ਰਹੇ, ਜਿਸ ਵੇਲੇ ਪਤਾ ਸੀ ਕਿ ਇਥੋਂ ਦੇ ਨਵਾਬ ਨੇ ਬਾਬਰ ਦਾ ਟਾਕਰਾ ਕਰਨਾ ਹੈ ਤੇ ਇਥੇ ਉਸਦਾ ਕਹਰ ਵਰਤਣਾ ਹੈ। ਆਪ ਦਾ ਅਝੁਕ ਤੇ ਅਡਰ ਮਨ ਇਸ ਸੰਕਟ ਵਿਚ ਜਗਤ ਪੀੜਾ ਹਰਨੀ ਚਾਹੁੰਦਾ ਸੀ, ਪਰ ਆਪ ਨੂੰ ਖ਼ਤਰੇ ਵਿਚ ਪਾਏ ਬਿਨਾਂ ਇਹ ਕੰਮ ਨਹੀਂ ਸੀ ਹੋ ਸਕਦਾ, ਸੋ ਆਪ ਟਿਕੇ ਰਹੇ। ਸੰਡਯਾਲੀ ਦੇ ਜੰਗ ਵੇਲੇ ਓਥੇ ਹੀ ਰਹੇ। ਕਤਲਾਮ ਹੋਈ, ਲੋਕੀ ਕੈਦ ਪਾਏ ਗਏ, ਆਪ ਬੀ ਕੈਦ ਵਿਚ ਪੈ ਗਏ। ਕੈਦ ਵਿਚ ਐਸਾ ਕੌਤਕ ਕੀਤਾ ਕਿ ਆਪਨੂੰ ਬਾਬਰ ਦੇ ਪਾਸ ਲੈ ਗਏ। ਇਹੋ ਵੇਲਾ ਆਪ ਢੂੰਡਦੇ ਸੇ। ਆਪ ਨੇ ਬਾਬਰ ਨੂੰ ਇਸ ਵੇਲੇ ਸ਼ਰਮਿੰਦਾ ਕੀਤਾ। ਕਿਹਾ ਕਿ ਫੌਜੀ ਤਾਕਤ ਫੌਜੀ ਨਾਲ ਲੜੇ। ਸ਼ਹਿਰੀ ਵਸੋਂ ਉਤੇ ਫੌਜੀ ਤਾਕਤ ਕਿਉਂ ਟੁੱਟ ਪਵੇ, ਜੇ ਐਸਾ ਹੋਵੇ ਤਾਂ ਮਾਲਕ ਨੂੰ ਪੁੱਛ ਹੋਣੀ ਚਾਹੀਏ ਉਹ ਜ਼ਿੰਮੇਵਾਰ ਹੈ। ਉਨ੍ਹਾਂ ਦੇ ਹੋਰ ਖਜਾਨਾਂ ਵਿਚ ਇਹ ਗਲ ਹੁਣ ਤਕ ਇਨ੍ਹਾਂ ਹਰਫਾਂ ਵਿਚ ਸਾਡੇ ਪਾਸ ਮੌਜੂਦ ਹੈ:- *'ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ॥੧॥ਰਹਾਉ॥ ਸਕਤਾ ਸੀਹੁ ਮਾਰੇ ਪੈ ਵਗੈ ਖਸਮੈ ਸਾ*

* ਅੱਜ ਕਲ ਇਸਨੂੰ ਏਮਨਾਬਾਦ ਕਹਿੰਦੇ ਹਨ।

***ਪੁਰਸਾਈ***[1] ਬਾਬਰ ਨੂੰ ਸ਼ਰਮ ਆਈ। ਉਨ੍ਹਾਂ ਦਾ ਸਤਿਕਾਰ ਕੀਤੋਸੁ ਤੇ ਆਖਿਓਸੁ ਦੱਸੋ ਹੁਣ ਕੀਹ ਕਰਾਂ, ਤਾਂ ਸਤਿਗੁਰਾਂ ਨੇ ਖਲਕਤ ਲਈ ਅਮਾਨ ਮੰਗੀ ਤੇ ਸਾਰੇ ਕੈਦੀ ਜੋ ਮੁਗਲ ਸਿਪਾਹੀਆਂ ਬੰਨ੍ਹੇ ਸਨ, ਛੁਡਵਾਏ ਤੇ ਉਨ੍ਹਾਂ ਦੀ ਲੁੱਟ ਮੁੜਵਾ ਦਿਤੀ। ਪੁ: ਜੁ: ਸਾਖੀ ਵਿਚ ਲਿਖਿਆ ਹੈ: 'ਤਾਂ ਗੁਰੂ ਬਾਬੇ ਆਖਿਆ ਅਸਾਡੇ ਕੰਮ ਕਛੁ ਨਾਹੀ, ਪਰ ਜੋ ਬੰਦ ਹੋਈ ਹੈ ਸੈਦਪੁਰ ਕੀ ਸੋ ਛੋਡ ਦੇਹਿ'। ਤਬ ਬਾਬਰ ਪਾਤਸ਼ਾਹ ਹੁਕਮ ਕੀਤਾ 'ਜੋ ਬੰਦ ਹੈ ਸੋ ਛਡ ਦੇਹੁ ਅਤੇ ਵਸਤੁ ਫੇਰ ਦੇਹੁ'। ਤਬ ਸੈਦਪੁਰ ਕੀ ਬੰਦ ਦਰੋ ਬਸਤ ਛੋਡ ਦਿਤੀ।

ਬੰਗਾਲੀ ਸੰਤ-ਕਮਲ ਦੀ ਕੁਰਬਾਨੀ ਹਮਦਰਦੀ ਤੇ ਆਤਮ ਸ਼ਕਤੀ ਦਾ ਵਿਕਾਸ ਹੈ। ਸਤਿਗੁਰ ਦਾ ਜੀਵਨ ਹੈ ਕਿ ਜੀਵਨ ਦਾ ਇਕ ਪਾਸੇ ਮੂਲ ਤੇ ਦੂਏ ਪਾਸੇ ਕਮਾਲ ਸਫਲ ਸਫਲਤਾ ਹੈ। ਇਨਸਾਨੀ ਅਗਜਾਨ ਤੇ ਭਰਮ ਨਵਿਰਤੀ ਲਈ ਭੀ ਸਤਿਗੁਰ ਦਾ ਕੋਈ ਪ੍ਰਕਰਣ ਆਪ ਦੇ ਯਾਦ ਹੋਵੇ?

ਸੰਤ-ਅਨੇਕਾਂ। ਨਮੂਨੇ ਲਈ ਹਮਜ਼ਾ ਗੌਂਸ ਦਾ ਸੰਖੇਪ ਹਾਲ ਦੱਸਦਾ ਹਾਂ। ਸਿਆਲਕੋਟ ਵਿਚ ਓਸ ਸਮੇਂ ਇਕ ਜ਼ੁਹਦੀ ਫਕੀਰ ਹੋਇਆ ਹੈ ਇਸ ਨਾਮ ਦਾ। ਇਸ ਨੇ ਸ਼ਹਿਰ ਦੇ ਕਿਸੇ ਇਕ ਨਾਲ ਨਰਾਜ਼ਗੀ ਹੋ ਜਾਣ ਤੇ ਆਪਣੇ ਗੁੰਬਜ਼ ਵਾਲੇ ਟਿਕਾਣੇ ਵਿਚ ਬੈਠਕੇ ਚਿਲਾ ਧਾਰਿਆ ਕਿ ਸ਼ਹਿਰ ਗ਼ਰਕ ਕਰਕੇ ਬਾਹਰ ਨਿਕਲਨਾ ਹੈ। ਗੁਰੂ ਜੀ ਸੁਣਕੇ ਸਿਆਲਕੋਟ ਗਏ ਤੇ ਇਸਦਾ ਚਿਲਾ ਤੋੜਿਆ, ਫੇਰ ਵਾਰਤਾਲਾਪ ਹੋਈ। ਆਪ ਨੇ ਉਸਨੂੰ ਦਿਖਾ ਦਿੱਤਾ ਕਿ ਫਕੀਰਾਂ ਦਾ ਕੰਮ ਜਗਤ ਦਾ ਭਲਾ ਕਰਨਾ ਹੈ ਕਿਸੇ ਦਾ ਬੁਰਾ ਮਨ ਵਸਾਉਣਾ ਇਹ ਸਤਿ ਪੁਰਖਾਂ ਦਾ ਕੰਮ ਨਹੀਂ। ਫਿਰ ਕਰੇ ਇਕ ਤੇ ਭਰੇ ਨਗਰੀ, ਇਹ ਨਜਾਯ ਨਹੀਂ, ਇਹ ਅਤਿ ਦਾ ਜ਼ੁਲਮ ਹੈ। ਚਾਹੋ ਰਾਜਾ ਤਲਵਾਰ ਨਾਲ ਕਰ ਲਵੇ, ਚਾਹੋ ਫਕੀਰ ਕਰਾਮਾਤ ਨਾਲ ਕਰ ਲਵੇ, ਇਹ ਅਨਜਾਯ ਹੈ। ਪੀਰ ਨੂੰ ਹੋਸ਼ ਆ ਗਈ ਤੇ ਨਿਰੋਲ ਸਤਿ ਦੇ ਮਾਰਗ ਪੈ ਗਿਆ। ਸਿਫਤ ਸਲਾਹ ਦੇ ਰਸਤੇ ਪੈਕੇ ਸੁਖ ਦੇ ਘਰ ਆ ਗਿਆ। ਇਸਦੇ ਨੈਣ ਖੁੱਲ੍ਹ ਜਾਣ ਨਾਲ ਇਸਦੇ ਮਗਰ ਲਗਣ ਵਾਲਿਆਂ ਸਾਰਿਆਂ ਨੂੰ ਸੁਖ ਹੋ ਗਿਆ[2], ਓਸ ਸਮੇਂ ਮੁਸਲਮਾਨ ਸ਼ਰਹ ਵਾਲਿਆਂ ਦਾ ਪਠਾਣ ਪਾਤਸ਼ਾਹਾਂ ਦੇ ਹੱਥੀਂ ਧੱਕੇ ਕਰਵਾ ਲੈਣ ਦਾ ਜ਼ੋਰ ਪ੍ਰਬਲ ਸੀ। ਦੂਜੇ ਪਾਸੇ ਪੀਰਾਂ ਫਕੀਰਾਂ ਦਾ ਜ਼ੋਰ ਸੀ, ਹਿੰਦੂਆਂ ਨੂੰ ਕੁਸਕਣਾ ਨਹੀਂ ਸੀ ਮਿਲਦਾ। ਉਨ੍ਹਾਂ ਵਿਚ ਇਨ੍ਹਾਂ ਨਾਲ ਘ੍ਰਿਣਾ ਸੀ, ਇਨ੍ਹਾਂ ਦੇ ਜ਼ੁਲਮਾਂ ਕਰਕੇ। ਜੇ ਕੋਈ ਗਲ ਵਾਲੇ ਕਿ ਵਿਦਯਾ ਵਾਲੇ ਸਨ ਓਹ ਆਪਣੇ ਦੀਨ ਦੇ ਝਗੜਾਲੂ ਪੱਖ ਵਿਚ ਹੀ ਸਨ। ਬਹਸਾਂ ਤੇ ਚਰਚਾ ਹੁੰਦੀਆਂ ਤੇ ਵਿਖਾਂਦ ਵਧਦੇ ਸਨ। ਕਰਨੀ ਵਾਲੇ ਮਹਾਤਮਾ ਦਾ ਕਾਲ ਪੈ ਰਿਹਾ ਸੀ। ਇਸ ਗਲ ਵਿਚ ਪਰਜਾ ਦੁਖੀ ਸੀ। ਗੁਰੂ ਬਾਬੇ ਨੇ ਉਧਰ ਮੁਸਲਮਾਨ ਵਡੇ ਵਡੇ ਪੀਰਾਂ ਫਕੀਰਾਂ ਨਾਲ, ਉਧਰ ਵਡੇ ਵਡੇ ਸ਼ਰਈ ਕਾਜ਼ੀਆਂ ਮੁਲਾਣਿਆਂ ਨਾਲ ਵਿਚਾਰਾਂ ਕੀਤੀਆਂ ਤੇ ਆਪਣੀ ਪ੍ਰਾਗੱਲਭ ਯੁਕਤੀ ਤੇ ਉੱਚ ਹਮਤੀ ਨਾਲ ਉਨ੍ਹਾਂ ਨੂੰ ਆਪਣੇ ਹਠਾਂ, ਹਠ ਧਰਮੀਆਂ ਤੇ ਕਾਣੀ ਵੰਡ ਵਾਲੀਆਂ ਤਅੱਸਬੀ ਕਰਨੀਆਂ ਤੇ ਵੀਚਾਰਾਂ ਤੋਂ ਧੋ ਕੱਢਿਆ। ਭਾਵ ਇਸ ਵਿਸ਼ਾਲਤਾ ਵਾਲਾ ਹੁੰਦਾ ਕਿ ਇਕ ਦੇ ਸੁਧਰਿਆਂ ਉਸਦੇ ਹਜ਼ਾਰਾਂ ਪੈਰੋਕਾਰ ਸੁਧਰ ਜਾਣਗੇ ਤੇ ਐਉਂ ਸਰਬ ਸਾਧਾਰਣ ਦਾ ਸੁਧਾਰ ਹੋ ਜਾਵੇਗਾ। ਪਰ ਇਹ ਗਲ ਬੀ ਨਹੀਂ ਸੀ ਕਿ ਸਰਬ ਸਾਧਾਰਣ ਨੂੰ ਨਹੀਂ ਸਨ ਸੁਧਾਰਦੇ। ਬੜੇ ਬੜੇ ਮੇਲਿਆਂ ਪਰ ਜਾਣਾ, ਕੌਤਕ ਰਚ ਦੇਣੇ, ਹਜ਼ਾਰਾਂ ਲੋਕ ਕੱਠੇ ਹੋ ਜਾਣੇ, ਫੇਰ ਉਪਦੇਸ਼ ਦੇਣਾ। ਕੁਰਖੇਤ੍ਰ ਦੇ ਸੂਰਜ ਗ੍ਰਹਣ ਪਰ ਕਿਸੇ ਰਾਜ ਕੁਮਾਰ ਨੇ ਸ਼ਿਕਾਰ ਕੀਤਾ ਹਿਰਨ ਆ ਚੜ੍ਹਾਇਆ। ਆਪ ਨੇ ਉਸਨੂੰ ਰਿਝਣਾ ਰਖਵਾ ਦਿਤਾ। ਗ੍ਰਹਣ ਲੱਗੇ ਵਿਚ ਰਸੋਈ ਪਕ ਰਹੀ ਦੇਖ ਹਜ਼ਾਰਾਂ ਲੋਕ ਕੱਠੇ ਹੋ ਗਏ, ਆਪ ਨੇ ਹੁਣ ਸਭ ਨੂੰ ਉਪਦੇਸ਼ ਦੇ ਕੇ ਪ੍ਰੇਮ ਦੇ ਘਰ ਲੈ ਆਂਦਾ। ਇਕ ਨਾਨੂੰ ਪੰਡਿਤ ਉਸ ਵੇਲੇ ਚਰਚਾ ਕਰਨ ਆਯਾ, ਉਸਨੂੰ ਬੀ ਰਸਤੇ ਪਾਇਆ। ਮਾਸ ਤੇ ਨਾ ਮਾਸ

1. ਆਸਾ ਮਹਲਾ ੧-੩੯। 2. ਹਮਜ਼ੇ ਦਾ ਗੁੰਬਜ਼ ਹੁਣ ਤਕ ਸਿਆਕੋਟ ਵਿਚ ਹੈ।


www.sikhbookclub.com

ਦੀ ਬਹਸ ਨੂੰ ਜੋ ਝਗੜੇ ਵਧਾ ਰਹੀ ਸੀ ਮੇਟਿਆ। ਆਪ ਦਾ ਉਸ ਵੇਲੇ ਦਾ ਉਪਦੇਸ਼ ਸਾਡੇ ਪਾਸ ਆਪ ਦਾ ਆਪਣਾ ਲਿਖਿਆ ਮੌਜੂਦ ਹੈ*। ਇਸੀ ਤਰ੍ਹਾਂ ਹਰਦ੍ਵਾਰ ਜਾਕੇ ਚੜ੍ਹਦੇ ਸੂਰਜ ਵਲ ਪਿੱਠ ਕਰਕੇ ਪਾਣੀ ਦੇਣ ਲਗ ਗਏ। ਅਨੇਕਾਂ ਲੋਕਾਂ ਦੀ ਭੀੜ ਕੌਤਕ ਦੇਖਣ ਲਈ ਆ ਜੁੜੀ। ਉਸ ਵੇਲੇ ਆਪ ਨੇ ਫੁਰਮਾਯਾ-ਭਾਈ ਮੈਂ ਆਪਣੇ ਪਿੰਡ ਆਪਣੀ ਖੇਤੀ ਨੂੰ ਪਾਣੀ ਦੇ ਰਿਹਾ ਹਾਂ ਜੋ ਪੱਛੋਂ ਨੂੰ ਹੈ। ਲੋਕੀਂ ਕਹਿਣ ਲਗੇ ਇੱਥੋਂ ਪਿੰਡ ਕਿੰਨੀ ਦੂਰ ਹੈ? ਆਪ ਨੇ ਦੱਸਿਆ ਕਈ ਸੌ ਕੋਹ ਹੈ। ਲੋਕੀਂ ਹੱਸ ਪਏ- ਭਲੇ ਲੋਕ! ਇਥੋਂ ਪਾਣੀ ਕਿਵ ਪੁੱਜੇਗਾ? ਇਹ ਤਾਂ ਨਦੀ ਵਿਚ ਹੀ ਡਿਗਦਾ ਤੇ ਰੁੜ੍ਹਦਾ ਜਾਂਦਾ ਹੈ? ਫਿਰ ਆਪ ਹੱਸੇ ਤੇ ਬੋਲੇ 'ਹਲਾ, ਤਾਂ ਤੁਹਾਡਾ ਦਿਤਾ ਸੂਰਜ ਨੂੰ, ਜੋ ਕ੍ਰੋੜਾਂ ਕੋਹਾਂ ਤੇ ਹੈ; ਪਿਆ ਪਹੁੰਚਦਾ ਹੈ ਤੇ ਮੇਰਾ ਦੋ ਢਾਈ ਸੌ ਕੋਹ ਤੇ ਨਾ ਪੁੱਜੇਗਾ? ਤਾਂ ਲੋਕਾਂ ਦੇ ਨੈਣ ਖੁਲ੍ਹੇ ਕਿ ਸਾਡੀ ਮੂਰਖਤਾ ਇਕੇ ਕੌਤਕ ਨਾਲ ਕੱਟ ਦਿੱਤੀ ਹੈਨੇ। ਇਸੇ ਤਰ੍ਹਾਂ ਮੱਕੇ ਜਾਕੇ ਕਾਬੇ ਵਲ ਪੈਰ ਕਰ ਸੁੱਤੇ ਤਾਂ ਕਿਸੇ ਨੇ ਗੁੱਸੇ ਨਾਲ ਮਨ੍ਹੇ ਕੀਤਾ ਕਿ ਖ਼ੁਦਾ ਦੇ ਘਰ ਵਲ ਪੈਰ ਨਾ ਕਰ, ਫੁਰਮਾਉਣ ਲਗੇ, ਕਰ ਦੇਹ ਮੇਰੇ ਪੈਰ ਉਧਰ, ਜਿਧਰ ਖ਼ੁਦਾ ਕਿ ਖ਼ੁਦਾ ਦਾ ਘਰ ਨਹੀਂ ਹੈ। ਉਸਨੇ ਇਹੋਂ ਕੁਛ ਕੀਤਾ ਤਾਂ ਉਸਨੂੰ ਪੈਰਾਂ ਦੇ ਮਗਰ ਮਗਰ ਕਾਅਬਾ ਫਿਰਦਾ ਦਿੱਸੇ ਤਾਂ ਉਸਨੂੰ ਹੋਸ਼ ਆ ਗਈ ਕਿ ਖ਼ੁਦਾ ਤੇ ਖ਼ੁਦਾ ਦਾ ਘਰ ਤਾਂ ਸਰਬਵਜਾਪੀ ਹੈ। ਇਹ ਪੀਰ ਫਕੀਰ ਕੋਈ ਵਲੀ ਹੈ ਜੋ ਇੱਕ ਫਿਕਰਾ ਕਹਿ ਛੋੜ ਕੱਟ ਦੇਂਦਾ ਹੈ, ਮੈਂ ਸਰਬ ਵਜਾਪੀ, ਲਾ ਮਕਾਂ ਤੇ ਹਰ ਮਕਾਂ ਦੇ ਮਕੀਂ ਨੂੰ ਇਕ ਦੇਸ਼ੀ ਕਿਉਂ ਜਾਤਾ। ਇਹ ਗਲ ਧੁੰਮ ਗਈ, ਫੇਰ ਬੜੇ ਬੜੇ ਪੀਰ ਆ ਕੱਠੇ ਹੋਏ ਤੇ ਗੁਰੂ ਜੀ ਨੇ ਸਤਿ ਉਪਦੇਸ਼ ਦਿੱਤਾ। ਇਸ ਤਰ੍ਹਾਂ ਗਯਾ, ਕਾਸ਼ੀ,ਬਗਦਾਦ ਅਨੇਕਾਂ ਥਾਂਈਂ ਆਪ ਨੇ ਕੀਤਾ। ਸੋ ਸਰਬ ਸਾਧਾਰਣ ਨੂੰ ਤਾਰਣ ਦੇ ਨਾਲ ਆਪ ਨੇ ਲੱਭ ਲੱਭ ਕੇ ਵਡੇ ਵਡੇ ਗਦੀਆਂ ਵਾਲਿਆਂ ਦੇ ਤਅੱਸਬ ਦੂਰ ਕਰਕੇ ਇਹ ਮਤ ਦੇਣੀ ਕਿ ਜਾਤਿ ਦੇ ਫਰਕ ਕਰਕੇ, ਨਸਲ ਦੇ ਫਰਕ ਕਰਕੇ, ਮੁਲਕ ਦੇ ਫਰਕ ਕਰਕੇ ਮਜ਼ਹਬ ਦੇ ਫਰਕ ਕਰਕੇ ਨਫਰਤ ਨਾ ਕਰੋ। ਇਨਸਾਨ ਇਨਸਾਨ ਦਾ ਭਾਈ ਹੈ। ਪਿਆਰ ਕਰੋ, ਖ਼ੁਦਾ ਪ੍ਰੇਮ ਹੈ, ਜਿਸਨੂੰ ਸ਼ੈਤਾਨ ਕਹਿੰਦੇ ਹੋ ਉਹ ਨਫਰਤ ਹੈ। ਮਜ਼ਹਬ ਖ਼ੁਦਾ ਦੇ ਮਿਲਨੇ ਦਾ ਰਸਤਾ ਹੈ। ਜੋ ਪ੍ਰੇਮ ਸਰੂਪ ਨੂੰ ਮਿਲੇ ਹਨ ਓਹ ਜਦ ਨਫਰਤ ਵਰਤਦੇ ਹਨ ਤਾਂ ਓਹ ਖ਼ੁਦਾ ਦੇ ਨਹੀਂ ਰਹਿੰਦੇ ਸ਼ੈਤਾਨ ਦੇ ਹੋ ਜਾਂਦੇ ਹਨ। ਉਨ੍ਹਾਂ ਦੀ ਇਹ ਕੋਸ਼ਸ਼ ਉਸ ਵੇਲੇ ਫਲ ਲਿਆਈ ਤੇ ਉਨ੍ਹਾਂ ਨੂੰ ਲੋਕੀਂ ਸੁਲਹ ਦਾ ਪੈਗੰਬਰ ਆਖਣ ਲਗ ਪਏ।

ਫੇਰ ਉਸ ਸਮੇਂ ਜੋਗੀਆਂ ਦਾ ਬਹੁਤ ਭੈ ਛਾ ਰਿਹਾ ਸੀ, ਏਹ ਲੋਕ ਸਿੱਧੀਆਂ ਦਾ ਭੈ ਦੇਕੇ ਲੋਕਾਂ ਨੂੰ ਵੱਸ ਵਿਚ ਰੱਖਦੇ ਸੇ, ਅਚਲ ਵਟਾਲੇ ਤੇ ਹੋਰ ਅਨੇਕਾਂ ਥਾਂਈਂ, ਧੁਰ ਕੈਲਾਸ਼ (ਸੁਮੇਰ) ਤਾਂਈਂ ਜਾਕੇ ਗੁਰੂ ਬਾਬੇ ਨੇ ਇਨ੍ਹਾਂ ਨਾਲ ਚਰਚਾ ਵਾਦ ਕੀਤੇ ਤੇ ਹਰਾਇਆ। ਇਨ੍ਹਾਂ ਦਾ ਤਪ ਤੇਜ ਘਟਿਆ ਤੇ ਭਰਮਾਂ ਵਿਚ ਫਸੀ ਪਰਜਾ ਵਾਹਿਗੁਰੂ ਪ੍ਰੇਮ ਤੇ ਆਪੋ ਵਿਚ ਭਰਾਤ੍ਰੀ ਭਾਵ ਦੇ ਪਿਆਰ ਵਿਚ ਆਈ। ਗੁਰੂ ਜੀ ਨੇ ਇਸੇ ਕਰਕੇ ਲਫਜ਼ 'ਭਾਈ' ਦਾ ਵਰਤਾਉ ਜਾਰੀ ਕੀਤਾ ਸੀ। ਜਿਨ੍ਹਾਂ ਨੇ ਆਪ ਦਾ ਉਪਦੇਸ਼ ਮੰਨਿਆਂ ਉਨ੍ਹਾਂ ਨੇ ਆਪੋ ਵਿਚ ਇਕ ਦੂਜੇ ਨੂੰ 'ਭਾਈ' ਕਹਿਕੇ ਪੁਕਰਿਆ, ਜੋ ਅਜ ਤਾਂਈਂ ਗੁਰਸਿੱਖਾਂ ਵਿਚ ਜਾਰੀ ਹੈ।

ਫਿਰ ਇਕ ਹੋਰ ਉਪਕਾਰ ਆਪ ਦਾ ਸੀ। ਪਰਮੇਸ਼ਰ ਦੀ ਤਲਾਸ਼ ਵਿਚ ਦਯਾਨਤਦਾਰੀ ਨਾਲ ਹਠ, ਤਪ, ਜ਼ੁਹਦ, ਭਜਨ, ਬੰਦਗੀ, ਜੋਗ ਕਰਦੇ ਕੋਈ ਕੋਈ ਕਿਤੇ ਅਟਕਾਰੇ ਵਿਚ ਸਨ, ਉਨ੍ਹਾਂ ਲੋਕਾਂ ਨੂੰ ਮਿਲ ਮਿਲ ਕੇ ਮਦਦ ਦਿੱਤੀ, ਅਟਕ ਦੂਰ ਕੀਤੀ ਤੇ ਅਗਲਾ ਮਾਰਗ ਖੁਹਲ ਦਿੱਤਾ। ਬਾਬੇ ਫਰੀਦ ਦੀ ਗਦੀ ਦੇ ਸ਼ੇਖ ਇਬ੍ਰਾਹੀਮ ਨੂੰ, ਕੋਟਲੇ ਮਿਠੇ ਦੇ ਮੀਆਂ ਮਿੱਠੇ ਨੂੰ, ਦੱਖਣੀ ਪੰਜਾਬ ਦੇ

---

* ਮਾਸੁ ਮਾਸੁ ਕਰਿ ਮੂਰਖੁ ਝਗੜੇ ਗਿਆਨੁ ਧਿਆਨੁ ਨਹੀਂ ਜਾਣੈ॥ (ਮਲਾਰ ਵਾਰ ਮ: ੧)

ਮਖਦੂਮ ਨੂੰ, ਜੋਗੀਆਂ ਦੇ ਵਡੇ ਭਰਥਰੀ ਨੂੰ, ਚਤੁਰ ਦਾਸ ਪੰਡਤ ਨੂੰ, ਅਨੇਕਾਂ ਐਸੇ ਅਭਜਾਸੀਆਂ ਨੂੰ ਸਹਾਇਤਾ ਦੇ ਕੇ ਠੀਕ ਰਾਹੇ ਟੋਰਿਆ। ਆਪ ਜੇ ਆਪ ਦੇ ਹਾਲਾਤ ਪੜ੍ਹੋ ਤਾਂ ਪਤਾ ਲੱਗੇ, ਮੈਂ ਤਾਂ ਸੰਖੇਪ ਵਿਚ ਆਪ ਦੇ ਜੀਵਨ ਪਹਿਲੂ ਜਗਤ ਪੀੜਾ ਹਰਨ ਵਾਲੇ ਦਰਸਾ ਰਿਹਾ ਹਾਂ।

ਬੰਗਾਲੀ ਸੰਤ-ਭਲਾ ਗੁਰੂ ਜੀ ਦੇ ਕੋਈ ਐਸੇ ਪ੍ਰਸੰਗ ਬੀ ਹੈਨ ਕਿ ਜਿਨ੍ਹਾਂ ਤੋਂ ਪਤਾ ਲਗੇ ਕਿ ਪ੍ਰੇਮ ਪੀੜਾ ਤੇ ਬੀ ਪਹੁੰਚਦੇ ਸਨ? ਹੁਣ ਹੋ ਤਾਂ ਦੇਰ ਰਹੀ ਹੈ, ਆਪ ਸਾਹਿਬਾਂ ਨੇ ਜਾਣਾ ਹੋਊ; ਪਰ ਕੁਛ ਪਲਾਂ ਹੋਰ ਲਾ ਦਿਓ। ਮੇਰੇ ਖਯਾਲ, ਆਪ ਦੇ ਉਪਦੇਸ਼ ਨਾਲ ਤੇ ਗੁਰੂ ਬਾਬੇ ਦਾ ਆਦਰਸ਼ ਸੁਣ ਸੁਣ ਕੇ, ਇਨਸਾਨੀ ਪੀੜਾ ਹਰਨ ਵਾਲੀ ਸੇਵਾ ਵਿਚ ਕੁਛ ਵੰਨੇ ਪਰਤ ਰਹੇ ਹਨ।

ਸੰਤ-ਧੰਨ ਗੁਰੂ ਨਾਨਕ, ਧੰਨ ਗੁਰੂ ਨਾਨਕ ਦੇਵ। ਸੰਤ ਜੀਓ! ਗੁਰੂ ਬਾਬਾ ਆਪ ਪ੍ਰੇਮ ਦਾ ਪੁੰਜੀ ਸੀ ਤੇ ਹੈ। ਆਪਣੇ ਪਰਮੇਸ਼ਰ ਪਰਮਾਤਮ ਦੇਵ ਨੂੰ ਓਹ ਪ੍ਰੇਮ ਸਰੂਪ ਮੰਨਦੇ ਸਨ, ਉਸ ਨਾਲ ਪ੍ਰੇਮ ਨੂੰ ਉਹ ਮਿਲਣ ਦਾ ਮਾਰਗ ਸਮਝਦੇ ਸਨ। ਆਪ ਪ੍ਰੇਮ ਵਿਚ ਮਗਨਾਰ ਰਹਿੰਦੇ ਸਨ। ਦੂਜੇ ਪਾਸੇ ਇਨਸਾਨ ਮਾਤ੍ਰ ਨਾਲ ਪ੍ਰੇਮ ਕਰਦੇ ਸਨ। ਤੀਜੇ ਪਾਸੇ ਉਨ੍ਹਾਂ ਨਾਲ ਕੀਤੇ ਗਏ ਪ੍ਰੇਮ ਦਾ ਉਹ ਪਰਮ ਮ੍ਰਿਦੁਲ ਤੇ ਤ੍ਰੁਠਵੇਂ ਪਰ ਦਾਨੇ ਪ੍ਰੇਮ ਨਾਲ ਜਵਾਬ ਦੇਂਦੇ ਸਨ। ਮੇਰਾ ਮਤਲਬ ਹੈ ਕਿ ਪ੍ਰੇਮ-ਖਿੱਚ ਦੇ ਅੱਗੇ ਧਾਕੇ ਪਹੁੰਚਦੇ ਸਨ। ਆਪਣੇ ਘਰ ਵਿਚ ਆਪ ਨੂੰ ਸਭ ਤੋਂ ਪਹਿਲਾਂ ਆਪ ਦੀ ਵਡੀ ਭੈਣ ਜੀ ਨੇ ਪਛਾਣਿਆ ਤੇ ਲਖ ਲਿਆ ਸੀ ਕਿ ਇਹ ਵੀਰ ਪ੍ਰੇਮ ਅਵਤਾਰ ਹੈ। ਭੈਣ ਜੀ ਦਾ ਅਤਿ ਕੋਮਲ ਪਿਆਰ ਆਪ ਨਾਲ ਸੀ। ਇਸ ਪਿਆਰ ਦਾ ਗੁਰੂ ਜੀ ਵਲੋਂ ਇਹ ਸਤਿਕਾਰ ਸੀ ਕਿ ਜਦ ਕਦੇ ਭੈਣ ਜੀ ਨੇ ਵਜਾਕੁਲ ਹੋਕੇ ਯਾਦ ਕੀਤਾ ਹੈ ਆਪ ਪਹੁੰਚੇ ਹਨ। ਸ੍ਰੀ ਪਾਵਨ ਬੀਬੀ ਜੀ ਬਹੁਤ ਉਚੇ ਦਰਜੇ ਦੇ ਰੱਬ ਪਿਆਰੇ ਗੁਰਮੁਖ ਹੋਏ ਹਨ। ਇਸ ਤਰ੍ਹਾਂ ਆਪ ਦੇ ਰਹਿਣੇ ਵਾਲੇ ਨਗਰ ਵਿਚੋਂ ਆਪ ਨੂੰ ਨਗਰ ਦੇ ਮਾਲਕ ਰਾਇ ਬੁਲਾਰ ਨੇ ਸਿਞਾਤਾ ਸੀ, ਬਚਪਨ ਤੋਂ ਹੀ ਉਹ ਆਪ ਦਾ ਪ੍ਰੇਮੀ ਹੋ ਗਿਆ ਸੀ। ਇਸਦੀ ਪ੍ਰੇਮ-ਖਿੱਚ ਡਾਢੀ ਹੀ ਤ੍ਰਿਖੀ ਹੁੰਦੀ ਸੀ। ਸੋ ਉਸਦੇ ਚਲਾਣੇ ਤੱਕ ਗੁਰੂ ਸਾਹਿਬ ਉਸਨੂੰ ਉਸਦੀ ਪ੍ਰੇਮ ਵਜਾਕੁਲਤਾ ਵੇਲੇ ਜਾ ਜਾ ਮਿਲਦੇ ਠੰਢ ਪਾਉਂਦੇ ਰਹੇ ਹਨ। ਹਿੰਦੁਸਤਾਨ ਦੇ ਦੱਖਣ ਵਿਚ ਸੰਗਲਾਦੀਪ ਹੈ, ਜਿਸਨੂੰ ਸੀਲੋਨ ਭੀ ਆਖਦੇ ਹਨ, ਇਸ ਟਾਪੂ ਦੇ ਉਤਰ ਪਾਸੇ ਇਕ ਰਾਜਾ ਹੋਯਾ ਹੈ-ਸ਼ਿਵਨਾਭ। ਇਸ ਦੇ ਦੇਸ਼ ਵਿਚ ਇਕ ਮਨਸੁਖ ਨਾਮੇ ਲਹੌਰ ਦਾ ਵਪਾਰੀ ਜਾਇਆ ਕਰਦਾ ਸੀ। ਇਸ ਤੋਂ ਸ਼ਿਵਨਾਭ ਨੂੰ ਗੁਰੂ ਨਾਨਕ ਦੇਵ ਜੀ ਦਾ ਨਾਮ ਤੇ ਗੁਣ ਪਤਾ ਲਗੇ। ਗੁਣ ਸ੍ਰਵਣ ਕਰਕੇ ਇਸ ਸੁਭਾਗੇ ਦੇ ਅੰਦਰ ਪ੍ਰੇਮ ਲਗ ਗਿਆ। ਇਹ ਪ੍ਰੇਮ ਐਸਾ ਪ੍ਰਬਲ ਪਿਆ ਕਿ ਰਾਜੇ ਪਾਸੋਂ ਅਜਰ ਹੋ ਗਿਆ। ਸ੍ਰੀ ਗੁਰੂ ਜੀ ਦਾ ਦੇਸ਼ ਤੇ ਸੰਗਲਾ ਦੀਪ ਵਿਚ ਕਿਡਾ ਭਾਰਾ ਫਾਸਲਾ ਹੈ ਤੇ ਸਫਰ ਦੇ ਓਸ ਸਮੇਂ ਦੇ ਸਾਮਾਨ ਕਿੰਨੇ ਔਖੇ ਸਨ, ਪਰ ਉਸਦੀ ਪ੍ਰਬਲ ਪ੍ਰੇਮ-ਪੈਂਚ ਨੂੰ ਪੂਰਨ ਕਰਨ ਹਿਤ ਆਪ ਟੁਰ ਪਏ ਤੇ ਜਾ ਪਹੁੰਚੇ ਅਹ ਉਸਦੀ ਆਤਮਾ ਨੂੰ ਠੰਢ ਪਾਈ। ਗੱਲ ਕੀਹ, ਜਿਸ ਜਿਸ ਨੇ ਆਪ ਦੀ ਆਰਾਧਨਾ ਕੀਤੀ ਆਪ ਨੇ ਪਹੁੰਚ ਕੇ ਉਸ ਨੂੰ ਠੰਢ ਪਾਈ; ਪ੍ਰੇਮ ਦਾ ਜਵਾਬ ਪ੍ਰੇਮ ਨਾਲ ਦਿਤਾ। ਉੱਮਲ ਰਹੇ ਪ੍ਰੇਮ ਨੂੰ ਆਪਣੇ ਉਚੇ ਪ੍ਰੇਮ ਨਾਲ ਰੰਗ ਕੇ ਪ੍ਰੇਮ ਸਾਗਰ ਦੇ ਅਨੁਭਵ ਵਿਚ ਪਹੁੰਚਾਇਆ। ਤਦੋਂ ਹੀ ਨਹੀਂ, ਹੁਣ ਬੀ ਆਪ ਦੇ ਪ੍ਰੇਮੀਆਂ ਦੇ ਹ੍ਰਿਦੇ ਤੇ ਆਪ ਦੇ ਪ੍ਰੇਮ ਪ੍ਰਭਾਉ ਦਾ ਪਰਤੋ ਪ੍ਰਤੱਖ ਹੋ ਕੇ ਪੈਂਦਾ ਹੈ। ਗੁਰੂ ਨਾਨਕ ਜਾਗਤੀ ਜੋਤਿ ਹੈ ਆਪ, ਉਨ੍ਹਾਂ ਦਾ ਜੀਵਨ ਜੀਉਂਦਾ ਉਪਦੇਸ਼ ਹੈ। ਉਨ੍ਹਾਂ ਦਾ ਉਪਦੇਸ਼ ਜੀਉਂਦਾ ਜਾਗਦਾ ਸਾਡੇ ਪਾਸ ਹੈ ਤੇ ਉਹ ਜੀਵਨ ਪੈਦਾ ਕਰਦਾ ਹੈ। ਗੁਰੂ ਨਾਨਕ ਹੀ ਹੈ ਜਿਸਨੇ ਜ਼ਾਤੀ, ਮੁਲਕੀ, ਮਜ਼ਹਬੀ ਝੇੜੇ ਨਬੇੜੇ ਤੇ ਸਭ ਨੂੰ ਪ੍ਰੇਮ ਦੇ ਅੰਗਣੇ ਲਿਆਕੇ ਪ੍ਰੇਮ ਖੇਲ ਸਿਖਲਾਈ। ਅਡ ਅਡ ਧਰਮਾਂ ਵਾਲੇ ਆਪੋ ਵਿਚ ਖਿਆਲਾਂ ਦੇ ਵਟਾਂਦਰੇ ਕਰਨ, ਇਕ ਦੂਜੇ ਦਾ ਸਹਾਰਾ ਕਰਨ, ਇਕ ਦੂਜੇ ਦਾ ਸਤਿਕਾਰ ਕਰਨ, ਧਰਮ ਦੀ ਰੂਹ ਨੂੰ ਪਛਾਣਨ ਤੇ ਪ੍ਰੇਮ ਦਾ ਪ੍ਰਚਾਰ ਕਰਨ, ਇਹ ਗਲ ਇਕ ਸਿਆਣੇ ਦੀ ਜਾਚੇ ਗੁਰੂ ਨਾਨਕ ਦੇਵ ਜੀ ਨੇ ਜਗਤ ਨੂੰ ਸਿਖਾਈ ਤੇ ਮਗਰੋਂ

 www.sikhbookclub.com

ਇਹ ਯਥਾਰਥ ਹੋ ਕੇ ਫੈਲੀ। ਗੁਰੂ ਨਾਨਕ ਪ੍ਰੇਮ ਹੈ, ਪ੍ਰੇਮ ਉਸ ਦਾ ਮਾਰਗ ਹੈ।

ਬੰਗਾਲੀ ਸੰਤ-ਆਪ ਦੇ ਮਲ ਦੈਵਗਤੀ ਨਾਲ ਹੋਇਆ, ਸੁਭਾਗ ਹੋਇਆ ਹੈ, ਗੁਰੂ ਨਾਨਕ ਪ੍ਰੇਮ ਮੈਨੂੰ ਬੀ ਪ੍ਰਾਪਤ ਹੋਵੇ। ਮੈਂ ਬੀ ਪ੍ਰੇਮ ਮਾਰਗ ਤੇ ਟੁਰਾਂ। ਇਸ ਵੇਲੇ ਮੈਂ ਗਜਾਨ ਮਾਰਗ ਵਿਚ ਹਾਂ, ਸ੍ਵੈ ਸੁਖ ਵਿਚ ਹਾਂ।

ਸੰਤ-ਮੁਬਾਰਕ ਹੈ ਇਹ ਅਵਸਥਾ ਪਹਿਲੋਂ ਪ੍ਰਾਪਤ ਹੋ ਜਾਣੀ। ਆਪਣਾ ਆਪ, ਆਪਣੇ ਆਪ ਵਿਚ ਆਪਣੇ ਆਪ ਤੋਂ ਸੁਖੀ ਹੋਵੇ, ਹੋਰ ਸੁਖ ਦੀ ਅਕਾਂਖਯਾ ਨਾ ਰਹੇ। ਆਪਣਾ ਜੋ ਜੀਵਨ ਮਾਤ੍ਰ ਹੈ, ਆਪਣੀ ਜੋ ਚੇਤਨਾ ਹੈ, ਇਹ ਆਪਣੇ ਆਪ ਵਿਚ ਸੁਖ ਸਰੂਪ ਹੈ, ਇਹ ਲੱਖਤਾ ਮੁਬਾਰਕ ਹੈ ਕਿ ਸ੍ਵੈਜੀਵਨ ਸੁਖੀ ਹੋਵੇ ਜੀਵਨ ਦੇ ਆਸਰੇ। ਇਸ ਸਾਡੇ ਆਪੇ ਨੂੰ ਲੋੜ ਨਾ ਪਵੇ ਆਪਣੇ ਬਿਲਕੁਲ ਗੋਲ ਹੋ ਗਏ ਆਪੇ ਨੂੰ ਵਧੇਰੇ ਗੁਲਿਆਈ ਵਿਚ ਲਿਆਉਣ ਦੀ। ਸੰਤ ਜੀ! ਗਣਤ ਵਿਦਯਾ ਦੱਸਦੀ ਹੈ ਕਿ ਗੋਲ ਵਸਤੂ ਦੀ ਗੁਲਿਆਈ ਵਧੇਰੇ ਗੋਲ ਕਿ ਘੱਟ ਗੋਲ ਨਹੀਂ ਹੋ ਸਕਦੀ। ਜੋ ਠੀਕ ਗੋਲ ਹੈ ਉਹ ਗੋਲ ਹੈ। ਆਪਾ ਸੁਖ ਸਰੂਪ ਹੈ, ਇਸ ਦੇ ਸਰੂਪ ਦੀ ਗੁਲਿਆਈ ਸੁਖ ਸਰੂਪਤਾ ਹੈ ਆਪਾ ਲਖ ਲੈਣ ਕਰਕੇ ਸੁਖ ਸਰੂਪਤਾ ਦੀ ਗੁਲਿਆਈ ਨੂੰ ਪ੍ਰਾਪਤ ਹੋਣਾ ਹੈ, ਪਰ ਹੁਣ ਜੀਵਨ ਉਦਕਰਖ ਵਿਚ ਹੈ, ਅਸੀਂ ਜਗਤ ਵਿਚ ਹਾਂ। ਭਾਵੇਂ ਗੁਰੂ ਨਾਨਕ ਮੇਹਰ ਨਾਲ ਸਾਨੂੰ ਜਗਤ ਤੋਂ ਹੋਰ ਸੁਖੀ ਹੋਣ ਦੀ ਲੋੜ ਨਹੀਂ, ਪਰ ਜਗਤ ਦੁਖੀ ਹੈ, ਇਸ ਵਿਚ ਹੁਕਮ ਦੇ ਅੰਦਰ ਇਸਦਾ ਦੁਖ ਵਧਾਉਣਾ ਨਹੀਂ, ਇਸਦਾ ਦੁਖ ਘਟਾਉਣਾ ਹੈ। ਇਸ ਵਿਚ ਸੁਖ ਵਧਾਉਣਾ ਹੈ ਇਸ ਨੂੰ ਸੁਖ ਸਰੂਪਤਾ ਤੱਕ ਲੈ ਜਾਣ ਵਿਚ। ਚਾਹੋ ਸਾਡਾ ਯਤਨ ਇਕ ਛੰਭ ਵਿਚ ਇਕ ਬੋਰੀ ਖੰਡ ਦੀ ਪਾ ਦੇਣ ਵਾਂਙੂ ਸ਼ਰਬਤ ਨਹੀਂ ਬਣਾ ਸਕਦਾ, ਪਰ ਉਸ ਪਰ ਪਾਣੀ ਵਿਚ ਖੰਡ ਦੀ ਅੰਸ਼ ਵਧ ਜਾਂਦੀ ਹੈ। ਜੇ ਅਸੀਂ ਜਗਤ ਤੋਂ ਸੁਖ ਦੀ ਭੁੱਖ ਵਾਲੇ ਆਪ ਹੋਵੀਏ ਤਾਂ ਅਸੀਂ ਉਸ ਮਿਠਾਸ ਦੀ ਅੰਸ਼ ਘਟਾਣ ਵਾਲੇ ਹੋਏ। ਇਉਂ ਅਸੀਂ ਬੀ ਕਸਰ ਵਿਚ ਹਾਂ, ਇਕ ਤਰ੍ਹਾਂ ਬੀਮਾਰ ਹਾਂ। ਜੇ ਸਾਡਾ ਸੁਖ ਸਾਡੇ ਸ੍ਵੈਜੀਵਨ ਮਾਤ੍ਰ ਦੇ 'ਸ੍ਵੈਸੁਖ' ਵਿਚ ਹੈ ਤਾਂ ਅਸੀਂ ਅਰੋਗ ਹਾਂ, ਅਸੀਂ ਬੀਮਾਰਾਂ ਦੀ ਸੇਵਾ ਕਰ ਸਕਦੇ ਹਾਂ। ਜੇ ਸਾਡਾ ਆਪਾ 'ਪਰਮ ਆਪੇ' ਨਾਲ ਮਿਲਕੇ 'ਆਤਮ ਸੁਖ ਸਰੂਪਤਾ' ਵਿਚ ਪੁੱਜ ਪਿਆ ਹੈ ਤਾਂ ਅਸੀਂ ਮੁਥਾਜ ਨਹੀਂ ਰਹੇ, ਹਾਂ ਸਾਡੀ ਇਹ ਆਤਮ ਸੁਖ ਸਰੂਪਤਾ ਹੁਣ ਮੁਥਾਜ ਨਹੀਂ ਹੋਰ ਸੁਖ ਸਰੂਪਤਾ ਦੀ। ਹੁਣ ਹੀ ਉਹ ਇਸ ਜੋਗ ਹੈ ਕਿ ਜਗਤ ਦਾ ਦੁਖ ਦੂਰ ਕਰੇ, ਇਸ ਨੂੰ ਸੁਮਤਿ ਦੇਵੇ, ਇਸ ਨਾਲ ਹਮਦਰਦੀ ਕਰੇ ਤੇ ਇਸ ਨੂੰ ਦੁਖਾਂ ਸੁਖਾਂ ਵਿਚ ਬਾਹੁੜੇ।

ਬੰਗਾਲੀ ਸੰਤ-ਜੀ ਤਾਂ ਕਰ ਆਇਆ ਹੈ ਸੇਵਾ ਕਰਨ ਨੂੰ, ਪਰ ਸੰਸਾਰ ਅਗਨ ਤੋਂ ਡਰ ਆਉਂਦਾ ਹੈ।

ਸੰਤ-ਠੀਕ ਹੈ, ਪਰ ਹੁਕਮ ਦੀ ਪਛਾਣ ਕਰੋ। ਅਸਾਂ ਨਹੀਂ ਕੁਛ ਕਰਨਾ ਹੈ, ਹੁਕਮ ਹੈ ਨੇਕੀ ਕਰੋ, ਕਰਨੀ ਹੈ। ਕਰਕੇ ਅਸਾਂ ਆਪਣੀ ਨਹੀਂ ਸਮਝਣੀ- 'ਮੈਂ ਕੌਣ ਹਾਂ ਕਰਨ ਹਾਰ, ਹੁਕਮ ਸੀ ਹੁਕਮ ਵਾਲੇ ਨੇ ਕਰਵਾ ਲਿਆ।' ਇਉਂ ਇਹ ਹੁਕਮ 'ਸੰਸਾਰ ਅਗਨੀ' ਵਿਚ 'ਅਗਨੀ ਨਿਵਾਰਨ ਜਾਮਾ' (fireproof garment) ਪਹਿਰ ਹੋ ਜਾਂਦਾ ਹੈ ਜੋ ਸੇਕ ਨਹੀਂ ਲਗਣ ਦੇਂਦਾ।

ਬੰਗਾਲੀ ਸੰਤ-ਆਪ ਕਿੰਞ ਕਰਦੇ ਹੋ?

ਸੰਤ-ਹੁਕਮ ਦੇ ਮਗਰ ਰਹਿਣ ਦਾ ਜਤਨ। ਜਦੋਂ ਜਗਤ ਵਿਚ ਕੰਮ ਕਰਦਿਆਂ ਆਤਮ ਸੁਖ ਵਿਚ ਹਿਲਾਉ ਉਪਜੇ ਏਕਾਂਤ ਆ ਜਾਈਦਾ ਹੈ, ਜਿਵੇਂ ਹੁਣ ਆਇਆ ਸਾਂ। ਫੇਰ ਸਰੀਰ ਦਾ ਥਕਾਨ ਹਟਕੇ ਹੁਕਮ ਕਮਾਉਣ ਲਈ ਤਯਾਰ ਬਰ ਤਯਾਰ ਹੋ ਜਾਈਦਾ ਹੈ।

ਬੰਗਾਲੀ ਸੰਤ-ਫੇਰ ਕੀ ਹੋ ਸਕਦਾ ਹੈ ਕਿ ਮੈਂ ਆਪਦੇ ਕਿਤੇ ਨੇੜੇ ਤੇੜੇ ਰਹਾਂ? ਆਪ ਦਾ ਸਤਿਸੰਗ ਕਰਾਂ, ਗੁਰਬਾਣੀ ਪੜ੍ਹਾਂ, ਵੀਚਾਰਾਂ ਤੇ ਆਪ ਦੇ ਅਸੂਲ ਧਾਰਨ ਕਰਾਂ ਤੇ ਜਾਚ ਸਿਖਾਂ ਜੋ ਇਹ

ਸਰੀਰ, ਜਿਸਦੀ ਹੁਣ ਮੈਨੂੰ ਤ੍ਰਿਸ਼ਨਾਂ ਨਹੀਂ, ਗੁਰੂ ਨਾਨਕ ਆਦਰਸ਼ ਵਿਚ ਸਫਲ ਹੋ ਜਾਏ।

ਸੰਤ-ਖਹੁਤ ਚੰਗਾ, ਆਓ ਫੇਰ ਚੱਲੀਏ। ਧੰਨ ਗੁਰ ਨਾਨਕ ਦੇਵ ਭਲੀ ਕਰਨਗੇ। ਇਹ ਕਹਿ ਕੇ ਉਠ ਖੜੇ ਤੇ ਤ੍ਰੈਏ ਗੁਰੂ ਯਸ਼ ਕਰਦੇ – ਧੰਨ ਗੁਰ ਨਾਨਕ ਦੇਵ ਦੇ ਰਸ ਰੰਗ ਵਿਚ ਉਸ ਬਨ ਵਿਚੋਂ ਵਸਤੀ ਵਲ ਨੂੰ ਆਏ।

ਗੁਰੂ ਨਾਨਕ ਸਹਾਯਤਾ ਕਰੇ ਪਾਠਕ ਜੀ! ਆਪ ਬੀ ਵੀਚਾਰ ਕਰੋ:

*ਜਗੁ ਦੁਖੀਆ ਸੁਖੀਆ ਜਨੁ ਕੋਇ॥ ਜਗੁ ਰੋਗੀ ਭੋਗੀ ਗੁਣ ਰੋਇ॥*
*ਜਗੁ ਉਪਜੈ ਖਿਨਸੈ ਪਤਿ ਖੋਇ॥ ਗੁਰਮੁਖਿ ਹੋਵੈ ਬੂਝੈ ਸੋਇ॥੭॥*

ਪੁਨਾ : *ਜਗੁ ਬੰਦੀ ਮੁਕਤੇ ਹਉ ਮਾਰੀ॥ ਜਗਿ ਗਿਆਨੀ ਵਿਰਲਾ ਆਚਾਰੀ॥*
*ਜਗਿ ਪੰਡਿਤੁ ਵਿਰਲਾ ਵੀਚਾਰੀ॥ ਬਿਨੁ ਸਤਿਗੁਰੁ ਭੇਟੇ ਸਭ ਫਿਰੈ ਅਹੰਕਾਰੀ॥੬॥* (ਆਸਾ ਮ: ੧ ਅਸ਼੍ਟ-੩ – ੪੧੩)

## ੮. ਪਿਆਰਾਂ ਦਾ ਸਾਂਈ*

ਕੀਰਤਨ, ਇਸਦਾ ਗੁਣ ਤੇ ਅਸਰ। ਵਿਸਮਾਦ ਦਸ਼ਾ। ਆਪੇ ਦਾ ਸੁਖ। ਹਉਮੈ ਰੋਗ। ਬਾਣੀ ਦੇ ਲਾਭ। ਪ੍ਰੇਮ। ਸਿਫਤ ਸਾਲਾਹ। ਗੁਰੂ ਨਾਨਕ ਕਰਨੀ। ਅਕਲ, ਭਾਵ ਤੇ ਵਲਵਲਾ। ਪ੍ਰੇਮ ਖਿੱਚ।

### ੧. (ਕੀਰਤਨ)

ਮਧੁਰ ਮਧੁਰ ਧੁਨਿ-ਟਿਕਵੀਂ ਤੇ ਪਜਾਰ ਭਰੀ ਬੈਠਵੀਂ ਲੈ ਵਿਚ-ਹੋ ਰਹੀ ਹੈ:-

*ਅਪੁਨੇ ਠਾਕੁਰ ਕੀ ਹਉ ਚੇਰੀ॥ ਚਰਨ ਗਹੇ ਜਗਜੀਵਨ ਪ੍ਰਭ ਕੇ ਹਉਮੈ ਮਾਰਿ ਨਿਬੇਰੀ॥੧॥ਰਹਾਉ॥ ਪੂਰਨ ਪਰਮ ਜੋਤਿ ਪਰਮੇਸਰ ਪ੍ਰੀਤਮ ਪ੍ਰਾਨ ਹਮਾਰੇ॥ ਮੋਹਨ ਮੋਹਿ ਲੀਆ ਮਨੁ ਮੇਰਾ ਸਮਝਸਿ ਸਬਦੁ ਬੀਚਾਰੇ॥੧॥ ਮਨਮੁਖ ਹੀਨ ਹੋਛੀ ਮਤਿ ਝੂਠੀ ਮਨਿ ਤਨਿ ਪੀਰ ਸਰੀਰੇ॥ ਜਬ ਕੀ ਰਾਮ ਰੰਗੀਲੈ ਰਾਤੀ ਰਾਮ ਜਪਤ ਮਨ ਧੀਰੇ॥੨॥ ਹਉਮੈ ਛੋਡਿ ਭਈ ਬੈਰਾਗਨਿ ਤਬ ਸਾਚੀ ਸੁਰਤਿ ਸਮਾਨੀ॥ ਅਕੁਲ ਨਿਰੰਜਨ ਸਿਉ ਮਨੁ ਮਾਨਿਆ ਬਿਸਰੀ ਲਾਜ ਲੁੋਕਾਈ॥੩॥ ਭੂਰ ਭਵਿਖ ਨਾਹੀ ਤੁਮ ਜੈਸੇ ਮੇਰੇ ਪ੍ਰੀਤਮ ਪ੍ਰਾਨ ਅਧਾਰਾ॥ ਹਰਿ ਕੈ ਨਾਮਿ ਰਤੀ ਸੋਹਾਗਨਿ ਨਾਨਕ ਰਾਮ ਭਤਾਰਾ॥੪॥੧॥* (ਸਾਰੰਗ ਮਹਲਾ ੧-੧-੧੧੯੭)

---

* ਇਹ ਲੇਖ ਗੁਰਪੁਰਬ ਕੱਤਕ ਪੂਰਨਮਾਸ਼ੀ ਸੰ: ਗੁ: ਨਾ: ਸਾਹਿਬ ੪੭੨ (੧੪ ਨਵੰਬਰ ੧੯੪੦ ਈ:) ਖਾਲਸਾ ਟ੍ਰੈਕਟ ਸੁਸਾਇਟੀ ਦੇ ਟ੍ਰੈਕਟ ਨੰ: ੧੦੧੩ ਦੁਆਰਾ ਪ੍ਰਚਾਰਿਤ ਹੋਇਆ ਸੀ।


www.sikhbookclub.com

ਇਸ ਸ਼ਬਦ ਦੇ ਕੀਰਤਨ ਮਗਰੋਂ ਰਾਗੀ ਸਿੰਘਾਂ ਨੇ ਆਸਾ ਦੀ ਵਾਰ ਦਾ ਭੋਗ ਪਾ ਦਿੱਤਾ। ਕੀਰਤਨ ਬਹੁਤ ਜੁੜਵਾਂ ਤੇ ਮਨ ਖਿੱਚਵਾਂ ਹੋਇਆ ਸੀ। ਸੰਗਤ ਵਿਸਮਾਦੀ ਰਸ ਵਿਚ ਜੁੜੀ ਬੈਠੀ ਸੀ। ਘਰ ਬਾਹਰ ਦੇ ਫਿਕਰ, ਫਿਕਰਾਂ ਦੇ ਬੋਝ ਤੇ ਅਨਹੋਈਆਂ ਦੀਆਂ ਚਿੰਤਾਂ ਵਿਸਰ ਰਹੀਆਂ ਸਨ। ਇਨਸਾਨ-ਆਪੇ ਦੇ ਰਸ ਨੂੰ ਭੁੱਲ ਬੈਠੇ ਇਨਸਾਨ-ਨੂੰ ਮੁੜ ਉਸ ਰਸ ਵਿਚ ਨਿਮਗਨਤਾ ਮਿਲ ਰਹੀ ਸੀ, ਜਿਸ ਨੂੰ ਕਿ ਇਹ ਭੁਲਾ ਬੈਠਾ ਹੈ, ਮਾਨੋ ਸੁੱਕੇ ਬਾਗ ਹਰੇ ਹੋ ਰਹੇ ਸੇ। ਧੰਨ ਕੀਰਤਨ ਹੈ ਜੋ ਚਿੰਤਾ ਵਿਚੋਂ ਅਚਿੰਤ ਵਿਚ ਲੈ ਜਾਂਦਾ ਹੈ, ਅਚਿੰਤਾ ਵਿਚੋਂ ਰਸ ਵਿਚ ਮਗਨ ਕਰ ਦੇਂਦਾ ਹੈ। ਰਸ ਵਿਸ਼-ਉਪਰੇ ਰਸ ਵਿਚ ਨਹੀਂ-ਆਪੇ ਦੇ ਰਸ ਵਿਚ। ਭੋਗ ਪੈਕੇ ਕੁਛ ਚਿਰ ਚੁੱਪ ਤੇ ਅਡੋਲਤਾ ਛਾਈ ਰਹੀ, ਫੇਰ ਅਰਦਾਸੀਏ ਸਿੰਘ ਨੇ ਅਰਦਾਸਾ ਸੋਧਿਆ। ਹੁਣ ਸੰਤਾਂ ਨੂੰ ਸੰਗਤ ਵੱਲੋਂ ਆਗਜਾ ਹੋਈ-ਮਹਾਰਾਜ ਜੀ ਕਥਾ ਕਰੀਏ-ਸ੍ਰੀ ਗੁਰੂ ਜੀ ਦੇ ਅਵਤਾਰ ਦੀ ਕਥਾ।

ਸੰਤ-ਸਤਿਨਾਮ ਸ੍ਰੀ ਵਾਹਿਗੁਰੂ ਧੰਨ ਸ੍ਰੀ ਗੁਰੂ ਨਾਨਕ ਦੇਵ! ਗੁਰੂ ਕੀ ਸਾਧ ਸੰਗਤ ਜੀ! ਰਾਤ ਸੋਦਰ ਦੇ ਦੀਵਾਨ ਮਗਰੋਂ ਅਸੀਂ ਆਪ ਦੇ ਦਿੱਤੇ ਉਤਾਰੇ ਵਾਲੇ ਥਾਉਂ ਤੇ ਟਿਕਣ ਵਾਸਤੇ ਗਏ ਤਾਂ ਇਕ ਗਭਰੂ ਸਿੰਘ ਜੀ ਸਾਡੇ ਪਾਸ ਆਏ ਤੇ ਪ੍ਰਸ਼ਨ ਕਰਨ ਲੱਗੇ ਕਿ ਕੀਰਤਨ ਕਿਉਂ ਕਰਦੇ ਹੋ? ਕੀਹ ਪਰਮੇਸ਼ੁਰ ਕੁਸ਼ਾਮਤ ਦਾ ਭੁੱਖਾ ਹੈ ਜੋ ਆਪਣੀ ਮਹਿਮਾ ਸੁਣਕੇ ਰੀਝਦਾ ਹੈ? (ਸੰਗਤ ਵਿਚੋਂ ਆਵਾਜ਼ ਆਈ: ਸ੍ਰੀ ਵਾਹਿਗੁਰੂ ਜੀਅ......ਅ)! ਜੋ ਕੁਛ ਸਤਿਗੁਰ ਨੇ ਇਸ ਘਟ ਪਾਇਆ ਸੀ ਉਸ ਨੌਜਵਾਨ ਨੂੰ ਉੱਤਰ ਦਿੱਤਾ ਗਿਆ। ਉਸ ਵਾਰਤਾਲਾਪ ਦੇ ਮੁੱਕਣੇ ਤੇ ਉਹ ਆਖਣ ਲੱਗਾ-ਮੇਰੇ ਵਰਗੇ ਅਨਜਾਣ ਕਈ ਕੱਲ ਸਵੇਰੇ ਦੀਵਾਨ ਵਿਚ ਹੋਣਗੇ ਜੋ 'ਚੰਚਲ ਵਾਕ ਰਚਨਾ' ਨਾਲ ਕੁਰਾਹੇ ਪਾਏ ਗਏ ਹਨ, ਜੇਕਰ ਆਪ ਕਥਾ ਵਿਚ ਇਸ ਵਿਸ਼ੇ ਤੇ ਇਹ ਚਾਨਣਾ ਪਾ ਦਿਓ ਤਾਂ ਅਨੇਕਾਂ ਦਾ, ਮੇਰੇ ਵਾਂਙੂ, ਭਲਾ ਹੋਵੇਗਾ। ਸੋ ਸਾਧ ਸੰਗਤ ਜੀ! ਜੇ ਆਗਜਾ ਹੋਵੇ ਤਾਂ ਬਿਨੈ ਕਰਾਂ, ਕਿਉਂ ਜੋ ਏਸ ਵਿਚ ਗੁਰੂ ਨਾਨਕ ਆਦਰਸ ਦੀ ਕੁਝ ਵਯਾਖਯਾ ਆ ਜਾਵੇਗੀ। ਆਪ ਜਾਣਦੇ ਹੀ ਹੋ ਕਿ ਉਨ੍ਹਾਂ ਦਾ 'ਜੀਵਨ' ਉਨ੍ਹਾਂ ਦਾ 'ਆਦਰਸ' ਬੀ ਹੈ। ਆਦਰਸ਼ ਦਾ ਸਾਡੇ ਨੈਣਾਂ ਦੇ ਅੱਗੇ ਦਿੱਸਦੇ ਰਹਿਣਾ ਉਨ੍ਹਾਂ ਦੇ ਜੀਵਨ ਨੂੰ ਮਨਾਉਂਦੇ ਰਹਿਣਾ ਹੈ। ਸ੍ਰੀ ਗੁਰੂ ਜੀ ਆਪ ਆਪਣੇ ਆਪ ਨੂੰ ਪਿੱਛੇ ਰੱਖਦੇ ਸੇ, ਪਰ ਆਪਣੇ ਇਲਾਹੀ ਆਦਰਸ਼ ਨੂੰ ਸਾਡੇ ਨੈਣਾਂ ਦੇ ਅੱਗੇ ਰੱਖਿਆ ਕਰਦੇ ਸੇ। ਆਦਰਸ਼ ਜੋ ਕੌਮ ਭੁੱਲਦੀ ਹੈ ਗਿਰਾਉ ਉਸੇ ਦਾ ਹੁੰਦਾ ਹੈ। ਕੌਮੀ ਗਿਰਾਉ ਦਾ ਅਰਥ ਹੀ ਇਹ ਹੈ ਕਿ ਆਦਰਸ਼ ਅੱਖਾਂ ਤੋਂ ਉਹਲੇ ਹੋ ਗਿਆ ਹੈ ਯਾ ਕਰ ਦਿੱਤਾ ਗਿਆ ਹੈ।

ਸੰਗਤ ਵਿਚੋਂ ਆਵਾਜ਼ ਆਈ-ਹਾਂ, ਮਹਾਰਾਜ ਜੀ! ਉਸ ਵਾਰਤਾਲਾਪ ਤੋਂ ਹੀ ਕਥਾ ਆਰੰਭ ਕੀਜੀਏ।

ਸੰਤ-ਸਾਧ ਸੰਗਤ, ਗੁਰੂ ਕੀ ਪਿਆਰੀ ਦੁਲਾਰੀ ਸਾਧ ਸੰਗਤ ਜੀਓ! ਉੱਚੇ ਆਦਰਸ਼ਾਂ ਨੂੰ, ਸੁਹਣੇ ਸੁਹਣੇ ਅਸੂਲਾਂ ਨੂੰ ਕੋਈ ਹਾਸੇ ਦਾ ਲਫਜ਼ ਲਾਕੇ ਉਡਾ ਦੇਣ ਦਾ ਸਭਜਤਾਹੀਨ ਜਤਨ ਪੱਛਮੀ ਲੋਕਾਂ ਦੇ ਐਬਾਂ ਵਿਚੋਂ ਇਕ ਐਬ ਹੈ, ਸੋ ਸਾਡੇ ਸੱਜਣਾਂ ਨੇ ਆਪਣੇ ਉੱਚ ਅਸੂਲਾਂ ਤੋਂ ਅਨਜਾਣ ਰਹਿਕ ਯਾ ਕਿਸੇ ਪ੍ਰਯੋਜਨ ਨੂੰ ਲੈ ਕੇ ਵਰਤਿਆ ਹੈ। ਇਹ ਸੁਭਾਵ ਠੀਕ ਨਹੀਂ। ਸਾਡੀ ਵਿਦਯਾ ਸਾਡੇ ਫਿਲਸਫੇ ਸਾਡੇ ਪੁਰਾਤਨ ਗ੍ਰੰਥਾਂ ਨੂੰ ਵਾਚ ਵਾਚ ਕੇ ਪੱਛਮ ਵਾਲੇ ਦਾਨਿਆਂ ਨੇ ਕਦਰਾਂ ਪਾਈਆਂ ਤੇ ਗ੍ਰੰਥ ਲਿਖੇ ਹਨ। ਅਸੀਂ ਉਨ੍ਹਾਂ ਦੀ ਵਿਦਯਾ ਪਾਕੇ ਉਨ੍ਹਾਂ ਦੇ ਗੁਣ ਤੇ ਆਪਣੀ ਵਿਦਯਾ ਦੇ ਗੁਣ ਕੱਠੇ ਕਰਕੇ ਮਾਲਾਮਾਲ ਨਹੀਂ ਹੁੰਦੇ, ਸਗੋਂ ਅਸੀਂ ਆਪਣਾ ਘਰ ਲੁਟਾਉਣ ਨੂੰ ਉੱਠ ਟੁਰਦੇ ਹਾਂ ਤੇ ਉਨ੍ਹਾਂ ਦੇ ਅਵਗੁਣ ਗ੍ਰਹਣ ਕਰਦੇ ਹਾਂ। ਇਨਸਾਨ ਨੂੰ ਗੁਣ ਗ੍ਰਾਹੀ ਹੋਣਾ ਚਾਹੀਦਾ ਹੈ, ਸਤਿਗੁਰ ਦਾ ਹੁਕਮ ਹੈ- ***"ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗੁਣ ਚਲੀਐ॥***

(ਸੂਹੀ ਮ: ੧ ਛੰਤ-੪)

ਸਾਧ ਸੰਗਤ ਗੁਰੂ ਕੇ ਖਾਲਸਾ ਜੀਓ! ਇਹ ਜੋ ਕੀਰਤਨ ਦੀ ਸ਼ੁਭ ਮਰਿਯਾਦਾ ਹੈ, ਇਸਦੇ

 www.sikhbookclub.com

ਪਿਛੇ ਸਾਡੇ ਸਤਿਗੁਰਾਂ ਦਾ ਸੰਪੂਰਣ ਭਾਵ ਤਾਂ ਉਨ੍ਹਾਂ ਨੂੰ ਪਤਾ ਹੈ, ਪਰ ਜੋ ਗੁਰਬਾਣੀ ਤੋਂ ਮੇਰੀ ਸਮਝੇ ਪਿਆ ਹੈ, ਇਉਂ ਹੈ:–

ਇਨਸਾਨ ਨੂੰ ਖਾਣ, ਪੀਣ ਤੇ ਪਹਿਨਣ ਦੀ ਲੋੜ ਹੈ। ਇਨਸਾਨ ਨੂੰ ਆਪਣੀ ਔਲਾਦ ਨਾਲ ਪਿਆਰ ਹੈ, ਇਸ ਦੀਆਂ ਲੋੜਾਂ ਇਸ ਦੀ ਹਿੱਕ ਤੇ ਬੈਠਦੀਆਂ ਹਨ। ਇਨ੍ਹਾਂ ਲੋੜਾਂ ਦੇ ਪੂਰਨ ਕਰਨ ਲਈ ਇਹ ਜਤਨਾਂ ਵਿਚ ਲੱਗਾ ਰਹਿੰਦਾ ਹੈ। ਇਨ੍ਹਾਂ ਜਤਨਾਂ ਵਿਚ ਹੀ ਇਸ ਨੂੰ ਦੂਸਰੇ ਇਨਸਾਨਾਂ ਨਾਲ ਟਾਕਰਿਆਂ ਦੇ ਸਮੇਂ ਆ ਜਾਂਦੇ ਹਨ ਤੇ ਵੈਰ ਵਿਰੋਧ ਚੱਲ ਪੈਂਦੇ ਹਨ। ਏਹ ਵੈਰ ਵਿਰੋਧ ਨਿਰੇ ਸ਼ਖਸੀ ਹੀ ਨਹੀਂ ਰਹਿੰਦੇ ਸਗੋਂ ਕੌਮੀ ਤੇ ਮੁਲਕੀ ਬੀ ਹੋ ਟੁਰਦੇ ਹਨ। ਦੇਸ਼ ਦੇਸ਼ ਨਾਲ, ਕੌਮ ਕੌਮ ਨਾਲ ਬੜੇ ਵਡੇ ਪੈਮਾਨੇ ਤੇ ਜੰਗ ਛੇੜ ਲੈਂਦੀ ਹੈ। ਫਿਰ ਹਰ ਦੇਸ਼ ਅੰਦਰ ਵੱਸੋਂ ਵਧ ਗਈ ਹੈ, ਵਡੇ ਵਡੇ ਸੰਘਣੇ ਨਗਰ ਵਧ ਗਏ ਹਨ, ਸਿਹਤਾ ਠੀਕ ਨਹੀਂ ਰਹੀਆਂ। ਖਰਚ ਵਧ ਗਏ ਹਨ, ਸਾਮਾਨ ਭੋਗਾਂ ਦੇ ਤੇ ਤ੍ਰੀਕੇ ਰਹਣ ਦੇ ਵਧੇਰੇ ਖਰਚਾਂ ਵਾਲੇ ਹੋ ਗਏ ਹਨ, ਮਨ ਦਾ ਸੁਤੇ ਰੁਖ਼ ਉਦਾਸੀ ਵੱਲ ਹੈ। ਮਾਨੁਖ ਇਸ ਤਰ੍ਹਾਂ ਦਾ ਧੰਦਾਲਾਂ ਵਿਚ ਪਿਆ ਹਰ ਵੇਲੇ ਸੋਚਾਂ ਫਿਕਰਾਂ ਤੇ ਜੋੜਾਂ ਤੋੜਾਂ ਵਿਚ ਰਹਿੰਦਾ ਹੈ– ਕਿਵੇਂ ਗੁਜ਼ਾਰਾਂ ਕਰਾਂ? ਕਿਵੇਂ ਬਾਲ ਬੱਚੇ ਵਾਸਤੇ ਕਮਾ ਕੇ ਲਿਆਵਾਂ? ਕਿਵੇਂ ਆਸੂਦਾ ਹੋਵਾਂ? ਦੂਸਰੇ ਬੜੇ ਸੁਖੀ ਹਨ, ਮੈਂ ਉਤਨਾਂ ਕਿਉਂ ਨਹੀਂ? ਰੀਸ, ਈਰਖਾ, ਵਾਦ, ਫਸਾਦ ਇਸ ਤਰ੍ਹਾਂ ਗਲੇ ਪੈ ਰਹੇ ਹਨ। ਸਿੱਟਾ ਕੀਹ ਨਿਕਲਿਆ ਹੈ? ਇਨਸਾਨ ਹਰ ਵੇਲੇ ਸੋਚਾਂ ਵਿਚ ਹੈ, ਫਿਕਰਾਂ ਵਿਚ ਹੈ, ਮਨੋਰਾਜ ਚੱਲ ਰਹੇ ਹਨ ਤੇ ਸੰਕਲਪਾਂ ਦੇ ਘੋਲਰ ਪੈ ਰਹੇ ਹਨ। ਥੱਕੇ ਹੋਏ ਸਰੀਰ ਰਾਤ ਨੂੰ ਅੱਕ ਕੇ ਜਦ ਸੌਂਦੇ ਹਨ ਤਾਂ ਸੁਫਨੇ ਵਿਚ ਬੀ ਉਹੀ ਹਰਕਤਾਂ ਕਰਦੇ ਪੂਰੇ ਆਰਾਮ ਵਿਚ ਨਹੀਂ ਜਾਂਦੇ। ਮਨੁੱਖ ਦੇ ਅੰਦਰ ਇਕ ਮਾਦਾ ਸੀ ਸੋਚ ਫਿਕਰ ਤੋਂ ਉੱਚਾ ਉੱਠਕੇ ਰਸ ਵਿਚ ਜਾਣ ਦਾ। ਕਿਸੇ ਓਪਰੇ ਰਸ ਵਿਚ ਨਹੀਂ ਆਪੇ ਦੇ ਰਸ ਵਿਚ ਜਿਵੇਂ ਬ੍ਰਿਛ ਹੈ, ਉਹ ਦੂਜੇ ਬ੍ਰਿਛ ਦੀ ਲੋੜ ਤੋਂ ਬਿਨਾਂ ਆਪਣੇ ਜੀਵਨ ਦੇ ਆਧਾਰ ਤੇ ਆਪਣੇ ਆਪ ਵਿਚ ਝੂਮਦਾ, ਮੌਲਦਾ, ਖਿੜਦਾ ਤੇ ਫਲਦਾ ਹੈ। ਉਹ ਆਪਣੇ 'ਜੀਵਨ-ਰਸ' ਦੇ ਆਧਾਰ ਤੇ ਹੈ- ਦ੍ਰਿਸ਼ਟਾਂਤ ਮਾਤ੍ਰ ਕਹਿ ਰਿਹਾ ਹਾਂ-ਤਿਵੇਂ ਮਾਨੁਖ ਨਹੀਂ ਰਿਹਾ। ਹੁਣ ਮਨੁੱਖ ਆਪੇ ਦੇ ਰਸ ਨੂੰ, ਆਪਣੇ ਜੀਵਨ ਦੇ ਰਸ ਨੂੰ, ਜੋ ਆਪੇ ਦੇ ਆਪੇ ਵਿਚ ਆ ਜਾਣ ਦਾ ਹੈ, ਭੁੱਲ ਗਿਆ ਹੈ। ਇਸ ਨੂੰ ਹੁਣ ਬਾਹਰ ਦੇ ਕੁਦਰਤੀ ਸੁੰਦਰਤਾ ਵਾਲੇ 'ਪਦਾਰਥ' ਤੇ 'ਤੇਜ' ਬੀ ਅਸਚਰਜ ਵਿਚ ਪਾਕੇ ਆਪੇ ਦੇ ਰਸ ਵਿਚ ਨਹੀਂ ਲੈ ਜਾਂਦੇ, ਜਿਵੇਂ ਕਿ ਚੰਦ ਸੂਰਜ ਦੇ ਨਜ਼ਾਰੇ, ਅਗਨੀ ਪ੍ਰਜ੍ਵਲਤ ਸੁੰਦਰਤਾ, ਜਲ ਪ੍ਰਵਾਹਾਂ ਦੇ ਵੇਗ, ਸਾਗਰ ਦੀ ਵਿਸ਼ਾਲਤਾ, ਗਗਨ ਮੰਡਲ ਦੀ ਨੂਰ ਬਹਾਰ, ਚਿਮਨਾਂ ਤੇ ਬਾਗਾਂ ਦੀ ਰੰਗ ਰੂਪ ਤੇ ਸੁਗੰਧਿ ਲੀਲਾ, ਬਨਾਂ ਵਿਚ ਪੈ ਰਹੀ 'ਪ੍ਰਕਾਸ਼' 'ਛਾਯਾ' ਦੀ ਰੰਗਾ ਜਮਨੀ ਤੇ ਅਡੋਲਤਾ ਦਾ ਸੁਹਾਉ। ਇਸ ਸ਼ੈ ਦੀ ਹਾਨੀ ਹੋਣ ਨਾਲ ਮਨ ਨਿਰਬਲ ਤੇ ਰਸਹੀਨ ਹੋ ਜਾਂਦਾ ਹੈ। ਪਰ ਜੋ ਮਨ ਚਿੰਤਾ ਤੋਂ ਅਤੀਤ ਹੈ, ਫਿਕਰ ਨਾਲ ਖਾਧਾ ਨਹੀਂ ਗਿਆ, ਈਰਖਾ ਨਾਲ ਲੂਸਿਆ ਨਹੀਂ ਗਿਆ ਉਹ ਮਨ ਜੇ ਆਪਣੇ ਅੰਦਰੋਂ ਆਪਣੇ ਰਸ ਵਿਚ ਨਹੀਂ ਜਾਂਦਾ ਤਾਂ ਇਨ੍ਹਾਂ ਨਜ਼ਾਰਿਆਂ ਨਾਲ ਹੀ ਉੱਚਾ ਉੱਠ ਜਾਂਦਾ ਹੈ ਤੇ ਆਪ ਦੇ ਰਸ ਨੂੰ-ਆਪਣੇ ਜੀਵਨ ਰਸ ਨੂੰ-ਆਪੇ ਦੀ ਮਗਨਤਾ ਵਿਚ ਮਾਣ ਲੈਂਦਾ ਹੈ। ਜਿਨ੍ਹਾਂ ਨੂੰ ਏਸ ਰਸ ਦਾ ਪੂਰਨ ਰਸੀਏ ਵਾਂਙੂ ਪਤਾ ਸੀ ਉਨ੍ਹਾਂ ਦਾ ਮਨ ਅੰਦਰੋਂ ਆਪੇ 'ਆਪੇ ਦੇ ਰਸ' ਵਿਚ ਰਹਿੰਦਾ ਸੀ। ਫੇਰ ਉਨ੍ਹਾਂ ਨੂੰ ਏਹ ਨਜ਼ਾਰੇ ਵਧੇਰੀ ਮਦਦ ਦਿੰਦੇ ਸੀ। ਦੇਖੋ, ਗੁਰੂ ਨਾਨਕ ਦੇਵ ਜੀ ਨੂੰ, ਏਹ ਨਜ਼ਾਰੇ ਦੇਖ ਕੇ ਕੀਕੂੰ ਇਹ ਰਸ-ਵਿਸਮਾਦ ਦਾ ਰਸ-ਆਉਂਦਾ ਹੈ। ਉਸ ਹਰੇ ਭਰੇ ਪ੍ਰਫੁੱਲਤ ਅਤੇ ਆਪੇ ਵਿਚ ਸੁਰਜੀਤ ਮਨ ਨੂੰ ਕਿਵੇਂ ਇਹ ਵਿਸਮਾਦ ਦਾ ਸੁਆਦ ਹਰ ਸ਼ੈ ਤੋਂ ਮਿਲਦਾ ਹੈ, ਜੋ ਸਾਨੂੰ ਫਿਕਰਾਂ ਮਾਰਿਆ ਨੂੰ ਨਹੀਂ ਮਿਲਦਾ। ਆਪ ਫ਼ੁਰਮਾਉਂਦੇ ਹਨ :–

*ਵਿਸਮਾਦੁ ਨਾਦ ਵਿਸਮਾਦੁ ਵੇਦ॥ ਵਿਸਮਾਦੁ ਜੀਅ ਵਿਸਮਾਦੁ ਭੇਦ॥*
*ਵਿਸਮਾਦੁ ਰੂਪ ਵਿਸਮਾਦੁ ਰੰਗ॥ ਵਿਸਮਾਦੁ ਨਾਗੇ ਫਿਰਹਿ ਜੰਤ॥*

ਵਿਸਮਾਦੁ ਪਉਣੁ ਵਿਸਮਾਦੁ ਪਾਣੀ॥ ਵਿਸਮਾਦੁ ਅਗਨੀ ਖੇਡਹਿ ਵਿਡਾਣੀ॥
ਵਿਸਮਾਦੁ ਧਰਤੀ ਵਿਸਮਾਦੁ ਖਾਣੀ॥ ਵਿਸਮਾਦੁ ਸਾਦਿ ਲਗਹਿ ਪਰਾਣੀ॥
ਵਿਸਮਾਦੁ ਸੰਜੋਗੁ ਵਿਸਮਾਦੁ ਵਿਜੋਗੁ॥ ਵਿਸਮਾਦੁ ਭੁਖ ਵਿਸਮਾਦੁ ਭੋਗੁ॥
ਵਿਸਮਾਦੁ ਸਿਫਤਿ ਵਿਸਮਾਦੁ ਸਾਲਾਹ॥ ਵਿਸਮਾਦੁ ਉਝੜ ਵਿਸਮਾਦੁ ਰਾਹ॥
ਵਿਸਮਾਦੁ ਨੇੜੈ ਵਿਸਮਾਦੁ ਦੂਰਿ॥ ਵਿਸਮਾਦੁ ਦੇਖੈ ਹਾਜਰਾ ਹਜੂਰਿ॥
ਵੇਖਿ ਵਿਡਾਣੁ ਰਹਿਆ ਵਿਸਮਾਦੁ॥ ਨਾਨਕ ਬੁਝਣੁ ਪੂਰੈ ਭਾਗਿ॥੧॥

(ਵਾਰ ਆਸਾ ਮ: ੧-੩ - ੪੬੩

ਧਿਆਨ ਕਰਨਾ ਖਾਲਸਾ ਜੀ! ਸ੍ਰੀ ਗੁਰੂ ਨਾਨਕ ਦੇਵ ਜੀ, ਜਿਨ੍ਹਾਂ ਦਾ ਅੱਜ ਅਵਤਾਰ ਦਿਨ ਆਪ ਮਨਾ ਰਹੇ ਹੋ, ਫੁਰਮਾਉਂਦੇ ਹਨ *"ਵੇਖਿ ਵਿਡਾਣੁ ਰਹਿਆ ਵਿਸਮਾਦੁ"* ਮੈਂ ਇਹ ਅਸਚਰਜ ਵੇਖ ਕੇ ਵਿਸਮਾਦ ਹੋ ਰਿਹਾ ਹਾਂ, ਪਰ ਅਸੀਂ ਤਾਂ ਇਨ੍ਹਾਂ ਨਜ਼ਾਰਿਆਂ ਨੂੰ ਵੇਖਕੇ ਵਿਡਾਣ ਨਹੀਂ ਸਮਝਦੇ ਅਰ ਵਿਸਮਾਦੁ ਬੀ ਕੋਈ ਨਹੀਂ ਹੁੰਦੇ। ਸਾਡਾ ਆਪੇ ਦਾ 'ਸੌਚ' ਮਰ ਚੁਕਾ ਹੈ। ਇਨਸਾਨ ਇਕ ਸੋਚ ਮਾਤ੍ਰ ਤੇ ਸੋਚ ਤੋਂ ਅਗੇ ਫਿਕਰ ਦੀ ਕਲਾ (ਮਸ਼ੀਨ) ਬਣ ਗਿਆ ਹੈ, ਇਸ ਦਾ ਆਪੇ ਦਾ ਆਪਾ ਮਾਨੋ ਗੁਆਚ ਗਿਆ ਹੈ, ਪਰ ਇਸਦੇ ਅੰਦਰ ਆਪੇ ਵਿਚ ਗੁੰਮ ਹੋ ਕੇ ਰਸ ਲੈਣ ਦਾ ਕੁਛ ਭੁਸ ਜੇਹਾ ਅਜੇ ਹੈ, ਜਿਸ ਲਈ ਇਹ ਤਮਾਸ਼ੇ, ਨਾਟ, ਸਿਨੇਮਾ, ਥੀਏਟਰ ਰਚਦਾ ਹੈ, ਨਸ਼ੇ ਸੇਵਨ ਕਰਦਾ ਹੈ ਤੇ ਹੋਰ ਹੀਲੇ ਬਣਉਂਦਾ ਹੈ, ਪਰ ਓਹ ਸਾਰੇ ਘੜੀ ਦੀ ਘੜੀ ਪਰਚਾਵਾ ਕਰਕੇ ਮੁੱਕ ਜਾਂਦੇ ਹਨ ਤੇ ਉਨ੍ਹਾਂ ਵਿਚ ਬੀ ਆਪਾ ਤੇ ਸਰੀਰ ਖਰਚ ਹੀ ਹੁੰਦਾ ਹੈ। ਹੁਣ ਜਤਨਾਂ ਜੋਧਨਾਂ ਨਾਲ ਥੱਕੇ ਦਿਮਾਗ ਹੋਰ ਤਰ੍ਹਾਂ ਦੇ ਜਤਨਾਂ ਜੋਧਨਾਂ ਵਾਲੇ ਸਾਮਾਨਾਂ ਵਿਚ ਪਰਚਾਵੇ ਸਮਝਦੇ ਹਨ! ਪਰ ਆਪਾ ਤਾਂ ਜਤਨਾਂ ਜੋਧਨਾ ਵਿਚ ਹੀ ਰਹਿੰਦਾ ਹੈ, ਵਟਾਉ ਸਟਾਉ ਹੁੰਦਾ ਹੈ, ਸੋ ਅਸਲੀ ਥਕਾਨ ਕਿਵੇਂ ਹਟੇ? ਅਰਥਾਤ ਜੇ ਸਾਰੇ ਦਿਨ ਦੇ ਕੰਮ ਥਕਾਨ ਤੇ ਅਕਾਨ ਜਤਨ ਸਰੂਪ ਹਨ ਤਾਂ ਤਮਾਸ਼ੇ ਆਦਿ ਬੀ ਅੱਖਾਂ ਦਿਮਾਗ ਨੂੰ ਜਤਨ ਵਿਚ ਹੀ ਲੈ ਜਾਂਦੇ ਹਨ, ਨਿਰਾ ਵਟਾਉ ਸਟਾਉ ਹੁੰਦਾ ਹੈ, ਜਿਸ ਕਾਰਨ ਕੁਛ ਫਰਕ ਤਾ ਪੈਂਦਾ ਹੈ ਪਰ ਸੁਰਤ ਨੂੰ ਪੂਰਾ ਆਰਾਮ ਦਾ ਸਾਮਾਨ ਕੋਈ ਨਹੀਂ, ਸਿਵਾਏ ਨੀਂਦ ਦੇ; ਉਹ ਬੀ ਸੁਪਨਿਆਂ ਭਰੀ ਪੂਰੀ ਅਰਾਮਤਾ ਨਹੀਂ ਹੋਣ ਦਿੰਦੀ, ਸੋ ਉਨ੍ਹਾਂ ਤਮਾਸ਼ਿਆਂ ਸਿਨੇਮਾ ਆਦਿਕਾਂ ਵਿਚ ਇਨਸਾਨ ਆਪਣੀਆਂ ਗਲਤੀਆਂ, ਮੂਰਖਤਾਈਆਂ, ਜਤਨਾਂ ਜੋਧਨਾਂ, ਫਿਕਰਾਂ, ਚਿੰਤਾਂ, ਲੜਾਈਆਂ, ਝਗੜਿਆਂ ਦੇ ਸ੍ਵਾਂਗ ਭਰ ਭਰਕੇ ਹੀ ਦੇਖਦਾ ਤੇ ਖੁਸ਼ ਹੁੰਦਾ ਹੈ ਆਪਣੀ ਹੀ ਨਕਲ ਉਤਾਰੀ ਉਤੇ। ਮੇਰਾ ਭਾਵ ਇਹ ਹੈ ਕਿ ਇਨਸਾਨ ਫਿਕਰਾਂ ਵਾਲਾ ਜੰਤੂ ਬਣਕੇ ਫਿਕਰ ਸਰੂਪ ਹੋ ਗਿਆ ਹੈ ਤੇ ਆਪੇ ਦੇ ਟਿਕਾਉ ਦਾ ਰਸ ਭੁੱਲ ਗਿਆ ਹੈ। ਸੋਚ ਦੀ ਸਤਜਾ ਜੋ ਇਸ ਨੂੰ ਮਿਲੀ ਸੀ, ਜੋ ਇਸ ਨੂੰ ਪਸ਼ੂਆਂ ਤੋਂ ਉੱਚਿਆਂ ਕਰਦੀ ਸੀ, ਉਹ ਉੱਤਮ ਵਸਤੂ ਸੀ, ਉਸ ਨਾਲ ਇਸ ਦੀ ਵੀਚਾਰ ਵਧੇ ਤੇ ਇਹ ਵਾਕਫੀ ਵਿਚ ਵਿਸ਼ਾਲ ਹੋਕੇ ਉੱਚੇ ਜੀਵਨ ਵਿਚ ਜਾ ਕੇ ਸੁਖ ਪਾਵੇ, ਉਹ ਪੱਖ ਘਟ ਹੋ ਗਿਆ ਹੈ। ਇਸਦੀ ਹਰ ਵਾਕਫੀ, ਇਸ ਦੀਆਂ ਸਾਰੀਆਂ ਮਾਲੂਮਾਤ ਇਸ ਨੂੰ ਪਰਸਪਰ ਵਿਰੋਧਾਂ ਵਿਚ ਤੇ ਆਪੇ ਵਿਚ ਦੇ ਜੰਗਾਂ ਜੁੱਧਾਂ ਵਿਚ ਬਲਵਾਨ ਕਰ ਗਈਆਂ ਹਨ ਤੇ ਇਸਦੇ ਆਪੇ ਨੂੰ ਹੋਰ ਜਤਨਾਂ ਵਿਚ ਪਾ ਗਈਆਂ ਹਨ। ਇਸ ਦੇ ਹੁਣ ਲਗਪਗ ਸਾਰੇ ਜਤਨ ਇਸਦੀ ਆਪ ਲੱਭੀ ਸਭਤਾ ਦੇ ਵਿਸਰਜਨ ਕਰਨ ਵਿਚ ਖਰਚ ਹੋ ਰਹੇ ਦਿੱਸ ਰਹੇ ਹਨ। ਕੋਈ ਘੜੀ ਇਨਸਾਨ ਨੂੰ 'ਆਪੇ ਦੇ ਸੁਖ' ਦੀ-ਜੋ ਅਸਲ ਸੁਖ ਹੈ-ਆਵੇ, ਇਹ ਗੱਲ ਗਈ ਆਈ ਹੋ ਗਈ। ਜੈਸਾ ਕਿ ਮੈਂ ਹੁਣੇ ਕਿਹਾ ਹੈ: ਜੋ ਕੁਛ ਦਿਲ ਪਰਚਾਵੇ ਬੀ ਇਸ ਨੇ ਬਣਾਏ ਹਨ ਉਹ ਆਪੇ ਨੂੰ ਆਪੇ ਦੇ ਰਸ ਵਿਚ ਨਹੀਂ ਲੈਂ ਜਾਂਦੇ, ਪਰ ਹੋਰ ਤਰ੍ਹਾਂ ਦੇ ਜਤਨਾਂ ਵਿਚ ਪਾਕੇ ਪਰਚਾਵੇ ਮਾਤ੍ਰ ਤੇ ਮੁੱਕ ਜਾਂਦੇ ਹਨ। ਇਨ੍ਹਾਂ ਦਾ ਫਲ ਆਪੇ ਦਾ ਪੂਰਾ ਥਕਾਨ ਉਤਾਰਵਾਂ ਹੋਵੇ, ਕੁਛ ਉਚਿਆਂ ਕਰਨਾਂ ਹੋਵੇ, ਨਹੀਂ ਪੈ ਰਿਹਾ, ਸਗੋਂ ਇਨ੍ਹਾਂ ਦਾ ਆਪਣਾ ਇਕ ਥਕਾਨ ਬੀ ਹੁੰਦਾ ਹੈ।


www.sikhbookclub.com

ਅਸੀਂ ਇਕ ਪ੍ਰਯਤਨ ਦਾ ਦੂਸਰੇ ਪ੍ਰਯਤਨ ਨਾਲ ਵਟਾਂਦਰਾ ਕਰਦੇ ਹਾਂ। ਇਉਂ ਇਨਸਾਨ ਹਰ ਵੇਲੇ ਜਤਨ ਜੋਧਨ, ਰੀਸ ਈਰਖਾ ਵਾਲੀ, ਝਗੜੇ ਦੇ ਫਸਾਦਾਂ ਵਿਚ ਤੇ ਇਕ ਦੂਏ ਨੂੰ ਜ਼ੇਰ ਕਰਨ ਵਿਚ ਲਗਾ ਲਗਾ, ਆਪ ਦੇ ਗੁਣਾਂ-ਪ੍ਰੇਮ, ਮਾਫੀ, ਦਰਗੁਜ਼ਰੀ, ਭਲਿਆਈ, ਵਿਸ਼ਾਲਤਾ, ਉਚਜਾਈ ਵਿਚ ਘਟਦਾ ਜਾਂਦਾ ਹੈ।

ਬਹੁਤ ਪੁਰਾਤਨ ਸਮੇਂ ਵਿਚ ਸਾਡੇ ਵਡੇ ਚੰਦ, ਸੂਰ, ਬਿਜਲੀ, ਤਾਰੇ, ਕੁਦਰਤੀ, ਨਜ਼ਾਰਿਆਂ ਤੋਂ ਸੁਤੇ ਹੀ ਵਿਸਮਾਦ ਵਿਚ ਜਾ ਕੇ ਆਪੇ ਵਿਚ ਜੁੜਦੇ ਤੇ ਆਪੇ ਦੇ ਰਸ-ਚਾਖੇ ਹੋ ਜਾਂਦੇ ਸੀ[1]। ਫੇਰ ਸਮਾਂ ਪਾਕੇ ਅੰਤ੍ਰੀਵੀ ਯੋਗ ਦਾ ਮਾਰਗ ਟੁਰਿਆ ਸੀ ਕਿ ਜੋ ਇਨਸਾਨ ਨੂੰ ਆਪੇ ਵਿਚ ਟਿਕਾਵੇ ਤੇ ਆਪੇ ਨੂੰ ਅੰਦਰੋਂ[2] ਹੀ ਕੁਦਰਤੀ ਉਮਾਹੂ 'ਆਪੇ ਦੇ ਰਸ' ਵਿਚ ਲੈ ਜਾਵੇ। ਇਹ ਤ੍ਰੀਕਾ ਪਹਿਲਾਂ ਆਪਣੇ ਮਨੋਰਥ ਵਲ ਰੁਖ ਰਖਦਾ ਸੀ, ਪਰ ਫੇਰ ਕਰਨ ਵਾਲਿਆਂ ਨੂੰ ਭਾਈਚਾਰੇ ਤੋਂ, ਇਨਸਾਨੀ ਸਮਾਗਮ ਤੋਂ ਵੱਖਰੇ ਕਰਕੇ ਏਕਾਂਤ ਵਿਚ ਲੈ ਜਾਣ ਵਲ ਰੁਖ ਲੈ ਗਿਆ। ਉਸ ਤੋਂ ਪਿਛਲੇ ਸਮੇਂ ਵਿਚ ਇਸਦੇ ਨਾਮਾਂ ਹੇਠ ਲੋਕੀਂ ਨਾਟਕਾਂ ਚੇਟਕਾਂ ਵਿਚ ਪੈ ਗਏ ਤੇ ਫਲ ਓਹੋ ਪ੍ਰਯਤਨ ਹੀ ਪ੍ਰਯਤਨ-ਜੱਦੋ ਜਹਿਦ-ਹੀ ਰਹਿ ਗਿਆ। ਇਸੀ ਤਰ੍ਹਾਂ ਹੋਰ ਕਈ ਤਰੀਕੇ ਜਾਰੀ ਹੋਏ, ਪਰ ਉਨ੍ਹਾਂ ਦੇ ਕਰਨ ਵਾਲਿਆਂ ਨੇ ਅੰਤ ਭਾਈਚਾਰੇ ਤੋਂ ਵਿੱਥ ਕਰਕੇ ਏਕਾਂਤਾਂ ਹੀ ਧਾਰੀਆਂ, ਸਰਬ ਸਾਧਾਰਣ ਉਸ ਫਿਕਰ ਗ੍ਰਸੀ ਹਾਲਤ ਵਿਚ ਹੀ ਰਹੇ, ਸਗੋਂ ਚੰਗੇ ਆਦਮੀਆਂ ਦੇ ਵਿਚੋਂ ਨਿਕਲਕੇ ਏਕਾਂਤ ਵਾਸੀ ਹੋ ਜਾਣ ਕਰਕੇ ਜੋ ਲੋਕ ਪਿਛੇ ਰਹਿ ਗਏ ਉਨ੍ਹਾਂ ਦਾ ਹੋਰ ਗਿਰਾਉ ਹੋ ਗਿਆ ਤੇ ਗੁਲਾਮੀਆਂ ਤੱਕ ਨੌਬਤਾਂ ਪੁੱਜ ਗਈਆਂ। ਸ੍ਰੀ ਗੁਰੂ ਨਾਨਕ ਦੇਵ ਜੀ ਜਦੋਂ ਜਗਤ ਵਿਚ ਆਏ ਤਾਂ ਉਨ੍ਹਾਂ ਨੇ ਇਉਂ ਜਗਤ ਨੂੰ ਦੁਖੀ ਡਿੱਠਾ:-

***ਬਾਬਾ ਦੇਖੈ ਧਿਆਨੁ ਧਰਿ ਜਲਤੀ ਸਭ ਪ੍ਰਿਥਮੀ ਦਿਸਿ ਆਈ॥*** *(ਭਾ. ਗੁ: ਵਾਰ ੧-੨੪)*

ਇਹ ਤੱਕ ਕੇ ਪਹਿਲੀ ਵਡੀ ਗਲ ਜੋ ਗੁਰੂ ਬਾਬੇ ਨੇ ਕੀਤੀ, ਇਹ ਸੀ ਕਿ ਜਗਤ ਵਿਚ ਇਨਸਾਨ ਸ਼ਖਸੀ ਉੱਨਤੀ ਕਰਨ ਦੇ ਨਾਲ ਨਾਲ ਭਾਈਚਾਰੇ ਵਿਚ ਵੱਸਕੇ ਭਾਈਚਾਰੇ ਨੂੰ ਆਪਣੀ ਨੇਕੀ ਦਾ ਖ਼ਮੀਰ ਲਾਕੇ ਸਭ ਨੂੰ ਉੱਚਾ ਕਰੇ, ਇਸ ਦੀ ਲੋੜ ਤੇ ਜਾਚ ਦੱਸੀ। ਜੋ ਪੁਰਖ ਉੱਨਤ ਹੁੰਦਾ ਜਾਏ, ਉਹ ਮਲਾਈ ਵਾਂਙੂ ਦੁੱਧ ਵਿਚੋਂ ਤਿਰ ਤਿਰ ਕੇ ਅੱਲਗ ਹੋ ਹੋ ਤਰ ਤਰ ਕੇ ਵੱਖਰਾ ਨਾ ਹੁੰਦਾ ਜਾਵੇ, ਸਗੋਂ ਹਰੇਕ ਉੱਨਤ ਹੋਇਆ ਇਨਸਾਨ ਭਾਈਚਾਰੇ ਦੇ ਵਿਚ ਰਹੇ ਤਾਂ ਜੋ ਸਨੇ ਮਨੇ ਉੱਨਤ ਹੋਇਆਂ ਦੇ ਸੰਗ ਨਾਲ ਸਾਰਾ ਸਾਥ, ਸਾਰਾ ਸੰਗ ਉਚਾ ਹੋ ਜਾਵੇ। ਉੱਨਤ ਹੋਣ ਦਾ ਮਾਰਗ ਇਹ ਦੱਸਿਆ ਕਿ ਚਿੰਤਾ, ਫਿਕਰ, ਸੋਚ ਦਿਨਰਾਤ ਫੁਰਨਿਆਂ ਦੇ ਰੋੜ੍ਹ ਵਿਚ ਰਹਿ ਕੇ ਜੋ ਆਪਾ ਮਦ ਹੀਨ-ਮੱਚਹੀਨ-ਹੋ ਗਿਆ ਹੈ, ਇਸ ਵਿਚ ਜਾਨ ਵਾਪਸ ਆਵੇ-ਇਹ ਸੁਰਜੀਤ ਹੋਵੇ। ਸੋਚ ਤੋਂ ਆਦਮੀ ਵੀਚਾਰ ਦਾ ਕੰਮ ਲਵੇ ਤੇ ਆਪਣਾ ਜੀਵਨ ਸੁਖੀ ਬਿਤੀਤ ਕਰੇ, ਪਰ ਨਿਰੀ ਫਿਕਰਾਂ ਦੀ ਮਸ਼ੀਨ ਨਾ ਬਣ ਜਾਵੇ ਤੇ ਦੂਸਰਿਆਂ ਲਈ ਕਿਵੇਂ ਬੀ ਦੁਖਦਾਈ ਨਾ ਹੋਵੇ[3], ਸੁਖਦਾਈ ਹੋਵੇ[4]। ਜਦ ਹਰੇਕ ਵਿਚ ਐਸ ਤਰ੍ਹਾਂ ਦਾ ਭਾਵ ਆ ਜਾਵੇ ਤਾਂ ਸਾਰਾ ਭਾਈਚਾਰਾ ਸੁਧਰ ਗਿਆ, ਸਾਰਾ ਸੁਖੀ ਹੋ ਗਿਆ ਨਹੀਂ ਤਾਂ ਜਿਤਨਾ ਭਾਈਚਾਰਾ ਇਸ ਭਾਵ ਵਾਲਾ ਹੋ ਗਿਆ ਉਤਨਾ ਦੁੱਖ ਘਟ ਗਿਆ। ਇਨਸਾਨ ਦੁੱਖੀ ਕਿਉਂ ਹੈ ਤੇ ਦੁਖ ਦਾਤਾ ਕਿਉਂ ਹੋ ਜਾਂਦਾ ਹੈ? ਇਸ ਨੂੰ ਆਪਣੇ ਪਾਲਣ ਪੋਖਣ ਤੇ ਰਖਜਾ ਤੋਂ ਵੱਧਕੇ 'ਹੋਰ ਹੋਰ ਲੈਣ ਦੀ ਖੁਦਗਰਜ਼ੀ' ਐਸਾ ਬਣਾਉਂਦੀ ਹੈ। ਇਸ ਖੁਦਗਰਜ਼ੀ ਦਾ ਮੂਲ ਅੰਦਰ ਦੀ ਹਉਮੈ ਹੈ। ਹਉਮੈ ਇਨਸਾਨ ਦੀ ਸ਼ਖਸੀਅਤ ਲਈ ਜ਼ਰੂਰੀ ਚੀਜ਼ ਬੀ ਹੈ। ਇਹ ਹੋਵੇ ਤਾਂ ਹੀ ਆਦਮੀ ਜੀਉਂਦਾ

---

1. ਅਰਥਾਤ--ਦ੍ਰਿਸ਼ਟਮਾਨੀ ਯੋਗ Objective Yoga 2. Subjective Yoga.
3. ਦੂਖੁ ਨ ਦੇਈ ਕਿਸੈ ਜੀਅ ਪਤਿ ਸਿਉ ਘਰਿ ਜਾਵਉ॥ (ਗਉੜੀ ਵਾਰ ਮ: ੫-੧੭)
4. ਕਰਿ ਪੁੰਨਹੁ ਨੀਚੁ ਸਦਾਈਐ॥ (ਵਾਰ ਆਸਾ ਮ: ੧-੫)


www.sikhbookclub.com

ਰਹਿ ਸਕਦਾ ਹੈ। ਆਪਣੀ ਪਾਲਣਾ ਪੋਖਣਾ, ਰਾਖੀ, ਪਰਵਾਰ ਦੇਸ਼ ਦੀ ਸੇਵਾ ਇਸ ਬਿਨਾਂ ਨਹੀਂ ਹੋ ਸਕਦੀ। ਪਰ ਇਹੋ ਹੀ ਇਸਦੇ ਅਤੇ ਇਸਦੇ ਸਿਰਜਣਹਾਰ ਦੇ ਵਿਚਾਲੇ ਪਰਦਾ ਹੈ। ਇਸੇ ਨੂੰ ਜਦ ਇਨਸਾਨ ਬਾਹਰਲੀ ਵਰਤੋਂ ਵਿਚ ਲਿਆਉਂਦਾ ਹੈ ਤਾਂ ਇਹ ਸ੍ਵੈ ਰਖਿਆ ਤੇ ਸ੍ਵੈ ਪਾਲਣਾਂ ਤੋਂ ਅੱਗੇ ਲੰਘਕੇ ਸ੍ਵਾਰਥ-ਪਰਤਾ ਯਾ ਖ਼ੁਦਰਗਜ਼ੀ ਦਾ ਰੂਪ ਧਾਰਦੀ ਹੈ ਤੇ ਜਿਉਂ ਜਿਉਂ ਇਸਦੇ ਮਗਰ ਲੱਗੋ ਇਹ ਵਧਦੀ ਹੈ ਤੇ ਬਹੁਤ ਵਧਕੇ ਇਹ ਦੂਸਰਿਆਂ ਨੂੰ ਦੁੱਖ ਦੇਣ ਵਾਲੀ ਦਾਤੀ ਬਣ ਜਾਂਦੀ ਹੈ, ਤਦ ਇਹੋ ਹਉਮੈ ਜੋ ਮੂਲ ਸੀ ਰੋਗ ਰੂਪ ਹੋ ਜਾਂਦੀ ਹੈ[1]। ਇਸ ਕਰਕੇ ਇਸ ਤੋਂ ਛੁਟਕਾਰਾ ਪਾਉਣਾ ਜਰੂਰੀ ਹੈ ਪਰ ਇਸ ਤੋਂ ਮੂਲੋਂ ਛੁਟਕਾਰਾ ਪਾ ਸਕਣਾ ਹੋ ਨਹੀਂ ਸਕਦਾ, ਫੇਰ ਤਾਂ ਸਰੀਰ ਬੀ ਨਹੀਂ ਰਹਿ ਸਕਦਾ[2] ਇਸ ਕਰਕੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਫੁਰਮਾਇਆ- ***"ਹਉਮੈ ਬੂਝੈ ਤਾਂ ਦਰੁ ਸੂਝੈ॥"*** ਸੋ ਪਹਿਲਾਂ ਇਸ ਦੀ ਅਸਾਂ ਸਮਝ ਪੈਦਾ ਕਰਨੀ ਹੈ। ਖਾਲਸਾ ਜੀ! ਜ਼ਰਾ ਧਿਆਨ ਦੇਣਾ! ਜਿਸ ਸ਼ੈ ਤੇ ਅਸੀਂ ਵਸੀਕਾਰ ਪਾਉਣਾ ਚਾਹੀਏ, ਉਸਦਾ ਪਹਿਲਾਂ ਗਿਆਨ ਹੋਣਾ ਚਾਹੀਏ। ਜੇ ਅਸਾਂ ਹਉਮੈ ਉੱਤੇ ਕਾਬੂ ਪਾਉਣਾ ਹੈ ਤਾਂ ਪਹਿਲੋਂ ਇਸ ਨੂੰ ਬੁੱਝਣਾ-ਸਮਝਣਾ-ਲੋੜੀਏ। ਇਸ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਫੁਰਮਾਇਆ- ***"ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ॥"*** ਹਉਮੈ ਨੂੰ ਬੁੱਝਣ ਵਾਸਤੇ ਹੁਕਮ ਦਾ ਬੁੱਝਣਾ ਜ਼ਰੂਰੀ ਹੈ। ਹੁਕਮ ਬੁੱਝਣ ਲਈ ਸਤਿਗੁਰ ਨਾਨਕ ਦੇਵ ਜੀ ਨੇ ਫੁਰਮਾਇਆ- ***"ਤੇਰਾ ਹੁਕਮੁ ਭਲਾ ਤੁਧੁ ਭਾਵੈ॥ ਨਾਨਕ ਤਾਕਉ ਮਿਲੈ ਵਡਾਈ ਸਾਚੇ ਨਾਮਿ ਸਮਾਵੈ॥"*** *(ਆਸਾ ਮ: ੧-੩੬)* ਜੋ ਸੱਚੇ ਨਾਮ ਵਿਚ ਸਮਾਉਂਦਾ ਹੈ, ਉਸ ਨੂੰ ਹੁਕਮ ਦੀ ਵਡਿਆਈ ਪ੍ਰਾਪਤ ਹੁੰਦੀ ਹੈ, ਉਸ ਹੁਕਮ ਦੀ ਜੋ ਤੈਨੂੰ-ਰਬ ਨੂੰ-ਭਾਉਂਦਾ ਹੈ। ਨਾਮ ਦੀ ਪ੍ਰਾਪਤੀ ਗੁਰੂ ਤੋਂ ਹੁੰਦੀ ਹੈ- ***'ਹਰਿ ਕਾ ਨਾਮੁ ਨਿਧਾਨੁ ਹੈ ਪੂਰੇ ਗੁਰਿ ਦੀਆ॥ ਨਾਨਕ ਨਾਮੁ ਨ ਵੀਸਰੈ ਮਥਿ ਅੰਮ੍ਰਿਤ ਪੀਆ॥'*** *(ਆਸਾ ਮ: ੧ ਅਸ਼ਟ ੧੫)* ਪੁਨਾ- ***'ਬਿਨੁ ਗੁਰ ਰਾਮ ਨਾਮੁ ਕਤ ਲਹੀਐ॥'*** *(ਆਸਾ ਮ: ੧ ਅਸ਼ਟ:੯)* ਤੇ ਨਾਮ ਦੀ ਮਹਿਮਾ ਗੁਰਬਾਣੀ ਦੱਸਦੀ ਹੈ[3] ਬਾਣੀ ਬਾਬਤ ਗੁਰੂ ਨਾਨਕ ਦੇਵ ਜੀ ਦਾ ਫੁਰਮਾਣ ਹੈ- ***'ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ॥ ਇਹ ਬਾਣੀ ਮਹਾ ਪੁਰਖ ਕੀ ਨਿਜ ਘਰ ਵਾਸਾ ਹੋਇ॥*** *(ਦਖ: ਓਮ-੪੦)* ਸੋ ਗੁਰੂ ਕੀ ਬਾਣੀ ਹਉਮੈ ਦਾ ਦਾਰੂ ਹੋਈ ਤੇ ਇਸ ਵਿਚ ਸਤਜਾ ਹੋਈ ਕਿ ਇਹ ਨਿਜ ਘਰ ਵਿਚ ਵਾਸਾ ਦੇਂਦੀ ਹੈ, ਅਰਥਾਤ ਅਪਣੇ ਆਪ ਵਿਚ ਇਸਥਿਤ ਕਰ ਦੇਂਦੀ ਹੈ। ਬਾਣੀ ਤੋਂ ਇਹ ਲਾਭ ਉਠਾਉਣ ਦੇ ਕਈ ਤ੍ਰੀਕੇ ਹਨ-ਬਾਣੀ ਆਪ ਪੜ੍ਹਨੀ ਤੇ ਵੀਚਾਰਨੀ, ਬਾਣੀ ਸੁਣਨੀ ਤੇ ਵੀਚਾਰ ਪ੍ਰਾਪਤ ਕਰਨੀ, ਬਾਣੀ ਦਾ ਕੀਰਤਨ ਕਰਨਾ ਤੇ ਬਾਣੀ ਦਾ ਕੀਰਤਨ ਸੁਣਨਾ। ਹੁਣ ਸਾਧ ਸੰਗਤ ਜੀ ਜ਼ਰਾ ਗਹੁ ਨਾਲ ਸੁਣਨਾ ਕਿ ਬਾਣੀ ਦਾ ਕੀਰਤਨ ਕੀਹ ਵਸਤੂ ਹੈ।

ਆਪ ਰਾਗ ਨੂੰ ਜਾਣਦੇ ਹੋ। ਜਿਸ ਨੂੰ ਸਿਆਣੇ ਸੰਗੀਤ ਵੀ ਆਖਦੇ ਹਨ। ਰਾਗ ਇਕ ਤਾਸੀਰ ਵਾਲੀ ਚੀਜ਼ ਹੈ, ਇਸ ਦਾ ਇਕ ਅਸਰ ਹੈ ਮਨ ਉਤੇ ਵਲਵਲੇ ਦਾ ਅਸਰ ਪਾਉਣਾ, ਇਸਦਾ ਦੂਜਾ ਅਸਰ ਹੈ ਮਨ ਨੂੰ ਜੋੜਨਾ। ਸੰਗੀਤ ਯਾ ਜਿਸ ਨੂੰ ਪੱਛਮੀ ਲੋਕ ਮਯੂਜ਼ਿਕ ਕਹਿੰਦੇ ਹਨ, ਮਨ ਤੇ ਹੀ ਅਸਰ ਨਹੀਂ ਰੱਖਦਾ, ਸਗੋਂ ਸਰੀਰ ਤੇ ਵੀ ਤਾਸੀਰ ਰਖਦਾ ਹੈ। ਇਨਸਾਨ ਦੇ ਸਰੀਰ ਦੇ ਪੱਠੇ ਯਾ ਸਨਾਯੂ ਸ੍ਰੇਣੀ[4] ਉਤੇ ਠੰਢਕ ਸ਼ਾਂਤੀ ਤੇ ਸੁਖਦਾਈ ਅਸਰ ਸੰਗੀਤ ਪਾਉਂਦਾ ਹੈ। ਪਰ ਸਾਡੇ ਦੇਸ਼ ਵਿਚ ਇਹ ਉੱਤਮ ਵਸਤੂ ਮਨ ਦੇ ਵਿਕਾਰ ਵਧਾਉਣ ਵਾਸਤੇ ਵਿਕਾਰੀ ਲੋਕਾਂ ਦੇ ਹੱਥ ਵਿਚ ਚਲੀ ਗਈ

---

1. ਮਨ ਅੰਤਰਿ ਹਉਮੈ ਰੋਗੁ ਹੈ ਭ੍ਰਮਿ ਭੂਲੇ ਮਨਮੁਖ ਦੁਰਜਨਾ॥ (ਵਾ: ਗਉ: ਮ: ੪--੩)
2. ਕਹਿ ਕਬੀਰ ਜਿਸੁ ਉਦਰੁ ਤਿਸੁ ਮਾਇਆ॥ ਤਬ ਛੂਟੇ ਜਬ ਸਾਧੂ ਪਾਇਆ॥ (ਭੈਰਉ ਕਬੀਰ ਜੀ-੧੩)
3. ਤੀਸਰੇ ਸਾਹਿਬਾਂ ਦਾ ਵਾਕ ਹੈ:- ਗੁਰਬਾਣੀ ਵਰਤੀ ਜਗ ਅੰਤਰਿ ਇਸੁ ਬਾਣੀ ਤੇ ਹਰਿ ਨਾਮ ਪਾਇਦਾ। (ਮਾਰੂ ਮ: ੩ ਸੋਲਹੇ-੨੨)
4. ਨਿਜ਼ਾਮ ਅਸ਼ਬੀ ਯਾ (Nervous System.)

ਸੀ। ਸ੍ਰੀ ਗੁਰੂ ਜੀ ਨੇ ਇਸ ਸ਼ੈ ਨੂੰ ਮੋੜਾ ਦਿੱਤਾ ਤੇ ਗੁਰਬਾਣੀ ਦਾ ਵਾਹਨ ਬਣਾਕੇ ਸੁਖਦਾਈ ਦਾਰੂ ਬਣਾ ਲਿਆ:-

*'ਰਾਗ ਰਤਨ ਪਰੀਆ ਪਰਵਾਰ॥ ਤਿਸੁ ਵਿਚਿ ਉਪਜੈ ਅੰਮ੍ਰਿਤੁ ਸਾਰ॥ ਨਾਨਕ ਕਰਤੇ ਕਾ ਇਹੁ ਧਨੁ ਮਾਲੁ॥ ਜੇ ਕੋ ਬੂਝੈ ਏਹੁ ਬੀਚਾਰ॥* (ਆਸਾ ਮ: ੧-੯)

ਸੋ ਗੁਰਬਾਣੀ ਦਾ ਰਾਗ ਵਿਚ ਗਾਯਨ ਗੁਰੂ ਘਰ ਵਿਚ 'ਕੀਰਤਨ' ਅਖਵਾਇਆ, ਅਰਥਾਤ ਗੁਰੂ ਜੀ ਨੇ ਬਾਣੀ ਤੇ ਰਾਗ ਨੂੰ ਇਕੱਠਿਆਂ ਕੀਤਾ ਅਤੇ ਗੁਰਬਾਣੀ ਦੇ ਕੀਰਤਨ ਨੂੰ ਸਭ ਤੋਂ ਉੱਚਾ ਦਰਜਾ ਦਿੱਤਾ[1]।

ਬਾਣੀ ਤੇ ਰਾਗ, ਦੋਹਾਂ ਦਾ ਥਹੁ ਦੱਸਕੇ, ਦੁਹਾਂ ਦੇ ਮੇਲ ਤੋਂ ਬਣੇ ਕੀਰਤਨ ਦਾ ਸੰਖੇਪ ਸਰੂਪ ਸੁਣਾ ਕੇ ਮੈਂ ਹੁਣ ਆਪ ਸਾਹਿਬਾਂ ਦੀ ਤੀਸਰੀ ਗੱਲ ਸ੍ਰੀ ਗੁਰੂ ਜੀ ਦੇ ਮਾਰਗ ਦੀ ਦੱਸਦਾ ਹਾਂ। ਮੈਂ ਦੱਸ ਆਇਆ ਹਾਂ ਕਿ ਇਨਸਾਨ ਦਾ ਮਨ ਆਪੇ ਨੂੰ ਤੇ ਆਪੇ ਦੇ ਸੁਖ ਨੂੰ ਭੁੱਲ ਬੈਠਾ ਹੈ, ਉਹ ਹੁਣ ਫਿਕਰਾਂ ਦੇ ਘਰ ਵਿਚ ਵੱਸਕੇ ਨਿਤਾਣਪੁਣੇ ਵਿਚ ਤੇ ਦੁਖੀ ਰਹਿਣ ਤੇ ਦੁਖੀ ਕਰਨ ਵਿਚ ਪੈ ਗਿਆ ਹੈ। 'ਭੋਗਾਂ[2]' ਦੇ ਸਾਮਾਨ ਤਾਂ ਉਸ ਨੇ ਚੋਖੇ ਕਰ ਲਏ ਹਨ, ਪਰ ਇਨ੍ਹਾਂ ਨਾਲ ਇਸ ਦੀ ਖ਼ੁਦਗਰਜ਼ੀ ਵਧੀ ਹੈ ਤੇ ਸੁਖ[3] ਨਹੀਂ ਵਧਿਆ, ਨਾ ਇਸਦਾ ਆਪਣਾ ਤੇ ਨਾ ਜਗਤ ਦਾ। ਅਰਥਾਤ ਭੋਗ ਰੂਪ ਸੁਖ ਦੇ ਸਾਮਾਨ ਯਾ ਭੋਗਾਂ ਦੇ ਰਸਾਂ ਦੇ ਸਾਮਾਨ ਵਧੇ ਹਨ, ਪਰ ਸੁਖ, ਸ਼ਾਂਤੀ, ਤਸੱਲੀ[3] ਨਹੀਂ ਵਧੀ। ਸਗੋਂ ਵੈਰ ਵਿਰੋਧ ਬਹੁਤ ਵਧੇ ਹਨ। ਮੈਂ ਦਸਿਆ ਸੀ ਕਿ 'ਜੋਗ' ਤੇ 'ਕਰਮ' ਆਦਿ ਤ੍ਰੀਕੇ ਕਿਸੇ ਹੋਰ ਪਾਸੇ ਵਲ ਪੈ ਗਏ ਸਨ। ਸੋ ਗੁਰੂ ਜੀ-ਗੁਰੂ ਨਾਨਕ ਦੇਵ ਜੀ-ਨੇ ਇਹ ਇਕ ਸੌਖਾ ਰਾਹ ਆਪੇ ਦੇ ਆਪੇ ਵਿਚ ਆਉਣ ਦਾ ਖੋਹਲਿਆ[4]। ਇਹ ਸੀ ਵਿਸਮਾਦ। ਆਪਣੇ ਇਸ ਮਾਰਗ ਨੂੰ ਆਪ ਨੇ 'ਸਿਫਤਿ ਸਾਲਾਹ' ਕਰਕੇ ਦੱਸਿਆ ਤੇ ਫੁਰਮਾਯਾ:- *'ਜਿਸਨੋ ਬਖਸੇ ਸਿਫਤਿ ਸਾਲਾਹ॥ ਨਾਨਕ ਪਾਤਿਸਾਹੀ ਪਾਤਿਸਾਹੁ॥'* ਫੇਰ ਆਪ ਨੇ ਫੁਰਮਾਯਾ:- *'ਸਿਫਤਿ ਸਲਾਹਣ ਸਹਜ ਅਨੰਦ॥'* ਅਰਥਾਤ ਸਿਫਤਿ ਤੇ ਸਲਾਹੁਤ ਕਰਨ ਨਾਲ ਆਪਣੇ 'ਆਪ ਦਾ ਸੁਭਾਵਕ ਆਨੰਦ' ਪ੍ਰਾਪਤ ਹੁੰਦਾ ਹੈ ਜੋ ਆਤਮਾ ਦਾ ਆਪਣਾ ਰਸ ਹੈ। ਆਤਮਾ ਹੈ ਸੁੰਦਰਤਾ, ਪਰਮਾਤਮਾ ਹੈ, ਸੁੰਦਰਤਾ। ਇਕ ਹੈ ਹੀਰਾ ਕਣੀ ਦੂਜਾ ਹੈ ਹੀਰਾ। ਦੁਹਾਂ ਦੀ ਬੋਲੀ ਹੈ ਸੁੰਦਰਤਾ[5], ਬੋਲੀ ਵਾਲੀ ਸੁੰਦਰਤਾ ਹੈ ਸਿਫ਼ਤ ਸਲਾਹ, ਸਿਫ਼ਤ ਸਲਾਹ ਹੈ ਪ੍ਰੇਮ, ਪ੍ਰੇਮ ਹੈ ਆਨੰਦ। ਸੋ ਮੋਟੀ ਤਰ੍ਹਾਂ ਸਮਝੋ ਕਿ ਪਹਿਲੋਂ ਪਰਮ ਸੁੰਦਰ ਵਾਹਿਗੁਰੂ ਦੀ ਸਿਫਤ ਸਲਾਹ ਕਰਨ ਨਾਲ ਮਨ ਦੀਆਂ ਖਿੰਡਾਊ ਤੇ ਮੰਦ ਵਾਸ਼ਨਾ ਦੀਆਂ ਸਾਰੀਆਂ ਮੈਲਾਂ ਦੂਰ ਹੁੰਦੀਆਂ ਹਨ[6] ਤੇ ਆਪਾ ਚਮਕ ਉਠਦਾ ਹੈ। ਸੋ ਸਿਫਤ ਸਲਾਹ ਨਾਲ ਸਾਨੂੰ ਦੋ ਗਲਾਂ ਲੱਭੀਆਂ: ਮਨ ਦੀ ਮੈਲ ਲਹਿਣੀ ਨਿਜ ਸੁੰਦਰਤਾ ਦਾ ਚਮਕ ਪੈਣਾ ਤੇ ਨਿਜ ਦੇ ਸਹਜ ਸੁਖ ਦੀ ਪ੍ਰਾਪਤੀ, ਫੇਰ ਇਸ ਤੋਂ ਅੱਗੇ ਵਾਹਿਗੁਰੂ ਜੀ ਨਾਲ ਨੇਹੁ ਲੱਗਣਾ ਵੀ ਸਿਫਤ ਸਲਾਹ ਨਾਲ ਹੀ ਆਪ ਨੇ ਦੱਸਿਆ-*'ਸਿਫਤੀ ਗੰਢੁ ਪਵੈ ਦਰਬਾਰਿ।'* ਜਦੋਂ ਆਪ ਨੇ ਭਰਥਰੀ ਨੂੰ, ਜੋ ਵਡਾ ਜੋਗੀ ਸੀ, ਉਪਦੇਸ਼ ਦਿੱਤਾ ਤਾਂ ਮੂਲ ਗਲ ਇਹ ਸਮਝਾਈ- *'ਸਿਫਤੀ ਰਤਾ ਸਦ ਬੈਰਾਗੀ ਜੂਐ ਜਨਮੁ ਨ ਹਾਰੈ।'* ਇਸੇ ਵਾਸਤੇ ਸ੍ਰੀ ਗੁਰੂ ਜੀ ਨੇ ਜੀਵ ਨੂੰ 'ਜਾਪ ਤੇ ਸਿਮਰਨ' ਵੀ ਵਾਹਿਗੁਰੂ' ਪਦ ਦਾ ਸਿਖਾਲਿਆ। 'ਵਾਹ' ਨਾਮ ਅਚਰਜ ਦਾ ਹੈ, ਸੁੰਦਰਤਾ ਨੂੰ ਵੇਖਕੇ ਅਚਰਜ ਹੋ ਮੂੰਹੋਂ 'ਵਾਹ ਨਿਕਲਦੀ ਹੈ। ਕਿਸੇ ਦੇ ਗੁਣ ਵੇਖਕੇ ਸਲਾਹੁਤ ਵੇਲੇ

---

1. ਗੁਰੂ ਅਰਜਨ ਦੇਵ ਜੀ ਦਾ ਫੁਰਮਾਣ ਹੈ:- ਹਰਿ ਕੀਰਤਿ ਸਾਧ ਸੰਗਤਿ ਹੈ ਸਿਰਿ ਕਰਮਨ ਕੈ ਕਰਮਾ॥ (ਸੋਰਠਿ ਮ: ੫ ਅਸਟ: ੩-੬੪੨)
2. (Enjoyment.)
3. (Satisfaction )
4. ਦੇਖਿ ਅਦ੍ਰਿਸ਼ਟੁ ਰਹਉ ਬਿਸਮਾਦੀ ਦੁਖੁ ਬਿਸਰੈ ਸੁਖੁ ਹੋਈ ਜੀਉ॥ (ਸੋਰਠਿ ਮ: ੧-੧੧ )
5. ਸਰਮ ਖੰਡ ਕੀ ਬਾਣੀ ਰੂਪੁ॥ (ਜਪੁਜੀ-੩੬)
6. ਗੁਨ ਗਾਵਤ ਤੇਰੀ ਉਤਰਸਿ ਮੈਲੁ॥ ਬਿਨਸਿ ਜਾਇ ਹਉਮੈ ਬਿਖੁ ਫੈਲੁ॥ (ਸੁਖਮਨੀ ੧੯-੭)

 www.sikhbookclub.com

ਵਾਹ ਵਾਹ ਆਖੀਦੀ ਹੈ, ਇਸੇ ਤਰ੍ਹਾਂ ਵੀਚਾਰ ਲਓ, ਸਾਧ ਸੰਗਤ ਜੀ! ਵਾਹ ਵਾਹ ਕਹਿੰਦਿਆਂ ਮਨ ਸਿਫਤ ਸਲਾਹ ਵਿਚ ਚਲਾ ਜਾਂਦਾ ਹੈ, ਸਿਫਤ ਸਲਾਹ ਵਿਸਮਾਦ ਵਿਚ ਲੈ ਜਾਂਦੀ ਹੈ, ਵਿਸਮਾਦ ਆਪੇ ਦਾ ਰਸ ਖੋਹਲ ਦੇਂਦਾ ਹੈ। ਸੋ ਇਸ ਤਰੀਕੇ ਹੋ ਰਹੇ ਨਾਲ ਗੁਰੂ ਨੇ ਸੁਮਤਿ ਦਿੱਤੀ ਕਿ ਹੇ ਫਿਕਰਾਂ, ਸੋਚਾਂ ਤੇ ਜਤਨਾਂ ਵਿਚ ਰਹਿ ਰਹਿ ਕੇ ਨਿਤਾਣੇ ਬੰਦੇ! ਤੂੰ ਕਿਸੇ ਵੇਲੇ ਆਪੇ ਵਿਚ ਵੀ ਆਇਆ ਕਰ: *'ਮਨ ਰੇ ਥਿਰੁ ਰਹੁ ਮਤੁ ਕਤ ਜਾਹੀ ਜੀਉ॥'* ਤੇ ਸਾਰੇ ਸੁਖਾਂ ਤੇ ਰਸਾਂ ਦੇ ਮੂਲ ਸੁਖ-ਆਪੇ ਦੇ ਸੁਖ- ਵਿਚ ਵੀ ਸੁਖ ਪ੍ਰਤੀਤ ਕਰਨ ਦੀ ਜਾਚ ਸਿਖ:- *'ਪੀਵਹੁ ਅਪਿਉ ਪਰਮ ਸੁਖੁ ਪਾਈਐ ਨਿਜ ਘਰਿ ਵਾਸਾ ਹੋਈ ਜੀਉ।'*

(ਸੋਰਠਿ ਮ: ੧-੯ ਤੇ ੧੧)

ਇਹ ਮੈਂ ਦੱਸ ਆਇਆ ਹਾਂ ਕਿ ਰਾਗ ਨਾਲ ਮਨ ਪੰਘਰਦਾ ਹੈ, ਦ੍ਰਵਦਾ ਹੈ ਅਤੇ ਜੁੜਦਾ ਹੈ। ਸੋ ਸਿਫਤ ਸਲਾਹ ਜਦ ਰਾਗ ਵਿਚ ਕੀਤੀ ਜਾਂਦੀ ਹੈ ਤਾਂ ਬਹੁਤ ਛੇਤੀ ਅਸਰ ਕਰ ਦੇਂਦੀ ਹੈ।ਮਨ ਛੇਤੀ ਏਕਾਗਰ ਹੁੰਦਾ ਹੈ; ਜੋਗੀ ਹਠ ਤਪ ਤੇ ਤਿਆਗ ਕਰ ਕਰਕੇ ਘਾਲਾਂ ਦੇ ਬਾਦ ਮਨ ਨੂੰ ਜੋ 'ਖਿਜਪਤ' ਹੋ ਰਿਹਾ ਹੈ, ਇਕੱਠਾ ਕਰਦਾ 'ਵਿਖਜਪਤ' (ਖਿੰਡਾਉ) ਤੋਂ ਲੰਘਦਾ 'ਏਕਾਗ੍ਰ' ਹੁੰਦਾ ਹੈ। ਸਿਫਤ ਸਲਾਹ ਵਾਲਾ ਕੀਰਤਨ ਦੇ ਪ੍ਰਭਾਵ ਨਾਲ ਬਿਨਾਂ ਹਠ ਤਪ ਦੇ ਕਸ਼ਟ ਝੱਲੇ ਦੇ ਵਿਸਮਾਦ ਹੋ ਏਕਾਗ੍ਰ ਹੁੰਦਾ ਹੈ। ਏਕਾਗ੍ਰ ਹੋ ਕੇ ਆਪੇ ਦਾ ਰਸ ਖੁੱਲ੍ਹਦਾ ਹੈ। ਏਕਾਗ੍ਰ ਹੋ ਕੇ ਪਤਾ ਲਗਦਾ ਹੈ ਕਿ ਸਾਡਾ ਮਨ ਫਿਕਰਾਂ ਨੇ ਕੋਝਾ, ਨਿਤਾਣਾਂ, ਖੁਦਗਰਜ਼ ਤੇ ਹੀਣਾ ਕਰ ਛੱਡਿਆ ਹੈ, ਜੋ ਕਦੇ ਹੰਕਾਰ ਵਿਚ ਆਕੇ ਲੋਕਾਂ ਨੂੰ ਦੁਖ ਦੇਂਦਾ ਹੈ, ਕਦੇ ਨਿਰਾਸਾ ਵਿਚ ਜਾ ਕੇ ਆਪੇ ਨੂੰ ਖਾਂਦਾ ਹੈ। ਜੇ ਡਰ ਦੇਂਦਾ ਹੈ ਤਾਂ ਦੁੱਖ ਫੈਲਾਉਂਦਾ ਹੈ ਜਗਤ ਵਿਚ, ਜੇ ਡਰ ਖਾਂਦਾ ਹੈ ਤਾਂ ਦੁਖੀ ਹੁੰਦਾ ਹੈ ਆਪ। ਪਰ ਜਦੋਂ ਇਹ ਮਨ ਜੁੜਦਾ ਹੈ ਤੇ ਸਿਫਤ ਸਲਾਹ ਨਾਲ ਜੁੜਦਾ ਹੈ ਤਾਂ ਆਪੇ ਦੇ ਰਸ ਵਿਚ ਆਉਂਦਾ ਹੈ! ਆਪੇ ਦੇ ਰਸ ਵਿਚ ਆਕੇ ਸੁਖੀ ਹੁੰਦਾ ਹੈ, ਸ੍ਰੀ ਗੁਰੁ ਜੀ ਦਾ ਫੁਰਮਾਣ ਹੈ:- *'ਗੁਣ ਗਾਇ ਰਾਮ ਰਸਾਇ ਰਸੀਅਹਿ॥'* *(ਤੁਖ:ਮ:੧-੬)* ਅਰਥਾਤ ਰੱਬ ਜੀ ਦੀ ਸਿਫਤ ਸਲਾਹ ਕਰਨ ਨਾਲ ਰਸ ਵਿਚ ਆਕੇ ਰਸ ਰੂਪ ਹੋ ਜਾਈਦਾ ਹੈ। ਪੁਨਾ: *'ਏ ਮਨ ਮੇਰਿਆ ਗੁਣ ਗਾਵਹਿ ਸਹਜਿ ਸਮਾਵਹੀ ਰਾਮ॥'* ਅਰਥਾਤ ਸਿਫਤ ਸਲਾਹ ਨਾਲ ਮਨ 'ਆਪਣੇ ਸੁਭਾਵਕ ਸੁਖ ਵਿਚ ਆਉਂਦਾ ਹੈ। ਇਉਂ ਮਨ ਆਪੇ ਵਿਚ ਸੁਖੀ ਹੋਕੇ ਦੂਸਰੇ ਤੋਂ ਸੁਖ ਲੈਣ ਦੀ, ਅਰਥਾਤ ਬਾਹਰੋਂ ਸੁਖੀ ਹੋਣ ਦੀ ਇਛਾ ਨੂੰ ਵਾਧੂ ਸਮਝਦਾ ਹੈ। 'ਜੁੜਿਆ ਮਨ' ਪ੍ਰਤੀਤ ਕਰਦਾ ਹੈ ਕਿ ਸੁਖ ਤਾਂ ਆਪੇ ਵਿਚ ਹੈ, ਬਾਹਰੋਂ ਤਾਂ ਸੁਖ ਕੋਈ ਨਹੀਂ ਆਉਂਦਾ ਜੋ ਮੈਨੂੰ ਆ ਕੇ ਇਸ ਸੁਖ ਤੋਂ ਵਧੀਕ ਸੁਖੀ ਕਰ ਦੇਵੇ, ਇਉਂ ਅੰਦਰੋਂ ਸੁਖੀ ਹੋਕੇ ਬਾਹਰਲੀ ਵਰਤੋਂ ਵਿਚ ਖ਼ੁਦਰਗ਼ਰਜ਼ੀ ਦਾ ਮਨਤੱਵ ਸੁਤੇ ਘਟਦਾ ਜਾਂਦਾ ਹੈ। ਫੇਰ ਇਹ ਜਗਤ ਨੂੰ ਦੁਖ ਨਹੀਂ ਦੇਂਦਾ, ਇਉਂ ਮਨ ਵਿਚ ਮਨ ਦੇ ਟਿਕ ਕੇ ਆਪਣਾ ਸਹਜ ਅਨੰਦ' ਕਹੋ ਜਾਂ ਆਪਣੇ ਜੀਵਨ ਰਸ ਤੋਂ ਰਸ ਪਾ ਲੈਣਾ ਕਹੋ, ਕੀਰਤਨ ਨਾਲ ਪ੍ਰਾਪਤ ਹੁੰਦਾ ਹੈ। ਸੋ ਭਾਈ ਸੱਜਣੋਂ! ਕੀਰਤਨ ਕਰਨਾ ਆਪਣੇ ਸੁਖ ਵਾਸਤੇ ਹੈ ਤੇ ਜਗਤ ਲਈ ਸੁਖ ਦਾਤਾ ਬਣਨ ਵਾਸਤੇ ਹੈ। ਕਰਤਾ ਪੁਰਖ ਨੂੰ, ਉਸ ਸੰਪੂਰਨ ਰੂਪ ਵਿਚ ਸੰਪੂਰਨ ਪਰਮਾਤਮ ਦੇਵ ਨੂੰ ਆਪਣੀ ਖੁਸ਼ਾਮਤ ਦੀ ਲੋੜ ਨਹੀਂ, ਉਹ ਜੋ ਜਗਤ ਰਚਣ ਤੋਂ ਬਿਨਾਂ ਆਨੰਦ ਸਰੂਪ ਹੈ, ਜਗਤ ਰਚਕੇ ਬੀ ਆਨੰਦ ਸਰੂਪ ਹੈ, ਉਸ ਨੂੰ ਕਿਸੇ ਸ਼ੈ ਦੀ ਲੋੜ ਨਹੀਂ, ਕਿਸੇ ਸ਼ੈ ਦੀ ਮੁਥਾਜੀ ਨਹੀਂ। ਅਸੀਂ ਉਸ ਸੰਪੂਰਨ ਨੂੰ ਮਿਲਕੇ ਤ੍ਰਿਪਤ ਤੇ ਸੁਖੀ ਹੁੰਦੇ ਹਾਂ:-

*ਤੁਮ ਪੂਰਨ ਪੂਰਿ ਰਹੇ ਸੰਪੂਰਨ ਹਮ ਭੀ ਸੰਗਿ ਅਘਾਏ॥* (ਰਾਮਕਲੀ ਮ: ੫-੬)

ਹੁਣ ਇਕ ਹੋਰ ਪਹਿਲੂ ਵੀਚਾਰ ਵਿਚ ਲੈ ਆਓ। ਜਦ ਅਸੀਂ ਮਨ ਜੋੜਕੇ ਸ਼ਰਧਾ ਨਾਲ, ਪਿਆਰ ਨਾਲ ਕੀਰਤਨ ਕਰਦੇ ਹਾਂ ਤਾਂ ਬਾਣੀ ਵਿਚ ਕੀਹ ਕੁਛ ਆਖਦੇ ਹਾਂ? ਇਕ ਤਾਂ ਹੁੰਦੀ ਹੈ ਆਪਣੇ ਅਵਗੁਣਾਂ ਦੀ ਮੰਨ ਤੇ ਮਾਫੀ ਦਾ ਚਾਹ, ਇਕ ਹੁੰਦੀ ਹੈ ਸ਼ੁਭ ਕਰਮਾਂ ਦੀ ਪ੍ਰਾਪਤੀ ਦੀ ਅਰਦਾਸ, ਇਕ ਹੁੰਦੀ ਹੈ ਮਨ ਨੂੰ ਉੱਚੇ ਭਾਵਾਂ ਤੇ ਖਜਾਲਾਂ ਦੀ ਯਾਦ ਤੇ ਪ੍ਰੇਰਨਾ, ਇਕ ਹੁੰਦੀ ਹੈ ਵਾਹਿਗੁਰੂ

ਜੀ ਦੀ ਸੇਵਾ ਵਿਚ ਉਨ੍ਹਾਂ ਦੀ ਪ੍ਰਾਪਤੀ ਲਈ ਬੇਨਤੀ, ਇਕ ਹੁੰਦਾ ਹੈ ਵਾਹਿਗੁਰੂ ਜੀ ਦਾ ਗੁਣ ਗਾਇਨ; ਉਨ੍ਹਾਂ ਦਾ ਯਸ਼ ਕੀਰਤਨ, ਸਿਫਤਾਂ ਦਾ ਉਚਾਰ। ਇਹ ਸਭ ਕੁਛ ਸਾਨੂੰ ਮਨ ਕਰਕੇ ਵਾਹਿਗੁਰੂ ਦੀ ਹਜ਼ੂਰੀ ਵਿਚ ਲੈ ਜਾਂਦਾ ਹੈ। ਆਪਾ ਜੋ ਜੁੜਿਆ ਸੀ, ਉਹ ਹਜ਼ੂਰੀ ਵਿਚ ਜਾਕੇ ਹਜ਼ੂਰੀ ਵਾਲੇ ਦੇ ਅਸਰ ਨਾਲ ਕ੍ਰਿਤਾਰਥ ਹੁੰਦਾ ਹੈ। ਉਸ ਦੇ ਗੁਣਾਂ ਦਾ ਪ੍ਰਤੀਬਿੰਬ ਲੈਂਦਾ ਹੈ-ਉਸਦੇ ਗੁਣਾਂ ਨੂੰ ਲੈਂਦਾ ਹੈ। ਉਸਦੇ ਗੁਣਾਂ ਤੋਂ ਉਸ ਵਿਚ, ਜੋ ਗੁਣਾਂ ਦਾ ਗੁਣੀ ਹੈ, ਸਮਾਉਂਦਾ ਹੈ, ਤੀਸਰੀ ਪਾਤਸ਼ਾਹੀ ਦਾ ਫੁਰਮਾਣ ਹੈ :-

*ਸਦਾ ਅਨੰਦਿ ਰਹਹਿ ਦਿਨੁ ਰਾਤੀ ਗੁਣ ਕਹਿ ਗੁਣੀ ਸਮਾਵਣਿਆ॥* (ਮਾਝ ਮ: ੩ ਅਸ਼ਟ: ੨੩)

ਸੋ ਸਿਫਤ ਸਲਾਹ ਨਾਲ, ਜੋ ਕੀਰਤਨ ਦੁਆਰਾ ਹੁੰਦੀ ਹੈ, ਤ੍ਰੈ ਫਲ ਲਗਦੇ ਹਨ, ੧. ਸਰੀਰ ਸੁਖੀ ਹੋ ਕੇ ਮਨ ਜੁੜਦਾ ਹੈ। ੨. ਜੁੜਿਆ ਮਨ 'ਆਪਣੇ ਆਪੇ ਦੇ' 'ਆਪਣੇ ਜੀਵਨ ਦੇ ਆਪਣੇ ਆਪੇ ਦੇ ਰਸ' ਨੂੰ ਮਾਣਦਾ ਹੈ ਤੇ ਨਾਲ ਹੀ ਸਿਫਤ ਸਲਾਹ ਦੇ ਭਾਵ ਨਾਲ ਤੇ ਰਾਗ ਦੀ ਤਾਸੀਰ ਨਾਲ ਜੁੜਨ ਕਰਕੇ ਕੋਈ ਹਠ ਤਪ ਵਰਗੀ ਖੇਚਲ ਬੀ ਨਹੀਂ ਪੈਂਦੀ ਸਿਫਤ ਸਲਾਹ ਜਾਂ ਕੀਰਤਨ ਨਾਲ ਜੁੜਕੇ ਆਪੇ ਦਾ ਸਹਜ ਸੁਖ ਆਪਣੇ ਆਪ ਨੂੰ ਆਪੇ ਪ੍ਰਗਟ ਕਰਦਾ ਹੈ। ੩. ਇਸ ਤੋਂ ਅੱਗੇ ਇਸ ਆਪੇ ਨੂੰ ਉਸ ਪਰਮਾਤਮ ਦੇਵ ਦੀ ਹਜ਼ੂਰੀ ਮਿਲਦੀ ਹੈ, ਜਿਸ ਦਾ ਕਿ ਕੀਰਤਨ ਕਰਦੇ ਸਾਂ, ਇਉਂ ਹੁੰਦੇ ਹੁੰਦੇ ਉਨ੍ਹਾਂ ਦੇ ਸਰੂਪ ਵਿਚ ਸਮਾਈ ਪ੍ਰਾਪਤ ਹੁੰਦੀ ਹੈ। ਸੋ ਐਸੇ ਲਾਭਵੰਦ ਰਸ ਰੰਗ ਨੂੰ ਆਪ ਹੀ ਸਾਧ ਸੰਗਤ ਜੀ! ਵੀਚਾਰ ਕਰੋ, ਕਿ ਧਾਰਨ ਕਰਨਾ ਚਾਹੀਏ ਕਿ ਨਾਂ? ਸੋਚ ਲਓ ਕਿ ਇਤਨਾ ਭਾਰੀ ਸੁਖ ਦਾ ਸਾਮਾਨ ਇਸ ਵਿਚ ਗੁਰੂ ਬਾਬੇ ਨੇ ਰੱਖਿਆ ਹੈ।

ਇਹ ਕਹਿਕੇ ਸੰਤ ਬੜੀ ਮਧੁਰ ਧੁਨੀ ਵਿਚ ਗਾਂਵੇਂ:--

*ਸਾਲਾਹੀ ਸਾਲਾਹਣਾ ਪਿਆਰੇ ਦੂਜਾ ਅਵਰੁ ਨ ਕੋਇ॥*
*ਮੇਰੇ ਪ੍ਰਭ ਸਾਲਾਹਨਿ ਸੇ ਭਲੇ ਪਿਆਰੇ ਸਬਦਿ ਰਤੇ ਰੰਗੁ ਹੋਇ॥*
*ਤਿਸਕੀ ਸੰਗਤਿ ਜੇ ਮਿਲੈ ਪਿਆਰੇ ਰਸੁ ਲੈ ਤਤੁ ਵਿਲੋਇ॥੨॥* (ਸੋਰਠਿ ਮ: ੧ ਅਸਟ:੩-੬੩੬)

ਇਸ ਵੇਲੇ ਸੰਗਤ ਵਿਚੋਂ ਇਕ ਗੱਭਰੂ ਕਾਕਾ ਉੱਠ ਬੈਠਾ ਤੇ ਹੱਥ ਜੋੜ ਕੇ ਕਹਿਣ ਲੱਗਾ-- ਇਹ ਗੱਲ ਵਾਜਬ ਨਹੀਂ ਕਿ ਮੈਂ ਐਸ ਵੇਲੇ ਕੁਛ ਪੁੱਛਾਂ, ਪਰ ਆਪ ਦੇ ਕਥਨ ਦਾ ਬੜਾ ਸੁਆਦ ਆਇਆ ਹੈ ਤੇ ਸਾਨੂੰ ਬੜੀ ਸੁਮਤਿ ਮਿਲੀ ਹੈ। ਇਸ ਕਰਕੇ ਇਕ ਪੁੱਛ ਅਦਬ ਨਾਲ ਸੰਸੇ ਨਵਿਰਤੀ ਲਈ ਪੁੱਛਣੀ ਹੈ। ਅਸੀਂ ਬਾਲਪਣੇ ਤੋਂ ਪੱਛਮੀ ਵਿਦਯਾ ਦੇ ਵੱਸ ਵਿਚ ਪਾ ਦਿੱਤੇ ਜਾਂਦੇ ਹਾਂ, ਆਪਣੀ ਵਿਦਯਾ, ਆਪਣੇ ਆਦਰਸ਼, ਸਾਨੂੰ ਪਤਾ ਨਹੀਂ ਹੁੰਦੇ, ਇੱਥੋਂ ਤਾਂਈਂ ਕਿ ਸਾਡੀ ਸੋਚ ਤੇ ਵੀਚਾਰ ਦਾ ਤ੍ਰੀਕਾ ਬੀ ਵਿਦੇਸ਼ੀ ਹੋ ਜਾਂਦਾ ਹੈ। ਅਜ ਪਹਿਲਾ ਮੌਕਾ ਹੈ ਕਿ ਮੈਨੂੰ ਐਸੇ ਸੁਹਣੇ ਤ੍ਰੀਕੇ ਤੇ ਕੀਰਤਨ ਦਾ ਆਦਰਸ਼ ਸੁਣਨ ਦਾ ਮੌਕਿਆ ਮਿਲਿਆ ਹੈ। ਆਪ ਨੇ ਫੁਰਮਾਇਆ ਹੈ ਕਿ ਗੁਰੂ ਘਰ ਵਿਚ ਸਿਫਤ ਸਲਾਹ ਦਾ ਤ੍ਰੀਕਾ ਵਿਸਮਾਦ ਵਿਚ ਲੈ ਜਾਂਦਾ ਹੈ। ਪੱਛਮੀ ਬੋਲੀ ਵਿਚ ਵਿਸਮਾਦ ਦੇ ਲਗ ਪਗ ਦੀ ਯਾਂ ਕੁਛ ਨੀਵੀਂ ਸ਼ੈ ਨੂੰ **ਅਸਥੈਟਿਕਸ** (Aesthetics) ਆਖਦੇ ਹਨ, ਪਰ ਆਪ ਦੇ ਵਿਸਮਾਦ ਦਾ ਮਨੋਰਥ ਉਸ ਤੋਂ ਉਚੇਰਾ ਸਹੀ ਹੁੰਦਾ ਹੈ। ਆਪ ਦਾ ਕੇਵਲ ਇਤਨਾ ਭਾਵ ਨਹੀਂ ਕਿ ਸਦਾ ਜਤਨਾਂ ਜੋਧਨਾਂ ਤੇ ਫਿਕਰਾਂ ਵਿਚ ਰਹਿਣ ਵਾਲਾ ਇਨਸਾਨ ਕਿਸੇ ਵੇਲੇ ਨਿਰਾ ਕੋਈ ਵਿਸਮਾਦੀ ਝੂਟਾ ਲੈ ਕੇ ਹੀ ਬੱਸ ਹੋ ਜਾਵੇ, ਸਗੋਂ ਕੀਰਤਨ ਨਾਲ ਵਿਸਮਾਦੀ ਰੰਗ ਲੈਂਦਾ ਟਿਕ ਜਾਵੇ ਤੇ ਟਿਕੇ ਹੋਏ ਨੂੰ ਆਰਾਮ ਮਿਲੇ ਤੇ ਆਪੇ ਆਪਣੇ ਜੀਵਨ ਮਾਤ੍ਰ ਦਾ ਯਾ ਜਿਵੇਂ ਆਪ ਨੇ ਫੁਰਮਾਇਆ ਹੈ ਆਪਣੀ 'ਆਤਮ ਸਰੂਪਤਾ' ਦੀ ਸੁੰਦਰਤਾ ਤੇ ਉਸਦਾ ਕੋਈ-ਰਸ-ਆਨੰਦ ਪ੍ਰਤੀਤ ਦੇ ਆਵੇ, ਇਸ ਨਾਲ ਸਾਰੇ ਸੁਖ, ਜੋ ਅਸੀਂ ਲੋੜਦੇ ਹਾਂ, ਉਨ੍ਹਾਂ ਦੇ ਮੂਲ ਸੁਖ ਦਾ ਪਤਾ ਲੱਗ ਜਾਵੇ ਤਾਂ ਮਨ ਇਕ ਤ੍ਰਿਪਤੀ ਪਾਵੇ ਤੇ ਫੇਰ ਬਾਹਰ ਜਗਤ ਵਿਚ ਉਹ ਆਪਣੀ ਲੋੜ ਤੋਂ ਵਧੀਕ ਦੁਖਦਾਈ ਕੋਸ਼ਸ਼ ਵਿਚ ਨਾ ਪਵੇ-ਦੂਸਰਿਆਂ ਨੂੰ ਹਾਨੀ


www.sikhbookclub.com

ਦੇਣ ਵਾਲੀ ਖ਼ੁਦਗਰਜ਼ੀ ਦਾ ਵਰਤਾਉ ਨਾ ਕਰੇ। ਸੋ ਕੀਰਤਨ 'ਨਿਜ ਸੁਖ' ਤੇ 'ਜਗਤ ਸੁਖ' ਦਾ ਇਕ ਸੁਹਜ ਤੇ ਸੁਆਦ ਵਾਲਾ ਤ੍ਰੀਕਾ ਹੈ। ਆਪ ਦੀ ਰਮਜ਼ ਮੈਂ ਖ਼ੂਬ ਸਮਝੀ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਸੁਲਹ, ਸ਼ਾਂਤੀ, ਪਿਆਰ ਦੇ ਉਪਦੇਸ਼ ਨਾਲ ਮਨੁੱਖ ਦੇ ਛੋਟੇ ਮਨ ਨੂੰ ਵਿਸਮਾਦ ਨਾਲ ਉੱਚਾ ਬੀ ਕੀਤਾ ਹੈ ਤੇ ਉਸਦਾ ਤ੍ਰੀਕਾ ਸਿਫਤ ਸਲਾਹ ਰੱਖਿਆ ਹੈ ਤੇ ਸਿਫਤ ਸਲਾਹ ਨੂੰ ਸੰਗੀਤ ਵਿਚ ਪਾ ਕੇ ਮਨ ਲਈ ਪੂਰਨ ਲਾਭ ਰਸਮਯਤਾ ਦਾ ਲਿਆ ਹੈ। ਆਪ ਨੇ ਫੁਰਮਾਇਆ ਹੈ ਕਿ ਇਸ ਕੀਰਤਨ ਨਾਲ ਸਾਨੂੰ ਮਾਨਸਿਕ ਤੇ ਸਰੀਰਕ ਦੁਇ ਲਾਭ ਹੁੰਦੇ ਹਨ, ਇਹ ਵੀ ਠੀਕ ਹੈ, ਤਜਰਬਾ ਤੇ ਵਿਦਯਾ ਇਸ ਨੂੰ ਸਹੀ ਕਰਦੇ ਹਨ। ਮੈਂ ਡਾਕਦਾਰੀ ਵਿਦਿਆ ਪਾਈ ਹੈ, ਮੈਨੂੰ ਪਤਾ ਹੈ ਕਿ ਰਾਗ ਦਾ ਅਸਰ ਸਾਡੇ ਨਰਵਜ਼* (Nerves) ਉਤੇ ਸ਼ਾਂਤਿਮਯ ਹੁੰਦਾ ਹੈ। ਕਿਉਂ ਜੀ ਮੈਂ ਠੀਕ ਸਮਝਿਆ ਹੈ?

ਸੰਤ-ਹਾਂ ਭਾਈ ਠੀਕ।

ਫੇਰ ਉਹ ਪ੍ਰਸਨ ਕਰਤਾ ਬੋਲਿਆ-ਹੁਣ ਮੈਂ ਜੋ ਸੰਸੇ ਨਵਿਰਤੀ ਕਰਨੀ ਹੈ ਇਹ ਹੈ ਕਿ ਆਯਾ ਸਾਡੇ ਕੀਰਤਨ ਦਾ, ਸਿਫਤ ਸਲਾਹ ਕਰਨ ਦਾ ਯਾ ਜੈਸਾ ਆਪ ਜੀ ਨੇ ਫੁਰਮਾਯਾ ਹੈ 'ਗੁਣ ਗਾਯਨ ਕਰਨ ਦਾ' ਕੋਈ ਅਸਰ 'ਪਰਮ ਪੁਰਖ' ਉਤੇ ਵੀ ਪੈਂਦਾ ਹੈ, ਜੇ ਪੈਂਦਾ ਹੈ ਤਾਂ ਉਹ ਖੁਸ਼ ਹੁੰਦਾ ਹੈ, ਜੇ ਹੁੰਦਾ ਹੈ ਤਾਂ ਕੋਈ ਲੋੜ ਉਸ ਨੂੰ ਵੀ ਹੈ ?

ਸੰਤ-ਬਰਖ਼ੁਰਦਾਰ ਜੀਓ ! ਚੰਗਾ ਹੁੰਦਾ ਆਪ ਰਾਤ ਮੇਰੇ 'ਏਕਾਂਤ ਵਿਚ ਪ੍ਰਸ਼ਨ ਕਰਤਾ' ਜੀ ਦੇ ਨਾਲ ਆ ਜਾਂਦੇ, ਪ੍ਰਸ਼ਨੋਤਰ ਦਾ ਸਮਾ ਉਹ ਠੀਕ ਸੀ। ਮੈਂ ਆਪ ਦੀ ਪੁੱਛ ਉਤੇ ਉਦਾਸ ਨਹੀਂ, ਆਪ ਦੇ ਪ੍ਰਸ਼ਨ ਦਾ, ਜੋ ਸਾਂਈਂ ਨੇ ਕਰਵਾਯਾ ਹੈ, ਉੱਤਰ ਦਿਆਂਗਾ, ਪਰ ਹੋ ਸਕਦਾ ਹੈ ਕਿ ਸ਼ਰੋਤਿਆਂ ਵਿਚੋਂ ਕਿਸੇ ਦਾ ਰਸ ਭੰਗ ਹੋਵੇ ਯਾ ਜੇ ਵੀਚਾਰ ਦੀ ਗਲਬਾਤ ਚਰਚਾ ਦੀ ਮੂਰਤ ਫੜ ਲਵੇ ਤਾਂ ਕਥਾ ਦਾ ਰਸ ਨਹੀਂ ਰਹਿੰਦਾ। ਫੇਰ ਸੰਗਤ ਵੱਲ ਤੱਕ ਕੇ ਸੰਤ ਬੋਲੇ: ਕਿਉਂ ਸਾਧ ਸੰਗਤ ਜੀ ! ਆਗਿਆ ਹੈ, ਮੈਂ ਬਰਖ਼ੁਰਦਾਰ ਨੂੰ ਜੋ ਆਉਂਦਾ ਹੈ ਨਿਵੇਦਨ ਕਰ ਦਿਆਂ ? ਆਵਾਜ਼ ਆਈ-ਆਪ ਦੀ ਖੁਸ਼ੀ ਹੈ, ਸੰਗਤ ਆਪ ਨੂੰ ਮਜਬੂਰ ਨਹੀਂ ਕਰਦੀ।

ਸੰਤ-ਬਰਖ਼ੁਰਦਾਰ ਜੀ ! ਤੁਸੀਂ ਜ਼ਰਾ ਖੜੋਤੇ ਰਹਿਣ ਦੀ ਕ੍ਰਿਪਾਲਤਾ ਕਰੀ ਰਖੋ, ਜੇ ਮੈਂ ਕੁਛ ਪੁੱਛਣਾ ਹੋਵੇ ਤਾਂ ਆਪ ਜੀ ਨੂੰ ਬਾਰ ਬਾਰ ਉਠਣ ਦੀ ਖੇਚਲ ਨਾਂ ਕਰਨੀ ਪਵੇ। ਬਰਖ਼ੁਰਦਾਰ ਜੀਓ। ਜਿਸ ਪ੍ਰਮਾਤਮ ਦੇਵ ਜੀ ਦੇ ਅਸੀਂ ਗੁਣ ਗਾਇਨ ਕਰ ਰਹੇ ਹਾਂ ਉਸ ਨੂੰ ਆਪ ਸਮਝਦੇ ਹੋ ਕਿ ਚੇਤਨ ਵਰਣਨ ਕੀਤਾ ਗਿਆ ਹੈ ? ਉਹ ਨਿਰਜਿੰਦ ਸ਼ਕਤੀ ਮਾਤ੍ਰ ਨਹੀਂ ਹੈ। ਬਿਜਲੀ ਇਕ ਨਿਰਜਿੰਦ ਸ਼ਕਤੀ ਹੈ ਉਸ ਦੇ ਗੁਣ ਗਾਯਨ ਨਾਲ ਬਿਜਲੀ ਤੇ ਅਸਰ ਨਹੀਂ ਪੈਂਦਾ, ਨਾਂ ਹੀ ਉਹ ਸਾਨੂੰ ਪ੍ਰਾਪਤ ਹੋ ਜਾਂਦੀ ਹੈ, ਨਾਂ ਹੀ ਸਾਡਾ ਮਨ ਖਿੜਦਾ ਹੈ। ਪਰਮਾਤਮ ਦੇਵ ਦੇ ਗੁਣ ਗਾਯਨ ਨਾਲ ਮਨ ਖਿੜਦਾ ਹੈ ਤੇ ਉਨ੍ਹਾਂ ਦਾ ਮੇਲ ਵੀ ਹੋ ਜਾਂਦਾ ਹੈ।

ਗਭਰੂ-ਜੀ ਮੈਂ ਵਾਹਿਗੁਰੂ ਨੂੰ ਚੇਤਨ ਦੇਵ ਮੰਨਦਾ ਹਾਂ।

ਸੰਤ-ਜੋ ਚੇਤਨ ਹੈ, ਸਰਬੱਗ ਹੈ, ਸਾਡੀ ਕੀਤੀ ਸਿਫਤ ਸਲਾਹ ਨੂੰ ਜਾਣੇਗਾ ਯਾ ਕਹੋ ਕਿ ਸੁਣੇਗਾ। ਅਰਥਾਤ ਉਸ ਦੀ ਗਜਾਤ ਵਿਚ ਹੋਵੇਗੀ ਸਾਡੀ ਕੀਤੀ ਸਿਫਤ-ਸਲਾਹ। ਫਿਰ ਉਹ ਪ੍ਰੇਮ ਸਰੂਪ ਹੈ, ਵਡੇ ਵਡੇ ਦਾਰਸ਼ਨਿਕਾਂ ਨੇ ਉਸ ਨੂੰ ਪ੍ਰਿਯ ਸਰੂਪ ਆਖਿਆ ਹੈ। ਭਗਤਾਂ ਦਾ ਧ੍ਰੁਵਾ ਹੀ ਇਹੋ ਹੈ ਕਿ ਉਹ ਪ੍ਰੇਮ ਸਰੂਪ ਹੈ। ਤੁਸੀਂ ਆਪਣੇ ਵਿੱਚ ਵੇਖਦੇ ਹੋ ਕਿ 'ਭਾਵ ਹੈ:-ਪ੍ਰੇਮ ਹੈ।' ਤੁਸੀਂ ਨਿਰੀ ਕਰਖ਼ਤ ਤੇ ਅਭਿੱਜ ਬੁੱਧੀ ਮਾਤ੍ਰ ਨਹੀਂ ਹੋ, ਸਗੋਂ ਪ੍ਰੇਮ ਵਾਲੇ, ਭਾਵ ਵਾਲੇ ਬੀ ਹੋ, ਇਹ ਗੁਣ ਕਿੱਥੋਂ ਆਇਆ ਹੈ? ਸੋਚੋ, ਜਿਸ ਦੀ ਅੰਸ਼ ਹੋ ਇਹ ਉਸ ਦਾ ਗੁਣ ਹੈ। ਅੰਸ਼ ਵਿਚ ਅੰਸ਼ੀ ਦੇ ਗੁਣ ਦਾ ਨਿਵਾਸ ਹੁੰਦਾ ਹੈ। ਇਸ ਤੋਂ ਵੀ ਕਿਆਸ ਕਰ ਲਵੋ ਕਿ ਪਰਮਾਤਮ ਦੇਵ ਜੋ ਸਾਡੇ ਅੰਸ਼ੀ ਹਨ-ਜਿਨ੍ਹਾਂ

---

* ਸ਼ਨਾਯੂ ਸ਼੍ਰੇਣੀ। ਹਰਕਤ ਤੇ ਪ੍ਰਤੀਤੀ ਵਾਲੀਆਂ ਨਾੜੀਆਂ। ਐਅ੍ਸਾਬ।


www.sikhbookclub.com

ਦੀ ਅੰਸ਼ ਮਾਤ੍ਰ ਅਸੀਂ ਹਾਂ*-ਪ੍ਰੇਮ ਸਰੂਪ ਹਨ। ਹੁਣ ਵੀਚਾਰ ਕਰੋ, ਉਹ ਜੋ ਪਰਮਾਤਮ ਦੇਵ ਹੈ ਚੇਤਨ ਹੈ ਤੇ ਪ੍ਰੇਮ ਸਰੂਪ ਹੈ, ਸਾਡੀ ਪ੍ਰੇਮ ਮਈ ਕੀਤੀ ਗਈ ਉਸ ਦੀ ਸਿਫਤ ਸਲਾਹ ਸੁਣਕੇ ਉਹ ਸਮਝੇਗਾ ਕਿ ਏਹ ਮੇਰੇ ਪਿਆਰ ਵਿਚ ਹੈਨ। ਧਜਾਨ ਕਰਨਾ, ਪਿਆਰ ਦੇ ਯਾ ਪ੍ਰੇਮ ਦੇ ਦੋ ਕਰਤੱਵਜ ਹੁੰਦੇ ਹਨ: ਪਿਆਰ ਕਰਨਾ ਤੇ ਕੀਤੇ ਜਾਣਾ। ਸੋ ਅਸੀਂ ਸਿਫਤ ਸਲਾਹ ਨਾਲ ਪਿਆਰ ਕਰਦੇ ਹਾਂ ਤੇ ਉਹ ਪਿਆਰ ਕੀਤਾ ਜਾਂਦਾ ਹੈ। ਚਾਹੇ ਸਾਡਾ ਪਿਆਰ ਨਿਕਾ ਜੇਹਾ, ਪਰ 'ਪਿਆਰ' ਪਿਆਰ ਹੈ। 'ਹੀਰਾ ਕਣੀ' ਚਾਹੋ ਇਕ ਚਾਵਲ ਜਿੰਨੀ ਨਿੱਕੀ ਹੋਵੇ, ਪਰ ਉਹ 'ਹੀਰਾ' ਹੀ ਹੈ। ਛੋਟੀ ਹੋ ਕੇ ਉਹ ਹੀਰਿਓਂ ਪੁਖਰਾਜ ਯਾ ਕੱਚ ਨਹੀਂ ਬਣ ਜਾਂਦੀ। ਪਿਆਰ ਸਰੂਪ ਨੂੰ ਪਿਆਰ ਦੀ ਕਦਰ ਤੇ ਸਿਆਣ ਹੈ, ਕਿਉਂਕਿ ਉਹ ਚੇਤਨ ਹੈ। ਸਾਡੇ ਹਿਰਦੇ ਤੇ ਪ੍ਰੇਮ ਨਾਲ ਕੀਤੀ ਗਈ ਸਿਫਤ ਸਲਾਹ ਨੂੰ, ਚਾਹੋ ਉਹ ਅਤਿ ਥੋੜੀ ਹੈ, ਉਹ ਜਾਣਦਾ ਹੈ ਤੇ ਪ੍ਰੇਮ ਸਰੂਪ ਹੋਣ ਕਰਕੇ ਪਜਾਰਦਾ ਹੈ। ਸੋਚੋ, ਉਸਦਾ ਪਿਆਰ ਸਰੂਪ ਕੀ ਹੋਵੇ, ਜੇ ਉਹ ਅਪਣੇ ਨਾਲ ਕੀਤੇ ਗਏ ਪਿਆਰ ਨੂੰ ਨਾਂ ਪਛਾਣੇ ਤੇ ਨਾਂ ਸ੍ਵੀਕਾਰ ਕਰੇ! ਪਿਆਰ ਨੂੰ ਪਛਾਣਨਾ ਤੇ ਪਿਆਰ ਦਾ ਪਿਆਰ ਨਾਲ ਉੱਤਰ ਦੇਣਾ ਇਹ ਉਸਦੀ ਪ੍ਰੇਮ ਸਰੂਪਤਾ ਦਾ ਇਕ ਲੱਛਣ ਹੈ, ਇਹੀ ਉਸਦੀ 'ਵਿਦਿਤ ਪ੍ਰੇਮ ਸਰੂਪਤਾ' ਹੈ, ਇਹੀ ਉਸਦਾ ਬਿਰਦ ਹੈ ਯਾ ਉਸਦਾ ਧਰਮ ਹੈ ਯਾ ਇਉਂ ਕਹੋ ਕਿ ਪਿਆਰ ਦਾ ਇਕ ਸਰੂਪ ਹੀ ਇਹ ਹੈ। ਪਰੰਤੂ ਉਸਦਾ 'ਪਿਆਰ ਨੂੰ ਪਿਆਰ ਨਾਲ ਜਵਾਬ ਦੇਣਾ' ਉਸਦੀ ਲੋੜ ਦੀ ਦਲੀਲ ਨਹੀਂ ਹੋ ਸਕਦਾ। ਪਰਮਾਤਮ ਦੇਵ ਨਿਰਾ ਪ੍ਰਕ੍ਰਿਤੀ ਵਾਂਙੂ ਅਚੇਤਨ 'ਵਸਤੂ' ਨਹੀਂ, ਨਾਂ ਉਹ ਅਚੇਤਨ 'ਸ਼ਕਤੀ ਮਾਤ੍ਰ' ਹੈ, ਨਾਂ ਉਹ 'ਚੇਤਨ ਸ਼ਕਤੀ' ਮਾਤ੍ਰ ਹੀ ਹੈ ਕਿ ਜਿਸ ਵਿਚ ਭਾਵ ਯਾ ਪ੍ਰੇਮ ਨਹੀਂ ਹੈ, ਉਹ ਪ੍ਰੇਮ ਸਰੂਪ ਹੈ, ਇਸ ਕਰਕੇ ਪਜਾਰ ਕਰਦਾ ਹੈ ਤੇ ਪਜਾਰ ਕੀਤਾ ਜਾਏ ਤਾਂ ਪਜਾਰ ਨਾਲ ਜਵਾਬ ਵੀ ਦੇਂਦਾ ਹੈ! ਉਸ ਨੂੰ ਪਿਆਰਨ ਵਾਲੇ ਸਭ ਤੋਂ ਉੱਚੇ ਹਨ ਜੋ ਕੇਵਲ ਉਸ ਨੂੰ ਮਿਲਣ ਦੀ ਖ਼ਾਤਰ ਪਿਆਰ ਕਰਦੇ ਹਨ। ਐਸਾ ਕਰਨ ਵਾਲਿਆਂ ਨੂੰ ਉਹ ਪਿਆਰ ਨਾਲ ਮੇਲ ਬੀ ਲੈਂਦਾ ਹੈ। ਉਸ *'ਪੂਰਨ ਪੂਰਿ ਰਹੇ ਸੰਪੂਰਨ'* ਨੂੰ ਸਿਫਤ ਸਲਾਹ ਸੁਣਨ ਦੀ ਕਮਜ਼ੋਰੀ ਨਹੀਂ ਵਾਪਰੀ ਹੋਈ, ਜਿਵੇਂ ਸਾਨੂੰ ਹੁੰਦੀ ਹੈ, ਜਦੋਂ ਕਿ ਅਸੀਂ ਆਪੇ ਦੇ ਰਸ ਨੂੰ ਭੁਲਾਕੇ ਆਪਣੀ ਮਹਿਮਾਂ ਸੁਣਨ ਦੇ ਨਾਲ ਆਪਾ ਪੂਰਨ ਹੁੰਦਾ ਸਮਝਦੇ ਹਾਂ। ਉਹ ਸਮੁੰਦਰ ਹੈ ਉਸ ਨੂੰ ਲੋੜ ਨਹੀਂ ਕਿ ਮੇਰੇ ਉਤੇ ਆਕੇ ਮੀਂਹ ਪਵੇ ਤਾਂ ਮੈਂ ਪੂਰਨ ਹੋਣਾ ਹੈ। ਚਾਰ ਕਣੀਆਂ ਉਸ ਨੂੰ ਪੂਰਨ ਨਹੀਂ ਕਰਦੀਆਂ। ਸਾਡੀ ਸਿਫਤ ਸਲਾਹ ਨਿਕੇ ਨਿਕੇ ਜੰਤਾਂ ਦੀ ਕਿੰਨੀ ਕੁ ਹੋ ਸਕਦੀ ਹੈ ਮਿਕਦਾਰ ਵਿਚ ? ਪਰ ਪਿਆਰ ਦੀ ਸ਼ੈ ਹੋਣ ਕਰਕੇ ਉਹ ਕਬੂਲਦਾ, ਖੁਸ਼ ਹੁੰਦਾ ਤੇ ਅਗੋਂ ਪਜਾਰ ਕਰਦਾ ਹੈ। ਇਹ ਉਸਦੀ ਭਗਤ ਵੱਛਲਤਾ ਹੈ। ਸੋ ਉਸ ਨੂੰ ਜੋ ਪਿਆਰ ਕਰਦੇ ਹਨ ਉਹ ਪਿਆਰ ਦਾ ਫਲ ਪਿਆਰ ਪਾਉਂਦੇ ਹਨ। ਉਸ ਦੇ ਇਸ ਗੁਣ ਕਰਕੇ ਭਗਤ ਉਸ ਨੂੰ ਨਿਰਾ ਪਿਆਰ ਹੀ ਨਹੀਂ ਕਰਦੇ, ਸਗੋਂ ਉਸ ਦੇ ਪਿਆਰ ਤੇ ਮਾਣ ਵੀ ਕਰਦੇ ਹਨ ਤੇ ਉਹ ਭਗਤਾਂ ਦੇ ਮਾਣ ਤਾਣ ਪਿਆਰ ਪੁੰਜ ਹੋਣ ਕਰਕੇ ਪੂਰੇ ਵੀ ਕਰਦਾ ਹੈ। ਅਸਲ ਵਿਚ ਸਾਡੇ ਅੰਦਰ ਜੋ ਪਿਆਰ ਦੀ ਕਣੀ ਹੈ ਉਹ ਉਸੇ ਦੇ ਪਿਆਰ ਦੀ ਅੰਸ਼ ਹੈ। ਅੰਸ਼ ਆਪਣੇ ਅੰਸ਼ੀ ਵਲ ਉੱਛਲਦੀ ਹੈ। ਬਰਖੁਰਦਾਰ ਜੀ ! ਹੱਛੀ ਤਰ੍ਹਾਂ ਸਮਝ ਲੈਣਾ ਕਿ 'ਅੰਸ਼' ਅਪਣੇ 'ਅੰਸੀ' ਵਲ ਉੱਛਲਦੀ ਹੈ। ਅੰਸ਼ੀ ਆਪਣੀ ਵੱਲ ਉੱਲਰ ਰਹੀ ਅਪਣੀ ਅੰਸ਼ ਨੂੰ ਕਿਵੇਂ ਨਾਂ ਅਪਣਾਵੇਗਾ ? ਜਦੋਂ ਕਿ ਦੁਇ ਚੇਤਨ ਹਨ ਤੇ ਪ੍ਰੇਮਮਯ ਹਨ। ਦ੍ਰਿਸ਼ਟਾਂਤ ਦਾ ਇਕ ਅੰਗ ਲੈਣਾ ਹੈ। ਦੇਖੋ ਜਦ ਫੌਲਾਦ ਚੁੰਬਕ ਦੇ ਨੇੜੇ ਜਾਂਦਾ ਹੈ ਤਾਂ ਚੁੰਬਕ ਉਸ ਨੂੰ ਅਪਣੀ ਚੁੰਬਕ ਸ਼ਕਤੀ ਦਾਨ ਕਰ ਦੇਂਦਾ ਹੈ। ਚੁੰਬਕ ਨੂੰ ਤਾਂ ਲੋੜ ਨਹੀਂ ਸੀ ਕਿ ਲੋਹਾ ਆ ਕੇ ਮੇਰੇ ਨਾਲ ਲੱਗੇ ਤਾਂ ਮੈਂ ਸੰਪੂਰਨ ਥੀਵਾਂ। ਉਹ ਨੇੜੇ ਆਏ ਹੋਏ ਲੋਹੇ ਨੂੰ ਖਿੱਚਕੇ ਚੁੰਬਕ ਬਣਾ ਦਿੰਦਾ ਹੈ। ਸਿਫਤ ਸਲਾਹ ਨਾਲ ਵਾਹਿਗੁਰੂ ਪ੍ਰੇਮ ਸਰੂਪ ਦੇ ਨੇੜੇ ਹੋਏ ਪ੍ਰੇਮੀ ਜੀਵ ਨੂੰ ਕਰਤਾ ਪੁਰਖ ਆਪਣੇ ਪ੍ਰੇਮ ਦਾ ਰੰਗ ਚਾੜ੍ਹਕੇ ਪਰਮਾਤਮ ਸਰੂਪ ਕਰ ਲੈਂਦਾ

---

* ਕਹੁ ਕਬੀਰ ਇਹੁ ਰਾਮ ਕੀ ਅੰਸੁ॥ (ਗੌਂਡ ਕਬੀਰ ਜੀ-੫)

 www.sikhbookclub.com

ਹੈ। ਹੁਣ ਦੱਸੋ ਕੋਈ ਹੋਰ ਸ਼ੰਕਾ ਹੈ ?

ਗੱਭਰੂ ਨੇ ਕਿਹਾ-ਜੀ ਮੇਰੀ ਨਿਸ਼ਾ ਹੋਈ ਹੈ, ਆਪ ਵਾਂਙੂ ਸਾਨੂੰ ਕੋਈ ਪਿਆਰ ਨਾਲ ਅਸਲੀਅਤ ਨਹੀਂ ਦੱਸਦਾ। ਅਸੀਂ ਹੁੱਜਤਾਂ, ਮਸ਼ਕਰੀਆਂ ਤੇ ਟਿਚਕਰਾਂ ਦੇ ਮੰਡਲ ਵਿਚ ਪਲਦੇ ਹਾਂ, ਜੀਵਨ ਦੇ ਅਤਿ ਮਰਮੀ ਮਾਮਲਿਆਂ ਨੂੰ ਬੀ ਹਲਕੇਪਨ ਨਾਲ ਓਸੇ ਤਰ੍ਹਾਂ ਦਾ ਸਲੂਕ ਦੇਂਦੇ ਹਾਂ।

ਸੰਤ-ਆਪ ਹੁਣ ਜੇ ਹੋਰ ਕੁਛ ਨਹੀਂ ਪੁੱਛਣਾ ਤਾਂ ਬਿਰਾਜ ਜਾਓ। ਸਾਧ ਸੰਗਤ ਜੀ ! ਸ੍ਰੀ ਗੁਰੂ ਅਰਜਨ ਦੇਵ ਜੀ ਨੇ ਫੁਰਮਾਇਆ ਹੈ-'*ਗੁਨ ਗਾਵਤ ਤੇਰੀ ਉਤਰਸਿ ਮੈਲੁ॥ ਬਿਨਸਿ ਜਾਇ ਹਉਮੈ ਬਿਖੁ ਫੈਲੁ॥*' ਪਰਮੇਸ਼ੁਰ ਦੇ ਗੁਣ ਗਾਇਨ ਕਰਨ ਨਾਲ ਮਨ ਦੀ ਮੈਲ ਦੂਰ ਹੁੰਦੀ ਹੈ, ਹਉਮੈ ਦੂਰ ਹੁੰਦੀ ਹੈ ਤੇ ਇਸ ਦੀ ਬਾਹਰ ਵਰਤੋਂ ਵਿਚ ਜੋ ਵਿਹੁ ਰੂਪੀ ਫੈਲਾਵਟ-ਖੁਦਗਰਜ਼ੀ ਦੀ ਸ਼ਕਲ ਵਿਚ ਹੁੰਦੀ ਹੈ, ਦੂਰ ਹੋ ਜਾਂਦੀ ਹੈ, ਇਸ ਕਰਕੇ ਸ੍ਰੀ ਆਦਿ ਗੁਰੂ ਜੀ ਫੁਰਮਾਉਂਦੇ ਹਨ:- *ਜਿਨ੍ਹੀ ਸੋ ਸਾਲਾਹਿਆ ਪਿਆਰੇ ਹਉ ਤਿਨ੍ਹ ਬਲਿਹਾਰੈ ਜਾਉ॥*' ਇਸੇ ਗੁਣ ਗਾਯਨ ਨਾਲ ਆਪ ਫੁਰਮਾਉਂਦੇ ਹਨ ਕਿ ਕਲਯਾਣ ਪ੍ਰਾਪਤ ਹੁੰਦੀ ਹੈ। ਯਥਾ-'*ਤੂੰ ਸਚਾ ਸਾਹਿਬੁ ਸਿਫਤਿ ਸੁਆਲਿਉ ਜਿਨਿ ਕੀਤੀ ਸੋ ਪਾਰਿ-ਪਇਆ*[1]।' ਸੋ ਭਾਈ ਸਾਨੂੰ ਹੁਣ ਪਰਮੇਸ਼ੁਰ ਦੀ ਸਿਫਤਿ ਸਲਾਹ ਕਰਨ ਵਾਲਿਆਂ ਦੇ ਸਤਿਸੰਗ ਦੀ ਲੋੜ ਹੈ। ਉਨ੍ਹਾਂ ਨਾਲ ਸੰਗ ਕੀਤਿਆਂ ਇਸ ਦੀ ਜਾਚ ਆਉਂਦੀ ਹੈ ਤੇ ਉਨ੍ਹਾਂ ਨੂੰ ਸੁਖੀ ਵੇਖਕੇ ਆਪ ਇਸ ਮਾਰਗ ਤੇ ਟੁਰਨੇ ਦਾ ਚਾਉ ਵਧਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ:-

*ਸਾਲਾਹੀ ਸਾਲਾਹਣਾ ਪਿਆਰੇ ਦੂਜਾ ਅਵਰੁ ਨ ਕੋਇ॥ ਮੇਰੇ ਪ੍ਰਭ ਸਾਲਾਹਨਿ ਸੇ ਭਲੇ ਪਿਆਰੇ ਸਬਦਿ ਰਤੇ ਰੰਗੁ ਹੋਇ॥ ਤਿਸਕੀ ਸੰਗਤਿ ਜੇ ਮਿਲੈ ਪਿਆਰੇ ਰਸੁ ਲੈ ਤਤੁ ਵਿਲੋਇ॥੨॥*

*(ਸੋਰਠ ਮ: ੧ ਅਸਟ : ੩-੬੩੬)*

ਸਾਰੀ ਗੱਲ ਬਾਤ ਦਾ ਸਿੱਟਾ ਇਹ ਹੈ, ਸਾਧ ਸੰਗਤ ਜੀ ! ਕਿ ਗੁਰੂ ਨਾਨਕ ਦੇਵ ਜੀ ਆਪਣੇ ਅਕਾਲ ਪੁਰਖ ਨੂੰ ਪ੍ਰੇਮ ਸਰੂਪ ਦੇਖਦੇ ਤੇ ਵਰਣਨ ਕਰਦੇ ਹਨ, ਆਪਦਾ ਫੁਰਮਾਣ ਹੈ:-

"*ਆਪੇ ਪ੍ਰੀਤਿ ਪ੍ਰੇਮ ਪਰਮੇਸੁਰੁ ਕਰਮੀ ਮਿਲੈ ਵਡਾਈ॥*" *(ਪ੍ਰਭਾ: ਮ: ੧)*

ਫੇਰ ਸ੍ਰੀ ਗੁਰੂ ਜੀ ਆਪਣੇ ਪ੍ਰਭੂ ਬਾਬਤ ਫੁਰਮਾਉਂਦੇ ਹਨ:-

"*ਮੇਰਾ ਪ੍ਰਭੁ ਰਾਂਗਿ ਘਣੌ ਅਤਿ ਰੂੜੌ॥ ਦੀਨ ਦਇਆਲੁ ਪ੍ਰੀਤਮ ਮਨਮੋਹਨੁ ਅਤਿ ਰਸ ਲਾਲਸ ਗੂੜੌ॥*" *(ਪ੍ਰਭਾ: ਮ: ੧)*

ਅਰਥਾਤ ਮੇਰਾ ਪ੍ਰਭੂ ਡਾਢਾ ਪ੍ਰੇਮ ਵਾਲਾ ਤੇ ਡਾਢਾ ਸੁਹਣਾ ਹੈ, ਦੀਨਾਂ ਤੇ ਕ੍ਰਿਪਾਲੂ, ਬਹੁਤ ਹੀ ਪਜਾਰਾ ਤੇ ਮਨ ਨੂੰ ਮੋਹ ਲੈਣ ਵਾਲਾ ਹੈ, ਡਾਢੇ ਰਸ ਵਾਲਾ ਤੇ ਬਹੁਤ ਹੀ ਪ੍ਰਿਯ ਹੈ। ਉਸ ਅਤਿ ਸੁੰਦਰ ਤੇ ਪ੍ਰੇਮ ਸਰੂਪ ਦਾ ਪ੍ਰੇਮ-ਸੰਦੇਸ ਲੈ ਕੇ ਆਪ ਪ੍ਰੇਮ ਦਾ ਅਵਤਾਰ ਹੋ ਉਤਰੇ। ਇਸ ਲਈ ਆਪ ਨੇ ਇਨਸਾਨ ਨੂੰ ਪ੍ਰੇਮ ਸਿਖਾਇਆ। ਖਿਮਾ, ਸਹਾਰਾ, ਦਾਨ, ਭਲਾ ਕਰਨਾ, ਉਪਕਾਰ, ਸੇਵਾ ਸਭ ਪ੍ਰੇਮ ਦੇ ਅਸਲੀ ਸਰੂਪ ਹਨ, ਜੋ ਆਪ ਨੇ ਸਿਖਾਏ। ਪ੍ਰੇਮ ਸਰੂਪ ਦੀ ਪ੍ਰਾਪਤੀ ਲਈ ਬੀ ਆਪ ਨੇ ਪ੍ਰੇਮ ਹੀ ਸਿਖਾਇਆ ਤੇ ਦੱਸਿਆ ਕਿ ਉਸ ਰੂਪ ਰੇਖ ਤੋਂ ਨਿਆਰੇ ਪਰ ਸਤਿ ਸਰੂਪ, ਚੇਤਨ ਸਰੂਪ ਤੇ ਪ੍ਰੇਮ ਸਰੂਪ ਦੀ ਪ੍ਰਾਪਤੀ ਦਾ ਰਾਹ ਪ੍ਰੇਮ ਹੈ। ਉਸ ਪਜਾਰੇ ਅੱਗੇ ਅਰਦਾਸ, ਉਸ ਪ੍ਰੀਤਮ ਦੀ ਹਜ਼ੂਰੀ ਵਿਚ ਵਾਸ, ਉਸਦਾ ਸਿਮਰਣ, ਉਸਦਾ ਗੁਣ ਕਥਨ, ਸਿਫਤ ਸਲਾਹ-ਗੁਰਬਾਣੀ ਦੁਆਰਾ ਕੀਰਤਨ ਇਹ ਪ੍ਰੇਮ ਪ੍ਰਾਪਤੀ ਦੇ ਸਾਧਨ ਸਿਖਾਏ। ਸਾਧ ਸੰਗਤ ਜੀ ! 'ਅਰਦਾਸ' ਬਾਬਤ ਆਪ ਵਿਚ ਬੈਠੇ ਭਾਈ ਚਾਨਣ ਸਿੰਘ ਨਾਲ[2] ਸਾਡੀ ਵਿਚਾਰ ਹੋ ਚੁਕੀ ਹੈ, ਨਾਮ ਸਿਮਰਣ, ਹਜ਼ੂਰੀ ਵਾਸ' ਬਾਬਤ ਕੁਛ ਵੀਚਾਰ ਅੱਜ

---

1. ਚੌਥੀ ਪਾਤਸ਼ਾਹੀ ਜੀ ਦਾ ਬੀ ਫੁਰਮਾਣ ਹੈ:-ਤੇਰੀ ਸਿਫਤਿ ਸੁਆਲਿਓ ਸਰੂਪ ਹੈ, ਜਿਨਿ ਕੀਤੀ ਤਿਸੁ ਪਾਰਿ ਲੰਘਾਈ॥
(ਗਉ : ਵਾ: ਮ: ੪-੧)

2. ਦੇਖੋ ਇਸ ਤੋਂ ਪਹਿਲਾਂ ਲੇਖ 'ਪੀੜਾ ਹਰਨ ਦਾਤਾ'।


www.sikhbookclub.com

ਇਸ ਤੋਂ ਪਹਿਲਾਂ ਹੋ ਚੁਕੀ ਹੈ, ਕੁਛ ਫੇਰ ਸਹੀ। ਕੀਰਤਨ ਬਾਬਤ, ਹੁਣ ਜੋ ਕੁਛ ਗੁਰਮਤਿ ਤੋਂ ਸੋਝੀ ਮਿਲੀ ਤੇ ਤਜਰਬੇ ਵਿਚ ਆਇਆ ਹੈ, ਸੁਣਾ ਚੁਕਾ ਹਾਂ। ਜਿਸ ਦਾ ਸਾਰ ਇਹ ਹੈ, ਹਰਿ ਕੀਰਤਨ ਨਾਲ ਸਰੀਰ ਸੁਖੀ ਹੁੰਦਾ ਹੈ, ਆਪੇ ਵਿਚ ਜੁੜਦਾ ਹੈ, ਨਿਰਮਲ ਥੀਂਦਾ ਹੈ ਤੇ ਬਲ ਪਕੜਦਾ ਹੈ। ਸਾਧ ਸੰਗਤ ਜੀ ! ਖਿੰਡੀ ਚੀਜ਼ ਕਮਜ਼ੋਰ ਹੁੰਦੀ ਹੈ, ਇਕੱਠੀ ਹੋਈ-ਏਕਾਗ੍ਰ ਹੋਈ-ਬਲਵਾਨ ਹੁੰਦੀ ਹੈ। ਘੜੀ ਦਾ ਫਨਰ ਖਿੰਡ ਜਾਏ ਤਾਂ ਬਲਹੀਨ ਹੋ ਜਾਂਦਾ ਹੈ, ਕੱਠਾ ਕਰੋ ਤਾਂ ਬਲਵਾਨ ਹੋ ਜਾਂਦਾ ਹੈ। ਜਗਤ ਤੇ ਜਿਤਨੇ ਵਡੇ ਲੇਖਕ, ਦਾਰਸ਼ਨਿਕ, ਕਾਢਾਂ ਕੱਢਣ ਵਾਲੇ, ਨਵੇਂ ਉਨਰ, ਸ਼ਿਲਪਕਾਰੀਆਂ ਤੇ ਕਾਰੀਗਰੀਆਂ ਦੇ ਕੱਢਣ ਵਾਲੇ ਹੋਏ ਹਨ ਇਕ ਇਕ ਵਿਸ਼ੇ ਤੇ ਏਕਾਗ੍ਰ ਮਨ ਕਰਕੇ ਲੱਗਣ ਨਾਲ ਹੀ ਹੋਏ ਹਨ। ਸੋ ਮਨ ਜੁੜਿਆ ਜਦ ਨਿਰੋਲ ਆਪੇ ਵਿਚ ਜੁੜਦਾ ਹੈ ਤਾਂ ਆਪੇ ਦੇ ਬਲ ਵਿਚ ਆਉਂਦਾ ਤੇ ਆਪੇ ਦੇ ਰਸ ਦਾ ਜਾਣਨਹਾਰ ਤੇ ਮਾਣਨਹਾਰ ਹੋ ਜਾਂਦਾ ਹੈ। ਉਸ ਦਾ ਉਪਰਾਲਾ-ਸਭ ਤੋਂ ਸੌਖਾ ਤੇ ਮਨੋ ਰੰਜਕ ਕਸ਼ਟ ਬਿਹੀਨ ਉਪਰਾਲਾ-ਹਰਿ ਕੀਰਤਨ ਹੈ ਤੇ ਹਰੀ ਕੀਰਤਨ ਹੀ ਉਸ ਪ੍ਰੇਮਪੁੰਜ ਪਰਮਾਤਮ ਦੇਵ ਦੀ ਪ੍ਰਾਪਤੀ ਤਕ ਲੈ ਜਾਂਦਾ ਹੈ। ਸੋ ਸਾਰਾ ਮਾਰਗ ਪ੍ਰੇਮ ਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸਾਰਾ ਆਦਰਸ਼ ਇਸ ਥੋੜ੍ਹੇ ਸਮੇਂ ਵਿਚ ਨਿਰੂਪਣ ਨਹੀਂ ਹੋ ਸਕਦਾ। ਉਸਦਾ ਵਿਸ਼ਯ-ਕੀਰਤਨ-ਕੁਛ ਨਿਰੂਪਣ ਕੀਤਾ ਹੈ। ਹੁਣ ਮੇਰਾ ਚਿੱਤ ਹੈ ਕਿ ਮੈਂ ਆਪ ਅੱਗੇ ਗੁਰੂ ਨਾਨਕ ਦੇਵ ਜੀ ਦੇ ਇਸ ਆਦਰਸ਼ ਵਰਣਨ ਕਰਨ ਦੇ ਮਗਰੋਂ ਉਨ੍ਹਾਂ ਦੇ ਅਮਲੀ ਜੀਵਨ ਦਾ ਇਕ ਅੱਧ ਪ੍ਰਸੰਗ ਸੁਣਾਵਾਂ ਜੋ ਆਪ ਨੂੰ ਰਸ ਆਵੇ ਕਿ ਗੁਰ ਨਾਨਕ ਦੇਵ ਜੀ ਜੋ ਕਹਿੰਦੇ ਸਨ ਸੋ ਕਰਦੇ ਸਨ, ਜੋ ਕਰਦੇ ਸਨ ਸੋ ਕਹਿੰਦੇ ਸਨ। ਉਹ ਕਹਿਣੀ ਕਥਨੀ ਦਾ ਸੂਰਾ ਪ੍ਰੇਮ ਪੁੰਜ ਸੱਚ ਹੀ ਸੱਚ ਸੀ। ਜੀਵਨ ਦੀਆਂ ਕਰਨੀਆਂ ਸੁਣਕੇ ਉਤਸ਼ਾਹ ਬਹੁਤ ਵਧਦਾ ਹੈ ਤੇ ਅਮਲ ਕਰਨੇ ਲਈ ਮਨ ਜ਼ੋਰ ਫੜਦਾ ਹੈ। ਕਿਉਂ ਸਾਧ ਸੰਗਤ ਜੀ ! ਆਗਜਾ ਹੈ?

ਅਵਾਜ਼ ਆਈ-ਆਗਜਾ ਸਤਿਗੁਰ ਦੀ।

## ੨. (ਗੁਰ ਨਾਨਕ ਕਰਨੀ)

**ਇਕ** ਪਾਸੇ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਇਨਸਾਨੀ ਜੀਵਨ ਦੀਆਂ ਮਰਮੀ ਤੈਹਾਂ ਤਕ ਰਸਤੇ ਖੁਹਲਦੇ ਹਨ, ਜੀਵਨ ਦੀਆਂ ਮੁਸ਼ਕਲਾਂ ਹੱਲ ਕਰਦੇ ਹਨ; ਇਨਸਾਨ ਦੇ ਸੁਖ ਦੇ ਪਰਮ ਉੱਚੇ ਰਸਤੇ ਦੱਸਦੇ ਹਨ ਤੇ ਜਗਤ ਦੀ ਧੁਰ ਅਸਲੀਅਤ ਤਕ ਰਹਨੁਮਾਈ ਕਰਕੇ ਲੈ ਜਾਂਦੇ ਹਨ। ਦੂਜੇ ਪਾਸੇ ਇਨਸਾਨ ਦੀ ਨਿੱਕੀ ਨਿੱਕੀ ਮੁਸ਼ਕਲ ਦੇ ਹੱਲ ਲਈ, ਛੋਟੇ ਛੋਟੇ ਦੁਖਾਂ ਦੀ ਨਵਿਰਤੀ ਲਈ, ਜੋ ਉਸਨੂੰ ਪੀੜਤ ਕਰਦੇ ਹਨ, ਹਰ ਵੇਲੇ ਤਿਆਰ ਰਹਿੰਦੇ ਹਨ। ਫਿਰ ਦਿਲ ਦੀਆਂ ਵਿਸ਼ਾਲ ਮਰਮੀ ਪੀੜਾਂ ਲਈ ਵੀ ਧਾ ਪਹੁੰਚਦੇ ਹਨ। ਹਾਂ, ਉਨ੍ਹਾਂ ਦਾ ਸਰੂਪ ਪ੍ਰੇਮ ਹੈ ਤੇ ਪ੍ਰੇਮ ਹੀ ਉਨ੍ਹਾਂ ਦਾ ਵਰਤਾਉ ਹੈ। ਏਹ ਗੱਲਾਂ ਉਨ੍ਹਾਂ ਦੇ ਉਪਦੇਸ਼ਾਂ ਤੇ ਉਨ੍ਹਾਂ ਦੀ ਬਾਣੀ ਵਿਚ ਬਹੁਤ ਸੁਹਣੀ ਤਰ੍ਹਾਂ ਨਿਰੂਪਣ ਹੈਨ ਅਤੇ ਉਨ੍ਹਾਂ ਦੇ ਅਪਣੇ ਇਨਸਾਨੀ ਜੀਵਨ ਵਿਚ ਉਨ੍ਹਾਂ ਦੇ ਪਿਆਰ ਦੇ ਵਾਕਿਆਤ ਅਨੇਕਾਂ ਹਨ। ਉਹ ਪ੍ਰੇਮ ਪੁੰਜ ਸਨ, ਪ੍ਰੇਮ ਉਨ੍ਹਾਂ ਦਾ ਪਰਮੇਸ਼ੁਰ ਸੀ, ਪ੍ਰੇਮ ਉਨ੍ਹਾਂ ਦਾ ਆਦਰਸ਼ ਸੀ, ਪ੍ਰੇਮ ਉਨ੍ਹਾਂ ਦੀ ਵਰਤੋਂ ਸੀ। ਗੁਰ ਨਾਨਕ ਪ੍ਰੇਮ ਵਰਖਾ ਕਰਨੇ ਵਾਲਾ ਇਕ ਪ੍ਰੇਮ-ਮੇਘ ਸੀ, ਜਿਸ ਤੋਂ ਸਭ ਕਿਸੇ ਨੂੰ ਪ੍ਰੇਮ ਦੀ ਸ੍ਵਾਂਤੀ ਬੂੰਦ ਮਿਲਦੀ ਸੀ। ਸੋ ਹੁਣ ਆਪ ਨੂੰ ਆਪਦੇ ਜੀਵਨ ਦਾ ਇਕ ਗੁਜ਼ਰਿਆ ਇਤਿਹਾਸਿਕ ਵਾਕਿਆ ਸੁਣਾਉਂਦਾ ਹਾਂ, ਜਿਸ ਤੋਂ ਦੁਇ ਗੱਲਾਂ ਨਿਰੂਪਣ ਹੋ ਜਾਣਗੀਆਂ ਕਿ ਛੋਟੀ ਤੋਂ ਛੋਟੀ ਪੀੜਾ ਦਾ ਹਮਦਰਦੀ ਤੇ ਪਯਾਰ ਨਾਲ ਨਜਿੱਠਣ ਵਾਲਾ ਦਾਤਾ ਕੀਕੂੰ ਵੱਡੀ ਤੋਂ ਵੱਡੀ ਪ੍ਰੇਮ ਪੀੜਾ ਦੀ ਨਵਿਰਤੀ ਲਈ ਆਪਣੇ ਤੇ ਖੇਚਲਾਂ ਲੈਂਦਾ ਤੇ ਉਨ੍ਹਾਂ ਨੂੰ ਨਿਵਾਰਨ ਲਈ ਇਨਸਾਨੀ ਦਿਲ ਦਾ ਦੋਸਤ, ਪਿਆਰਾਂ ਦਾ ਸਾਂਈਂ ਕਿ ਤਾਰਨਹਾਰ ਦਾਤਾ ਹੋ ਕੇ ਅਮਲੀ ਜੀਵਨ ਵਿਚ ਵਰਤਦਾ ਸੀ। ਜਿਸ ਤੋਂ ਕਿ ਅਸਾਂ ਇਹ ਸੁਮਤਿ ਲੈਣੀ ਹੈ ਕਿ ਇਨਸਾਨ ਜਗਤ ਵਿਚ ਪਸ਼ੂ ਪੰਛੀਆਂ ਸਮਾਨ ਆਪਣੇ ਹੀ ਸੁਖ ਲਈ ਨਹੀਂ

ਆਇਆ, ਇਸਦੇ ਅੰਦਰ ਅਕਲ ਤੋਂ ਵੱਖਰਾ ਜੋ ਵਲਵਲੇ ਦਾ ਗੁੰਝਲਦਾਰ ਪਿੰਨਾ ਹੈ, ਉਸ ਵਿਚ ਪ੍ਰੇਮ ਦਾ ਸੂਤ ਹੈ। ਅਰਥਾਤ ਉਹ ਪਜਾਰ ਦਾ ਕੁਦਰਤੀ ਸਾਮਾਨ ਇਸ ਦੀ ਫਿਤਰਤ ਵਿਚ ਹੈ ਜੋ ਇਸ ਦੇ ਅਗਜਾਨ ਨੇ ਅੜੇ ਅੜਾ ਕੇ ਗੁੰਝਲਦਾਰ ਕਰ ਛੱਡਿਆ ਹੈ ਤੇ ਜਿਸ ਦਾ ਫਲ ਨਾਂ ਆਤਮ ਸੁਖ ਨਿਕਲ ਰਿਹਾ ਹੈ ਤੇ ਨਾ ਇਸ ਤੋਂ ਜਗਤ ਨੂੰ ਸੁਖ ਪਹੁੰਚ ਰਿਹਾ ਹੈ। ਹਾਲਾਂਕਿ ਪ੍ਰਯੋਜਨ ਇਹ ਸੀ ਕਿ ਉਸ ਨਾਲ ਇਸ ਦੀ ਅਕਲ ਕਹੋ, ਬੁਧੀ ਕਹੋ, ਵੀਚਾਰ ਸ਼ਕਤੀ ਕਹੋ, ਪੱਛਮੀ ਬੋਲੀ ਵਿਚ ਇੰਟੇਲੈਕਟ (Intellect) ਕਹੋ, ਇਸ ਨੇ ਰਸਦਾਇਕ ਹੋਕੇ ਵਰਤਣਾ ਸੀ। ਸਾਧ ਸੰਗਤ ਜੀ! ਨਿਰੀ ਅਕਲ ਆਦਮੀ ਨੂੰ ਨਜਾਯਵੇਤਾ ਤੇ ਨਜਾਯ ਦਾ ਵਰਤੀ ਤਾਂ ਬਣਾਉਂਦੀ ਹੈ, ਪਰ ਇਸ ਦੇ ਅੰਦਰ ਜੋ ਵਲਵਲੇ ਹਨ, ਯਾ ਵਧੇਰੇ ਸੁਹਣੀ ਤਰ੍ਹਾਂ ਕਹੋ: ਜੋ ਇਸਦੇ ਅੰਦਰ 'ਭਾਵ' ਹੈ, ਉਹ ਪ੍ਰੇਮ ਦਾ ਰੂਪ ਹੈ। ਸਾਰੀਆਂ ਹੁੱਬਾਂ ਪ੍ਰੇਮ ਦੇ ਹੀ ਪਰਤਵੇਂ ਸਰਤਵੇਂ ਰੂਪ ਹਨ। ਵਲਵਲੇ ਦੇ ਦੋ ਰੂਪ ਹਨ। ਇਕ ਤਾਂ ਸਾਡੇ ਵਲਵਲੇ ਪਸੂਆਂ ਨਾਲ ਸਾਂਝੇ ਤੇ ਉਨ੍ਹਾਂ ਵਰਗੇ ਹੀ ਹਨ। ਇਨ੍ਹਾਂ ਉੱਤੇ ਅਕਲ ਦਾ-ਬੁੱਧੀ ਦਾ ਕੁੰਡਾ ਲੋੜੀਦਾ ਹੈ, ਪਰ ਅਕਲ ਐਸੇ ਕਾਬੂ ਤੇ ਵਸੀਕਾਰ ਵਰਤਦੀ ਹੋਈ ਸਾਡੇ ਅੰਦਰਲੇ ਨੂੰ ਕਰੱਖਤ ਜੇਹਾ ਬਣਾ ਦੇਂਦੀ ਹੈ ਸਾਡੇ ਅੰਦਰ ਇਕ ਉੱਚਾ ਵਲਵਲਾ ਹੈ ਯਾ ਇਉਂ ਕਹੋ ਕਿ ਸਾਡੇ ਅੰਦਰ ਜੋ ਭਾਵ ਹੈ ਉਸਦਾ ਇਕ ਸਰੂਪ ਉਚੇਰਾ ਹੈ। ਇਹ ਅਕਲ ਤੋਂ ਅਰਥਾਤ ਨਿਰੀ ਬੁੱਧੀ ਦੇ ਵਰਤਾਉ ਨਾਲ ਹੋ ਗਈ ਇਸ ਕਰਖਤਤਾਈ ਨੂੰ ਫੇਰ ਨਰਮੀ ਤੇ ਕੋਮਲਤਾ ਦੇਂਦਾ ਹੈ। ਹਾਂ, ਵਲਵਲੇ ਦਾ ਉੱਚਾ ਹਿੱਸਾ-ਅੰਦਰਲਾ ਭਾਵ ਇਸ ਅਕਲ ਤੋਂ ਉਚੇਰੀ ਵਸਤੂ ਹੈ। ਅਕਲ' ਤੇ 'ਭਾਵ' ਦੁਇ ਚੀਜ਼ਾਂ ਦਾ ਸਮ ਵਰਤਾਉ ਤੇ ਉੱਨਤੀ ਇਨਸਾਨ ਨੂੰ ਮੁਕੰਮਲ ਬਣਾ ਸਕਦੀ ਹੈ। ਨਿਰੇ ਵਲਵਲੇ ਵਿਚ ਦੌੜ ਭੱਜ ਹੈ ਪਿਆਰੀਆਂ ਲੱਗੀਆਂ ਚੀਜ਼ਾਂ ਵੱਲ, ਜਿਨ੍ਹਾਂ ਦੇ ਫਲ ਕਈ ਵੇਰ ਮਾੜੇ ਨਿਕਲਦੇ ਹਨ। ਇਹ ਹਿੱਸਾ ਸਾਡੇ ਮਨ ਦਾ ਹੈ; ਮਨ ਧਾਵਦਾ ਹੈ, ਯੋਗ ਅਯੋਗ ਸਭ ਕੁਛ ਵੱਲ। ਮਨ ਨੂੰ ਫੇਰ ਬੁੱਧੀ, ਜਿਸ ਵਿਚ ਤੋਲ ਵੱਸਦਾ ਹੈ, ਜਾਚ ਦੱਸਦੀ ਹੈ, ਕਿ ਆਹ ਗੱਲ ਠੀਕ ਹੈ; ਸੁਖਦਾਈ ਹੈ, ਇਸਦਾ ਪ੍ਰਣਾਮ ਅੱਛਾ ਹੈ, ਆਹ ਗੱਲ ਮਾੜੀ ਹੈ, ਇਸਦਾ ਪ੍ਰਣਾਮ ਮਾੜਾ ਹੈ, ਸਰੀਰ ਲਈ ਮਾੜਾ ਹੈ, ਮਨ ਲਈ ਮੰਦਾ ਹੈ, ਆਤਮਾ ਲਈ ਬੰਧਨ ਰੂਪ ਹੈ, ਭਾਈਚਾਰੇ ਲਈ ਦੁਖਦਾਈ ਹੈ। ਇਸ ਤੋਲਣ ਵਾਲੀ ਤੇ ਸਦਾ ਹਿਸਾਬ ਕਰਨ ਵਾਲੀ ਬੁੱਧੀ ਨਾਲ, ਯਾ ਕਹੋ ਅਕਲ ਦੇ ਏਸ ਗੁਣ ਨਾਲ ਨਿਰਨਾਂ ਹੋ ਜਾਂਦਾ ਹੈ, ਪਰ ਆਪੇ ਵਿਚ ਇਕ ਤਰ੍ਹਾਂ ਦੀ ਕਰਖਤਤਾ ਬੀ ਪੈਦਾ ਹੋ ਜਾਂਦੀ ਹੈ। ਉਸਨੂੰ ਕੋਮਲ ਕਰਨੇ ਲਈ ਉੱਚੇ ਵਲਵਲੇ ਯਾ ਭਾਵ ਦਾ ਫੇਰ ਕੰਮ ਆ ਪੈਂਦਾ ਹੈ। ਇਹ ਸ਼ੈ ਕਰਤਾ ਪੁਰਖ ਨੇ ਅੰਦਰ ਧਰੀ ਹੋਈ ਹੈ ਤੇ ਕਰਤਾ ਪੁਰਖ ਆਪ ਅੰਦਰ ਹੈ ਅਰਥਾਤ ਉਹ ਕਰਤਾਰ ਹਰੇਕ ਦੇ ਅੰਦਰ ਅੰਤਰਯਾਮੀ ਹੈ। ਅੰਤਰਯਾਮੀ ਦਾ ਮਤਲਬ ਹੈ ਉਹ ਅੰਦਰ ਬੈਠਾ ਹੈ। ਅੰਦਰ ਬੈਠਾ ਹੋਣ ਕਰਕੇ ਉਹ ਸਾਡੀ ਬੁੱਧੀ ਨੂੰ ਆਪਣੇ ਪ੍ਰੇਮ ਦਾ ਰੰਗ ਦਾਨ ਕਰਦਾ ਹੈ, ਇਸ ਕਰਕੇ ਖਾਲਸਾ ਜੀ ਰੋਜ਼ ਅਰਦਾਸ ਕਰਦੇ ਹਨ- 'ਮਨ ਨੀਵਾਂ, ਮਤਿ ਉਚੀ, ਮਤਿ ਕਾ ਰਾਖਾ ਵਾਹਿਗੁਰੂ ਹੋਵੇ'। ਸੋ ਗੁਰੂ ਨਾਨਕ ਦੇਵ ਜੀ ਦਾ ਜੀਵਨ ਵਾਕਯਾ ਜੋ ਮੈਂ ਦੱਸਣਾ ਲੋੜਦਾ ਹਾਂ, ਉਸ ਤੋਂ ਸੁਮਤਿ ਮਿਲੇਗੀ ਕਿ ਸਾਨੂੰ ਕੀਕੂੰ ਬੁੱਧੀ ਦੀ ਤੋਲਣਾ ਤੇ ਫੇਰ ਹਮਦਰਦੀ ਵਾਲਾ ਪਿਆਰ ਕਰਨਾ ਲੋੜੀਦਾ ਹੈ ਜੋ ਸਾਨੂੰ ਸੁਖੀ ਤੇ ਜਗਤ ਦਾ ਸੁਖਦਾਈ ਬਣਾਵੇ ਤਾਂ ਜੋ ਜਗਤ ਵਿਚੋਂ ਕਸ਼ਟ ਘਟੇ ਤੇ ਮਿਟੇ।

ਲਾਹੌਰ ਸ਼ਹਿਰ ਵਿਚ ਉਸ ਸਮੇਂ ਇਕ ਵਪਾਰੀ ਸੀ ਮਨਸੁਖ ਨਾਮ ਦਾ। ਇਸ ਦੀ ਦੁਕਾਨ ਦੇਸ਼ ਦਾ ਵਪਾਰ ਬੀ ਕਰਦੀ ਸੀ ਤੇ ਪਰਦੇਸ਼ਾਂ ਵਿਚ ਬੀ ਇਸ ਦੇ ਲੈਣ ਦੇਣ ਤੇ ਵਪਾਰ ਸਨ। ਸੰਗਲਾਦੀਪ ਤਕ ਤੋਂ ਇਸਦੇ ਮਾਲ ਆਉਂਦੇ ਤੇ ਇਧਰ ਦੇ ਮਾਲ ਉਧਰ ਜਾਂਦੇ ਸਨ। ਇਕ ਦਿਨ ਇਸ ਦੀ ਦੁਕਾਨ ਤੇ ਇਕ ਭਗੀਰਥ ਨਾਮ ਦਾ ਗ੍ਰਾਹਕ ਆਇਆ ਤੇ ਉਸ ਨੇ ਕੁਛ ਮਾਲ ਕਿਹਾ ਕਿ ਲੈ ਦਿਓ ਯਾ ਆਪਣੇ ਪਾਸੋਂ ਦਿਵਾਓ। ਉਹ ਮਾਲ ਸੀ ਕਾਕੀ ਦੇ ਵਿਆਹ ਦੀ ਸੌਜ। ਮਨਸੁਖ ਨੇ ਆਦਰ ਨਾਲ

ਬਿਠਾ ਲਿਆ ਤੇ ਕਿਹਾ ਕਿ ਆਪ ਸਾਡੇ ਆੜ੍ਹਤ ਵਾਲੇ ਮਕਾਨ ਤੇ ਉਤਾਰਾ ਕਰੋ, ਦੋ ਤ੍ਰੈ ਦਿਨਾਂ ਵਿਚ ਸਾਰਾ ਕੁਛ ਤਯਾਰ ਹੋ ਜਾਏਗਾ। ਭਗੀਰਥ ਨੇ ਆਖਿਆ-ਭਾਈ! ਮੈਂ ਲਾਹੌਰ ਵਿਚ ਇਕ ਰਾਤ ਤੋਂ ਵਧੀਕ ਨਹੀਂ ਰਹਿਣਾ, ਜੇ ਰਹਾਂ ਤਾਂ ਮੇਰਾ ਜਨਮ ਵਿਗੜੇਗਾ, ਸੋ ਜੋ ਕੁਛ ਹੋ ਸਕਦਾ ਹੈ, ਕਲ ਤਕ ਸਾਰਾ ਪ੍ਰਬੰਧ ਕਰ ਦਿਓ। ਮਨਸੁਖ ਨੇ ਅਚੰਭਾ ਹੋਕੇ ਕਿਹਾ- ਭਲਾ ਹੋਵੀ ਸੱਜਣਾਂ! ਜੇ ਤੇਰਾ ਮਾਲਕ ਕੋਈ ਡਾਢਾ ਹੈ ਤੇ ਉਸ ਦਾ ਹੁਕਮ ਹੈ ਕਿ ਇਕ ਰਾਤ ਤੋਂ ਵਧੀਕ ਨਾ ਰਹਵੀ, ਤਾਂ ਤੇ ਹੋ ਸਕਦਾ ਹੈ ਕਿ ਵੱਧ ਰਹੇਂ ਤਾਂ ਉਹ ਤੈਨੂੰ ਦੰਡ ਦੇਵੇ? ਪਰ ਉਹ ਕੌਣ ਹੈ ਜਿਸ ਦੇ ਕਹੇ ਨੂੰ ਨਾ ਪੂਰਾ ਕਰਨੇ ਤੇ ਜਨਮ ਵਿਗੜਦਾ ਹੈ? ਭਗੀਰਥ ਨੇ ਕਿਹਾ- ਭਾਈ ਮੇਰਾ ਮਾਲਕ ਮੇਰੀ ਤਨਖਾਹ ਦੇਣ ਵਾਲਾ ਨਹੀਂ, ਉਹ ਮੇਰਾ ਗੁਰੂ ਹੈ ਤੇ ਗੁਰੂ ਦਾ ਹੁਕਮੋਂ ਪੂਰਾ ਨਾ ਕਰਨੇ ਤੇ ਜਨਮ ਵਿਗੜਦਾ ਹੈ। ਮਨਸੁਖ ਬੋਲਿਆ ਭਾਈ ਕਲੂਕਾਲ ਦਾ ਸਮਾਂ ਹੈ, ਮਤਲਬ ਲਈ ਗੁਰੂ, ਮਤਲਬ ਲਈ ਚੇਲੇ ਤੇ ਮਤਲਬ ਗੁਰੂ ਦੀ ਨਿੰਦਾ ਕਰਨ ਵਾਲੇ ਤੇ ਗੁਰੂ ਚੇਲੇ ਦੀ ਰਹੁਰਾਸ ਨੂੰ ਨਿੰਦਣ ਵਾਲੇ। ਐਸਾ ਕੌਣ ਗੁਰੂ ਇਸ ਜੁਗ ਵਿਚ ਹੈ ਕਿ ਜਿਸ ਦਾ ਹੁਕਮ ਮੋੜਨੇ ਤੇ ਜਨਮ ਵਿਗੜ ਸਕਦਾ ਹੈ? ਭਗੀਰਥ ਨੇ ਕਿਹਾ-ਭਾਈ! ਹੈ ਤਾਂ ਉਹ ਤੇਰੇ ਵਰਗਾ ਗਦੀ ਲਾਕੇ ਬੈਠਾ ਹੋਯਾ ਹਟ ਪਟਣ ਬਾਜਾਰ ਵਾਲਾ, ਤੋਲਦਾ ਹੈ, ਦੇਂਦਾ ਹੈ ਤੇ ਵਪਾਰ ਕਰਦਾ ਹੈ, ਪਰ ਅਤੀਤਾਂ ਤੋਂ ਵੱਧ ਅਤੀਤ। ਮਾਇਆ ਨਾਲ ਮੋਹ ਨਹੀਂ, ਜਿੰਨੀ ਮਿਲਦੀ ਹੈਸੁ ਸਾਰੀ ਲੋੜਵੰਦਾ ਤੇ ਅਰ ਦੁਖੀਆਂ ਦੇ ਦੁਖ ਹਰਨ ਤੇ ਲਾ ਛੋੜਦਾ ਹੈ। ਫੇਰ ਆਪਣੇ ਸਾਂਈਂ ਨਾਲ ਐਸਾ ਜੁੜਿਆ ਹੈ ਕਿ ਉਸ ਦਾ ਰੂਪ ਹੋ ਗਿਆ ਹੈ, ਜਿਵੇਂ ਸੋਨੇ ਦਾ ਗੋਲਾ ਅੱਗ ਵਿਚ ਪਿਆ ਰਹੇ ਤਾਂ ਅੱਗ ਦਾ ਰੂਪ ਹੀ ਹੋ ਜਾਂਦਾ ਹੈ। ਭਾਈ ਮੈਨੂੰ ਸਮਝ ਨਹੀਂ, ਉਹ ਤਾਂ ਆਪ ਹੀ ਅਗਨੀ ਦਾ ਰੂਪ ਹੈ। ਸਾਰਾ। ਸੋ ਉਸ ਦਾ ਹੁਕਮ ਪੂਰਾ ਕਰਨਾ ਆਪਣੇ ਆਪ ਨੂੰ ਉਸਦਾ ਪਿਆਰ ਪਾਤ੍ਰ ਬਨਾਉਣਾ ਹੈ। ਹੁਕਮ ਮੈਨੂੰ ਇਹ ਹੈ ਕਿ ਇਕ ਰਾਤ ਤੋਂ ਵੱਧ ਲਾਹੌਰ ਨਹੀਂ ਠਹਿਰਨਾ, ਜਾਪਦਾ ਹੈ ਕਿ ਜਿਸ ਲਈ ਇਹ ਸੌਂਜ ਅਣਵਾਈ ਹੈ, ਉਸ ਦਾ ਕਾਰਜ ਬਹੁਤ ਕਾਹਲੀ ਦਾ ਹੈ। ਮਨਸੁਖ ਬੋਲਿਆ-ਹੱਛਾ ਬਈ, ਪਰ ਅਚਰਜ ਹੈ ਕਲੂਕਾਲ ਤੇ ਐਸਾ ਪੂਰਾ ਗੁਰੂ!..... ਮੈਂ ਬੀ ਬਹੁਤ ਤਲਾਸ਼ ਕੀਤੀ ਸੀ ਪਰ ਭਟਕਣਾ ਹੀ ਪੱਲੇ ਪਈ ਹੈ। ਹਛਾ........ਤੇਰਾ ਕੰਮ ਕਰਦੇ ਹਾਂ..... ਸਾਨੂੰ ਬੀ ਲੈ ਚੱਲ ਖਾਂ ਨਾਲ, ਅਸੀਂ ਬੀ ਪਰਤਾਵਾ ਲਈਏ ਕਿ ਪੂਰਾ ਹੈ ਜੈਸਾ ਤੁਸਾਂ ਨੇ ਆਖਿਆ ਹੈ ਕਿ ਤੁਸੀਂ ਐਵੇਂ ਮੰਨ ਬੈਠੇ ਹੋ ਪੂਰਾ। ਭਗੀਰਥ ਬੋਲਿਆ--ਫੇਰ ਮੇਰਾ ਕਾਰਜ ਕਰ ਦਿਓ ਤੇ ਆਪ ਸੁਖਾਂ ਨਾਲ ਮੇਰੀਆਂ ਅੱਖੀਆਂ ਤੇ ਚੱਲੋ। ਮਨਸੁਖ ਨੇ ਆਖਿਆ-ਭਾਈ ਹੋਰ ਸਾਮਾਨ ਤਾਂ ਕਲ ਖਰੀਦ ਕੇ ਕੁਛ ਅੱਜ ਪ੍ਰਬੰਧ ਕਰਕੇ ਪਿਛਲੇ ਪਹਿਰ ਟੁਰ ਸਕਦੇ ਹਾਂ, ਪਰ ਚੂੜੇ ਦਾ ਕੰਮ ਔਖੇਰਾ ਹੈ, ਉਸਦੀ ਵਿਉਂਤ ਮੈਂ ਇਹ ਸੋਚੀ ਹੈ ਕਿ ਮੇਰੇ ਪਾਸ ਇਕ ਬਣਿਆ ਪਿਆ ਹੈ ਨਵਾਂ ਨਕੋਰ, ਉਹ ਲੈ ਚਲਦੇ ਹਾਂ, ਪਰ ਮੈਨੂੰ ਇਕ ਗਲ ਦੱਸ ਜੋ ਵਿਆਹ ਉਨ੍ਹਾਂ ਦੇ ਆਪਣੇ ਕਿਸੇ ਦਾ ਹੈ ਯਾ ਲੋੜਵੰਦ ਦਾ। ਭਗੀਰਥ ਨੇ ਕਿਹਾ-ਬਈ ਵਿਆਹ ਹੈ ਇਕ ਮੇਰੀ ਜਾਚੇ ਗ੍ਰੀਬ ਹੋ ਗਏ ਦੀ ਧੀ ਦਾ। ਉਹ ਖਤ੍ਰੀ, ਅਣਖਾਂ ਵਾਲਾ, ਪਰ ਅਤਿ ਗ੍ਰੀਬ ਤੇ ਦੁਖੀ ਹੈ* ਉਸ ਆਕੇ ਅਰਦਾਸ ਕੀਤੀ ਸਹਾਇਤਾ ਲਈ, ਤਦ ਗੁਰੂ ਨੇ ਤਰਸ ਖਾਧਾ ਉਸਦੀ ਦੁਖ ਪੀੜਾ ਤੇ ਉਸ ਦੀ ਅਣਖ ਤੇ ਇੱਜ਼ਤ ਤੇ, ਚੰਗੇ ਘਰ ਮੰਗੀ ਧੀ ਥੋੜਾ ਬਹੁਤ ਦਾਜ ਦੇਣ ਦਿੱਤੇ ਬਿਨਾਂ ਵਿਆਹੀ ਨਹੀਂ ਜਾ ਸਕਦੀ। ਚਾਹੇ ਥੋੜਾ ਹੋਵੇ, ਪਰ ਤਦ ਬੀ ਸਾਲੂ ਵਿਚ ਲਪੇਟਣਾ ਤੇ ਦੰਦ ਦੇ ਚੂੜੇ ਨਾਲ ਹੀ ਸਹੀ ਹਥ ਰਤੇ ਕਰਕੇ ਟੋਰਨਾ ਤੇ ਚਾਰ ਸਰੀਰਾਂ ਦੇ ਹੱਥ ਧੁਆਕੇ ਟੋਰਨਾ, ਇੰਨਾਂ ਤਾਂ ਜ਼ਰੂਰੀ ਹੋਇਆ ਨਾਂ। ਇਸ ਕਰਕੇ ਉਹ ਹਰ

---

* ਤਬ ਇਕ ਖੱਤ੍ਰੀ ਯਤੀਮ ਸਾ ਉਸ ਕੇ ਘਰ ਏਕ ਕੁੜੀ ਥੀ, ਘਰਹੁ ਖਰਾ ਆਜਜ਼ ਸੀ, ਸਰ ਕਿਛ ਨਾਂ ਸੀ ਆਵਦਾ'।

(ਪੁਰਾਤਨ ਜਨਮ ਸਾਖੀ।)

ਸ੍ਰੀ ਗੁਰੂ ਨਾਨਕ ਪ੍ਰਕਾਸ਼ ਵਿਚ ਲਿਖਿਆ ਹੈ ਕਿ ਮਰਦਾਨੇ ਦੀ ਧੀ ਦਾ ਵਿਆਹ ਸੀ।

 www.sikhbookclub.com

ਇਨਸਾਨੀ ਪੀੜਾ ਨੂੰ ਹਰਨਹਾਰ ਤੇ ਪਿਆਰਾਂ ਦੇ ਸਾਂਈਂ ਮੇਰੇ ਗੁਰੂ ਨੇ ਮੈਨੂੰ ਟੋਰਿਆ ਕਿ ਲਾਹੌਰੋਂ ਜਾ ਕੇ ਸਾਮਾਨ ਲੈ ਆਓ। ਇਸ ਤਰ੍ਹਾਂ ਦੀ ਵਾਰਤਾਲਾਪ ਦੇ ਮਗਰੋਂ ਭਗੀਰਥ ਨੇ ਆਰਾਮ ਕੀਤਾ ਤੇ ਅਗਲੇ ਦਿਨ ਸਾਰਾ ਸਾਮਾਨ ਲੈਕੇ ਦੋਇ ਜਣੇ ਟੁਰ ਪਏ। ਜਦ ਸੁਲਤਾਨਪੁਰੇ ਗੁਰੂ ਜੀ ਪਾਸ ਪਹੁੰਚੇ ਤਾਂ ਗੁਰੂ ਬਾਬੇ ਆਖਿਆ:-

*'ਆਉ ਭਗੀਰਥ ਪਰਉਪਕਾਰੀ। ਮਨ ਮਲਯਾਗਰ ਰੀਤਿ ਵਿਚਾਰੀ।*

*ਪੂਰਬ ਥੋ ਮਨਸੁਖ ਇਹ ਕਾਚਾ॥ ਕੀਯੋ ਚਹਤ ਨਾਮ ਅਬ ਸਾਚਾ।'* (ਗੁ ਨਾ: ਪ੍ਰਕਾਸ਼)

ਆ ਭਾਈ ਮਨਸੁਖ! ਸੁਖੀ ਨਹੀਂ ਮਨ ਤੋਂ ਪਰ ਹੁਣ ਮਨ ਸੁਖੀ ਹੋ ਵੈਸੀ। ਬਿਨਾਂ ਦਸੇ ਆਉਂਦੇ ਸਾਰ ਆਪਣਾ ਨਾਮ ਸੁਣਕੇ ਮਨਸੁਖ ਅਚੰਭਾ ਰਹਿ ਗਿਆ। ਫੇਰ ਸਤਿਗੁਰੂ ਦੇ ਚਿਹਰੇ ਦਾ ਜਲਾਲ ਨਜ਼ਰੀਂ ਪਿਆ, ਚਰਨੀਂ ਪੈ ਗਿਆ, ਦਿਲ ਖੁਸ਼ ਹੋ ਗਿਆ। ਫੇਰ ਉਥੇ ਹੀ ਰਹਿ ਪਿਆ। ਗੁਰੂ ਦੀ ਰਹੁਰੀਤਿ ਵੇਖੀ, ਸਿੱਖਿਆ ਲਈ, ਅਮਲ ਕੀਤਾ ਤਾਂ ਸਚੀ ਮੁਚੀ ਉਸ ਦਾ ਮਨ ਸੁਖੀ ਹੋ ਗਿਆ। ਉਸ ਨੇ ਨਾਮ ਆਰਾਧਿਆ, ਬਾਣੀ ਸਿੱਖੀ ਤੇ ਯਾਦ ਕੀਤੀ। ਬਾਣੀ ਪੜ੍ਹੇ ਵੀਚਾਰੇ ਕੀਰਤਨ ਬੀ ਕਰੇ*। ਫੇਰ ਕੁਛ ਸਮੇਂ ਬਾਦ ਲਾਹੌਰ ਗਿਆ ਤੇ ਉਥੋਂ ਉਸਨੂੰ ਆਪਣੇ ਕਾਰ ਵਿਹਾਰ ਸੰਗਲਾਦੀਪ ਨੂੰ ਲੈ ਟੁਰੇ। ਜਦ ਇਹ ਸੰਗਲਾਦੀਪ ਦੇ ਉਤਰੀ ਹਿੱਸੇ ਵਿਚ ਆ ਟਿਕਿਆ ਤਾਂ ਉਥੋਂ ਦੇ ਲੋਕ ਇਸ ਦੀ ਕ੍ਰਿਯਾ ਵੇਖਕੇ ਅਚਰਜ ਹੋਏ ਜੋ ਇਹ ਨਾ ਏਕਾਦਸ਼ੀ ਆਦਿ ਦਾ ਬ੍ਰਤ ਰਖੇ, ਨਾ ਠਾਕੁਰ ਪੂਜਾ ਕਰੇ, ਨਾ ਦਿਨ ਚੜੇ ਨ੍ਹਾਵੇ, ਕੋਈ ਕਰਮ ਕਾਂਡ ਦੀ ਬਾਤ ਉਨ੍ਹਾਂ ਲੋਕਾਂ ਵਾਲੀ ਨਾ ਕਰੇ, ਅੰਮ੍ਰਿਤ ਵੇਲੇ ਜਾਗੇ, ਪਹਿਰ ਰਾਤ ਰਹਿੰਦੀ ਨਾਲ ਇਸ਼ਨਾਨ ਕਰੇ, ਨ੍ਹਾ ਕੇ ਨਾਮ ਦਾ ਜਪ ਸਿਮਰਨ ਕਰੇ ਤੇ ਆਪਣੀ ਲਿਖਕੇ ਨਾਲ ਆਂਦੀ ਪੋਥੀ ਤੋਂ ਬਾਣੀ ਪੜ੍ਹੇ, ਵੀਚਾਰੇ ਫੇਰ ਦਿਨ ਚੜੇ ਪ੍ਰਸ਼ਾਦ ਪਾ ਕੇ ਆਪਣੇ ਵਿਹਾਰ ਤੇ ਚਲਾ ਜਾਵੇ, ਸੰਧਿਆ ਹੋਈ ਤੇ ਟਿਕਾਣੇ ਆਕੇ ਕੀਰਤਨ ਕਰੇ ਬਾਣੀ ਦਾ। ਇਸ ਦੀ ਇਹ ਕ੍ਰਿਯਾ ਦੇਖਕੇ ਉਨ੍ਹਾਂ ਲੋਕਾਂ ਵਿਚ ਚਰਚਾ ਟੁਰ ਪਈ, ਹੁੰਦੇ ਹੁੰਦੇ ਇਹ ਚਰਚਾ ਉਸ ਥਾਂ ਦੇ ਰਾਜੇ ਸ਼ਿਵਨਾਭ ਪਾਸ ਪਹੁੰਚੀ। ਤਦ ਰਾਜੇ ਬੁਲਾ ਘੱਲਿਆ ਤੇ ਉਸ ਤੋਂ ਉਸ ਦੇ ਕਰਮਭ੍ਰਿਸ਼ਟ ਹੋਣ ਦਾ ਕਾਰਣ ਪੁਛਿਆ। ਮਨਸੁਖ ਨੇ ਆਖਿਆ: ਹੇ ਰਾਜਾ ਇਕ ਟਿਕਾਣੇ ਤੋਂ ਦੂਸਰੇ ਟਿਕਾਣੇ ਪਹੁੰਚਣ ਲਈ ਦੋ ਰਸਤੇ ਹੁੰਦੇ ਹਨ: ਇਕ ਤਾਂ ਸੜਕ ਸੜਕ ਧਰਤੀ ਉਤੇ ਜਿਵੇਂ ਇਕ ਕੀੜੀ ਅਪਣੀ ਖੁਡ ਤੋਂ ਵਾਂਛਤ ਪਦਾਰਥ ਕੋਲ ਜਾਂਦੀ ਹੈ, ਦੂਜੀਆਂ ਉਸ ਦੇ ਮਗਰ ਹੋਰ ਟੁਰਦੀਆਂ ਹਨ, ਇਉਂ ਰਾਹ ਬਣ ਜਾਂਦਾ ਹੈ, ਇਸ ਨੂੰ ਕੀਟੀ ਮਾਰਗ ਆਖ ਲਓ। ਦੂਸਰਾ ਰਾਹ ਹੈ ਪੰਛੀ ਦਾ, ਉਹ ਆਪਣੇ ਬ੍ਰਿੱਛ ਤੋਂ ਆਪਣੇ ਵਾਂਛਤ ਪਦਾਰਥ ਦੇ ਕੋਲ ਜਾਣ ਲਈ ਉੱਡਕੇ ਜਾਂਦਾ ਹੈ। ਇਸਦੇ ਮਾਰਗ ਨੂੰ ਬਿਹੰਗਮ ਮਾਰਗ ਕਹੀਦਾ ਹੈ। ਇਹ ਸਿੱਧਾ ਇਕ ਸੇਧ ਬੰਨ੍ਹਕੇ ਜਾਂਦਾ ਹੈ। ਇਸੀ ਤਰ੍ਹਾਂ ਤੁਸੀਂ ਜਿਸ ਕਰਮਕਾਂਡ ਦੇ ਰਸਤੇ ਟੁਰਦੇ ਹੋ ਉਹ ਹੈ ਕੀਟੀ ਮਾਰਗ। ਤੁਰੇ ਰਹੋ ਕੀੜੀ ਵਾਂਙੂ। ਜਿਸ ਰਾਹੇ ਮੈਂ ਟੁਰਦਾ ਹਾਂ ਉਹ ਹੈ ਬਿਹੰਗਮ ਮਾਰਗ। ਮੈਂ ਉਡਾਰੀ ਮਾਰਕੇ ਪਹੁੰਚਦਾ ਹਾਂ, ਲੀਕ, ਪਹੇ, ਪਗਡੰਡੀ ਦੀ ਮੈਨੂੰ ਲੋੜ ਨਹੀਂ ਹੈ। ਮੇਰੀ ਇਕ ਸੇਧ ਹੈ ਸਿੱਧੀ, ਉਸ ਪਰ ਹੈ ਮੇਰੀ ਉਡਾਰੀ। ਮੈਂ ਉੱਡਕੇ ਪਹੁੰਚਣਾ ਹੈ ਖੰਭਾਂ ਨਾਲ, ਤੁਸਾਂ ਟੁਰਕੇ ਪਹੁੰਚਣਾ ਹੈ ਲੱਤਾਂ ਨਾਲ ਕੀੜੀ ਤੋਰੇ, ਸਨੇ ਸਨੇ, ਕਦੇ। ਮੇਰਾ ਖਾਣ ਪੀਣ ਸੈਣ ਸਾਰੇ ਸੰਜਮ ਵਿਚ ਹੈਨ, ਐਉਂ ਮੈਂ ਨਿਤ ਬ੍ਰਤੀ ਹਾਂ। ਰੋਜ ਰੱਜਕੇ ਖਾਣਾ ਤੇ ਗ਼ਾਫਲੀ ਤੇ ਆਲਸ ਵਿਚ ਜਾਣਾ, ਪੰਦਰ੍ਹਵੇਂ ਦਿਨ ਫਾਕਾ ਕਰਨਾ ਯਾ ਫਲਾਂ ਫਲੋਹਾਰਾਂ ਨਾਲ ਪੇਟ ਭਰਨਾ, ਇਹ ਉਹ ਗੁਣ ਨਹੀਂ ਰੱਖਦਾ ਜੋ ਨਿਤ ਦਾ ਸੰਜਮ ਰੱਖਦਾ ਹੈ। ਅੰਮ੍ਰਿਤ ਵੇਲਾ ਹੈ, ਸਰੀਰ ਆਪਣੀ ਸੁਹਣੀ ਹਾਲਤ ਵਿਚ ਹੁੰਦਾ ਹੈ, ਗ਼ਜ਼ਾ ਹਜ਼ਮ ਹੋ ਚੁਕੀ ਹੋਈ ਹੁੰਦੀ ਹੈ, ਸੁਰਤ ਸਰੀਰ ਦੇ ਕੰਮਾਂ ਤੋਂ ਮਾਨੋਂ ਕੁਛ ਵਿਹਲ ਵਿਚ ਹੁੰਦੀ ਹੈ, ਇਸ਼ਨਾਨ ਨਾਲ ਮਨ ਬੀ ਸ਼ਾਂਤੀ ਵਲ ਰੁਖ਼ ਕਰਦਾ ਹੈ, ਬਾਹਰ ਏਕਾਂਤ ਤੇ ਟਿਕਾਉ ਜਗਤ ਵਿਚ ਚੁਪ ਵਰਤ ਚੁਕੇ ਹੁੰਦੇ ਹਨ, ਉਸ ਦਾ

---

* ਰਾਤੀ ਆਵੈ ਤਾ ਗੁਰੂ ਕਾ ਸਬਦ ਗਾਵੈ'। (ਪੁਰਾਤਨ ਜ: ਸਾਖੀ,)

ਪ੍ਰਭਾਉ ਬੀ ਮਨ ਦੇ ਟਿਕਾਉ ਵਾਲਾ ਪੈਂਦਾ ਹੈ, ਉਸ ਵੇਲੇ ਮੈਂ ਸੰਕਲਪ ਨੂੰ ਹੋੜਕੇ ਬੈਠ ਜਾਂਦਾ ਹਾਂ। ਫੁਰਨਾ ਰੁਕਣਾ ਕਠਨ ਹੈ, ਪਰ ਜਤਨ ਕਰੀਦਾ ਹੈ ਪਰਮੇਸ਼ਰ ਦਾ ਨਾਮ ਲਈਦਾ ਹੈ, ਉਸਦੇ ਗੁਣਾਂ ਦਾ ਚਿੰਤਨ ਕਰੀਦਾ ਹੈ, ਖਯਾਲ ਨੂੰ ਮੋੜ ਮੋੜ ਉਨ੍ਹਾਂ ਦੇ ਗੁਣਾਂ ਵਲ ਤੇ ਸਰੂਪ ਵਲ ਪਾਈਦਾ ਹੈ। ਹੋਰ ਉਠਦੇ ਫੁਰਨੇ ਹੋੜੀਦੇ ਹਨ, ਇਸ ਤਰ੍ਹਾਂ ਆਪਾ ਆਪੇ ਵਿਚ ਟਿਕਦਾ ਹੈ। ਆਪਾ ਸੁਖ ਸਰੂਪ ਹੈ, ਜਦ ਇਹ ਆਪੇ ਵਿਚ ਟਿਕਦਾ ਹੈ ਤਾਂ ਇਸ ਨੂੰ ਇਸ ਤਰ੍ਹਾਂ ਆਪਣੇ ਸੁਖ ਦੀ ਪ੍ਰਤੀਤੀ ਹੋਣ ਲਗ ਪੈਂਦੀ ਹੈ। ਇਹ ਆਪੇ ਦਾ ਸੁਖ ਬਾਹਰਲੇ ਸੁੱਖਾਂ ਦੀ ਪ੍ਰਾਪਤੀ ਲਈ ਅਨਰਥ ਕਰਨੋਂ ਰੋਕ ਲੈਂਦਾ ਹੈ। ਹੇ ਰਾਜਨ! ਦ੍ਰਿਸ਼ਟਾਂਤ ਮਾਤ੍ਰ ਨਾਲ ਸਮਝ ਸੌਖੀ ਪੈ ਜਾਂਦੀ ਹੈ। ਦੇਖੋ ਜੀ, ਇਕ ਬ੍ਰਿੱਛ ਹੈ, ਇਕੱਲਾ ਖੜਾ ਹੈ, ਇਹ ਕਿਸੇ ਨਾਲ ਗਲਬਾਤ ਨਹੀਂ ਕਰਦਾ, ਕਿਸੇ ਦਾ ਮੁਥਾਜ ਨਹੀਂ ਦਿੱਸਦਾ। ਧਰਤੀ ਵਿਚ ਖੜਾ ਉਸ ਤੋਂ ਖਾਨ ਪਾਨ ਲੈਂਦਾ ਨਿਰਾਧਾਰ ਖੜਾ ਹੈ, ਵੱਧਦਾ ਹੈ, ਮੌਲਦਾ ਹੈ, ਖਿੜਦਾ ਹੈ, ਸਫਲਦਾ ਹੈ, ਇਹ ਕਿਸੇ ਹੋਰ ਬ੍ਰਿੱਛ ਦਾ ਮੁਥਾਜ ਨਹੀਂ ਹੁੰਦਾ, ਤਾਂ ਜਾਣੋਂ ਆਪਣੇ ਜੀਵਨ ਮਾਤ੍ਰ ਦੇ ਆਸਰੇ ਸਿਰ ਖਿੜਦਾ ਮੌਲਦਾ ਹੈ ਨਾ। ਤਿਵੇਂ ਮਨੁੱਖ ਨਹੀਂ, ਇਸ ਨੂੰ ਹਾਸ ਵਿਲਾਸ ਦੂਇਆਂ ਤੋਂ ਸੁਖ ਲੈਣ ਦੀਆਂ ਮੁਥਾਜੀਆਂ ਹਨ, ਕਿਉਂਕਿ ਇਹ ਅਤਿ ਤ੍ਰਿਸ਼ਨਾ ਕਰਕੇ ਤੇ ਸ੍ਵਾਰਥ-ਖੁਦਗਰਜ਼ੀ-ਕਰਕੇ ਅਤ੍ਰਿਪਤ ਹੋ ਰਿਹਾ ਹੈ ਤੇ ਆਪਣੇ ਜੀਵਨ ਰਸ ਨੂੰ, 'ਆਪਣੇ ਆਪ ਦੇ ਆਤਮ ਰਸ' ਨੂੰ ਭੁੱਲ ਰਿਹਾ ਹੈ। ਸੋ ਰਾਜਨ! ਜਦ ਅਸੀਂ ਅੰਮ੍ਰਿਤ ਵੇਲੇ, ਸਰੀਰ ਦੇ ਸ੍ਵਸਥ ਵੇਲੇ, ਮਨ ਦੇ ਟਿਕਾਉ ਵੇਲੇ, ਕੁਦਰਤ ਦੇ ਸ਼ਾਂਤਿ ਟਿਕਾਉ ਤੇ ਚੁਪ ਵੇਲੇ ਮਨ ਨੂੰ ਮਨ ਵਿਚ ਸਾਂਈਂ ਦੀ ਯਾਦ ਨਾਲ ਉਸ ਦੇ ਗੁਣਾਨੁਵਾਦ ਨਾਲ ਜੋੜਦੇ ਹਾਂ* ਤਾਂ ਆਪਾ ਆਪੇ ਦੇ ਰਸ ਨੂੰ ਲੈਂਦਾ ਹੈ। ਇਥੋਂ ਹੀ ਫੇਰ 'ਪਰਮ ਆਪੇ' ਨਾਲ ਅਰਥਾਤ ਪਰਮਾਤਮ ਦੇਵ ਨਾਲ ਮਿਲ ਪੈਣਾ ਪ੍ਰਾਪਤ ਹੁੰਦਾ ਹੈ। ਇਸ ਤਰ੍ਹਾਂ ਹਉਮੈ ਨਵਿਰਤ ਹੋ ਕੇ ਆਤਮ ਸੁਖ ਤੇ ਪਰਮਾਤਮ ਸੁਖ ਪ੍ਰਾਪਤ ਹੋ ਜਾਂਦਾ ਹੈ ਤੇ ਇਥੋਂ ਹੀ ਜਗਤ ਲਈ ਇਹ ਸਰੀਰ ਸੁਖਾਂ ਦਾ ਦਾਤਾ ਹੋ ਜਾਂਦਾ ਹੈ। ਇਹ ਹੈ ਬਿਹੰਗਮ ਮਾਰਗ, ਪੰਛੀ ਉਡਾਰੀ ਵਾਲਾ ਰਸਤਾ, ਇਸਦਾ ਮੂਲ ਹੈ ਪ੍ਰੇਮ। ਤੁਸੀਂ ਜੋ ਕਰਨੀ ਕਰਦੇ ਹੋ, ਹਉਂ ਕਰਾਉਂਦੀ ਹੈ। ਹਉਂ ਨਾਲ ਕੀਤੇ ਕਰਮ ਬੰਧਨਾਂ ਵਿਚ ਰਖਦੇ ਹਨ। ਬਹੁਤ ਕਾਲ ਮਗਰੋਂ ਫੇਰ ਨਿਸ਼ਕਾਮ ਕਰਮ ਦੀ ਸੋਝੀ ਮਿਲਦੀ ਹੈ, ਫਿਰ ਹਉਂ ਦੀ ਨਵਿਰਤੀ ਦਾ ਮਾਰਗ ਮਿਲਦਾ ਹੈ, ਐਉਂ ਅਨੇਕ ਸਮੇਂ ਲਗ ਜਾਂਦੇ ਹਨ। ਫੇਰ-ਠਾਕੁਰ ਪੂਜਾ-ਨਿਰਜਿੰਦ ਦੀ ਪੂਜਾ ਹੈ। ਅਸੀਂ ਜਿੰਦ ਵਾਲੇ ਲੋਕ ਹੋ ਕੇ ਨਿਰਜਿੰਦ ਅੱਗੇ ਝੁਕਦੇ ਹਾਂ। ਫਲ ਕੀ ਹੋਣਾ ਹੋਇਆ? ਜੇ ਕਹੋ 'ਮਨ ਕੁਛ ਟਿਕਦਾ ਹੈ'। ਤਾਂ ਦੇਖੋ ਠਾਕੁਰ ਤੇ ਗੁਰੂ ਜਦ ਸੇਵੀਂਦਾ ਹੈ ਤਾਂ ਉਸ ਤੋਂ ਉਪਦੇਸ਼, ਉਸਦੀ ਸਹਾਇਤਾ ਮਿਲਦੀ ਹੈ ਤੇ ਝਟਪਟ ਰਸਤਾ ਖੁੱਲ੍ਹ ਪੈਂਦਾ ਹੈ। ਹੇ ਰਾਜਨ! ਜੋ ਗੁਰੂ ਮੈਨੂੰ ਮਿਲਿਆ ਹੈ, ਓਹ ਤਾਂ ਆਪ ਹੈ। ਪੂਰਨ ਪੂਰ ਸੰਪੂਰਨ, ਉਸ ਦੀ ਤਾਂ ਮਿਹਰ ਬੇੜੇ ਪਾਰ ਕਰਦੀ ਹੈ।

ਇਸ ਦੀ ਵਾਰਤਾਲਾਪ ਮਗਰੋਂ ਰਾਜੇ ਦਾ ਮਨਸੁਖ ਨਾਲ ਪ੍ਰੇਮ ਹੋ ਗਿਆ। ਹੁਣ ਦੋਨੋਂ ਰੋਜ਼ ਮਿਲਨ ਤੇ ਮਨਸੁਖ ਆਪਣੇ ਮਾਰਗ ਦੇ ਹਾਲ ਦੱਸੇ ਤੇ ਗੁਰੂ ਨਾਨਕ ਦੇ ਗੁਣ ਵਰਣਨ ਕਰੇ। ਗੁਣ ਸ਼੍ਰਵਣ ਕਰ ਕਰਕੇ ਤੇ ਉਸ ਆਦਮੀ ਦਾ ਜੀਵਨ, ਉਸਦੀ ਸੁੱਚਤਾ, ਟਿਕਵੀਂ ਦਿਲ ਖੁਸ਼ੀ, ਉਸਦੇ ਉਪਕਾਰ ਤੇ ਜਗਤ ਨਾਲ ਭਰਾਵਾਂ ਵਾਲੇ ਵਰਤਾਉ ਦੇ ਮਾਮਲੇ ਦੇਖ ਦੇਖਕੇ ਰਾਜਾ ਨੂੰ ਗੁਰੂ ਨਾਨਕ ਦੇਵ ਜੀ ਨਾਲ ਪ੍ਰੇਮ ਹੋ ਗਿਆ। ਇਹ ਕਹਿਕੇ ਸੰਤਾਂ ਨੇ ਇਕ ਕਾਗਜ਼ ਕੱਢਿਆ ਤੇ ਬੜੀ ਮਧੁਰ ਸੁਰ ਵਿਚ ਐਉਂ ਰਹਾ ਨਾਲ ਸੁਨਾਉਣ ਲੱਗ:-

ਪਰਮ ਪ੍ਰੇਮ ਭੂਪਤਿ ਉਪਜਾਵਾ। ਦਰਸਨ ਕਰਨ ਹੇਤ ਉਮਗਾਵਾ॥੪੫॥
ਸੁਨਿ ਸ੍ਰੀ ਗੁਰ ਕੇ ਬਚਨ ਅਨੂਪਾ। ਮਨਸੁਖ ਸੋਂ ਬੋਲਜੋ ਜਬ ਭੂਪਾ।
ਮੁਝ ਕੋ ਦਰਸ਼ਨ ਦੇਹੁ ਕਰਾਈ। ਕਰਿ ਉਪਕਾਰ ਦੀਨ ਕੀ ਨਜਾਈਂ॥੪੬॥

---

* ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ॥ (ਜਪੁਜੀ)


www.sikhbookclub.com

ਜਿਸ ਪ੍ਰਕਾਰ ਸ੍ਰੀ ਨਾਨਕ ਪੂਰਨ। ਮਿਲਹਿਂ, ਉਪਾਇ ਕਰੋ ਸੋ ਤੂਰਨ।
ਗਵਨੋਂ ਮੈਂ ਅਬ ਤੁਮਰੇ ਸੰਗਾ। ਤਜਿ ਕਰਿ ਦੇਸ਼ ਰਾਜ ਸਰਬੰਗਾ॥੪੭॥
ਕਰਿਕੈ ਦਰਸ਼ਨ ਭਰਮ ਮਿਟਾਵੋਂ। ਲੇ ਉਪਦੇਸ਼ ਪਰਮਪਦ ਪਾਵੋਂ।
ਜਿਨ ਕੇ ਬਚਨ ਚੁਭੇ ਮਨ ਮੇਰੇ। ਸ਼ਾਂਤਿ ਨ ਆਵਤਿ ਬਿਨ ਅਬ ਹੇਰੇ॥੪੮॥
ਬਨਜ ਨਿਕਟ ਹੈ ਤੁਮਰੇ ਜੇਤੋ। ਸੌਦਾ ਕਰਹੁ ਸਦਨ ਮਮ ਤੇਤੋ।
ਗਮਨਹੁ ਪੁਨ, ਨਹਿਂ ਬਿਲਮ ਲਗਾਵਹੁ। ਜਹਿਂ ਸ੍ਰੀ ਨਾਨਕ ਤਹਾਂ ਪੁਚਾਵਹੁ॥੪੯॥
ਜਗਜੋ ਪ੍ਰੇਮ ਭੂਪਤਿ ਵਡਭਾਗੀ। ਪਿਖਿ ਮਨਸੁਖ ਬੋਲਜੋ ਅਨੁਰਾਗੀ:
'ਅਸ ਪ੍ਰਕਾਰ ਨਹਿਂ ਕਰਹੁ ਰਜਾਨਾ! ਤਜਿ ਕਰਿ ਦੇਸ਼ ਨ ਬਨਹਿ ਪਿਆਨਾ॥੫੦
ਜੇ ਤੁਮ ਚਲਹੁ ਸੰਗ ਤਿਹ ਦੇਸ਼ਾ। ਬਹੁ ਦਿਨ ਮਹਿਂ ਦਰਸਹਿ ਜਗਤੇਸ਼ਾ।
ਇਹਾਂ ਪ੍ਰੇਮ ਕਰ ਚਿਤਵਹਿ ਮਨ ਮੈਂ। ਦਰਸ਼ਨ ਦੇਖਹਿਂ ਥੋਰਨ ਦਿਨ ਮੈਂ॥੫੧॥
ਸ੍ਰੀ ਨਾਨਕ ਜੀ ਅੰਤਰਜਾਮੀ। ਸਰਬ ਥਾਨ ਗਜਾਤਾ ਜਗ ਸ੍ਵਾਮੀ।
ਪੂਰਨ ਪ੍ਰੇਮ ਦੇਖ ਕਰਿ ਤੇਰਾ॥ ਦਰਸ਼ਨ ਦੇਹਿਂ ਆਇ ਬਿਨ ਦੇਰਾ'॥੫੨॥
ਕਹਿਤਿ ਨ੍ਰਿਪਤ 'ਪਰਖੋਂ ਕਿਸ ਭਾਂਤੀ? ਮੁਝੈ ਬਤਾਵਹੁ ਗੋਤ ਸੁ ਜਾਤੀ!
ਕਿਸ ਪ੍ਰਕਾਰ ਕੋ ਬੇਖ ਸਰੀਰਾ? ਕੌਨ ਨਗਰ ਰਹਿਂ ਗੁਨੀ ਗਹੀਰਾ'॥੫੩॥
ਸੁਨਿ ਮਨਸੁਖ ਨੈ ਬਚਨ ਉਚਾਰਾ। 'ਤਿਨ ਕੋ ਪਰਖਨ ਦੁਸ਼ਤਰ ਭਾਰਾ।
ਬੇਦੀ ਬੰਸ ਖੱਤਰੀ ਜਾਤੀ। ਜਨਮ ਪੁਰੀ ਤਲਵੰਡੀ ਖਜਾਤੀ॥੫੪॥
ਕ੍ਰਿਤਿ ਕਰੀ ਕਛੁ ਪੁਰਿ ਸੁਲਤਾਨਾ। ਅਬਿ ਤਜਿ ਦੀਨੋ ਮੋਦੀਖਾਨਾ।
ਭੇਖ ਅਤੀਤਨ ਕਾ ਕਰ ਬੈਸੇ। ਸਾਂਗ ਕਰਤਿ ਮਾਯਕ ਨਰ ਜੈਸੇ'।੫੫॥
ਇਹ ਮਤਿ ਪਤੇ ਲੀਨਿ ਲਿਖਿ ਭੂਪਾ। ਜਿਹ ਉਰ ਜਾਗਜੋ ਪ੍ਰੇਮ ਅਨੂਪਾ।
ਮਨਸੁਖ ਕੋ ਬੂਝੀ ਗੁਨ ਖਾਨੀ। ਲਿਖੀ ਮਨੋਹਰ ਸ੍ਰੀ ਗੁਰਬਾਨੀ॥੫੬॥
ਰਹਜੋ ਜਿਤੇ ਦਿਨ ਨਗਰ ਮਝਾਰਾ। ਨਿਤ ਨਰੇਸ਼ ਕੈ ਜਾਇ ਅਗਾਰਾ।
ਮਹਿਮਾ ਸ੍ਰੀ ਨਾਨਕ ਕੀ ਭਾਖੈ: ਤਿਉਂ ਤਿਉਂ ਨ੍ਰਿਪ ਕੋ ਮਨ ਅਭਿਲਾਖੈ॥੫੭॥
ਜਬ ਨਿਜ ਬਨਜ ਸਰਬ ਕਰਿ ਲੀਨਾ। ਗਮਨਜੋ ਨਿਕਟ ਭੂਪ ਪਰਬੀਨਾ।
ਬੰਦਿ ਹਾਥ ਕਹਿ 'ਦੇਹੁ ਨਿਦੇਸ਼ਾ'। ਚਲਜੋ ਚਹਤ ਹੋਂ ਅਬ ਨਿਜ ਦੇਸ਼ਾ'॥੫੮॥
ਸੁਨਿ ਭੂਪਤਿ ਨੇ ਕੀਨ ਸਨੇਹਾ। ਜੈਸੇ ਕਰੈ ਜੀਵ ਸੰਗ ਦੇਹਾ।
ਕਹਤ ਭਯੋ: 'ਉਪਕਾਰ ਸੁ ਤੇਰੋ। ਜੇ ਕਿਰਤਾਰਥ ਹ੍ਵੈ ਤਨ ਮੇਰੋ॥੫੯॥
ਕਹਿ ਨ ਸਕੋਂ ਮੈਂ ਤੋਰ ਵਡਾਈ। ਕਬੈ ਕ੍ਰਿਪਾਲ ਮਿਲੈਂ ਮੁਝ ਤਾਈਂ।
ਹੁਤੋ ਨਿਕਟ ਆਵਤ ਪਰਚਾਵਤਿ। ਸ੍ਰੀ ਨਾਨਕ ਗੁਨ ਬਰਨ ਸੁਨਾਵਤਿ॥੬੦॥
ਬਿਨ ਦਰਸ਼ਨ ਮੈਂ ਸਦਾ ਉਦਾਸਾ। ਕਬਹਿ ਆਨ ਪੂਰਹਿਂ ਮਮ ਆਸਾ'।
ਮਨਸੁਖ ਧੀਰਜ ਦੀਨ ਬਹੂਤੀ। ਸੁਨਹੁ ਨ੍ਰਿਪਤ! ਤਵ ਮਤਿ ਅਤਿ ਪੂਤੀ॥੬੧॥
ਦ੍ਰਿੜ੍ਹ ਨਿਸਚਾ ਰਾਖਹੁ ਮਨ ਮਾਂਹੀ। ਮਿਲਹਿਂ ਕ੍ਰਿਪਾਲ ਦੇਰ ਕਛੁ ਨਾਂਹੀ।'
ਅਸ ਕਹਿ ਕਰੀ ਪਰਸਪਰ ਬੰਦਨ। ਗਵਨਜੋ ਸਿਮਰਤ ਬਿਘਨ ਨਿਕੰਦਨ॥੬੨॥

(ਗੁ: ਨਾ: ਪ੍ਰ: ਪੂ: ਅਧਿ: ੪੪)

ਸਾਧ ਸੰਗਤ ਜੀ! ਲਿਖਿਆ ਹੈ ਕਿ ਤਬ ਉਹ (ਮਨਸੁਖ) ਵਿਦਾ ਹੋਇਆ ਉਥੋਂ। ਤੁਰਦੀ ਵੇਰ ਮਨਸੁਖ ਨੇ ਇਉ ਰਾਜੇ ਨੂੰ ਕਿਹਾ: 'ਰਾਜਾ ਜੀ ਤੂੰ ਧੰਨ ਹੈਂ! ਗੁਰੂ ਬਾਬਾ ਨਾਨਕ ਤੈਨੂੰ ਮਿਲੇਗਾ, ਪਰ ਤੂੰ ਲਖ ਸਕਹਿਗਾ ਨਹੀਂ। ਕਿਆ ਜਾਪੇ ਕਿਤੁ ਰੂਪ ਤੁਝ ਕਉ ਆਇ ਦਰਸ਼ਨ ਦੇਇਗਾ, ਜੋਗੀ ਕੇ

ਰੂਪ, ਕਿ ਬ੍ਰਹਮਨ ਕੇ ਰੂਪ, ਕਿ ਦਿਗੰਬਰ ਕੇ ਰੂਪ, ਕਿ ਖਤ੍ਰੀ ਕੇ ਰੂਪ, ਕਿ ਬੈਰਾਗੀ ਕੇ ਰੂਪ, ਕਿ ਸਨਜਾਸੀ ਕੇ ਰੂਪ, ਕਿ ਬ੍ਰਹਮਚਾਰੀ ਕੇ ਰੂਪ, ਕਿ ਕਲੰਦਰ ਕੇ ਰੂਪ, ਅਤੇ ਸਭੇ ਰੂਪ ਉਸਦੇ ਹੈਨ, ਇਉਂ ਨ ਜਾਣੀਐ ਤੇਰੇ ਤਾਂਈਂ ਕਿਤ ਰੂਪ ਦਰਸ਼ਨ ਦੇਵੈਗਾ। ਉਹ ਅਬਿਨਾਸੀ ਪੁਰਖ ਹੈ ਤੂੰ ਸਮਝਤਾ ਰਹੀਐ।' *(ਪੁ: ਜ: ਸਾਖੀ*

ਮਨਸੁਖ ਤਾਂ ਟੁਰ ਆਇਆ, ਰਾਜੇ ਦਾ ਪ੍ਰੇਮ ਵਿਛੋੜੇ ਵਿਚ ਵਧਦਾ ਗਿਆ, ਉਸ ਦਾ ਹੁਣ ਇਹ ਹਾਲ ਹੋ ਗਿਆ:-

ਉਤ ਭੂਪਤਿ ਕੇ ਮਨਿ ਲਿਵ ਲਾਗੀ। ਸਿਮਰਹ ਨਿਸ ਬਾਸੁਰ ਬਡਭਾਗੀ।
ਊਠਤਿ ਬੈਠਤਿ ਗਮਨਤਿ ਨਾਮੂ। ਕਹਿ 'ਸ੍ਰੀ ਨਾਨਕ ਨਿਤ ਸੁਖ ਧਾਮੂ॥੬੩॥
ਮੋਰ ਸਮਾਨ ਭਯੋ ਮਨ ਮੋਰਾ। ਕਬਹਿ ਮਿਲਹਿਂ ਹ੍ਵੈਕੈ ਘਨਘੋਰਾ।
ਚਿਤ ਚਾਤ੍ਰਿਕ ਕੇ ਪਯਾਸ ਪੁਕਾਰਤ। ਚਾਹਤਿ ਸ੍ਵਾਂਤ ਦਰਸ ਹਰਿ ਆਰਤ॥੬੪॥
ਲੋਚਨ ਭਏ ਚਕੋਰ ਵਿਚਾਰੇ। ਚੰਦ ਬਦਨ ਕਬਿ ਆਨ ਦਿਖਾਰੇਂ।
ਬਿਰਦ ਸੁਨਜੋ ਮੈ ਦੀਨ ਦਯਾਲਾ; ਯਾਂਤੇ ਆਸਾ ਕਰੋਂ ਬਿਸਾਲਾ'॥੬੫॥
ਅਸ ਪ੍ਰਕਾਰ ਭੂਪਤਿ ਅਭਿਲਾਖਾ। ਦਿਨ ਪ੍ਰਤਿ ਬਧਤ ਬਿਟਪ ਜਯੋਂ ਸ਼ਾਖਾ।
ਨੈਨ ਬਿਖੈ ਨਿੰਦ੍ਰਾ ਜਿਨ ਤਜਾਗੀ। ਦਿਨ ਮੈਂ ਭੂਖ ਪਿਆਸਾ ਭਾਗੀ॥੬੬॥
ਪ੍ਰੇਮ ਅਧਾਰ ਜੀਵਨਾਂ ਜਿਹ ਕੋ। ਲੋਚਨ ਰਹਤ ਜਲ ਤਿਹ ਕੋ।
ਕਿਤਿਕ ਦਿਵਸ ਅਸ ਭਾਂਤਿ ਬਿਤਾਇ। ਜਿਹ ਕੇ ਜਾਗੇ ਭਾਗ ਸੁਹਾਏ॥੬੭॥

(ਗੁਰ ਨਾ: ਪ੍ਰ: ਪੂਰ: ਅਧਿ ੪੪)

## ੩. (ਪ੍ਰੇਮ ਦੀ ਖੈਂਚ)

ਸੋ ਸਾਧ ਸੰਗਤ ਜੀ! ਮਨਸੁਖ ਦੇ ਚਲੇ ਜਾਣ ਦੇ ਬਾਦ ਰਾਜਾ ਦਾ ਪ੍ਰੇਮ ਦਿਨੋ ਦਿਨ ਵਧੇਰੇ ਬਿਰਹ ਵਾਲਾ ਹੁੰਦਾ ਗਿਆ। ਉਸ ਨਾਲ ਰੋਜ ਗੱਲ ਬਾਤ, ਗੁਣਗਾਯਨ ਕਰ ਲੈਂਦਾ ਸੀ, ਨਵੇਂ ਤਰ੍ਹਾਂ ਦੇ ਖਿਆਲ ਮਨਸੁਖ ਤੋਂ ਸੁਣਦਾ ਸੀ, ਗੁਰੂ ਦੀ ਕਥਾ ਤੇ ਕਰਤਬ ਸੁਣਦਾ ਸੀ, ਪਰਚਾ ਬਨਿਆ ਰਹਿੰਦਾ ਸੀ, ਦਿਲ ਸੁਖੀ ਹੋ ਜਾਂਦਾ ਸੀ ਤੇ ਮਨਸੁਖ ਦਾ ਆਸਰਾ ਸਹਾਈ ਰਹਿੰਦਾ ਸੀ; ਹੁਣ ਇਕੱਲਾ ਹੋਕੇ ਅਕੁਲਾਉਂਦਾ ਹੈ ਤੇ ਵਧੇਰੇ ਖੈਂਚ ਨਾਲ ਯਦਾ ਕਰਦਾ ਹੈ। ਜਦੋਂ ਪਯਾਰ ਦੀ ਖਿੱਚ ਪ੍ਰੇਮ ਦੀ ਖੈਂਚ ਬਣਕੇ ਵਧੇਰੇ ਤੀਬ੍ਰਤਾ ਤੇ ਤੀਖਣਤਾ ਲੈ ਲੈਂਦੀ ਹੈ ਤਾਂ ਛਿਪ ਨਹੀਂ ਸਕਦੀ। ਸਾਰੇ ਪਤਾ ਲਗ ਗਿਆ ਕਿ ਰਾਜਾ ਪ੍ਰੇਮ ਵਿਚ ਹੈ ਤੇ ਗੁਰੂ ਨਾਨਕ ਨਾਮੇ ਕਿਸੇ ਲਾਹੌਰ ਵਾਸੀ ਸਾਧੂ ਦੇ ਪ੍ਰੇਮ ਵਿਚ ਹੈ, ਤਾਂ ਖਯਾਲ ਹੋ ਗਿਆ ਕਿ ਐਤਨੀ ਦੂਰੋਂ ਕਿਸ ਨੇ ਟੁਰਕੇ ਆਉਣਾ ਹੈ, ਰਾਜੇ ਦੀ ਨੀਮ ਝੱਲੀ ਦਸ਼ਾ ਤੋਂ ਆਪਣਾ ਸ੍ਵਾਰਥ ਪੂਰਾ ਕਰੋ। ਸੋ ਬਨਾਵਟਾਂ ਕਰ ਕਰਕੇ ਲਗੇ ਲੋਕੀਂ ਸਾਧ ਬਣ ਬਣਕੇ ਨਾਨਕ ਨਾਮ ਧਰਾ ਧਰਾਕੇ ਆਉਣ। ਪਹਿਲਾਂ ਤਾਂ ਰਾਜੇ ਦੇ ਨੌਕਰਾਂ ਨੇ ਆਇਆਂ ਦੇ ਸਤਿਕਾਰ ਕੀਤੇ, ਪਰ ਪਾਜ ਉਘੜ ਜਾਂਦੇ ਰਹੇ ਸੋ ਪਖੰਡਾਂ ਦੇ ਪਤੇ ਲਗ ਜਾਣੇ ਤੇ ਉਨ੍ਹਾਂ ਆਉਣ ਵਾਲੇ ਭੇਖੀਆਂ ਦੀ ਪ੍ਰੀਖਯਾ ਆਰੰਭ ਹੋ ਗਈ। ਸਭ ਤੋਂ ਔਖੀ ਪ੍ਰੀਖਯਾ ਕਲੀ ਕਾਲ ਵਿਚ ਜਿਤੇਂਦ੍ਰੀ ਹੋਣੇ ਦੀ ਹੈ। ਜਦ ਤਾਂਈਂ ਅਪਣੇ ਆਪੇ ਦੇ ਰਸ ਦਾ, ਜੋ ਟਿਕਾਉ ਵਿਚ ਜਾ ਕੇ ਖੁੱਲ੍ਹਦਾ ਹੈ ਤੇ ਸਾਈਂ ਮੇਲ ਦੇ ਰਸ ਦਾ, ਜੋ ਉਸ ਪਰਮਾਤਮ ਦੇਵ ਵਿਚ ਟਿਕ ਕੇ ਖੁੱਲ੍ਹਦਾ ਹੈ, ਸਾਧੂ ਨੂੰ ਅਨੁਭਵ ਨਾ ਹੋ ਜਾਵੇ ਉਹ ਪੂਰੀ ਤੇ ਅਸਲੀ ਫਤਹ ਸ਼ਰੀਰਕ ਰਸਾਂ ਤੇ ਨਹੀਂ ਪਾਉਂਦਾ। ਇੱਥੇ ਪਹੁੰਚਕੇ ਸਰੀਰ ਦੇ ਰਸਾਂ ਦਾ ਪਤਾ ਲਗ ਜਾਂਦਾ ਹੈ ਕਿ ਏਹ ਅਸਲੀ ਰਸ ਨਹੀਂ ਹਨ, ਇਹ ਅਕਸਰ ਆਪੇ ਨੂੰ ਖਰਚ ਕਰਕੇ ਆਤਸ਼ਬਾਜ਼ੀ ਵਰਗੇ ਚਮਤਕਾਰ ਹੈਨ, ਜਿਨ੍ਹਾਂ ਨਾਲ ਆਪੇ ਵਿਚ ਕਿ ਸਰੀਰ ਵਿਚ ਬਲ ਵਧਦਾ ਨਹੀਂ, ਸਗੋਂ ਕੱਠਾ ਹੋਇਆ ਬਲ ਖਰਚ ਹੁੰਦਾ ਹੈ। ਸੋ ਇਹ ਸਮਝ ਆਕੇ ਸ਼ਰੀਰਕ ਸੁੱਖਾਂ ਤੇ ਸਰੀਰਕ ਭੁੱਖਾਂ ਪਰ ਸੁਤੇ ਸੰਯਮ ਪ੍ਰਾਪਤ ਹੋ ਜਾਂਦਾ ਹੈ। ਉਂਞ ਬੀ ਜੋ ਲੋਕ ਇਖਲਾਕੀ ਤਰੀਕੇ ਨਾਲ ਆਪ ਨੂੰ ਭਲਾ ਬਣਾਉਂਦੇ ਤੇ ਸਾਧਨ ਕਰਦੇ ਹਨ, ਉਹ ਵੀ

 www.sikhbookclub.com

ਸਰੀਰਕ ਸੰਯਮ ਧਾਰਨ ਕਰਦੇ ਹਨ, ਆਪੇ ਤੇ ਕਾਬੂ ਪਾਉਂਦੇ ਹਨ, ਪਰ ਜਦ ਸੁਖਾਂ ਦੇ ਮੂਲ ਸੁਖ ਆਪੇ ਦੇ ਆਪੇ ਵਿਚ ਟਿਕ ਕੇ ਆਪੇ ਵਿਚੋਂ ਆਉਣ ਵਾਲੇ ਰਸ ਦਾ ਪਤਾ ਲਗ ਜਾਂਦਾ ਹੈ ਤਾਂ ਸੰਯਮ ਸੁਤੇ ਤੇ ਪੂਰਾ ਤੇ ਸਹਜ ਸੁਭਾ ਦਾ ਹੋ ਜਾਂਦਾ ਹੈ। ਵਡੇਰਾ ਸੁਖ ਛੁਟੇਰੇ ਸੁਖਾਂ ਨੂੰ, ਅਸਲੀ ਸੁਖ ਨਕਲੀ ਸੁਖਾਂ ਨੂੰ ਉਪਰੇ ਕਰ ਦੇਂਦਾ ਹੈ।

ਗਲ ਕੀ, ਜੋ ਕੋਈ ਉਥੇ ਰਾਜੇ ਦੇ ਦੁਆਰੇ ਪਖੰਡ ਧਾਰਕੇ ਆਵੇ ਜੋ ਕਿਸੇ ਨਾ ਕਿਸੇ ਅਜ਼ਮਾਇਸ਼ ਹੇਠ ਆਕੇ ਕੱਮਾ ਨਿਕਲੇ ਤੇ ਪਕੜਿਆ ਜਾਵੇ। ਇਉਂ ਕੁਛ ਕਾਲ ਖੇਡ ਜਾਰੀ ਰਹੀ। ਜਿਉਂ ਜਿਉਂ ਇਹ ਕੌਤਕ ਵਰਤਣ ਰਾਜੇ ਨੂੰ ਗੁਰੂ ਜੀ ਦੇ ਚਰਨਾਂ ਵਲ ਪ੍ਰੇਮ ਦੀ ਖੈਂਚ ਵਧਦੀ ਜਾਵੇ। ਅੰਤ ਇਸ ਪਜਾਰ ਦੀ ਖੈਂਚ ਗੁਰੂ ਨਾਨਕ ਹਿਰਦੇ ਨੂੰ ਪਹੁੰਚੀ। ਆਪ ਇਸ ਤੋਂ ਪਹਿਲਾਂ ਇਕ ਵੇਰੀ ਦਸ ਬਾਰਾਂ ਬਰਸ ਦੀ ਉਦਾਸੀ ਕਰ ਚੁਕੇ ਸੇ, ਪੂਰਬ ਰੁਖ ਹੋਕੇ ਵਡੇ ਵਡੇ ਤੀਰਥੀਂ ਤੇ ਅਸਥਾਨੀ ਫਿਰਦੇ ਮਠ, ਸਾਧਾਂ ਦੇ ਟਿਕਾਣੇ ਦੇਖਦੇ ਸਤਿਨਾਮ ਦਾ ਪੱਲੂ ਫੇਰ ਆਏ ਸੇ। ਫੇਰ ਦੇਸ ਵਿਚ ਚੱਕਰ ਲਾਕੇ ਬੜੇ ਖੜੇ ਭਾਰੇ ਕੰਮ ਕੀਤੇ ਸੇ ਤੇ ਬੜੇ ਖੜੇ ਗੜ੍ਹ ਫਤਹ ਕੀਤੇ ਸੇ। ਹਠ, ਤਪ, ਰਿਆਜ਼ਤ, ਕਰੜੀਆਂ ਮੁਸ਼ੱਕਤਾਂ, ਭਾਈਚਾਰੇ ਤੋਂ ਅਲੱਗ ਹੋ ਕਰਨੀਆਂ ਵਾਲਿਆਂ ਨੂੰ ਸੋਧ ਚੁਕੇ ਸੇ, ਸਭ ਨੂੰ ਪ੍ਰੇਮ ਦਾ ਮਾਰਗ ਦੱਸ ਚੁਕੇ ਸੇ, ਸਿਫਤ ਸਲਾਹ ਦੇ ਰਸਤੇ ਪਾਕੇ ਉੱਚਾ ਆਦਰਸ਼ ਸਿਖਾ ਚੁਕੇ ਤੇ ਸਿਖਾ ਰਹੇ ਸੇ ਕਿ ਹੁਣ ਇਸ ਖੈਂਚ ਨੇ ਦੂਸਰੀ ਉਦਾਸੀ ਲਈ ਤਿਆਰੀ ਕਰਵਾ ਦਿੱਤੀ। ਸੋ ਹੁਣ ਆਪ ਤਿਆਰ ਹੋਕੇ ਤੁਰ ਪਏ। ਲਿਖਿਆ ਹੈ ਕਿ ਇਸ ਉਦਾਸੀ ਧਾਰਨ ਵੇਲੇ ਇਹ ਭੇਖ ਧਾਰਿਆ, ਪੈਰੀਂ ਖੜਾਵਾਂ ਕਾਠ ਦੀਆਂ; ਹੱਥ ਆਸਾ, ਸਿਰ ਰਸੀਆਂ ਲਪੇਟੀਆਂ, ਬਾਹਾਂ ਜੰਘਾਂ ਰਸੀਆਂ, ਮੱਥੇ ਟਿਕਾ ਬਿੰਦਲੀ ਵਰਗਾ। ਸਾਧ ਸੰਗਤ ਜੀ! ਇਹ ਵੇਸ ਸੀ ਰਲਵਾਂ ਮਿਲਵਾਂ, ਕਈ ਫਿਰਕਿਆਂ, ਮਤਾਂ ਦਾ। ਇਸ ਦਾ ਭਾਵ ਇਹ ਸੀ ਕਿ ਆਪ ਕਿਸੇ ਇਕ ਫਿਰਕੇ ਦੇ ਫਿਰਕਾਪਰਸਤ ਨਹੀਂ ਹਨ। ਪੁਰਾਤਨ ਜਨਮ ਸਾਖੀ ਵਿਚ ਲਿਖਿਆ ਹੈ ਕਿ ਇਸ ਉਦਾਸੀ ਵਿਚ ਨਾਲ ਸੀ ਸੈਦੋ ਜਟ ਤੇ ਸੀਹੋਂ ਜਟ। ਰਮਤੇ ਵਿਚ ਅਨੇਕ ਕੌਤਕ ਹੋਏ ਤੇ ਅਨੇਕਾਂ ਤਾਰੇ! ਇਕ ਦੇਸ ਦਾ ਨਾਉ ਧਨਾਸਰੀ ਲਿਖਿਆ ਹੈ- ਸ਼ਾਯਦ ਇਹ ਤਨਾਸਰਮ ਦਾ ਨਾਮ ਹੋਵੇ। ਏਥੇ ਇਕ ਸਰੇਵੜੇ ਨੂੰ ਤਾਰਿਆ। ਉਸ ਨੂੰ ਕਰੜੇ ਤਪਾਂ ਹਠਾਂ ਮੈਲੀਆਂ ਕਿਰਿਆਂ ਤੋਂ ਛੁਡਾ ਕੇ ਕਰਤਾਰ ਨੂੰ ਕਰਤਾ ਸਿੱਧ ਕਰਕੇ ਉਸਦੇ ਲੜ ਲਾਇਆ ਤੇ ਆਖਿਆ, ਹੇ ਸਾਧੂ ਜੀ! ਨਾ ਸਮਝੋ ਕਿ ਜਗਤ ਵਿਚ ਉਦਾਸੀ ਲਈ, ਖਪਣ ਲਈ ਇਹ ਮਨੁੱਖਾ ਜਨਮ ਹੈ। ਜੀਵਨ ਮਾਤ੍ਰ ਇਕ ਰਸਮਯ ਵਸਤੂ ਹੈ, ਜੀਵੋ, ਸੁਹਣਾ ਜੀਵਨ ਜੀਵੋ, ਆਪਣੇ ਆਧਾਰ ਰਹੋ, ਹਠ ਤਪ ਸਾਧਨ ਇਹ ਧਾਰੋ ਕਿ ਕਿਸੇ ਨੂੰ ਦੁਖਾਉਣਾ ਨਹੀਂ ਤੇ ਵਿਚ ਇਹ ਭੀ ਸਮਝੋ ਕਿ ਆਪੇ ਨੂੰ ਵੀ ਨਹੀਂ ਦੁਖਾਉਣਾ। ਆਪੇ ਨੂੰ ਟਿਕਾਕੇ ਪਰਮ ਪੁਰਖ ਦੇ ਧਯਾਨ ਵਿਚ ਲਾਕੇ ਸੁਤੇ ਸੁਖ ਵਿਚ ਟਿਕਣਾ ਹੈ। ਜਗਤ ਤੋਂ ਪਰੇ ਹਟਣ ਤੇ ਛੂ ਛੂ ਕਰਨ ਨਾਲੋਂ ਜਗਤ ਵਿਚ ਵੱਸਕੇ ਸੇਵਾ ਭੀ ਕਰਨੀ ਹੈ। ਇਸ ਸਾਧ ਦਾ ਨਾਉ ਅਨਭੀ ਸੀ, ਇਸ ਨੂੰ ਸਿੱਖ ਬਣਾਕੇ ਮੰਜੀਂ ਬਖਸ਼ੀਂ ਲਿਖੀ ਹੈ। ਇਸੇ ਸਫਰ ਵਿਚ ਕਿਸੇ ਟਾਪੂ ਵਿਚ ਕਿਸੇ ਮਾਨਸ ਖਾਣੇ ਕੌਡੇ ਨਾਮ ਦੇ ਰਾਖਸ਼ ਨੂੰ ਉਸਦੀ ਭ੍ਰਿਸ਼ਟ ਕ੍ਰਿਯਾ ਤੋਂ ਕੱਢਕੇ ਮਾਨੁਖ ਪ੍ਰੇਮ ਵਿਚ ਲਾਯਾ ਤੇ ਜਗਤ ਦਾ ਅਜਾਈਂ ਮਾਰੇ ਜਾਣ ਦਾ ਇਕ ਸੰਕਟ ਨਿਵਿਰਤ ਕੀਤਾ। ਇਹ ਰਾਖਸ਼ ਅਗੋਂ ਨੂੰ ਸ੍ਰਿਸ਼ਟੀ ਸੇਵਕ ਹੋ ਗਿਆ। ਇਸੇ ਸਫਰ ਵਿਚ ਆਪ ਸਖਦੂਮ ਬਹਾਵਦੀਨ ਨੂੰ ਮਿਲੇ ਜੋ ਮਾਨਸਿਕ ਸ਼ਕਤੀ ਵਧਾਕੇ ਮੁਸੱਲੇ ਤੇ ਬੈਠਕੇ ਪਾਣੀਆਂ ਵਿਚ ਤਰਿਆ ਕਰਦਾ ਸੀ। ਇਸ ਨੂੰ ਕਈ ਕੌਤਕ ਕਰਕੇ ਭੁੱਲ ਤੋਂ ਕੱਢਿਆ ਤੇ ਦੱਸਿਆ ਕਿ ਮਾਰਗ ਸਿਫਤ ਸਲਾਹ ਹੈ, ਆਪੇ ਨੂੰ ਨਿਰੋਲ ਨਿਰਮਲ ਕਰ ਕੇ ਤੱਕਣਾ ਹੈ ਤੇ ਆਪੇ ਨੂੰ ਪਰਮ ਆਪੇ ਨਾਲ ਵਸਲ ਵਿਚ ਲੈ ਆਉਣਾ ਹੈ। ਜਿਨ੍ਹਾਂ ਖੇਡਾਂ ਵਿਚ ਲਗ ਰਹੇ ਹੋ, ਓਹ ਅਪਣੀ ਹਉਂ ਤੇ ਤ੍ਰਿਸ਼ਨਾਂ ਨੂੰ ਵਧਾਕੇ ਦੂਜੇ ਇਨਸਾਨਾਂ ਨੂੰ ਆਪਣੇ ਵੱਸ ਵਿਚ ਕਰਨ ਦੀਆਂ ਹਨ। ਚਾਹੀਦਾ ਹੈ ਆਪੇ ਨੂੰ ਹਉਂ ਤੋਂ ਸੁਤੰਤਰ ਕਰਕੇ ਦੂਸਰਿਆਂ ਨੂੰ ਸੁਤੰਤਰ ਕਰਨਾ, ਆਪੇ ਵਿਚ

 www.sikhbookclub.com

ਟਿਕਾਕੇ ਸੁਖੀ ਕਰਨਾ। ਉਸ ਵੇਲੇ ਲਿਖਿਆ ਹੈ ਕਿ ਗੁਰੂ ਬਾਬੇ ਨੇ ਫੁਰਮਾਯਾ ਸੀ- ***"ਸਉ ਓਲ੍ਹਾਮੇ ਦਿਨੈ ਕੇ ਰਾਤੀ ਮਿਲਨਿ ਸਹੰਸ॥ ਸਿਫਤਿ ਸਲਾਹਣੁ ਛਡਿਕੈ ਕਰੰਗੀ ਲਗਾ ਹੰਸੁ॥"*** ਸਾਧ ਸੰਗਤ ਜੀ ਹੰਸ ਨਾਮ ਹੈ ਸਾਧੂ ਦਾ ਤੇ ਹੰਸ ਨਾਮ ਹੈ ਮਾਨਸਰੋਵਰ ਤੇ ਰਹਿਣ ਵਾਲੇ ਇਕ ਪੰਛੀ ਦਾ ਜੋ ਉਜਲ ਹੁੰਦਾ ਹੈ, ਸਾਧੂ ਉਜਲ ਚਾਹੀਏ। ਹੰਸ ਮੁਰਦਾਰ ਨਹੀਂ ਖਾਂਦਾ, ਮੁਰਦਾਰ ਖਾਣੇ ਕੰਮ ਗਿਰਝਾਂ, ਚੀਲਾਂ ਆਦਿ ਦਾ ਹੈ। ਸੋ ਸਾਧੂ ਜੇ ਦੂਸਰਿਆਂ ਨੂੰ ਕਰਾਮਾਤਾਂ ਦੇ ਜ਼ੋਰ ਵੱਸ ਕਰਕੇ ਆਪਣੇ ਗ਼ੁਲਾਮ ਬਨਾਵੇ ਤੇ ਉਨ੍ਹਾਂ ਨੂੰ ਆਤਮ ਜੀਵਨ ਦਾਨ ਕਰਕੇ ਉਚਿਆ, ਸੁਚਿਆਂ, ਨਿਰਮਲ ਤੇ ਸੁਖੀ ਨਾ ਕਰੇ ਤਾਂ ਉਹ ਗਿਰਝਾਂ ਵਾਲੇ ਕੰਮ ਵਿਚ ਪੈ ਗਿਆ ਹੈ। ਉਹ ਤਾਂ ਸਗੋਂ ਆਤਮ ਜੀਵਨ ਵਲੋਂ ਮਰ ਚੁਕੇ ਲੋਕਾਂ ਤੋਂ ਅਪਣੇ ਲਾਭ ਤੇ ਯਸ ਖਟਣ ਦੇ ਮਗਰ ਪੈ ਗਿਆ ਹੈ, ਉਸਨੇ ਹੰਸਾਂ ਦਾ ਖਾਣਾ ਮੋਤੀਂ ਤੇ ਦੁੱਧ ਛੋੜ ਦਿੱਤਾ ਹੈ। ਗੁਰੂ ਜੀ ਨੇ ਸਿਫਤ ਸਲਾਹ ਦਾ ਮਾਰਗ ਦੱਸਕੇ, ਹਾਂ, ਇਸ ਜ਼ੁਹਦੀ ਤੇ ਤਪੀ ਫਕੀਰ ਨੂੰ ਉੱਚ ਸੁਰਤੇ ਕਰਕੇ ਨਿਹਾਲ ਕੀਤਾ। ਫਕੀਰ ਚੰਗਾ ਸੀ, ਘਾਲੀ ਸੀ, ਪਰ ਰਿੱਧੀ ਸਿੱਧੀ ਵਿਚ ਅਟਕਿਆ ਖਲਾ ਸੀ, ਗੁਰੂ ਬਾਬੇ ਨੇ ਵਿਸਮਾਦ ਦੇ ਰੰਗ ਲਾ ਦਿਤੇ! ਇਸੇ ਸਫ਼ਰ ਵਿਚ ਗੋਰਖ ਜੋਗੀ ਤੇ ਮਛਿੰਦ੍ਰ ਆਦਿਕ ਆਪ ਨੂੰ ਮਿਲੇ। ਇਨ੍ਹਾਂ ਨਾਲ ਬੀ ਵੀਚਾਰ ਹੋਏ। ਦੋ ਤ੍ਰੈ ਸ਼ਬਦ ਉਚਾਰੇ। ਮੁੱਖ ਗਲ ਜੋ ਦ੍ਰਿੜ ਕਰਾਈ ਇਹ ਸੀ:-

*ਸਿਧ ਸਾਧਿਕ ਅਰੁ ਜੋਗੀ ਜੰਗਮ ਪੀਰ ਪੁਰਸ ਬਹੁਤੇਰੇ॥*
*ਜੇ ਤਿਨ ਮਿਲਾ ਤ ਕੀਰਤਿ ਆਖਾ ਤਾ ਮਨੁ ਸੇਵ ਕਰੇ॥*

*(ਰਾਮ: ਮ:੧-੪ )*

ਜਿਸ ਦਾ ਅਰਥ ਸਾਫ ਹੈ ਕਿ ਸਿਧ ਸਾਧੂ ਜੋਗੀ ਜੰਗਮ ਪੀਰ ਹੋਰ ਪ੍ਰਸਿਧ ਪੁਰਖ ਜੋ ਕੋਈ ਮੈਨੂੰ ਮਿਲਦਾ ਹੈ ਮੈਂ ਉਸ ਨੂੰ ਇਹੋ, ਮਤ ਦੇਂਦਾ ਹਾਂ ਕਿ ਭਾਈ 'ਕੀਰਤ ਦੇ ਰਸਤੇ-' ਸਿਫਤ ਸਲਾਹ ਦੇ ਰਾਹ ਤੇ ਆਓ। ਇਸ 'ਮੱਚ ਮਰੇ' ਮਨ ਨੂੰ ਸਿਫਤ ਸਲਾਹ ਨਾਲ ਜਿਵਾਓ, ਹਾ, ਗੁਣ ਕੀਰਤੀ ਨਾਲ, ਸੁਹਾਵੇ ਕੀਰਤਨ ਨਾਲ ਜਗਾਓ, ਮਦ ਵਿਚ ਲਿਆਓ, ਆਪੇ ਦੇ ਟਿਕਾਉ ਦੇ ਮਦ ਵਿਚ, ਆਪੇ ਵਿਚ ਟਿਕਾਕੇ। ਇਹ ਆਪਾ ਸੁੰਦਰ ਹੈ ਤੇ ਸੁਖ ਸਰੂਪ ਹੈ ਤੇ ਪਰਮ ਸੁਖ ਸਰੂਪ ਦੇ ਹਜ਼ੂਰ ਪਹੁੰਚਦਾ ਹੈ। ਉਸ ਵਿਚ ਮਿਲਕੇ ਨਦੀ ਦੇ ਸਮੁੰਦਰ ਨਾਲ ਮਿਲਣ ਵਾਂਙੂ ਬਲਵਾਨ ਤੇ ਵਿਸ਼ਾਲ ਹੋ ਜਾਂਦਾ ਹੈ। ਸੋ ਸਾਧ ਸੰਗਤ ਜੀ। ਇਸ ਤਰ੍ਹਾਂ ਦੇ ਕਾਰਜ ਕਰਦੇ ਜਗਤ ਨੂੰ ਜਗਾਉਂਦੇ ਸੁਰਤਾਂ ਦਾਨ ਕਰਦੇ ਆਪ ਸੰਗਲਾਦੀਪ ਜਾ ਪਹੁੰਚੇ।

੪.

ਹੁਣ ਸੰਤਾਂ ਨੇ ਇਕ ਕਾਗਤ ਹੋਰ ਅਪਣੇ ਰੁਮਾਲ ਵਿਚੋਂ ਵਲ੍ਹੇਟਿਆ ਹੋਇਆ ਕੱਢ ਲਿਆ ਤੇ ਐਉਂ ਲਗੇ ਕਥਾ ਸੁਨਾਉਣ-ਸਾਧ ਸੰਗਤ ਜੀ। ਉਧਰ ਰਾਜਾ ਸ਼ਿਵਨਾਭ ਅਪਣੇ ਪ੍ਰੇਮ ਵਿਚ ਹਰ ਘੜੀ ਉਡੀਕਾਂ ਵਿਚ ਬਿਹਬਲ ਹੋ ਰਿਹਾ ਸੀ, ਉਸ ਦਾ ਪ੍ਰੇਮ ਹਦ ਬੰਨੇ ਟੱਪ ਚੁਕਾ ਸੀ, ਉਸਦੀ ਖੈਂਚ ਅਸਹਿ ਹੋ ਰਹੀ ਸੀ। ਗੁਰੂ ਬਾਬਾ ਅਪਣੇ ਆਪੇ ਵਿਚ ਸੰਪੂਰਨ ਪਰ ਫੇਰ ਪ੍ਰੇਮ ਦਾ ਰਸਿਕ ਪ੍ਰੇਮ ਸਰੂਪ, ਪ੍ਰੇਮ ਨੂੰ ਅਨੁਭਵ ਕਰਨ ਤੇ ਪ੍ਰੇਮ ਕਰਕੇ ਨਿਹਾਲ ਕਰ ਦੇਣ ਵਾਲਾ ਭੱਜਾ ਜਾ ਰਿਹਾ ਸੀ। ਚਾਹੋ ਹਜ਼ਾਰਾਂ ਮੀਲਾਂ ਦਾ ਫਾਸਲਾ ਸੀ, ਪਰ ਬਾਬਾ ਵਲਿੱਖਾਂ ਚੀਰ ਕੇ ਜਾ ਹੀ ਪਹੁੰਚਾ।

ਇਕ ਦਿਨ ਰਾਜਾ ਜੀ ਇਕਾਂਤ ਜਲ ਕਿਨਾਰੇ ਬੈਠੇ ਵੈਰਾਗ ਕਰ ਰਹੇ ਡਾਢੀ ਮਧੁਰ ਧੁਨਿ ਵਿਚ ਕੁਛ ਗਾ ਰਹੇ ਸੀ, ਜਿਸ ਦਾ ਪੰਜਾਬੀ ਵਿਚ ਭਾਵ ਇਉਂ ਦਰਸਾਇਆ ਹੈ:-

ਖੜੀ ਕਿਨਾਰੇ ਕੂਕ ਪੁਕਾਰਾਂ, ਸਾਂਈਂ ਨੂੰ ਪਈ ਵਾਜਾਂ ਮਾਰਾਂ,
ਆ ਸਾਂਈਂ ਮੈਂ ਤਨ ਮਨ ਵਾਰਾਂ, ਅੱਲ ਵਿਲੱਲੀ ਝੱਲੀ ਹਾਂ।
ਜੀ ਤਰਸੇ ਉਡ ਮਿਲਾਂ ਪਿਆਰੇ, ਲੋਚਾਂ ਜਾਵਾਂ ਪਾਰ ਕਿਨਾਰੇ,
ਜਾਵਾਂ ਮੈਂ ਕਿਸ ਓਟ ਸਹਾਰੇ ? ਸਿਕਦੀ ਖੜੀ ਇਕੱਲੀ ਹਾਂ।
ਉਤ ਵਲ ਜਾਣੋਂ ਵਰਜ ਰਹਾਣੀਂ, ਇਤ ਵਲ ਖੜਿਆਂ ਉਮਰ ਵਿਹਾਣੀ,


www.sikhbookclub.com

ਜਾਇ ਨ ਸੱਕਾਂ ਆਪ ਨਿਮਾਣੀ, ਦੁਖੀਆ ਖੜੀ ਦੁਵੱਲੀ ਹਾਂ।
ਆਵੋ ਪ੍ਰੀਤਮ ਦਰਸ ਦਿਖਾਵੋ, ਕਰੋ ਮਿਹਰ ਚਾ ਫੇਰਾ ਪਾਵੋ,
ਸਿਕਦੀ ਚਰਣੀਂ ਆਣ ਲਗਾਵੋ, ਬੌਰੀ ਹੋ ਹੁਣ ਚੱਲੀ ਹਾਂ।

ਫੇਰ ਰਾਜਾ ਜੀ ਚੁਪ ਹੋ ਗਏ। ਕੁਛ ਚਿਰ ਮਗਰੋਂ ਮੰਤ੍ਰੀ ਆ ਗਿਆ ਤੇ ਬੜੇ ਅਦਬ ਨਾਲ ਆਖਣ ਲਗਾ:-ਮੈਨੂੰ ਵਡੇ ਮਾਲੀ ਨੇ ਆਖਿਆ ਹੈ ਕਿ ਤ੍ਰੈ ਦਿਨਾਂ ਤੋਂ ਇੱਕ ਸਾਧੂ ਆਏ ਹੋਏ ਹਨ, ਜਿਨ੍ਹਾਂ ਵਰਗਾ ਅੱਗੇ ਕੋਈ ਨਹੀਂ ਆਇਆ। ਪਹਿਲੇ ਤਾਂ ਉਨ੍ਹਾਂ ਆਪ ਹੀ ਆ ਕੇ ਸੁੱਕੇ ਬਾਗ਼ ਵਿਚ ਡੇਰਾ ਲਾਇਆ ਹੈ, ਦੋ ਆਦਮੀ ਸੁਹਣੀ ਨੁਹਾਰ ਦੇ ਨਾਲ ਹੋਰ ਹਨ। ਉਨ੍ਹਾਂ ਦੇ ਕਦਮ ਰਖਦੇ ਸਾਰ ਬਾਗ਼ ਹਰਿਆ ਹੋ ਗਿਆ ਹੈ, ਸ਼ਗੂਫੇ ਫੁੱਟ ਪਏ ਹਨ, ਪੱਤੇ ਨਿਕਲ ਰਹੇ ਹਨ। ਦੂਸਰੇ ਜਿੰਦਣ ਦੇ ਆਏ ਹਨ ਮੈਂ ਨਿਰਾਹਾਰ ਰਹਿੰਦੇ ਹੀ ਵੇਖੇ ਹਨ। ਸਾਥੀਆਂ ਨੇ ਥੋੜ੍ਹਾ ਦਾਲ ਤੇ ਚਾਵਲ ਪਾਏ ਹਨ, ਪਰ ਆਪ ਅਜੇ ਤਕ ਪੌਣ ਅਹਾਰੀ ਹਨ, ਪਰ ਆਪ ਇਸ ਫਾਕੇ ਨਾਲ ਕੋਈ ਲਿੱਸੇ ਮਾੜੇ ਪਏ ਹੋਏ ਨਹੀਂ ਦਿੱਸਦੇ। ਤੀਜੇ ਜੋ ਸਰੀਰ ਉਨ੍ਹਾਂ ਦੀ ਪ੍ਰੀਖਿਆ ਵਾਸਤੇ ਜਾਂਦਾ ਹੈ ਬਾਗ਼ ਵੜਦਿਆਂ ਉਸਦੀ ਸੁਰਤ ਹੋਰ ਹੋ ਜਾਂਦੀ ਹੈ, ਪ੍ਰੀਖਿਆ ਭੁੱਲ ਜਾਂਦੀ ਹੈ, ਹਿਰਦੇ ਵਿਚ ਖਿੜਾਉ ਹੋਣ ਲਗ ਪੈਂਦਾ ਹੈ, ਦੂਰ ਤੋਂ ਦਰਸ਼ਨ ਹੁੰਦੇ ਹਨ ਤਾਂ ਜ਼ੁਖਾਨ ਬੰਦ ਹੋ ਜਾਂਦੀ ਹੈ ਤੇ ਉਨ੍ਹਾਂ ਪਵਿੱਤ੍ਰ ਚਰਨਾਂ ਤੇ ਡਿੱਗ ਪੈਂਦਾ ਹੈ। ਚਰਨੀ ਲਗਦਿਆਂ 'ਵਾਹਿਗੁਰੂ' ਦੀ ਧੁਨੀ ਛਿੜ ਪੈਂਦੀ ਹੈ, ਰੋਮ ਰੋਮ ਇਹੋ ਆਵਾਜ਼ ਬੋਲਣ ਲੱਗ ਜਾਂਦਾ ਹੈ, ਜਦ ਉਹ ਉਨ੍ਹਾਂ ਕੋਲ ਹੋ ਕੇ ਦਰਸ਼ਨ ਮੇਲੇ ਕਰਕੇ ਮੁੜ ਆਉਂਦਾ ਹੈ ਤਾਂ ਨੈਣ ਨੀਰ ਪੂਰਤ ਹੁੰਦੇ ਹਨ, ਪੁੱਛੋ ਤਾਂ ਇਹ ਉਤਰ ਦੇਂਦਾ ਹੈ:-"ਅਪਣੇ ਪਿਆਰੇ ਮਾਲਕ ਨੂੰ ਯਾਦ ਕਰੋ, ਰਚਣਹਾਰ ਸੁਹਣੇ ਨਾਲ ਪ੍ਰੇਮ ਕਰੋ।" ਹੇ ਰਾਜਾ ! ਜਿਤਨੇ ਸ਼ਰੀਰ ਗਏ ਸਭ ਦੀ ਇਸ ਪ੍ਰਕਾਰ ਕਾਂਇਆਂ ਪਲਟ ਹੋ ਗਈ ਹੈ।

ਰਾਜਾ (ਰੋ ਕੇ)-ਕੁਝ ਨਾਮ ਪਤਾ ਦੱਸਦੇ ਹਨ ?

ਮੰਤ੍ਰੀ-ਚੁੱਪ ਹਨ, ਕਿਸੇ ਗੱਲ ਦਾ ਉੱਤਰ ਨਹੀਂ ਦੇਂਦੇ, ਜੋ ਜੋ ਸਰੀਰ ਪਰਤਾਵਾ ਲੈਣ ਜਾਵੇ ਉਹ ਮਾਨੋ ਬੇਜ਼ੁਬਾਨ ਹੋ ਆਉਂਦਾ ਹੈ ਤੇ ਉਹ ਉੱਪਰਲੀ ਦਸ਼ਾ ਵਿਚ ਹੁੰਦਾ ਹੈ। ਅੱਜ ਮੈਂ ਤੇ ਆਪਦੇ ਵਿਦੂਖਕ* ਜੀ, ਜੋ ਮਖੌਲ ਬਿਨਾ ਜੀ ਨਹੀਂ ਸਕਦੇ, ਦੋਵੇਂ ਜਣੇ ਆਪ ਗਏ ਸਾਂ, ਉਹ ਤਾਂ ਦਰਸ਼ਨ ਮਗਨ ਓਥੇ ਹੀ ਬੈਠੇ ਹਨ, ਆਖਦੇ ਹਨ, "ਇਹ ਜੋਤਿ ਨਿਰੰਜਨੀ ਜ਼ਰੂਰ ਹਨ। ਜਾਓ ਰਾਜਾ ਜੀ ਨੂੰ ਆਖੋ ਨਿਰਸੰਸੇ ਆਉਣ"। ਮੈਨੂੰ ਕਹਿੰਦੇ ਸਨ "ਐਡੇ ਪਿਆਰੇ ਹਨ, ਜੇ ਮੈਨੂੰ ਇਹ ਕੇਵਲ ਕਹਿ ਦੇਣਗੇ ਕਿ 'ਰੱਬ ਹੈ' ਤਾਂ ਮੈਂ ਮੰਨ ਲਵਾਂਗਾ ਤੇ ਬੋਧ ਧਰਮ ਹੁਣੇ ਹੀ ਤਿਆਗ ਦਿਆਂਗਾ"। ਫੇਰ ਠੰਢਾ ਸਾਹ ਲੈ ਕੇ ਕਹਿਣ ਲੱਗੇ "ਮੈਂ ਇਸ ਮੋਹਣੀ ਮੂਰਤ ਨੂੰ ਦੇਖਕੇ ਮੋਹਿਆ ਗਿਆ ਹਾਂ, ਇਹ ਮਨੁੱਖ ਮਾਤ੍ਰ ਨਹੀਂ ਹੈ, ਜ਼ਰੂਰ ਕੋਈ ਮਹਾਨ ਅਵਤਾਰ ਹੈ"। ਹੇ ਰਾਜਾ! ਮੈਂ ਕੀਹ ਦੱਸਾਂ, ਮੈਂ ਆਪ ਵੀ ਖਿੱਚ ਖਾ ਕੇ ਆਇਆ ਹਾਂ। ਬੜੇ ਪਿਆਰੇ ਲੱਗਦੇ ਹਨ, ਧਰਤੀ ਦੇ ਜੀਵ ਨਹੀਂ ਲੱਗਦੇ, ਮਨ ਮੰਨਦਾ ਹੈ ਕਿ ਅਕਾਸ਼ਾਂ ਤੋਂ ਆਏ ਹਨ।

ਰਾਜਾ (ਹਾਹੁਕਾ ਲੈ ਕੇ)-ਮੰਤ੍ਰੀ ! ਉਸ ਦਿਨ ਉਸ ਪਖੰਡੀ ਨੂੰ ਮੱਥਾ ਟੇਕ ਕੇ ਜੋ ਮੇਰੇ ਮਨ ਨੂੰ ਦੁੱਖ ਹੋਇਆ, ਉਹ ਦੁੱਖ ਭੁਲਦਾ ਨਹੀਂ। ਤਦ ਦਾ ਚਿੱਤ ਇਹੋ ਡਰਦਾ ਹੈ ਕਿ 'ਸੱਚੇ' ਬਿਨਾਂ ਇਹ ਸਿਰ ਕਿਸੇ ਅੱਗੇ ਭੁੱਲ ਨਾਲ ਵੀ ਨਾ ਝੁਕੇ। ਪਰ ਹੁਣ ਧੂ ਪੈਂਦੀ ਹੈ, ਭੱਜ ਕੇ ਪਹੁੰਚਣ ਨੂੰ ਜੀ ਉਮਲਦਾ ਹੈ, ਪਰ ਮਨ ਉਸ ਕੌੜੇ ਤਜਰਬੇ ਕਰਕੇ ਜਰਦਾ ਬੀ ਹੈ।

ਮੰਤ੍ਰੀ-ਹੇ ਰਾਜਨ ! ਹੁਣ ਤਾਂ ਸੱਚ ਸਾਮਰਤੱਖ ਹੈ। ਹੁਣ ਨਾਂ ਜਰੋ, ਸੱਚੀ ਹਾਂ ! ਕੱਲ ਰਾਗ

* ਰਾਜਾ ਪਾਸ ਇਕ ਮੁਸਾਹਿਬ ਹੁੰਦਾ ਹੈ, ਜਿਸਦਾ ਕੰਮ ਹਾਸਾ ਮਖੌਲ ਤੇ ਚਮਤਕਾਰੀ ਗੱਲਾਂ ਕਰਕੇ ਰਾਜੇ ਨੂੰ ਖੁਸ਼ ਰਖਣਾ ਹੁੰਦਾ ਹੈ।


www.sikhbookclub.com

ਵਿਦਜਾ ਵਿੱਚ ਨਿਪੁਨ ਸੁੰਦਰੀਆਂ ਗਈਆਂ ਸਨ ਜੋ ਨਿਰਤਕਾਰੀ ਕਰਕੇ ਉਨ੍ਹਾਂ ਨੂੰ ਅਪਣੇ ਰੰਗ ਵਿਚੋਂ ਉਖੇੜਨ, ਪਰ ਉਸ ਮ੍ਰਿਦੁਲ ਮੂਰਤੀ ਨੇ ਜਾਂਦੀਆਂ ਨੂੰ ਹੀ ਕਿਹਾ:-

"ਰਾਗ ਨੂੰ ਹਰੀ ਕੀਰਤਨ ਵਿੱਚ ਵਰਤੋ, ਨਾਮ ਜਪੋ।"

ਉਸੀ ਵਕਤ ਉਹ ਸਮਾਧੀ ਵਿਚ ਬੈਠ ਗਈਆਂ, ਕੁਛ ਦੇਰ ਬਾਦ ਹੋਸ਼ ਪਰਤੀ ਤਾਂ ਮੁੜੀਆਂ, ਉਨ੍ਹਾਂ ਦੇ ਨੈਣ ਜਲ ਨਾਲ ਭਰੇ ਹਨ ਅਰ ਸਰੀਰ ਵਿਚੋਂ ਹਰੀ ਨਾਮ ਦੀ ਅਖੰਡਾਕਾਰ ਧੁਨੀ ਮਾਨੋ ਨਿਕਲ ਰਹੀ ਹੈ, ਐਸ ਤਰ੍ਹਾਂ ਦਿੱਸਦੀਆਂ ਹਨ ਕਿ ਪਵਿੱਤ੍ਰਤਾ ਅਰ ਹਰੀ ਸਿਮਰਨ ਦੀਆਂ ਦੇਵੀਆਂ ਹਨ। ਹੇ ਰਾਜਾ ! ਬਾਗ਼ ਵਿਚ ਪ੍ਰਭਾਵ ਹੀ ਕੁਛ ਹੋਰ ਹੈ, ਪੈਰ ਰੱਖਦਿਆਂ ਜੀ ਖਿੜਦਾ ਹੈ, ਠੰਢ ਵਰਤਦੀ ਹੈ, ਸ਼ਾਂਤਿ ਆਉਂਦੀ ਹੈ ਤੇ ਐਉਂ ਲੱਗਦਾ ਹੈ ਜੀਕੂੰ ਰੱਬ ਹੀ ਰੱਬ ਹੋ ਰਿਹਾ ਹੈ। ਮੇਰੀ ਜਾਚੇ ਹੁਣ ਸੰਸਾ ਨਹੀਂ, ਮਨਮੁਖ ਦਾ ਗੁਰੂ, ਆਪ ਦਾ ਗੁਰੂ ਨਾਨਕ, ਸ੍ਰਿਸ਼ਟੀ ਦਾ ਤ੍ਰਾਣ ਕਰਤਾ, ਮਹਾਨ ਰਿਖੀਆਂ ਦਾ ਸ਼ਿਰੋਮਣੀ, ਅਵਤਾਰਾਂ ਦਾ ਸਿਹ ਅਵਤਾਰ ਹੈ, ਜੋ ਬਾਗ ਵਿਚ ਆ ਕੇ ਬੈਠਾ ਹੈ*।

ਰਾਜਾ ਨੇ ਇਹ ਸੁਣਕੇ ਇਕ ਚੱਕਰ ਜੇਹਾ ਖਾਧਾ, ਫੇਰ ਸੰਭਲਿਆ ਤੇ ਬੋਲਿਆ ਅਹੋ ! ਮੈਂ ਅਪਰਾਧੀ, ਮੈਂ ਅਪਣੇ ਮਾਲਿਕ ਦੇ ਪਰਤਾਵੇ ਲਏ ! ਧ੍ਰਿਕ ਮੇਰੇ ਤੇ !...

ਹੇ ਮੰਤ੍ਰੀ ! ਤੂੰ ਹੁਣ ਕੀ ਆਖਦਾ ਹੈਂ ?

ਮੰਤ੍ਰ-ਪਾਤਸ਼ਾਹ ! ਹੁਣ ਤਾਂ ਆਪ ਹੈ, ਆਪ ਹੈ, ਆਪ ਹੈ। ਅੱਜ ਤਾਂ ਮੈਂ ਤੇ ਵਿਦੂਖਕ ਜੀ ਨੇ ਨਾਮ, ਜਾਤ, ਪਤਾ ਪੁੱਛਣ ਦੀ ਬੀ ਗੁਸਤਾਖੀ ਕੀਤੀ, ਪਰ ਉਹ ਕੀਰਤਨ ਵਿਚ ਮਗਨ ਸਨ, ਆਪ ਦੇ ਦੈਵੀ ਗਲੇ ਤੋਂ ਜੋ ਇਲਾਹੀ ਨਾਦ, ਅਨਾਹਦ ਨਾਦ ਹੋਇਆ ਤਾਂ ਇਹ ਕੁਛ ਗਾਂਵਿਆਂ ਗਿਆ, ਜੋ ਅਪਣੇ ਲੇਖਕ ਜੀ ਨੇ ਨਾਲੋ ਨਾਲ ਲਿਖ ਲਿਆ ਸੀ :-

*ਜੋਗੀ ਜੁਗਤਿ ਨਾਮੁ ਨਿਰਮਾਇਲੁ ਤਾਕੈ ਮੈਲੁ ਨ ਰਾਤੀ॥ ਪ੍ਰੀਤਮ ਨਾਥੁ ਸਦਾ ਸਚੁ ਸੰਗੇ ਜਨਮ ਮਰਣ ਗਤਿ ਬੀਤੀ॥੧॥ ਗੁਸਾਈ ਤੇਰਾ ਕਹਾ ਨਾਮੁ ਕੈਸੇ ਜਾਤੀ॥ ਜਾ ਤਉ ਭੀਤਰਿ ਮਹਲਿ ਬੁਲਾਵਹਿ ਪੂਛਉ ਬਾਤ ਨਿਰੰਤੀ॥੧॥ਰਹਾਉ॥ ਬ੍ਰਹਮਣੁ ਬ੍ਰਹਮੁ ਗਿਆਨ ਇਸਨਾਨੀ ਹਰਿ ਗੁਣ ਪੂਜੇ ਪਾਤੀ॥ ਏਕੋ ਨਾਮੁ ਏਕੁ ਨਾਰਾਇਣੁ ਤ੍ਰਿਭਵਣ ਏਕਾ ਜੋਤੀ॥੨॥ ਜਿਹਵਾ ਡੰਡੀ ਇਹੁ ਘਟੁ ਛਾਬਾ ਤੋਲਉ ਨਾਮੁ ਅਜਾਚੀ॥ ਏਕੋ ਹਾਟੁ ਸਾਹੁ ਸਭਨਾ ਸਿਰਿ ਵਣਜਾਰੇ ਇਕ ਭਾਤੀ॥੩॥ ਦੋਵੈ ਸਿਰੇ ਸਤਿਗੁਰੂ ਨਿਬੇੜੇ ਸੋ ਬੂਝੈ ਜਿਸ ਏਕ ਲਿਵਲਾਗੀ ਜੀਅਹੁ ਰਹੈ ਨਿਭਰਾਤੀ॥ ਸਬਦੁ ਵਸਾਏ ਭਰਮੁ ਚੁਕਾਏ ਸਦਾ ਸੇਵਕੁ ਦਿਨੁ ਰਾਤੀ॥੪॥ ਊਪਰਿ ਗਗਨੁ ਗਗਨ ਪਰਿ ਗੋਰਖੁ ਤਾਕਾ ਅਗਮੁ ਗੁਰੂ ਪੁਨਿ ਵਾਸੀ॥ ਗੁਰ ਬਚਨੀ ਸਾਹਰਿ ਘਰਿ ਏਕੋ ਨਾਨਕੁ ਭਇਆ ਉਦਾਸੀ॥੫॥੧੧॥* (ਮਾਰੂ ਮਹਲਾ ੧/੯੯੨)

ਇਸ ਸਬਦ ਦੀ ਧੁਨੀ ਮਾਰੂ ਰਾਗ ਵਿਚ ਸੀ, ਇਹ ਵੈਰਾਗ ਦਾ ਨਕਸ਼ਾ ਬੰਨ੍ਹ ਗਈ ਉਹ ਇਲਾਹੀ ਧੁਨਿ ਸੁਣਦੇ ਸਭ ਪੱਥਰ ਦੀਆਂ ਮੂਰਤਾਂ ਵਾਂਙ ਨਿਸ਼ਚਲ ਹੋ ਗਏ ਤੇ ਸਾਨੂੰ ਸਾਫ ਉੱਤਰ ਮਿਲ ਗਿਆ ਕਿ ਆਪ ਦਾ ਹੀ ਨਾਮ 'ਨਾਨਕ' ਹੈ।

ਰਾਜਾ-ਸੱਚ ! ਹਾਂ, ਉਹ ਪਤਿਤ ਪਾਵਨ ਆਪ ਹੈ, ਪਰ ਮੈਂ ਪਤਿਤ ਹਾਂ ! .....ਪਰ ਹਾਂ, 'ਓਹ ਪਤਿਤ ਪਾਵਨ ਹੈ' ਇਹ ਕਹਿੰਦੇ ਰਾਜਾ ਦਾ ਦਿਲ ਟੁੱਟਾ; ਪ੍ਰੇਮ ਦਾ ਪਰਵਾਹ ਕੜ ਪਾੜ ਕੇ ਚੜ੍ਹਿਆ; ਹੱਦ, ਬੰਨੇ, ਸੋਚਾਂ, ਸੰਸੇ ਰੁੜ੍ਹ ਗਏ। ਪ੍ਰੀਤ ਦੀ ਕਾਂਗ ਆਈ, ਇਸ਼ਕ ਦੀ ਨਾ ਰੁਕਣ ਵਾਲੀ ਹੜ੍ਹ ਦੇ ਵੇਗ ਦੀ ਰੌ ਆਈ, ਸੁਰਤ ਨੂੰ ਲੈ ਟੁਰੀ, ਮਨ ਨੂੰ ਲੈ ਟੁਰੀ, ਦੇਹ ਨੂੰ ਲੈ ਟੁਰੀ। ਖਿੱਚ ਦੀ ਤ੍ਰਿੱਖੀ ਕਾਂਗ

---

* "ਸਭ ਤੇ ਵਡਾ ਸਤਿਗੁਰੁ ਨਾਨਕੁ" ਗੁਰ ਵਾਕ ਹੈ।


www.sikhbookclub.com

ਰਾਜਾ ਨੂੰ ਨਸਾਈ ਲਈ ਜਾਂਦੀ ਹੈ, ਭਜਾਈ ਲਈ ਜਾਂਦੀ ਹੈ। 'ਪ੍ਰੀਤਮ ਆਇਆ, ਮੇਰਾ ਪ੍ਰੀਤਮ ਆਇਆ' ਕਹਿੰਦਾ ਲੋਹਾ ਜਿਉਂ ਧਾ ਕੇ ਚੁੰਬਕ ਵਲ ਜਾਂਦਾ ਹੈ, ਐਉਂ ਧੂਹੀਂਦਾ ਜਾ ਰਿਹਾ ਹੈ, ਵੱਛਾ ਮਾਂ ਵੱਨੀ ਭੰਨਾ ਜਾਂਦਾ ਹੈ, ਕਾਹਲੀ ਹੋਈ ਨਦੀ ਸਮੁੰਦਰ ਵੱਲ ਨੱਠੀ ਜਾਂਦੀ ਹੈ; ਤਿਵੇਂ ਰਾਜਾ ਸਤਿਗੁਰ ਵਲ ਭੱਜਾ ਜਾ ਰਿਹਾ ਹੈ।

ਬਾਗ ਦਾ ਵਾਯੂ ਮੰਡਲ ਆਤਮ ਸੁਗੰਧੀ ਨਾਲ ਭਰਪੂਰ ਹੈ, ਜਾ ਕੇ ਦਰਸ਼ਨ ਕੀਤਾ, ਕਲੇਜਾ ਖਿੱਚ ਤੇ ਪਿਆਰ ਨਾਲ ਹੋਰ ਟੁੱਟ ਗਿਆ, ਮੱਲੋਮੱਲੀ ਸਿਰ ਝੁਕ ਗਿਆ ਹੈ, ਸੁਰਤ ਮੋਹੀ ਗਈ ਹੈ, ਮਹਾਰਾਜ ਦੇ ਨੇਤ੍ਰ ਬੰਦ ਸਨ, ਉਸ ਵੇਲੇ ਦੈਵੀ ਨੈਣ ਖੁੱਲ੍ਹੇ, ਰਾਜਾ ਝਾਲ ਨਹੀਂ ਝੱਲ ਸਕਿਆ। ਫੇਰ ਰਾਜਾ ਪੈਰੀਂ ਢੱਠਾ, ਰੋ ਰੋ ਕੇ ਬਲਿਹਾਰ ਤੇ ਜਲਿਹਾਰ ਹੋ ਗਿਆ। ਕਿਤਨਾਂ ਚਿਰ ਚਰਨਾਂ ਤੇ ਸਿਰ ਰੱਖੇ ਨੂੰ ਸੁਧ ਨਾ ਰਹੀ। ਵਾਹ ਵਾਹ, ਹੇ ਰਾਜਾ ! ਤਰਸਦੇ ਤੇ ਸਿੱਕਦੇ ਰਾਜਾ ! ਅੱਜ ਤੇਰੀ ਸਿੱਕ ਪੂਰੀ ਹੋਈ, ਸੱਚਖੰਡ ਤੋਂ ਟੁਰ ਕੇ ਜੋ ਸੰਸਾਰ ਰਖਯਾ ਨਮਿੱਤ ਆਇਆ ਹੈ, ਉਹ ਅੱਜ ਤੇਰੇ ਗ੍ਰਹਿ ਆਇਆ ਹੈ। ਹਾਂ, ਮੱਥਾ ਟੇਕ , ਸਿਰ ਨਾ ਚੱਕ, ਲੀਨ ਹੋ ਅਰ ਇਨ੍ਹਾਂ ਹੀ ਚਰਨਾਂ ਕਮਲਾਂ ਵਿਚ ਲੀਨ ਹੋ ਜਾਹ। ਪਿਆ ਰਹੁ ਰਾਜਾ, ਹੁਣ ਅੰਮ੍ਰਿਤ ਕੁੰਡ ਤੋਂ ਸੀਸ ਕਾਸ ਨੂੰ ਚਾਉਂਦਾ ਹੈਂ, ਦੇਖ ਕਿਸ ਤਰ੍ਹਾਂ ਦੀ ਜੀਵਨ ਦੇ ਹੁਲਾਰੇ ਭਰੀ ਤੇ ਰਸ ਦੇ ਲਹਿਰੇ ਭਰੀ ਝਰਨਾਟ ਚਰਨਾਂ ਖੀਂ ਤੇਰੇ ਸਰੀਰ ਵਿੱਚ ਆ ਰਹੀ ਹੈ ! ਪਿਆ ਰਹੁ ਰਾਜਾ, ਇਸ ਸੁਖ ਪੁੰਜ ਖਜ਼ਾਨੇ ਤੇ ਪਿਆ ਰਹੁ, ਅੱਜ ਤੇਰੇ ਧੰਨ ਭਾਗ ਹਨ।

ਸਤਿਗੁਰੂ ਜੀ ਨੇ ਪਿਆਰ ਦੇ ਕੇ ਉਠਾਇਆ, ਕਿਹਾ--"ਰਾਜਾ ! ਸਾਵਧਾਨ ਹੋ, ਨਿਰੰਕਾਰ ਦੀ ਜੋਤਿ ਸੰਭਾਲ"। ਦੇਖੋ ਜੀ, ਧਯਾਨ ਕਰਕੇ ਰਾਜਾ ਉਠਦਾ ਹੈ, ਸੰਭਾਲਦਾ ਹੈ, ਪਰ ਪ੍ਰੇਮ ਲੱਦਿਆ ਸਿਰ ਝੁਕ ਝੁਕ ਪੈਂਦਾ ਹੈ, ਚਾਹੁੰਦਾ ਹੈ ਕੁਛ ਬਿਨੈ ਕਰਾਂ, ਪਰ ਗਲਾ ਰੁਕਦਾ ਹੈ। ਅੰਤ ਰੁਕ ਰੁਕ ਕੇ ਸੱਧਰ ਨੇ ਕਹਾਇਆ:- 'ਮਹਲੀਂ ਚੱਲੋ' ਤਾਂ ਸਤਿਗੁਰ ਆਖਦਾ ਹੈ, ਫਕੀਰਾਂ ਨੂੰ ਛੱਪਰ ਕਿਨ ਛਾਏ ? ਜਦ ਰਾਜਾ ਬਹੁਤ ਮਿੰਨਤ ਤੇ ਤਰਲੇ ਕਰਦਾ ਹੈ ਤਾਂ ਚੋਜੀ ਸਤਿਗੁਰ ਆਖਦਾ ਹੈ ਕਿ ਮੈਂ ਪਯਾਦਾ ਨਹੀਂ ਜਾਂਦਾ। 'ਤਦਹੁੰ ਰਾਜੇ ਸਿਵਨਾਭਿ ਆਖਿਆ, ਜੀ ਤੇਰਾ ਦਿੱਤਾ ਸਭ ਕਿਛੁ ਹੈ, ਹੁਕਮ ਹੋਵੇ ਤਾਂ ਘੋੜੇ ਹਾਥੀ ਚੜ੍ਹੀਏ ਅਤੇ ਜੀ ਤਖਤ ਰਵਾਂ ਚੜ੍ਹੀਐ। ਤਬ ਗੁਰੂ ਬਾਬੇ ਆਖਿਆ, ਜੋ ਹੇ ਰਾਜਾ ਅਸੀਂ ਮਨੁੱਖ ਦੀ ਅਸਵਾਰੀ ਕਰਦੇ ਹਾਂ[1]। ਤਬ ਰਾਜੇ ਆਖਿਆ ਜੀ ਮਨੁੱਖ ਬੀ ਬਹੁਤ ਹੈਨਿ, ਚੜ੍ਹ ਚੱਲੀਐ। ਤਬ ਬਾਬੇ ਆਖਿਆ, ਹੇ ਰਾਜਾ ! ਓਹ ਮਨੁੱਖ ਹੋਵੇ, ਜੋ ਰਾਜਕੁਇਹ ਹੋਵੇ ਅਤੇ ਨਗਰ ਕਾ ਰਾਜਾ ਹੋਵੇ, ਤਿਸ ਕੀ ਪਿੱਠ ਉੱਪਰ ਚੜ੍ਹਿਹਾਂ। ਤਬ ਰਾਜੇ ਆਖਿਆ-ਪਾਤਸ਼ਾਹ ਜੀ! ਤੇਰਾ ਕੀਤਾ ਰਾਜਾ ਮੈਂ ਹਾਂ ਚੜ੍ਹਿ ਚਲੀਏ[2]'।

ਤਾਂ ਸਤਿਗੁਰ ਜੀ ਮੁਸਕ੍ਰਾਏ ਤੇ ਬਚਨ ਕੀਤਾ 'ਸ਼ਹਿਰ ਵਿਚ ਧਰਮਸਾਲ ਬਣਾਓ। ਮਹਲੀਂ ਨਹੀਂ, ਪਰ ਧਰਮਸਾਲੇ ਆਵਾਂਗੇ[3]"। ਹੁਕਮ ਸੁਣਕੇ ਚੰਦ ਚੜ੍ਹ ਗਿਆ, ਰਾਜੇ ਨੇ ਬਹੁਤ ਸਾਰੇ ਕਾਰੀਗਰ ਲਾ ਕੇ ਬਹੁਤ ਛੇਤੀ ਸੁੰਦਰ ਧਰਮਸਾਲ ਬਣਵਾ ਲਈ। ਜਦ ਬਾਗ ਵਿੱਚ ਅਪਣੇ ਅਣਡਿੱਠੇ ਪ੍ਰੀਤਮ, ਪ੍ਰਾਣਾਂ ਤੋਂ ਪਿਆਰੇ ਪ੍ਰੀਤਮ, ਤੇ ਹੁਣ ਸਾਖਯਾਤ ਪ੍ਰੀਤਮ ਨੂੰ ਲੈਣ ਗਿਆ ਤਾਂ ਅੱਗੋ ਆਪਦੀ ਸੁਗੰਧਿ ਰੂਪ ਕਾਯਾਂ ਉਥੋਂ ਲੋਪ ਸੀ। ਸਾਧ ਸੰਗਤ ਜੀ ! ਕਵੀ ਗਣੇਸ਼ਾ ਸਿੰਘ ਲਿਖਦੇ ਹਨ:--

ਨ੍ਰਿਪ ਹ੍ਵੈ ਬਿਕਲ ਗਿਰਜੋ ਤਿਹ ਥਾਉਂ, ਸੁਧ ਬੁਧ ਰਹੀ ਨ ਕੁਛ ਤਿਹ ਆਨ।
ਸ਼ੀਘ੍ਰ ਸੇਵਕਨ ਕਰਜੋ ਉਠਾਵਨ, ਜਲ ਮੁਖ ਪਾਇ ਕੀਨ ਸਵਧਾਨ॥
ਤਬੈ ਸਸ਼ੋਕ ਕਹੀ ਮੁਖ ਬਾਨੀ, 'ਕਹਾਂ ਗਏ ਸ੍ਰੀ ਗੁਰ ਸੁਖਦਾਨ ?'॥

(ਨਾਨਕ ਸੂਰਯੋਦਯ)

---

1. ਇਸ ਦੇਸ਼ ਵਿੱਚ ਹੁਣ ਤੱਕ ਨਿੱਕੀਆਂ ਬਘੀਆਂ ਮਨੁਖ ਖਿੱਚਦੇ ਹਨ। 2. ਪੁਰਾਤਨ ਜਨਮ ਸਾਖੀ।
3. ਪੈੜੇ ਮੋਖੇ ਵਾਲੀ ਸਾਖੀ ਵਿਚ ਲਿਖਿਆ ਹੈ, ਕਿ ਗੁਰੂ ਬਾਬੇ ਨੇ ਰਾਜੇ ਦੇ ਕਹਿਣੇ ਪਰ ਉਸ ਦੇ ਘਰ ਜਾਣਾ ਨਹੀਂ ਮੰਨਿਆ। ਜਦੋਂ ਉਸ ਫੇਰ ਜ਼ੋਰ ਕੀਤਾ ਤਾ ਆਖਿਆ ਕਿ ਧਰਮਸਾਲਾ ਬਨਵਾਓ। ਇਹੋ ਬਚਨ ਗੁਰੂ ਨਾਨਕ ਪ੍ਰਕਾਸ਼, ਗੁਰੂ ਨਾਨਕ ਸੂਰਯੋਦੈ ਤੇ ਹੋਰ ਸਾਖੀਆਂ ਵਿਚ ਹਨ।


www.sikhbookclub.com

ਇਸ ਵੇਲੇ ਜੋ ਉਸਦੇ ਹਿਰਦੇ ਨੂੰ ਬਿਰਹ ਹੋਇਆ ਕਥਨ ਤੋਂ ਬਾਹਰ ਹੈ। ਬੇਹੋਸ਼ੀ ਹੋ ਗਈ, ਗ਼ਸ਼ ਆ ਗਈ। ਜਦ ਗ਼ਸ਼ ਤੋਂ ਕਈ ਉਪਾਵਾਂ ਨਾਲ ਹੋਸ਼ ਆਈ ਤਦ ਬਜਾਕੁਲ ਹੋ ਕੇ ਰੋਵੇ ਅਰ ਤਲਾਸ਼ ਕਰੇ, ਕੂਕੇ ਤੇ ਕੁਰਲਾਵੇ, ਟੋਲੇ ਭਾਲੇ, ਤੇ ਹਾਹੁਕੇ ਲਵੇ ਤੇ ਵਿਰਲਾਪ ਕਰੇ। ਕਵੀ ਸੰਤੋਖ ਸਿੰਘ ਜੀ ਲਿਖਦੇ ਹਨ:-

**ਆਰਤ ਹੋਹਿ ਪੁਕਾਰਤ ਭਾਰੀ॥ 'ਪ੍ਰਾਨਨਾਥ ! ਮਿਲਿਯੇ ਹਿਕ ਬਾਰੀ'।**
**ਦੌਰ ਦੌਰ ਸੁਧਿ ਹੇਤ ਮੁਕੰਦਾ॥ ਬੂਝਤਿ ਬਿਟਪ ਬਿਹੰਗਨ ਬ੍ਰਿੰਦਾ॥੧੦॥**
**ਗਿਰਵਰ ਸਰੁਵਰ ਹ੍ਵੈ ਕਰਿ ਤੀਰਾ। 'ਤੁਮ ਦੇਖਜੋ ਕਿਤ ਗੁਨੀ ਗਹੀਰਾ'।**
**ਬਿਕਲ ਬਚਨ ਬੋਲਤਿ ਬਨ ਮਾਂਹੀ॥ ਕਿਹ ਅਸਥਾਨ ਬਿਲੋਕੇ ਨਾਂਹੀ॥੧੧॥**
**ਸ੍ਵੇਦ ਅੰਗ ਪੁਨ ਲੋਚਨ ਨੀਰਾ॥ ਸਰਬ ਭੀਗ ਗੇ ਚੀਰ ਸਰੀਰਾ॥**
**ਗਿਰਜੋ ਧਰਨ ਪਰ ਹ੍ਵੈ ਮੁਰਛਾਈ॥ ਤਬ ਪ੍ਰਗਟੇ ਸ੍ਰੀ ਗੁਰ ਜਗ ਸਾਂਈਂ॥੧੨॥**

(ਗੁਰ ਨਾਨਕ ਪ੍ਰਕਾਸ਼)

ਤਦ ਰਾਜਾ ਦੌੜਕੇ ਚਰਨੀਂ ਢੱਠਾ, ਚਰਨਾਂ ਨੂੰ ਲਿਪਟ ਗਿਆ, ਅਪਣੇ ਪ੍ਰੀਤਮ ਦਾ ਪ੍ਰੇਮੀ ਹੁਣ ਬਿਹਬਲ ਹੋ ਰਿਹਾ ਹੈ, ਮਨ ਵਿੱਚ ਪ੍ਰੇਮ ਤੇ ਚਾਉ ਹੈ ਅਰ ਅਪਣੇ ਤਾਰਨਹਾਰ ਤੋਂ ਸਦਕੇ ਹੋ ਰਿਹਾ ਹੈ।

ਰਾਜਾ ਹੁਣ ਸ੍ਰੀ ਗੁਰੂ ਜੀ ਨੂੰ ਬੜੇ ਆਦਰ ਨਾਲ ਧਰਮਸਾਲ ਲੈ ਆਇਆ। ਰਾਣੀ 'ਚੰਦ੍ਰਕਲਾ' ਤੇ ਸਾਰੇ ਪਰਵਾਰ ਨੇ ਪ੍ਰੇਮ ਭਰਿਆ ਆਪਾ ਵਾਰਨ ਵਾਲਾ ਦੈਵੀ ਤੇ ਇਲਾਹੀ ਸਤਿਕਾਰ ਕੀਤਾ। ਮੱਥਾ ਟੇਕਣਾ ਕੀ ਸੀ ਕਿ ਇੱਕ ਬਿਜਲੀ ਲਹਿਰਾਉ ਨਾਲ ਛੁਹਣਾ ਸੀ। ਉਹ ਦੈਵੀ ਰੌ, ਉਹ ਦਮਕਦੀ ਲਹਿਰ, ਉਹ ਜੀਉਂਦੀ ਝਰਨਾਟ ਸਭਨਾਂ ਦੇ ਅੰਦਰ ਛਿੜ ਗਈ, ਜਿਸ ਬਿਨਾਂ ਨਰ ਜੀਉਂਦਾ ਮ੍ਰਿਤਕ ਸਮਾਨ ਹੈ। ਜਿਸ ਹਿਰਦੇ ਵਿਚ ਇਹ ਹੈ ਨਹੀਂ ਉਹ ਹਿਰਦਾ ਕਲਾ ਵਤ ਕੰਮ ਕਰਦੀ ਸ਼ਕਤੀ ਹੈ, ਉਹ ਜੀਵਨ ਕਣੀ ਵਾਲੀ ਜਾਗਦੀ ਜੋਤਿ ਨਹੀਂ ਹੈ।

ਹੁਣ ਲੋਕੀਂ ਜੋ ਅਚੰਭਾ ਹੋ ਰਹੇ ਸੀ ਕਿ ਰਾਜਾ ਕਿਸੇ 'ਅਣਡਿੱਠੇ' ਪ੍ਰੀਤਮ ਦੇ ਪ੍ਰੇਮ ਵਿਚ ਬਾਵਲਾ ਹੋ ਰਿਹਾ ਹੈ' ਦੇਖਣ ਆਉਣ ਲੱਗੇ। ਸਭ ਤੋਂ ਪਹਿਲੇ ਤਾਂ ਵਿਦੂਖਕ ਜੀ ਪਰ ਅਸਰ ਪੈ ਰਿਹਾ ਸੀ। ਆਪਣੇ ਕਈ ਫੇਰਿਆਂ ਵਿਚ ਇਸ ਨੇ ਬਿਨ ਚਰਚਾ, ਬਿਨ ਪੁੱਛੇ ਕਹਿ ਦਿਤਾ, "ਹੇ ਦਾਤੇ ! ਤੇਰੇ ਅੰਦਰ ਜੋ ਜਿਵਾਵਣ ਹਾਰੀ ਸ਼ਕਤਿ ਹੈ ਇਸ ਠਠੋਲ ਜਗਤ ਦੇ ਹਾਸੋਹੀਣੇ ਨੂੰ ਬੀ ਦੇਹ"। ਸਤਿਗੁਰ ਨੇ ਕਿਹਾ:-

ਸਿਮਰਨ ਕਰ। 'ਕਹੁ ਮਾਲਿਕ ਹੈ'। ਕਹੁ ਮੈਂ ਈਮਾਨ ਲਿਆਉਂਦਾ ਹਾਂ ਕਿ ਮੇਰਾ ਸਿਰਜਨਹਾਰ ਅਕਾਲ ਪੁਰਖ ਪਰਮੇਸੁਰ ਘਟ ਘਟ ਦਾ ਜਾਣਨਹਾਰ ਮੇਰੇ ਅੰਗ ਸੰਗ ਹੈ। ਈਮਾਨ ਲਿਆ ਤੇ ਹਰਦਮ ਏਸ ਯਾਦ ਵਿਚ ਰਹੁ। ਫੇਰ ਅੰਦਰ ਪਰਮੇਸਰ ਵਸੇਗਾ, ਤੂੰ ਸੁਖੀ, ਖੁਸ਼ੀ ਤੇ ਖੀਵਾ ਰਹੇਂਗਾ।

ਵਿਦੂਖਕ ਨੂੰ ਉਨਮਨੀ ਰੌ* ਚੜ੍ਹ ਗਈ। ਹੁਣ ਦੂਜਾ ਗੇੜ ਮੰਤ੍ਰੀ ਨੂੰ ਲੱਗਾ ਜੋ ਪਹਿਲੇ ਦਿਨ ਤੋਂ

---

* ਹਠ ਯੋਗੀਆਂ ਵਿਚ ਉਨਮਨੀ ਇਕ ਮੁੱਦ੍ਰਾ ਹੈ:-ਅਧਖੁੱਲੇ ਨੈਣ, ਨਾਸਕਾ ਅੱਗ੍ਰ ਭਾਗ ਤੇ ਦ੍ਰਿਸ਼ਟੀ, ਮਨ ਸਥਿਰ, ਪ੍ਰਾਣ ਮੱਧਮ, ਆਦਿਕ। ਯੋਗ ਵਸ਼ਿਸ਼ਟ ਨੇ ਨਾਸਕਾ ਦੇ ਅੱਗ੍ਰ ਭਾਗ ੧੨ ਉਂਗਲ ਨਿਰਮਲ ਆਕਾਸ਼ ਵਿਚ ਗਜਾਨ ਤੇ ਦ੍ਰਿਸ਼ਟੀ ਲੀਨ ਹੋ ਜਾਣਾ ਕਿਹਾ ਹੈ। ਰਾਜਯੋਗ ਵਿਚ ਉਨਮਨੀ ਉਸ ਦਸ਼ਾ ਦਾ ਨਾਮ ਹੈ, ਜਿਸਨੂੰ ਫਾਰਸੀ ਵਾਲੇ ਬੇ-ਖੁਦੀ ਆਲਿਮ ਕਹਿੰਦੇ ਹਨ। ਗੁਰੂ ਘਰ ਵਿਚ ਉਨਮਨ ਉਸ ਰੌ ਦਾ ਨਾਮ ਹੈ ਕਿ ਜਦੋਂ ਸਿਮਰਨ ਇਕ ਤਾਰ ਸਹਿਜ ਸੁਭਾ ਹੋ ਟੁਰੇ, ਚਿਤ ਖਿੜਿਆ ਰਹੇ, ਆਪਣਾ ਆਪ ਉੱਚਾ ਖਿੜਿਆ ਰਸ ਭਰਿਆ, ਪਰ ਹਉਂ ਤੋਂ ਰਹਤ ਚੜ੍ਹਿਆ ਰਹੇ। ਬੇ-ਖੁਦੀ, ਸੁਆਦ, ਖੇੜਾ, ਸਰੂਰ, ਖਿੱਚ, ਰਸ, ਯਾਦ, ਪਿਆਰ ਸਾਰਿਆਂ ਦਾ ਇਕ ਹੋਕੇ ਆਪਣੇ ਤਵਿਜ ਲੀਨ ਤੇ ਲੁਭਾ ਰੱਖਣ ਵਾਲਾ ਰੰਗ ਹੈ। ਇਸ ਦਾ 'ਸਾਧਨ' ਹਰੀ ਨਾਮ ਦਾ ਸਿਮਰਨ ਹੈ ਤੇ 'ਪ੍ਰਾਪਤੀ' ਵਾਹਿਗੁਰੂ ਵਲੋਂ ਮੇਹਰ ਨਾਲ ਹੁੰਦੀ ਹੈ।

.ਜਾ ਕਰਦਾ ਤੇ ਪਰਤਾਵੇ ਲੈਂਦਾ ਰਿਹਾ ਸੀ। ਤੀਜੇ ਰਾਜਾ ਜੀ ਦੇ ਸ੍ਰੀ ਪੰਡਤ ਜੀ ਆਏ। ਏਹ ਰਾਜਾ ਨੂੰ ਬੜਾ ਹੋੜਦੇ ਹੁੰਦੇ ਸੇ ਤੇ ਦੁਖੀ ਸੇ ਕਿ ਰਾਜਾ ਕਿਉਂ ਦੂਸਰੇ ਮਤ ਵਿਚ ਜਾ ਰਿਹਾ ਹੈ। ਹੁਣ ਬੀ ਆਪ ਗੁਰੂ ਜੀ ਪਾਸ ਹਰ ਰੋਜ਼ ਚਰਚਾ ਕਰਨੇ ਲਈ ਆਉਂਦੇ ਸੇ, ਪਰ ਜਾਂ ਤਾਂ ਕਰਨ ਦਾ ਹੀਆ ਨਹੀਂ ਸੀ ਪੈਂਦਾ, ਜਾਂ ਸਤਿਗੁਰ ਦੇ ਜਮਾਲ ਨਾਲ ਮੋਹਿਤ ਹੋ ਜਾਂਦੇ ਸੇ। ਇਕ ਦਿਨ ਆਇਆ ਤਾਂ ਸਤਿਗੁਰ ਸਮਾਧਿ ਵਿਚ ਟਿਕ ਰਹੇ ਸੇ, ਸੈਦੋ ਤੇ ਸੀਹਾਂ ਗਾਉਂ ਰਹੇ ਸੇ:-

*ਬਾਬਾ ਮਨੁ ਮਤਵਾਰੋ ਨਾਮ ਰਸੁ ਪੀਵੈ ਸਹਜ ਰੰਗ ਰਚਿ ਰਹਿਆ॥*
*ਅਹਿਨਿਸਿ ਬਨੀ ਪ੍ਰੇਮ ਲਿਵ ਲਾਗੀ ਸਬਦੁ ਅਨਾਹਦ ਗਹਿਆ॥੧॥ਰਹਾਉ॥* (ਆਸਾ ਮ:੧-੩੬੦)

ਪੰਡਤ ਸੁਣਕੇ ਮਸਤ ਜਿਹਾ ਹੋ ਗਿਆ, ਨੈਣ ਮੁੰਦ ਗਏ ਤੇ ਮਨ ਨੂੰ ਕਹਿੰਦਾ ਹੈ:-

ਜੀ ਪੀਵਾਂ ਕੀਕੂੰ ਤੇ ਮਿਲੇ ਕਿੱਥੋਂ ?

ਇਹ ਫੁਰਨਾਂ ਫੁਰਦਿਆਂ ਉਸਨੂੰ ਇੱਕ ਦਿੱਬ ਮੂਰਤ ਨਜ਼ਰ ਪਈ, ਉਸ ਉੱਤਰ ਦਿੱਤਾ 'ਸੰਸਾ ਮੇਟੋ'। ਤ੍ਰੱਬ੍ਰਕ ਕੇ ਪੰਡਤ ਨੇ ਅੱਖ ਖੋਲ੍ਹੀ ਕਿ ਗੁਰ ਨਾਨਕ ਨੇ ਉੱਤਰ ਦਿੱਤਾ ਹੈ, ਪਰ ਜਾਂ ਦੇਖੇ ਤਾਂ ਉਹ ਮਗਨ ਬੈਠੇ ਹਨ। ਹੁਣ ਇਹ ਕੁਛ ਫੁਰਿਆ:-'ਫੇਰ ਮੇਟੋ, ਦੱਸੋ, ਤੁਸੀਂ ਕੌਣ ਹੋ ?' ਫੁਰਦਿਆਂ ਸਾਰ ਝਲਕਾ ਵੱਜਾ, ਨੈਣ ਮੁੰਦ ਗਏ ਤਾਂ ਪੰਡਤ ਉਹੋ ਬਾਣੀ ਸੁਣਦਾ ਹੈ :-'ਸਭ ਤੇ ਵਡਾ ਗੁਰੁ ਨਾਨਕ ਹੈ।'

ਪੰਡਤ--ਤਾਂ ਕੀ ਇਹ ਰੱਬ ਹੈ ?

ਗੈਬ ਦੀ ਆਵਾਜ਼-ਗੁਰ ਨਾਨਕ ਦਾ ਰੱਬ ਇਹ ਹੈ :-

੧ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥ ਜਪੁ॥ ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥੧॥

ਪੰਡਤ-ਫੇਰ ਕੀ ਤੂੰ ਜੋਗੀ ਹੈਂ ?

ਗੈਬੀ ਆਵਾਜ਼-ਯੋਗੀ ਜੁੜੇ ਨੂੰ ਆਖਦੇ ਹਨ ?

ਪੰਡਤ-ਹਾਂ ਜੀ।

ਗੈਬੀ ਆਵਾਜ਼-ਕਿਸ ਦੇ ਨਾਲ ?

ਪੰਡਤ-ਹੈਂ, ਮੈਂ ਨਹੀਂ ਸਮਝਿਆ।

ਗੈਬੀ ਆਵਾਜ਼--ਤੂੰ ਜੋਗੀ ਉਸ ਨੂੰ ਆਖਦਾ ਹੈਂ ਜੋ ਆਪਣੇ ਆਪ ਵਿੱਚ ਏਕਾਗ੍ਰ ਹੋ ਗਿਆ, ਨਿਰੁੱਧ ਹੋ ਗਿਆ ?

ਪੰਡਤ-ਹਾਂ ਜੀ।

ਗੈਬੀ ਆਵਾਜ਼-ਜੋ ਆਪੇ ਵਿਚ ਜੁੜ ਗਿਆ ਉਹ ਤਾਂ ਨਿਰੁੱਧ ਹੋ ਗਿਆ, ਕੈਵਲ ਹੋ ਗਿਆ, ਜਾਂ ਉਹ ਪੁਰਖ (ਰੂਹ) ਹੋ ਗਿਆ, ਅਜੇ ਉਹ ਅਸਲ ਜੋਗੀ ਨਹੀਂ ਹੈ। ਹਾਂ ਜੇ ਉਹ ਸੁੱਧ ਹੋਇਆ ਪੁਰਖ (ਅਰਥਾਤ ਰੂਹ) 'ਪੁਰਖ ਵਿਸ਼ੇਸ਼' (ਈਸ਼੍ਵਰ) ਦੇ ਚਰਨੀਂ ਜਾ ਲੱਗੇ, ਤਾਂ ਜੋ ਜਿਸ ਤਰ੍ਹਾਂ ਉਸ ਈਸ਼੍ਵਰ ਪਰ ਮਾਇਆ ਕਦੇ ਨਹੀਂ ਪਈ, ਇਸ 'ਪੁਰਖੁ' ਪਰ ਬੀ ਮਾਇਆ ਕਦੇ ਫੇਰ ਨਾ ਪੈ ਸਕੇ, ਤਾਂ ਤਾਂ ਜੋਗੀ-ਜੁੜ ਗਿਆ ਅਸਲੇ ਨਾਲ। ਨਹੀਂ ਤਾਂ ਜੀਕੂੰ ਕਦੇ ਅੱਗੇ ਇਸ ਨੂੰ ਅਕਾਰਣ ਫੜ ਬੈਠੀ ਸੀ ਮਾਇਆ, ਖਬਰ ਫੇਰ ਆ ਫੜੇ। ਪੁਰਖ ਤੇ ਪ੍ਰਕ੍ਰਿਤੀ (ਰੂਹ ਤੇ ਮਾਦਾ) ਕਲਪਾਂਤਰ ਯਾ ਕਦੇ ਕਰਮ ਕਰਨ ਤੋਂ ਬਿਨਾਂ ਜੁੜੇ ਸੇ। ਪੁਰਖ ਵਿਸ਼ੇਸ਼ (ਈਸ਼੍ਵਰ) ਕਦੇ ਬੀ ਮਾਇਆ ਵਿਚ ਨਹੀਂ ਫਸਿਆ ਸੀ। ਜੇ ਪੁਰਖ ਹੁਣ (ਪੁਰਖ ਵਿਸ਼ੇਸ਼) ਈਸ਼੍ਵਰ ਦੀ ਸ਼ਰਨ ਵਿੱਚ ਜਾ ਸਮਾਵੇ ਤਾਂ ਕਦੇ ਫੇਰ ਨਾ ਫਸੇਗਾ। ਤਦੋਂ ਅਸਲ ਜੋਗੀ ਹੋਵੇਗਾ, ਨਹੀਂ ਤਾਂ ਉਸਦਾ ਕੈਵਲ ਹੋਣਾ ਕੋਈ ਤੌਖਲੇ ਤੋਂ ਖਾਲੀ ਦਸ਼ਾ ਨਹੀਂ, ਜਿਵੇਂ ਕਦੇ ਅੱਗੇ ਮਾਇਆ ਵਿੱਚ ਪੈ ਗਿਆ ਸੀ ਤਿਵੇਂ ਫੇਰ ਬੀ ਪੈ ਸਕਦਾ ਹੈ। ਚਾਹੋ ਇਥੇ ਦਲੀਲਾਂ ਤੇ

ਘਾੜਤਾਂ ਘੜ ਲਓ, ਪਰ ਓਹ ਤਰਲੇ ਮਾਤ੍ਰ ਹਨ, ਕਿਉਂ ਪੰਡਤ ?

ਪੰਡਤ-ਹੈਂ ਜੀ। ਕੇਵਲ ਤੋਂ ਅੱਗੇ ਬੀ ਕੁਛ ਹੁੰਦਾ ਹੈ?

ਗੈਬੀ ਆਵਾਜ਼-ਮਾਲਿਕ ਕੁੱਲ ਨੂੰ ਪ੍ਰੇਮ ਕਰ, ਆਤਮ ਪ੍ਰੇਮ ਕਰ, ਉਸਦੀ ਭਗਤੀ ਕਰ, ਉਸ ਨਾਲ ਜੁੜ, ਉਸਦੀ ਚਰਨ ਸ਼ਰਨ ਰਹੁ, ਉਸ ਤੋਂ ਕਦੇ ਅੱਡ ਨਾ ਹੋ, ਤਾਂ ਸਦਾ ਸੁਖੀ ਰਹੁ। ਕਲੇਸ਼ ਕਰਮ ਤੋਂ ਛੁਟਕੇ ਨਿਰਾ ਮੁਕਤ ਹੀ ਨਾ ਰਹੁ; ਮੁਕਤ ਹੋ ਕੇ ਅਰਥਾਤ ਮਾਇਆ ਤੋਂ ਛੁਟਕਾਰਾ ਪਾ ਕੇ ਈਸ਼੍ਵਰ ਦੀ ਸ਼ਰਨ ਸਮਾ ਤੇ ਸਦਾ ਆਨੰਦ ਰਹੁ, ਅਵਿੱਛੜ ਪਰਮਾਤਮਾ ਨਾਲ ਨਿਵਾਸ ਕਰ। ਤੂੰ ਮਾਇਆ ਤੋਂ ਮੁਕਤ ਹੋਣ ਨੂੰ ਜੋਗ ਆਖਦਾ ਹੈਂ, ਪਰ ਮੁਕਤ ਹੋਏ ਨੂੰ ਸਾਂਈਂ ਨਾਲ ਜੋੜੀਏ ਤਾਂ ਉਸ ਨੂੰ ਪੂਰਾ ਜੋਗੀ ਆਖੀਦਾ ਹੈ। ਤੂੰ ਕਲੇਸ਼ ਕਰਮ ਤੋਂ ਨਿਰੇ ਛੁੱਟੇ ਨੂੰ ਜੋਗੀ ਕਹਿੰਦਾ ਹੈ, ਪਰ ਅਸੀਂ ਪਰਮਾਨੰਦ ਵਿੱਚ ਪ੍ਰਾਪਤ, ਈਸ਼੍ਵਰ ਸ਼ਰਨਾਗਤ ਸਦਾ ਰਸੀਆ, ਸਦਾ ਆਨੰਦੀ, ਸਦਾ ਲੀਨ ਨੂੰ ਜੋਗੀ ਕਹਿਣਾ ਪਸੰਦ ਕਰਦੇ ਹਾਂ। ਪੰਡਿਤ! ਜੀਵਤੱਤ ਨੂੰ ਬ੍ਰਹਮਤੱਤ ਵਿਚ ਮਿਲਾ।

ਪੰਡਤ-ਮੰਨਿਆਂ, ਠੀਕ ਹੈ, ਸੱਚ ਹੈ। ਇਹ ਗੁਰ ਨਾਨਕ ਸੰਸਾਰ ਪਰ ਕੀ ਕਰਨ ਆਇਆ ਹੈ ?

ਗੈਬੀ ਆਵਾਜ਼-੧. ਸਾਖੀ ਭਰਨ ਕਿ:

ਰੱਬ ਹੈ। ਰੱਬ ਤੁਹਾਡੇ ਅੰਗ ਸੰਗ ਹੈ। ਰੱਬ ਤੁਸਾਨੂੰ ਪਿਆਰ ਕਰਦਾ ਹੈ।

੨. ਉਪਦੇਸ਼ ਦੇਣ ਕਿ:-

ਤੁਸੀਂ ਰੱਬ ਤੇ ਨਿਸਚਾ ਧਾਰੋ। ਉਸਦੇ ਚਰਨਾਂ ਨਾਲ ਪ੍ਰੀਤ ਕਰੋ। ਉਸਦਾ ਕੀਰਤਨ ਕਰੋ : ਉਸ ਨੂੰ ਹਰਦਮ ਅੰਦਰ ਵਸਾਓ। ਉਸ ਨਾਲ ਅਠ ਪਹਿਰ ਜੁੜੋ, ਰਸ ਦੇ ਘਰ ਵਿਚ ਆਓ। ਐਉਂ ਮਿਲੇ ਸੰਸਾਰ ਯਾਤ੍ਰਾ ਨਿਬਾਹੋ। ਉਸ ਦੇ ਭੈ ਵਿੱਚ ਖਾਓ ਪੀਓ, ਉਸਦੇ ਭੈ ਤੇ ਭਾਉ ਵਿਚ ਟੁਰੋ, ਉਸਦੇ ਰੰਗ ਵਿੱਚ ਰੱਤੇ ਕੰਮ ਕਾਜ ਕਰੋ। ਉਸਦੇ ਪ੍ਰੇਮ ਪ੍ਰੋਤੇ ਏਥੋਂ ਉੱਜਲ ਮੁਖ ਜਾਓ।

੩. ਮੇਹਰਾਂ ਨਾਲ ਮਨੁੱਖਾਂ ਤੋਂ ਦੇਵਤੇ ਬਨਾਉਣ* ਆਇਆ ਹੈ, ਦੇਵਤੇ ਬਣਾਕੇ ਸਰੂਪ ਪ੍ਰਾਪਤੀ ਕਰਾਉਣ ਆਇਆ ਹੈ। ਆਪਣੇ ਸਰੂਪ ਵਿੱਚ ਟਿਕ ਗਿਆਂ ਨੂੰ ਬ੍ਰਹਮ-ਤੱਤ੍ਵ ਨਾਲ ਮੇਲਕੇ ਸਦਾ ਮੁਕਤ ਕਰਨ ਆਇਆ ਹੈ।

ਪੰਡਤ ਘਬਰਾਇਆ, ਨੈਣ ਖੋਲ੍ਹੇ, ਨਾਨਕ ਛਬੀ ਦੇਖਕੇ ਨੈਣ ਮੋਹਤ ਹੋ ਫੇਰ ਮਿਟ ਗਏ ਤੇ ਫੇਰ ਮਨ ਵਿੱਚ ਪੁੱਛਦਾ ਹੈ: ਹੇ ਨਾਨਕ ! ਤੂੰ ਇਹ ਆਪੂੰ ਆਖਦਾ ਹੈਂ ਕਿ ਕੋਈ ਹੋਰ ਹੈ ? ਆਵਾਜ਼ ਆਈ:-

***"ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ॥"***

ਫੇਰ ਘਬਰਾ ਕੇ ਅੱਖ ਖੁੱਲ੍ਹੀ, ਗੁਰ ਨਾਨਕ ਦੇ ਚਿਹਰੇ ਤੋਂ ਅਰਸ਼ਾਂ ਕੁਰਸ਼ਾਂ ਦਾ ਨੂਰ ਵੱਸ ਰਿਹਾ ਸੀ, ਫੇਰ ਪੰਡਤ ਦੇ ਛੱਪਰ ਢਹਿ ਪਏ ਤੇ ਆਵਾਜ਼ ਆਈ: 'ਨਾਨਕ ਨੂਰੀ ਹੈ, ਨਾਨਕ ਜਜੋਤਿ ਨਿਰੰਜਨੀ ਵਿਚੋਂ ਆਇਆ ਹੈ, ਨਾਨਕ ਜੋ ਕਹਿੰਦਾ ਹੈ ਸਾਂਈਂ ਦਾ ਹੁਕਮ ਕਹਿੰਦਾ ਹੈ। ਹੁਣ ਫੇਰ ਨੈਣ ਖੁੱਲ੍ਹੇ ਤਾਂ ਪੰਡਤ ਨੂੰ ਗੁਰੂ ਜੀ ਦੇ ਚਿਹਰੇ ਤੋਂ ਇਕ ਪਹਿਲੇ ਤੋਂ ਬੀ ਵਧੀਕ ਜਲਾਲ ਨਜ਼ਰ ਆਇਆ, ਜਲਾਲ ਨੇ ਖਿੱਚਿਆ, ਖਿਚੀਂਦੇ ਨੂੰ ਸਤਿਗੁਰ ਦੇ ਜਮਾਲ ਦਾ ਝਲਕਾ ਵੱਜਾ, ਮੋਹਿਤ ਹੋ ਕੇ ਮੂਰਛਾ ਖਾ ਕੇ ਢੱਠਾ। ਜਾਂ ਉੱਠਿਆ ਤਾਂ ਹਿਰਦੇ ਦਾ ਕੜ ਪਾਟ ਚੁਕਾ ਸੀ ਤੇ ਨੈਣ ਛਹਿਬਰ ਲਾ ਰਹੇ ਸਨ, ਸੀਨੇ ਦੀ ਤਪਤ ਮਿਟ ਰਹੀ ਸੀ, ਠੰਢ ਵਰਤ ਰਹੀ ਸੀ, ਅਰ ਕਹਿ ਰਿਹਾ ਸੀ :-

'ਤੂੰ ਜਗਤ ਗੁਰੂ ਹੈਂ, ਤੂੰ ਤ੍ਰਾਣ ਕਰਦਾ ਹੈਂ ਮੈਂ ਕੋਰੜੂ ਮੋਠ ਨੂੰ ਬੀ ਤਾਰ।'

ਸੱਚੀ ਅਰਦਾਸ ਐਉਂ ਦੇ ਭਾਵ ਵਾਲੀ ਕੀਤੀ ਓਸੁ :-

---

* "ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ॥੧॥ (ਵਾਰ ਆਸਾ ਮ: ੧)


www.sikhbookclub.com

*ਤਾਰ ਬਾਬਾ ਨਾਨਕ ਮੈਨੂੰ, ਕੋਰੜੂ[1] ਨੂੰ ਤਾਰ ਦੇ।*
*ਮਾਰ ਬਾਬਾ ਨਾਨਕ ਮੇਰੀ ਚਿੰਜੜੀ[2] ਨੂੰ ਮਾਰ ਦੇ।*
*ਦਾਨ ਬਾਬਾ ਨਾਨਕ ਮੈਨੂੰ ਸਿਮਰਨ ਦਾ ਦਾਨ ਦੇ।*
*ਮਾਨ ਬਾਬਾ ਨਾਨਕ ਮੈਨੂੰ ਚਰਨਾਂ ਦਾ ਮਾਨ ਦੇ।*
*ਦੇਹ ਬਾਬਾ ਨਾਨਕ ਜੀਅ ਦਾਨ ਮੈਨੂੰ ਦਾਨ ਦੇ।*
*ਤੁੱਠ ਬਾਬਾ ਨਾਨਕ ਮੈਨੂੰ ਆਤਮਾ ਦਾ ਦਾਨ ਦੇ।*
*ਸਰਧਾ ਵਾਲੇ ਤਾਰ ਕੇ ਕੀਤੇ ਨੀ ਭਵ ਪਾਰ।*
*ਇਕ ਨਿੰਦਕ ਬੀ ਤਾਰ ਲੈ ਢੱਠਾ ਆਨ ਜੁ ਦੁਆਰ।*

ਕਰੁਣਾ ਸਿੰਧੁ ਜੀ ਨੇ ਨੈਣ ਖੋਲ੍ਹੇ, ਚਰਨੀਂ ਢੱਠੇ ਨੂੰ ਕਿਰਪਾ ਕਟਾਖਜ ਨਾਲ ਤੱਕਿਆ, ਪਿੱਠ ਤੇ ਹੱਥ ਫੇਰਿਆ, ਆਖਿਆ-"ਨਿਹਾਲ, ਸਿੱਖਾ ਨਿਹਾਲ !"

ਜਦ ਅਜ਼ਲੀ ਹੁਕਮ ਨਾਲ ਬਾਬੇ ਨੇ ਰੱਬੀ ਰੌ ਤੇ ਇਲਾਹੀ ਲਹਿਰ ਉਸ ਦੇ ਅੰਦਰ ਫੇਰੀ ਤਾਂ ਪੰਡਤ ਠੰਢਾ ਸਾਹ ਲੈ ਕੇ ਕੱਠਾ ਹੋ, ਇਕਾਗਰ ਹੋ ਗਿਆ, ਲੀਨ ਹੋ ਗਿਆ, ਜੁੜ ਗਿਆ! ਜਦ ਉੱਠਿਆ ਤਾਂ ਉਥਾਨ ਨਹੀਂ ਹੋਇਆ, ਲਿਵ ਲੱਗ ਗਈ, ਲਿਵ ਦਾਨ ਪਾ ਲਿਆ। ਇਕ ਛੱਪੜ, ਜੋ ਚਸ਼ਮੇਂ ਨਾਲੋਂ ਵਿਛੁੜਕੇ ਸੁੱਕ ਰਿਹਾ ਸੀ ਤੇ ਤ੍ਰੁੱਕ ਰਿਹਾ ਸੀ, ਦੇਖੋ ਉਸ ਦੇ ਤੇ ਚਸ਼ਮੇਂ ਦੇ ਵਿਚਕਾਰ ਨਹਿਰ ਖੁਦ ਗਈ ਹੈ। ਛੱਪੜ ਦੀ ਚਸ਼ਮੇਂ ਨਾਲ ਲਿਵ ਲੱਗ ਗਈ ਹੈ, ਹੁਣ ਲਗਾਤਾਰ-ਜੀਉਂਦੀ ਰੌ ਆਉਂਦੀ ਹੈ, ਛੱਪੜ ਨੂੰ ਤਰੋਤਾਜ਼ਾ ਕਰ ਰਹੀ ਹੈ, ਸੋਮਾ ਤੇ ਸਰੋਵਰ ਇਕ ਰੂਪ ਹੋ ਰਹੇ ਹਨ।

> ਧੰਨ ਬਾਬਾ ਨਾਨਕ, ਓਏ ਲੋਕੋ ਬਾਬਾ ਨਾਨਕ ਧੰਨ ਹੈ ! ਬਾਬਾ ਨਾਨਕ ਏਹ ਆਖਣ ਵਾਲਾ ਬਾਬਾ ਨਾਨਕ:-"*ਭਇਆ ਦਿਵਾਨਾ ਸਾਹ ਕਾ ਨਾਨਕੁ ਬਉਰਾਨਾ*" ਜੋ ਕਹਿੰਦਾ ਹੈ 'ਮੈਂ ਰੱਬ ਨਹੀਂ ਜੇ', ਧੰਨ ਹੈ, ਦੇਖੋ ਰੱਬ ਨਾਲ ਮੇਲ ਦੇਂਦਾ ਜੇ, ਇਕ ਪਾਸੇ ਰੱਬ ਦੇ ਪੈਰ ਫੜਦਾ ਹੈ, ਦੂਏ ਪਾਸੇ ਮਨੁੱਖ ਦਾ ਸੀਸ ਫੜਦਾ ਹੈ ਤੇ ਜੋੜ ਦੇਂਦਾ ਹੈ। ਧੰਨ ਬਾਬਾ ਤੇਰੀ ਮਨੁੱਖਤਾਈ, ਧੰਨ ਤੇਰਾ ਬੰਦਾ ਹੋਣਾ, ਧੰਨ ਤੇਰਾ ਜਨ ਤੇ ਦਾਸ ਬਣਨਾ। ਉਹ ਜਾਣੇ ਤੂੰ ਕੁਛ ਕਹੁ, ਤੇਰੀ ਏਹੋ ਮਨੁਖਤਾਈ ਸਾਡੇ ਲਈ ਅਲੂਹੀਅਤ ਹੈ। ਤੂੰ ਮਨੁੱਖ, ਆਦਮੀ ਹੈਂ ? ਮੈਂ ਕਹਿੰਦਾ ਹਾਂ, ਧੰਨ ਤੇਰਾ ਏਹ ਆਦਮੀ ਪਨ ਹੈ ਜੋ ਬੰਦਿਆਂ ਨੂੰ ਰੱਬ ਨਾਲ ਮੇਲਦਾ ਹੈਂ। ਤੂੰ ਦਰਗਾਹ ਦਾ ਬਸੀਠ ਹੈਂ। ਤੂੰ ਮਿੱਤ੍ਰ ਵਿਚੋਲਾ ਹੈਂ। ਧੰਨ ਹੈਂ ਤੂੰ ਜੋ ਪਹਿਲੋਂ ਖੁੰਬ ਚਾੜ੍ਹਦਾ ਹੈਂ, ਧੋਂਦਾ ਹੈਂ, ਕੱਠਿਆਂ ਕਰਦਾ ਹੈਂ, ਫੇਰ ਸਾਈਂ ਦੀ ਰੰਗਣ ਚਾੜ੍ਹਕੇ ਮੇਲਦਾ ਹੈਂ। ਸਾਡੇ ਨਿਤਾਣਿਆਂ ਦਾ ਏਹ ਕੰਮ ਕਰੀ ਜਾਹ, ਤੂੰ ਧੰਨ ਹੈਂ ! ਤੂੰ ਧੰਨ ਹੈ !!

ਪੰਡਤ ਜੀ ਨੂੰ ਸੁਆਦ ਆ ਰਿਹਾ ਹੈ, ਕਹਿੰਦਾ ਹੈ ਏਹ ਸਾਧੂ ਨਹੀਂ ਹੈ, ਇਹ ਮਨੁਸ਼ ਮਾਤ੍ਰ ਨਹੀਂ ਹੈ, ਏਹ ਜ਼ਰੂਰ ਅਵਤਾਰ ਹੈ। ਵਿਦੂਖਕ ਦਾ ਭਰਮ ਠੀਕ ਸੀ, ਇਹ ਨਾਨਕ ਅਵਤਾਰ ਹੈ, ਸ੍ਰਿਸ਼ਟੀ ਦਾ ਭਾਰ ਹਰਨ ਆਇਆ ਹੈ। ਪੁਰਾਣਾਂ ਨੇ ਜਿਸਦਾ ਪਤਾ ਦਿੱਤਾ ਹੈ ਇਹ ਉਹੋ ਹੈ। ਜਿਉਂ ਜਿਉਂ ਪੰਡਤ ਜੀ ਦੇ ਅੰਦਰ ਰਸ ਦੇ ਹੁਲਾਰੇ ਪੈਣ ਤਿਉਂ ਤਿਉਂ ਕਹੇ: ਹਾਇ ! ਰਾਜਾ ਸੱਚਾ ਸੀ ਜੋ ਕਹਿੰਦਾ ਸੀ ਕਿ ਇਹ ਖ੍ਰੁੱਪੀ ਮੰਡਲ ਤੋਂ ਉੱਚਾ ਰਸ ਹੈ। ਪਰ ਮੈਂ ਕਿਸ ਭੁਲੇਖੇ ਵਿਚ ਰਿਹਾ, ਮੈਂ ਜਾਤਾ ਕੋਈ ਸੁੱਕਾ ਪਿੰਜਰ, ਬੇਹੋਸ਼, ਮੁਰਦਿਹਾਨ ਵਾਲਾ, ਨਿਤਾਣੇ ਰੂਪ ਵਾਲਾ ਤਪਾ ਕਿ ਜੋਗੀ ਹੋਏਗਾ ਤੇ ਸਾਨੂੰ ਨਿਤਾਣਿਆਂ

---

1. ਨਾਂ ਗਲਨ ਵਾਲੇ, ਡੁੱਬਣ ਵਾਲੇ, ਪਥਰ ਵਤ ਕਰੜੇ।
2. ਚਰਚਾ ਵਾਦ ਦੀ ਬ੍ਰਿਤੀ।

ਕਰ ਸੱਟੇਗਾ। ਇਹ ਤਾਂ ਗੱਲ ਹੀ ਹੋਰ ਨਿਕਲੀ। ਦੇਖੋ ਕਿਸ ਤਰ੍ਹਾਂ ਮਨ ਏਕਾਗ੍ਰ ਹੈ, ਸੰਕਲਪ ਨਹੀਂ ਪੈਂਦਾ, ਇਕ ਖਿੱਚ ਉਪਰ ਨੂੰ ਧੂਹੀ ਜਾਂਦੀ ਹੈ ਤੇ ਰਸ ਮਗਨ ਕਰੀ ਜਾਂਦੀ ਹੈ। ਇਹ ਅਰੂਢ ਅਵਸਥਾ ਹੈ, ਠੀਕ ਇਸ ਦਾਤ ਦਾ ਦਾਤਾ ਆਪ ਜੀਵ ਨਹੀਂ, ਉਹ ਕਿਸੇ ਵਿਸ਼ੇਸ਼ਤਾ ਵਾਲਾ ਹੈ, ਅਰ ਉਹ ਨੂਰ ਵਿਚੋਂ ਆਯਾ ਹੈ।

ਬਹੁਤਾ ਪੜ੍ਹਿਆ ਹੋਇਆ ਤੇ ਬਹੁਤਾ ਹਠੀਆ ਜਦ ਅਮੰਨਾ ਕਰ ਲੈਂਦਾ ਹੈ, ਤਾਂ ਬਹੁਤ ਰਸ ਮਾਣਦਾ ਹੈ, ਤਦੋਂ ਉਸਦੇ ਕੰਨ ਵਿਚ ਵਿੱਦਿਆ ਚੌਧਰਾਣੀ ਆਖਦੀ ਹੈ 'ਮੈਂ ਨਹੀਂ ਸਾਂ ਏਹੋ ਗੱਲ ਆਖ ਰਹੀ ?' 'ਭਾਗਵਾਨੇ ਆਖ ਤਾਂ ਰਹੀ ਸੈਂ, ਪਰ ਨਾਲ ਸੰਸੇ ਵੀ ਤੂੰਹੇਂ ਪਾਉਂਦੀ ਸੈਂ।'

ਪੰਡਤ ਜੀ ਤੋਂ ਮਗਰੋਂ ਇਸ ਰੱਬੀ ਰੌ ਤੇ ਇਸਦੀ ਇਲਾਹੀ ਦਾਤ ਦਾ ਪ੍ਰਕਾਸ਼ ਵਧਿਆ। ਲੋਕ ਲੱਗੇ ਸਾਂਈਂ ਦੇ ਪਜਾਰ ਵਿਚ ਆਉਣ, ਨਾਮ ਲੰਗਰ ਜਾਰੀ, ਜੋ ਬਾਬੇ ਦੀ ਸ਼ਰਨ ਆਵੇ ਬੇੜਾ ਪਾਰ।

*"ਚਰਨੀਂ ਲਾਇਓਸੁ। ਜਨਮ ਮਰਨ ਰਾਜੇ ਸ਼ਿਵਨਾਬ ਕਾ ਕੱਟਿਆ।*
*ਸਿੱਖ ਹੋਆ। ਸੈਦੋ ਜੱਟ ਜਾਤ ਘੇਹੋ ਪਾਹੁਲ ਹੁਕਮ ਨਾਲ ਦਿਤੀ।*
*ਸਾਰਾ ਦੀਪ ਸਿੱਖ ਹੋਆ, ਗੁਰੂ ਗੁਰੂ ਲਗਾ ਜਪਣ।*
*ਸਾਰਾ ਖੰਡ ਬਖਸ਼ਿਆ ਰਾਜੇ ਸ਼ਿਵਨਾਭ ਕੈ ਪਿਛੈ।"* (ਪੁ: ਜ: ਸਾਖੀ)

ਇਸ ਤਰ੍ਹਾਂ ਸਾਰੇ ਲੋਕਾਂ ਨੂੰ ਬਾਬੇ ਨੇ ਤਾਰਿਆ। ਉਥੇ ਬੜੀ ਸੰਗਤ ਬਣ ਗਈ। ਨਿਤ ਸਤਿਸੰਗ ਹੋਵੇ, ਸਵੇਰੇ ਚੌਕੀ ਲਗੇ, ਸੰਝ ਨੂੰ ਸੋਦਰ ਗਾਵੀਐ, ਲੋਕੀਂ ਕਾਰ ਵਿਹਾਰ ਕਰਨ, ਨਾਲੇ ਸਾਂਈਂ ਨਾਲ ਲਿਵ ਲਾਈ ਰਖਣ। ਰਾਤ ਨੂੰ ਸਾਰੇ ਧਰਮਸਾਲਾ ਵਿੱਚ ਇਕੱਠੇ ਆਇ ਬੈਠਣ। ਇਕ ਸਿਖ ਪ੍ਰਸਾਦ ਕਹਿ ਜਾਵੇ, ਦੂਏ ਦਿਨ ਇਕੱਠੇ ਉਸਦੇ ਘਰ ਪ੍ਰਸਾਦ ਜਾ ਛਕਣ। ਇਸ ਤਰ੍ਹਾਂ ਪਰਸਪਰ ਪ੍ਰੇਮ ਵਧ ਗਿਆ।

ਕੁਛ ਕਾਲ ਸਤਿਗੁਰ ਜੀ ਓਥੇ ਰਹੇ। ਸੰਗਤ ਵਿਚ ਸ਼ਿਵਨਾਭ ਦਾ ਪ੍ਰੇਮ ਤੇ ਸਾਂਈਂ ਰਸ ਵਿਚ ਚੜ੍ਹਾਉ ਸਭ ਤੋਂ ਉੱਚਾ ਸੀ, ਸੋ ਸਤਿਗੁਰ ਜੀ ਨੇ ਸਾਰੀ ਸੰਗਤ ਦਾ ਵੱਡਾ ਵੀ ਉੱਸੇ ਨੂੰ ਥਾਪਿਆ, ਮੰਜੀ ਬਖਸ਼ੀ ਅਰ ਆਗਜਾ ਕੀਤੀ ਕਿ ਤੂੰ ਪ੍ਰਾਣੀ ਮਾਤ੍ਰ ਦੇ ਉਧਾਰ ਵਾਸਤੇ ਸਾਧੂ ਹੋਇਆ। ਇਕ ਪਾਸੇ ਰਾਜ ਕਮਾਵੇਂਗਾ, ਦੂਜੇ ਪਾਸੇ ਸਹਿਜ ਪਦ ਵਿਚ ਖੇਡੇਂਗਾ, ਤੀਏ ਪਾਸੇ ਸਾਂਈਂ ਦੀ ਸ੍ਰਿਸ਼ਟੀ ਦਾ ਉਧਾਰ ਤੇਰੇ ਹੱਥ ਹੋਵੇਗਾ। ਇਸ ਤਰ੍ਹਾਂ ਸ੍ਰੀ ਗੁਰੂ ਜੀ ਪਰਮੇਸ਼ਰ ਦੇ ਪਜਾਰ ਦਾ, ਸੱਚੇ ਧਰਮ ਦਾ, ਸੱਚੇ ਰਸਤੇ ਦਾ ਇੱਕ ਮੰਡਲ ਤਜਾਰ ਕਰਕੇ ਹੋਰ ਦੇਸ਼ ਨੂੰ ਤਾਰਨ ਹਿਤ ਉਪਕਾਰੀ ਬੱਦਲ ਸਮਾਨ ਰਵਦੇ ਰਹੇ। ਵਿਛੋੜੇ ਪਰ ਰਾਜਾ ਨੇ ਬੜਾ ਵੈਰਾਗ ਕੀਤਾ ਉਸਦਾ ਚਿੱਤ ਵਿਛੁੜਨੇ ਨੂੰ ਨਾ ਕਰੇ, ਸਾਰੀ ਸੰਗਤ ਕੁਰਲਾਵੇ, ਪਰ ਸ੍ਰੀ ਬਾਬੇ ਆਖਿਆ, "ਜਿਤ ਵਲ ਸਾਂਈਂ ਦਾ ਹੁਕਮ ਹੈ ਤਿਤ ਵਲ ਰਉਂ ਕਰਨਾ ਹੈ।'

ਐਉਂ ਗੁਰੂ ਬਾਬਾ ਪ੍ਰੇਮ ਖੈਂਚ ਦਾ ਖਿੱਚਿਆ, ਪ੍ਰੇਮ ਅਗੇ ਦ੍ਰਵਿਆ, ਵਲਿੱਖਾਂ ਚੀਰ ਕੇ ਪਹੁੰਚਾ, ਪਿਆਰ ਦਾ ਪਿਆਰ ਨਾਲ ਉੱਤਰ ਦਿਤਾ। ਪਿਆਰ ਪ੍ਰੋਤੇ ਨੂੰ ਪਿਆਰ ਪੁੰਜ ਸਾਂਈਂ ਨਾਲ ਮੇਲਿਆ। ਆਪ ਪ੍ਰੇਮ ਸਰੂਪ ਗੁਰੂ ਜੀ ਫੇਰ ਮੋਹ ਮਾਇਆ ਤੋਂ ਅਲਿਪਤ ਟੁਰ ਪਏ। ਰਾਜੇ ਦੇ ਪ੍ਰੇਮ ਦੀ ਗੁਰ ਨਾਨਕ ਨੂੰ ਭੁੱਖ ਨਹੀਂ ਸੀ, ਉਸਦੇ ਪ੍ਰੇਮ ਨੇ ਗੁਰੂ ਦੀ ਕੋਈ ਊਣ ਨਹੀਂ ਭਰੀ। ਗੁਰੂ ਸੰਪੂਰਨ ਸੀ, ਬੇ ਲੋੜ ਸੀ, ਪਰ ਪਿਆਰਾਂ ਦਾ ਸਾਂਈਂ ਹੋਣ ਕਰਕੇ ਪ੍ਰੇਮ ਖੈਂਚ ਨੂੰ ਜਾਤੋਸੁ, ਦ੍ਰਵਿਆ ਵੀ, ਪਹੁੰਚਾ ਵੀ, ਪ੍ਰੇਮ ਦੇ ਕੇ ਨਿਹਾਲ ਵੀ ਕੀਤੋਸੁ, ਪ੍ਰੇਮ ਨਾਲ ਸੰਵਾਰਿਓਸੁ, ਪਰ ਆਪ ਜੇਹਾ ਸੰਪੂਰਨ ਤੇ ਅਲਿਪਤ ਸੀ ਤੇਹਾ ਹੀ ਸੰਪੂਰਨ ਤੇ ਅਲਿਪਤ ਰਿਹਾ। ਇਉਂ ਵਾਹਿਗੁਰੂ ਜੋ ਸੁਧਾ ਪ੍ਰੇਮ ਸਰੂਪ ਹੈ, ਪ੍ਰੇਮ ਨੂੰ ਜਾਣਦਾ, ਕਦਰ ਕਰਦਾ, ਪਸੀਜਦਾ, ਪ੍ਰੇਮ ਨਾਲ ਉੱਤਰ ਦੇਂਦਾ, ਪ੍ਰੇਮ ਮਾਣਦਾ, ਫੇਰ ਬੇਲੋੜ, ਅਚਾਹ, ਸੰਪੂਰਨ ਹੈ। 'ਨ ਵਾਧ ਹੈ ਨਾ ਘਾਟ ਹੈ ਨ ਘਾਟ ਬਾਧ ਹੋਤ ਹੈ।'

ਆਖੋ ਸਾਧ ਸੰਗਤ ਜੀ ! ਧੰਨ ਗੁਰੂ ਨਾਨਕ ਦੇਵ ! ਸਾਰੇ ਦੀਵਾਨ ਵਿੱਚੋਂ ਗੂੰਜਕੇ ਆਵਾਜ਼ ਆਈ– ਧੰਨ ਸ੍ਰੀ ਗੁਰੂ ਨਾਨਕ ਦੇਵ ਜੀ !!

ਗੁਰੂ ਕੇ ਪਿਆਰਿਓ ! ਆਪ ਜੀ ਨੇ ਹੁਣ ਦੇਖ ਲਿਆ ਹੈ ਕਿ ਕੀਕੂੰ ਗੁਰੂ ਨਾਨਕ-ਹਿਰਦਾ ਇਨਸਾਨੀ ਦਿਲ ਦੀ ਨਿੱਕੀ ਲੋੜ ਤੇ ਥੁੜ ਉੱਤੇ ਪਸੀਜਦਾ ਹੈ ਤੇ ਕੀਕੂੰ ਮਹਾਨ ਵਿਸ਼ਾਲ ਮਰਮੀ ਪੀੜਾ ਤੇ ਬੀ ਉਸੇ ਤਰ੍ਹਾਂ ਦ੍ਰਵਦਾ ਹੈ ਤੇ ਨਿਜ ਉਤੇ ਕਿੰਨਾਂ ਕੁਛ ਸਹਾਰਕੇ ਦੇਂਦਾ ਤੇ ਪ੍ਰੇਮ ਨੂੰ ਪ੍ਰੇਮ ਦਾਨ ਨਾਲ ਪ੍ਰਫੁੱਲਤ ਕਰਦਾ ਹੈ। ਫਿਰ ਗੰਭੀਰਤਾ ਹੈ, ਪੂਰਨ ਦਾਨਾਈ ਹੈ, ਫਿਰ ਕਿਤਨੀ ਰੂਹਾਨੀ ਕਾਰੀਗਰੀ ਹੈ ਕਿ ਕਿਸੇ ਪ੍ਰੇਮ ਕਿ ਪ੍ਰੇਮ ਦੇ ਜੁਾਬ ਦੇਣ ਵਿਚ ਉਸਨੂੰ ਮੋਹ ਮਾਇਆ ਵਿਚ ਨਹੀਂ ਬਦਲਣ ਦੇਂਦਾ। ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਜੋ ਆਪਣੇ ਪਿਆਰੇ ਦੇ ਪ੍ਰੇਮ ਵਿਚ ਮੱਤੇ, ਉਸ ਦੇ ਹੁਕਮ ਵਿਚ ਮਗਨਾਰ ਜਗਤ ਪ੍ਰੇਮ ਦਾ ਜੁਾਬ ਪ੍ਰੇਮ ਨਾਲ ਦੇਂਦੇ, ਪ੍ਰੇਮ ਦਾਨ ਕਰਦੇ, ਪੀੜਾ ਹਰਦੇ, ਅਗਜਾਨ ਦੂਰ ਕਰਦੇ, ਉਪਕਾਰੀ ਮੇਘ, ਨਹੀਂ ਨਹੀਂ, ਨਿਰੇ ਪ੍ਰੇਮ ਦੇ ਮੇਘ ਹੋ ਕੇ ਹਰ ਸਮੇਂ ਪ੍ਰੇਮ ਦੀਆਂ ਸ੍ਵਾਂਤੀ ਬੂੰਦਾਂ ਵਰਸਾਉਂਦੇ ਹਨ। ਅਜ ਦੇ ਸਤਿਸੰਗ ਦਾ ਹੁਣ ਸਾਡੇ ਦਿਲਾਂ ਤੇ ਇਹ ਅਸਰ ਹੋਵੇ ਕਿ ਅਸੀਂ ਸੁੱਛ ਹਿਰਦੇ ਨਾਲ ਆਪਣੇ ਜੀਵਨ ਦੇ ਸੋਮੇਂ ਦੇ ਪ੍ਰੇਮ ਵਿਚ ਉੱਚੇ ਉੱਠੀਏ, ਅਸੀਂ ਆਪਣੇ ਆਪੇ ਵਿਚ ਇਸ ਪ੍ਰੇਮ ਰਸ ਵਿਚ ਰਹੀਏ, ਆਪਣੇ ਆਤਮ ਸੁਖ ਦੇ ਜਾਣੂ ਹੋਈਏ ਤੇ ਰਹੀਏ। ਫਿਰ ਸਾਥੋਂ ਜਗਤ ਵਿਚ ਪ੍ਰੇਮ ਦੀ ਵਰਤੋਂ ਵਰਤੀਵੇ ਸੁਹਣੀ ਦਾਨੀ ਤੁਲਵੀਂ ਤੇ ਚਾਨਣੇ ਵਾਲੀ ਰਵਸ਼ ਨਾਲ। ਸਾਡਾ ਜਗਤ ਪ੍ਰੇਮ ਸਾਨੂੰ ਕਿਸੇ ਅੰਧਕਾਰ ਵਿਚ ਨਾ ਲੈ ਜਾਵੇ, ਕਿਸੇ ਫਸੌਤੀ ਵਿਚ ਨਾ ਫਸਾਵੇ। ਅਸੀਂ ਉਪਕਾਰ ਕਰੀਏ, ਪਰ ਸਾਡੀ ਬਿਰਤੀ ਵਿਚ ਗ੍ਰਹਿਣ ਨਾ ਆਵੇ। ਦੇਣ ਦੇਣਾ, ਦੇਣਾ ਤੇ ਦੇ ਕੇ ਸੁਖ ਮਨਾਉਣਾ, ਇਉਂ ਦਾ ਭਾਵ ਸਾਡੇ ਅੰਦਰ ਉਮਾਹੂ ਰਹੇ। ਗੁਰਮੁਖ ਦਾ ਕੰਮ ਇਹੀ ਹੈ-ਅਲਿਪਤ ਰਹਿਣਾ ਪਰ ਪ੍ਰੇਮ ਵਿਚ ਵਰਤਣਾ! ਪ੍ਰੇਮ ਨੂੰ ਮੋਹ ਮਾਇਆ ਨਾ ਬਣਨ ਦੇਣਾ। ਖਿਮਾ, ਧੀਰਜ, ਪ੍ਰਭੂ ਦੀ ਅਗੁਵਾਨੀ ਵਿਚ ਟੁਰਨ ਵਾਲੀ ਮਤਿ ਸੁਮਤਿ ਨਾਲ ਵਰਤਣਾ, ਆਪੇ ਦੇ ਸੁਖ ਵਿਚ ਜੀਉਣਾ, ਸੁਖ ਦਾਨ ਕਰਨਾ, ਆਪਣੇ ਸੁਖ ਲੈਣ ਲਈ ਸਾਂਈਂ ਦਰ ਤੱਕਣਾ। ਆਪਣਾ ਸੁਖ ਹਰੀ ਕੀਰਤਨ ਵਿਚੋਂ ਲੈਣਾ, ਹਰੀ ਕੀਰਤਨ ਦੇ ਸੁਣਨ ਤੇ ਕਰਨ ਦੇ ਉਮਾਹ ਵਿਚ ਵੱਸਣਾ*।

ਆਓ ਹੁਣ ਮੇਰੇ ਨਾਲ ਮਿੱਠੀ ਮਿੱਠੀ ਧੁਨਿ ਵਿਚ ਅਕਾਲ ਪੁਰਖ ਪਾਰਬ੍ਰਹਮ ਪਰਮੇਸ਼ੁਰ ਦੇ ਚਰਨਾਂ ਵਿਚ ਇਕ ਬੇਨਤੀ ਦਾ ਸ਼ਬਦ ਮਨੋਂ, ਧੁਰ ਅੰਦਰੋਂ ਹੋ ਕੇ ਉਚਾਰਨ ਕਰੀਏ। ਦਾਤਾ ਸਾਡਾ ਸਦਾ ਸਹਾਈ ਹੋਵੇ। ਆਓ ਅਰਦਾਸ ਕਰੀਏ ਜਿਸ ਵਿਚ ਵਾਹਿਗੁਰੂ ਜੀ ਦੀ ਕੀਰਤੀ ਤੇ ਸਾਡੇ ਤੇ ਮਿਹਰ ਦੀ ਯਾਚਨਾ ਪਈ ਹੋਵੇ।

ਤਦ ਸੰਤਾਂ ਨੇ ਡਾਢੇ ਮਿੱਠੇ ਰਸ ਤੇ ਭਿੰਨੀ ਸੁਰ ਵਿਚ ਉਚਾਰਿਆ, ਵਾਹਿਗੁਰੂ ਕੀਰਤੀ ਦਾ ਗੁਰਵਾਕ ਗੁਰੂ ਕੀ ਅਰਦਾਸ ਤੇ ਮਗਰ ਮਗਰ ਓਸੇ ਸੁਰ ਤਾਰ ਵਿਚ ਗਾਂਵਿਆਂ ਸੰਗਤ ਨੇ :-

ਪਉੜੀ॥

*ਹੇ ਅਚੁਤ ਹੇ ਪਾਰਬ੍ਰਹਮ ਅਬਿਨਾਸੀ ਅਘਨਾਸ॥*
*ਹੇ ਪੂਰਨ ਹੇ ਸਰਬ ਮੈ ਦੁਖਭੰਜਨ ਗੁਣਤਾਸ॥*
*ਸੇ ਸੰਗੀ ਹੇ ਨਿਰੰਕਾਰ ਹੇ ਨਿਰਗੁਣ ਸਭ ਟੇਕ॥*
*ਹੇ ਗੋਬਿੰਦ ਹੇ ਗੁਣ ਨਿਧਾਨ ਜਾਕੈ ਸਦਾ ਬਿਬੇਕ॥*
*ਹੇ ਅਪਰੰਪਰ ਹਰਿ ਹਰੇ ਹਹਿ ਭੀ ਹੋਵਨਹਾਰ॥*
*ਹੇ ਸੰਤਹ ਕੈ ਸਦਾ ਸੰਗਿ ਨਿਧਾਰਾ ਆਧਾਰ॥*
*ਹੇ ਠਾਕੁਰ ਹਉ ਦਾਸਰੋ ਮੈ ਨਿਰਗੁਨ ਗੁਨੁ ਨਹੀ ਕੋਇ॥*
*ਨਾਨਕ ਦੀਜੈ ਨਾਮ ਦਾਨੁ ਰਾਖਉ ਹੀਐ ਪਰੋਇ॥੫੫॥*

*(ਗਉੜੀ:ਬਾ:ਅ:ਮ:੫:-੫੫)*

—o—

---

* ਕੀਰਤਿ ਪ੍ਰਭ ਕੀ ਗਾਉ ਮੇਰੀ ਰਸਨਾ॥ (ਕਾਨ: ਮ: ੫)
ਪੁਨਾ:-ਤੇਰੋ ਜਨੁ ਹਰਿ ਜਸੁ ਸੁਨਤ ਉਮਾਹਿਓ॥ (ਕਾਨ: ਮ: ੫)

# ੯. ਸ੍ਰੀ ਗੁਰੂ ਨਾਨਕ ਦੇਵ ਜੀ ਦੀ ਤਾਲੀਮ[1]

ਹਮਦਰਦੀ। ਸਾਂਈਂ ਦੀ ਯਾਦ। ਸਰਬੱਤ ਦਾ ਭਲਾ। ਮੁਕਤੀ। ਪ੍ਰੇਮ ਤੇ ਨਫਰਤ। ਦੁਖ ਦਾਰੂ। ਆਪਾ ਕੋਹੂ ਸਾਧਨ। ਵਾਸ਼ਨਾਂ ਦਮਨ। ਸੈਲਫ ਡਿਸਿਪਲਨ। ਅਰਦਾਸ। ਗੁਰਮੁਖ ਜੀਵਨ। ਜਪ, ਤਪ, ਸੰਜਮ, ਹਠ। ਸਤਿਸੰਗ। ਸੰਤ ਭੋਲਾ ਸਿੰਘ ਜੀ ਦਾ ਮੁੱਢਲਾ ਜੀਵਨ।

੧.

**ਹਰਿਦੁਆਰ** ਤੋਂ ਜੇ ਪੱਕੀ ਸੜਕੇ ਡੇਹਰਾਦੂਨ ਨੂੰ ਟੁਰ ਪਈਏ ਤਾਂ ਤ੍ਰੈ ਚਾਰ ਮੀਲ ਜਾ ਕੇ ਖੱਬੇ ਪਾਸੇ ਇਕ ਕੱਚਾ ਜਿਹਾ ਪਹਿਆ ਮਿਲਦਾ ਹੈ ਜੋ ਜੰਗਲ ਵਿਚ ਲੈ ਜਾਂਦਾ ਹੈ। ਇਹ ਹੈ ਰਸਤਾ ਉਸ ਜੰਗਲ ਦਾ ਜੋ ਏਥੋਂ ਟੁਰਕੇ ਜਮਨਾ ਤੱਕ ਚਲਾ ਗਿਆ ਹੈ ਤੇ ਏਹੋ ਮਹਿਕਮਾ ਜੰਗਲਾਤ ਦੀ ਸੜਕ ਹੈ ਜੋ ਜੰਗਲੋ ਜੰਗਲ ਧੁਰ ਪਾਉਂਟੇ ਸਾਹਿਬ ਦੇ ਦੂਸਰੇ ਪਾਸੇ ਤਕ ਪੁਚਾ ਦੇਂਦੀ ਹੈ। ਜਦ ਹਰਦੁਆਰੋਂ ਟੁਰ ਕੇ ਤ੍ਰੈ ਚਾਰ ਮੀਲ ਲੰਘ ਕੇ ਇਸ ਸੜਕੇ ਮੁੜ ਪਓ ਤਾਂ ਇਹ ਉਸ ਜੰਗਲ ਵਿਚ ਲੈ ਜਾਂਦੀ ਹੈ, ਜਿਸ ਨੂੰ 'ਮੋਤੀ ਚੂਰ' ਆਖਦੇ ਹਨ। ਜੰਗਲ ਸਾਰਾ ਰਮਣੀਕ ਹੈ, ਪਰ ਇਹ ਮੋਤੀ ਚੂਰ ਸਾਰੇ ਵਿਚੋਂ ਵਧੀਕ ਸੁਹਣਾ ਹੈ। ਇਸ ਸੜਕੇ ਪਿਆਂ ਥੋੜੀ ਵਾਟ ਤੇ ਜਾ ਕੇ ਜੰਗਲ ਵਾਲਿਆਂ ਦਾ ਡਾਕ ਬੰਗਲਾ ਹੈ, ਜਿਸ ਵਿਚ ਉਹ ਉਤਰਦੇ ਹਨ ਯਾ ਜੇ ਕੋਈ ਚਾਹੇ ਰਹਿਣਾ ਤਾਂ ਉਨ੍ਹਾਂ ਦੀ ਆਗਿਆ ਨਾਲ ਰਹਿ ਸਕਦਾ ਹੈ।

ਕਦੇ ਕੁ ਮਹਿਕਮੇ ਦੇ ਅਫਸਰ ਏਥੇ ਇਕ ਦੇਸੀ ਈਸਾਈ ਸਜਣ ਸਨ, ਜੋ ਰੋਮਨ ਕੈਥੋਲਕ ਮਤ ਦੇ ਅਨੁਯਾਈ ਸਨ, ਜਿਨ੍ਹਾਂ ਦੇ ਪ੍ਰਬੰਧ ਵਿਚ ਇਹ ਜੰਗਲ ਬੀ ਸੀ। ਦਿਲ ਦੇ ਭਲੇ, ਅਪਣੇ ਧਰਮ ਤੇ ਸ਼ਰਧਾਵਾਨ ਸਨ, ਪਰ ਨਾਲ ਹੀ ਇਹ ਖੂਬੀ ਬੀ ਰਖਦੇ ਸਨ ਕਿ ਹੋਰਨਾਂ ਮਤਾਂ ਨਾਲ ਖੁਣਸਦੇ ਨਹੀਂ ਸਨ। ਇਕ ਦਿਨ ਦੌਰਾ ਕਰਦੇ ਆਪ ਲਛਮਨ ਸਿਧ[2] ਆ ਨਿਕਲੇ। ਇਥੇ ਉਹ ਇਕ ਗਲ ਦੇਖਕੇ ਹੈਰਾਨ ਹੋ ਗਏ ਕਿ ਇਕ ਸਿਖ ਸਾਧੂ ਇਕ ਮੁਸਲਮਾਨ ਫਕੀਰ ਨੂੰ ਦਵਾ ਦਰਮਲ ਦੇ ਰਿਹਾ ਤੇ ਖੁਰਾਕ ਆਦਿ ਪੁਚਾ ਰਿਹਾ ਸੀ। ਟਿਕਾਣਾ ਤਾਂ ਹਿੰਦੂ ਜੋਗੀਆਂ ਦਾ ਹੈ, ਪਰ ਕੋਈ ਰਮਤਾ ਫਕੀਰ ਨੇੜੇ ਕੁ ਆ ਟਿਕਿਆ ਸੀ ਤੇ ਅਚਾਨਕ ਬੀਮਾਰ ਹੋ ਗਿਆ ਸੀ। ਇਹ ਸਿਖ ਸਾਧੂ ਬੀ ਟਿਕਾਣੇ ਦੇ ਨੇੜੇ ਚਸ਼ਮੇ ਤੇ ਕੁਛ ਦਿਨਾਂ ਤੋਂ ਟਿਕ ਰਿਹਾ ਸੀ। ਜਦ ਇਸਨੇ ਫਕੀਰ ਦੁਖੀ ਡਿੱਠਾ ਤਾਂ ਉਸਦੀ ਦਾਰੀ ਕਰਨ ਲਗ ਪਿਆ। ਅਫਸਰ, ਜੋ ਦਿਲ ਦਾ ਨਰਮ ਤੇ ਧਰਮ ਅਵਲੰਬੀ ਸੀ, ਇਹ ਗੱਲ ਵੇਖ ਕੇ ਰਹਿ ਨਾ ਸਕਿਆ, ਪੁੱਛਣ ਲੱਗਾ-ਸੰਤ ਜੀ ! ਆਪ ਮੁਸਲਮਾਨ ਦੀ ਸੇਵਾ ਕਰ ਰਹੇ ਹੋ, ਆਪ ਹਿੰਦੂ ਨਹੀਂ ਹੋ ?

ਸਾਧੂ-'*ਨਾ ਹਮ ਹਿੰਦੂ ਨਾ ਮੁਸਲਮਾਨ॥ ਅਲਹ ਰਾਮ ਕੇ ਪਿੰਡ ਪਰਾਨ॥*'

(*ਭੈ: ਮ: ੫*)

---

1. ਇਹ ਲੇਖ ਗੁਰਪੁਰਬ ਪੁੰਨਮ ਸੰਮਤ ਗੁਰ ਨਾਨਕ ਸਾਹਿਬ ੪੭੭ (ਨਵੰਬਰ ੧੯੪੫) ਨੂੰ ਖਾ: ਟ੍ਰੈ: ਸੁ: ਦੇ ਟ੍ਰੈਕਟ ਨੰ: ੧੦੮੪ ਦੇ ਰੂਪ ਵਿਚ ਪ੍ਰਚਾਰਿਤ ਹੋਇਆ ਸੀ।
2. ਇਹ ਇਕ ਪੁਰਾਣਾ ਜੋਗੀਆਂ ਦਾ ਟਿਕਾਣਾ ਹੈ ਜੋ ਜੰਗਲ ਦੇ ਉਸ ਥਾਂਵੇਂ ਹੈ ਜੋ ਡੇਹਰਾਦੂਨ ਦੇ ਨੇੜੇ ਆ ਪੈਂਦਾ ਹੈ ਤੇ ਉਸੇ ਹਰਦੁਆਰ ਵਾਲੀ ਸੜਕ ਤੋਂ, ਜਦੋਂ ਕਿ ਉਹ ਡੇਹਰੇ ਦੇ ਨੇੜੇ ਆ ਜਾਂਦੀ ਹੈ ਤਾਂ ਇਕ ਰਸਤਾ ਖਬੇ ਹਥ ਮਿਲਦਾ ਹੈ ਜੋ ਮੀਲ ਕੁ ਲਗਪਗ ਅੰਦਰ ਜਾ ਕੇ ਇਸ ਟਿਕਾਣੇ ਪੁਚਾ ਜਾਂਦਾ ਹੈ। ਜੋਗੀਆਂ ਦੇ ਇਸ ਟਿਕਾਣੇ ਨੂੰ ਜੋ ਜ਼ਿਮੀਂ ਮਿਲੀ ਹੋਈ ਹੈ ਇਸ ਦੇ ਲੈ ਦੇਣ ਵਿਚ ਸ੍ਰ. ਪੂਰਨ ਸਿੰਘ ਜੀ ਨੇ ਚੋਖੀ ਮਦਦ ਕੀਤੀ ਸੀ।


www.sikhbookclub.com

(ਸਾਧੂ ਮੁਸਕ੍ਰਾ ਕੇ) ਸਰੀਰ ਅੱਲਾ ਦਾ ਹੈ ਤੇ ਪ੍ਰਾਣ ਰਾਮ ਦੇ ਹਨ। ਜੀਉ ਪਿੰਡ ਰੱਬ ਜੀ ਦਾ ਹੈ, ਸੋ ਅਸੀਂ ਰੱਬ ਜੀ ਦੇ ਹਾਂ ਅਤੇ ਹਿੰਦੂ ਮੁਸਲਿਮ ਈਸਾਈ ਕਿਸੇ ਨਾਲ ਦੁਜੈਗੀ ਨਹੀਂ।

ਅਫਸਰ-ਆਪ ਦਾ ਈਮਾਨ ਕੀ ਹੈ ?

ਸਾਧੂ- *'ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ।'* *(ਜਪੁਜੀ)*

ਅਫਸਰ-ਮੈਂ ਇਸਦਾ ਮਤਲਬ ਨਹੀਂ ਸਮਝਿਆ।

ਸਾਧੂ-ਇਹ ਸਾਡੇ ਪਿੰਬਰ ਦਾ ਫੁਰਮਾਨ ਹੈ, ਇਸ ਵਿਚ ਤ੍ਰੈ ਗੱਲਾਂ ਦੱਸੀਆਂ ਹਨ, ਪਹਿਲੀ ਇਹ ਕਿ ਇਕ ਦਾਤਾ ਹੈ, ਓਹ ਸਭਨਾਂ ਜੀਆਂ ਦਾ ਦਾਤਾ ਹੈ, ਕਿਸੇ ਇਕ ਖਾਸ ਜੀਵ, ਸੰਪ੍ਰਦਾ, ਮਤ, ਯਾ ਦੇਸ਼ ਦਾ ਨਹੀਂ ਪਰ ਸਾਰੇ ਜੀਵਾਂ ਦਾ ਹੈ। ਉਹ ਦਾਤਾ ਮੈਨੂੰ ਕਦੇ ਨਾ ਭੁੱਲੇ, ਇਹ ਦੂਸਰੀ ਗਲ ਹੈ। ਤੀਸਰੀ ਗਲ ਇਸ ਵਿਚੋਂ ਆਪੇ ਸਿਧ ਪਈ ਹੁੰਦੀ ਹੈ ਕਿ ਜੇ ਸਭਨਾ ਜੀਆਂ ਦਾ ਦਾਤਾ ਇਕੋ ਹੈ ਤੇ ਸਾਰੇ ਜੀਵਾਂ ਨੇ ਉਸਨੂੰ ਯਾਦ ਰੱਖਣਾ ਹੈ ਤਾਂ ਸਾਰੇ ਉਸੇ ਦੇ ਹੋਏ ਤੇ ਹੋ ਗਏ। ਸਾਰੇ ਉਸਦੇ ਹੋਣ ਕਰਕੇ ਤੇ ਉਸ ਨੂੰ ਯਾਦ ਰਖਣ ਕਰਕੇ ਆਪੋ ਵਿਚ ਮਿਤ੍ਰ ਯਾ ਸਜਨ ਯਾ ਵੀਰ ਭਰਾ ਹੋਏ। ਮਤਲਬ ਇਹ ਕਿ ਸਭਨਾਂ ਦਾ ਆਪੋ ਵਿਚ ਪਜਾਰ ਦਾ ਵਰਤਾਉ ਚਾਹੀਏ। ਫੇਰ ਵਿਚਾਰ ਇਉਂ ਚਲਦੀ ਹੈ ਕਿ ਉਹ ਜੋ ਦਾਤਾ ਹੈ ਸਭਨਾਂ ਦਾ ਤਾਂ ਸਾਨੂੰ ਆਪੋ ਵਿਚ ਬੀ ਇਕੋ ਦਰੋਂ ਮਿਲ ਰਹੀ ਦਾਤ, ਲੋੜ ਪਈ ਤੇ, ਪਰਸਪਰ ਵਰਤਣੀ ਚਾਹੀਏ। ਜੀਕੂੰ ਇਹ ਹੁਣ ਬੀਮਾਰ ਹੈ, ਪਰ ਮੈਂ ਇਸ ਵੇਲੇ ਤੰਦਰੁਸਤ ਹਾਂ। ਇਸ ਪਾਸ ਇਸ ਵੇਲੇ ਤੰਦਰੁਸਤੀ ਦੀ ਦਾਤ ਨਹੀਂ ਹੈ, ਤੇ ਜੋ ਇਸਨੂੰ ਦਾਤੇ ਦੇ ਘਰੋਂ ਮਿਲਨੀ ਹੈ; ਪਰ ਮੇਰੇ ਪਾਸ ਇਸ ਵੇਲੇ ਹੈ ਤੇ ਇਸ ਪਾਸ ਨਹੀਂ ਤਾਂ ਇਸ ਨਾਲ ਵੰਡ ਵਰਤਾਂ! ਫਿਰ ਇਹ ਵੰਡੀ ਜਾਣ ਵਾਲੀ ਸ਼ੈ ਨਹੀਂ। ਪਰ ਇਕ ਤਰ੍ਹਾਂ ਵੰਡੀ ਵੀ ਜਾਂਦੀ ਹੈ। ਉਹ ਇਉਂ ਹੈ ਕਿ ਇਸ ਨੂੰ ਦਵਾ ਦਾਰੂ ਪਥ ਪ੍ਰਹੇਜ਼ ਦਾ ਭੋਜਨ ਮੈਂ ਲਿਆ ਦਿਆਂ, ਜੋ ਕੰਮ ਕਿ ਮੈਂ ਤੰਦਰੁਸਤ ਹੋਣ ਕਰਕੇ ਸੁਖਾਲਿਆਂ ਕਰ ਸਕਦਾ ਹਾਂ। ਸੋ ਮੈਂ ਸਮਝਿਆ ਕਿ ਇਸ ਨਾਲ ਸਾਂਈ ਦੀ ਦਿੱਤੀ ਤੰਦਰੁਸਤੀ ਦੀ ਦਾਤ ਨੂੰ ਮੈਂ ਇਉਂ ਵੰਡ ਕੇ ਵਰਤ ਸਕਦਾ ਹਾਂ।

ਅਫਸਰ-ਪਰ ਇਹ ਮੁਸਲਮਾਨ, ਤੂੰ ਹਿੰਦੂ, ਤੁਸੀਂ ਛੂਤ ਨਹੀਂ ਮੰਨਦੇ ਹੋ ?

ਸਾਧੂ-ਮੈਂ ਗੁਰੂ ਨਾਨਕ ਦੇਵ ਦਾ ਸਿੱਖ ਹਾਂ ਤੇ ਸਾਧੂ ਹਾਂ। ਤੇ ਸਾਰੇ ਬੰਦੇ, ਮੈਂ ਆਪ ਨੂੰ ਦੱਸਿਆ ਹੈ, ਉਸ ਦਾਤੇ ਦੇ ਹਨ, ਤੇ ਮੇਰਾ ਧਰਮ ਪਜਾਰ ਹੈ ਨਫਰਤ ਨਹੀਂ ਹੈ। ਜਿਨ੍ਹਾਂ ਮਤਾਂ ਵਿਚ ਨਫਰਤ ਸਿਖਾਈ ਗਈ ਹੈ, ਓਹ ਮੈਂ ਮਨੁੱਖਾਂ ਦੀ ਭੁੱਲ ਸਮਝਦਾ ਹਾਂ, ਨਫਰਤ ਉਸ ਦਾਤੇ ਨੂੰ ਮਨਜ਼ੂਰ ਨਹੀਂ ਹੋ ਸਕਦੀ ਕਿਉਂਕਿ ਉਹ 'ਪ੍ਰਿਯ' ਸਰੂਪ ਹੈ, ਅਰਥਾਤ ਉਹ ਪ੍ਰੇਮ ਹੈ।

ਅਫਸਰ-ਤੁਸਾਂ ਆਪਣੇ ਮਤ ਦਾ ਨਾਂ 'ਸਿੱਖ' ਦੱਸਿਆ ਹੈ। ਇਸ ਮਤ ਦੀ ਕੀਹ ਲੋੜ ਸੀ ?

ਸਾਧੂ-ਮੇਰੇ ਮਤ ਦੀ ਇਸ ਕਰਕੇ ਲੋੜ ਸੀ ਕਿ ਹੋਰ ਮਤ ਵਿਤਕਰਾ ਸਿਖਾਲਦੇ ਹਨ ਤੇ ਦਾਅਵੇ ਬੰਨ੍ਹਕੇ ਟੁਰਦੇ ਹਨ, ਜਿਸ ਨਾਲ ਜਾਣੇ ਅਨਜਾਣੇ ਪਰਸਪਰ ਅਪ੍ਰੇਮ ਵਰਤੋਂ ਵਿਚ ਆ ਜਾਂਦਾ ਹੈ। ਮੇਰੇ ਦਾਤੇ ਨੇ ਚਾਹਿਆ ਕਿ ਤੋਰਾ ਉਹ ਤੁਰੇ ਜੋ ਪ੍ਰੇਮ ਸਿਖਾਵੇ ਤੇ ਪ੍ਰੇਮ ਦੇ ਰਸਤੇ ਹੀ ਪ੍ਰਭੂ ਨੂੰ ਮਿਲਾਵੇ। ਸੋ ਉਸਨੇ ਇਹ ਰਾਹ ਸਿਖਾਇਆ, ਸਿਖਾਲਣ ਕਰਕੇ ਤੇ ਧੁਰੋਂ ਸਿਖਯਾ ਦਾਤਾ ਹੋ ਕੇ ਆਉਣ ਕਰਕੇ ਉਹ ਗੁਰੂ ਹੈ ਤੇ ਅਸੀਂ ਸਿੱਖਣ ਕਰਕੇ ਸਿੱਖ ਹਾਂ। ਫੇਰ ਸਾਡਾ ਨਾਮ ਹੀ ਸਿੱਖ ਹੋ ਗਿਆ। ਇਉਂ ਸਾਡਾ ਮਤ ਯਾ ਮਜ਼ਹਬ ਵੱਖਰਾ ਬਣ ਗਿਆ, ਪਰ ਸਾਡੀ ਸਿਖ ਮਤ 'ਪ੍ਰੇਮ' ਹੈ-ਵਾਹਿਗੁਰੂ ਨਾਲ ਭਗਤੀ, ਜਗਤ ਨਾਲ ਪਿਆਰ। ਦੂਜੀ ਗੱਲ ਇਹ ਬੀ ਕਿ ਫਿਰ ਸਾਡਾ ਮਾਰਗ ਸੁਖੱਲਾ ਤੇ ਸਿਧਾ ਰਾਹ ਸਿਖਾਲਦਾ ਹੈ।

ਅਫਸਰ-ਕਿਸ ਤਰ੍ਹਾਂ ?

ਸਾਧੂ-ਪਰਮੇਸ਼ੁਰ ਦਾ ਰੂਪ 'ਪ੍ਰਿਯ' ਯਾ ਪ੍ਰੇਮ ਹੈ, ਸੋ ਅਸਾਂ ਪਰਮੇਸ਼ੁਰ ਨੂੰ ਪਜਾਰ ਕਰਨਾ ਹੈ, ਇਹੋ ਅੰਦਰਲਾ ਪ੍ਰੇਮ ਭਾਵ ਉਸਨੂੰ ਮਿਲਾਉਂਦਾ ਹੈ। ਇਹ ਹੁਣ ਤੁਸੀਂ ਸੋਚ ਲਓ ਕਿ ਜਿਸ ਨਾਲ


www.sikhbookclub.com

ਪਜਾਰ ਹੁੰਦਾ ਹੈ ਉਹ ਕਦੇ ਭੁੱਲਦਾ ਨਹੀਂ, ਇਸ ਕਰਕੇ ਪਰਮੇਸ਼ਰ ਨੂੰ ਨਾ ਭੁੱਲਣਾ ਯਾ ਸਦਾ ਯਾਦ ਰਖਣਾ ਕਿ ਉਹ ਪਿਤਾ ਹੈ, ਉਹ ਦਾਤਾ ਹੈ, ਉਹ ਅੰਗ ਸੰਗ ਰਹਿੰਦਾ ਹੈ, ਸਾਨੂੰ ਪ੍ਰਤਿਪਾਲਦਾ ਹੈ, ਪਜਾਰ ਕਰਦਾ ਹੇ ਇਸ ਤਰ੍ਹਾ ਉਸਦੀ ਯਾਦ ਰਖਣੀ ਪਜਾਰ ਬਣ ਜਾਂਦੀ ਹੈ। ਸੋ ਇਸਦਾ ਤ੍ਰੀਕਾ ਇਹ ਹੈ ਕਿ ਕਰਤਾ ਪੁਰਖ ਤੇ ਦਾਤੇ ਦੀਆਂ ਸਿਫਤਾਂ ਵਿਚ ਸਲਾਹੁਤ ਕਰਨ ਵਾਲੇ ਬਣਨਾ। ਉਸਦੀ ਸਿਫਤ ਸਲਾਹ ਲਈ ਸਾਡੇ ਪਾਸ ਸਾਡੇ ਰਹਿਬਰ ਦੀ ਕਲਾਮ (ਬਾਣੀ) ਹੈ। ਉਹ ਬਾਣੀ ਸਾਨੂੰ ਸਾਂਈਂ ਦੇ ਗੁਣ ਸਿਖਾਲਦੀ ਹੈ, ਉਸਦੇ ਪ੍ਰੇਮ ਦੀ ਜਾਚ ਦੱਸਦੀ ਹੈ ਤੇ ਯਾਦ ਵਿਚ ਰਖਦੀ ਹੈ। ਅਸੀਂ ਉਸਦਾ ਨਾਮ ਲੈਂਦੇ ਲੈਂਦੇ ਉਸਦੀ ਯਾਦ ਵਿਚ ਆ ਜਾਂਦੇ ਹਾਂ। ਯਾਦ ਨਾਲ ਉਸਦੇ ਮਿੱਠੇ ਭੈ ਵਿਚ ਝੱਲਵੇਂ ਪਜਾਰ ਵਿਚ ਆ ਜਾਂਦੇ ਹਾਂ। ਇਹੋ ਬਾਣੀ ਤੇ ਇਹੋ ਪਜਾਰ ਭਰੀ ਯਾਦ ਸਾਨੂੰ ਸਾਂਈਂ ਨਾਲ ਮੇਲਦੀ ਹੈ, ਤੇ ਉਸਦੇ ਅਨੁਭਵ ਵਿਚ ਲੈ ਜਾਂਦੀ ਹੈ। ਸੋ ਜੀਓ ਜੀ! ਦੁਖ ਸੁਖ ਹਰ ਹਾਲ, ਉਸਦੇ ਪਜਾਰ ਵਿਚ ਉਸਦੀ ਯਾਦ ਵਿਚ ਜੀਉਣਾ, ਇਹ ਹੈ ਪ੍ਰੇਮ ਯਾਂ ਭਗਤੀ ਆਪਣੇ ਸਿਰਜਣਹਾਰ ਨਾਲ। ਫਿਰ ਸਾਡਾ ਵਾਹ ਦੁਨੀਆਂ ਵਿਚ ਆਪਣੇ ਵਰਗੇ ਮਨੁੱਖਾਂ ਨਾਲ ਪੈਂਦਾ ਹੈ, ਉਨ੍ਹਾਂ ਨਾਲ ਬੀ ਅਸਾਂ ਪਜਾਰ ਵਰਤਣਾ ਹੈ। ਉਸ ਲਈ ਸਾਨੂੰ 'ਸਰਬੱਤ ਦਾ ਭਲਾ' ਸਿਖਾਇਆ ਗਿਆ ਹੈ। ਜਿਸਦਾ ਵੇਰਵਾ ਇਹ ਹੈ : ਕਿਸੇ ਦਾ ਬੁਰਾ ਨਾ ਕਰਨਾ, ਇਹ ਹੈ ਪਹਿਲਾ ਕਦਮ ਸਰਬੱਤ ਦੇ ਭਲੇ ਦਾ। ਫੇਰ ਹੋ ਸਕੇ ਤਾਂ ਭਲਿਆਈ ਕਰਨੀ ਇਹ ਹੈ ਦੂਸਰਾ ਕਦਮ। ਫੇਰ ਨਿਸ਼ਕਾਮ ਭਲਿਆਈ ਕਰਨੀ ਅਰਥਾਤ ਭਲਿਆਈ ਦੀ ਖਾਤਰ ਭਲਿਆਈ ਕਰਨੀ ਤੀਸਰਾ ਕਦਮ ਹੈ। ਆਪੇ ਪਈ ਭਲਿਆਈ ਹੋਣੀ ਇਹ ਚੌਥਾ ਕਦਮ ਹੈ, ਸੋ ਅਸੀਂ ਦਾਤੇ ਨੂੰ ਭੁੱਲਦੇ ਨਹੀਂ ਤੇ ਜੀਵਾਂ ਨਾਲ ਸਰਬੱਤ ਦੇ ਭਲੇ ਵਿਚ ਵੱਸਦੇ ਹਾਂ।

ਅਫਸਰ-ਮੁਕਤੀ ਕੈਸੇ ਹੋਇਗੀ?

ਸਾਧੂ-ਮੁਕਤੀ ਆਪੇ ਤੋਂ ਵੱਖਰੀ ਢੂੰਡਣ ਗਿਆ ਮਿਲਦੀ ਨਹੀਂ। ਭਲੇ ਹੋ ਜਾਣਾ, ਭਲੇ ਵਿਚ ਰਹਿਣਾ, ਭਲਾ ਕਰਨਾ, ਫੇਰ ਮੋਹ ਮਾਯਾ ਤੋਂ ਅਸੰਗ ਹੋਕੇ ਕਰਤਾਰ ਨਾਲ ਜੁੜੇ ਰਹਿਣਾ, ਉਸਦੀ ਹੋਂਦ ਨੂੰ ਅੰਦਰ ਪ੍ਰਤੀਤ ਕਰਨਾ, ਯਾ ਇਉਂ ਕਹੋ ਕਿ ਉਸਦੇ ਸਾਥ ਰਹਿਣਾ, ਅੰਤਰ ਆਤਮੇ ਉਸਨੂੰ ਪ੍ਰਪੱਕ ਸਾਥੀ ਲਖਦੇ ਰਹਿਣਾ, ਯਾ ਇਉਂ ਆਖੋ ਕਿ ਉਸਦੀ ਸਦਾ ਹਾਜ਼ਰ ਹਜ਼ੂਰੀ ਵਿਚ ਆਪਣੀ ਹੋਂਦ ਨੂੰ ਪ੍ਰਤੀਤ ਕਰਦੇ ਰਹਿਣਾ, ਯਾ ਇਉਂ ਕਹੋ ਕਿ ਨਾਲ ਮਿਲੇ ਰਹਿਣਾ, ਇਹ ਜੋ ਹੈ ਆਪੇ ਨੂੰ ਸੁਆਰ ਲੈਣਾ, ਇਹੋ ਹੈ ਮੁਕਤੀ।

ਅਫਸਰ (ਅਚਰਜ ਹੋਕੇ)-ਮੈਂ ਇਸਾਈ ਹਾਂ, ਆਪ ਨੂੰ ਮੇਰੇ ਤੋਂ ਨਫ਼ਰਤ ਨਹੀਂ।

ਸਾਧੂ-ਨਫਰਤ ਇਕ ਨੁਕਤਾ ਹੈ, ਜੋ ਤੁਸੀਂ ਆਪਣੀ ਬੋਲੀ ਵਿਚ ਸਮਝ ਲਓ ਕਿ ਸ਼ੈਤਾਨ ਰੂਪੀ ਦਾਇਰੇ ਦਾ ਕੇਂਦਰ। ਪ੍ਰੇਮ ਇਕ ਨੁਕਤਾ ਹੈ, ਜੋ ਰੱਬ ਰੂਪੀ ਦਾਇਰੇ ਦਾ ਕੇਂਦਰ ਹੈ। ਜੇ ਮੈਂ ਆਪਣੀ ਪਰਿਭਾਸ਼ਾ ਵਿਚ ਬੋਲਾਂ ਤਾਂ ਨਫ਼ਰਤ ਹੈ ਆਸੁਰੀ ਸੰਪਦਾ ਦੀ ਵਸਤੂ ਤੇ ਪ੍ਰੇਮ ਹੈ ਦੈਵੀ ਸੰਪਦਾ ਦੀ ਵਸਤੂ। ਅਸੀਂ ਹਾਂ, ਦੈਵ (ਰਬ ਜੀ) ਦੇ ਪ੍ਰੇਮੀ, ਸਾਨੂੰ ਦੈਵੀ ਸੰਪਦਾ ਨਾਲ ਪਜਾਰ ਹੈ; ਆਸੁਰੀ ਸੰਪਦਾ* ਨਾਲ ਨਹੀਂ। ਜੇ ਮੈਂ ਰਬ ਦੀ ਯਾਦ ਵਿਚ ਹਾਂ, ਜੇ ਉਸਦੀ ਹਜ਼ੂਰੀ ਵਿਚ ਵਸਦਾ ਹਾਂ, ਜੇ ਮੈਂ ਉਸਦੇ ਸਾਥ ਵਿਚ ਉਸਦੇ ਨਾਲ ਵਸਦਾ ਹਾਂ ਅਰਥਾਤ ਜੇ ਮੈਂ ਅੰਤਰ-ਆਤਮੇ ਰਬ ਜੀ ਨੂੰ ਸਾਥੀ ਲਖਦਾ ਰਹਿੰਦਾ ਹਾਂ, ਤਾਂ ਦੱਸੋ ਮੇਰੇ ਵਿਚ ਨਫਰਤ ਨੂੰ ਥਾਂ ਕਿਥੇ ਹੈ? ਕਿਉਂਕਿ ਜੋ ਮੇਰੇ ਅੰਦਰ ਮੇਰਾ ਸਾਥੀ ਹੈ ਉਹਦਾ ਰੂਪ ਤਾਂ ਪ੍ਰੇਮ ਹੈ।

ਅਫਸਰ-ਬਹੁਤ ਖੂਬ, ਆਪ ਤਾਂ ਐਸੇ ਹੋ ਜੈਸੇ ਸਾਡੇ ਵਿਚ ਬੜੇ ਬੜੇ ਤਪਸੱਵੀ, ਤਜਾਗੀ ਤੇ

---

* ਸਾਰੇ ਅਵਗੁਣ, ਪਾਪ, ਅਧਰਮ, ਨਫਰਤ ਆਸੁਰੀ ਗੁਣ ਕਹੀਦੇ ਹਨ। ਅਸੁਰਾਂ ਅਰਥਾਤ ਰਾਖਸ਼ਾਂ ਦੇ ਗੁਣ। ਤੇ ਸਾਰੀਆਂ ਧਰਮ ਨੇਕੀਆਂ ਤੇ ਪ੍ਰੇਮ ਹਨ ਦੈਵੀ ਗੁਣ--ਦੈਵ ਦੇ ਗੁਣ।


www.sikhbookclub.com

ਦੁਖ ਸਹਿਣ ਵਾਲੇ ਕੋਈ ਕੋਈ ਕਦੇ ਕਦੇ ਹੋਏ ਹਨ। ਕਿਆ ਨਾਮ ਹੈ ਆਪ ਦੇ ਪਿਅੰਬਰ ਦਾ?

ਸਾਧੂ-ਸ੍ਰੀ ਗੁਰੂ ਨਾਨਕ ਦੇਵ।

ਅਫਸਰ-ਅੱਛਾ, ਤਾਂ ਆਪ ਸੀਖ ਹੈਂ! ਹਾਂ, ਹਾਂ ਲਾਹੌਰ ਕੇ ਪਾਦਰੀ ਫੋਰਮੈਨ ਸਾਹਿਬ ਗੁਰੂ ਨਾਨਕ ਸਾਹਿਬ ਕੀ ਬਹੁਤ ਤਾਰੀਫ ਕੀਤਾ ਕਰਦੇ ਸਨ, ਠੀਕ ਠੀਕ ਵੁਹੀ ਹਾਂ।

ਇਸ ਤਰ੍ਹਾਂ ਦੀ ਗਲ ਬਾਤ ਹੋਰ ਕੁਛ ਚਿਰ ਹੁੰਦੀ ਰਹੀ। ਅਫਸਰ ਨੇ ਉਸ ਮਰੀਜ਼ ਦੇ ਇਲਾਜ ਦਾ ਬੰਦੋਬਸਤ ਹਸਪਤਾਲ ਵਿਚ ਕਰਵਾ ਦਿਤਾ ਤੇ ਸੰਤ ਜੀ ਨੂੰ ਵਿਹਲੇ ਕਰ ਦਿਤਾ, ਇਹ ਕਹਿਕੇ ਕਿ ਆਪਣੀ ਸੇਵਾ ਨਾਲੋਂ ਹਸਪਤਾਲ ਵਿਚ ਸੇਵਾ ਵਧੇਰੇ ਗੁਣ ਦਾਇਕ ਤੇ ਇਲਾਜ ਵਧੇਰੇ ਠੀਕ ਹੋਵੇਗਾ, ਕਿਉਂਕਿ ਡਾਕਟਰ ਹਰ ਵੇਲੇ ਤਸ਼ਖੀਸ ਕਰਦਾ ਤੇ ਯੋਗ ਦਵਾ ਦੇਂਦਾ ਰਹੇਗਾ ਤੇ ਨਰਸਾਂ[1] ਖਾਣ-ਪਾਣ, ਸੈਣ, ਹੋਰ ਸੇਵਾ ਦਾ ਦਰੁਸਤ ਪ੍ਰਬੰਧ ਕਰਦੀਆਂ ਰਹਿਣਗੀਆਂ।

ਸੰਤ ਜੀ ਕੁਛ ਦਿਨ ਓਥੇ ਟਿਕੇ ਰਹੇ ਤੇ ਫੇਰ ਕੁਛ ਦਿਨਾਂ ਬਾਦ ਬਨੋ ਬਨ ਪੈਦਲ ਹਰਿਦਵਾਰ ਨੂੰ ਟੁਰ ਪਏ। ਰਸਤੇ ਵਿਚ ਕਿਤੇ ਜੰਗਲ ਦੇ ਗਾਰਡਾਂ[2] ਦੇ ਘਰੀਂ ਡੇਰਾ ਕਰ ਲੈਂਦੇ ਰਹੇ, ਕਿਉਂਕਿ ਇਸ ਬਨ ਵਿਚ ਹਰਨ ਆਦਿ ਜਾਨਵਰਾਂ ਤੋਂ ਛੁਟ ਗੁਲਦਾਰ (ਇਕ ਪ੍ਰਕਾਰ ਦੇ ਸ਼ੇਰ) ਬੀ ਵਸਦੇ ਹਨ ਤੇ ਰਾਤ ਨੂੰ ਖੁਲ੍ਹੇ ਵਿਚਰਦੇ ਹਨ। ਇਸ ਕਰਕੇ ਰਾਤ ਬਣ ਵਿਚ ਐਵੇਂ ਰਹਿ ਸਕਣਾ ਕਠਨ ਹੁੰਦਾ ਹੈ।

ਸੰਤਾਂ ਦੇ ਪਾਸ ਇਕ ਚਾਦਰਾ ਸੀ ਤੇ ਇਕ ਪਰਨਾ ਤੇ ਦੂਜਾ ਵਾਧੂ ਕਛਹਿਰਾ ਸੀ, ਪਾਣੀ ਲਈ ਚਿਪੀ ਤੇ ਰਾਤ ਓਢਨ ਲਈ ਇਕ ਹਲਕਾ ਲੋਆ ਤੇ ਬਸ। ਮਾਨੋ ਤਿੰਨ ਬੀਬੀ ਦੇ ਕਪੜੇ ਚੋਲਾ, ਬੀੜਾ, ਬੱਸ।

੨.

ਇਕ ਦਿਨ ਆਪ ਇਕ ਟਿਕਾਣੇ ਬ੍ਰਿੱਛਾਂ ਦੇ ਛਾਵੇਂ ਬੈਠੇ ਸਨ ਕਿ ਮੋਟਰ ਦੇ ਧੂਤੇ ਦੀ ਆਵਾਜ਼ ਆਈ। ਥੋੜੇ ਚਿਰ ਬਾਦ ਮੋਟਰ ਗਾਰਡ ਦੇ ਘਰ ਕੋਲ ਖਲੋ ਗਈ, ਵਿਚੋਂ ਉਹੀ ਅਫਸਰ ਜੀ ਨਿਕਲੇ, ਗਾਰਡ ਸਿਖ ਸੀ, ਬਾਹਰ ਆਕੇ ਓਸਨੇ ਅਫਸਰ ਦਾ ਸਤਿਕਾਰ ਕੀਤਾ। ਉਸਨੇ ਪੁਛਿਆ, ਤੁਮ ਸੀਖ ਹੋ, ਗਾਰਡ ਨੇ ਕਿਹਾ, ਹਾਂ ਜਨਾਬ। ਸਾਹਿਬ ਨੇ ਪੁਛਿਆ, ਇਧਰ ਕੋਈ ਸੀਖ ਸਾਧੂ ਆਇਆ ਹੈ?

ਗਾਰਡ-ਹਾਂ ਜਨਾਬ।

ਸਾਹਿਬ-ਉਸਕਾ ਕਿਆ ਨਾਮ?

ਗਾਰਡ ਨੇ ਕਿਹਾ-ਨਾਮ .....ਹਾਂ.....ਨਾਮ ਹੈ ਬਿਮਲਾ ਸਿੰਘ।

ਸਾਹਿਬ-ਇਧਰ ਕਭੀ ਆਯਾ?

ਗਾਰਡ-ਹਾਂ ਜੀ, ਓਹ ਇਥੇ ਹੀ ਹਨ, ਦਿਨੇ ਬਨ ਵਿਚ ਸਮਾਧੀ ਲਾਉਂਦੇ ਹਨ, ਤੇ ਰਾਤ ਮੇਰੀ ਕੁਟੀਆਂ ਵਿਚ ਆ ਜਾਂਦੇ ਹਨ।

ਸਾਹਿਬ ਨੇ ਕਿਹਾ-ਅਬ ਕਹਾਂ ਹੈ?

ਗਾਰਡ ਨੇ ਇਕ ਸੰਘਣੇ ਬ੍ਰਿੱਛਾਂ ਹੇਠ ਲੁਕੇ ਟਿੱਲੇ ਵਲ ਇਸ਼ਾਰਾ ਕੀਤਾ ਤੇ ਕਿਹਾ ਕਿ ਉਸ ਥਾਂਵੇਂ ਬੈਠੇ ਹਨ।

ਸਾਹਿਬ ਨੇ ਕਿਹਾ-ਚਲੋ ਰਸਤਾ ਦਿਖਾਓ। ਗਾਰਡ ਪਹਿਲੇ ਝਿਜਕਿਆ ਕਿ ਮਤੇ ਸੰਤ ਜੀ ਗੁੱਸੇ ਹੋਣ ਕਿ ਸਾਡਾ ਥਹੁ ਕਿਉਂ ਦਿਤਾ, ਯਾ ਇਸਨੇ ਹੀ ਕੋਈ ਖੇਚਲ ਦੇਣੀ ਹੋਵੇ ਤਾਂ ਮੈਂ ਖਾਹ ਮਖਾਹ ਪਤਾ ਦੇ ਦਿੱਤਾ। ਅਫਸਰ ਤਾੜ ਗਿਆ ਕਿ ਇਹ ਡਰ ਕਰਕੇ ਝਿਜਕ ਰਿਹਾ ਹੈ, ਆਖਣ ਲੱਗਾ ਡਰੋ ਮਤ, ਸੰਤ ਹਮ ਕੋ ਜਾਨਤੇ ਹੈਂ, ਵਹੁ ਹਮਾਰੇ ਦੋਸਤ ਹੈ। ਇਹ ਸੁਣਕੇ ਗਾਰਡ ਤਸੱਲੀ ਨਾਲ ਟੁਰ

---

1. ਬੀਮਾਰਾਂ ਦੀਆਂ ਸੇਵਾਦਾਰ ਬੀਬੀਆਂ ਨੂੰ ਨਰਸਾਂ ਆਖਦੇ ਹਨ। 2. ਚੋਕੀਦਾਰ ਤੇ ਰਾਖੇ।

 www.sikhbookclub.com

ਪਿਆ ਤੇ ਮਗਰੇ ਮਗਰ ਸਾਹਿਬ ਸੀ। ਟਿੱਲੇ ਉਤੇ ਸੰਘਣੀ ਛਾਵੇਂ ਆਪ ਪਦਮਾਸਨ ਬੈਠੇ ਸਨ, ਪੈਖੜ ਸੁਣਕੇ ਨੇਤ੍ਰ ਖੁਲ੍ਹੇ ਤੇ ਫੇਰ ਪਛਾਣ ਲਿਆ ਕਿ ਕੌਣ ਆ ਰਿਹਾ ਹੈ। ਪਰਸਪਰ ਸਤਿਕਾਰ ਨਾਲ ਮਿਲੇ। ਫਿਰ ਅਫਸਰ ਨੇ ਕਿਹਾ, ਸੰਤ ਜੀ! ਮੈਂ ਸੁਣਿਆ ਸੀ ਕਿ ਆਪ ਇਸੇ ਬਣ ਵਿਚ ਟੁਰ ਫਿਰ ਰਹੇ ਹੋ, ਮੈਨੂੰ ਫਿਕਰ ਹੋਇਆ ਕਿ ਰਾਤ ਨੂੰ ਗੁਲਦਾਰ ਨਿਕਲ ਪੈਂਦੇ ਹਨ ਤੇ ਕਿਤੇ ਆਪ ਕਿਸੇ ਖੇਚਲ ਵਿਚ ਨਾ ਪੈ ਜਾਓ। ਮੈਂ ਤਲਾਸ਼ ਕਰਾਈ, ਪਤਾ ਚਲਣ ਤੇ ਅੱਜ ਆਪ ਨੂੰ ਲੱਭ ਲਿਆ ਹੈ। ਆਪ ਹੁਣ ਏਥੇ ਟਿਕੋਗੇ ਕਿ ਅੱਗੇ ਜਾਣਾ ਹੈ?

ਸੰਤ-ਮੈਂ ਹਰਦੁਆਰ ਜਾਣਾ ਹੈ। ਸਨੇ ਸਨੇ ਸਫਰ ਤੇ ਟਿਕਾਉ ਨਿਭ ਰਹੇ ਹਨ। ਬਨ ਸੁਹਾਵਣਾ ਹੈ, ਪਰ ਆਸਰਾ ਕੋਈ ਨਹੀਂ! ਆਪਦੇ ਮਹਿਕਮੇ ਦੇ ਗਾਰਡਾਂ ਆਦਿਕਾਂ ਦੇ ਆਸਰੇ ਰਾਤ-ਕਟੀ ਹੋ ਜਾਂਦੀ ਹੈ, ਦਿਨ-ਕਟੀ ਬ੍ਰਿੱਛ ਕਰਾ ਦੇਂਦੇ ਹਨ।

ਅਫਸਰ-ਜੇ ਆਪ ਮਨਜ਼ੂਰ ਕਰੋ ਤਾਂ ਮੇਰਾ ਇਕ ਵਿਚਾਰ ਹੈ: ਆਪ ਮੇਰੇ ਨਾਲ ਚੱਲ ਪਓ। ਮੋਤੀ ਚੂਰ ਦਾ ਬਨ ਚਲ ਦੇਖੋ, ਫੇਰ ਡਾਕ ਬੰਗਲੇ ਆਪ ਦਾ ਡੇਰਾ ਕਰਾ ਦਿਆਂਗਾ, ਉਥੋਂ ਹਰਿਦੁਆਰ ਚਾਰ ਪੰਜ ਕੁ ਮੀਲ ਹੈ। ਆਪ ਬਨ ਵਿਚ ਰਹਿ ਬੀ ਸਕੋਗੇ, ਹਰਿਦੁਆਰ ਵੀ ਜਾ ਆ ਸਕੋਗੇ ਤੇ ਰਾਤ ਨੂੰ ਬਨ ਪਸੂਆਂ ਦਾ ਭੈ ਬੀ ਨਹੀਂ ਹੋਵੇਗਾ ਤੇ ਉਵ ਉਨ੍ਹਾਂ ਦੇ ਦਰਸ਼ਨ ਦਿਦਾਰੇ ਬੀ ਰਾਤਾਂ ਨੂੰ ਕਈ ਵੇਰ ਹੋ ਜਾਣਗੇ। ਅੰਨ ਪਾਣੀ ਦਾ ਪ੍ਰਬੰਧ ਬੀ ਉਥੇ ਹੈ। ਸਾਡੇ ਮਤ ਦੇ ਇਕ ਤਤਿਖਜੂ ਉਥੇ ਟਿਕੇ ਹੋਏ ਹਨ, ਆਪ ਨੂੰ ਹਰ ਮਤ ਨਾਲ ਪਿਆਰ ਹੈ, ਸੋ ਦੋਹਾਂ ਦਾ ਸਤਿਸੰਗ ਰਹੇਗਾ, ਮੈਂ ਬੀ ਕੁਛ ਦਿਨ ਲਾਹਾ ਲੈ ਸਕਾਂਗਾ। ਆਪ ਦੀ ਇਹ ਗਲ ਮੇਰੇ ਬੜੀ ਦਿਲ ਲਗੀ ਹੈ ਕਿ ਨਫਰਤ ਇਨਸਾਨੀ ਗੁਣ ਨਹੀਂ ਹੈ। ਸੰਤ ਸੁਣਕੇ ਮੁਸਕ੍ਰਾਏ ਤੇ ਹੌਲੇ ਜਿਹੇ ਬੋਲੇ-*"ਜਿਥੇ ਰਖਹਿ ਬੈਕੁੰਠ ਤਿਥਾਈ ਤੂੰ ਸਭਨਾਂ ਕੇ ਪ੍ਰਤਿਪਾਲਾ ਜੀਉ"*। ਫੇਰ ਸੱਤ ਬਚਨ ਆਖ ਕੇ ਹੇਠਾਂ ਉਤਰੇ ਤੇ ਮੋਟਰ ਵਿਚ ਬੈਠ ਗਏ। ਗਾਰਡ ਨੇ ਲੋਆ ਕਛਹਿਰਾ ਤੇ ਚਿਪੀ ਲਿਆ ਦਿਤੀ ਤੇ ਆਪ ਕੁਛ ਦੇਰ ਬਾਦ ਡਾਕ ਬੰਗਲੇ ਅਪੜ ਗਏ। ਕਮਰੇ ਇਕ ਸੁੱਛ ਵਿਚ ਪਲੰਘ ਲਗਾ ਸੀ, ਦੋ ਤ੍ਰੈ ਕੁਰਸੀਆਂ ਪਈਆਂ ਸਨ, ਸੰਤਾਂ ਜੋਗ ਇਹ ਕਮਰਾ ਮਿਲ ਗਿਆ, ਆਪ ਅਫਸਰ ਜੀ ਨੇ ਇਕ ਹੋਰ ਕਮਰੇ ਵਿਚ ਡੇਰਾ ਕਰ ਲਿਆ। ਇਕ ਕਮਰੇ ਵਿਚ ਅੱਗੇ ਇਕ ਤਤਿਖਜੂ ਸਾਧੂ ਉਤਰੇ ਹੋਏ ਸਨ, ਜਿਨ੍ਹਾਂ ਦਾ ਨਾਉਂ ਰੈਵਰੈਂਡ 'ਡਜੂ-ਸ਼ੋਜ਼ਾ' ਕਰਕੇ ਸੱਦਦੇ ਸਨ। ਸੰਤਾਂ ਦਾ ਪ੍ਰਸਾਦ ਪਾਣੀ ਬੰਗਲੇ ਦੇ ਚੌਕੀਦਾਰ ਦੇ ਸਪੁਰਦ ਹੋਇਆ ਜੋ ਗੜ੍ਹਵਾਲੀਆ ਸੀ ਤੇ ਅਫਸਰ ਦਾ ਆਪਣਾ ਤੇ ਡਜੂਸ਼ੋਜ਼ਾ ਦਾ ਅੰਨ ਪਾਣੀ ਗੋਆ ਦੇ ਪਾਸੇ ਦਾ ਇਕ ਬਾਵਰਚੀ ਕਰਦਾ ਸੀ, ਜੋ ਅਗੇ ਹੀ ਓਥੇ ਘੱਲਿਆ ਹੋਇਆ ਸੀ।

ਇਕ ਦੋ ਦਿਨ ਤਾਂ ਇਧਰ ਉਧਰ ਸੈਰ ਆਦਿ ਵਿਚ ਬੀਤੇ। ਹਰਿਦੁਆਰ ਰਿਖੀਕੇਸ਼, ਲਛਮਨ ਝੂਲੇ ਤਕ ਮੋਟਰ ਵਿਚ ਸੈਰ ਕਰ ਆਏ। ਤੀਏ ਕੁ ਦਿਨ ਲੌਢੇ ਪਹਿਰ ਤ੍ਰੈਏ ਬਾਹਰ ਆ ਬੈਠੇ ਤਾ ਸੰਤਾਂ ਨੇ ਡਿੱਠਾ ਕਿ ਡਯੂਸ਼ੋਜ਼ਾ ਦੇ ਪੈਰ ਤੇ ਪੱਟੀ ਬੱਧੀ ਹੈ ਤੇ ਸੰਤ ਜੀ ਨੇ ਪੁਛਿਆ, ਸਤਿਕਾਰ ਯੋਗ ਜੀਓ! ਕਲ ਤਾਂ ਆਪ ਦੇ ਪੈਰ ਤੇ ਖ੍ਰੀਂਡ ਬੱਝਾ ਹੋਇਆ ਸੀ ਤੇ ਅਜ ਪੱਟੀ ਬੱਝੀ ਹੋਈ ਹੈ? ਕੀ ਜ਼ਖਮ ਤੇ ਮੁੜ ਸੱਟ ਲੱਗ ਗਈ ਹੈ। ਡਯੂਸ਼ੋਜ਼ਾ ਹੱਸ ਪਿਆ ਤੇ ਆਖਣ ਲੱਗਾ, ਮੈਂ ਆਪ ਰਾਜ਼ੀ ਹੋਏ ਨੂੰ ਮੁੜਕੇ ਜ਼ਖਮ ਬਣਾ ਲਿਆ ਹੈ।

ਸੰਤ ਜੀ-ਕਿਉਂ ਜੀਓ ਜੀ!

ਡਯੂਸ਼ੋਜਾ-ਇਸ ਲਈ ਕਿ ਜਦੋਂ ਇਹ ਜ਼ਖਮ ਦਰਦ ਕਰਦਾ ਸੀ, ਪ੍ਰੇਅਰ (ਅਰਦਾਸ) ਵਿਚ ਦਿਲ ਡੂੰਘਾ ਜਾਕੇ ਜੁੜਦਾ ਸੀ, ਹੁਣ ਜਦ ਪੀੜ ਤੋਂ ਖਾਲੀ ਹੋ ਗਿਆ ਹੈ ਤਾਂ ਦਿਲ, ਪ੍ਰੇਅਰ ਦੇ ਡੂੰਘਾਣ ਵਿਚ ਜਾਣੋਂ ਅੜ ਖੜੋਂਦਾ ਹੈ। ਮੈਂ ਕਿਹਾ, ਇਸ ਤਨ ਨੂੰ ਦੰਡ ਦੇਣਾ ਤੇ ਦੰਡਿਤ ਰੱਖਣਾ ਹੀ ਚੰਗਾ ਹੈ ਜੋ ਮਨ ਪੀੜ ਵਿਚ ਰੁੱਝਕੇ ਅਵੈੜ-ਪੁਣੇ ਵਲ ਨਹੀਂ ਜਾਂਦਾ ਤੇ ਅਰਦਾਸ ਵਿਚ ਡੂੰਘਾ ਜੁੜਦਾ ਹੈ।


www.sikhbookclub.com

ਸੰਤ ਸੋਚੀਂ ਪੈ ਗਏ। ਫੇਰ ਆਪ ਸਿਰ ਫੇਰ ਫੇਕ ਕੇ ਸੁਰ ਨਾਲ ਬੋਲੇ-ਸਚ। *'ਕਬੀਰ ਕਾਮ ਪਰੇ ਹਰਿ ਸਿਮਰੀਐ ਐਸਾ ਸਿਮਰਹੁ ਨਿਤ॥ ਅਮਰਾ ਪੁਰ ਬਾਸਾ ਕਰਹੁ ਹਰਿ ਗਇਆ ਬਹੋਰੈ ਬਿਤਿ॥੧੬੩॥'*

ਅਫਸਰ-ਆਪ ਨੇ ਜੋ ਕੁਛ ਗਾਂਵਿਆ ਹੈ ਇਸਦਾ ਕੀ ਭਾਵ ਹੈ?

ਸੰਤ-ਜਦੋਂ ਕੋਈ ਡਾਢੀ ਲੋੜ ਦੀ ਗਰਜ਼ ਪੈਦਾ ਹੋ ਜਾਏ ਤਾਂ ਮਨ ਅਰਦਾਸ ਵਿਚ ਯਾ ਰਬ ਜੀ ਦੀ ਯਾਦ ਵਿਚ ਡੂੰਘਾ ਜਾਕੇ ਜੁੜਦਾ ਹੈ, ਜੋ ਸਦੀਵ ਕਾਲ ਅਰਖਾਤ ਸੁਖ ਦੁਖ ਦੋਹਾਂ ਹਾਲਤਾਂ ਵਿਚ ਇਕੋ ਜਿਹਾ ਇਕਾਗਰ ਹੋਕੇ ਲੱਗੇ ਤਾਂ ਜੀਵ ਪਰਮ ਪਦ ਨੂੰ ਪਹੁੰਚ ਜਾਵੇ।

ਡਜੂਸ਼ੋਜ਼ਾ-ਫਿਰ ਮੈਂ ਠੀਕ ਕੀਤਾ ਹੈ?

ਸੰਤ-ਮੈਂ ਆਪ ਦੇ ਮਤ ਦਾ ਬਹੁਤ ਜਾਣੂ ਨਹੀਂ। ਆਪ ਦੇ ਅਕੀਦੇ ਦੇ ਮੂਜਬ ਠੀਕ ਬੀ ਹੋਸੀ, ਪਰ ਮੈਂ ਜੋ ਕੁਛ ਪੜ੍ਹਿਆ ਹੈ, ਉਹ ਮੇਰੇ ਧਰਮ ਪੁਸਤਕ ਵਿਚੋਂ ਹੈ ਜਿਸ ਨੂੰ ਅਸੀਂ ਗੁਰੂ ਕਰਕੇ ਮੰਨਦੇ ਹਾਂ। ਉਸਦਾ ਮਤਲਬ ਥੋੜਾ ਹੋਰਵੇਂ ਹੈ। ਉਹ ਐਉਂ ਹੈ ਕਿ ਲੋੜ ਸਮੇਂ ਯਾ ਦੁਖ ਸਮੇਂ ਮਨ ਗ਼ਰਜ਼ੀ ਹੁੰਦਾ ਹੈ, ਗ਼ਰਜ਼ੀ ਮਨ ਜਿਵੇਂ ਡੂੰਘਾ ਹੋਕੇ ਰੱਬ ਸਾਂਈਂ ਨੂੰ ਯਾਦ ਕਰਦਾ ਹੈ, ਉਸਨੂੰ ਆਦਰਸ਼ ਬਣਾ ਲਓ ਜੁੜਨੇ ਦਾ ਤੇ ਜਦੋਂ ਸੁਖ ਵਿਚ ਕਿ ਸਾਧਾਰਨ ਹਾਲਤ ਵਿਚ ਹੋਵੋ ਤਾਂ ਮਨ ਨੂੰ ਉਸ ਤਰ੍ਹਾਂ ਦਾ ਜੋੜੋ ਕਿ ਜਿਸ ਤਰ੍ਹਾਂ ਦਾ ਦੁਖ ਵੇਲੇ ਦੁਖ ਦੂਰ ਕਰਨ ਦੀ ਗ਼ਰਜ਼ ਲਈ ਜੁੜਦਾ ਸੀ। ਇਸ ਵਾਕ ਵਿਚ ਸਰੀਰ ਨੂੰ ਆਪੇ ਦੁਖੀ ਕਰਨ ਦਾ ਉਪਦੇਸ ਨਹੀਂ ਹੈ।

ਡਜੂਸ਼ੋਜ਼ਾ-ਪਰ ਦੁਖ ਵੇਲੇ ਜੁੜਦਾ ਹੈ ਨਾਂ ਬਹੁਤ ਕਰਕੇ?

ਸੰਤ-ਸਭਨਾਂ ਦਾ ਨਹੀਂ, ਕੇਵਲ ਉਹਨਾਂ ਦਾ ਜੋ ਵਾਹਿਗੁਰੂ ਜੀ ਦੇ ਰਾਹ ਤੇ ਤੁਰਨੇ ਵਾਲੇ ਹਨ। ਸਾਂਈਂ ਤੋਂ ਭੁੱਲੇ ਹੋਏ ਲੋਕ ਤਾਂ ਸਗੋਂ ਦੁਖ ਵੇਲੇ ਰੋਂਦੇ ਕੁਰਲਾਉਂਦੇ ਹਨ; ਅਰਦਾਸਾਂ ਵਿਚ ਨਹੀਂ ਜੁੜਦੇ। ਉਹ ਤਾਂ ਸਗੋਂ ਸਾਂਈਂ ਦੀ ਯਾਦ ਕਿ ਅਰਦਾਸ ਵਿਚ ਜੁੜਨ ਦੀ ਥਾਵੇਂ ਘਬਰਾ, ਖਿੰਡਾਉ ਤੇ ਵਧੇਰੇ ਉਦਾਸੀ ਵਿਚ ਜਾਂਦੇ ਹਨ। ਪਰ ਜੋ ਰੱਬ ਜੀ ਦੇ ਪਜਾਰ ਵਾਲੇ ਹਨ ਓਹ ਨਾਂ ਦੁਖ ਮੰਗਦੇ ਹਨ ਨਾ ਦੁਖ ਸਹੇੜਦੇ ਹਨ, ਨਾਂ ਦੁਖ ਆਇਆਂ ਤੇ ਨਾਂ-ਸ਼ੁਕਰੀ ਵਿਚ ਪੈਂਦੇ ਹਨ। ਦੁਖ ਆਪੇ ਆਵੇ ਤਾਂ ਉਸਨੂੰ ਦਾਰੂ ਸਮਝਦੇ ਹਨ! ਗੁਰੂ ਨਾਨਕ ਦੇਵ ਜੀ ਨੇ ਫੁਰਮਾਯਾ ਹੈ :- *ਦੁਖ ਦਾਰੂ ਸੁਖੁ ਰੋਗੁ ਭਇਆ॥*

ਸੁਖ ਵਿਚ ਰਬ ਵਿਸਰਦਾ ਹੈ, ਦੁਖ ਵਿਚ ਯਾਦ ਆਉਂਦਾ ਹੈ। ਪਰ ਦੁਖ ਸੁਖ ਨੂੰ ਮੰਗਣਾ ਕਿ ਤ੍ਰਿਸਕਾਰਨਾ ਨਹੀਂ ਸਿਖਾਇਆ। ਸਾਡੇ ਧਰਮ ਪੁਸਤਕ ਵਿਚ ਲਿਖਿਆ ਹੈ ਕਿ ਦੁਖ ਸੁਖ ਦੋਹਾਂ ਨੂੰ ਐਉਂ ਦੇਖੋ ਜਿਵੇਂ ਕਪੜੇ ਬਦਲੀਦੇ ਹਨ। *'ਸੁਖੁ ਦੁਖੁ ਦੁਇ ਦਰਿ ਕਪੜੇ ਪਹਿਰਹਿ ਜਾਇ ਮਨੁਖ।'*

ਅਫਸਰ-ਇਸਦਾ ਕੀ ਮਤਲਬ?

ਸੰਤ-ਮਤਲਬ ਹੈ ਕਿ ਦੁਹਾਂ ਨੂੰ ਸਮ ਕਰਕੇ ਜਾਣੋ।

ਡਜੂਸ਼ੋਜ਼ਾ-ਪਰ ਸੰਤ ਜੀ, ਇਹ ਸਰੀਰ ਪਸ਼ੂ ਹੈ, ਮਨ ਦੀਆਂ ਰੁਚੀਆਂ ਪਸ਼ੂ ਹਨ। ਸਰੀਰ ਦੁਖੀ ਰਹੇ ਤਾਂ ਇਹ ਰੁਚੀਆਂ ਵੱਸ ਵਿਚ ਰਹਿੰਦੀਆਂ ਹਨ ਤੇ ਸਰੀਰ ਮਾੜੇ ਪਾਸੇ ਵੱਲ ਨਹੀਂ ਖਿੱਚੀਦਾ।

ਸੰਤ-ਇਹ ਠੀਕ ਹੈ। ਪਰ ਜੇ ਆਪੂੰ ਸਰੀਰ ਨੂੰ ਦੁਖੀ ਕਰਕੇ ਮਨ ਨੂੰ ਹੋੜਿਆ ਤਾਂ ਮਨ ਤੇ ਆਪਣੀ ਅੰਦਰਲੀ ਇਛਾ ਸ਼ਕਤੀ ਦਾ ਬਲ ਤਾਂ ਨਾ ਪਿਆ। ਉਹ ਤਾਂ ਪਸ਼ੂ ਨੂੰ ਵੱਸ ਕਰਨ ਦੀ ਤਰ੍ਹਾਂ ਸੋਟੇ ਦੀ ਲੋੜ ਸਦਾ ਲਈ ਬਣਾ ਲਈ। ਚਾਹੀਦਾ ਇਹ ਸੀ ਕਿ ਮਨ ਉਤੇ ਮਨ ਦੀ ਪ੍ਰਬਲ ਇੱਛਾ ਦਾ ਬਲ ਪਵੇ ਤੇ ਓਹ ਮਾੜੀਆਂ ਰੁਚੀਆਂ ਦੇ ਫੁਰਨੇ ਵਿਚ ਨਾਂ ਜਾਵੇ, ਜੇ ਜਾਵੇ ਤਾਂ ਉਹੀ ਸ਼ਕਤੀ ਉਸਨੂੰ ਹੋੜਕੇ ਮੋੜ ਲਿਆਵੇ।

ਡਜੂਸ਼ੋਜ਼ਾ-ਪਰ ਕੀਹ ਤੁਸੀਂ ਤਪ ਹਠ ਦਾ ਕੁਛ ਲਾਭ ਨਹੀਂ ਸਮਝਦੇ?

 www.sikhbookclub.com

ਸੰਤ-ਮੈਂ ਤਪ ਹਠ ਦਾ ਕਾਇਲ ਹਾਂ। ਪਰ ਉਹ ਕਈ ਤਰ੍ਹਾਂ ਦਾ ਹੈ। ਜੋ ਤਪ ਹਠ ਦਿਖਾਵੇ ਲਈ ਕੀਤਾ ਜਾਵੇ ਉਸ ਨਾਲੋਂ ਵਪਾਰ ਕਰਨਾ ਭਲਾ ਹੈ। ਜੋ ਤਪ ਹਠ ਦੇਹੀ ਨੂੰ ਨਿਰਾ ਦੁਖ ਦੇਣ ਲਈ ਕੀਤਾ ਜਾਵੇ ਉਸਦਾ ਫਲ ਦੇਹ ਨੂੰ ਨਿਤਾਣੇ ਕਰਨਾ ਹੈ, ਨਿਤਾਣੀ ਦੇਹ ਫੇਰ ਤਪ ਹਠ ਨਹੀਂ ਕਰ ਸਕਦੀ, ਜੋ ਤਪ ਹਠ ਮਨ ਨੂੰ ਸੋਧਣ ਲਈ ਕੀਤਾ ਜਾਵੇ ਉਹ ਠੀਕ ਹੈ। ਪਰ ਉਹ ਦੋ ਪ੍ਰਕਾਰ ਦਾ ਹੈ। ਇਕ ਸਰੀਰ ਨੂੰ ਖੇਚਲਾਂ ਵਿਚ ਪਾਕੇ ਸਰੀਰ ਨੂੰ ਥਕਾਉਣਾ ਤੇ ਮਨ ਅਕਾਉਣਾ। ਦੂਜੇ ਹੈ ਹਠ ਧਾਰਕੇ ਮਨ ਦੀ 'ਇਛਾ ਸ਼ਕਤੀ' ਨੂੰ ਪ੍ਰਬਲ ਕਰਨਾ ਤੇ ਮਨ ਦੀਆਂ ਵਾਸ਼ਨਾਂ ਨੂੰ ਉਸਦੇ ਵਸੀਕਾਰ ਵਿਚ ਕਰ ਲੈਣਾ। ਭਾਵ-ਆਪਣੇ ਮਨ ਦੇ ਬਲ ਨਾਲ ਮਨ ਨੂੰ ਜਿੱਤ ਲੈਣਾ।

ਸੰਤ-ਕਠਨ ਹੈ, ਪਰ ਹੋ ਜਾਂਦਾ ਹੈ। ਦੂਸਰੇ ਵਿਚਾਰ ਦੀ ਗਲ ਇਹ ਬੀ ਹੈ ਕਿ ਸਰੀਰ ਤੇ ਮਨ ਨੂੰ ਆਪੇ ਜੋ ਦੁਖ ਵਜਾਪਦੇ ਹਨ ਕੀ ਕੁਛ ਥੋੜੇ ਹਨ! ਕੌਣ ਹੈ ਜੋ ਕਦੇ ਬੀਮਾਰ ਨਹੀਂ ਹੁੰਦਾ? ਕੌਣ ਹੈ ਜਿਸਦੇ ਪਜਾਰੇ ਸਾਕ ਸੰਬੰਧੀ ਮਿਤ੍ਰ ਬੀਮਾਰ ਨਹੀਂ ਹੁੰਦੇ ਤੇ ਉਸ ਨੂੰ ਦੁਖ ਦਾ ਹਿੱਸਾ ਨਹੀਂ ਵੰਡਾਉਣਾ ਪੈਂਦਾ? ਕੌਣ ਹੈ ਜਿਸਦਾ ਕੋਈ ਨਹੀਂ ਮਰਦਾ ਤੇ ਵਿਛੋੜੇ ਦੇ ਦੁਖ ਵਿਚ ਉਹ ਨਹੀਂ ਆਉਂਦਾ? ਕੌਣ ਹੈ ਜਿਸਨੂੰ ਅਚਾਨਕ ਸੰਸਾਰ ਦੀਆਂ ਮੁਸ਼ਕਲਾਂ ਨਹੀਂ ਪੈਂਦੀਆਂ? ਕੌਣ ਹੈ ਜੋ ਅਣਕੀਤੇ ਕਰਮਾਂ ਲਈ ਬਦਨਾਮੀਆਂ ਤੇ ਕਠਨਾਈਆਂ ਵਿਚ ਨਹੀਂ ਆਉਂਦਾ? ਫਿਰ ਕੌਣ ਹੈ ਜੋ ਸਾਰਾ ਦਿਨ ਅਯਾਲਦਾਰੀ ਵਿਚ ਨਿਕੇ ਨਿਕੇ ਰੁਸੇਵੇਂ ਮਨੇਵੇਂ ਉਦਾਸੀਆਂ ਤੇ ਵਧੀਕੀਆਂ ਦੇ ਮੂੰਹ ਨਹੀਂ ਆਉਂਦਾ? ਇਨ੍ਹਾਂ ਆਪੇ ਆ ਪੈਣ ਵਾਲੇ ਦੁਖਾਂ ਦੀ ਭਰਮਾਰ ਕਾਫੀ ਹੈ। ਜੇ ਮਨ ਨੂੰ 'ਦੁਖ' ਨਾਲ ਹੀ ਸੋਧਦਾ ਹੈ ਤਾਂ ਬੰਦੇ ਨੂੰ ਹਰ ਰੋਜ਼ ਸੋਧਣ ਦਾ ਸਮਾਂ ਮਿਲਦਾ ਹੈ। ਆਪੇ ਆ ਪਏ ਦੁਖਾਂ ਨੂੰ ਦਾਰੂ ਬਣਾ ਲਵੇ, ਤੇ ਵਿਚਾਰ ਤੋਂ ਕੰਮ ਲੈ ਕੇ ਮਨ ਨੂੰ ਵਾਹਿਗੁਰੂ ਦੇ ਨੇੜੇ ਕਰਦਾ ਜਾਏ। ਦੁਖ ਨਾਲ ਹੀ ਜੋ ਅਰਦਾਸ ਵਿਚ ਜੁੜਦਾ ਹੈ ਮਨ ਤਾਂ ਆਪੇ ਆ ਪਏ ਦੁਖਾਂ ਸਮੇਂ ਅਰਦਾਸ ਵਿਚ ਜੁੜੇ ਤੇ ਫੇਰ ਸੁਖ ਵੇਲੇ ਵੀ ਜੁੜੇ ਰਹਿਣ ਦਾ ਸੁਭਾਵ ਬਣਾਵੇ। ਸਤਿਕਾਰ ਯੋਗ ਸਾਧਕ ਜੀਓ! ਗੁਰੂ ਨਾਨਕ ਦੇਵ ਜੀ ਨੇ ਇਸੇ ਕਰਕੇ ਫੁਰਮਾਯਾ ਹੈ ਕਿ ਜੋ ਦੁਖ ਦੀ ਖਾਤਰ ਸ਼ਰੀਰ ਨੂੰ ਦੁਖ ਦੇਣੇ ਹਨ ਓਹ ਆਪਣੇ ਆਪ ਲਈ ਆਪੇ ਸਜ਼ਾ ਰੂਪ ਹੋ ਜਾਂਦੇ ਹਨ। ਮਸਲਨ ਜੇ ਰੋਟੀ ਨਾਂ ਖਾਧੀ, ਤਾਂ ਸਰੀਰ ਨੂੰ ਫਾਕੇ ਦੀ ਸਜ਼ਾ ਮਿਲੀ। ਜੇ ਕਪੜੇ। ਨਾ ਪਹਿਨੇ ਤੇ ਗਰਮੀ ਸਰਦੀ ਸਹਾਰੀ ਤਾ ਸਰੀਰ ਦਾ ਦੁਖ ਮਨ ਨੇ ਝੱਲਿਆ। ਜੇ ਪੈਰੋਂ ਨੰਗਾ ਫਿਰਿਆ ਤਾਂ ਪੈਰਾਂ ਦੇ ਠਰਨ, ਤਪਣ, ਕੰਡੇ ਚੁਭਣ, ਠੇਡੇ ਖਾਣ ਆਦਿ ਦੀਆਂ ਸਜ਼ਾਵਾਂ ਭੁਗਤੀਆਂ, ਸੋ ਇਸ ਤਰ੍ਹਾਂ ਦੇ ਸਾਰੇ ਕਸ਼ਟ ਸਹਾਰੇ ਓਹ ਜੀਵ ਨੇ ਅਪਣੇ ਕੀਤੇ ਦੇ ਮਾਨੋਂ ਆਪੇ ਦੰਡ ਭੁਗਤੇ*

ਡਜੁਸੋਜ਼ਾ-ਪਰ ਕੀਹ ਇਹ ਕੁਛ ਸਰੀਰ ਯਾ ਮਨ ਦੇ ਦੁਖਾਂ ਬਿਨਾਂ ਬੀ ਹੋ ਸਕਦਾ ਹੈ?

ਸੰਤ-ਇਸ ਪ੍ਰਕਾਰ ਦੇ ਕਸ਼ਟ ਨਵੇਂ ਕਿਉਂ ਸਹੇੜੇ, ਜੋ ਕੁਦਰਤੀ ਆ ਪੈਣ ਓਹ ਕਾਫੀ ਹਨ, ਉਸ ਮਨੁੱਖ ਦੇ ਸਾਧਨਾਂ ਲਈ ਜਿਸਨੇ ਰੱਬ ਜੀ ਦੇ ਪਜਾਰ ਵਿਚ ਆਪਣੇ ਆਪ ਨੂੰ ਉੱਚਾ ਕਰਨਾ ਹੈ। ਹਰ ਘਰ ਵਿਚ ਹਰ ਰੋਜ਼ ਸਾਧਕ ਲਈ ਸਾਧਨਾਂ ਦਾ ਸਮਾਂ ਹੈ। ਘਰ ਦੇ ਬੰਦੇ ਸਾਰੇ ਨਿਆਂ ਤੇ ਥੋੜਾ ਤੁਰਦੇ ਹਨ, ਪਜਾਰ ਵਿਚ ਥੋੜਾ ਵਰਤਦੇ ਹਨ। ਗਲ ਗਲ ਤੇ ਰੁੱਸਣਾ, ਕਉੜਾ ਬੋਲ ਪੈਣਾ, ਆਪੋ ਵਿਚ ਦੂਬਦੂ ਹੋ ਜਾਣਾ, ਹਰੇਕ ਦੀ ਖਿੱਚ ਜੁ ਖੁਦੀ ਵੱਲ ਹੁੰਦੀ ਹੈ, ਇਸ ਤਰ੍ਹਾਂ ਦੇ ਕਿੰਨੇ ਕੁ ਨਿੱਕੇ ਨਿੱਕੇ ਮਾਮਲੇ ਹਨ ਜੋ ਹਰ ਘਰ ਵਾਪਰਦੇ ਹਨ। ਸੋ ਸਾਧਨਾ ਵਾਲਾ ਬੰਦਾ ਰੱਬ ਜੀ ਦੇ ਪਜਾਰ ਵਿਚ ਜੀਉਂਦਾ ਸਭ ਦੀ ਸਹਾਰਦਾ ਹੈ ਤੇ ਸਭ ਨੂੰ ਭਲੇ ਦਾ ਰੁਖ਼ ਦੇਂਦਾ ਹੈ। ਆਪ ਦੁਖੀ ਨਹੀਂ ਹੁੰਦਾ, ਦੁਖੀਆਂ ਨੂੰ ਸੁਖ ਦੇ ਰਸਤੇ ਪਾਉਂਦਾ ਹੈ। ਇਸ ਤਰ੍ਹਾਂ ਉਹਦਾ ਜੇਰਾ ਤੇ ਉਸਦੀ ਸਹਿਨ ਸ਼ੀਲਤਾ ਤੇ ਰੱਬ ਦੇ ਬੰਦਿਆਂ ਨਾਲ ਨੇਕੀ ਕਰਨ ਤੇ ਪਜਾਰਨ ਦਾ ਚਾਉ ਉਸਦਾ ਸਭ ਸੁਭਾਉ ਬਣਦਾ ਜਾਂਦਾ ਹੈ। ਹਾਂ

---

* ਦੇਖੋ ਆਸਾ ਦੀ ਵਾਰ ਪਉੜੀ ੯-ਬਸਤ੍ਰ ਨ ਪਹਿਰੈ ਅਹਿਨਿਸਿ ਕਹਰੈ.......'।


www.sikhbookclub.com

ਤਪ ਹਠ ਕਰਨਾ ਹੈ ਦ੍ਰਿੜਤਾ ਨਾਲ ਨਾਮ ਅਭਜਾਸ।

ਡਜੂਸ਼ੋਜ਼ਾ–ਹਾਂ ਸੱਚੀਂ ਸੰਤ ਜੀ! ਇਕ ਹੋਰ ਬੀ ਤਨ ਤੇ ਕਸ਼ਟ ਲੈਣ ਦਾ ਕਾਰਣ, ਸਾਡੇ ਵਿਚ ਪ੍ਰੇਮ ਭਾਵਨਾ ਵਿਚ ਆਕੇ ਵੀ ਤਨ ਤੇ ਕਸ਼ਟ ਸਹਾਰਦੇ ਹਨ। ਉਹ ਇੰਜ ਕਿ ਸਾਡੇ ਅਵਤਾਰ–ਸ੍ਰੀ ਈਸਾ ਜੀ ਨੂੰ ਨਿਰਅਪਾਧ ਹੀ ਸੂਲੀ ਦੇ ਦਿਤਾ ਗਿਆ ਸੀ। ਸਾਡਾ ਉਨ੍ਹਾਂ ਨਾਲ ਪਿਆਰ ਹੈ। ਸਾਡੇ ਕਈ ਸਾਧੂ ਇਸ ਲਈ ਸਰੀਰ ਨੂੰ ਕਸ਼ਟ ਵਿਚ ਰਖਦੇ ਹਨ ਕਿ ਉਹ ਜੋ ਸਾਡੇ ਪ੍ਰੀਤਮ ਹਨ, ਉਹ ਭਜਾਨਕ ਕਸ਼ਟ ਵਿਚ ਆਏ, ਅਸੀਂ ਕਿਉਂ ਸੁਖ ਵਿਚ ਰਹੀਏ। ਸੋ ਇਸ ਤਨ ਨੂੰ ਕਸ਼ਟ ਵਿਚ ਰੱਖਣਾ ਸਾਡੇ ਲਈ ਉਚਿਤ ਹੈ ਉਸ ਪਜਾਰ ਦੇ ਭਾਵ ਵਿਚ ਜੋ ਸਾਡਾ ਉਨਾਂ ਨਾਲ ਹੈ। ਕੀ ਇਸ ਤਰ੍ਹਾਂ ਤਨ ਨੂੰ ਦੁਖ ਦੇਈ ਰੱਖਣਾ ਵੀ ਮਾੜਾ ਹੈ ਆਪਦੇ ਖ਼ਜਾਲ ਵਿਚ?

ਸੰਤ ਜੀ–ਪਿਆਰ ਤਾਂ ਮਾੜੀ ਸ਼ੈ ਨਹੀਂ, ਤੇ ਰੱਬ ਜੀ ਦਾ ਪਿਆਰ ਤਾਂ ਹੋਇਆ ਹੀ ਪਰਮ ਉੱਚੀ ਵਸਤੂ। ਪਿਆਰ ਦੇ ਭਾਵ ਵਿਚ ਆਕੇ ਆਪਨੂੰ ਸੁਖੀ ਨਾ ਰੱਖਣਾ ਤੇ ਪਜਾਰੇ ਲਈ ਕਸ਼ਟ ਝੱਲਣਾ ਬੜੀ ਭਾਰੀ ਕੁਰਬਾਨੀ ਹੈ। ਸਾਡੇ ਦੇਸ਼ ਵਿਚ ਬੀ ਇਕ ਬਜ਼ੁਰਗ ਹੋਏ ਹਨ ਜੋ ਨੇਤ੍ਰਹੀਨ ਸਨ। ਜਦ ਉਨ੍ਹਾਂ ਦਾ ਵਿਵਾਹ ਹੋਇਆ ਤਾਂ ਉਨ੍ਹਾਂ ਦੀ ਇਸਤ੍ਰੀ ਨੇ ਨੈਣਾਂ ਤੇ ਪੱਟੀ ਬੰਨ੍ਹ ਲਈ ਕਿ ਜਿਸ ਸੁਖ ਨੂੰ ਮੇਰੇ ਪ੍ਰੀਤਮ ਜੀ ਨਹੀਂ ਮਾਣ ਰਹੇ, ਮੈਂ ਉਸ ਸੁਖ ਨੂੰ ਕਿਉਂ ਮਾਣਾ। ਇਹ ਬੜੀ ਭਾਰੀ ਕੁਰਬਾਨੀ ਸੀ ਜੋ ਉਹ ਬੀਬੀ ਆਪਣੇ ਆਦਰਸ਼ ਤੋਂ ਆਪਾਵਾਰ ਪ੍ਰੇਮ ਦੀ ਜਗਵੇਦੀ ਤੇ ਭੇਟਾ ਕਰ ਸਕੀ।

ਡਜੂਸ਼ੋਜ਼ਾ–ਸਾਡੇ ਵਿਚ ਕਈ ਸੰਤ ਹੋਏ ਹਨ, ਜੋ ਅਪਣੇ ਸਰੀਰ ਨੂੰ ਬਹੁਤ ਦੁਖ ਦੇਂਦੇ ਹੁੰਦੇ ਸਨ। ਕਈਆਂ ਦੇ ਗਲ ਇਕ ਅੰਦਰ ਵਾਰ ਕੁੜਤੀ ਹੁੰਦੀ ਸੀ ਜਿਸ ਵਿਚ ਨਿਕੇ ਨਿਕੇ ਕਿੱਲ ਲੱਗੇ ਹੁੰਦੇ ਸੇ ਜੋ ਸਰੀਰ ਨੂੰ ਚੁੱਭਦੇ ਰਹਿੰਦੇ ਪੀੜਾ ਕਰਦੇ ਤੇ ਨਿਕੇ ਨਿਕੇ ਫੱਟ ਲਾਉਂਦੇ ਰਹਿੰਦੇ ਸੇ। ਇਸ ਤਰ੍ਹਾਂ ਕਈ ਹੋਰ 'ਆਪਾ ਕੋਹੂ'' ਸਾਧਨ ਅਨੇਕਾਂ ਸਾਧੂ ਕਰਦੇ ਰਹੇ ਹਨ। ਇਕ ਵੇਰੀ ਪੰਜ ਹਜ਼ਾਰ ਸੰਤ ਕੱਠੇ ਹੋਏ। ਸਾਡੇ ਇਕ ਕਰਾਮਾਤੀ ਸੰਤ, ਜੋ ਅਤਿ ਦਰਜੇ ਦੇ ਉੱਚੇ ਸਨ, ਉਨ੍ਹਾਂ ਨੇ ਪੰਜ ਸੌ ਸਾਧੂਆਂ ਦੇ ਕਪੜਿਆਂ ਅੰਦਰੋਂ ਕਿੱਲਾਂ ਵਾਲੀਆਂ ਕੁੜਤੀਆਂ ਉਤਰਵਾਈਆਂ, ਜਿਨ੍ਹਾਂ ਨਾਲ ਸਾਰਿਆਂ ਦੇ ਤਨ ਜ਼ਖ਼ਮੀ ਸਨ ਤੇ ਏਹ ਤੁਹਾਨੂੰ ਮੈਂ ਦੱਸਦਾ ਹਾਂ ਕਿ ਉਹ ਸਾਰੇ ਕਪਟੀ ਯਾ ਭੇਖੀ ਨਹੀਂ ਸਨ, ਸਾਰੇ ਇਸ ਪਜਾਰ ਵਿਚ ਸਨ ਕਿ ਸਾਡਾ ਨਿਕਾਰਾ ਤਨ ਕਿਉਂ ਸੁਖੀ ਰਹੇ ਜਦ ਸਾਡੇ ਪ੍ਰੀਤਮ ਦੇ ਤਨ ਵਿਚ ਕਿੱਲ ਚੋਭੇ ਗਏ ਤੇ ਕਸ਼ਟ ਦਿੱਤੇ ਗਏ।

ਸੰਤ–ਸਤਿਕਾਰ ਯੋਗ ਜੀਓ! ਇਨਸਾਨ ਜਿਸ ਪਹਿਲੂ ਪਵੇ ਉਸਦੇ ਅੰਤ ਵਲ ਰੁਖ਼ ਕਰ ਜਾਂਦਾ ਹੈ। 'ਆਪਾ ਸੰਵਾਰਨਾ' ਇਹ ਤਾਂ ਹੈ ਸਾਧੂ ਦਾ ਪ੍ਰਯੋਜਨ*, ਪਰ ਆਪਾ ਸੰਵਾਰਨਾ ਹੈ ਕਠਨ ਕੰਮ। ਆਪਾ ਸੰਵਾਰਨ ਲਈ ਸਾਧਨ ਦੀ ਲੋੜ ਹੈ, ਇਹ ਹੈ ਦਾਰੂ। ਸਾਧਨ ਕਰਨ ਵਿਚ ਆਪ ਤੇ ਸਖਤੀ ਕਰਨੀ ਪੈਂਦੀ ਹੈ, ਇਹ ਹੈ ਜ਼ਰੂਰੀ, ਪਰ ਇਹ ਹੈ ਮੂਲ 'ਆਪਾ ਕੋਹੂ' ਉਪਰਾਲਿਆਂ ਦਾ ਜੋ ਸਾਧੂ ਧਾਰ ਲੈਂਦੇ ਹਨ। ਸਾਡੇ ਦੇਸ਼ ਵਿਚ ਸੀਖਾਂ ਤੇ ਸਉਣਾ, ਪੰਚ ਧੂਣੀਆਂ ਵਿਚ ਬੈਠਣਾ, ਹਥ ਪੈਰ ਸੁਕਾ ਲੈਣੇ, ਅਨੇਕ ਕਸ਼ਟ ਹਨ ਜੋ ਇਸ ਦੇਹੀ ਨੂੰ ਦੇਕੇ ਮਨ ਨੂੰ ਕਾਬੂ ਕਰਨ ਲਈ ਕੀਤੇ ਜਾਂਦੇ ਰਹੇ ਹਨ ਤੇ ਕੀਤੇ ਜਾਂਦੇ ਹਨ; ਪਰ ਸੋਚ ਕੇ ਦੇਖੋ ਕਿ ਜੇ ਸਰੀਰ ਅਰੋਗ ਰਹੇਗਾ ਤਾਂ ਹੀ ਸਾਧਨ ਕਰ ਸਕੇਗਾ। ਸਾਧਨ ਸੁਫਲ ਹੀ ਅਰੋਗ ਸਰੀਰ ਦੇ ਹਨ। ਜੇ ਸਰੀਰ ਰੋਗੀ ਕਰ ਲਿਆ ਤਾਂ ਸਾਧਨ ਕੌਣ ਕਰੇਗਾ?

ਫੇਰ ਵੀਚਾਰ ਗੋਚਰੀ ਗਲ ਹੈ ਕਿ ਦੇਹ ਤਾਂ ਕਰ ਲਈ ਰੋਗੀ, ਰੋਗੀ ਦੇਹ ਵਿਚ ਵਸਦਾ ਮਨ ਕੀਕੂੰ ਅਰੋਗ ਤੇ ਤੰਦਰੁਸਤ ਰਹੇਗਾ? ਰੋਗੀ ਮਨ ਤਾਂ ਭੁਲੇਵੇਂ ਤੇ ਵਹਿਮਾਂ ਵਿਚ ਚਲਾ ਜਾਂਦਾ ਹੈ। ਤਦੇ

---

* ਆਪੁ ਸਵਾਰਹਿ ਮੈ ਮਿਲਹਿ ਮੈ ਮਿਲਿਆ ਸੁਖੁ ਹੋਇ॥ (ਸ: ਫਰੀਦ – ੯੫)


www.sikhbookclub.com

ਸਾਡੇ ਪਵਿੱਤ੍ਰ ਧਰਮ ਪੁਸਤਕ ਵਿਚ ਲਿਖਿਆ ਹੈ, *"ਜੋ ਜੋ ਦੀਸੈ ਸੋ ਸੋ ਰੋਗੀ॥ ਰੋਗ ਰਹਿਤ ਮੇਰਾ ਸਤਿਗੁਰੁ ਜੋਗੀ।"* ਜਿਵੇਂ ਤੁਸਾਂ ਜੀ ਦੇ ਬਜ਼ੁਰਗ ਬੇ-ਗੁਨਾਹ ਸੂਲੀ ਦਿਤੇ ਗਏ ਤਿਵੇਂ ਸਾਡੇ ਇਕ ਸਤਿਗੁਰੂਜੀ ਬੇ-ਗੁਨਾਹ ਹੀ ਦਿਲੀ ਵਿਚ ਤਲਵਾਰ ਨਾਲ ਸ਼ਹੀਦ ਕੀਤੇ ਗਏ, ਤੇ ਇਕ ਸਾਡੇ ਗੁਰੂ ਜੀ ਲਾਹੌਰ ਵਿਚ ਤੱਤੇ ਤਵਿਆਂ ਤੇ ਗਰਮ ਪਾਣੀਆਂ ਵਿਚ ਬਿਠਾ ਬਿਠਾ ਕੇ ਗਰਮ ਰੇਤੇ ਪਾ ਪਾ ਕੇ ਸ਼ਹੀਦ ਕੀਤੇ ਗਏ। ਪਰ ਹੁਣ ਤਾਂ ਓਹ ਨਹੀਂ ਨਾਂ ਤੱਤੇ ਤਵਿਆਂ ਤੇ ਬੈਠੇ ਹੋਏ, ਤੇ ਸਰੀਰ ਉਤੇ ਸੜਦੇ ਰੇਤੇ ਪੁਆ ਰਹੇ। ਹੁਣ ਤਾਂ ਓਹ ਆਨੰਦ ਸਰੂਪ ਹਨ। ਅਸੀਂ ਉਨ੍ਹਾਂ ਦੇ ਉਸ ਦੁੱਖ ਨੂੰ ਯਾਦ ਕਰਕੇ ਉਨ੍ਹਾਂ ਦੇ ਉਪਕਾਰ ਮੰਨੀਏ ਤੇ ਉਪਦੇਸ਼ਾਂ ਤੇ ਤੁਰੀਏ, ਨਾਕਿ ਆਪਣੇ ਤੇ ਗਰਮ ਰੇਤੇ ਪੁਆ ਕੇ ਬੀਮਾਰ ਹੋ ਜਾਈਏ। ਫੇਰ ਉਨ੍ਹਾਂ ਦੀ ਦੱਸੀ ਘਾਲ ਕਮਾਈ ਬੰਦਗੀ ਵੀ ਕੌਣ ਕਰੇਗਾ। ਸਾਨੂੰ ਚਾਹੀਦਾ ਹੈ ਕਿ ਉਨ੍ਹਾਂ ਦਾ ਉਪਦੇਸ਼ ਕਮਾਈਏ, ਹਠ ਧਾਰਕੇ ਸ਼ਬਦ ਦੀ ਕਮਾਈ ਕਰੀਏ, ਆਪੇ ਨੂੰ ਸੰਵਾਰੀਏ, ਤਤਿਖਜਾ ਇਹ ਕਰੀਏ ਕਿ ਆਪੇ ਨੂੰ ਮੰਦੇ ਕਰਮਾਂ ਤੋਂ ਰੋਕੀਏ। ਦੁਖ ਇਹ ਸਹਾਰੀਏ ਕਿ ਆਪ ਸੁਖੀ ਹੋ ਕੇ ਦੁਖੀ ਜਗਤ ਨੂੰ ਸੁਖੀ ਕਰੀਏ। ਤੇ ਇਸ ਸੇਵਾ ਵਿਚ ਜੋ ਦੁਖ ਆਉਣ ਸੋ ਝਲੀਏ। ਭਜਨ ਬੰਦਗੀ ਹਠ ਧਾਰਕੇ ਕਰੀਏ, ਰੋਕਾਂ ਪੈਣ ਤਾਂ ਹਠ ਰਖੀਏ। ਬੰਦਗੀ ਦ੍ਰਿੜਤਾ ਨਾਲ ਕਰੀਏ, ਜੋ ਪਹਿਲਾਂ ਤਪ ਰੂਪ ਹੋਵੇਗੀ ਫੇਰ ਰਸ ਰੂਪ। ਇਸੇ ਤਰ੍ਹਾਂ ਭਾਣੇ ਦੀ ਬਿਖਮਤਾ ਝੱਲੀਏ। ਇਹ ਬੀ ਤਪ ਹੈ।

ਇਹ ਨਾਂ ਸਮਝਣਾ ਕਿ ਮੈਂ ਆਪਦੇ ਮਤ ਦੇ ਸੰਤਾਂ ਦੀ ਨੁਕਤਾਚੀਨੀ ਕਰ ਰਿਹਾ ਹਾਂ। ਓਹ ਹੁਣ ਹੈਨ ਨਹੀਂ, ਤੇ ਉਨ੍ਹਾਂ ਦੇ ਮਨ ਕੀਹ ਸੀ ਉਸਦਾ ਪਤਾ ਨਹੀਂ ਤੇ ਹਰ ਸੱਚੇ ਸਾਧਕ ਦੀ ਸ਼ਰਧਾ ਤੱਕਣੀ ਹੈ ਤੇ ਨਿੰਦਾ ਵਿਚ ਨਹੀਂ ਪੈਣਾ। ਪਰ ਜੇ ਅਸੀਂ ਉਨ੍ਹਾਂ ਦੇ ਹਾਲ ਪੜ੍ਹ ਸੁਣਕੇ ਰੀਸ ਕਰਨੀ ਚਾਹੀਏ ਤਾਂ ਰੱਬ ਜੀ ਦੀ ਦਿੱਤੀ ਅਕਲ ਦੀ ਵਰਤੋਂ ਤੇ ਬਜ਼ੁਰਗਾਂ ਦੇ ਉਪਦੇਸ਼ਾਂ ਨੂੰ ਸਮਝ ਕੇ ਤੁਰਨ ਦੀ ਦਾਨਾਈ ਕਰੀਏ। ਤੁਸਾਂ ਹੀ ਦੱਸਿਆ ਹੈ ਕਿ ਤੁਹਾਡੇ ਮਤ ਦੇ ਕਿਸੇ ਬਜ਼ੁਰਗ ਨੇ ਕਿੱਲਾਂ ਵਾਲੀਆਂ ਕੁੜਤੀਆਂ ਸਾਧੂਆਂ ਦੀਆਂ ਲੁਹਾ ਦਿੱਤੀਆਂ ਸਨ। ਗੋਯਾ ਉਨ੍ਹਾਂ ਨੇ ਬੀ ਇਸ ਕਠਨ ਤਤਿਖਜਾ ਨੂੰ ਪਸੰਦ ਨਹੀਂ ਸੀ ਕੀਤਾ। ਇਸ ਤਰ੍ਹਾਂ ਜੇ ਸਾਨੂੰ ਮਤਿ ਸਾਡੇ ਸਤਿਗੁਰੂ ਨੇ ਦਿਤੀ ਹੈ ਕਿ ਸਰੀਰ ਨੂੰ ਅਰੋਗ ਰਖੋ, ਤਾਂ ਜੋ ਮਨ ਅਰੋਗ ਰਹੇ।

ਡਜੂਸ਼ੋਜ਼ਾ-ਪਰ ਜੇ ਤਨ ਮਨ ਅਰੋਗ ਰਹਿਣਗੇ ਤਾਂ ਬਦੀਆਂ ਵਲ ਜਾਣਗੇ, ਠੱਲ੍ਹਣੇ ਤੇ ਕਾਬੂ ਕਰਨੇ ਮੁਸ਼ਕਲ ਹੋ ਜਾਣਗੇ।

ਸੰਤ-ਇਹ ਠੀਕ ਹੈ। ਪਰ ਅਰੋਗ ਸਰੀਰ ਤੇ ਮਨ ਜੋ ਬਦੀ ਵਲ ਜਾਂਦਾ ਹੈ ਉਸਦਾ ਮੂਲ ਕਾਰਣ ਕੀਹ ਹੈ ਵੀਚਾਰ ਕਰ ਲਈਏ। ਮੇਰੀ ਜਾਚੇ ਮੂਲ ਕਾਰਣ ਹੈ ਵਾਸ਼ਨਾ ਜੋ ਬਦੀ ਵਲ ਲਿਜਾਂਦੀ ਹੈ, ਬਦੀ ਤੋਂ ਫੇਰ ਦੁਖ ਉਪਜਦੇ ਹਨ। ਸੋ ਵਾਸ਼ਨਾ ਨੂੰ ਰੋਕੀਏ। ਵਾਸ਼ਨਾ ਨੂੰ ਰੋਕਣਾ ਕਠਨ ਹੈ। ਇਸਦੇ ਰੋਕਣ ਦਾ ਜ਼ੋਰ ਲਾਉਣਾ ਇਹ ਹੈ ਤਪ ਹਠ ਜੋ ਵਿਹਤ ਤਪ ਹੈ ਤੇ ਜੋ ਬਦੀ ਨੂੰ ਨੱਪਣ ਦਾ ਅਸਲ ਇਲਾਜ ਹੈ। ਵਾਸ਼ਨਾ ਮਨ ਵਿਚੋਂ ਉਪਜਦੀਆਂ ਤੇ ਸਰੀਰ ਨੂੰ ਪ੍ਰੇਰਕੇ ਮਾੜੇ ਕੰਮਾਂ ਵਲ ਲੈ ਟੁਰਦੀਆਂ ਹਨ। ਵਾਸ਼ਨਾ ਹੀ ਪਰਮੇਸ਼ਰ ਨੂੰ ਭੁਲਾਉਂਦੀਆਂ ਹਨ। ਸੋ ਵਾਸ਼ਨਾ ਤੇ ਕਾਬੂ ਪਾ ਲਈਏ, ਮਨ ਕਾਬੂ ਹੋ ਗਿਆ। ਮਨ ਕਾਬੂ ਹੋ ਗਿਆ ਤਾਂ ਸਰੀਰ ਆਪੇ ਮਾੜੇ ਕਰਮਾਂ ਵਿਚ ਨਹੀਂ ਜਾਏਗਾ। ਸਾਡੇ ਸਤਿਗੁਰਾਂ ਨੇ ਫੁਰਮਾਯਾ ਹੈ ਵਰਮੀ ਮਾਰਿਆਂ ਸਪ ਨਹੀਂ ਮਰਦਾ, ਪਰ ਸਪ ਮਾਰਿਆ ਵਰਮੀ ਮਾਰਨ ਦੀ ਲੋੜ ਨਹੀਂ ਰਹਿੰਦੀ। ਸੱਪ ਹੈਨ ਵਾਸ਼ਨਾ, ਤ੍ਰਿਸ਼ਨਾ, ਜੋ ਸਰੀਰ ਰੂਪੀ ਵਰਮੀ ਦੇ ਅੰਦਰ ਮਨ ਵਿਚ ਵਸਦੀਆਂ ਹਨ। ਸੋ ਸਿਧਾ ਸੱਪ ਨੂੰ ਹੀ ਕਿਉਂ ਨਾ ਮਾਰੀਏ।

ਡਜੂਸ਼ੋਜ਼ਾ-ਓਹ ਕਿਵੇਂ?

ਸੰਤ-ਪਹਿਲਾ ਕਦਮ ਹੈ ਵੀਚਾਰ। ਸਾਡੇ ਕਰਮਾਂ ਦੇ ਫਲ ਨੂੰ ਵੀਚਾਰ ਕੇ ਮਨ ਨੂੰ ਉਸ ਪਾਸਿਓਂ ਜਾਣ ਤੋਂ ਰੋਕੀਏ, ਇਸ ਗਲ ਵਾਸਤੇ ਅਸੀਂ ਤਾਂ ਗੁਰੂ ਕੀ ਬਾਣੀ ਰੋਜ਼ ਪੜਦੇ ਹਾਂ ਤ੍ਰੈ ਵੇਲੇ


www.sikhbookclub.com

ਤਾਂ ਜ਼ਰੂਰ, ਸਵੇਰੇ ਸੰਝਾਂ ਤੇ ਰਾਤ[1] ਨੂੰ ਤੇ ਵਧੀਕ ਜਿਤਨੀ ਕੋਈ ਪੜ੍ਹ ਸਕੇ[2]। ਇਸ ਪਾਠ ਵੀਚਾਰ ਨਾਲ ਸਾਨੂੰ ਉਚੇ ਖਯਾਲ ਮਿਲਦੇ ਹਨ। ਤੁਸੀਂ ਜਾਣਦੇ ਹੋ ਕਿ ਖਿਆਲ ਦੀ ਤਾਕਤ ਕਿਤਨੀ ਹੈ। ਸੋ ਇਸ ਤਰ੍ਹਾਂ ਪਾਠ ਨਾਲ ਬਾਣੀ ਤੋਂ ਸਾਨੂੰ ਉਪਦੇਸ਼ ਰੂਪ ਹੋ ਕੇ ਖਿਆਲ ਪ੍ਰਾਪਤ ਹੁੰਦੇ ਹਨ ਓਹ ਮਨ ਤੇ ਸਿੱਧਾ ਅਸਰ ਕਰਦੇ ਹਨ। ਬਾਣੀ ਦਾ ਪਾਠ ਸਮਝ ਦੇਣ ਤੋਂ ਛੁਟ ਮਨ ਨੂੰ ਏਕਾਗਰਤਾ ਵਲ ਬੀ ਲੈ ਆਉਂਦਾ ਹੈ। ਫਿਰ ਚਾਹੀਦਾ ਹੈ ਕਿ ਅੰਮ੍ਰਿਤ ਵੇਲੇ ਉੱਠਕੇ ਰੱਬ ਜੀ ਦੇ ਚਿੰਤਨ ਵਿਚ ਜੀਵ ਕੁਛ ਚਿਰ ਬੈਠੇ। ਮਨ ਨੂੰ ਹੋਰ ਸੰਕਲਪਾਂ ਤੋਂ ਹੋੜੇ, ਇਕ ਪਰਮੇਸ਼ਰ ਦਾ ਖ਼ਯਾਲ ਕਾਇਮ ਕਰੇ, ਦਿਹਾੜੀ ਕੰਮ ਕਾਜ ਕਰੇ। ਜਦ ਵਿੱਚੋਂ ਵਿੱਚੋਂ ਵਿਹਲ ਮਿਲੇ, ਰੱਬ ਜੀ ਦਾ ਚਿੰਤਨ ਕਰਦਾ ਰਹੇ। ਇਸ ਤਰ੍ਹਾਂ ਮਨ ਦੀਆਂ ਵਾਸ਼ਨਾਂ ਨੂੰ ਸਿੱਧਾ ਬੰਨ੍ਹ ਪੈਣ ਦਾ ਸਹਿਜੇ ਪ੍ਰਬੰਧ ਹੁੰਦਾ ਰਹੇਗਾ। ਸਨੇ ਸਨੇ ਮਨ ਤੇ ਕਾਬੂ ਹੋ ਜਾਵੇਗਾ।

ਡਜੂਸ਼ੋਜ਼–ਪਰ ਕੀ ਸਰੀਰ ਨੂੰ ਖੁੱਲ੍ਹਾ ਛੱਡ ਦਿੱਤਾ ਜਾਏ?

ਸੰਤ ਖੁੱਲ੍ਹਾ ਨਹੀਂ ਛੱਡਣਾ, ਪਰ ਸਰੀਰ ਨੂੰ ਰੋਕਣਾ ਵੀ ਨਹੀਂ, ਸਰੀਰ ਨੂੰ ਦਬਾਉਣਾ ਬੀ ਨਹੀਂ, ਨਾ ਹੀ ਸਰੀਰ ਨੂੰ ਰਸਾਂ ਕਸਾਂ ਵਿਚ ਖੁੱਲ੍ਹਾ ਛਡਕੇ ਸ਼ੁਦਾਈ ਕਰਨਾ ਹੈ, ਪਰ ਇਸ ਨੂੰ ਸੰਜਮ ਵਿਚ ਰੱਖਣਾ ਹੈ। ਜਿਹਾ ਕੁ ਖਾਣਾ ਹੈ, ਐਸਾ ਖਾਣਾ ਖਾਏ ਜੋ ਸੁਥਰਾ ਹੋਵੇ ਕਿ ਸਰੀਰ ਅਰੋਗ ਰਹੇ। ਫਿਰ ਇਤਨਾ ਨਾ ਖਾਏ ਕਿ ਆਲਸ ਪਵੇ ਤੇ ਵਿਕਾਰ ਉਪਜਣ। ਇਤਨਾ ਘਟ ਨਾ ਖਾਏ ਕਿ ਸਰੀਰ ਨਿਤਾਣਾ ਹੋ ਜਾਏ। ਇਸ ਤਰ੍ਹਾਂ ਇਤਨਾ ਨਾਂ ਸਵੇਂ ਕਿ ਦਲਿਦ੍ਰ ਹੀ ਪੈ ਜਾਏ, ਪਰ ਇਤਨਾ ਘੱਟ ਬੀ ਨਾ ਸਵੇਂ ਕਿ ਸਾਰਾ ਦਿਨ ਅੰਗ ਹੀ ਭੱਜਦੇ ਰਹਿਣ। ਇਸ ਤਰ੍ਹਾਂ ਸਰੀਰ ਦੀਆਂ ਸਾਰੀਆਂ ਲੋੜਾਂ ਤੇ ਭੁੱਖਾਂ ਨੂੰ ਸੰਜਮ ਵਿਚ ਕਰ ਲਵੇ। ਮਨ ਤੇ ਸ਼ਰੀਰ ਨੂੰ ਨਾ ਸੰਢੇ ਵਾਂਙੂ ਪਾਲਣਾ ਹੈ ਨਾ ਦਿੱਕ ਤਪੀਏ ਵਾਂਙੂ ਗਾਲਣਾ ਹੈ, ਹਾਂ ਮਨ ਤੇ ਸਰੀਰ ਨੂੰ ਸੁਸਿਖਜਤ ਕਰਨਾ ਹੈ। ਇਸੇ ਕਰਕੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪੈਰੋਕਾਰ ਨੂੰ 'ਸਿੱਖ' ਆਖਦੇ ਹਨ ਜੋ ਮਨ ਨੂੰ ਸੁਸਿਖਜਤ ਕਰਦੇ ਹਨ। ਜਿਵੇਂ ਤੁਸੀਂ ਅੰਗ੍ਰੇਜ਼ੀ ਭਾਸ਼ਾ ਵਿਚ ਕਹੋਗੇ ਕਿ 'ਸੈਲਫ ਡਿਸਿਪਲਿਨ' (Self-discipline) ਸਿੱਖਣੀ ਹੈ।

ਡਜੂਸ਼ੋਜ਼ਾ–ਪਰ ਕੀ ਆਪਣੀ ਤਾਕਤ ਇਤਨੀ ਹੋ ਆਉਂਦੀ ਹੈ ਕਿ ਆਪੇ ਨੂੰ ਆਪ ਸੈਲਫ ਡਿਸਿਪਲਿਨ ਵਿਚ, ਤੁਸਾਂ ਕੀ ਕਿਹਾ ਸੀ, 'ਸੁਸਿਖਜਤਾ' ਵਿਚ ਲੈ ਆਵੇ।

ਸੰਤ–ਸੁਸਿਖਜਤਾ ਹੋਣ ਲਈ ਆਪਣਾ ਤਾਣ ਲਾਵੇ, ਮਨ ਦੀ ਇਛਾ ਸ਼ਕਤੀ ਨਾਲ ਮਨ ਨੂੰ ਬੰਨ੍ਹੇ, ਬਾਣੀ ਦੀ ਵੀਚਾਰ ਨਾਲ ਮਨ ਉੱਚਾ ਕਰੇ, ਨਾਮ ਦੇ ਅਭ੍ਯਾਸ ਨਾਲ ਮਨ ਨੂੰ ਸੁੱਚਾ ਕਰੇ ਤੇ ਇਕ ਨੁਕਤੇ ਤੇ ਜੋੜੇ। ਠੀਕ ਹੈ, ਅਪਣੇ ਤੋਂ ਵਧੇਰੇ ਬਲ ਦੀ ਲੋੜ ਹੈ ਮਨ ਨੂੰ ਮਨ ਨਾਲ ਕਾਬੂ ਕਰਨੇ ਦੀ, ਸੋ ਅਰਦਾਸ ਕਰੇ ਤੇ ਰੱਬ ਜੀ ਤੋਂ ਬਲ ਮੰਗੇ, ਸਹਾਇਤਾ ਮੰਗੇ। ਉਹ ਭਗਤ ਵੱਛਲ ਹੈ, ਅਰਥਾਤ ਅਪਣੇ ਪ੍ਰੇਮੀਆਂ ਨੂੰ ਪਯਾਰ ਕਰਦਾ ਹੈ, ਉਹ ਆਪਣਾ ਬਲ ਸਾਡੇ ਬਲ ਵਿਚ ਪਾਕੇ ਸਾਨੂੰ ਸਾਡੇ ਮਨ ਦੀਆਂ ਨੀਵੀਆਂ ਰੁਚੀਆਂ ਨੂੰ ਕਾਬੂ ਕਰ ਲੈਣ ਵਿਚ ਕਾਮਯਾਬ ਕਰੇਗਾ। ਇਹ ਉਸਦਾ ਬਿਰਦ ਹੈ। ਤੁਸੀਂ ਸਮਝਦੇ ਹੋ ਕਿ ਸਾਧਨਾ ਕਰਨ ਵਾਲਾ ਅਰਦਾਸ ਦੇ ਆਸਰੇ ਜੀਉਂਦਾ ਹੈ। ਅਰਦਾਸ ਉਸਦੀ ਭਗਤੀ ਹੈ, ਅਰਦਾਸ ਉਸਦੇ ਤੇ ਸਾਂਈਂ ਦੇ ਵਿਚਕਾਰ ਮੇਲਣ ਹਾਰ ਪੁਲ ਹੈ, ਅਰਦਾਸ ਉਸਦੇ ਬਲ ਵਿਚ ਉਚੇਰਾ ਬਲ ਭਰਦੀ ਹੈ। ਇਹ ਬੀ ਤੁਸੀਂ ਸਿਆਣੇ ਹੋ ਸਮਝਦੇ ਹੋ ਕਿ ਪਰਮੇਸ਼ਰ ਦਾ ਪਿਆਰਾ ਅਰਦਾਸ ਆਪਣੀ ਆਤਮ ਉੱਨਤੀ ਲਈ ਕਰਦਾ ਹੈ, ਸਰੀਰ ਦੇ ਗਿਰਾਵਟਾਂ ਤੋਂ ਬਚਣ ਲਈ ਮਨ ਦੇ ਮਾੜੀਆਂ ਰੁਚੀਆਂ ਵਿਚ ਜਾਣ ਤੋਂ ਰਖਯਾ ਲਈ ਉਸਦੀ ਅਰਦਾਸ ਹੋਇਆ ਕਰਦੀ ਹੈ। ਸੋ ਐਉਂ ਜਦ ਉਸਦੇ ਆਸਰੇ ਪਰਨੇ ਹੋ ਗਏ ਤਾਂ ਉਹ ਸ਼ਰਣ ਸੂਰ ਸਹਾਇਤਾ ਕਰੇਗਾ। ਐਉਂ ਭਗਤੀ ਭਾਵਨਾ ਵਾਲੇ ਮੰਜਲੇ ਜਾ ਚੜ੍ਹਦੇ ਹਨ।

---

1. ਜਪੁਜੀ, ਰਹੁਰਾਸ, ਕੀਰਤਨ ਸੋਹਿਲਾ।

2. ਆਸਾ ਦੀ ਵਾਰ, ਸੁਖਮਨੀ, ਅਨੰਦ ਤੇ ਹੋਰ ਬਾਣੀਆਂ ਦੇ ਪਾਠ ਤੇ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ।

 www.sikhbookclub.com

੩.

ਇਸ ਤਰ੍ਹਾਂ ਦੀ ਵਾਰਤਾਲਾਪ ਵਿਚ ਅਫਸਰ 'ਰੀਗੋ' ਨੂੰ ਤਾਂ ਇਕ ਦਿਨ ਕਿਸੇ ਸਰਕਾਰੀ ਕੰਮ ਤੇ ਡੇਹਰੇ ਚਲੇ ਜਾਣਾ ਪਿਆ ਤੇ ਦੂਇ ਸਾਧੂ ਓਥੇ ਟਿਕੇ ਰਹੇ। ਡਜੂਸ਼ੋਜ਼ਾ ਸੰਤ ਜੀ ਦਾ ਅੰਮ੍ਰਿਤ ਵੇਲੇ ਉੱਠਣਾ ਤੇ ਸਮਾਧੀ ਵਿਚ ਬੈਠ ਜਾਣਾ, ਦੇਖ ਰਿਹਾ ਸੀ। ਕਦੇ ਆਪ ਮੁਹਾਰੇ ਸੰਤਾਂ ਦਾ ਬਾਣੀ ਦੇ ਕੀਰਤਨ ਵਿਚ ਲਗ ਪੈਣਾ ਸੁਣ ਰਿਹਾ ਸੀ ਤੇ ਉਸਦੇ ਅਸਰ ਨਾਲ ਪ੍ਰਭਾਵਿਤ ਹੋ ਰਿਹਾ ਸੀ। ਪਰ ਆਪ ਕਈ ਵੇਰ ਤਪ ਹਠ ਵਿਚ 'ਆਪਾ ਕੋਹੂ' ਹੱਦ ਤਕ ਚਲੇ ਜਾਣ ਕਰਕੇ ਉਸ ਦੇ ਮਨ ਵਿਚ ਤਪ ਤਪਣ ਦੀ ਮਹੱਤਤਾ ਤੇ ਤਯਾਗ ਦਾ ਮਹਾਤਮ ਕਾਇਮ ਸੀ। ਇਕ ਦਿਨ ਆਖਣ ਲੱਗੇ: ਸੰਤ ਜੀ ਤੁਸੀਂ ਜੋ ਗੱਲਾਂ ਕੀਤੀਆਂ ਉਹ ਮੈਂ ਗਹੁ ਕਰਕੇ ਵੀਚਾਰਿਆ ਹੈ ਕਿ ਵਿਸ਼ੇਸ਼ ਕਰਕੇ ਗ੍ਰਿਹਸਤੀ ਪ੍ਰੇਮੀਆਂ ਲਈ ਹਨ। ਅਸੀਂ ਅਤੀਤ ਲੋਕ ਹਾਂ ਸਾਨੂੰ ਇੰਦ੍ਰੇ ਕਾਬੂ ਰੱਖਣ ਨਾਲ ਸਰੀਰ ਘਾਲਣ ਦੀ ਵਧੇਰੇ ਲੋੜ ਹੈ। ਦੁਧ ਜੇ ਜੰਮ ਜਾਵੇ ਤਾਂ ਕਿਸੇ ਕੰਮ ਆਇਆ, ਜੇ ਫਿੱਟ ਗਿਆ ਤਾਂ ਕਿਸ ਕੰਮ? ਸਾਧੂ ਦਾ ਵਿਗੜਨਾ ਦੁਧ ਦਾ ਫਿਟਣਾ ਹੈ, ਇਸ ਲਈ ਸਾਧੂ ਲਈ ਤਯਾਗ, ਹਠ, ਤਪ, ਤਾੜਨਾ ਦੀ ਰਾਖੀ ਦੀ ਲੋੜ ਵਧੇਰੇ ਹੈ।

ਸੰਤ-ਠੀਕ ਆਖਿਆ ਨੇ, ਸਾਡੇ ਦੇਸ਼ ਵਿਚ ਬੀ ਭਲੇ ਲੋਕ ਪਰਮਾਰਥ ਪ੍ਰਾਪਤ ਕਰਨ ਦੀ ਲਾਲਸਾ ਵਿਚ ਬਨਾਂ ਨੂੰ ਟੁਰ ਜਾਂਦੇ ਹਨ। ਪਿਛੇ ਸਾਧਾਰਨ ਲੋਕ ਰਹਿ ਜਾਂਦੇ ਸਨ। ਇਉਂ ਭਾਈਚਾਰਾ ਕਹੋ ਯਾ ਸੁਸਾਇਟੀ ਕਹੋ ਨੀਵੀਂ ਪੈ ਜਾਂਦੀ ਸੀ; ਨਾ ਵਿਦਯਾ ਨਾ ਭਲਿਆਈ, ਨਾ ਬਲ ਪੱਲੇ ਰਹਿ ਜਾਂਦਾ ਸੀ। ਭਲੇ ਭਲੇ ਤਾ ਨਿਕਲ ਗਏ, ਪਿਛੇ ਨੀਵੇਂ, ਸਾਧਾਰਣ ਲੋਕ ਰਹਿ ਜਾਂਦੇ ਸਨ। ਪਛਮੋਤ੍ਰ ਵਲੋਂ ਜਰਵਾਣੇ ਲੋਕੀਂ ਆਕੇ ਲੁਟ ਪੁੱਟ ਲਿਆ ਕਰਦੇ ਸੀ। ਸੁਸਾਇਟੀ ਦੀ ਹੀਣੀ ਦਸ਼ਾ ਵਿਚ ਨਾ ਸੰਸਾਰਕ ਤੇ ਨਾ ਪਰਮਾਰਥਿਕ ਸੁਖ ਕਾਇਮ ਰਹਿ ਸਕਦੇ ਸਨ। ਇਸ ਕਰਕੇ ਸਾਡੇ ਸਤਿਗੁਰੂ ਨੇ ਇਕ ਨਵਾਂ ਆਦਰਸ਼ ਕਾਇਮ ਕੀਤਾ ਤੇ ਆਦਰਸ਼ਕ ਬੰਦਾ ਪੈਦਾ ਕੀਤਾ ਜਿਸਦਾ ਨਾਮ ਉਨ੍ਹਾਂ ਨੇ 'ਗੁਰਮੁਖ' ਧਰਿਆ, ਉਸਨੂੰ ਪਰਮਾਰਥ ਵਿਚ ਉੱਚਤਾ ਬਖਸ਼ੀ ਤੇ ਗ੍ਰਿਹਸਤ ਵਿਚ ਹੀ ਬਿਠਾ ਦਿਤਾ ਅਰਥਾਤ ਸੁਸਾਇਟੀ ਦੇ ਵਿਚ ਰਹਿਣ ਦਾ ਹੁਕਮ ਦਿਤਾ, ਤਾਂ ਜੋ ਉਸਦੀ ਨੇਕੀ ਤੇ ਖ਼ਮੀਰ ਨਾਲ ਸੁਸਾਇਟੀ ਦੇ ਸਾਰੇ ਬੰਦੇ ਨੇਕ ਹੁੰਦੇ ਰਹਿਣ ਤੇ ਸੁਸਾਇਟੀ ਉਚੇ ਪਾਏ ਦੀ ਬਣੇ। ਇਸ ਕਰਕੇ ਮੇਰੀ ਗੁਫਤਗੂ ਉਸ 'ਆਦਰਸ਼' ਦੀ ਹੁੰਦੀ ਰਹੀ ਹੈ ਜਿਸਨੂੰ ਅਸੀਂ 'ਪਰਵਾਣ ਗ੍ਰਿਹਸਤ ਉਦਾਸ' ਆਖਦੇ ਹਾਂ।

ਡਜੂਸ਼ੋਜ਼ਾ-ਇਸਦਾ ਕੀ ਮਤਲਬ ਹੈ?

ਸੰਤ-ਜਿਵੇਂ ਕੰਵਲ ਪਾਣੀ ਵਿਚ ਰਹਿਕੇ ਪਾਣੀ ਦੇ ਅਸਰ ਨਾਲ ਗਲਦਾ ਸੜਦਾ ਨਹੀਂ, ਜਿਵੇਂ ਮੁਰਗਾਬੀ ਪਾਣੀ ਵਿਚ ਵਸਦੀ ਪਾਣੀ ਦੇ ਨਾਲ ਭਿੱਜ ਸਿੱਜਕੇ ਦੁਖੀ ਨਹੀਂ ਹੁੰਦੀ ਤੇ ਪਾਣੀ ਦੇ ਅਸਰ ਨਾਲ ਪ੍ਰਭਾਵਿਤ ਨਹੀਂ ਹੁੰਦੀ, ਸਗੋਂ ਨਿਰਲੇਪ ਰਹਿੰਦੀ ਹੈ, ਤਿਵੇਂ ਇਨਸਾਨ ਗ੍ਰਿਹਸਤ ਵਿਚ ਰਹਿਕੇ ਯਾ ਸੁਸਾਇਟੀ ਵਿਚ ਵਸਕੇ ਇਸਦੇ ਮਾੜੇ ਲੋਕਾਂ ਦੇ ਮਾੜੇ ਅਸਰ ਨਾਲ ਆਪਣੇ ਆਚਰਣ ਨੂੰ ਮਾੜਾ ਨਾ ਕਰ ਲਵੇ, ਨੇਕਾਂ ਵਿਚ ਵਸਦਾ ਸਗੋਂ ਮਾੜੀਆਂ ਗੱਲਾਂ ਵਲੋਂ ਉਦਾਸ ਰਹਿਕੇ ਨੇਕੀ ਵਿਚ ਵਸਦਾ ਅੰਤਰ ਆਤਮੇ ਰਬ ਜੀ ਨੂੰ ਯਾਦ ਕਰੇ, ਅਰਥਾਤ ਆਪਣੀ ਸੁਰਤ ਵਿਚ ਸ਼ਬਦ (ਪਰਮੇਸਰ ਦੇ ਨਾਮ) ਨੂੰ ਵਸਾ ਲਵੇ, ਜਿਸ ਨਾਲ ਓਹ ਮੁਰਗਾਬੀ ਦੀ ਤਰ੍ਹਾਂ ਜਗਤ ਲਬੇੜੂ ਅਸਰਾਂ ਤੋਂ ਅਲੇਪ ਰਹੇ ਤੇ ਸੰਸਾਰ ਤੋਂ ਤਰ ਨਿਕਲੇ।

ਇਸ ਤਰ੍ਹਾਂ ਸਾਡਾ ਮਤਿ ਗ੍ਰਿਹਸਤ ਵਿਚ ਰਹਿਕੇ ਆਤਮਿਕ ਸਾਧਨਾ ਦੇ ਕਰਨੇ ਦਾ ਹੈ। ਯਾ ਇਉਂ ਕਹੋ ਕਿ ਗੁਰੂ ਨਾਨਕ ਦੇਵ ਜੀ ਨੇ ਇਹ ਆਦਰਸ਼ ਕਾਇਮ ਕੀਤਾ ਕਿ ਅਰਥ ਤੇ ਪਰਮਾਰਥ

 www.sikhbookclub.com

ਅੱਡ ਅੱਡ ਨਾ ਰਹਿਣ, ਦੁਇ ਕੱਠੇ ਹੋ ਕੇ ਇਨਸਾਨ ਦੇ ਜੀਵਨ ਨੂੰ ਭਾਗ ਲਾਉਣ।

ਡਜ਼ੂਸ਼ੋਜ਼ਾ–ਪਰ ਜੀ ! ਸਾਰੇ ਮਨ ਇਕੋ ਜੇਹੇ ਨਹੀਂ। ਤੁਸੀਂ ਮੈਨੂੰ ਹੀ ਲਓ, ਮੈਂ ਗ੍ਰਿਹਸਤ ਵਿਚ ਨਹੀਂ ਰਹਿ ਸਕਦਾ। ਮੇਰੇ ਵੱਸ ਨਹੀਂ, ਮੈਨੂੰ ਗ੍ਰਿਹਸਤ ਤੋਂ ਸੂਗ ਹੈ। ਮੈਨੂੰ ਅਸਮਾਨੀ ਜੀਵਨ ਪਿਆਰਾ ਹੈ। ਮੈਂ ਤਾਂ ਇਸ ਜਗਤ ਦੇ ਵੱਸਣ ਨੂੰ ਰੱਬ ਦੇ ਦੇਸ਼ ਤੋਂ ਦੇਸ਼-ਨਿਕਾਲਾ ਸਮਝਦਾ ਹਾਂ।

ਸੰਤ–ਤੁਸੀਂ ਠੀਕ ਆਖਦੇ ਹੋ, ਸਾਰੇ ਮਨ ਇਕੋ ਜੇਹੇ ਨਹੀਂ, ਮੇਰਾ ਜੀ ਬੀ ਗ੍ਰਿਹਸਤ ਵਿਚ ਨਹੀਂ ਭਿੱਜਾ। ਮੈਨੂੰ ਜਗਤ ਦਾ ਦੁਖ ਦੇਖ ਦੇਖ ਕੇ ਅੱਗ ਲਗ ਉਠਦੀ ਸੀ ਕਿ ਦੁਖ ਕਿਉਂ ਹੈ ਤੇ ਮੈਂ ਇਸ ਦੁਖ ਭਰੇ ਜਗਤ ਵਿਚ ਕਿਉਂ ਹਾਂ ਤੇ ਜਗਤ ਹੈ ਹੀ ਕਿਉਂ ? ਛੁਟਕਾਰਾ ਕਿਵੇਂ ਹੈ ? ਮਾਨੋਂ ਮੈਨੂੰ ਕਿਸੇ ਸੁਖ ਦੀ ਲਾਲਸਾ ਸੀ ਜੋ ਜਗਤ ਦੇ ਸੁਖਾਂ ਵਿਚ ਨਹੀਂ ਸੀ। ਹਾਂ, ਮੈਨੂੰ ਸੁਤੇ ਹੀ ਸਰੀਰਕ ਭੋਗਾਂ ਤੋਂ ਨਫਰਤ ਸੀ। ਮੈਂ ਵਿਦਜਾ ਪਾਈ ਪਰ ਠੰਢ ਨਾ ਪਈ। ਕਈ ਖੇਚਲੇ ਤੱਕੇ, ਕਠਨ ਸਾਧਨ ਕੀਤੇ, ਸਰੀਰ ਕ੍ਰਿਸ਼ ਕੀਤਾ, ਪਰ ਠੰਢ ਨਾ ਪਈ। ਅੰਤ ਮੈਨੂੰ ਸਤਿਸੰਗ ਮਿਲਿਆ, ਇਕ ਪਹੁੰਚ ਵਾਲੇ ਗੁਰਮੁਖ ਮਿਲੇ। ਮੈਨੂੰ ਉਨ੍ਹਾਂ ਨੇ 'ਨਾਮ' ਦੇ ਰਸਤੇ ਪਾਇਆ। ਨਾਮ ਨੇ ਠੰਢ ਪਾਈ।

ਡਜ਼ੂਸ਼ੋਜ਼ਾ–'ਨਾਮ' ਕੀਹ ?

ਸੰਤ–ਪਰਮੇਸ਼ਰ ਜੀ ਦੀ ਯਾਦ, ਯਾ ਇਉਂ ਸਮਝੋ ਕਿ ਅਪਣੇ ਆਪ ਨੂੰ ਪਰਮੇਸ਼ਰ ਦੀ ਹਜ਼ੂਰੀ ਵਿਚ ਹਰ ਵੇਲੇ ਰਖਣਾ, 'ਨਾਮ' ਨਾਮ ਮਾਤ੍ਰ ਨਾ, ਸੰਗਿਆ ਮਾਤ੍ਰ ਨਾ, ਨਾਮ ਪਦਾਰਥ ਤੇ ਪਦਾਰਥ ਹੀ ਨਾ, ਰਤਨ ਪਦਾਰਥ।

ਡਜ਼ੂਸ਼ੋਜ਼ਾ–ਪਦਾਰਥ ਕਿਵੇਂ ?

ਸੰਤ–ਇਵੇਂ ਹੀ ਮੇਰੇ ਗੁਰੂ ਨਾਨਕ ਨੇ ਆਖਿਆ ਹੈ, ਨਾਮ ਪਦਾਰਥ ਹੈ ਜੋ ਜੀਅ ਦਾ ਆਧਾਰ ਬਣ ਜਾਂਦਾ ਹੈ। ਇਹ ਉਸਦਾ ਰੂਪ ਹੈ ਜੋ ਉਸ ਨਾਲ ਜੋੜੀ ਰਖਦਾ ਹੈ। ਇਹ ਇਕ ਲਗਾਤਾਰੀ ਲਗਾਉ ਹੈ ਜੋ ਅਲੱਗ ਨਹੀਂ ਹੋਣ ਦੇਂਦਾ।

ਡਜ਼ੂਸ਼ੋਜ਼ਾ–ਇਹ ਹਾਲਤ ਹਰ ਵੇਲੇ ਨਹੀਂ ਰਹਿ ਸਕਦੀ।

ਸੰਤ–ਠੀਕ ਹੈ, ਪਰ ਜੇ ਪਰਮੇਸ਼ੁਰ ਦਾ ਨਾਮ ਪਹਿਲੋਂ ਰਸਨਾ ਤੇ ਬਿਠਾ ਲਈਏ ਤਾਂ ਸਰੀਰ ਧਾਰੀ ਹੋਣ ਕਰਕੇ ਅਸੀਂ ਇਹ ਕਰਮ ਸੌਖਾ ਸਿਖ ਲੈਂਦੇ ਹਾਂ। ਰਸਨਾ ਤੋਂ ਇਹ ਨਾਮ ਫੇਰ ਆਪੇ ਮਨ ਵਿਚ ਚਲਾ ਜਾਂਦਾ ਹੈ। ਮਨ ਵਿਚ ਗਿਆ ਇਹ ਰੱਬ ਜੀ ਦੀ ਯਾਦ ਬਣ ਜਾਂਦਾ ਹੈ। ਯਾਦ ਦੇ ਹੁਲਾਰੇ ਹਜ਼ੂਰੀ ਵਿਚ ਵਾਸਾ ਦੇ ਦੇਂਦੇ ਹਨ। ਫੇਰ ਹਜ਼ੂਰੀ ਤੋਂ ਬਾਹਰ ਨਹੀਂ ਆਈਦਾ, ਅੰਤਰ ਆਤਮੇ ਸਦਾ ਮਿਲੇ ਰਹੀਦਾ ਹੈ ਮਾਲਕ ਜੀ ਨਾਲ। ਦੂਜਾ ਫਲ ਇਹ ਹੁੰਦਾ ਹੈ ਕਿ ਹਜ਼ੂਰੀ ਪ੍ਰਤੀਤ ਕਰਨ ਵਾਲਾ ਨਾ ਮਾੜਾ ਕਰਮ ਕਰਦਾ ਹੈ ਨਾ ਵਿਛੁੜਦਾ ਹੈ। ਮੈਂ ਸੁਣੀ ਸੁਣਾਈ ਯਾ ਪੜ੍ਹੀ ਪੜ੍ਹਾਈ ਗੱਲ ਨਹੀਂ ਕਰਦਾ। ਮੈਂ ਤਾਂ ਅਮਲੀ ਤਜਰਬਾ ਦੱਸਦਾ ਹਾਂ। ਮੈਂ ਅਮਲ ਕੀਤਾ, ਮੈਨੂੰ ਹਜ਼ੂਰੀ ਪ੍ਰਾਪਤ ਹੋ ਗਈ, ਮੇਰੀ ਯਾਦ ਮੈਨੂੰ ਸਾਂਈਂ ਵਿਚ ਲਗਾ ਗਈ। ਮਨ ਇਕ ਪਾਸੇ ਅੰਤਰ ਆਤਮੇ ਲੱਗਾ ਰਹੇ, ਦੂਜੇ ਪਾਸੇ ਸਾਧਾਰਨ ਕੰਮ ਸਰੀਰ ਦੇ ਆਪੇ ਹੁੰਦੇ ਰਹਿਣ। ਐਉਂ ਕਰਦਿਆਂ ਕਰਦਿਆਂ ਮੈਨੂੰ ਠੰਢ ਵਰਤ ਗਈ, ਤੇ ਰੱਬ ਜੀ ਦੀ ਹਜ਼ੂਰੀ ਵਿਚ ਵੱਸਣ ਨੇ ਵਾਸ਼ਨਾ ਵੱਸ ਵਿਚ ਕਰ ਦਿੱਤੀਆਂ, ਰੱਬ ਜੀ ਵਿਚ ਕਦੇ ਕਦੇ ਗੁੰਮ ਹੋ ਜਾਣ ਦੇ ਤਜਰਬੇ ਨੇ ਕੋਈ ਸੁਆਦ ਪਾ ਦਿਤਾ ਤਾਂ ਮਨ ਵਿਚ ਇਕ ਦਿਨ ਆਈ ਕਿ ਜਗਤ ਜਲ ਰਿਹਾ ਹੈ ਈਰਖਾ, ਦ੍ਵੈਖ ਦੇ ਸਾੜਿਆਂ ਵਿਚ, ਦੁਖੀ ਹਨ ਸਾਰੇ ਅਗਯਾਨ ਵਿਚ, ਪਸ਼ੂਆਂ ਵਾਂਙੂ ਖਾਂਦੇ ਪੀਂਦ ਭੋਗਦੇ ਅਗਯਾਤ ਮਰ ਜਾਂਦੇ ਹਨ। ਹੁਣ ਲੋਕੀਂ ਪੜ੍ਹਦੇ ਵੀ ਹਨ ਅਕਲਾਂ ਸਾਣ ਚਾੜ੍ਹਦੇ ਹਨ। ਅਲੌਕਿਕ ਸ਼ਕਤੀਆਂ ਪੈਦਾ ਕਰਦੇ ਤੇ ਨਵੀਆਂ ਤੋਂ ਨਵੀਆਂ ਕਾਢਾਂ ਕੱਢਦੇ ਹਨ, ਪਰ ਵਰਤਦੇ ਵੈਰ ਭਾਵ ਵਿਚ ਹਨ। ਇਕ ਇਕ ਹੈ ਤਾਂ ਅਪਣੀ ਖ਼ੁਦਗਰਜ਼ੀ ਵਿਚ ਦੂਜੇ ਨੂੰ ਹੁੱਜਾਂ ਮਾਰਦਾ ਤੇ ਅਰਕਾਂ ਚੋਭਦਾ ਹੈ। ਜੇ ਕੌਮਾਂ ਹਨ ਤਾਂ ਇਕ ਦੂਜੇ ਨੂੰ ਮਾਰਨ ਕੁਹਣ ਵਿਚ ਹਨ। ਜਿੰਨੀ ਅਕਲ

ਵਿਦਜਾ, ਵਿਗਜਾਨ ਵਧੀ ਹੈ, ਉੱਨਾਂ ਹੀ ਇਨਸਾਨ ਦਾ ਇਨਸਾਨ ਨੂੰ ਤਸੀਹੇ ਦੇਣਾ, ਕਤਲ ਕਰਨਾ, ਲੁੱਟਣਾ ਮਾਰਨਾ, ਬੇਹੁਰਮਤ ਕਰਨਾ ਵਧ ਰਿਹਾ ਹੈ। ਤਾਂ ਮੈਂ ਸੋਚਿਆ ਕਿ ਜੋ ਠੰਢ ਮੈਨੂੰ ਵਰਤੀ ਹੈ, ਇਹ ਮੈਂ ਖ਼ੁਦਗਰਜ਼ੀ ਵਿਚ, ਸੁਆਰਥ ਵਿਚ ਰਤੇ ਪਰ ਦੁਖੀ ਜਗਤ ਨਾਲ ਰਲਵਰਤਾਂ, ਕਿਉਂਕਿ ਮੈਨੂੰ ਹੁਣ ਸਾਰੇ ਭਰਾ ਦਿੱਸਦੇ ਹਨ, ਕੋਈ ਓਪਰਾ ਨਹੀਂ ਦਿਸਦਾ, ਮਾੜੇ ਚੰਗੇ ਸਾਰੇ ਆਪਣੇ ਅੰਗ ਭਾਸਦੇ ਹਨ। ਮੇਰੇ ਗੁਰੂ ਨਾਨਕ ਜੀ ਨੇ ਜੇ ਜਪੀਆਂ ਤਪੀਆਂ, ਜੋਗੀਆਂ, ਭਗਤਾਂ, ਸਤੀਆਂ ਦਾਤਿਆਂ, ਹਰ ਪ੍ਰਕਾਰ ਦੇ ਭਲਿਆਂ ਦੀ ਗੇਣਤੀ ਕੀਤੀ ਤਾਂ ਪਾਪੀਆਂ, ਹੱਤਿਆ ਕਰਨ ਵਾਲਿਆਂ, ਕੂੜਿਆਰਾਂ, ਮਲੇਛਾਂ, ਨਿੰਦਕਾਂ ਦੀ ਵੀ ਗੇਣਤੀ ਕੀਤੀ ਤੇ ਫੁਰਮਾਯਾ- "***ਜੋ ਤੁਧੁ ਭਾਵੈ ਸਾਈ ਭਲੀ ਕਾਰ॥ ਤੂ ਸਦਾ ਸਲਾਮਤਿ ਨਿਰੰਕਾਰ॥***" ਮੈਂ ਸਮਝਿਆ ਮੇਰਾ ਗੁਰੂ ਕਿਸੇ ਤੋਂ ਨਫਰਤ ਨਹੀਂ ਸਿਖਾਲਦਾ। ਜੇ ਭਲਿਆਂ ਦੀ ਗੇਣਤੀ ਦੱਸੀ ਤਾਂ ਉਨ੍ਹਾਂ ਦੇ ਸਤਿਕਾਰ ਲਈ, ਜੇ ਮਾੜਿਆਂ ਦੀ ਦੱਸੀ ਤਾਂ ਉਨ੍ਹਾਂ ਤੋਂ ਸੂਗ ਨਾ ਕਰਨ ਦੀ, ਸਗੋਂ ਮੱਤ ਦਿੱਤੀ ਉਨ੍ਹਾਂ ਵਿਚ ਨਾਮ ਤੇ ਸਿਫਤ ਸਲਾਹ ਦੇ ਪ੍ਰਚਾਰ ਕਰਨ ਦੀ। ਸੋ ਮੈਨੂੰ ਚਾਉ ਉਮਡ ਪਿਆ ਕਿ ਮੈਂ ਜਗਤ ਵਿਚ ਸ਼ਬਦ ਦਾ ਸੋਹਿਲਾ ਸੁਣਾਵਾਂ ਤੇ ਪਜਾਰ ਦੀ ਵੀਣਾਂ ਵਜਾਵਾਂ। ਪਰ ਫੇਰ ਡਰ ਆਯਾ, ਮੈਂ ਸੋਚਿਆ ਇਡਾ ਵਡਾ ਜਗਤ ! ਮੇਰੀ ਕੋਸ਼ਸ਼ ਕੀ ਫਲ ਲਿਆਵੇਗੀ? ਕਿਸੇ ਖੂਹ ਵਿਚ ਮੁਠ ਸ਼ਕਰ ਦੀ ਕੀਹ ਮਿੱਠਾ ਕਰੂ ? ਮੈਂ ਕਾਸਨੂੰ ਐਵੇਂ ਬਦੀ ਤੇ ਬਦਾਂ ਨਾਲ ਟੱਕਰ ਲਵਾਂ? ਅਪਣੇ ਪੈਰ ਜੁਤੀ ਪਾ ਕੇ ਕੰਡੈਲੇ ਬਨ ਵਿਚੋਂ ਲੰਘ ਜਾਵਾਂ। ਇਨ੍ਹਾਂ ਸੋਚਾਂ ਵਿਚ ਇਕ ਦਿਨ ਮੈਂ ਆਪਣੇ ਪਵਿਤ੍ਰ ਧਰਮ ਪੁਸਤਕ ਵਿਚ ਪੜ੍ਹਿਆ। "***ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰ ਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ***" ਕਿ ਹਰ ਸਿਖ ਆਪ ਜਪੈ ਤੇ ਹੋਰਨਾਂ ਨੂੰ ਜਪਾਵੇ। ਐਉਂ ਨਹੀਂ ਕਿਹਾ ਕਿ ਜਾਓ ਨਾਮ ਜਪਾਓ, ਪਰ ਅਤੀ ਪਜਾਰ ਤੇ ਨਿੰਮ੍ਰਤਾ ਵਿਚ ਕਿਹਾ ਕਿ ਜੋ ਆਪ ਜਪੇ ਤੇ ਹੋਰਨਾਂ ਨੂੰ ਜਪਾਵੇ ਮੈਂ ਓਸਦਾ ਐਤਨਾਂ ਮਾਣ ਕਰਾਂ। ਮੈਂ ਸਮਝ ਲਿਆ ਇਹ ਦਾਤੇ ਦਾ ਮਿੱਠਾ ਹੁਕਮ ਹੈ। ਹੁਣ ਮੈਨੂੰ ਸੋਚ ਫੁਰੀ ਕਿ ਮੈਨੂੰ ਕੀਹ, ਕਿ ਫਲ ਕੀ ਹੁੰਦਾ ਹੈ, ਮੈਂ ਹੁਕਮ ਬਜਾ ਲਿਆਵਾਂ, ਫਲ ਪ੍ਰਦਾਤਾ ਉਹ ਆਪ ਹੈ। ਫੇਰ ਵੀਚਾਰ ਫੁਰੀ ਕਿ ਇਹ ਸੇਵਾ ਸਭ ਤੋਂ ਉੱਚੀ ਸੇਵਾ ਹੈ, ਜੋ ਸੇਵਾ ਕਿ ਇਨਸਾਨ ਨੂੰ ਸ੍ਰੀ ਰਬ ਜੀ ਨਾਲ ਜੋੜਦੀ ਹੈ ਤੇ ਆਪੋ ਵਿਚ ਪਜਾਰ ਸਿਖਾਲਦੀ ਹੈ, ਖ਼ੁਦਗਰਜ਼ੀ ਤੋਂ ਹੋੜਦੀ ਹੈ ਤੇ ਪਰਉਪਕਾਰ ਵਲ ਪ੍ਰੇਰਦੀ ਹੈ, ਜੇ ਇਹ ਗਲ ਜਗਤ ਵਿਚ ਫੈਲ ਜਾਵੇ ਤਾਂ ਜਗਤ-ਪੀੜਾ ਕਿਤਨੀ ਘਟ ਜਾਵੇ। ਪਰ ਫੇਰ ਮੈਨੂੰ ਆਪਣੀ ਨਜੂਨਤਾ ਦਿਸ ਪਵੇ, ਦੇਖਾਂ ਕਿ ਮੇਰਾ ਜਤਨ ਕਿਤਨਾ ਕੁ ਅਸਰ ਪਾ ਸਕਦਾ ਹੈ, ਤਦ ਮੈਂ ਨਿਰਾਸ ਹੋ ਕੇ ਸੋਚਾਂ ਕਿ ਮਨਾਂ ਤੈਨੂੰ ਅੰਮ੍ਰਿਤ ਲੱਭ ਪਿਆ ਹੈ, ਪੀ ਤੇ ਮਸਤੁ ਰਹੁ। ਅੰਮ੍ਰਿਤ ਦੀ ਛਬੀਲ ਨਾ ਲਾ। ਇਹ ਪਤਾਸੇ ਦਾ ਪਾਣੀ ਦੇ ਛੰਨੇ ਵਿਚ ਪੈ ਕੇ ਆਪਾ ਗਾਲਣਾ ਹੈ, ਛੰਨੇ ਨੇ ਮਿੱਠਾ ਨਹੀਂ ਹੋਣਾ।

ਫਿਰ ਇਕ ਦਿਨ ਸੋਚ ਆਈ ਤੈਨੂੰ ਕਿਸੇ ਨਾਮ ਵਿਚ ਲਾਇਆ ਸੀ ਤਾਂ ਤੂੰ ਸੁਖੀ ਹੋਇਆ ਸੈਂ, ਜੇ ਤੇਰੇ ਤਰਲੇ ਤੇ ਗੁਰੂ ਕੀ ਪਾਈ ਬਰਕਤ ਨਾਲ ਇਕ ਹੋਰ ਜੀਵਨ ਵਿਚ ਲਗ ਪਿਆ ਤਾਂ ਕਿੰਨਾਂ ਭਲਾ ਹੋ ਜਾਸੀ। ਇਸ ਤਰ੍ਹਾਂ ਦੀਆਂ ਲਹਾ ਚੜ੍ਹਾ ਦੀਆਂ ਵੀਚਾਰਾਂ ਵਿਚ ਇਕ ਦਿਨ ਫੇਰ ਖਿਆਲ ਆਇਆ ਕਿ ਗੁਰੂ ਦਾ 'ਹੁਕਮ' ਹੈ, ਤਾਂ ਮੈਂ ਹੁਕਮ ਤੇ ਵੀਚਾਰ ਆਰੰਭੀ। ਜਦ ਮੈਨੂੰ ਆਪਣੇ ਗੁਰੂ ਦੀ ਬਾਣੀ ਪੜ੍ਹਕੇ ਹੁਕਮ ਦੀ ਸੋਝੀ ਆ ਗਈ ਕਿ '***ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ***', ਤਾਂ ਮੈਂ ਜਾਤਾ ਤੂੰ ਕੌਣ ਹੈ ਕਰਨ ਕਰਾਉਣ ਵਾਲਾ, ਉਹ ਤਾਂ ਨਾਥ ਆਪ ਕਰਨੇ ਕਰਾਉਣੇ ਵਾਲਾ ਹੈ, ਤੂੰ ਹੁਕਮ ਬਜਾ ਲਿਆ। ਅਰਦਾਸ ਕਰ ਕਿ ਹੁਕਮ ਤੈਥੋਂ ਹੁਕਮ ਪੂਰਾ ਕਰਾਵੇ; ਤਾਂ ਮੇਰੀ ਪਕੜ ਛੁਟ ਗਈ ਤੇ ਮੈਂ ਹੁਕਮ ਸਿਰ ਧਰ ਲਿਆ। ਫਿਰ ਮੈਨੂੰ ਸੋਝੀ ਆਈ ਕਿ ਤੂੰ ਅਤੀਤ ਅਵਸਥਾ ਵਿਚ ਹੀ ਟਿਕਿਆ ਰਹੀਂ, ਜੋ ਤੇਰਾ ਸਾਰਾ ਵਕਤ ਗੁਰੂ ਦੇ ਜਮਾਲ ਦੇ ਅਨੁਭਵ ਵਿਚ ਤੇ ਗੁਰੂ ਦੇ ਜਲਾਲ ਵਿਚ ਦੁਖੀ ਜਗਤ ਨੂੰ ਲਿਆਉਣ ਵਿਚ ਖਰਚ ਹੋਵੇ। ਸੋ ਇਸ ਤਰ੍ਹਾਂ ਮੈਂ ਲਗ ਪਿਆ। ਮੇਰਾ ਕੁਛ ਨਹੀਂ,


www.sikhbookclub.com

ਮੇਰਾ ਆਪਾ ਹੋਮ ਹੈ ਗੁਰੂ ਦੇ ਹੁਕਮ ਦੀ ਬਜਾਆਵਰੀ ਵਿਚ।

ਡਜੂਸ਼ੋਜ਼ਾ–ਮੈਨੂੰ ਤੁਸਾਂ ਦੇ ਵਾਕ ਸੁਣਕੇ ਠੰਢ ਪਈ ਹੈ, ਪਰ ਇਕ ਗਲ ਪੁੱਛਾਂ ?

ਸੰਤ–ਜੀ ਸਦਕੇ ਪੁੱਛੋ।

ਡਜੂਸ਼ੋਜ਼ਾ–ਜਦ ਤੁਸੀਂ ਅਤੀਤ ਹੋ ਕੇ ਇਨ੍ਹਾਂ ਬਨਾਂ ਵਿਚ ਆ ਬੈਠੇ ਤਾਂ ਖ਼ੁਦਗਰਜ਼ੀ ਦੀ ਪ੍ਰੇਰਨਾ ਹੇਠ ਆਏ, ਈਰਖਾ ਦ੍ਵੈਖ ਨਾਲ ਸੜ ਰਹੇ ਤੇ ਆਪੋ ਵਿਚ ਮਾਰ ਕੁਟਾਈ ਵਿਚ ਰਚ ਰਹੇ ਜਗਤ ਵਿਚ ਤੁਸਾਂ ਕਿਹੜੇ ਵੇਲੇ ਤਾਣ ਲਾਇਆ ? ਚਾਹੋ ਆਪ ਚਾਹੋ ਹੁਕਮ ਦੀ ਪ੍ਰੇਰਨਾ ਵਿਚ। ਤੁਸੀਂ ਤਾਂ ਮੇਰੇ ਵਾਙੂ ਹੀ ਅਤੀਤ ਹੋ ਕੇ ਇਕਲਵੰਜੇ ਆ ਬੈਠੇ ਹੋ।

ਸੰਤ–ਮੈਂ ਤਾਂ ਹਾਂ ਹੀ ਕੁਛ ਨਹੀਂ, ਤਾਣ ਦੀਬਾਣ ਸਭ ਮੇਰੇ ਗੁਰੂ ਦੇ ਹਨ; ਉਸਦੀ ਆਗਿਆ ਵਿਚ ਮੈਂ ਆਪਣਾ ਸਮਾਂ ਜਗਤ ਵਿਚ ਲਾਉਂਦਾ ਹਾਂ। ਲੋਕਾਂ ਵਿਚ ਨੇਕੀ ਕਰਨ ਦਾ, ਬਾਣੀ ਦਾ, ਨਾਮ ਦਾ, 'ਵਾਹਿਗੁਰੂ ਪ੍ਰੇਮ' ਦਾ ਸ਼ਬਦ ਸੋਹਿਲਾ ਸੁਣਾਉਂਦਾ ਹਾਂ। ਜਦੋਂ ਇਹ ਸੇਵਾ ਕਰਦਿਆਂ, ਸਰੀਰ ਥੱਕ ਜਾਂਦਾ ਹੈ ਯਾ ਮਨ ਹਾਰ ਜਾਂਦਾ ਹੈ, ਯਾ ਅੰਦਰ ਕੁਛ ਮੈਲ ਦਾ ਆਵੇਸ਼ ਪ੍ਰਤੀਤ ਹੁੰਦਾ ਹੈ ਤਾਂ ਮੈਂ ਇਕ ਦਮ ਪਰਵਿਰਤੀ ਵਿਚ ਵਾਸਾ ਛੋੜ ਕੇ ਏਕਾਂਤ ਹੋ ਜਾਂਦਾ ਹਾਂ। ਕਦੇ ਪਹਾੜ, ਕਦੇ ਬਨ, ਕਦੇ ਨਦੀ ਕਿਨਾਰੇ ਕੁਛ ਸਮਾਂ ਏਕਾਂਤ ਆ ਬੈਠਦਾ ਹਾਂ, ਇਉਂ ਮਨ ਵਿਚ, ਸਰੀਰ ਵਿਚ, ਨਵਾਂ ਬਲ ਭਰ ਜਾਂਦਾ ਹੈ ਤਾਂ ਫੇਰ ਉਠਕੇ ਦ੍ਵੈਖਾਂ ਨਾਲ ਭਰੇ ਜਗਤ ਵਿਚ ਜਾ ਬੈਠਦਾ ਹਾਂ ਤੇ ਗੁਰੂ ਨਾਨਕ ਦੇਵ ਜੀ ਦਾ ਸ਼ਬਦ ਸੋਹਿਲਾ ਜਾ ਸੁਣਾਉਂਦਾ ਹਾਂ। ਹੁਣ ਬੀ ਇਸੇ ਤਰ੍ਹਾਂ ਆਇਆ ਸਾਂ। ਐਤਕੀ ਬਨ ਵਿਚ ਹੀ ਸੇਵਾ ਮਿਲ ਗਈ। ਫੇਰ ਆਪ ਸਾਹਿਬਾਂ ਦੇ ਦਰਸ਼ਨ ਮੇਲੇ ਹੋ ਗਏ, ਆਪ ਨਾਲ ਬੈਠਕੇ ਅਪਣੇ ਗੁਰੂ ਦੇ ਗੁਣ ਗਾਏ ਹਨ; ਫੇਰ ਏਕਾਂਤ ਬੀ ਪ੍ਰਾਪਤ ਹੈ।

ਡਜੂਸ਼ੋਜ਼ਾ (ਖੁਸ਼ ਹੋ ਕੇ)–ਲਓ ਸੰਤ ਜੀ ਮੇਰੀ ਗਲ ਬੀ ਹੱਲ ਹੋ ਗਈ। ਆਪ ਜੀ ਨੇ ਆਪ ਮੰਨ ਲਿਆ ਕਿ ਸਾਧੂ ਲਈ ਏਕਾਂਤ ਤੇ ਤਪ ਹਠ ਜ਼ਰੂਰੀ ਸ਼ੈ ਹੈ।

ਸੰਤ–ਮੈਂ ਤਾਂ ਜਪ, ਤਪ, ਸੰਜਮ, ਜਤ, ਸਤ, ਹਠ, ਇਨ੍ਹਾਂ ਗੁਣਾਂ ਤੋਂ ਕਦੇ ਇਨਕਾਰੀ ਨਹੀਂ; ਗ੍ਰਿਹਸਤੀ ਲਈ ਬੀ ਚੰਗੇ ਹਨ। ਪਰ ਸਾਧੂ ਲਈ ਤਾਂ ਜੜਾਊ ਗਹਿਣੇ ਹਨ। ਸੱਜਣ ਜੀ ! ਗ੍ਰਿਹਸਤੀ ਸਾਧੂ ਕਿਲ੍ਹੇ ਵਿਚ ਬੈਠਾ ਹੈ, ਉਸਨੂੰ ਗੋਲੀ ਗੋਲਾ ਆਵੇ ਤਾਂ ਵਸੋਂ ਵਸੇਂ ਉਸ ਤਕ ਅੱਪੜਦਾ ਨਹੀਂ, ਤੇ ਅਸਾਂ ਅਤੀਤਾਂ ਵਲ ਤਾਂ ਕਿਸੇ ਦੇ ਰੋੜੇ ਦੀ ਫੁੰਡ ਬੀ ਸਿੱਧੀ ਸਾਡੇ ਮੱਥੇ ਨੂੰ ਆਉਂਦੀ ਹੈ। ਅਸੀਂ ਜੇ ਜਪ, ਤਪ, ਸੰਜਮ, ਹਠ ਵਿਚ ਨਿਪੁਨ ਨਾ ਹੋਵਾਂਗੇ ਤਾਂ ਜਗਤ ਨੂੰ ਸਾਂਈਂ ਦੇ ਲੜ ਲਾਉਣਾ ਤਾਂ ਕਿਤੇ ਰਿਹਾ ਆਪ ਹੀ ਮਾਰੇ ਜਾਵਾਂਗੇ।

ਡਜੂਸ਼ੋਜ਼ਾ–ਇਨ੍ਹਾਂ ਚੌਹਾਂ ਦੇ ਕੀਹ ਰੂਪ ਸਮਝਦੇ ਹੋ ?

ਸੰਤ–'ਜਪ' ਪਰਮੇਸਰ ਜੀ ਦੇ ਨਾਮ ਦਾ। ਪਹਿਲਾ ਜਪ ਹੈ ***'ਰਸਨਾ ਜਪੈ ਨ ਨਾਮੁ ਤਿਲੁ ਤਿਲੁ ਕਰਿ ਕਟੀਐ'***। ਇਹ ਜਪ ਹਠ ਧਾਰਕੇ ਕਰਨਾ ਜਦ ਤਕ ਕਿ ਇਹ 'ਸਿਮਰਨ' ਨਾ ਬਣ ਜਾਵੇ, ਇਹ ਤਪ ਹੈ। ਇਸ ਸਿਮਰਨ ਨੇ ਵਾਸ਼ਨਾ ਨੂੰ ਕੱਟਣਾ ਹੈ। ਦੂਸਰਾ ਤਪ ਹੈ ਇੰਦ੍ਰਿਆਂ ਨੂੰ ਵੱਸ ਕਰਨਾ। ਵਾਸ਼ਨਾ ਕਟੀਣ ਨਾਲ ਤਾਂ ਇੰਦ੍ਰੇ ਆਪੇ ਵੱਸ ਹੋ ਜਾਣਗੇ ਪਰ ਉਸ ਸਮੇਂ ਦੇ ਆਉਂਦਿਆਂ ਤਕ ਤਾਂ ਇੰਦ੍ਰਿਆਂ ਨੂੰ ਹਠ ਤੇ ਵੀਚਾਰ ਨਾਲ ਵੱਸ ਰਖਣਾ ਹੈ, ਇੰਦ੍ਰੇ ਦਮਨ ਕਰਨਾ ਤਪ ਹੈ। ਮਨ ਜੇ ਮਾੜੇ ਪਾਸੇ ਜਾਏ ਤਾਂ ਹਠ ਕਰਕੇ ਤੇ ਵੀਚਾਰ ਵਰਤ ਵਰਤ ਕੇ ਦੇਹ ਨੂੰ ਰੋਕ ਲੈਣਾ ਇਹ ਹੈ ਤਪ ! ਸਾਧੂ ਲਈ ਪਹਿਲੋਂ ਕੁਛ ਸਮਾਂ ਇਹ ਤਪ ਏਕਾਂਤ ਰਹਿਕੇ ਸਾਧਣਾ ਅਤਿ ਜ਼ਰੂਰੀ ਹੈ। ਨਹੀਂ ਤਾਂ ਗ੍ਰਿਹਸਤੀਆਂ ਵਿਚ ਜਾ ਕੇ ਜਦ ਸ਼ਬਦ ਸੋਹਿਲਾ ਸੁਣਾਏਗਾ ਤਾਂ ਉਨ੍ਹਾਂ ਵਿਚੋਂ ਸਤਿਕਾਰ ਵੀ ਮਿਲੇਗਾ, ਪਿਆਰ ਵੀ ਮਿਲੇਗਾ, ਜੋ ਕਈ ਵੇਰ ਇਸਦੇ ਗਿਰਾਉ ਦਾ ਕਾਰਣ ਬਣ ਜਾਵੇਗਾ। ਜੇ ਇਸਨੇ ਇਕਾਂਤ ਰਹਿਕੇ ਦੇਹ ਨੂੰ ਕਾਬੂ ਕਰਨ ਦੇ ਤਪ ਕੀਤੇ ਹੋਏ ਹਨ ਤਾਂ ਅਜ਼ਮਾਇਸ਼ਾਂ ਦੇ ਸਮੇਂ ਬਚ ਰਿਹਾ ਕਰੇਗਾ।


www.sikhbookclub.com

ਮਨ ਜਿੱਤਿਆਂ ਸ਼ਰੀਰ ਜਿੱਤਿਆ ਜਾਣਾ ਹੈ, ਸ਼ਰੀਰ ਦੇ ਜਿੱਤਿਆਂ ਮਾਨੋ ਜਗਤ ਜਿੱਤਿਆ ਜਾਣਾ ਹੈ। *'ਮਨਿ ਜੀਤੈ ਜਗੁ ਜੀਤ'* ਮੇਰੇ ਗੁਰੂ ਕਾ ਵਾਕ ਹੈ। ਪਰ ਇਸ ਮਨ ਦੇ ਸਾਧਨ ਦੇ ਨਾਲ ਨਾਲ ਸਰੀਰ ਨੂੰ ਹਠ ਨਾਲ ਵੀ ਕਾਬੂ ਰਖਣਾ ਸਾਧੂ ਦਾ ਧਰਮ ਹੈ। ਫਿਰ ਹੈ 'ਸੰਜਮ', ਉਹ ਹੈ ਆਪਣੀਆਂ ਲੋੜਾਂ ਨੂੰ ਘਟਾਉਣਾ। ਖਾਣ ਪੀਣ, ਪਹਿਰਣ, ਜਦ ਤਕ ਦੇਹ ਰਹਿਣੇ ਹਨ। ਸਾਧੂ ਨੇ ਆਕਾਸ਼ੀ ਬਿਰਤ ਤੇ ਰਹਿਣਾ ਹੈ, ਕਦੇ ਸ਼ੈ ਲੱਭਣੀ ਹੈ ਕਦੇ ਨਹੀਂ, ਇਸ ਲਈ ਦੁੱਖ ਭੁੱਖ ਸਹਿਣ ਦੀ ਤਤਿਖਜਾ ਕਰਨੀ ਪੈਂਦੀ ਹੈ, ਅਰਥਾਤ ਉਸਨੂੰ ਏਕਾਂਤ ਰਹਿਕੇ ਭੁਖ ਤ੍ਰੇਹ ਦੇ ਸਾਧਨ ਪਹਿਲੋਂ ਹੀ ਸਾਧਣੇ ਪੈਣਗੇ। ਗਰਮੀ ਸਰਦੀ ਝੱਲ ਲੈਣ ਦੀ ਜਾਚ ਸਿੱਖਣੀ ਪਵੇਗੀ। ਕਿਉਂਕਿ ਪਤਾ ਨਹੀਂ ਕਿ ਕਿਸ ਵੇਲੇ ਕਿਸ ਦੀ ਲੋੜ ਆ ਪੈਣੀ ਹੈ। ਇਸ ਲਈ ਆਪਣੇ ਖਾਣੇ ਵਿਚ, ਅਪਣੇ ਪਹਿਨਣੇ ਵਿਚ ਸਾਧੂ ਨੂੰ ਅਤਿ ਸੰਜਮ ਦੀ ਲੋੜ ਹੈ। ਅੰਦਰੋਂ ਤਾਂ ਵਾਸ਼ਨਾਯਾਮ ਕਰਨ ਤੇ ਨਾਮ ਦੇ ਸਾਧਨ ਨੇ ਇਸਦੇ 'ਲੋਭ' ਨੂੰ ਕੱਟਣਾ ਹੈ, ਪਰ ਨਾਲ ਹੀ ਬਾਹਰੋਂ ਬੀ ਲੋੜਾਂ ਘਟਾਉਣੀਆਂ ਤੇ ਬਹੁਤ ਥੋੜੇ ਵਿਚ ਨਿਰਬਾਹ ਕਰ ਲੈਣਾ ਤੇ ਥੁੜ ਵੇਲੇ ਸਹਿ ਸਕਣਾ ਇਹ ਯਤਨ ਸੰਜਮ ਹੈ। ਫਿਰ 'ਜਤ' ਹੈ। ਸਭ ਤੋਂ ਵਡਾ ਸਰੀਰ ਦਾ ਰਸ ਹੈ ਬੰਦੇ ਵਿਚ 'ਕਾਮ' ਦਾ ਨਿਵਾਸ। ਸਾਡਾ ਨਾਮ ਦਾ ਸਾਧਨ ਮਨ ਨੂੰ ਰਬ ਜੀ ਦੇ ਪਿਆਰ ਵਿਚ ਲੈ ਜਾਂਦਾ ਹੈ, ਉਸ ਪਿਆਰ ਨੇ ਸਾਡੇ ਹੋਰ ਪਿਆਰ ਆਪਣੇ ਵਿਚ ਹੋਮ ਕਰ ਲੈਣੇ ਹਨ। ਯਾ ਉਸਦੇ ਨਾਮ ਦਾ ਰਸ ਉਸਦੇ ਪਿਆਰ ਦਾ ਸੁਆਦ ਸੰਸਾਰਕ ਰਸਾਂ ਨੂੰ ਭੁਲਾਉਂਦਾ ਹੈ। *'ਉਹ ਰਸੁ ਪੀਆ ਇਹ ਰਸੁ ਨਹੀਂ ਭਾਵਾ'* ਇਉਂ ਸਾਡੇ ਵਿਚ ਅਸਲ 'ਜਤ' ਪੈਦਾ ਹੋਣਾ ਹੈ, ਪਰ ਅਸਾਂ ਇਕੱਲਿਆਂ ਜਗਤ ਵਿਚ ਵਿਚਰਨਾ ਹੈ, ਮਾਈ ਭਾਈ ਸਭ ਵਿਚ ਫਿਰਨਾ ਹੈ, ਸਾਡੇ ਸਰੀਰ ਨੂੰ ਸਦਾ ਪਵਿਤ੍ਰਤਾ ਵਿਚ ਵਾਸਾ ਚਾਹੀਏ। ਇਸ ਲਈ ਕੁਛ ਸਮਾਂ ਏਕਾਂਤ ਵਿਚ ਰਹਿਕੇ ਤਪ ਹਠ ਨਾਲ ਸਰੀਰ ਨੂੰ ਜਤੀ ਹੋਣ ਦੇ ਗੁਣ ਵਿਚ ਪਰਪੱਕ ਕਰ ਲੈਣਾ ਬੀ ਸਾਧੂ ਦਾ ਧਰਮ ਹੈ। ਤਪ ਤਾਂ ਸਾਰਾ ਮਨ ਦਾ ਹੈ ਜਿਸਨੇ ਸਰੀਰ ਨੂੰ ਰੋਕਣਾ ਹੈ, ਪਰ ਏਕਾਂਤ ਕੁਛ ਸਮਾਂ ਰਹਿਕੇ ਸਰੀਰ ਨੂੰ ਸਾਧਣਾ ਤੇ ਇਸਨੂੰ ਆਪਣੇ ਰਬ ਦੇ ਹੁਕਮ ਵਿਚ ਟੋਰਨਾ, ਇਸ ਤਪੱਸਜਾ ਦੇ ਕਰਨੇ ਦੀ ਲੋੜ ਹੈ ਅਤੀਤ ਰਹਿਣੇ ਵਾਲੇ ਸਾਧੂ ਨੂੰ ਵਿਸ਼ੇਸ਼ ਕਰਕੇ। ਬਾਕੀ ਰਿਹਾ 'ਸਤਿ' ਉਹ ਹੈ ਸਚ ਵਿਚ ਟਿਕਾਉ। ਇਸਦੇ ਮਨ ਵਿਚ ਜੋ ਰਬ ਜੀ ਦਾ ਨਿਵਾਸ ਹੋਣਾ ਹੈ, ਉਹ ਪਹਿਲੋਂ 'ਹੈ' ਦੀ ਪ੍ਰਤੀਤੀ ਹੋਣਾ ਹੈ। ਇਹ ਹੈ ਸਤਿ ਯਾ ਸੱਚ। ਪਰ ਇਹ ਸਚ ਆਤਮਾ ਵਿਚ ਨਿਵਾਸ ਰਖਦਾ ਹੈ। ਇਹੋ ਜਦ ਅਮਲ ਵਿਚ ਆਉਂਦਾ ਹੈ, ਤਾਂ ਸਾਧੂ ਉਹ ਕੁਛ ਬੋਲਦਾ ਹੈ, ਜੋ 'ਹੈ'। ਅਰਥਾਤ ਜੋ ਠੀਕ ਠੀਕ ਯਥਾਰਥ ਰੂਪ ਜਿਵੇਂ ਹੈ ਉਵੇਂ ਪ੍ਰਤੀਤ ਕਰਨਾ ਤੇ ਆਖਣਾ। ਇਉਂ ਇਹ ਕੰਮ ਵੀ ਰਸਨਾ ਉਪਰ ਵਸੀਕਾਰ ਪਾਉਣੇ ਦਾ ਹੈ, ਹੈ ਇਹ ਬੀ ਮਨ ਦਾ ਕੰਮ, ਪਰ ਇਸ ਲਈ ਵੀ ਅਤੀਤ ਸਾਧੂ ਨੂੰ ਕੁਛ ਸਮਾਂ ਏਕਾਂਤ ਰਹਿਣੇ ਦੀ ਲੋੜ ਹੈ। ਏਕਾਂਤ ਵਿਚ ਬੋਲਣਾ ਘਟ ਜਾਏਗਾ, ਸੁਤੇ ਹੀ ਮੋਨ ਦਾ ਮੌਕਾ ਆ ਜਾਏਗਾ। ਇਹ ਮੌਨ, ਇਹ ਚੁਪ ਉਸਦਾ ਤਪ ਹੋਏਗਾ, ਜੋ ਉਸਨੂੰ ਰਸਨਾ ਦੇ ਸਚ ਝੂਠ ਤੋਂ ਮੌਨ ਦੀ ਸ਼ੂਨਤਾ ਵਿਚ ਲੈ ਜਾਏਗਾ। ਉਸ ਵੇਲੇ ਸਾਧੂ ਨੂੰ ਅਸਲ ਸੱਚ ਦੀ ਸੋਝੀ ਪਏਗੀ। ਫਿਰ ਜਦ ਬੋਲੇਗਾ ਤਾਂ ਰਸਨਾਂ ਸਚ ਹੀ ਬੋਲੇਗੀ। ਇਸ ਪ੍ਰਕਾਰ ਅਤੀਤ ਸਾਧੂ ਲਈ ਨਾਮ ਅਭਜਾਸ ਦੇ ਨਾਲ ਇਨ੍ਹਾਂ ਸਾਧਨਾਂ ਤੇ ਤਤਿਖਜਾ ਦੀ ਬੀ ਲੋੜ ਹੈ।

ਡਜੂਸ਼ੋਜ਼ਾ-ਕੀ ਇਸ ਤਰ੍ਹਾਂ ਕੁਛ ਸਮਾਂ ਤਪ ਕਰਕੇ ਜਗਤ ਸੇਵਾ ਦਾ ਕੰਮ ਨਿਰਭੈ ਟੁਰ ਪਏਗਾ ?

ਸੰਤ-ਟੁਰ ਤਾਂ ਪਏਗਾ, ਪਰ ਤਜਰਬਾ ਫੇਰ ਕੁਝ ਹੋਰ ਸਿਖਾਏਗਾ। ਸਾਧੂ ਤਾਂ ਜਾਏਗਾ ਜਗਤ ਵਿਚ ਜਗਤ ਦਾ ਦੁਖ ਹਰਨ ਲਈ। ਪਰ ਜੀਕੂੰ ਕਈ ਬੀਮਾਰੀਆਂ ਛੂਤ ਦੀਆਂ ਹੁੰਦੀਆਂ ਹਨ, ਜੋ ਨਾ-ਖਬਰਦਾਰ ਡਾਕਟਰ ਵੈਦ ਨੂੰ ਦੁਖ ਦੂਰ ਕਰਦਿਆਂ ਆਪ ਨੂੰ ਫੜ ਲੈਂਦੀਆਂ ਹਨ, ਜਿਵੇਂ ਡੁਬਦੇ ਨੂੰ ਕੱਢਣ ਗਏ ਤਾਰੂ ਨੂੰ ਡੁਬਣ ਵਾਲਾ ਕਈ ਵੇਰ ਜੱਫਾ ਮਾਰਕੇ ਆਪ ਬਚਣ ਦੀ ਥਾਂ ਉਸਨੂੰ ਨਾਲ ਲੈ ਡੁਬਦਾ ਹੈ, ਪਰ ਜੋ ਤਾਰੂ ਖਬਰਦਾਰ ਹੈ ਉਹ ਜਿਸਨੂੰ ਬਚਾਉਣ ਲੱਗਾ ਹੈ ਉਸਦੇ ਜੱਫੇ ਵਿਚ ਕਦੇ


www.sikhbookclub.com

ਨਹੀਂ ਆਵੇਗਾ। ਤਿਵੇਂ ਅਪਣੇ ਸਾਧੇ ਹੋਏ ਸਰੀਰ ਤੇ ਮਨ ਤੇ ਕਾਬੂ ਰੱਖਣ ਵਾਲਾ ਸਾਧੂ ਜਦ ਡੁਬਦੇ ਲੋਕਾਂ ਨੂੰ ਬਚਾਏਗਾ ਤਾਂ ਸਦਾ ਖਬਰਦਾਰ ਰਹੇਗਾ ਕਿ ਇਨ੍ਹਾਂ ਦੀ ਮੋਹ ਮਾਯਾ ਦਾ ਕੋਈ ਅਸਰ ਮੇਰੇ ਉਤੇ ਨਾ ਪਵੇ, ਮੈਂ ਇਨ੍ਹਾਂ ਨੂੰ ਬਚਾਵਾਂ।

ਡਜੂਸ਼ੋਜ਼ਾ-ਕੀ ਇਸ ਲਈ ਕੋਈ ਨਵਾਂ ਸਾਧਨ ਹੈ ?

ਸੰਤ-ਉਸ ਦਾ ਮੁੱਖ ਕੰਮ ਤਾਂ ਹੋਵੇਗਾ ਆਪਣੇ ਰਬ ਜੀ ਦੇ ਪਜਾਰ ਵਿਚ ਵੱਸਣਾ, ਉਹ ਸਾਰੇ ਹੋਛੇ ਰਸਾਂ ਤੋਂ ਅਤੀਤ ਰਹੇਗਾ ਤੇ ਨਾਮ ਰਸ ਪੀਏਗਾ, ਉਹ ਹੁਕਮ ਵਿਚ ਟੁਰਦਾ ਹੁਕਮੀ ਦੀ ਹਜ਼ੂਰੀ ਤੋਂ ਦੂਰੀ ਵਿਚ ਨਹੀਂ ਜਾਏਗਾ। ਗੁਰੂ ਕੀ ਬਾਣੀ ਦੀ ਵੀਚਾਰ ਦੇ ਚਾਨਣੇ ਵਿਚ ਟੁਰੇਗਾ। ਕਿਸੇ ਆ ਪਏ ਔਖ ਵੇਲੇ ਹਠ ਤਪ ਤੋਂ ਵੀ ਪੂਰਾ ਕੰਮ ਲਏਗਾ। ਥੋੜੇ ਥੋੜੇ ਸਮੇਂ ਬਾਦ ਏਕਾਂਤ ਵਿਚ ਆ ਜਾਏਗਾ, ਜਿਥੇ ਨਿਰੋਲ 'ਆਪ' 'ਪਰਮ ਆਪੇ' ਦੇ ਅਨੁਭਵ ਵਿਚ ਰਹਿਕੇ 'ਸਾਰ ਸੁਖ', ਸਿਰ ਸੁਖਾਂ ਦੇ ਸੁਖ ਸਾਗਰ ਵਿਚ ਆਪੇ ਨੂੰ ਗੋਤੇ ਦੇ ਦੇ ਕੇ ਸ਼ੁਧ ਆਤਮ ਅਨੁਭਵਤਾ ਵਿਚ ਨਿਰਮਲ ਕਰੇਗਾ।

ਡਜੂਸ਼ੋਜ਼ਾ-ਜਗਤ ਮਿੱਠਾ ਹੈ, ਸਰੀਰ ਪਿਆਰਾ ਹੈ, ਇੰਦ੍ਰਿਆਂ ਦੇ ਰਸ ਲੁਭਾਉਂਦੇ ਹਨ, ਤੁਸਾਨੂੰ ਕਿਵੇਂ ਇਹ ਲਗਨ ਲਗ ਪਈ ਕਿ ਮੈਂ ਇਨ੍ਹਾਂ ਤੋਂ ਮੂੰਹ ਮੋੜਾਂ ਤੇ ਏਕਾਂਤ ਰਹਾਂ ?

ਸੰਤ-ਇਹ ਆਪਣੇ ਵੱਸ ਦੀ ਗਲ ਨਹੀਂ। ਅਪਣੇ ਦੁਖ, ਜਗਤ ਦੇ ਦੁਖ ਦੇਖਕੇ ਕਿਸੇ ਕਿਸੇ ਨੂੰ ਸੁਤੇ ਹੀ ਉਦਾਸੀ ਆ ਘੇਰਦੀ ਹੈ। ਸਰੀਰ ਦੇ ਭੋਗ ਤੇ ਜਗਤ ਤੋਂ ਮਿਲਣ ਵਾਲੇ ਰਸ ਚੰਗੇ ਨਹੀਂ ਲੱਗਦੇ। ਕਿਉਂਕਿ ਉਹ ਆਪਣੇ ਨਾਲ ਨਾਲ ਦੁਖ ਲਈ ਰੱਖਦੇ ਹਨ। ਯਾ ਕਿਸੇ ਨੂੰ ਕੋਈ ਸਤਿਸੰਗ ਹੋ ਜਾਂਦਾ ਹੈ ਤਾਂ ਜਗਤ ਤੋਂ ਉਦਾਸੀ ਹੋ ਆਉਂਦੀ ਹੈ। ਇਸ ਉਦਾਸੀ ਨੂੰ ਅਸੀਂ ਵੈਰਾਗ ਕਹਿੰਦੇ ਹਾਂ। ਇਹ ਵੈਰਾਗ ਸਤਿਸੰਗ ਨਾਲ ਤੇ ਵੀਚਾਰ ਨਾਲ ਵਧਦਾ ਹੈ ਤੇ ਦ੍ਰਿੜ ਹੁੰਦਾ ਹੈ। ਜਦ ਤਕ ਇਹ ਵੈਰਾਗ ਪਰਪੱਕ ਨਾ ਹੋ ਜਾਵੇ ਕਿਸੇ ਨੂੰ ਸਾਡੇ ਵਾਲਾ ਜੀਵਨ ਧਾਰਨ ਨਹੀਂ ਕਰਨਾ ਚਾਹੀਦਾ। ਨਹੀਂ ਤਾਂ ਤਜਾਗ ਕਰਕੇ ਫੇਰ ਫਸਦਾ ਹੈ, ਤੇ ਉਹ ਫਸਣਾ ਵਧੇਰਾ ਗਿਰਾਉ ਹੁੰਦਾ ਹੈ। ਇਸੇ ਕਰਕੇ ਗੁਰੂ ਨਾਨਕ ਦੇਵ ਜੀ ਨੇ ਜਗਤ ਨੂੰ ਜਗਤ ਵਿਚੇ ਰਹਿਕੇ 'ਰਬ ਜੀ ਦਾ ਰਾਗ' ਸਿਖਾਇਆ ਕਿ ਇਸ ਰਬੀ ਪ੍ਰੇਮ ਨਾਲ ਜਗਤ ਨਾਲ ਸੁਤੇ ਵੈਰਾਗ ਦਾ ਭਾਵ ਅੰਦਰ ਆ ਟਿਕੇਗਾ ਤੇ ਜੀਵ ਭਾਈਚਾਰੇ ਵਿਚ ਵਸਦਾ ਹੋਇਆ ਤਾਰੂ ਵਾਂਙੂ ਤਰਦਾ ਰਹੇਗਾ। ਮੋਹ ਮਾਇਆ ਵਿਚ ਬੱਧਿਆਂ ਵਾਂਙੂ ਡੁਬੇਗਾ ਨਹੀਂ। ਇਹੋ ਗੁਰੂ ਜੀ ਦਾ ਮਾਰਗ ਸੀ ਜਿਸਨੂੰ ਮੈਂ ਦੱਸਿਆ ਸੀ ਕਿ ਅਸੀਂ 'ਪ੍ਰਵਾਣ 'ਗ੍ਰਿਹਸਤ ਉਦਾਸ' ਆਖਦੇ ਹਾਂ। ਪਰ ਕਈ ਜੀਵਾਂ ਵਿਚ ਸੁਤੇ ਵੈਰਾਗ ਵਧੇਰੇ ਹੁੰਦਾ ਹੈ ਤੇ ਕਈ ਕਾਰਨਾਂ ਕਰਕੇ ਮੱਚ ਖਲੋਂਦਾ ਹੈ, ਉਹਨਾਂ ਲਈ ਵੀ ਸਾਡੇ ਧਰਮ ਵਿਚ ਬੰਦਸ਼ ਨਹੀਂ, ਸਾਡੀ ਗੁਰੂ ਰੂਪ ਧਰਮ ਪੁਸਤਕ ਵਿਚ ਲਿਖਿਆ ਹੈ-"*ਕਬੀਰ ਜਉ ਗ੍ਰਿਹੁ ਕਰਹਿ ਤ ਧਰਮੁ ਕਰੁ ਨਾਹੀ ਤ ਕਰੁ ਬੈਰਾਗੁ॥ ਬੈਰਾਗੀ ਬੰਧਨੁ ਕਰੈ ਤਾ ਕੋ ਬਡੋ ਅਭਾਗੁ॥'੨੪੩॥'* ਜੋ ਸੁਤੇ ਵੈਰਾਗੀ ਪੁਰਖ ਵੈਰਾਗਵਾਨ ਹੋ ਕੇ ਜਗਤ ਦਾ ਤਿਆਗ ਕਰਕੇ ਬਿਹੰਗ ਵਾਂਙੂ ਸੁਤੰਤ੍ਰ ਹੋ ਜਾਏ, ਉਸਦਾ ਫਿਰ ਧਰਮ ਹੈ ਸਾਂਈਂ ਦੇ ਆਸਰੇ ਰਹਿਣਾ ਤੇ ਜਗਤ ਨੂੰ ਸੰਵਾਰਨਾ। ਸੋ ਜਦੋਂ ਵੈਰਾਗਵਾਨ ਹੋ ਕੇ ਕੁਛ ਸਮਾਂ ਏਕਾਂਤ ਵਿਚ ਆਪਾ ਨਿਵਾਰ ਤੇ ਸੁਆਰਕੇ ਮੁੜ ਜਗਤ ਵਿਚ ਜਾਈਦਾ ਹੈ ਤਾਂ ਇਹ ਵੈਰਾਗ, ਜਿਸਨੇ ਜਗਤ ਤੋਂ ਉਪ੍ਰਾਮ ਕੀਤਾ ਹੈ 'ਅੰਦਰਲੇ ਪਹਿਰੂਏ' ਦੀ ਤਰ੍ਹਾਂ ਨਾਲ ਜਾਂਦਾ ਤੇ ਅਣਜਾਣੇ ਕੰਮ ਕਰਦਾ ਰਹਿੰਦਾ ਹੈ। ਜਦੋਂ ਕੋਈ ਪਰਤਾਵਾ ਆਉਂਦਾ ਹੈ, ਕੋਈ ਲੁਭਾਇਮਾਨਤਾ ਪੇਸ਼ ਹੁੰਦੀ ਹੈ ਤਾਂ 'ਵੀਚਾਰ' ਤਾਂ ਪਿਛੋਂ ਕੰਮ ਕਰਦੀ ਹੈ, ਪਹਿਲੋਂ ਅੰਦਰ ਵਸਦਾ 'ਸੁਤੇ ਵੈਰਾਗ' ਉਸ ਪਾਸੇ ਵਲੋਂ ਸੂਗ ਕਹੋ, ਉਦਾਸੀ ਕਹੋ, ਇਕ ਪ੍ਰਕਾਰ ਦਾ "ਪਰੇ ਹਟਣ" ਦਾ ਧੱਕਾ ਅੰਦਰੋਂ ਹੀ ਲਾ ਦੇਂਦਾ ਹੈ। ਸੋਚ ਵਿਚਾਰ ਤਾਂ ਪਿਛੋਂ ਫੁਰਦੀ ਹੈ ਕਿ "ਅਸੀਂ ਵੈਰਾਗਵਾਨ ਹਾਂ, ਇਹ ਜੋ ਲੁਭਾਇਮਾਨਤਾ ਆਈ ਹੈ ਇਸ ਵਿਚ ਰਾਗ ਕਰਨਾ ਸਾਡਾ ਧਰਮ ਨਹੀਂ। ਇਹ ਛਿਨ ਭੰਗਰ ਹੈ, ਇਸ ਦਾ ਸੁਖ ਪਲ ਭਰ ਹੈ, ਇਸ ਦਾ ਦੁਖ ਦੁਨੀਆਂ ਵਿਚ ਖੁਆਰੀ ਤੇ ਦੀਨ ਵਿਚ ਗਿਰਾਉ ਹੈ।"ਇਸ ਪ੍ਰਕਾਰ ਦੇ

 www.sikhbookclub.com

ਫੁਰਨਿਆਂ ਤੋਂ ਪਹਿਲੋਂ ਅੰਦਰਲਾ ਵੈਰਾਗ ਉਸ ਪਾਸੇ ਵਲ ਜਾਣ ਵਾਲੀ 'ਰੁਚੀ' ਨੂੰ ਅਰੁਚੀ ਦਾ ਧੱਕਾ ਮਾਰੇਗਾ। ਇਹ ਹੈ ਸਭ ਤੋਂ ਜ਼ਰੂਰੀ ਭਾਵ ਜੋ ਤਜਾਗੀ ਸਾਧੂ ਦੇ ਅੰਦਰ ਸੁਚੇਤ ਪਹਿਰੇਦਾਰ ਵਾਂਙੂ ਹਰ ਵੇਲੇ ਜਾਗਦਾ ਰਹਿੰਦਾ ਹੈ, ਪਰ ਸਾਧੂ ਨੂੰ ਇਸਦੀ ਹੋਂਦ ਨਹੀਂ ਭਾਸਦੀ, ਕਿਉਂਕਿ ਇਹ ਉਸਦੇ ਸੁਭਾਵ ਭੂਤ ਹੋ ਗਿਆ ਹੁੰਦਾ ਹੈ। ਸਾਡੇ ਵਿਚ ਇਕ ਸਾਧੂ ਹੋਏ ਹਨ ਵਿਰੱਕਤ-ਸੰਤ ਈਸ਼ਰ ਸਿੰਘ ਜੀ ਉਨ੍ਹਾਂ ਦਾ ਨਾਮ ਸੀ। ਆਪ ਕਨਖਲ, ਹਰਦੁਆਰ ਰਿਖੀ ਕੇਸ਼ ਆਦਿ ਥਾਂਈਂ ਰਹਿੰਦੇ ਸਨ। ਆਪ ਸਾਧੂ ਪਨ ਦਾ ਇਕ ਨਮੂਨਾ ਸਨ। ਸਾਰੇ ਹੀ ਭੇਖ ਉਨ੍ਹਾਂ ਦਾ ਸਤਿਕਾਰ ਕਰਦੇ ਸਨ। ਆਪ ਨੇ ਇਕ ਵੇਰ ਇਕ ਅਤੀਤ ਸਾਧੂ ਨੂੰ ਆਖਿਆ ਕਿ ਭਾਈ ਜਦ ਸ਼ਹਿਰਾਂ ਵਿਚ ਪ੍ਰਚਾਰ ਕਰਨ ਜਾਓਂ ਤਾਂ ਵੈਰਾਗ ਨੂੰ ਨਾਲ ਲੈਕੇ ਜਾਯਾ ਕਰੋ। ਫੇਰ ਹੱਸ ਕੇ ਬਿਲਾਸ ਨਾਲ ਬੋਲੇ ਕਿ ਦੇਖੋ ਭਾਈ ਸਾਧੋ ! ਇਕ ਵੇਰ ਅਸੀਂ ਸ੍ਰੀ ਅੰਮ੍ਰਿਤਸਰ ਯਾਤ੍ਰਾ ਲਈ ਗਏ। ਕੁਛ ਕਥਾ ਵਾਰਤਾ ਸਤਿਸੰਗ ਦਾ ਬੀ ਓਥੇ ਪਰਚਾ ਸੀ ! ਹਾਲ ਦਰਵਜੇ ਵੜਨ ਲਗਿਆਂ ਵੈਰਾਗ ਨੇ ਸਾਨੂੰ ਕਿਹਾ ਕਿ ਮਹਾਰਾਜ ਮੈਂ ਤਿੰਨ ਦਿਨ ਏਥੇ ਆਪਦੀ ਉਡੀਕ ਕਰਾਂਗਾ, ਜੇ ਆਪ ਵਧੇਰੇ ਠਹਿਰ ਗਏ ਤਾਂ ਮੈਂ ਤੁਹਾਡੀ ਉਡੀਕ ਨਹੀਂ ਕਰਾਂਗਾ; ਫੇਰ ਤੁਸਾਂ ਮੇਰੀ ਟੋਲ ਕਰਨੀ। ਇਹ ਕਹਿਕੇ ਆਪ ਤਾੜੀ ਮਾਰਕੇ ਹੱਸੇ ਤੇ ਬੋਲੇ ਸੋ ਭਾਈ ਕਿਸੇ ਥਾਂ ਪਰਵਿਰਤੀ ਵਿਚ ਬਹੁਤ ਨਾ ਠਹਿਰਿਆ ਕਰੋ। ਸਾਧੂ ਥਿੰਧੇ ਘੜੇ ਵਾਂਙੂ ਅਲੇਪ ਹੀ ਰਹੇ ਤਾਂ ਪਰਉਪਕਾਰ ਕਰ ਸਕਦਾ ਹੈ। ਇਕ ਥਾਂ ਟਿਕਣੇ ਲਈ ਥੋੜੇ ਦਿਨ ਰਖਿਆ ਕਰੋ। ਉਨ੍ਹਾਂ ਦੇ ਇਸ ਕਥਨ ਦਾ ਇਹ ਭਾਵ ਸੀ ਕਿ ਵਿਰਕਤ ਸਾਧੂ ਨੂੰ ਵੈਰਾਗ ਬਿਨਾਂ ਉਪਕਾਰ ਕਰਨੇ ਦਾ ਅਧਿਕਾਰ ਨਹੀਂ ਹੈ, ਇਸ ਲਈ ਉਸਨੂੰ ਛੇਤੀ ਛੇਤੀ ਏਕਾਂਤ ਵਿਚ ਫੇਰੇ ਮਾਰਦੇ ਰਹਿਣਾ ਚਾਹੀਏ। ਜਿਸ ਨੂੰ ਅਸੀਂ ਮਾਇਆ ਆਖਦੇ ਹਾਂ, ਅਰਥਾਤ 'ਜਗਤ ਦੇ ਰਸਾਂ ਕਸਾਂ ਦਾ ਭੁਲੇਵਾ', ਇਹ ਜੀਵ ਨੂੰ ਬੜੀ ਛੇਤੀ ਲਗਦਾ ਹੈ। ਸੋ ਸਾਧੂ ਨੂੰ ਨਾ ਤਾਂ ਅਤੀਤ ਬਣਨਾ ਚਾਹੀਦਾ ਹੈ, ਤੇ ਨਾ ਅਤੀਤ ਬਣਕੇ ਜਗਤ ਵਿਚ ਜਗਤ ਉਧਾਰ ਲਈ ਨਿਤਰਨਾ ਚਾਹੀਦਾ ਹੈ ਜਦ ਤਕ ਕਿ ਵੈਰਾਗ ਵਿਚ ਪੱਕਾ ਨਾ ਹੋ ਜਾਵੇ। ਭਗਤ ਕਬੀਰ ਜੀ ਦਾ ਵਾਕ ਹੈ *'ਬਿਨੁ ਬੈਰਾਗ ਨ ਛੂਟਸਿ ਮਾਇਆ॥'*

ਡਜ਼ੂਸ਼ੋਜ਼ਾ ਨੇ ਇਕ ਲੰਮਾ ਸਾਹ ਲਿਆ ਤੇ ਕਿਹਾ ਬਹੁਤ ਤੁਲਵੀਆਂ ਗੱਲਾਂ ਕਰਦੇ ਹੋ। ਸਚ ! ਬਹੁਤ ਸੱਚ ! ਪਰ ਵੈਰਾਗ ਤਾਂ ਹੀ ਰਹਿ ਸਕਦਾ ਹੈ ਜੇ ਕਿਸੇ ਉੱਚੇ ਨਾਲ, ਅਰਸ਼ਾਂ ਵਿਚ ਵਸਦੇ ਨਾਲ ਪ੍ਰੇਮ ਹੋਵੇ।

ਸੰਤ-ਇਹ ਠੀਕ ਹੈ। ਜਗਤ ਤੇ ਜਗਤ ਦੀ ਲੁਭਾਇਮਾਨਤਾ ਵਲੋਂ ਹੋਵੇ ਵੈਰਾਗ, ਫਿਰ ਜਗਤ ਦੇ ਕਰਤਾਰ ਵਲ, ਸਭ ਸੁੰਦਰਤਾਈਆਂ ਦੇ ਮਾਲਕ ਪ੍ਰੇਮ ਮੂਰਤੀ ਵਾਹਿਗੁਰੂ ਜੀ ਨਾਲ ਹੋਵੇ, ਪ੍ਰੇਮ ਤਾਂ ਹੀ ਸਾਰਾ ਕਾਰਜ ਸੰਪੂਰਨ ਹੁੰਦਾ ਹੈ।

ਡਜ਼ੂਸ਼ੋਜ਼ਾ-ਬੜਾ ਔਖਾ ਮਾਰਗ ਹੈ।

ਸੰਤ-ਗੁਰੂ ਨਾਨਕ ਦੇਵ ਜੀ ਨੇ ਤਾਹੀਓਂ ਫੁਰਮਾਯਾ ਹੈ:-

***ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥***

***ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ॥*** *(ਸਲੋ: ਵਾ: ਤੇ ਵਧੀ: ਮ: ੧-੨੦)*

ਸਾਡੇ ਵਿਚ ਇਕ ਵਾਕ ਹੈ:-'ਜੀਵਤ ਮਰਨਾ।' ਆਪ ਸੰਪੂਰਨ ਭਲੇ (ਰਬ ਜੀ) ਵਿਚ ਜੀ ਉੱਠਣਾ ਤੇ ਜਗਤ ਵਿਚ ਸੰਪੂਰਣ ਭਲਿਆਈ ਦਾ ਪ੍ਰਚਾਰ ਕਰਨਾ। ਆਪ ਜਗਤਾਧਾਰ ਨਾਲ ਜੁੜੇ ਰਹਿਣਾ ਤੇ ਜਗਤ ਨੂੰ ਜਗਤਾਧਾਰ ਨਾਲ ਜੋੜਨਾ, ਇਹ ਕੰਮ 'ਜੀਵਤ ਮਰਕੇ' ਹੀ ਸਾਧੂ ਕਰ ਸਕਦਾ ਹੈ। ਇਹੋ ਭਾਵ ਹੈ ਤੁਕਾਂ ਦਾ ਜੋ ਮੈਂ ਵਾਚੀਆਂ ਹਨ।

ਡਜ਼ੂਸ਼ੋਜ਼ਾ-ਕੀ ! ਆਪ ਵਿਚ ਗ੍ਰਿਹਸਤੀ ਸਾਧੂ ਭੀ ਹੁੰਦੇ ਹਨ ?

ਸੰਤ-ਜੀ ਹਾਂ ! ਜੋ 'ਪ੍ਰਵਾਨ ਗ੍ਰਿਹਸਤ ਉਦਾਸ' ਦਾ ਆਦਰਸ਼ ਧਾਰਨ ਕਰਦੇ ਹਨ ਤੇ ਫੇਰ ਕਿਸੇ

ਤਰ੍ਹਾਂ ਆਪਣੀ ਕਮਾਈ ਜਗਤ ਨਾਲ ਵੰਡਦੇ ਹਨ ਤਾਂ ਓਹ ਆਪਣੇ ਵਿਤ ਅਨੁਸਾਰ ਉਪਕਾਰ ਨੂੰ ਬੀ ਕਰਦੇ ਹਨ। ਮਾਇਆ ਪਾਸ ਹੋਣ ਕਰਕੇ ਜਗਤ ਪੀੜਾ ਹਰਨ ਲਈ ਮਾਇਆ ਦਾ ਦਾਨ ਕਿਸੇ ਦਾਨੇ ਤ੍ਰੀਕੇ ਨਾਲ ਕਰਦੇ ਹਨ। ਅਪਣੀ ਵਿਦਯਾ ਵਿਚੋਂ ਵੀ ਦਾਨ ਕਰਦੇ ਹਨ ਤੇ ਅਪਣੇ ਹਰੀਰਸ ਵਿਚੋਂ ਬੀ ਵੰਡ ਵੰਡਾਉਂਦੇ ਹਨ। ਇਹ ਦਾਨ ਕਰਦੇ ਹੋਏ ਓਹ ਨਿਰਮਾਨ ਵਸਦੇ ਹਨ, ਚਾਹੇ ਜਗਤ ਮਾਨ ਦੇਂਦਾ ਹੈ, ਪਰ ਓਹ ਮਨ ਨੂੰ ਮਾਨ ਆਦਿ ਅਲਾਇਸ਼ਾਂ ਤੋਂ ਬੇ-ਲਾਗ ਰੱਖਣ ਲਈ ਇਕ ਸਾਧਨ ਕਰਦੇ ਹਨ ਉਸਨੂੰ ਅਸੀਂ ਇਸ਼ਨਾਨ ਆਖਦੇ ਹਾਂ। ਦੇਹੀ ਨੂੰ ਜਲ ਆਦਿ ਨਾਲ ਸਾਫ ਰਖਣਾ ਇਸ਼ਨਾਨ ਹੈ। ਸਰੀਰ ਨੂੰ ਮਾੜੇ ਕਰਮਾਂ ਵਿਚ ਵਿਚਰਨੋਂ ਵਰਜੀ ਰਖਣਾ ਇਸ਼ਨਾਨ ਹੈ, ਮਨ ਨੂੰ ਅਸ਼ੁਭ ਫੁਰਨਿਆਂ ਤੋਂ ਸਫਾ ਰਖਣਾ ਵੀ ਇਸ਼ਨਾਨ ਹੈ, ਬੁਧੀ ਨੂੰ ਕਿਸੇ ਪਕੜ ਵਿਚ ਨਾ ਅਟਕਣ ਦੇਣਾ ਤੇ ਉੱਜਲ ਰੱਖਣਾ ਵੀ ਇਸ਼ਨਾਨ ਹੈ। ਇਸ ਇਸ਼ਨਾਨ ਲਈ ਗੁਰਬਾਣੀ ਦਾ ਪਾਠ ਕਰਦੇ ਹਨ, ਸੁਣਦੇ ਹਨ, ਵੀਚਾਰ ਕਰਦੇ ਹਨ ਅਤੇ ਉਸ ਗੁਰਬਾਣੀ ਦਾ ਕੀਰਤਨ ਬੀ ਕਰਦੇ ਹਨ। ਜਿਸ ਨਾਲ ਇਕ ਤਾਂ ਵੀਚਾਰ ਨਿਰਮਲ ਤੇ ਉੱਚੀ ਹੁੰਦੀ ਜਾਂਦੀ ਹੈ, ਦੂਸਰੇ ਏਕਾਗਰਤਾ ਆਉਂਦੀ ਹੈ। ਮਨ ਨੂੰ ਦੋ ਹੀ ਵੱਡੀਆਂ ਮੈਲਾਂ ਕਮਜ਼ੋਰ ਕਰਦੀਆਂ ਹਨ:੧-ਮਨ ਦਾ ਵਾਸ਼ਨਾ ਵਿਚ ਖਿੰਡਿਆ ਰਹਿਣਾ ਤੇ ੨-ਮਨ ਦਾ ਮਾੜੀਆਂ ਰੁਚੀਆਂ ਦੇ ਪ੍ਰਭਾਵ ਹੇਠ ਟੁਰੇ ਰਹਿਣਾ, ਅਰਥਾਤ ਮੈਲ ਤੇ ਖਿੰਡਾਉ। ਸੋ ਗ੍ਰਿਹਸਤੀ ਗੁਰਮੁਖ ਵੀ ਉਹੀ ਸਾਧਨ ਕਰਦੇ ਹਨ। ਨਾਮ ਦਾ ਅਭਯਾਸ, ਬਾਣੀ ਦਾ ਅਭਯਾਸ, ਸ਼ੁਭ ਕਰਮਾਂ ਦਾ ਅਭਯਾਸ, ਮਾੜੇ ਕਰਮਾਂ ਤੇ ਭਾਵਾਂ ਦੇ ਤਯਾਗ ਦੀ ਤਤਿਖਯਾ। ਵੈਰਾਗ ਉਹਨਾਂ ਦੇ ਅੰਦਰ ਵੀ ਵਸਦਾ ਹੈ। ਓਹ ਰਬ ਜੀ ਨਾਲ ਰਾਗ ਕਰਦੇ ਹਨ ਤੇ ਉਸ ਸਾਰੇ ਨਾਲ 'ਜੋ ਰਬ ਜੀ ਨਹੀਂ' ਮੁੜੇ ਵੈਰਾਗ ਹੁੰਦਾ ਜਾਂਦਾ ਹੈ। ਉਹ ਵਸਦੇ ਤਾਂ ਮੋਹ ਮਾਇਆ ਵਿਚ ਹੈਨ ਪਰ ਮੋਹ ਮਾਇਆ ਤੋਂ ਆਪ ਨੂੰ ਧੋਂਦੇ ਰਹਿੰਦੇ ਹਨ। ਅਸਲ ਵਿਚ ਉਨ੍ਹਾਂ ਦਾ ਮਾਰਗ ਅਤੀਤ ਕੋਲੋਂ ਉਖੇਰਾ ਹੈ। ਕੱਜਲ ਦੀ ਕੋਠੜੀ ਵਿਚ ਰਹਿਣਾ ਤੇ ਲੀਕ ਨਾ ਲਗਣ ਦੇਣੀ। ਜਲ ਵਿਚ ਵੱਸਣਾ ਤੇ ਸੁੱਕੇ ਰਹਿਣਾ ਕਠਨ ਹੈ, ਪਰ ਓਹ ਸੂਰੇ ਜਲ ਵਿਚ ਵਸਦੇ ਕਵਲ ਵਾਂਞੂ ਤੇ ਪਾਣੀ ਤੇ ਤਰਦੀ ਮੁਰਗਾਬੀ ਵਾਂਞੂ ਅਭਿੱਜ ਰਹਿੰਦੇ ਹਨ।

ਡਜੂਸ਼ੋਜ਼ਾ-ਕਿਹੜੀ ਹਿਕਮਤ ਉਨ੍ਹਾਂ ਨੂੰ ਉਚਿਆਂ ਰਖਦੀ ਹੈ ?

ਸੰਤ-ਸਤਿਸੰਗ। ਸਾਡੇ ਵਿਚ ਸਤਿਪੁਰਖ ਦੇ ਸਤਿਸੰਗ ਦੀ ਬੜੀ ਮਹਿਮਾਂ ਹੈ। ਇਥੋਂ ਤਾਂਈਂ ਲਿਖਯਾ ਹੈ *'ਸਾਧ ਸੰਗਤਿ ਬਿਨੁ ਤਰਿਓ ਨ ਕੋਇ'*। ਫੇਰ ਅਸੀਂ ਰੋਜ ਆਪਣੀ ਅਰਦਾਸ ਵਿਚ ਸ੍ਰੀ ਰਬ ਜੀ ਤੋਂ ਮੰਗਦੇ ਹਾਂ-'ਗੁਰਮੁਖ ਦਾ ਮੇਲ ਸਾਧ ਦਾ ਸੰਗ ਤੇ ਸੋਈ ਪਿਆਰੇ ਮੇਲੀਂ ਜਿਨ੍ਹਾਂ ਮਿਲਿਆਂ ਤੇਰਾ ਨਾਮ ਚਿਤ ਆਵੇ'। ਸੋ ਗ੍ਰਿਹਸਤ ਵਿਚ ਵਸਦੇ ਸਾਧੂ ਰੂਪ ਗੁਰਸਿਖ ਆਪਣੀ ਘਾਲ ਕਰਦੇ ਸਤਿਸੰਗ ਦਾ ਆਸਰਾ ਲੈਂਦੇ ਹਨ, ਉਹ ਸੁੱਚੀ ਉੱਚੀ ਸੁਹਬਤ ਉਨ੍ਹਾਂ ਨੂੰ ਉਪਦੇਸ਼ ਨਾਲ, ਨਮੂਨੇ ਨਾਲ, ਅਰਦਾਸ ਤੇ ਅਸ਼ੀਰਵਾਦ ਨਾਲ ਸਹਾਇਤਾ ਦੇਂਦੀ ਰਹਿੰਦੀ ਹੈ ਤੇ ਗਿਰਾਉ ਵਿਚ ਨਹੀਂ ਜਾਣ ਦੇਂਦੀ, ਫੇਰ ਸਾਡੇ ਅਤੀਤ ਸਾਧੂ ਉਨ੍ਹਾਂ ਨੂੰ ਕਦੇ ਕਦੇ ਜਾ ਕੇ ਆਪਣੇ ਸਤਿਸੰਗ ਦਾ ਲਾਹਾ ਦੇਂਦੇ ਰਹਿੰਦੇ ਹਨ।

ਡਜੂਸ਼ੋਜ਼ਾ-ਕੀ ਤੁਸਾਂ ਵਿਚ ਕੋਈ ਆਪਣੇ ਰੰਗ ਵਿਚ ਰੱਤੇ ਰਹਿਣ ਵਾਲੇ ਵੀ ਹਨ ?

ਸੰਤ-ਹਾਂ ਐਸੇ ਵੀ ਹੁੰਦੇ ਹਨ ? ਉਨ੍ਹਾਂ ਬਾਬਤ ਲਿਖਿਆ ਹੈ।

*ਤਿਨ੍ ਨੇਹੁ ਲਗਾ ਰਬ ਸੇਤੀ ਦੇਖਨੇ੍ ਵੀਚਾਰਿ॥ ਰੰਗਿ ਹਸਹਿ ਰੰਗਿ ਰੋਵਹਿ ਚੁਪ*
*ਭੀ ਕਰਿ ਜਾਹਿ॥ ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਹ॥* (ਵਾਰ ਆਸਾ ਮ: ੧-੨੦)

ਉਨ੍ਹਾਂ ਤੋਂ ਲੋਕੀ ਲਾਹਾ ਲੈਣ ਵਾਲੇ ਆਪ ਉੱਦਮ ਕਰਦੇ ਹਨ। ਇਨ੍ਹਾਂ ਵਿਚੋਂ ਕਈ ਤਾਂ ਇਸੇ ਰੰਗ ਚੁੱਪ ਤੇ ਲੁਕ ਵਿਚ ਜੀਵਨ ਬਸਰ ਕਰ ਜਾਂਦੇ ਹਨ। ਕਈ ਸਿਰੇ ਚੜ੍ਹਕੇ ਅੰਦਰ ਲਖੇ ਜਾ ਰਹੇ ਪਰਮਤਾਮ ਦੇਵ ਨੂੰ ਵਯਾਪਕ ਲਖਣ ਲਗ ਜਾਂਦੇ ਹਨ, ਉਹਨਾਂ ਦਾ ਰੰਗ ਤੇ ਵਰਤਾਉ ਇਕ ਪ੍ਰਕਾਰ ਦਾ ਨਹੀਂ ਹੁੰਦਾ, ਕਿਉਂਕਿ ਪਰਮਾਤਮ ਅਨੁਭਵਤਾ ਵਿਚ ਓਹਨਾਂ ਦੀ ਮਰਜ਼ੀ ਰਜ਼ਾ ਵਿਚ ਲੀਨ ਹੁੰਦੀ

ਹੈ, ਉਨ੍ਹਾਂ ਦੀ ਦ੍ਰਿਸ਼ਟੀ ਪਰਮਾਤਮ ਵਿਚ ਹੁੰਦੀ ਹੈ। ਜਿਵੇਂ ਪਜਾਸੇ ਨੂੰ ਸੰਤਰੇ ਵਿਚ ਪਿਆਸ ਬੁਝਾਉਣ ਵਾਲਾ ਮਿੱਠਾ ਰਸ ਭਾਸਦਾ ਹੈ, ਪਰ ਗਾਂਧੀ ਨੂੰ ਉਸ ਵਿਚ ਸੂਖਮ ਕਿਸਮ ਦੀ ਸੁਗੰਧੀ ਨਜ਼ਰ ਪੈਂਦੀ ਹੈ! ਤਿਵੇਂ ਉਨ੍ਹਾਂ ਦੀ ਦ੍ਰਿਸ਼ਟੀ ਪਾਰਾਵਾਰ ਹੋ ਜਾਂਦੀ ਹੈ। ਇਨ੍ਹਾਂ ਵਿਚੋਂ ਬੀ ਕਈ ਪਰ ਉਪਕਾਰ ਵਿਚ ਲਗ ਪੈਂਦੇ ਹਨ। ਜੇ ਆਪ ਚਾਹੋ ਤਾਂ ਆਪਣੀ ਗੱਲ ਨੂੰ ਸੁਖੱਲਿਆਂ ਕਰਨ ਲਈ ਇਕ ਬੀਤੀ ਵਾਰਤਾ ਸੁਣਾਵਾਂ।

ਡਜੂਸ਼ੋਜ਼ਾ-ਜ਼ਰੂਰ ਸੁਣਾਓ, ਨਿਰੀ ਵੀਚਾਰ ਕਈ ਵੇਰ ਖ਼ੁਸ਼ਕ ਵਸਤੂ ਰਹਿੰਦੀ ਹੈ, ਵੀਚਾਰ ਨੂੰ ਜਿਨ੍ਹਾਂ ਨੇ ਵਰਤੋਂ ਵਿਚ ਵਰਤਿਆ ਹੈ ਤੇ ਤਜਰਬੇ ਵਿਚ ਤਜਰਬਾ ਕੀਤਾ ਉਨ੍ਹਾਂ ਦੇ ਸਿਰ ਵਰਤੀ ਸੁਣਕੇ ਰਸ ਆਉਂਦਾ ਤੇ ਪ੍ਰੇਰਨਾ ਮਿਲਦੀ ਹੈ।

ਸੰਤ-ਪੰਜਾਬ ਵਿਚ ਅੰਮ੍ਰਿਤਸਰ ਸ਼ਹਿਰ ਇਕ ਵੱਡੀ ਨਗਰੀ ਹੈ ਤੇ ਸਿਖੀ ਦਾ ਸਭ ਤੋਂ ਵੱਡਾ ਮੰਦਰ ਓਥੇ ਹੈ।

ਡਜੂਸ਼ੋਜ਼ਾ-ਮੈਂ ਸੁਣਿਆ ਹੈ ਤੇ ਕਦੇ ਦੇਖਣੇ ਦੀ ਇੱਛਾ ਬੀ ਹੈ।

ਸੰਤ-ਉਸ ਤੋਂ ਪੰਧ੍ਰਾ ਕੁ ਮੀਲ ਦੱਖਣ ਨੂੰ ਇਕ ਹੋਰ ਸਿਖ ਮੰਦਰ ਤੇ ਸ਼ਹਿਰ ਹੈ ਜਿਸ ਨੂੰ ਤਰਨਤਾਰਨ ਆਖਦੇ ਹਨ। ਇਸ ਤੋਂ ਕੁਛ ਦੂਰ ਹੋਰ ਅੱਗੇ ਬਜਾਸਾ ਨਦੀ ਦੇ ਨੇੜੇ ਇਕ ਪਿੰਡ ਹੈ ਭੰਗਾਲਾ, ਇਥੇ ਇਕ ਵਿਰਕਤ ਸਿਖ ਸੰਤ ਹੋਏ ਹਨ-ਸੰਤ ਸਰਦੂਲ ਸਿੰਘ ਜੀ ! ਆਪ ਜੀ ਨੂੰ ਇਕ ਹੋਰ ਵਿਰਕਤ ਸੰਤ ਜੀ ਮਿਲੇ ਸਨ, ਜਿਨ੍ਹਾਂ ਦਾ ਪਹਿਲਾ ਜੀਵਨ ਤਾਂ ਚੰਗਾ ਨਹੀਂ ਸੀ, ਪਰ ਇਕ ਸਾਧੂ ਦੀ ਮੇਹਰ ਨਾਲ ਓਹ ਪੂਰਨ ਗੁਰਮੁਖ ਅਵਸਥਾ ਨੂੰ ਪਹੁੰਚੇ ਤੇ ਚੋਟੀ ਦੇ ਪਾਰਗਿਰਾਮੀ ਮਹਾਂਪੁਰਖ ਹੋਏ। ਬਹੁਤ ਕਾਲ ਸੰਤ ਸਰਦੂਲ ਸਿੰਘ ਜੀ ਨੇ ਉਨ੍ਹਾਂ ਦੇ ਹੁਕਮ ਮੂਜਬ ਘਾਲਾਂ ਘਾਲੀਆਂ। ਜਦ ਪੂਰਨ ਪਦ ਤੇ ਅੱਪੜੇ ਤਾਂ ਸੰਤਾਂ ਦੇ ਹੁਕਮ ਵਿਚ ਭੰਗਾਲੇ ਪਿੰਡ ਅਤੀਤ ਰਹਿਣਾ ਅਖਤਜਾਰ ਕੀਤਾ ਤੇ ਛੋਟਾ ਜੇਹਾ ਗੁਰਦੁਆਰਾ ਬਣਾ ਕੇ ਟਿਕ ਗਏ। ਆਪ ਰੰਗ ਰੱਤੇ ਰਹਿਣਾ ਪਰ ਦੁਨੀਆਂ ਨੂੰ ਭਲੇ ਪਾਸੇ ਲਾਉਣਾ, ਐਬ ਛੁਡਾਉਣੇ ਤੇ ਨਾਮ ਬਾਣੀ ਵਿਚ ਪਰਵਿਰਤ ਕਰਨਾ। ਆਪ ਬੋਲਦੇ ਘੱਟ ਸੇ ਪਰ ਜਦ ਬੋਲਦੇ ਤਾਂ ਬੜਾ ਤਾਸੀਰ ਵਾਲਾ ਬੋਲਦੇ।

ਇਕ ਸਮੇਂ ਆਪ ਫਿਰਦੇ ਟੁਰਦੇ ਕਿਸੇ ਗਿਰਾਂ ਜਾ ਨਿਕਲੇ। ਜਿਥੇ ਆਪ ਨੇ ਪਿੰਡੋਂ ਬਾਹਰ ਰਹਿਕੇ ਨਾਮ ਬਾਣੀ ਦਾ ਪਰਚਾਰ ਕੀਤਾ। ਇਥੇ ਇਕ ਭਲਾ ਗੱਭਰੂ ਸੀ, ਨਾਮ ਸੀ ਭੋਲਾ ਸਿੰਘ। ਦੋ ਚਾਰ ਸੌ ਵਿਘੇ ਭੋਂ ਦਾ ਮਾਲਕ ਸੀ, ਵਿਆਹ ਬੀ ਸੁਹਣੇ ਘਰ ਹੋਇਆ ਸੀ। ਚੜ੍ਹਦੀ ਜਵਾਨੀ ਸੀ ਪਰ ਐਬ ਕੋਈ ਨਹੀਂ ਸੀ। ਸੰਤ ਸਰਦੂਲ ਸਿੰਘ ਜੀ ਦਾ ਓਥੇ ਜਾਣਾ ਇਸ ਸੁਹਣੇ ਜਵਾਨ ਲਈ ਸਤਿਸੰਗ ਦਾ ਅਵਸਰ ਬਣ ਗਿਆ। ਐਸਾ ਅਸਰ ਹੋਇਆ ਕਿ ਵੈਰਾਗ ਹੋ ਗਿਆ। ਨਾ ਭੋਲਾ ਸਿੰਘ ਨੂੰ ਹੁਣ ਵਹੁਟੀ ਚੰਗੀ ਲੱਗੇ, ਨਾ ਘਰ, ਸਾਕ, ਨਾ ਇੰਨੀ ਬਹੁਤ ਜ਼ਿਮੀ ਦਾ ਲਾਲਚ ਫੁਰੇ। ਇਹੋ ਦਿਲ ਚਾਹੇ ਕਿ ਸੰਤਾਂ ਤੋਂ ਨਾ ਵਿਛੜਾਂ, ਇਨ੍ਹਾਂ ਦੇ ਬਚਨ ਸੁਣਦਾ ਰਹਾਂ ਤੇ ਇਨ੍ਹਾਂ ਦੀ ਸੇਵਾ ਕਰਦਾ ਰਹਾਂ। ਜੋ ਹੁਕਮ ਕਰਨ ਉਹ ਮੇਰਾ ਜੀਵਨ ਹੋਵੇ। ਆਖਰ ਘਰ ਬਾਰ ਛੱਡਕੇ ਸੰਤਾਂ ਕੋਲ ਆ ਗਏ। ਸੰਤਾਂ ਨੇ ਬਹੁਤ ਯਤਨ ਕੀਤੇ ਕਿ ਅਪਣੇ ਘਰ ਰਹੇ ਤੇ ਘਰ ਰਹਿਕੇ ਸਿਖੀ ਕਮਾਵੇ, ਗ੍ਰਿਹਸਤ ਉਦਾਸੀ ਹੋਵੇ, ਨਾ ਪਰਵਾਰ ਔਖਾ ਹੋਵੇ ਨਾ ਇਹ ਅਤੀਤਾਂ ਵਾਲੀਆਂ ਤਤਿਖਯਾਂ ਵਿਚ ਪਵੇ, ਪਰ ਵੈਰਾਗ ਇਤਨਾ ਤੀਬਰ ਸੀ ਕਿ ਨਾ ਪਰਵਾਰ ਵਲੋਂ ਖਿੱਚ ਤੇ ਪਜਾਰ ਦੀ ਤੇ ਨਾਂ ਸੰਤਾਂ ਵਲੋਂ ਉਪਦੇਸ਼ ਦੀ ਪੇਸ਼ ਗਈ, ਆਪ ਐਸੇ ਵੈਰਾਗ ਹਥ ਵਿਕਾਨੇ ਕਿ ਸਭ ਕੁਛ ਛਡਕੇ ਸੰਤਾਂ ਦੇ ਦੁਆਰੇ ਟਿਕ ਗਏ। ਬਾਣੀ ਦਾ ਪਾਠ ਕੀਰਤਨ, ਨਾਮ ਦਾ ਅਭਜਾਸ ਤੇ ਵਾਹਿਗੁਰੂ ਜੀ ਦਾ ਪ੍ਰੇਮ ਅਤਿ ਪ੍ਰਬਲ ਪੈ ਗਏ। ਕੋਈ ਇਕ ਦੋ ਬਰਸ ਨਹੀਂ, ਵੀਹ ਬਾਈ ਬਰਸ ਇਸ ਤਰ੍ਹਾਂ ਬੀਤੇ। ਸੰਤਾਂ ਨੂੰ ਤਰਨਤਾਰਨ ਗੁਰਦੁਆਰੇ ਯਾਤ੍ਰਾ ਦਾ ਪ੍ਰੇਮ ਸੀ। ਉਨ੍ਹਾਂ ਨੇ ਸਰੋਵਰ ਦੇ ਕਿਨਾਰੇ ਜ਼ਿਮੀਂ ਲੈ ਕੇ ਅਪਣੇ ਰਹਿਣ ਲਈ ਬੁੰਗਾ ਬਣਾਇਆ। ਇਸ ਬੁੰਗੇ ਦੀ


www.sikhbookclub.com

ਇਮਾਰਤ ਵਿਚ ਜੋ ਚੂਨਾ ਲਗਾ ਹੈ, ਓਹ ਵੈਰਾਗੀ ਜਗਜਾਸੂ ਭੋਲਾ ਸਿੰਘ ਜੀ ਦੇ ਹੱਥਾਂ ਦਾ ਪੀਸਿਆ ਹੋਇਆ ਹੈ। ਅਪਣੇ ਅਭਜਾਸ ਭਜਨ ਪਾਠ ਤੋਂ ਛੁੱਟ ਆਪ ਡੇਰੇ ਵਿਚ ਭੰਗਾਲੇ ਚਾਹੋ ਤਰਨਤਾਰਨ ਆਈ ਸਾਧ ਸੰਗਤ ਲਈ ਆਟਾ ਪੀਸਦੇ, ਲੰਗਰ ਤਯਾਰ ਕਰਦੇ, ਛਕਾਉਂਦੇ, ਜਲ ਪਿਲਾਉਂਦੇ, ਪੱਖੇ ਕਰਦੇ, ਗੱਲ ਕੀ ਹਰ ਇਕ ਸੇਵਾ ਕਰਦੇ। ਹੁਣ ਆਪ ਇੰਨੇ ਅਨੁਭਵੀ ਹੋ ਗਏ ਕਿ ਸੇਵਾ ਸੇਵਾ ਨਾ ਰਹੀ; ਸੇਵਾ ਵਿਚ ਆਤਮ ਦ੍ਰਿਸ਼ਟੀ ਖੁਲ ਗਈ। ਪਰਮਾਤਮ ਅਨੁਭਵਤਾ ਹੋ ਆਈ। ਇਕ ਵੇਰ ਦੀ ਭੰਗਾਲੇ ਦੀ ਗਲ ਹੈ ਕਿ ਰਾਤ ਦਸ ਖਾਰਾਂ ਵਜੇ ਦੇ ਕ੍ਰੀਬ ਸੰਤ ਸਰਦੂਲ ਸਿੰਘ ਜੀ ਨੇ ਕਿਹਾ-ਭੋਲਾ ਸਿੰਘਾ ਬਈ ਖੂਹ ਤੇ ਜਾਹ, ਕਣਕ ਪੱਕੀ ਖਲੀ ਹੈ ਤੇ ਇਹ ਅੰਨ ਸਾਧ ਸੰਗਤ ਲਈ ਤਿਆਰ ਹੋਇਆ ਹੈ, ਐਸਾ ਨਾ ਹੋਵੇ ਕਿ ਕੋਈ ਰਾਤ ਨੂੰ ਕੁਛ ਭਰੀਆਂ ਵੱਢ ਲਿਜਾਏ, ਤੂੰ ਐਸਕੁ ਵੇਲੇ ਰੋਜ਼ ਚਲਾ ਜਾਯਾ ਕਰ, ਲਾਵੀ ਲਾ ਕੇ ਵਾਢੀ ਕਰਨ ਤਕ ਕੁਛ ਦਿਨ ਰਾਤ ਰਾਖੀ ਕਰਿਆ ਕਰ। 'ਸਤਿ ਬਚਨ' ਕਹਿਕੇ ਆਪ ਜੀ ਖੂਹ ਨੂੰ ਚਲੇ ਗਏ। ਇਸ ਵੇਲੇ ਤਾਰਿਆਂ ਛਟਕੀ ਰਾਤ ਸੀ, ਆਪ ਜੀ ਸ਼ਾਂਤਿ ਸਤੋਗੁਣੀ ਭਾਵਾਂ ਵਿਚ ਝੂਟਦੇ ਆਤਮ ਅਨੁਭਵਤਾ ਵਿਚ ਸਨ ਕਿ ਖੂਹ ਦੇ ਲਾਗੇ ਪੁਜਕੇ ਆਪ ਨੇ ਡਿੱਠਾ ਕਿ ਚਾਰ ਆਦਮੀ ਕਣਕ ਵੱਢਕੇ ਪੰਡਾਂ ਬੰਨ੍ਹਕੇ ਇਕ ਦੂਸਰੇ ਨੂੰ ਚੁਕਾ ਰਹੇ ਹਨ। ਜਦ ਤਿੰਨ ਜਣੇ ਪੰਡਾਂ ਚੁੱਕ ਕੇ ਟੁਰ ਪਏ ਤਾਂ ਚਉਥੇ ਨੇ ਕਿਹਾ ਭਾਈ ਮੈਨੂੰ ਵੀ ਚੁਕਾਓ। ਉਹਨਾਂ ਨੇ ਕਿਹਾ ਕਿ ਬਈ ਪੰਡਾਂ ਭਾਰੀਆਂ ਹਨ ਸਾਥੋਂ ਨਾ ਉਹੜਿਆ ਜਾਂਦਾ ਹੈ ਨਾ ਚੁਕਾਇਆ ਜਾਂਦਾ ਹੈ, ਤੂੰ ਜਾਣ ਤੇ ਤੇਰਾ ਕੰਮ। ਇਹ ਕਹਿਕੇ ਉਹ ਤਾਂ ਰਾਹੇ ਪੈ ਗਏ ਤੇ ਇਧਰ ਸ੍ਰੀ ਭੋਲਾ ਸਿੰਘ ਜੀ ਨੇ ਅੱਗੇ ਹੋ ਕੇ ਕਿਹਾ ਭਰਾਵਾ ਤੂੰ ਕਿਉਂ ਦੁਖੀ ਹੋ ਰਿਹਾ ਹੈਂ, ਆ ਤੈਨੂੰ ਪੰਡ ਮੈਂ ਚੁਕਾ ਦੇਂਦਾ ਹਾਂ। ਚੋਰ ਨੇ ਕਿਹਾ ਤੇਰਾ ਭਲਾ ਹੋਵੇ। ਸੋ ਆਪ ਜੀ ਨੇ ਅੱਗੇ ਹੋ ਕੇ ਪੰਡ ਚੁਕਾ ਦਿਤੀ ਤੇ ਆਪ ਉਸੇ ਉਚੇ ਰੰਗ ਵਿਚ ਖੂਹ ਤੇ ਬੈਠ ਗਏ। ਜਿਸ ਰੰਗ ਵਿਚ ਆਰੂੜ ਸੇ ਬੱਝਾ ਰਿਹਾ, ਜਿਸ 'ਸਰਬ ਆਤਮ ਅਨੁਭਵਤਾ' ਵਿਚ ਸਨ ਉਸ ਵਿਚ ਝੂਮਦੇ ਰਹੇ। ਸਵੇਰ ਹੋਈ, ਪਹੁ ਫੁਟੀ, ਆਪ ਦੀ ਸੁਰਤ ਬੀ ਸਰੀਰ ਸੰਭਾਲੇ ਵਿਚ ਆਈ, ਡੇਰੇ ਆਏ ਤੇ ਆਪਣੇ ਡੇਰੇ ਅਤੇ ਸੰਤਾਂ ਦੀ ਰੋਜ਼ ਦੀ ਸੇਵਾ ਰੋਜ਼ ਵਾਂਙੂ ਕੀਤੀ। ਸੰਗਤ ਨੂੰ ਸੰਤਾਂ ਨੂੰ ਪ੍ਰਸ਼ਾਦ ਛਕਾਇਆ। ਤੀਸਰੇ ਪਹਿਰ ਸੰਤ ਸਰਦੂਲ ਸਿੰਘ ਜੀ ਵਿਹੜੇ ਵਿਚ ਹੋ ਬੈਠੇ। ਤਦ ਆਪ ਜੀ ਨੇ ਪੁਛਿਆ:-ਭੋਲਾ ਸਿੰਘ ! ਰਾਤ ਸੁਖ ਬੀਤ਼ੀ ? ਸ੍ਰੀ ਭੋਲਾ ਸਿੰਘ ਜੀ ਨੇ ਕਿਹਾ: ਜੀ ਆਪ ਦੇ ਚਰਨਾਂ ਦਾ ਸਦਕਾ ਸੁਹਣੀ ਬੀਤੀ।

ਸੰਤਾਂ ਕਿਹਾ-ਕੋਈ ਰਾਤ ਆਇਆ ਗਿਆ ਤਾਂ ਨਹੀਂ ? ਇਹ ਸੁਣਕੇ ਸਿਰੇ ਚੜ੍ਹ ਗਏ ਜਗਜਾਸੂ ਸ੍ਰੀ ਭੋਲਾ ਸਿੰਘ ਜੀ ਨੇ ਸਾਰਾ ਹਾਲ ਕਹਿ ਸੁਣਾਇਆ। ਸਾਰੀ ਵਾਰਤਾ ਸੁਣਕੇ ਸੰਤਾ ਦੀ ਖੁਸ਼ੀ ਦੀ ਹੱਦ ਨਾ ਰਹੀ, ਉਠਕੇ ਆਪਣੇ ਜਗਜਾਸੂ ਨੂੰ ਛਾਤੀ ਨਾਲ ਲਾ ਲਿਆ। ਹਾਂ ! ਅਜ ਪਹਿਲਾ ਦਿਨ ਸੀ ਕਿ ਵੀਹ ਬਾਈ ਬਰਸ ਦੀ ਘਾਲ ਵਿਚ ਸੰਤਾਂ ਨੇ ਅਪਣੇ ਦਿਲ ਵਿਚ ਅਪਣੇ ਸੇਵਕ ਨਾਲ ਲੁਕਵੇਂ ਪਜਾਰ ਨੂੰ ਰੋਕਣ ਦੀ ਹੋਰ ਤਾਬ ਨਾ ਦੇਖੀ। ਛਾਤੀ ਨਾਲ ਘੁੱਟਿਆ, ਸਿਰ ਤੇ ਪਿਆਰ ਦਿਤਾ ਤੇ ਆਖਿਆ-ਬੱਚਾ ਘਾਲ ਥਾਂ ਪਈ। ਕੁਛ ਚਿਰ ਚੁਪ ਰਹੇ, ਨੈਣ ਭਰ ਭਰ ਆਏ, ਬੁੱਲ੍ਹ ਫਰਕੇ ਪਰ ਚੁਪ ਰਹੇ। ਕੁਛ ਚਿਰ ਮਗਰੋਂ ਫੇਰ ਬੋਲੇ ਕਾਕਾ ! ਤੈਨੂੰ ਉਸ ਵੇਲੇ ਚੋਰ ਚੋਰ ਨਾ ਦਿੱਸੇ ? ਆਪ ਬੋਲੇ : ਦਾਤਾ ਜੀਓ, ਜਦ ਮੈਂ ਆਪਦੀ ਆਗਿਆ ਵਿਚ ਖੂਹ ਨੂੰ ਜਾ ਰਿਹਾ ਸੀ, ਮੈਨੂੰ ਅਚਾਨਕ ਇੰਵ ਭਾਸਿਆ ਕਿ ਵਣ ਤਿਣ ਪਰਬਤ ਵਿਚ ਇਕ ਜੋਤ ਪਰੀਪੂਰਣ ਹੈ। ਜੋ ਏਕਤ੍ਰ ਵਿਚ ਹੈ ਫੇਰ ਨਾਨਤ੍ਵ ਵਿਚ ਉਸੇ ਦਾ ਖੇਲ ਹੋ ਰਿਹਾ ਹੈ। ਉਹੀ ਕਰਤਾ, ਉਹੀ ਪਾਲਕ, ਸੰਭਾਲਕ, ਮਾਲਕ ਹੈ, ਨਾਨਾ ਰੂਪ ਹੈ, ਫਿਰ ਇਕ ਹੈ। ਉਹੀ ਮਾਲਕ ਉਹੀ ਪਾਲਕ ਹੈ, ਸਾਰੇ ਉਸਦੇ ਦਰੋਂ ਲੈ ਕੇ ਖਾ ਰਹੇ ਹਨ। ਸਭ ਭੰਡਾਰੇ ਉਸਦੇ ਹਨ, ਸਭ ਭਿਖਾਰੀ ਉਸਦੇ ਹਨ। ਖੇਤ ਉਸਦੇ, ਫਸਲ ਉਸਦੇ, ਵੱਢਣ ਹਾਰ, ਲੈਣ ਹਾਰ ਸਭ ਇਕੇ ਦਰ ਦੇ ਭਿਖਾਰੀ ਹਨ। ਇਸ ਲੱਖਤਾ ਦੇ ਆਨੰਦ ਵਿਚ ਮੈਂ ਖੂਹ ਤੇ ਜਾ ਪੁੱਜਾ ਤਾਂ ਮੈਂ ਡਿੱਠਾ ਕਿ ਕੁਛ ਦੂਰ ਤ੍ਰੈ ਚਾਰ ਜਣੇ ਭਰੀਆਂ ਚੁਕਾ ਰਹੇ ਹਨ। ਫੇਰ ਮੈਂ ਡਿੱਠਾ ਕਿ ਤ੍ਰੈ ਤਾਂ ਟੁਰ ਪਏ ਹਨ ਤੇ


www.sikhbookclub.com

ਚੌਥੇ ਨੂੰ ਮੈਂ ਡਿੱਠਾ ਕਿ ਆਪਣੀ ਭਰੀ ਆਪੇ ਚੁਕ ਨਹੀਂ ਸਕਦਾ ਤੇ ਸਾਥੀਆਂ ਨੂੰ ਕੁਰਲਾ ਰਿਹਾ ਹੈ ਕਿ ਮੈਨੂੰ ਵੀ ਪੰਡ ਚੁਕਾਓ, ਪਰ ਓਹ ਵਾਹੋ ਦਾਹੀ ਰਾਹੇ ਪੈ ਗਏ ਹਨ ਤੇ ਇਹ ਦਾਤਾ ਦੇ ਦਰੋਂ ਦਾਨ ਲੈ ਕੇ ਚੁੱਕਣ ਖੁਣੋਂ ਰੋ ਰਿਹਾ ਹੈ, ਤਾਂ ਮੇਰੇ ਮਨ ਦਇਆ ਆਈ ਤੇ ਮੈਂ ਅਗੇ ਹੋ ਕੇ ਉਸ ਨੂੰ ਭਰੀ ਚੁਕਾ ਦਿਤੀ। ਸਹੁੰ ਜੇ, ਮੈਨੂੰ ਨਹੀਂ ਉਸ ਵੇਲੇ ਭਾਸਿਆ ਕਿ ਮੈਂ ਮਾਲਕ ਵਲੋਂ ਰਾਖਾ ਹਾਂ ਕਿ ਇਹ ਚੋਰ ਹੈ ਕਿ ਸਾਧ ਹੈ। 'ਓਹ ਦਾਤਾ ਜਗ ਮੰਗਤਾ' ਕੇਵਲ ਇਹ ਕੁਛ ਦਿੱਸ ਰਿਹਾ ਸੀ। ਉਸ ਵੇਲੇ ਤੇ ਮੈਂ ਓਥੇ ਬੈਠਾ ਰਿਹਾ, ਕਦੇ ਅੱਖ ਲਗ ਗਈ ਕਦੇ ਖੁੱਲ੍ਹ ਗਈ, ਪਰ ਇਹੋ ਹੀ ਦਿੱਸਦਾ ਰਿਹਾ ਹੈ ਕਿ ਜਾਗਤ ਜੋਤ ਪਰੀ ਪੂਰਣ ਹੈ, ਉਹੀ ਕਰਤਾ ਹੈ ਉਹੀ ਭਰਤਾ ਹੈ ਵਿਸ਼ਵੰਭਰ ਹੈ। ਰਾਤ ਤਾਂ ਇਸੇ ਰੰਗ ਲੰਘ ਗਈ। ਪਰ ਜਦ ਦਿਨ ਹੋਇਆ ਤਾਂ ਮੈਂ ਡੇਰੇ ਨੂੰ ਮੁੜਿਆ। ਉਸ ਵੇਲੇ ਤੋਂ ਕਈ ਵੇਰ ਇਹ ਸੋਚ ਫੁਰਦੀ ਹੈ ਕਿ ਮੈਂ ਤਾਂ ਰਾਖਾ ਸਾਂ, ਹੁਕਮ ਸੀ ਰਾਖੀ ਕਰਨੇ ਦਾ ਤੇ ਮੈਂ ਸਗੋਂ ਕਣਕ ਚੁਕਾ ਦਿਤੀ। ਫੇਰ ਸੋਚ ਫੁਰਦੀ ਹੈ: ਮੈਨੂੰ ਚੋਰ ਸਾਧ ਰਾਖਾ ਭਾਸੇ ਹੀ ਨਹੀਂ। ਇਹ ਤਾਂ ਖਬਰੇ ਉਸ ਵੇਲੇ ਕੋਈ ਦ੍ਰਿਸਟੀ ਹੀ ਹੋਰ ਹੋ ਗਈ ਸੀ! ਫਿਰ ਸੋਚਦਾ ਹਾਂ ਕਿ ਮੇਰੀ ਇਹ ਦ੍ਰਿਸ਼ਟੀ ਸਰਵੱਗਤਾ ਵਾਲੀ ਖੁਹਲਣੇ ਲਈ ਹੀ ਆਪ ਨੇ ਰਾਤ ਵਾਲਾ ਕਉਤਕ ਰਚਿਆ ਹੋਣਾ ਹੈ। ਪਰ ਫੇਰ ਫਿਕਰ ਆ ਪੈਂਦਾ ਹੈ ਕਿ ਮੈਂ ਤਾਂ ਰਾਖਾ ਸਾਂ, ਭਲੀ ਮਾਲਕ ਦੇ ਮਾਲ ਦੀ ਰਾਖੀ ਕੀਤੀ, ਤਾਂ ਸ਼ਰਮ ਆਉਂਦੀ ਹੈ, ਆਪ ਦੇ ਚਰਨਾ ਵਿਚ ਮਾਫੀ ਦੀ ਜਾਚਨਾ ਫੁਰਦੀ ਹੈ।

ਇਹ ਸੁਣ ਕੇ ਸੰਤਾਂ ਦੇ ਨੈਣਾਂ ਵਿਚ ਫੇਰ ਨੀਰ ਭਰ ਆਇਆ। ਆਖਣ ਲਗੇ :-

ਕਾਕਾ ! ਗੁਰੂ ਨਾਨਕ ਦੀ ਮਿਹਰ ਹੋਈ ਹੈ, ਤੂੰ ਅਤੀਤ ਸਿਖ ਹੈਂ, ਤੂੰ "ਮੈਂ ਮੇਰੀ" ਤੋਂ ਉਚੇ ਉਠਣਾ ਹੈ ਸੀ, ਤੂੰ 'ਮੈਨੂੰ ਤੈਨੂੰ' ਤੇ ਫਤੇ ਪਾਉਣੀ ਸੀ, ਗੁਰੂ ਨੇ ਤੈਨੂੰ ਬ੍ਰਹਮ-ਦ੍ਰਿਸ਼ਟੀ ਬਖਸ਼ਣੀ ਸੀ, ਸੋ ਉਮਨੇ ਇਸ ਕਉਤਕ ਵਿਚ ਬਖਸ਼ ਦਿੱਤੀ ਹੈ, ਤੇਰੇ ਤਰੈਏ ਤਾਪ ਨਵਿਰਤ ਹੋਏ। ਕਹੁ-ਧੰਨ ਗੁਰੂ ਨਾਨਕ।......ਫੇਰ ਬੋਲੇ- ਬਚਾ ਭੋਲਾ ਸਿੰਘਾ! ਇਕ 'ਮਾਲ' ਹੈ, ਇਕ ਮਾਲਕ ਹੈ। ਮਾਲਕ ਹੈ ਵਾਹਿਗੁਰੂ, ਮਾਲ ਹੈ ਜੋ ਦੂਜੀ ਕੁਦਰਤ ਉਸਨੇ ਸਾਜੀ ਹੈ। ਮਾਲਕ ਜਾਣੇ ਮਾਲ ਸੰਭਾਲੇ, ਦੇਵੇ, ਲਵੇ, ਵੰਡੇ, ਜੋ ਫਕੀਰ ਮਾਲ ਦਾ ਮਾਲਕ ਬਣੇ ਤਾਂ ਸ਼ਰੀਕਾ ਕਰਦਾ ਹੈਂ ਮਾਲਕ ਨਾਲ, ਫਕੀਰ ਨੇ ਤਾਂ ਮਾਲ ਤੋਂ ਹਥ ਧੋਤੇ ਹਨ ਤੇ ਮਾਲਕ ਦੇ ਪਿਆਰ ਵਿਚ ਪ੍ਰੋਤਾ ਹੈ। ਉਹ ਜੋ ਮਾਲ ਉਤੇ ਅਪਣੀ ਮਾਲਕੀ ਦਾ ਜੱਫਾ ਟਿਕਾਏਗਾ ਤਾਂ ਮਾਲਕ ਦੇ ਪਿਆਰ ਤੋਂ ਘੁੱਸਕੇ ਉਤਨਾ ਹੀ ਮਾਲ ਦੇ ਪਿਆਰ ਵਿਚ ਚਲਾ ਜਾਵੇਗਾ॥ ਸੋ ਅਤੀਤ ਸਾਧੂ ਫਕੀਰ ਸਿਖ ਨੂੰ ਕੇਵਲ ਮਾਲਕ ਦੀ ਲੋੜ ਹੈ, ਜੋ ਸਾਰੇ ਮਾਲ ਦਾ ਮਾਲਕ ਹੈ। ਮੈਂ, ਮੇਰੀ, ਮੈਨੂੰ, ਤੈਨੂੰ, ਮੇਰੇ, ਤੇਰੇ ਅਤੀਤ ਸਿਖ ਸਾਧੂ ਲਈ ਮੂਲੋਂ ਬਿਵਰਜਤ ਹਨ। ਬਚਾ ! ਅਜ ਤੇਰੇ ਤੇ ਗੁਰੂ ਨਾਨਕ ਦੀ ਮਿਹਰ ਹੋਈ ਹੈ ਕਿ ਤੇਰੀ ਦ੍ਰਿਸ਼ਟੀ ਖੁੱਲ੍ਹ ਗਈ ਹੈ ਤੇ ਏਹ ਹੱਦ ਬੰਨੇ ਟੱਪ ਗਈ ਹੈ। ਘਰੋਂ ਬੀ ਤਾਂ ਤ੍ਰੈ ਚਾਰ ਸੌ ਵਿਘੇ ਦੀ ਮਾਲਕੀ ਡੰਗਰ ਵੱਛਾ ਘਰ ਕੋਠਾ ਛੱਡਕੇ ਆਯਾ ਸੈਂ, ਪਰ ਤਦੋਂ ਵੈਰਾਗ ਸੀ। ਬ੍ਰਹਮ ਦ੍ਰਿਸ਼ਟੀ ਨਹੀਂ ਸੀ, ਅਜ ਭਾਗ ਲੱਗਾ ਹੈ ਕਿ ਬ੍ਰਹਮ ਦ੍ਰਿਸ਼ਟੀ ਪ੍ਰਾਪਤ ਹੋਈ ਹੈ।

ਇਸ ਤਰ੍ਹਾਂ ਦੇ ਉਪਦੇਸ਼ ਹੋ ਰਹੇ ਸਨ ਕਿ ਰਾਤ ਵਾਲੇ ਚੋਰ ਆ ਗਏ। ਸੰਤ ਮੰਜੇ ਤੇ ਬੈਠੇ ਸਨ, ਪਿਆਰੇ ਜਗਿਆਸੂ ਸ੍ਰੀ ਭੋਲਾ ਸਿੰਘ ਜੀ ਪੈਂਦ ਵਲ ਖੜੇ ਅਪਣੇ ਗੁਰਮੁਖ ਦਾਤੇ ਦੇ ਬਚਨਾਂ ਦਾ ਅੰਮ੍ਰਿਤ ਪੀ ਰਹੇ ਸਨ। ਇਸ ਵੇਲੇ ਰਾਤ ਵਾਲੇ ਚੋਰ ਆ ਕੇ ਧਰਤੀ ਉਤੇ ਡੰਡੌਤ ਕਰਕੇ ਖੜੋ ਗਏ। ਇਕ ਨੇ ਕਿਹਾ ਹੇ ਸੰਤ ਜੀ ਮਹਾਰਾਜ, ਅਸਾਂ ਤੋਂ ਭਾਰੀ ਖੁਨਾਮੀ ਹੋਈ ਹੈ, ਰਾਤ ਅਸਾਂ ਨੇ ਆਪ ਜੈਸੇ ਜਗਤ ਦੇ ਮਾਲਕ ਦੀ ਖੜੀ ਫਸਲ ਦੀ ਚੋਰੀ ਕੀਤੀ ਹੈ। ਅਸੀਂ ਪਾਪੀ ਲੋਕ ਹਾਂ ਆਪੋ ਧਾਪੀ ਸਾਡਾ ਧਰਮ ਹੈ। ਫਸਲ ਚੌਹਾਂ ਨੇ ਵੱਢੀ, ਤ੍ਰੈ ਅਸੀਂ ਤਾਂ ਲੈ ਕੇ ਤਿਤਰ ਹੋਏ ਤੇ ਚੌਥੇ ਸਾਥੀ (ਉਸ ਵਲ ਉਂਗਲ ਕਰਕੇ) ਨੂੰ ਕੁਰਲਾਂਦਾ ਛਡ ਗਏ। ਉਸ ਨੂੰ ਆਪਦੇ ਪਿਆਰੇ ਨੇ ਫੜ ਲੈਣ ਦੀ ਥਾਵੇਂ ਸਗੋਂ ਪੰਡ


www.sikhbookclub.com

ਚੁਕਾ ਦਿਤੀ। ਸਾਡਾ ਇਹ ਸਾਥੀ ਲਿੱਸਾ ਸੀ, ਆਪਦਾ ਬਾਲਕਾ ਬਹੁਤ ਤਕੜਾ ਸੀ, ਚਾਹੁੰਦਾ ਤਾਂ ਥਾਂ ਰਖਦਾ, ਚਾਹੁੰਦਾ ਤਾਂ ਮੁਸ਼ਕਾਂ ਤਾੜ ਦਿੰਦਾ, ਪਰ ਉਸਨੇ ਸਗੋਂ ਇਸ ਨੂੰ ਪੰਡ ਚੁਕਾ ਦਿੱਤੀ। ਸਾਨੂੰ ਸਵੇਰ ਸਾਰ ਕਿਸੇ ਦੱਸਿਆ ਹੈ "ਰਾਤ ਜਿਸਨੇ ਤੁਹਾਡੇ ਚੌਥੇ ਸਾਥੀ ਨੂੰ ਪੰਡ ਚੁਕਾਈ ਉਹ ਕੋਈ ਰਾਹੀ ਯਾ ਤੁਹਾਡੇ ਵਰਗਾ ਚੋਰ ਨਹੀਂ ਸੀ, ਉਹ ਤਾਂ ਸੰਤਾਂ ਦਾ ਬਾਲਕਾ ਭੋਲਾ ਸਿੰਘ ਸੀ, ਜੋ ਹੁਣ ਡੇਰੇ ਵਿਚ ਉਚ ਕੋਟੀ ਦਾ ਸੰਤ ਸਮਝਿਆ ਜਾਂਦਾ ਹੈ। ਦੇਖੋ ਉਟ ਆਇਆ ਤਾਂ ਰਾਖੀ ਕਰਨ ਸੀ ਖੜੀ ਫਸਲ ਦੀ, ਪਰ ਉਸਦੀ ਨਜ਼ਰ ਵਿਚ ਚੋਰ ਸਾਧ ਕੀਕੂੰ ਇਕ ਹੋਏ ਹਨ ਕਿ ਚੋਰ ਨੂੰ ਫੜਿਆ ਨਹੀਂ ਸਗੋਂ ਆਪਣਾ ਮਾਲ ਆਪ ਚੁਕਾ ਦਿਤਾ। ਧ੍ਰਿਗ ਹੈ ਤੁਹਾਡੇ, ਜਿਨ੍ਹਾਂ ਨੇ ਐਸੇ ਗੁਰਮੁਖਾਂ ਦੀ ਚੋਰੀ ਕੀਤੀ ਹੈ, ਜਿਨ੍ਹਾਂ ਦਾ ਇਹ ਸਾਰਾ ਅੰਨ, ਅਭਜਾਗਤ ਦੇ ਲੰਗਰ ਤੇ ਖਰਚ ਹੁੰਦਾ ਹੈ; ਹੋਰ ਥੋੜੇ ਮਨ ਖੇਤ ਚੋਰੀ ਲਈ।" ਇਹ ਸੁਣਕੇ ਸਾਨੂੰ ਡਾਢੀ ਸ਼ਰਮ ਆਈ ਕਿ ਅਸਾਂ ਤਾਂ ਆਪਦਾ ਘਰ ਭੰਨਿਆਂ ਤੇ, ਆਪ ਤਾਂ ਆਪ, ਆਪਦੇ ਬਾਲਕੇ ਐਡੇ ਔਗੁਣਾਂ ਦੀ ਥਾਵੇਂ ਗੁਣ ਕਰਨੇ ਵਾਲੇ ਹਨ ਕਿ ਫੜਨ ਦੇ ਥਾਂ ਚੋਰੀ ਦਾ ਮਾਲ ਹੀ ਚੁਕਾ ਦਿਤਾ, ਜਿਵੇਂ ਸਾਡੇ ਪਿਉ ਦਾਦੇ ਦਾ ਹੁੰਦਾ ਹੈ। (ਠੰਢਾ ਸਾਹ ਲੈ ਕੇ) ਇਕ ਪਾਸੇ ਅਸੀਂ ਹਾਂ ਚੋਰ, ਦੂਜੇ ਪਾਸੇ ਆਪ ਦੇ ਸਾਧ ਰਾਖੇ, ਜੋ ਔਹ ਖੜੇ ਹਨ। ਧ੍ਰਿਕਾਰ ਹੈ ਸਾਡੇ ਜੀਉਣ ਦੇ। ਅਸੀਂ ਪਾਪੀ ਲੋਕ ਪੱਥਰ ਹੁੰਦੇ ਹਾਂ ਪਰ ਅਜ ਸਾਨੂੰ ਓਹ ਸ਼ਰਮ ਆਈ ਹੈ ਕਿ ਜ਼ਿਮੀਂ ਵਿਹਲ ਦੇਵੇ ਤਾਂ ਗਰਕ ਹੋ ਜਾਈਏ।.....ਹੁਣ ਆਪ ਦਾ ਦਰ ਬਖਸ਼ਿੰਦ ਸਮਝਕੇ ਆਏ ਹਾਂ, ਚਾਹੇ ਮਾਰੋ, ਚਾਹੇ ਰਖੋ, ਚਾਹੇ ਫੜਾ ਦਿਓ ਤੇ ਕੈਦ ਪੁਆ ਦਿਓ! ਚਾਹੇ ਬਖਸ਼ ਦਿਓ। ਆਪ ਦੇ ਦਰ ਆ ਢੱਠੇ ਹਾਂ ਕਿਵੇਂ ਸਾਡਾ ਪਾਪ ਬਖਸ਼ ਹੋ ਜਾਏ ਇਹ ਬਜਰ ਪਾਪ ਹੈ ਜੋ ਅਸਾਂ ਗੁਰੂ ਦੇ ਦੁਆਰੇ ਦਾ ਕੀਤਾ ਹੈ, ਸਾਨੂੰ ਬਖਸ਼ੋ।

ਸੰਤ ਸੁਣਦੇ ਰਹੇ, ਨੈਣ ਮੁੰਦੇ ਰਹੇ, ਫੇਰ ਖੁਲ੍ਹੇ, ਲੰਮਾ ਸਾਹ ਲਿਆ ਤੇ ਬੋਲੇ-ਧੰਨ ਗੁਰੂ ਨਾਨਕ ! ਇਕੋ ਕਉਤਕ ਨਾਲ ਮੇਰੇ ਬੱਚੇ ਦੇ ਨੈਣ ਖੁਹਲ ਦਿਤੇ, ਬ੍ਰਹਮ ਦ੍ਰਿਸ਼ਟੀ ਬਖਸ਼ ਦਿੱਤੀ। ਉਸੇ ਇਕੋ ਕਉਤਕ ਨਾਲ ਚੋਰ ਸਾਧ ਬਣਾ ਦਿਤੇ।

*ਨਾਨਕ ਨਿਰਗੁਣਿ ਗੁਣੁ ਕਰੇ ਗੁਣਵੰਤਿਆ ਗੁਣੁ ਦੇ।* *(ਜਪੁਜੀ)*

ਭੋਲਾ ਸਿੰਘ ! ਤੂੰ ਗੁਣਵਾਨ ਸਾਧੂ ਸੈਂ, ਤੈਨੂੰ ਹੋਰ ਗੁਣ ਲਾ ਕੇ ਗੁਰ ਨਾਨਕ ਨੇ ਹੋਰ ਗੁਣਵਾਨ ਕਰ ਦਿਤਾ, ਤੇਰੀ ਚਰਮ ਦ੍ਰਿਸ਼ਟੀ ਹਿਰ ਲਈ, ਤੈਨੂੰ ਬ੍ਰਹਮ ਦ੍ਰਿਸ਼ਟੀ ਦੇ ਦਿੱਤੀ, ਲੀਲਾ ਦਿਖਾ ਦਿੱਤੀ, ਲੀਲਾ ਕਰਨ ਹਾਰ ਦਿਖਾ ਦਿਤਾ। ਇਹ ਦੇਖ ਆਪ ਨੂੰ ਆਪੇ ਚੋਰ ਆਖਣ ਵਾਲੇ ਨਿਰਗੁਣ ਮਨ, ਗੁਨਹਗਾਰ ਮਨ, ਇਨ੍ਹਾਂ ਨੂੰ ਗੁਰੂ ਨਾਨਕ ਨੇ ਪਛੁਤਾਵੇ ਦਾ, ਸਚੇ ਰਸਤੇ ਆ ਜਾਣ ਦਾ ਗੁਣ ਲਾ ਦਿੱਤਾ। ਹੁਣ ਸਾਡੇ ਪਾਸ ਕਿਹੜਾ ਗੁਣ ਹੈ ਜੋ ਉਸਨੂੰ ਲਾ ਸਕੀਏ, *'ਤੇਹਾ ਕੋਇ ਨ ਸੁਝਈ ਜਿ ਤਿਸੁ ਗੁਣੁ ਕੋਇ ਕਰੇ'*। ਹਾਂ ਅਸੀਂ ਸ਼ੁਕਰ ਕਰੀਏ, ਆਖੀਏ ਧੰਨ ਗੁਰੂ ਨਾਨਕ, ਤੂੰ ਧੰਨ ਹੈ ਜੋ ਨਿਰਗੁਣਾਂ ਨੂੰ ਗੁਣ ਕਰਦਾ ਤੇ ਗੁਣਵੰਤਿਆਂ ਨੂੰ ਹੋਰ ਗੁਣ ਕਰਦਾ ਹੈਂ! ਫੇਰ ਸੰਤ 'ਪਛੁਤਾਵੇ ਨਾਲ ਰੋਂਦੇ ਅਪਰਾਧੀਆਂ' ਵਲ ਤੱਕ ਕੇ ਬੋਲੇ :-ਭਾਈ ! ਗੁਰੂ ਨਾਨਕ ਨੇ ਅਜ ਤੁਹਾਡੀ ਬਾਂਹ ਫੜੀ ਹੈ, ਪੀੜ ਕਰਨ ਵਾਲਾ ਦਾਰੂ ਨਹੀਂ ਪਰ ਮਿੱਠਾ ਦਾਰੂ ਤੁਹਾਡੇ ਨੈਣੀਂ ਪਾਇਆ ਹੈ, ਤੁਹਾਡੇ ਬੀ ਨੈਣ ਖੋਲੇ ਹਨ। ਤੁਹਾਨੂੰ 'ਪਾਪ' ਦੀ ਸੋਝੀ ਹੋ ਆਈ ਹੈ, ਤੁਸੀਂ ਕੀਤੇ ਪਾਪ ਤੇ ਪਛੁਤਾਏ ਹੋ। ਹੁਣ ਤੁਸੀਂ ਗੁਰੂ ਬਾਬੇ ਦਾ ਲੜ ਫੜੋ, ਜਿਨ ਅਗਜਾਨ ਦੇ ਛਉੜ ਕੱਟੇ ਹਨ। ਅਜ ਤੋਂ ਚੋਰੀ ਆਦਿ ਪਾਪ ਛੱਡ ਦਿਓ, ਧਰਮ ਦੀ ਕਿਰਤ ਕਰੋ, ਧਰਮ ਦੀ ਖਾਓ, ਕਮਾਈ ਵਿਚੋਂ ਦਸਵੰਧ ਕੱਢ ਕੇ ਭਲੇ ਅਰਥ ਲਾਓ। ਗੁਰਦੁਆਰੇ ਹਾਜ਼ਰ ਹੋਵੋ ਰੋਜ਼ ਕੀਰਤਨ ਸੁਣੋ, ਪੰਜ ਪਾਠ ਰੋਜ਼ ਜਪੁਜੀ ਸਾਹਿਬ ਦੇ ਕਰੋ, ਜੋ ਮਨ ਦੀ ਹੋਰ ਮੈਲ ਕੱਟੀ ਜਾਵੇ। ਉਠਦੇ ਬਹਿੰਦੇ 'ਵਾਹਿਗੁਰੂ' ਦਾ ਜਾਪ ਕਰਿਆ ਕਰੋ; ਕੁਛ ਸਮੇਂ ਮਗਰੋਂ ਆਉਣਾ ਫੇਰ ਗੁਰੂ ਦਸਮੇਂ ਪਾਤਸ਼ਾਹ ਦਾ ਅੰਮ੍ਰਿਤ ਛਕ ਕੇ ਜਹਾਜ਼ੇ ਚੜ੍ਹ ਬੈਠਣਾ। ਤਦ ਤਕ ਤੁਸੀਂ ਚੋਖੇ ਨਿਰਮਲ ਹੋ ਜਾਓਗੇ।


www.sikhbookclub.com

ਚਹੁਵਾਂ ਪਸਚਾਤਾਂਪੀਆਂ ਨੇ ਮੱਥਾ ਟੇਕਿਆ। ਪਰ ਸੰਤ ਜੀ ਛੇਤੀ ਨਾਲ ਉਠ ਖਲੋਤੇ ਤੇ ਚੌਹ ਨੂੰ ਬਾਹੋਂ ਫੜਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਲਿਜਾ ਕੇ ਮੱਥਾ ਟਿਕਾਇਆ ਭਈ ਇਹ ਹੈ ਜਾਗਤੀ ਜੋਤ ਗੁਰੂ, ਦਸਾਂ ਹੀ ਸਤਿਗੁਰੂ ਦਾ ਰੂਪ, ਇਸਨੂੰ ਮੱਥਾ ਟੇਕੋ, ਤੇ ਕਿਹਾ: ਦੇਖੋ ਇਸਦਾ ਪਾਠ ਕਰੋ, ਵੀਚਾਰੋ, ਕੀਰਤਨ ਸੁਣੋ, ਅਮਲ ਕਰੋ !

ਫੇਰ ਉਹਨਾਂ ਵਿਚੋਂ ਇਕ ਨੇ ਕਿਹਾ: ਮਹਾਰਾਜ ਅਸੀਂ ਜੋ ਭਰੀਆਂ ਕਣਕ ਦੀਆਂ ਰਾਤ ਲੈ ਗਏ ਸਾਂ, ਲੈ ਆਏ ਹਾਂ, ਬਾਹਰ ਆਪਦੀ ਡੇਉਢੀ ਵਿਚ ਧਰੀਆਂ ਹਨ ਉਹ ਸੰਭਾਲ ਲਓ। ਬਖਸ਼ ਤਾਂ ਦਿਤਾ ਨੇ, ਹੁਣ ਸਾਡੇ ਅਪਰਾਧ ਨੂੰ ਭੁਲਾ ਕੇ ਲੜ ਲਾਈ ਰਖਣਾ।

ਸੰਤ ਬੋਲੇ:-ਗੁਰੂ ਭਲਾ ਕਰੇ। ਪਰ ਕਣਕ ਦੀਆਂ ਭਰੀਆਂ, ਨਾ ਭਾਈ ਇਹ ਮਾਲ ਤੁਹਾਡਾ ਹੈ, ਇਹ ਤੁਸੀਂ ਹੀ ਲੈ ਜਾਓ। ਅਗੇ ਤੁਸੀਂ ਆਪ ਨੂੰ ਚੋਰ ਲਖਦੇ ਹੋਏ ਲੈ ਗਏ ਸਾਓ, ਹੁਣ ਸਾਡੇ ਖੁਸ਼ੇ ਨਾਲ ਆਪ ਨੂੰ ਸਾਧੂ ਲਖਦੇ ਹੋਏ ਲੈ ਜਾਓ ਤੇ ਵਰਤੋ। ਓਹ ਬੋਲੇ: ਆਪ ਤਾਂ ਦਰਯਾ ਵਾਂਙੂ ਵਗ ਰਹੇ ਹੋ ਹੱਦ ਬੰਨੇ ਭੰਨ ਕੇ, ਪਰ ਸਾਨੂੰ ਲਾਜ ਆਉਂਦੀ ਹੈ। ਅਸੀਂ ਹੁਣ ਸੇਵਾ ਕਰੀਏ ਕਿ ਮਗੋਂ ਤੁਹਾਡੇ ਉਤੇ ਅਸੀਂ ਭਾਰ ਪਾਈਏ। ਇਹ ਡੇਰੇ ਦੀ ਵਸਤੂ ਹੈ, ਸਾਧ ਸੰਗਤ ਦੇ ਕੰਮ ਆਵੇ। ਸੰਤ ਬੋਲੇ : ਭਾਈ ਇਹ ਕਣਕ ਤੁਹਾਡੇ ਭਾਗਾਂ ਦੀ ਸੀ; ਤੁਸਾਂ ਹੀ ਖਾਣੀ ਸੀ। ਅਸਾਂ ਇਹ ਵੱਢਣੀ ਸੀ, ਗਾਹੁਣੀ ਸੀ, ਡੇਰੇ ਲਿਆ ਕੇ ਪੀਸਣੀ ਸੀ ਪਕਾਉਣੀ ਸੀ, ਫੇਰ ਤੁਸਾਂ ਕਿਸੇ ਨਾ ਕਿਸੇ ਤਰ੍ਹਾਂ ਆ ਕੇ ਖਾਣੀ ਸੀ, ਕਿਉਂਕਿ ਸਾਡੀ ਜਾਚੇ ਇਹ ਤੁਹਾਡੇ ਹੀ ਭਾਗਾਂ ਦੀ ਵਸਤੂ ਸੀ। ਹੁਣ ਤੁਸੀਂ ਜੇ ਭਰੀਆਂ ਵਿਚ ਇਸ ਨੂੰ ਲੈ ਜਾਓਗੇ ਤਾਂ ਸਾਡੇ ਤੇ ਕਿਰਪਾ ਹੋਵੇਗੀ। ਤੁਸੀਂ ਗਾਹੋਗੇ, ਤੁਸੀਂ ਪੀਹੋਗੇ, ਤੁਸੀਂ ਪਕਾਵੋਗੇ ਫੇਰ ਖਾਵੋਗੇ ਸੋ ਤੁਸੀਂ ਇਤਨੀ ਖੇਚਲ ਸਾਡੀ ਬਚਾ ਦਿਓਗੇ।

ਇਸ ਵੇਲੇ ਜੋ ਜੋ ਸਰੀਰ ਕੋਲ ਖੜੇ ਸਨ ਅਸਚਰਜ ਹੋ ਗਏ, ਕਿ ਇਕ ਪਾਸੇ ਜਗਜਾਸੂ ਖੜਾ ਹੈ, ਜਿਸ ਨੇ ਰਾਤ ਕਮਾਲ ਕੀਤਾ ਹੈ, ਦੂਏ ਪਾਸੇ ਗੁਰਮੁਖ ਸੰਤ ਖੜਾ ਹੈ ਜਿਸ ਨੇ ਹੁਣ ਉਸ ਤੋਂ ਵਧ ਕਮਾਲ ਕੀਤਾ ਹੈ। ਦੋਹਾਂ ਨੇ ਮੈਂ ਮੇਰੀ, ਮੇਰ ਤੇਰ, ਮੈਨੂੰ ਤੈਨੂੰ ਤੇ ਕੈਸੀ ਫਤੇ ਪਾਈ ਹੋਈ ਹੈ।

ਸੰਤ ਕੁਛ ਦਿਲਾਂ ਦੀ ਲਖ ਗਏ ਤੇ ਬੋਲੇ ਸਾਧ ਸੰਗਤ ਜੀ, *"ਸਭਿ ਗੁਣ ਤੇਰੇ ਮੈ ਨਾਹੀ ਕੋਇ।"* ਤੱਕੋ ਸਾਹਮਣੇ ਮੰਜੀ ਸਾਹਿਬ ਤੇ ਬਿਰਾਜੇ ਗੁਰੂ ਗ੍ਰੰਥ ਸਾਹਿਬ ਜੀ ਵਲ, ਇਹ ਇਸ ਜਾਗਤ ਗੁਰੂ ਦੀ ਕਲਾ ਵਰਤ ਰਹੀ ਹੈ। ਇਸ ਦੀ ਸਿਖ੍ਯਾ ਪੜ੍ਹੋ ਸੁਣੋ, ਵਰਤੋ, ਸਭ ਦੇ ਬੇੜੇ ਪਾਰ ਹੋਣਗੇ।

ਓਹ ਚਾਰੋਂ ਜ਼ੋਰ ਲਾ ਥੱਕੇ ਕਿ ਸੰਤ ਕਣਕ ਰਖ ਲੈਣ ਪਰ ਸੰਤ ਨਾ ਮੰਨੇ ਤੇ ਅੰਤ ਇਹ ਕਹਿਕੇ ਕਣਕ ਬਖਸ਼ ਦਿਤੀ ਕਿ ਤੁਸੀਂ ਸਾਡਾ ਬਚਨ ਮੰਨਕੇ ਸਾਡੀ ਖੁਸ਼ੀ ਸਮਝਕੇ ਲੈ ਜਾਓ। ਅਸੀਂ ਨਾ ਲਿਜਾਓ ਤਾਂ ਖੁਸ਼ ਨਹੀਂ, ਲੈ ਜਾਓ ਤਾਂ ਸਾਡਾ ਖੁਸ਼ਾ ਤੁਸਾਂ ਦੇ ਨਾਲ ਜਾਏਗਾ।

ਸੋ ਸਜਣ ਜੀ ਮੈਂ ਆਪ ਨੂੰ ਦੱਸਦਾ ਹਾਂ ਕਿ ਏਹ ਚਾਰੋਂ ਜੋ ਚੋਰ ਬਣਕੇ ਆਏ ਸਨ ਇਕ ਅਤੀਤ ਸਿਖ ਸਾਧੂ ਦੀ ਚੋਰੀ ਕਰਕੇ ਸਾਧੂ ਹੋ ਗਏ। ਆਪ ਹੁਣ ਇਸ ਜੀਵਨ ਵਿਚ ਵੇਖ ਸਕਦੇ ਹੋ ਕਿ ਦੋਹਾਂ ਨੂੰ-'ਸੰਤ' ਨੂੰ ਭੀ ਤੇ ਸਿਰੇ ਚੜੇ 'ਜਗਜਾਸੂ' ਨੂੰ ਬੀ- ਜੋ ਗੁਰੂ ਘਰ ਦੇ ਅਤੀਤ ਸੰਤ ਸਨ, ਕਿਵੇਂ ਬ੍ਰਹਮ ਪਸਾਰ ਪਸਰਿਆ ਦਿਸਦਾ ਸੀ, ਤੇ ਉਨ੍ਹਾਂ ਦੀ ਦ੍ਰਿਸ਼ਟੀ ਕਾਨੂੰਨ, ਮਾਮੂਲੀ ਇਖ਼ਲਾਕ, ਤੇ ਸਦਾਚਾਰ ਤੋਂ ਕਿੰਨੀ ਉੱਚੀ ਨਿਕਲ ਗਈ ਸੀ। ਸਾਡਾ ਮਾਰਗ ਹੈ ਤਾਂ ਗ੍ਰਿਹਸਤ ਉਦਾਸ ਦਾ, ਪਰ ਸਾਡੇ ਵਿਚ ਵਿਰਕਤ ਹੋਣਾ ਯਾ ਅਤੀਤ ਹੋਣਾ ਤੇ ਡੇਰੇ ਦਾਰ ਹੋਣਾ ਖਾਸ ਹਾਲਤਾਂ ਵਿਚ ਕਿਸੇ ਗਲ ਦੀ ਮਨਾਹੀ ਨਹੀਂ, ਪਰ ਅਤੀਤਾਂ ਤੇ ਵਿਰਕਤਾਂ ਲਈ ਆਦਰਸ਼ ਬੜਾ ਕਠਨ ਤੇ ਉੱਚਾ ਹੈ। ਜੋ ਉਸ ਉਚ ਅਵਸਥਾ ਨੂੰ ਅੱਪੜਦੇ ਨਹੀਂ, ਓਹ ਨਾ ਅਪਣਾ ਜੀਵਨ ਸਫਲਾ ਕਰ ਸਕਦੇ ਹਨ, ਨਾ ਉਨ੍ਹਾਂ ਦੇ ਨਮੂਨੇ ਤੋਂ, ਨਾਂ ਉਨ੍ਹਾਂ ਦੇ ਉਪਦੇਸ਼ਾਂ ਤੋਂ ਜਗਤ ਸੁਖੀ ਹੁੰਦਾ ਹੈ, ਤਿਵੇਂ ਜੋ ਗ੍ਰਿਹਸਤ ਵਿਚ ਰਹਿਕੇ ਨਾਮ ਬਾਣੀ ਤੋਂ ਵਿਰਵੇ ਹਨ, ਸ਼ੁਭ ਆਚਰਣੀ ਨਹੀਂ, ਘਾਲ ਕੋਈ ਨਹੀਂ ਕਰਦੇ, ਮੋਹ ਮਾਇਆ ਵਿਚ


www.sikhbookclub.com

ਵਿਚਰਦੇ ਹਨ ਤੇ ਫੇਰ ਜਗਤ ਨੂੰ ਉਪਦੇਸ਼ ਕਰਦੇ ਹਨ, ਉਹ ਉਪਦੇਸ਼ ਕਰਤਾ ਕਿ ਉਪਦੇਸ਼ਟਾ ਨੈਣਾਂ ਤੋਂ ਵਿਰਵੇ ਤੇ ਕੰਨਾਂ ਤੋਂ ਬੋਲੇ ਹਨ। ਐਸਾ ਗ੍ਰਿਹਸਤ ਵਿਚ ਬੈਠਾ ਉਪਦੇਸ਼ਕ ਅਗਜਾਨ ਵਿਚ ਬਰੜਾ ਰਿਹਾ ਹੈ ਤੇ ਉਪਦੇਸ਼ਜੀ[1] ਸੁਣਦਾ ਹੋਇਆ ਨਹੀਂ ਸੁਣ ਰਿਹਾ। ਦੋਹਾਂ ਦੇ ਅਮਲ ਅਗਜਾਨ ਵਸ਼ ਹਨ, ਕਲਜਾਨ ਦਾ ਫਲ ਉਨ੍ਹਾਂ ਨੂੰ ਨਹੀਂ ਪੈਂਦਾ।

◇◇◇

## ੧੦. ਭਾਈ ਸੋਮਾ (ਸਾਧੂ ਸੰਗ)[2]

{ ਸਤਿਸੰਗ। ਸਾਧੂ ਸੰਗ ਦੇ ਗੁਣ। 'ਪਿੰਗੁਲ ਪਰਬਤ ਪਾਰ ਪਰੇ' ਸ਼ਬਦ ਦੀ ਵਜਾਖਜਾ ਗੁਰੂ ਨਾਨਕ ਜੀਵਨ ਦੀਆਂ ਸਾਖੀਆਂ ਨਾਲ।

ਸੁਹਣਾ ਦਰਬਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਜ ਰਿਹਾ ਹੈ। ਰਾਗੀ ਸਿੰਘ ਆਸਾ ਦੀ ਵਾਰ ਦਾ ਕੀਰਤਨ ਕਰ ਰਹੇ ਹਨ, ਝਿੰਮ ਝਿੰਮ ਅੰਮ੍ਰਿਤ ਵਰਸ ਰਿਹਾ ਹੈ, ਅੰਮ੍ਰਿਤ ਵੇਲੇ ਦਾ ਸੁਆਂ ਨਾਲ ਮਿਲ ਰਿਹਾ ਹੈ। ਸੰਗਤ ਮੂਰਤਾਂ ਵਾਂਙੂ ਅਡੋਲ ਬੈਠੀ ਹੈ ਮਾਨੋ ਸ਼ਬਦ ਵਿਚ ਨਿਮਗਨ ਹੋ ਰਹੀ ਹੈ। ਜੇ ਕੋਈ ਹੋਰ ਸਿਖ ਸਮੇਂ ਤੋਂ ਪਛੜਿਆ ਆ ਅੱਪੜਦਾ ਹੈ ਤਾਂ ਹੌਲੇ ਕਦਮੀ ਮਲਕੜੇ ਜਿਹੇ ਪਿੱਛੇ ਵਾਰ ਬੈਠ ਜਾਂਦਾ ਹੈ ਤੇ ਸੁਰਤ 'ਹੋ ਰਹੇ-ਸ਼ਬਦ' ਦੇ ਕੀਰਤਨ ਵਿਚ ਜੋੜ ਲੈਂਦਾ ਹੈ, ਐਉਂ ਦੀਵਾਨ ਦੀ ਅਡੋਲਤਾ ਸਰਦ ਰਿਤੂ ਦੀ ਰਾਤ ਵਾਂਙੂ ਸ਼ਾਂਤੀ ਨਾਲ ਭਰਪੂਰ ਜਿਉਂ ਕੀ ਤਿਉਂ ਬਣੀ ਹੋਈ ਹੈ, ਅੰਤ ਰਾਗੀ ਸਿੰਘ ਅੰਤਲੀ ਪਉੜੀ *'ਵਡੇ ਕੀਆ ਵਡਿਆਈਆ ਕਿਛੁ ਕਹਣਾ ਕਹਣੁ ਨ ਜਾਇ'* ਤੇ ਅੱਪੜ ਪਏ ਤੇ ਆਸਾ ਦੀ ਵਾਰ ਦਾ ਭੋਗ ਪੈ ਗਿਆ। ਗੁਰੂ ਕੀ ਤਾਬਿਆ ਸੰਤ ਬਿਮਲਾ ਸਿੰਘ ਜੀ ਬੈਠੇ ਸਨ। ਸੰਗਤਿ ਨੇ ਆਪ ਜੀ ਨੂੰ ਐਤਕਾਂ ਬੜੀ ਦੂਰੋਂ, 'ਪਾਂਗੀ' ਪਹਾੜ ਤੋਂ, ਸ੍ਰੀ ਗੁਰੂ ਨਾਨਕ ਦੇਵ ਜੀ ਦੇ ਇਸ ਅਵਤਾਰ ਗੁਰਪੁਰਬ ਤੇ 'ਹਮਾਰੀ ਪਿਆਰੀ ਅੰਮ੍ਰਿਤਧਾਰੀ' ਕਥਾ ਸ੍ਰਵਣ ਕਰਨ ਵਾਸਤੇ, ਖਾਸ ਆਦਮੀ ਘੱਲਕੇ, ਮਦਵਾਇਆ ਸੀ। ਆਪ ਜੀ ਨੂੰ ਹੁਣ ਆਵਾਜ਼ ਲੈਣ ਤੇ ਆਵਾਜ਼ ਵਿਚ ਆਏ ਸ਼ਬਦ ਦੀ ਕਥਾ ਕਰਨੇ ਦੀ ਸਾਧ ਸੰਗਤ ਜੀ ਵਲੋਂ ਆਗਿਆ ਹੋਈ। 'ਧੰਨ ਗੁਰੂ ਨਾਨਕ' ਆਖ ਕੇ ਹੁਕਮ ਲੈਣ ਤੋਂ ਪਹਿਲੇ ਆਪ ਨੇ ਦੋ ਚਾਰ ਸਲੋਕ ਪੜ੍ਹੇ:-

---

1. ਜਿਸਨੇ ਉਪਦੇਸ਼ ਗ੍ਰਹਣ ਕੀਤਾ ਹੈ।
2. ਇਹ ਲੇਖ ਗੁਰਪੁਰਬ ਪੂੰਨਮ ਸੰ: ਗੁ: ਨਾ: ਸਾ: ੪੭੮ (੯ ਨਵੰਬਰ ੧੯੪੬) ਨੂੰ ਖਾਲਸਾ ਸਮਾਚਾਰ ਦਾ ਸਿਰਲੇਖ ਹੋ ਕੇ ਤੇ ਗੁਟਕੇ ਦੇ ਰੂਪ ਵਿਚ ਪ੍ਰਕਾਸ਼ਿਤ ਤੇ ਪ੍ਰਚਾਰਿਤ ਹੋਯਾ ਸੀ।


www.sikhbookclub.com

*ਸੁਕਹੁ ਟਲ ਗੁਰੁ ਸੇਵੀਐ ਅਹਿਨਿਸਿ ਸਹਿਜ ਸੁਭਾਇ॥*
*ਦਰਸਨਿ ਪਰਸਿਐ ਗੁਰੂ ਕੈ ਜਨਮ ਮਰਣ ਦੁਖੁ ਜਾਇ॥* (ਸਵ: ਮ: ੨-੧੦)

... ... ... ...

*ਹੋਵੈ ਸਿਫਤਿ ਖਸੰਮ ਦੀ ਨੂਰੁ ਅਰਸਹੁ ਕੁਰਸਹੁ ਝਟੀਐ॥*
*ਤੁਧੁ ਡਿਠੇ ਸਚੇ ਪਾਤਿਸਾਹ ਮਲ ਜਨਮ ਜਨਮ ਦੀ ਕਟੀਐ॥* (ਰਾਮ: ਵਾਰ-ਬਲਵੰਡ-੨)

ਇਸ ਤਰ੍ਹਾਂ ਦੇ ਗੁਰਬਾਣੀ ਦੇ ਵਾਕ ਪੜ੍ਹਦਿਆਂ ਆਪ ਨੇ ਰੁਮਾਲ ਚਾਇਆ, ਸੀਸ ਨਿਵਾਇਆ ਤੇ ਅਵਾਜ਼ਾ ਲਿਆ :-

ਬਿਲਾਵਲ ਮਹਲਾ ੫॥

*ਪਿੰਗੁਲ ਪਰਬਤ ਪਾਰਿ ਪਰੇ ਖਲ ਚਤੁਰ ਬਕੀਤਾ॥ ਅੰਧੁਲੇ ਤ੍ਰਿਭਵਣ ਸੂਝਿਆ ਗੁਰ ਭੇਟਿ ਪੁਨੀਤਾ॥੧॥ ਮਹਿਮਾ ਸਾਧੂ ਸੰਗ ਕੀ ਸੁਨਹੁ ਮੇਰੇ ਮੀਤਾ॥ ਮੈਲੁ ਖੋਈ ਕੋਟਿ ਅਘ ਹਰੇ ਨਿਰਮਲ ਭਏ ਚੀਤਾ॥੧॥ਰਹਾਉ॥ ਐਸੀ ਭਗਤਿ ਗੋਵਿੰਦ ਕੀ ਕੀਟਿ ਹਸਤੀ ਜੀਤਾ॥ ਜੋ ਜੋ ਕੀਨੋ ਆਪਨੋ ਤਿਸੁ ਅਭੈ ਦਾਨੁ ਦੀਤਾ॥੨॥ ਸਿੰਘੁ ਬਿਲਾਈ ਹੋਇ ਗਇਓ ਤ੍ਰਿਣੁ ਮੇਰੁ ਦਿਖੀਤਾ॥ ਸ੍ਰਮੁ ਕਰਤੇ ਦਮ ਆਢ ਕਉ ਤੇ ਗਨੀ ਧਨੀਤਾ॥੩॥ ਕਵਨ ਵਡਾਈ ਕਹਿ ਸਕਉ ਬੇਅੰਤ ਗੁਨੀਤਾ॥ ਕਰਿ ਕਿਰਪਾ ਮੋਹਿ ਨਾਮੁ ਦੇਹੁ ਨਾਨਕ ਦਰਸਰੀਤਾ॥੪॥੭॥੩੭॥ - ੮੦੯*

ਅਵਾਜ਼ਾ ਡਾਢੀ ਮਧੁਰ ਧੁਨਿ ਨਾਲ ਲਿਆ, ਅੱਖਰ ਸਪਸ਼ਟ ਤੇ ਸ਼ੁੱਧ ਵਾਚੇ, ਸੰਗਤਿ ਤੇ ਸੁਹਣਾ ਪ੍ਰਭਾਵ ਪਿਆ। ਪਾਠ ਕਰਕੇ ਆਪੇ ਜੀ ਨੇ ਕਥਾ ਆਰੰਭ ਕੀਤੀ :-

ਗੁਰੂ ਕੀ ਪਿਆਰੀ ਸਾਧ ਸੰਗਤਿ ਜੀ ! ਗੁਰਬਾਣੀ ਦਾ ਟੀਕਾ ਸਾਧ ਸੰਗਤਿ ਦੀ ਰਸਨਾ ਤੇ ਹੈ। ਫੇਰ ਬੀ ਸਾਧ ਸੰਗਤਿ ਦੀ ਆਗਿਆ ਪਾ ਕੇ ਇਹ ਸਾਧ ਸੰਗਤਿ ਵਿਚ ਗੁਰੂ ਕਾ ਘੱਲਿਆ ਸਰੀਰ ਗੁਰ ਆਸ਼ਯ ਨੂੰ ਗੁਰੂ ਕੀ ਓਟ ਤੇ ਆਸਰਾ ਲੈ ਕੇ ਵਰਣਨ ਕਰਨ ਦਾ ਜਤਨ ਕਰਦਾ ਹੈ।

ਗੁਰੂ ਕੇ ਪਿਆਰਿਓ ! ਰਹਾਉ ਦੀ ਤੁਕ ਵਿਚ ਸਾਰੇ ਸ਼ਬਦ ਦਾ ਸਥਾਈ ਭਾਵ ਹੁੰਦਾ ਹੈ। ਗਾਇਨ ਵਿਚ ਰਹਾਉ ਦੀ ਤੁਕ ਬਾਰ ਬਾਰ ਗਾਂਵੀਂ ਤੇ ਦੁਹਰਾਈ ਜਾਂਦੀ ਹੈ, ਤੇ ਅਰਥ ਭਾਵ ਵਿਚ ਮੁੱਖ ਮਨਤੱਵ ਸਾਰੇ ਸ਼ਬਦ ਦਾ ਰਹਾਉ ਵਿਚ ਹੀ ਦਿੱਤਾ ਹੁੰਦਾ ਹੈ, ਜਿਸਦੀ ਸਮਝ ਕਰ ਲੈਣੇ ਤੇ ਫਿਰ ਸਾਰੇ ਸ਼ਬਦ ਦੇ ਆਸ਼ੇ ਦੀ ਦ੍ਰਿੜ੍ਹਤਾ ਹੋ ਜਾਂਦੀ ਹੈ, ਸੋ ਅਰਥ ਰਹਾਉ ਤੋਂ ਚੁੱਕੀਏ।

ਅੱਜ ਜੀਓ ਜੀ, ਗੁਰਪੁਰਬ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਹੈ। ਹਾਂ, ਉਹ ਭਾਗੇ ਭਰਿਆ ਦਿਹਾੜਾ ਹੈ ਜਿਸ ਦਿਨ ਸ੍ਰਿਸ਼ਟੀ ਨੂੰ ਇਕ ਨਵੀਂ ਸਿਖਿਆ ਸਿਖਾਉਣ ਵਾਲਾ ਨੂਰੀ ਗੁਰੂ ਆਇਆ। ਜਿਸਨੇ ਗ੍ਰਿਹਸਤ ਵਰਗੇ ਜਕੜਬੰਦ ਵਾਲੇ ਮਾਰਗ ਵਿਚ ਕਲਜਾਨ ਦਾ ਚਾਨਣ ਪਾ ਦਿੱਤਾ। ਜਿਸਨੇ ਕੁਸੰਗ ਤੋਂ ਬਚਾਉਣ ਲਈ 'ਸੰਗ ਦਾ ਤਜਾਗ' ਨਾ ਸਿਖਾਇਆ ਪਰ 'ਸਤਿਸੰਗ' ਪੈਦਾ ਕਰਕੇ ਉਸ ਵਿਚ ਲਾ ਕੇ ਜੀਵਾਂ ਨੂੰ ਕੁਸੰਗ ਤੋਂ ਬਚਾ ਦਿੱਤਾ। ਜਿਸਨੇ ਰੇਤ ਥਲੇ ਵਿਚ ਮਿੱਠੇ ਚਸ਼ਮੇ ਤੇ ਖਜੂਰੀ ਝੰਗੀਆਂ ਦਾ ਬਾਗ਼ ਲਾ ਦਿਤਾ। ਜਿਸਨੇ ਬਨਾਂ ਦੇ ਰੁਸੇਵੇਂ, ਤੀਰਥ ਘੁੰਮਣ ਦੇ ਥਕੇਵੇਂ ਦੂਰ ਕੀਤੇ ਤੇ ਗ੍ਰਿਹਸਤ ਉਦਾਸ ਮਾਰਗ ਟੋਰਿਆ। ਜੈਸਾ ਕਿ ਵਾਕ ਹੈ:-

*"ਵਿਚੇ ਗ੍ਰਿਹ ਸਦਾ ਰਹੈ ਉਦਾਸੀ ਜਿਉ ਕਮਲੁ ਰਹੈ ਵਿਚਿ ਪਾਣੀ ਹੇ॥"*

ਹਾਂ ਜੀ ਅੱਜ ਉਸ ਉਦੈ-ਸੂਰਜ ਗੁਰੂ ਦਾ ਅਵਤਾਰ ਦਿਨ ਹੈ ਜਿਸਨੇ ਜਗਤ ਦਾ ਅੰਧਕਾਰ ਦੂਰ ਕੀਤਾ ਤੇ ਸਿਧਾ ਮਾਰਗ ਵਾਹਿਗੁਰੂ ਪ੍ਰਾਪਤੀ ਦਾ ਰੌਸ਼ਨ ਕੀਤਾ। ਹਾਂ ਅੱਜ:-

*ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਦੁ ਜਗਿ ਚਾਨਣ ਹੋਆ॥*
*ਜਿਉ ਕਰਿ ਸੂਰਜੁ ਨਿਕਲਿਆ ਤਾਰੇ ਛਪਿ ਅੰਧੇਰੁ ਪਲੋਆ॥*
*ਸਿੰਘ ਬੁਕੇ ਮਿਰਗਾਵਲੀ ਭੰਨੀ ਜਾਇ ਨ ਧੀਰ ਧਰੋਆ॥*


www.sikhbookclub.com

*ਜਿਥੈ ਬਾਬਾ ਪੈਰ ਧਰਿ ਪੂਜਾ ਆਸਣੁ ਥਾਪਣ ਸੋਆ॥*
*ਸਿਧ ਆਸਣੁ ਸਭਿ ਜਗਤ ਦੇ ਨਾਨਕ ਆਦਿ ਮਤੇ ਜੇ ਕੋਆ॥*
*ਘਰਿ ਘਰਿ ਅੰਦਰਿ ਧਰਮਸਾਲ ਹੋਵੈ ਕੀਰਤਨੁ ਸਦਾ ਵਸੋਆ॥*
*ਬਾਬੇ ਤਾਰੇ ਚਾਰਿ ਚੱਕਿ ਨਉਖੰਡਿ ਪ੍ਰਿਥਮੀ ਸੱਚਾ ਢੋਆ॥*
*ਗੁਰਮੁਖਿ ਕਲਿ ਵਿਚਿ ਪਰਗਟੁ ਹੋਆ॥੨੭॥*

*(ਭਾ: ਗੁਰਦਾਸ-ਵਾਰ ੧)*

ਅਜ ਅਵਤਾਰ ਦਿਨ ਤਾਂ ਗੁਰੂ ਨਾਨਕ ਦੇਵ ਜੀ ਆਦਿ ਪਾਤਸ਼ਾਹੀ ਦਾ ਹੈ ਪਰ ਵਾਕ ਵਿਚ ਸਬਦ ਪੰਜਵੀਂ ਪਾਤਸ਼ਾਹੀ ਜੀ ਦਾ ਆਇਆ ਹੈ। ਇਹ ਸ਼ਬਦ ਉਹ ਗਲ ਵਿਸ਼ੇਸ਼ ਕਰਕੇ ਦੱਸਦਾ ਹੈ ਜੋ ਗੁਰੂ ਨਾਨਕ ਦੇਵ ਜੀ ਨੇ ਜਗਤ ਨੂੰ ਬਖਸ਼ੀ! ਉਸਦਾ ਨਾਮ ਹੈ ਸਤਿਸੰਗ। ਮੈਂ ਦਸਿਆ ਹੈ ਕਿ ਅੱਗੇ ਜਗਤ ਰੂਪੀ ਨਰਕ ਤੋਂ ਬਚਣੇ ਦਾ ਉਪਰਾਲਾ ਸੀ ਘਰ ਬਾਰ ਛੱਡਕੇ ਬਨਾਂ ਵਿਚ ਜਾ ਕੇ ਤਪ ਕਰਨੇ, ਮਾਨੁਖ ਨੇ ਮਾਨੁਖਾਂ ਦਾ ਸੰਗ ਤਿਆਗ ਕੇ ਅਸੰਗ ਹੋ ਜਾਣਾ। ਗੁਰੂ ਬਾਬੇ ਨੇ ਕਿਹਾ ਕਿ ਕੁਸੰਗ ਤੋਂ ਬਚਣੇ ਲਈ ਮਨੁਖ ਮਾਤ੍ਰ ਤੋਂ ਅਸੰਗ ਹੋਣਾ ਜ਼ਰੂਰੀ ਨਹੀਂ, ਸੋ ਜਗਤ ਤੋਂ, ਪਜਾਰੇ ਸਨਬੰਧੀਆਂ ਤੋਂ, ਹਿਤ ਵਾਲੇ ਮਿਤ੍ਰਾਂ ਤੋਂ ਅਸੰਗ ਹੋ ਕੇ ਖਨਾਂ ਪਰਬਤਾ ਵਿਚ ਨਾਂ ਜਾ ਵਸੋ, ਸੰਗ ਵਿਚ ਰਹੋ ਪਰ ਤਜਾਗ ਕੁਸੰਗ ਦਾ ਕਰੋ ਤੇ ਸਤਿਸੰਗ ਦੀ ਓਟ ਲਓ। ਇਸ ਸਤਿਸੰਗ ਦੇ ਆਸਰੇ ਹੋ ਕੇ ਸੰਗ ਵਿਚ ਵਸੋ, ਬਨਾਂ ਵਿਚ ਅਸੰਗਤਾ ਨਾ ਢੂੰਡੋ। ਅੱਜ ਜੋ ਵਾਕ ਮਹਾਰਾਜ ਜੀ ਨੇ ਬਖਸ਼ਿਆ ਹੈ, ਪੰਜਵੇਂ ਪਾਤਸ਼ਾਹ ਨੇ, ਓਸੇ ਸਤਿਸੰਗ ਦੀ ਮਹਿਮਾ ਦਾ ਬਖਸ਼ਿਆ ਹੈ ਜੋ ਗੁਰੂ ਜੀ ਇਸੇ ਕੁਸੰਗ ਕੁੱਠੀ ਧਰਤੀ ਵਿਚ ਸਤਿਸੰਗ ਦਾ ਹਰਯਾਵਲ ਬ੍ਰਿੱਛ ਲਹਿਲਹਾ ਗਏ ਹਨ। ਮਹਾਰਾਜ ਫ਼ੁਰਮਾਉਂਦੇ ਹਨ ਰਹਾਉ ਦੀ ਤੁਕ ਵਿਚ-ਹੇ ਮੇਰੇ ਮਿਤ੍ਰੋ, ਮੇਰੇ ਸਿਖੋ, ਸਖਾਓ, ਭਾਈਓ, ਬੰਧਪੋ, ਪਿਆਰਿਓ ! ਅਜ ਮੈਥੋਂ ਸਾਧੂ ਦੇ ਸੰਗ ਦੀ ਮਹਿਮਾ ਸੁਣੋ। ਇਸ ਸੰਗ ਨਾਲ ਮਨ ਦੀ ਮੈਲ ਉਤਰਦੀ ਹੈ, ਪਾਪ ਦੂਰ ਹੋ ਜਾਂਦੇ ਹਨ ਤੇ ਚਿਤ ਮੰਡਲ ਸਾਰਾ ਹੀ ਨਿਰਮਲ ਹੋ ਜਾਂਦਾ ਹੈ। ਕੁਛ ਐਸ ਤਰ੍ਹਾਂ ਨਾਲ ਕਿ ਸਾਧੂ ਦਾ ਸੰਗ ਪਾਪ ਕਰਮਾਂ ਤੋਂ ਛੁਡਾ ਦੇਂਦਾ ਹੈ। ਐਉਂ ਨਵੀਂ ਮੈਲ ਮਨ ਤੇ ਪੈਣੀ ਰੁਕ ਜਾਂਦੀ ਹੈ, ਸਾਧੂ ਦਾ ਸੰਗ ਪਰਮੇਸ਼ਰ ਜੀ ਦੀ ਸਿਫਤ ਸਲਾਹ ਵਿਚ ਲਾ ਦੇਂਦਾ ਹੈ, ਇਸ ਤਰ੍ਹਾਂ ਮਨ ਦੀ ਅੰਦਰਲੀ ਮੈਲ ਹਰੀ ਜਾਣੀ ਸ਼ੁਰੂ ਹੋ ਜਾਂਦੀ ਹੈ। ਜੈਸਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਵਾਕ ਹੈ- *'ਗੁਨ ਗਾਵਤ ਤੇਰੀ ਉਤਰਸਿ ਮੈਲੁ॥'* ਫੇਰ ਸਾਧੂ ਦੇ ਸੰਗ ਵਿਚ ਨਾਮ ਵਿਚ ਪ੍ਰੀਤ ਪੈਂਦੀ ਤੇ ਵਧਦੀ ਹੈ, ਇਸ ਨਾਲ ਮਨ ਦਾ ਖਿਡਾਉ ਦੂਰ ਹੁੰਦਾ ਹੈ, ਏਕਾਗ੍ਰਤਾ ਵਧਦੀ ਹੈ, ਜਿਸ ਨਾਲ ਕਿ ਜਨਮ ਜਨਮ ਦੇ ਪਾਪ ਨਵਿਰਤ ਹੁੰਦੇ ਹਨ। ਪਾਪ ਐਉਂ ਨਵਿਰਤ ਹੁੰਦੇ ਹਨ ਕਿ ਨਾਮ ਅਭਿਆਸ ਨਾਲ ਮਨ ਵਾਹਿਗੁਰੂ ਜੀ ਵੱਲ ਰੁਖ ਕਰਦਾ ਹੈ, ਉਨ੍ਹਾਂ ਦੇ ਪਿਆਰ ਦੇ ਸੰਸਕਾਰ ਅੰਦਰ ਡੂੰਘੇ ਮਨ ਵਿਚ ਲਹਿ ਜਾਂਦੇ ਹਨ, ਜਿੱਥੇ ਕਿ ਕੀਤੇ ਹੋਏ ਪਾਪਾਂ ਦੇ ਸੰਸਕਾਰ ਪਏ ਹੋਏ ਹੁੰਦੇ ਹਨ।

ਸਾਧ ਸੰਗਤ ਜੀ ! ਹੁਣ ਪੱਛਮੀ ਵਿਗਿਆਨਕਾਂ ਨੂੰ ਬੀ ਸਮਝ ਆ ਗਈ ਹੈ ਕਿ ਮਨੁੱਖ ਦਾ ਮਨ ਜੋ ਸੋਚਦਾ, ਵਿਚਾਰਦਾ, ਕੰਮ ਕਰਦਾ ਹੈ ਇਹ 'ਸਗਜਾਤ ਮਨ' ਹੈ, ਇਸ ਦੇ ਹੇਠਾਂ ਇਕ 'ਅਰਧ-ਸੰਗਜਾਤ ਮਨ' ਹੈ। ਇਹ ਉਹ ਹੈ ਜਿੱਥੇ ਸਾਡੇ ਵੱਡਿਆਂ ਨੇ ਦੱਸਿਆ ਸੀ ਕਿ ਕੀਤੇ ਕਰਮਾਂ ਦੇ ਸੰਸਕਾਰ ਕੱਠੇ ਹੋਏ ਪਏ ਰਹਿੰਦੇ ਹਨ। ਜੋ ਕਰਮ ਕਰੀਦੇ ਹਨ, ਜੋ ਸੋਚੀਦਾ ਤੇ ਬੋਲੀਦਾ ਹੈ, ਸਭ ਦੇ ਚਿੰਨ੍ਹ ਅੰਦਰ ਲਹਿ ਜਾਂਦੇ ਹਨ, ਡੂੰਘੇ ਥਾਂ ਮਨ ਵਿਚ ਵਸ ਜਾਂਦੇ ਹਨ ਤੇ ਪਾਪਾਂ ਦੇ ਸੰਸਕਾਰ ਓਥੋਂ ਦਗਧ ਹੋ ਜਾਂਦੇ ਹਨ, ਐਉਂ ਜਦ ਓਥੇ ਪਾਪਾਂ ਦੇ ਸੰਸਕਾਰ ਦੂਰ ਹੋ ਕੇ ਨਾਮ ਦੇ ਸੰਸਕਾਰ ਭਰ ਜਾਂਦੇ ਹਨ ਤਾਂ ਸਾਰਾ 'ਚਿੱਤ' ਨਿਰਮਲ ਹੋ ਗਿਆ ਕਹੀਦਾ ਹੈ। ਇਸੇ ਕਰਕੇ ਦਾਤਾ ਜੀ ਨੇ ਇਸ ਤੁਕ ਵਿਚ ਸ਼੍ਰੇਣੀ ਬੱਧ ਗੱਲ ਦੱਸੀ ਹੈ ਕਿ ਨਾਮ ਨਾਲ ਪਹਿਲਾਂ ਸਗਜਾਤ ਮਨ ਦੀ ਮੈਲ ਉਤਰਨੀ ਆਰੰਭ ਹੋਵੇਗੀ ਫੇਰ ਅੰਦਰੋਂ ਪਾਪਾਂ ਦੇ ਸੰਸਕਾਰ ਧੋਤੇ ਜਾਣਗੇ, ਫੇਰ ਚਿਤ ਕਹੋ, ਅੰਤਹਕਰਣ ਕਹੋ ਯਾ ਗਿਆਨੀਆਂ ਦੀ ਬੋਲੀ ਵਿਚ ਚਤੁਸ਼ਟਹ ਅੰਤਹਕਰਣ ਆਖੋ; ਸਾਰਾ ਅੰਦਰਲਾ ਚਿਤ ਮੰਡਲ ਨਿਰਮਲ ਹੋ ਜਾਏਗਾ

ਜਦੋਂ ਅੰਤਹਕਰਣ ਨਿਰਮਲ ਹੋ ਜਾਏਗਾ ਤਾਂ ਉਹੋ ਨਾਮ, ਜੋ ਸਾਧੂ ਦੇ ਸੰਗ ਵਿਚ ਮੱਚ ਖੜੋਤਾ ਸੀ, ਨਾਮੀ ਵਿਚ ਲੈ ਜਾਏਗਾ। ਫਿਰ ਤਾਂ ਸਾਰਾ ਅਗਯਾਨ ਦੂਰ ਹੋ ਜਾਏਗਾ, ਐਉਂ ਭਾਸੇਗਾ ਜਿਸ ਤਰ੍ਹਾਂ ਅੰਨ੍ਹੇ ਨੂੰ ਨੈਣ ਮਿਲ ਗਹੇ ਹਨ। ਆਮ ਹਾਲਤਾਂ ਵਿਚ ਤਾਂ ਜੀਵ ਦੀ ਬੁੱਧੀ ਨੂੰ ਅਨੇਕਾਂ ਸ਼ੱਕ ਸ਼ੁਭੇ ਸੰਸੇ ਵਿਪਰਯੈ ਅਨੇਕ ਤਰ੍ਹਾਂ ਦੇ ਹਨੇਰੇ ਟਨ। ਕਾਮ ਕ੍ਰੋਧ ਲੋਭ ਮੋਹ ਦੇ ਭੁਲੇਵੇ ਮਨ ਨੂੰ ਛਾਦ ਰਹੇ ਹਨ। ਫੇਰ ਨਾ ਕੇਵਲ ਅੰਦਰ ਚਾਨਣ ਹੋ ਵਰਤੇਗਾ ਸਗੋਂ ਤਿੰਨਾਂ ਭਵਨਾ ਦੀ ਸੋਝੀ ਹੋ ਜਾਏਗਾ: ਗੁਰਬਾਣੀ ਆਖਦੀ ਹੈ:-

*ਅੰਧੇ ਏਹਿ ਨ ਆਖੀਅਨਿ ਜਿਨ ਮੁਖਿ ਲੋਇਣ ਨਾਹਿ॥*
*ਅੰਧੇ ਸੇਈ ਨਾਨਕਾ ਖਸਮਹੁ ਘੁਥੇ ਜਾਹਿ॥'* (ਰਾਮ: ਵਾਰ-੧੬)

ਸੋ ਐਸੇ ਅੰਨ੍ਹੇ ਅਨੇਕਾਂ ਸਤਿਸੰਗ ਨੇ ਨਾਮ ਨਾਲ ਨਿਰਮਲ ਕਰ ਦਿੱਤੇ ਜੋ ਨਾਮੀ ਨੂੰ ਜਾ ਮਿਲੇ। ਦੇਖੋ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਤਿ ਕੰਗਾਲ ਲਾਲੋ ਦੇ ਨੈਣ ਖੋਲ੍ਹ ਕੇ ਉਸ ਨੂੰ ਸਾਂਈਂ ਨਾਲ ਮੇਲ ਦਿੱਤਾ ਤੇ ਉਹ ਸਤਿਸੰਗ ਦਾ ਟਿਕਾਣਾ ਬਣ ਗਿਆ। ਇਸੇ ਤਰ੍ਹਾਂ ਰਾਜਾ ਰਾਇ ਬੁਲਾਰ ਨੂੰ ਸਾਂਈਂ ਦੀ ਸੋਝੀ ਬਖਸ਼ੀ। ਹਾਂ ਸਾਧ ਸੰਗਤ ਜੀ ! ਗੁਰੂ ਨਾਨਕ ਦੇਵ ਜੀ ਨੇ ਇਕ ਮਨਸੁਖ ਨਾਮੇ ਵਪਾਰੀ ਦੇ ਨੈਣ ਖੋਲੇ, ਉਸ ਨੂੰ ਸਾਂਈਂ ਦੀ ਸੋਝੀ ਦਿੱਤੀ। ਉਹ ਮਨਸੁਖ ਮਨ ਦਾ ਸੁਖੀ ਯਾ ਗੁਰਮੁਖ ਹੋ ਗਿਆ। ਮਨਸੁਖ ਸੰਗਲਾਪਦੀਪ ਮਾਲ ਖ਼੍ਰੀਦਣ ਗਿਆ ਓਥੇ ਉਹ ਭਜਨ ਸਿਮਰਨ ਕਰੇ ਪਰ ਵਰਤ ਪੂਜਾ ਕੁਛ ਨਾ ਕਰੇ, ਲੋਕਾਂ ਨੇ ਰਾਜੇ ਸ਼ਿਵਨਾਭ ਪਾਸ ਚੁਗਲੀ ਲਾਈ ਕਿ ਇਕ ਐਸਾ ਹਿੰਦੂ ਹਿੰਦ ਥੀਂ ਆਇਆ ਹੈ ਕਿ ਉਹ ਕਰਮ ਭ੍ਰਿਸ਼ਟ ਹੈ। ਰਾਜੇ ਨੇ ਸਦਵਾ ਕੇ ਪੁੱਛਿਆ ਤਾਂ ਮਨਸੁਖ ਨੇ ਕਿਹਾ-ਰਾਜਨ! 'ਜਿਸ ਕਾਰਣ ਤੁਮ ਬਰਤ ਨੇਮ ਸੰਜਮ ਕਰਤੇ ਹੋ ਸੋ ਵਸਤੁ ਮੈਂ ਪਾਈ ਹੈ। ਕਿਆ ਵਰਤ ਨੇਮ ਕਰਉ'। ਰਾਜੇ ਪੁੱਛਿਆ, 'ਤੂ ਕੀਹ ਪਾਇਆ ਹੈ ?' ਉਸ ਨੇ ਕਿਹਾ, 'ਮੈਂ ਮੁਕਤ ਪਾਈ ਹੈ, ਮਹਾਂ ਪੁਰਖ ਦੇ ਦਰਸ਼ਨ ਪਾਏ ਹਨ, ਓਸ ਮੁਕਤੀ ਬਖਸ਼ੀ ਹੈ।'

ਰਾਜੇ ਪੁੱਛਿਆ-ਕਲਿਜੁਗ ਵਿਚ ਕਉਣ ਹੈ ਜਿਸ ਦੇ ਦਰਸ਼ਨ ਕੀਤੇ ਮੁਕਤਿ ਥੀਵੇ ? ਤਦ ਬਾਣੀਏ ਨੇ ਗੁਰੂ ਨਾਨਕ ਦੇਵ ਜੀ ਦਾ ਨਾਮ ਲੀਤਾ ਤੇ ਉਨ੍ਹਾਂ ਦੇ ਉਪਦੇਸ਼ ਦਾ ਜ਼ਿਕਰ ਕੀਤਾ। ਰਾਜਾ ਨੂੰ ਚੌਂਪ ਲਗ ਗਈ ਤੇ ਇਸ ਮਨਸੁਖ ਦਾ ਸਤਿਸੰਗ ਕਰਨ ਲਗ ਪਿਆ। ਮਨਸੁਖ ਨੇ ਗੁਰੂ ਕੀ ਬਾਣੀ, ਜੋ ਕੰਠ ਸੀ ਸੁਣਾਈ, ਜਿਸ ਕਰ ਰਾਜੇ ਨੂੰ ਹੋਰ ਪ੍ਰੇਮ ਵਧ ਗਿਆ। ਇਸ ਸਾਧੂ ਦੇ ਸੰਗ ਨਾਲ ਐਸਾ ਪ੍ਰੇਮ ਜਾਗਿਆ ਕਿ ਜਿਸਦੀ ਖਿੱਚ ਗੁਰੂ ਜੀ ਨੂੰ ਪਈ ਤੇ ਆਪ ਕਰਤਾਰ ਪੁਰੋਂ ਉਠਕੇ ਸੰਗਲਾਦੀਪ ਗਏ। ਸਾਖੀ ਸਭਨਾਂ ਨੂੰ ਯਾਦ ਹੀ ਹੈ ਕਿਵੇਂ ਉਸ ਦਾ ਪਾਰ ਉਤਾਰਾ ਗੁਰੂ ਬਾਬੇ ਨੇ ਕੀਤਾ। ਹੁਣ ਵੀਚਾਰ ਕਰੋ ਰਾਜਾ ਸ਼ਿਵਨਾਭ, ਜੋ ਦਿਖਾਵੇ ਦੇ ਕਰਮਾਂ ਦੇ ਅੰਧਕਾਰ ਵਿਚ ਸੀ, ਕੀਕੂੰ ਉਸ ਨੂੰ ਸਾਧੂ ਦੇ ਸੰਗ ਦੀ ਤੁਫੈਲ ਗੁਰੂ ਪ੍ਰਾਪਤ ਹੋਇਆ ਤੇ ਗੁਰੂ ਦੀ ਤੁਫੈਲ ਤ੍ਰਿਭਵਣ ਦੀ ਸੋਝੀ ਪ੍ਰਾਪਤ ਹੋਈ- *ਅੰਧੁਲੇ ਤ੍ਰਿਭਵਣ ਸੂਝਿਆ ਗੁਰ ਭੇਟਿ ਪੁਨੀਤਾ।'*

ਹੁਣ ਪਹਿਲੀ ਤੁਕ ਵਿਚ ਫੁਰਮਾਉਂਦੇ ਹਨ: *'ਪਿੰਗੁਲ ਪਰਬਤ ਪਾਰਿ ਪਰੇ ਖਲ ਚਤੁਰ ਬਕੀਤਾ'*। ਪਿੰਗੁਲਾ ਜੋ ਟੁਰ ਨਹੀਂ ਸਕਦਾ, ਉਹ ਕਦੇ ਪਰਬਤ ਤੋਂ ਪਾਰ ਕਿਵੇਂ ਜਾ ਸਕਦਾ ਹੈ ? ਜੇ ਪਰਬਤ ਚੜ੍ਹਕੇ ਪਾਰਲੇ ਪਾਸੇ ਜਾ ਚੜ੍ਹੇ ਤਾਂ ਅਣਹੋਣੀ ਗੱਲ ਹੋਣੀ ਹੋ ਗਈ। ਸੋ ਦੇਖੋ ਕਉਡਾ ਰਾਖਸ਼ ਸੀ, ਅਰਥਾਤ ਆਦਮਖੋਰ ਜਾਂਗਲੀ ਕੌਮ ਵਿਚੋਂ ਸੀ, ਉਸਦਾ ਮੁਕਤ ਹੋਣਾ ਅਸੰਭਵ ਸੀ, ਪਰ ਗੁਰੂ ਬਾਬੇ ਨੇ ਉਸਨੂੰ ਬੀ ਸਾਂਈਂ ਦੀ ਸੋਝੀ ਦੇ ਕੇ ਆਤਮ ਰੰਗ ਦੇ ਸ਼ਿਖਰੇ ਚਾੜ੍ਹ ਦਿਤਾ। ਫੇਰ ਇਕ ਕੋੜ੍ਹੀ ਨੇ, ਜੋ ਦੀਪਾਲ ਪੁਰ ਵਾਲੇ ਪਾਸੇ ਰਹਿੰਦਾ ਸੀ, ਗੁਰੂ ਨਾਨਕ ਦੇਵ ਜੀ ਦਾ ਇਕ ਰਾਤ ਸੰਗ ਕੀਤਾ ਤਾਂ ਨਾਮ ਧ੍ਰੀਕ ਹੋਇਆ ਤੇ ਸੋਝੀ ਪਾ ਕੇ ਤਰ ਗਿਆ, ਦੇਹ ਬੀ ਅਰੋਗ ਹੋ ਗਈ। ਇਹ ਬੀ ਸਮਝੋ ਪਿੰਗਲ ਹੀ ਪਰਬਤ ਪਾਰ ਹੋ ਗਿਆ।


www.sikhbookclub.com

ਆਪ ਨੂੰ ਯਾਦ ਹੋਊ ਕਿ ਸ੍ਰੀ ਗੁਰੂ ਅਮਰ ਦਾਸ ਜੀ ਪਾਸ ਇਕ ਪ੍ਰੇਮਾ ਨਾਮੇ ਵਡੇ ਰੋਗ ਨਾਲ ਗ੍ਰਸਤ ਤੇ ਹਥੋਂ ਪੈਰੋਂ ਰੁਹਲਾ ਰਿੜ੍ਹ ਰਿੜ੍ਹ ਕੇ ਪੁੱਜਾ ਸੀ। ਇਸ ਨੂੰ ਕਿਸੇ ਸਿਖ ਸਾਧੂ ਨੇ ਦੱਸਿਆ ਸੀ ਕਿ ਤੇਰਾ ਦੁਖ ਇਲਾਜ ਉਪਰਾਲਿਆਂ ਨਾਲ ਦੂਰ ਨਹੀਂ ਹੋ ਸਕਦਾ, ਪਰ ਜੇ ਗੋਇੰਦਵਾਲ ਅੱਪੜ ਕੇ ਤੀਜੇ ਗੁਰੂ ਨਾਨਕ ਦੀ ਆਰਾਧਨਾ ਕਰੇਂ ਤਾਂ ਅਰੋਗ ਹੋ ਜਾਵੇਂਗਾ। ਇਹ ਰਿੜ੍ਹ ਰਿੜ੍ਹਕੇ ਗੋਇੰਦਵਾਲ ਪੁੱਜਾ, ਕਿਉਂਕਿ ਕੋਈ ਗੱਡੇ, ਬਹਿਲ, ਯੱਕੇ ਯਾ ਰਥ ਵਾਲਾ ਇਸਦੇ ਰੋਗ ਤੋਂ ਡਰਦਾ ਇਸਨੂੰ ਆਪਣੀ ਸਵਾਰੀ ਤੇ ਨਹੀਂ ਸੀ ਬਿਠਾਉਂਦਾ। ਗੋਇੰਦਵਾਲ ਪਹੁੰਚਕੇ ਗੁਰੂ ਪੁਨੀਤ ਦੇ ਦਰਸ਼ਨ ਹੋਏ, ਗੁਰਬਾਣੀ ਕੰਨੀ ਪਈ, ਇਸ ਨੇ ਨਾਮ ਦੀ ਘਾਲ ਆਰੰਭੀ; ਬਾਹਰ ਬੈਠਾ ਹੀ ਕੀਰਤਨ ਸੁਣੇ ਤੇ ਮਗਨ ਹੋ ਹੋ ਜਾਵੇ। ਅੰਤ ਦੇਹ ਬੀ ਅਰੋਗ ਹੋਈ ਤੇ ਬੁੱਧੀ ਵੀ ਆਤਮ ਵਿਸ਼ੈਣੀ ਹੋ ਗਈ। ਗੁਰਮੁਖ ਹੋ ਗਿਆ ਤਾਂ ਮੰਜੀ ਮਿਲੀ। ਜਿਸ ਮਹਾਨ ਪੁਰਖ ਪਾਰਗਿਰਾਮੀ ਦੀ ਨਾਦੀ ਬਿੰਦੀ ਦੁਇ ਗੱਦੀਆਂ ਹੁਣ ਤਕ ਸਨਮਾਨ ਨਾਲ ਚਲ ਰਹੀਆਂ ਹਨ। ਸੋ ਭਾਈ ਗੁਰਸਿਖੋ ! ਪਿੰਗੁਲ ਪਰਬਤ ਪਾਰਿ ਪਰੈ' ਗੁਰੂ ਜੀ ਨੇ ਦੱਸਿਆ ਤੇ ਅਨੇਕਾਂ ਵੇਰ ਕਰਕੇ ਦਿਖਾ ਦਿਤਾ। ਸਾਡੇ ਸਭਨਾਂ ਦੀ ਮਤਿ ਪਿੰਗਲ ਹੈ, ਇਹ ਦਿੱਸਦੇ ਜਗਤ ਨੂੰ ਦੇਖਦੀ ਤੇ ਪਰਚਦੀ ਹੈ। ਅਣਦਿਸਦੇ ਨੂੰ ਇਹ ਸਮਝਣੋਂ ਪਿੰਗਲ ਹੈ। ਇਸ ਦਾ ਅਣਦਿਸਦੇ ਵਿਚ ਪਰਮਾਤਮ ਦੇਵ ਨੂੰ ਲਖ ਲੈਣਾ, ਉਸ ਨੂੰ ਅਨੁਭਵ ਕਰਨਾ ਪਿੰਗਲੇ ਦੇ ਪਰਬਤ ਤੇ ਚੜ੍ਹ ਸਕਣ ਵਾਂਙੂ ਕਠਨ ਹੈ, ਪਰ ਜਦ ਸਤਿਸੰਗ ਕਰੇ ਤੇ ਪਾਪ ਤਿਆਗੇ, ਨਾਮ ਜਪੇ ਤਾਂ ਮੈਲ ਦੂਰ ਹੋ ਕੇ ਅੰਦਰਲੀ ਸੋਝੀ ਖੁੱਲ੍ਹਦੀ ਹੈ, ਜਿਸ ਨਾਲ ਫਿਰ ਇਹ ਦੀਸਣਹਾਰ ਦੇ ਮੋਹ ਰੂਪੀ ਪਰਬਤਾਂ ਨੂੰ ਉਲੰਘ ਕੇ ਆਤਮ ਅਨੁਭਵ ਵਿਚ ਪਹੁੰਚ ਜਾਂਦੀ ਹੈ। ਇਹ ਹੈ ਸਾਡੇ ਸਾਰਿਆਂ ਦੀ ਪਿੰਗਲ ਮਤਿ ਲਈ ਮੋਹ ਮਾਇਆ ਦੇ ਪਰਬਤਾਂ ਨੂੰ ਉਲੰਘ ਕੇ ਆਤਮ ਦੇਸ਼ ਅੱਪੜਨ ਦਾ ਉਪਦੇਸ਼, ਜੋ ਗੁਰੂ ਜੀ ਨੇ ਸਾਨੂੰ ਸਭ ਨੂੰ ਦਿਤਾ ਹੈ। ਹੁਣ ਸੁਣੋ ਕਿਵੇਂ *'ਖਲ ਚਤੁਰਬਕੀਤਾ।'*

ਬਾਣੀ ਨਾਮ ਦੇ ਅਭਿਆਸ ਨਾਲ ਮੈਲ ਦੂਰ ਹੁੰਦੀ ਹੈ ਮਨ ਦੀ ਤੇ ਮਤਿ ਦੀ, ਸ਼ੁੱਧ ਉੱਜਲ ਹੋ ਆਉਂਦੀ ਹੈ। ਐਉਂ ਮੂਰਖ ਚਤੁਰ ਹੋ ਜਾਂਦਾ ਹੈ। ਪਰਧਨ ਤੇ ਪਰਦਾਰਾ ਹਿਰਨ ਵਿਚ ਚਾਤੁਰ ਤਾਂ ਸਭ ਕੋਈ ਹੋ ਸਕਦਾ ਹੈ, ਪਰ ਆਤਮ ਅਨੁਭਵ ਵਿਚ ਚਤੁਰ ਅਰਥਾਤ ਗਜਾਨਵਾਨ ਹੋਣਾ ਕਠਨ ਹੈ, ਜੋ ਏਥੇ ਦਰਸਾਇਆ ਹੈ। ਪਰ ਗੁਰਮੁਖ ਦੀ ਚਤੁਰਾਈ ਆਪ ਨਿਸਤਰਣ ਤੇ ਹੋਰਾਂ ਨੂੰ ਨਿਸਤਾਰਣ ਵਿਚ ਪ੍ਰਗਟ ਹੁੰਦੀ ਹੈ। ਦੇਖੋ ਜੀਓ! ਇਕ ਗੁਰੂ ਨਾਨਕ ਦੇਵ ਜੀ ਦਾ ਸਿਖ ਹੋਇਆ ਹੈ, ਜਿਸ ਦਾ ਪ੍ਰਸੰਗ ਜਨਮਸਾਖੀ ਵਿਚ ਬੀ ਆਇਆ ਹੈ ਤੇ ਕਥਾ ਵਾਰਤਾ ਵਿਚ ਬੀ ਸਿਆਣੇ ਕਰਦੇ ਰਹੇ ਹਨ ਤੇ ਆਪਣੇ ਸੰਤ ਜੀ ਬੀ ਦੱਸਿਆ ਕਰਦੇ ਸਨ। ਮੈਂ ਆਪ ਨੂੰ ਉਸ ਦਾ ਪ੍ਰਸੰਗ, ਜਿਵੇਂ ਮੈਂ ਪੜ੍ਹਿਆ ਸੁਣਿਆ ਤੇ ਵੀਚਾਰਿਆ ਹੈ, ਸੁਣਾਉਂਦਾ ਹਾਂ। ਭਾਈ ਸਿਖ ਸੰਗਤ ਖਾਲਸਾ ਜੀ ! ਅਜ ਗੁਰਪੁਰਬ ਹੈ ਗੁਰੂ ਨਾਨਕ ਦੇਵ ਜੀ ਦਾ, ਅਜ ਅਸਾਂ ਆਪ ਦੇ ਗੁਣ ਹੀ ਗਾਉਣੇ ਹਨ, ਅਜ ਅਸਾਂ ਆਪ ਦੇ ਉਪਕਾਰ ਸੁਣਨੇ ਹਨ, ਅਜ ਅਸਾਂ ਆਪ ਦੇ ਉਪਦੇਸ਼ਾਂ ਦੀ ਰੌਸ਼ਨੀ ਵਿਚ, ਜੇ ਅਗੇ ਨਹੀਂ ਤਾਂ ਅੱਜ ਤੋਂ ਟੁਰਨਾ ਆਰੰਭ ਦੇਣਾ ਹੈ। ਇਸ ਲਈ ਅਜ ਦੇ ਸ਼ਬਦ ਦੀ ਕਥਾ ਬੀ ਗੁਰੂ ਬਾਬੇ ਨੇ ਉਹ ਬਖਸ਼ੀ ਹੈ ਜਿਸ ਵਿਚ ਗੁਰੂ ਨਾਨਕ ਦੇਵ ਜੀ ਦੀ ਮਹਿਮਾ ਲੁਕੀ ਪਈ ਹੈ, ਜਿਵੇਂ ਮਹਿੰਦੀ ਦੇ ਸਾਵੇ ਪੱਤੇ ਵਿਚ ਸੂਹਾ ਰੰਗ ਛਿਪਿਆ ਹੋਇਆ ਹੁੰਦਾ ਹੈ। ਸੋ ਭਾਈ ! ਸਬਦ ਦੀ ਕਥਾ ਵਿਚ ਸ਼ਬਦ ਮਾਲਿਕਾਂ ਦੀਆਂ ਮੀਂਹ ਵਸਾਵਣੀਆਂ ਸੁਣੋ ਜੋ ਅਸੀ ਬੀ ਉਸ ਮੇਹਰ ਜਲ ਨਾਲ ਤ੍ਰਿਬੁਡ ਹੋ ਕੇ ਮਗਨ ਹੋ ਜਾਵੀਏ।

ਪਿਆਰਿਓ ! ਸ੍ਰੀ ਗੁਰੂ ਨਾਨਕ ਦੇਵ ਆਪਣੇ ਇਕ ਸਫਰ ਵਿਚ ਕਿਸੇ ਐਸੇ ਨਗਰ ਗਏ ਜਿਥੋਂ ਦੇ ਲੋਕ ਬੜੇ ਚਤੁਰ ਸਨ: ਵਿਹਾਰ ਕਾਰ ਆਮ ਸੀ ਤੇ ਲੋਕੀ ਮਾਯਾਧਾਰੀ ਸਨ। ਓਹ ਸਾਧੂ ਸੰਤ ਕੋਈ ਆਵੇ ਉਸ ਨੂੰ ਤ੍ਰਿਸਕਾਰਦੇ ਸਨ ਤੇ ਰਹਿਣ ਨੂੰ ਥਾਂ ਤਕ ਨਹੀਂ ਸਨ ਦੇਂਦੇ। ਗੁਰੂ ਜੀ ਨੂੰ ਬੀ ਓਥੇ ਨਾਂ ਕਿਸੇ ਸਿਰ ਲੁਕਾਈ ਜੋਗਾ ਥਾਂ ਦਿੱਤਾ ਤੇ ਨਾ ਕਿਸੇ ਰੋਟੀ ਪਾਣੀ ਪੁਛਿਆ। ਆਪ ਬਾਹਰ

ਉਦਜਾਨ ਵਿਚ ਇਕ ਸ਼ਰੀਂਹ ਤਲੇ ਬੈਠੇ ਸਨ। ਲੋਕੀਂ ਵੇਖਣ, ਹਰਿਆਨ ਹੋਣ ਆਭਾ ਦੇਖਕੇ, ਕੁਛ ਭਾਉ ਬੀ ਉਪਜੇ ਪਰ ਮਨ ਦੀ ਚਤੁਰਾਈ ਆਖੇ ਚਲੋ ਏਥੇ ਖੜ ਕੇ ਸਮਾ ਨਾ ਗੁਆਓ, ਕੀਂਹ ਲੈਣਾ ਹੈ ਸਾਧਾਂ ਪਾਸੋਂ, ਜਿਨ੍ਹਾਂ ਪਾਸ ਰੋਟੀ ਜੋਗਾ ਬੀ ਧਨ ਨਹੀਂ। ਇਸੇ ਨਗਰ ਇਕ ਖੱਤ੍ਰੀ ਰਹਿੰਦਾ ਸੀ, ਸੰਤ ਦਸਦੇ ਸਨ ਕਿ 'ਸੋਮਾ' ਕਰਕੇ ਸਦੀਂਦਾ ਸੀ। ਲੋਕ ਤਾਂ ਏਥੋਂ ਦੇ ਹਰ ਤਰ੍ਹਾਂ ਚਤੁਰ ਸਨ ਕਮਾਈ ਕਰਨ ਵਿਚ, ਛਲਣ ਵਿਚ ਤੇ ਮਾਇਆ ਸੰਚਣ ਵਿਚ, ਪਰ ਇਹ ਸੋਮਾ ਸਾਰੇ ਨਗਰ ਵਿਚ ਘੱਟ ਅਕਲ ਵਾਲਾ ਗਿਣਿਆ ਜਾਂਦਾ ਸੀ ਤੇ ਕੰਡੂ ਪਿਛੇ ਲੋਕੀਂ ਇਸ ਨੂੰ 'ਬੁੱਧੂ' ਕਿਹਾ ਕਰਦੇ ਸਨ। ਕਿਉਂਕਿ ਇਹ ਛਲ ਕਪਟ ਘੱਟ ਕਰਦਾ ਸੀ। ਸੱਚ ਨੂੰ ਸੱਚ ਜਾਣਕੇ ਤਾਂ ਪਿਆਰ ਨਹੀਂ ਸੀ ਕਰਦਾ ਪਰ ਸੁਤੇ ਹੀ ਸੁਭਾਵ ਦਾ ਸਰਲ ਹੋਣ ਕਰਕੇ ਸੱਚ ਦੇ ਨੇੜੇ ਨੇੜੇ ਰਹਿੰਦਾ ਸੀ। ਧਨ ਉਸ ਪਾਸ ਕੁਛ ਪਿਉ ਦਾਦੇ ਦਾ ਸੀ ਤੇ ਕੁਛ ਇਸ ਦੀ ਕਿਸਮਤ ਪੁੱਠੀਆਂ ਸਿੱਧੀਆਂ ਪਾ ਦੇਂਦੀ ਸੀ, ਇਉਂ ਇਹ ਬੀ ਚੋਖਾ ਧਨੀ ਸੀ। ਰਹਿੰਦਾ ਇਹ ਬੀ ਮਾਇਆ ਵਿਚ ਗਲਤਾਨ ਸੀ। ਜਿਥੇ ਗੁਰੂ ਨਾਨਕ ਦੇਵ ਜੀ ਬੈਠੇ ਸਨ ਇਹ ਬੀ ਅਚਾਨਕ ਆ ਨਿਕਲਿਆ। ਜਦ ਲੰਘਿਆ ਪਾਸ ਦੀ ਤਾਂ ਤੱਕਿਓ ਸੁ, ਜੀ ਵਿਚ ਝੁਣਝੁਣੀ ਜੇਹੀ ਹੋਈ, ਕੁਛ ਪਿਆਰੇ ਲਗੇ, ਅੱਗੇ ਹੋ ਕੇ ਸੀਸ ਨਿਵਾਕੇ ਆਖਣ ਲਗਾ-ਤੁਸੀਂ ਸਾਧੂ ਹੋ, ਰਾਤ ਆ ਰਹੀ ਹੈ, ਠੰਢ ਹੈ, ਮੀਂਹ ਦਾ ਰੁਖ਼ ਹੈ, ਬਨ ਵਿਚ ਨੰਗੇ ਥਾਂ ਬੈਠੇ ਹੋ, ਮੇਰੇ ਘਰ ਚੱਲ ਰਹੋ, ਰਾਤ ਆਰਾਮ ਕਰੋ, ਕੁਛ ਮੂੰਹ ਪਾਓ। ਮਾਇਆ ਮੇਰੇ ਪਾਸ ਹੈ, ਚੋਖੀ ਕੱਠੀ ਕੀਤੀ ਹੈ, ਪਰ ਪਤਾ ਨਹੀਂ ਲਗਦਾ ਇਸ ਨੂੰ ਸਾਂਭਣਾ ਹੀ ਸਾਂਭਣਾ ਹੈ ਕਿ ਇਸ ਨੇ ਕੁਛ ਸੁਖ ਭੀ ਦੇਣਾ ਹੈ ਅਨੋਖਾ। ਸਾਧਾਰਣ ਸੁਖ ਪ੍ਰਾਪਤ ਹੈਨ ਤੇ ਇਨ੍ਹਾਂ ਸੁਖਾਂ ਨਾਲੋਂ ਚੋਖੀ ਬਾਹਲੀ ਮੇਰੇ ਪਾਸ ਹੈ। ਆਓ ਰਾਤ ਰਹੋ ਕੁਛ ਗੱਲਾਂ ਬਾਤਾਂ ਕਰੀਏ। ਗੁਰੂ ਜੀ ਸੁਣ ਕੇ ਮੁਸਕ੍ਰਾਏ। ਕੀ ਜਾਣੀਏ ਏਸੇ ਨੂੰ ਖੁੱਭਣੋਂ ਕੱਢਣ ਆਏ ਸਨ, ਜਿਵੇਂ ਕਾਵਾਂ ਦੇ ਵਿਚੋਂ ਆਪਣੀ ਬੋਲੀ ਪਾ ਕੇ ਕੋਇਲ ਆਪਣੇ ਬੱਚੇ ਨੂੰ ਕੱਢ ਲਿਜਾਂਦੀ ਹੈ; ਆਪ ਖੁਸ਼ ਹੋ ਕੇ ਨਾਲ ਟੁਰ ਪਏ। ਰਾਤ ਉਸ ਦੇ ਘਰ ਰਹੇ। ਪਿਛਲੀ ਰਾਤ ਮਰਦਾਨੇ ਨੇ ਕੀਰਤਨ ਕੀਤਾ, ਸੋਮੇ ਤੇ ਅਚਰਜ ਪ੍ਰਭਾਵ ਪਿਆ, ਮਾਇਆ ਤੁੱਛ ਭਾਸੀ। ਦਿਨੇ ਗੁਰੂ ਜੀ ਨਾਲ ਵਾਰਤਾਲਾਪ ਹੋਈ। ਇਸ ਤਰ੍ਹਾਂ ਕੁਛ ਦਿਨ ਆਪ ਜੀ ਓਥੇ ਟਿਕੇ ਰਹੇ। ਉਸ ਦੇ ਖਿਆਲਾਂ ਦਾ ਨੁਕਤਾ ਬਦਲਣ ਲੱਗਾ। ਜੀਵਨ ਨਿਰਾ ਪਸ਼ੂਆਂ ਵਾਂਙੂ ਖਾਣ, ਕੀੜਿਆਂ ਵਾਂਙੂ ਕੱਠਾ ਕਰਨ ਤੇ ਪੰਛੀਆਂ ਵਾਂਙੂ ਉਡਾਰੀਆਂ ਮਾਰਦੇ ਰਹਿਣ ਲਈ ਨਹੀਂ ਹੈ, ਇਹ ਗੱਲ ਭਾਸ ਗਈ ਕਿ ਜੀਵਨ ਕੋਈ ਕੀਮਤੀ ਸ਼ੈ ਹੈ ਤੇ ਇਸ ਦਾ ਕੋਈ ਪ੍ਰਯੋਜਨ ਹੈ, ਸੋਮੇ ਨੂੰ ਹੁਣ ਜੀਉਣਾ ਥੋੜੇ ਦਿਨਾਂ ਦੀ ਖੇਡ ਬੀ ਹੋ ਭਾਸਿਆ। ਪਿਉ ਦਾਦਾ ਯਾਦ ਆਏ। ਜੋੜਦੇ ਹੀ ਮਰ ਗਏ, ਕੋਈ ਵਿਸ਼ੇਸ਼ ਸੁਖ ਨਾ ਡਿੱਠਾ, ਨਾਲ ਬੀ ਨਾ ਲੈ ਗਏ, ਹੱਥ ਝਾੜਦੇ ਹੀ ਮਾਨੋ ਟੁਰ ਗਏ। ਹੁਣ ਪਿਛੇ ਉਨ੍ਹਾਂ ਦਾ ਕੋਈ ਨਾਉਂ ਬੀ ਨਹੀਂ ਲੈਂਦਾ, ਮਾਨੋ ਕਦੇ ਹੋਏ ਹੀ ਨਹੀਂ ਸਨ, ਐਉਂ ਪੜਦਾਦਾ ਲਕੜਦਾਦਾ ਹੋ ਬੀਤੇ ਹੋਣਗੇ। ਉਨ੍ਹਾਂ ਵਾਂਙ ਹੀ ਮੈਂ ਹੋ ਜਾਸਾਂ। ਇਹ ਜੋੜੀ ਹੋਈ ਮਾਇਆ ਕਿਸ ਕੰਮ ਆਸੀ ? ਕੋਈ ਇਸ ਦੇ ਨਾਲ ਹੋਰ ਜੋੜਸੀ ਤੇ ਮੇਰੇ ਪਿਉ ਵਾਂਙੂ ਟੁਰ ਜਾਸੀ ਯਾ ਕੋਈ ਵੈਲਦਾਰੀਆਂ ਵਿਚ ਲੁਟਾ ਦੇਸੀ। ਜੀਵਨ ਤਾਂ ਤੇ ਇਸ ਦੇ ਮਗਰ ਬਾਵਲੇ ਹੋਏ ਫਿਰਨ ਲਈ ਨਹੀਂ, ਇਹ ਕੋਈ ਉੱਚੀ ਸ਼ੈ ਕਿਸੇ ਉੱਚੇ ਪ੍ਰਯੋਜਨ ਲਈ ਹੈ। ਇਸ ਤਰ੍ਹਾਂ ਦੀਆਂ ਸੋਚਾਂ ਵਿਚ ਵੈਰਾਗ ਉਸ ਪਰ ਛਾ ਗਿਆ, ਤਾਂ ਗੁਰੂ ਜੀ ਨੇ ਨਾਮ ਦਾਨ ਬਖਸ਼ਿਆ। ਕੀਰਤਨ ਤੇ ਨਾਮ ਨੂੰ ਪ੍ਰਾਪਤ ਹੋ ਕੇ ਮਤਿ ਉੱਜਲ ਹੋ ਗਈ। ਉਹ ਜੋ ਨਗਰ ਦਾ 'ਬੁੱਧੂ' ਸੀ ਹੁਣ ਉਸ ਵਿਚ ਚਤੁਰਤਾ ਆਈ। ਕੀ ਚਤੁਰਤਾ ਕਿ ਹੋਰ ਚਾਤੁਰਾਂ ਵਾਂਙੂ ਪਰਮੇਸ਼ਰ ਨੂੰ ਭੁੱਲ ਕੇ, ਮੌਤ ਨੂੰ ਵਿਸਾਰ ਕੇ, ਦਿਨੇ ਰਾਤ ਕੱਠੀ ਕਰਨ ਉਤੇ ਬਲ ਬੁੱਧਿ ਤੇ ਵਕਤ ਖਰਚ ਕਰੇ ਤੇ ਹੋਰ ਹੋਰ ਦੇ ਮਗਰ ਭੱਜੇ ? ਤੇ ਹੋਰਨਾਂ ਤੋਂ ਵੱਡਾ ਧਨੀ ਬਣੇ ? ਨਹੀਂ, ਉਸ ਨੂੰ ਇਹ ਚਤੁਰਾਈ ਫੁਰੀ ਕਿ ਮੇਰੇ ਪਾਸ ਐਨੀ ਦੌਲਤ ਹੈ ਕਿ ਮੈਂ ਸਾਂਭ ਨਹੀਂ ਸਕਦਾ, ਪਰ ਮੇਰੇ ਕਈ ਹਮਸਾਏ ਭੁੱਖੇ ਹਨ, ਕਈ ਰੋਟੀ ਨੂੰ ਪਏ ਤਰਸਦੇ ਹਨ ਤੇ ਮੈਨੂੰ ਹਾਜ਼ਮੇ ਦੇ ਚੂਰਨ ਖਾਣੇ ਪੈਂਦੇ ਹਨ, ਕਿਉਂ ਨਾ ਇਹ ਪੀੜਿਤ


www.sikhbookclub.com

ਲੋਕਾਂ ਦੀ ਪੀੜਾ ਹਰਨ ਤੇ ਖਰਚ ਕਰਾਂ। ਜੇ ਵੈਦ ਕੋਲ ਦਵਾ ਹੋਵੇ ਤੇ ਨਾਂ ਦੇਵੇ ਤਾਂ ਵੈਦ ਦੋਸ਼ੀ, ਜੇ ਹਮਸਾਇਆ ਹੋਵੇ ਭੁੱਖਾ ਨੰਗਾ ਤੇ ਮੈਂ ਰੋਟੀ ਨਾ ਦਿਆ ਤਾਂ ਮੈਂ ਦੋਸ਼ੀ। ਏਹ ਫੁਰਨੇ ਗੁਰੂ ਕੇ ਸ਼ਬਦ ਨੇ ਫੁਰਾਏ ਨਾਲੇ ਗੁਰੂ ਬਖਸ਼ੇ ਨਾਮ ਨਾਲ ਮਨ ਟਿਕਣ ਲਗ ਗਿਆ ਤੇ ਨਾਮ ਵਿਚ ਸੁਆਦ ਪੈ ਗਿਆ। ਇਕ ਦਿਨ ਗੁਰੂ ਜੀ ਨੂੰ ਆਖਣ ਲਗਾ ਪਾਤਸ਼ਾਹ, ਮੇਰੇ ਪਾਸ ਧਨ ਹੈ ਤੇ ਲੋਕ ਦੁਖੀ ਹਨ ਜਗਤ ਵਿਚ, ਇਹ ਧਨ ਲੋੜਵੰਦਾਂ ਨੂੰ ਵੰਡ ਨਾ ਦਿਆਂ? ਮੇਰੇ ਰੋਟੀ ਕਪੜੇ ਲਈ ਥੋੜਾ ਜਿਹਾ ਹੀ ਕਾਫੀ ਹੈ। ਹੋਰ ਸੁਖ ਕੋਈ ਦੀਹਦਾ ਨਹੀਂ। ਭੋਗਾਂ ਵਿਚ ਰਸ ਹੈ ਪਰ ਉਨ੍ਹਾਂ ਦਾ ਅੰਤ ਰੋਗ ਹੁੰਦਾ ਹੈ ਤੇ ਆਪਾ ਖਾਜ ਹੋ ਜਾਂਦਾ ਹੈ। ਜੋ ਅੰਤਰ ਮੁਖ ਸੁਖ ਆਪ ਨੇ ਬਖਸ਼ਿਆ ਹੈ ਉਸ ਲਈ ਧਨ ਦੀ ਲੋੜ ਨਹੀਂ। ਓਹ ਆਪ ਦਿਤਾ ਨੇ, ਅਮੋਲਕ ਸੁਖ ਅਮੁੱਲ ਦੇ ਦਿਤਾ ਨੇ, ਧਨ ਦੀ ਕਿਤੇ ਲੋੜ ਨਹੀਂ। ਜੇ ਆਗਿਆ ਕਰੋ ਤਾਂ ਇਹ ਧਨ ਦੀ ਪੰਡ ਸਿਰੋਂ ਲਾਹ ਕੇ ਹੌਲਾ ਹੋ ਜਾਵਾਂ। ਮਰਦਾਨਾ ਸੁਣ ਕੇ ਅਚਰਜ ਰਹਿ ਗਿਆ। ਆਖਣ ਲਗਾ : ਦਾਤਾ! ਤੇਰੇ ਨਾਮ ਦਾ ਜਾਦੂ ਡਾਢਾ ਹੈ। ਕੀਹ ਕੀਤਾ ਨੇ; ਗਰਤ ਘੋਰ ਅੰਧ ਵਿਚ ਡੁਬੇ ਨੂੰ ਕਿੰਵ ਧੂਹ ਕੱਢਿਆ ਨੇ ਮਾਇਆ ਦੇ ਮੋਹ ਵਿਚੋਂ, ਵਾਹ ਮੇਰੇ ਸੁਹਣੇ ਦਾਤਾ!

ਗੁਰੂ ਜੀ ਬੋਲੇ: ਭਾਈ ਸੋਮਾ ਸੋਚ ਲੈ। ਕੱਚੇ ਵਿਰਾਗ ਵਿਚ ਆਕੇ ਧਨ ਧਾਮ ਦੇ ਬਹੀਦਾ ਹੈ ਪਰ ਮਗਰੋਂ ਪੱਛੋਤਾਈਦਾ ਹੈ, ਉਸ ਨਾਲੋਂ ਨਾ ਤਿਆਗ ਚੰਗੇਰਾ ਹੈ, ਜੇ ਸਚਮੁਚ ਸਾਂਈਂ ਨਾਮ ਅਮੋਲ ਹੋ ਭਾਸਿਆ ਹਈ ਤੇ ਜੀਵਨ ਸੁਖ ਲੈਣ ਨਾਲੋਂ ਸੁਖ ਦੇਣ ਵਿਚ ਵਧੇਰੇ ਮੁਬਾਰਕ ਹੋ ਦਿੱਸਿਆ ਹਈ ਤਾਂ ਭਾਈ ਜੁਗਤ ਨਾਲ, ਅਕਲ ਨਾਲ ਤਿਆਗ ਦੇਹ। ਕੁਛ ਟੱਬਰ ਦਾ ਖਾਨ੍ਹਣੂੰ ਬੰਨ੍ਹ ਦੇਹ, ਬਾਕੀ ਸਹਜੇ ਸਹਜੇ ਲੋੜ ਮੂਜਬ ਦੁਖ ਹਰਨੇ ਤੇ ਖਰਚ ਕਰੀ ਜਾਹ। ਇਸ ਤਰ੍ਹਾਂ ਤੇਰਾ ਦਾਨ ਪਰਵਾਨ ਦਾਨ ਹੋਵੇਗਾ। ਹਾਂ ਆਪ ਵੱਡਾ ਬਣਕੇ, ਦਾਨੀ ਤੇ ਸੁਖੀ ਦਾਤਾ ਆਪ ਨੂੰ ਮਿਥਕੇ ਦਾਨ ਨਾ ਕਰ। ਪਰਮੇਸੁਰ ਦਾ ਦਿੱਤਾ ਜਾਣਕੇ ਪਰਮੇਸ਼ਰ ਦੇ ਨਾਮ ਤੇ ਲੁਟਾਈ ਜਾਹ; ਮਹਾਰਾਜ ਨੂੰ ਅਰਪਣ ਕਰ, ਮਹਾਰਾਜ ਦੀ ਦਿਤੀ ਹੋਈ। ਤੂੰ ਦਾਤਾ ਬਣਕੇ ਜਗਤ ਮੰਗਤਾ ਜਾਣਕੇ ਹਉਂ ਵਿਚ ਦਾਨ ਨਾ ਕਰ। 'ਬੁੱਧੂ' ਸਦੀਂਦੇ ਸੋਮੇ ਨੂੰ ਇਹ ਦਾਨ ਦੀ ਅਕਲ ਕਹੋ, ਚਤੁਰਤਾ ਕਹੋ ਹੋਰ ਪ੍ਰਾਪਤ ਹੋ ਗਈ। ਸਿਖ ਨੇ ਸਤਿ ਬਚਨ ਕੀਤਾ ਤੇ ਸੁਹਣੇ ਰਸਤੇ ਪੈਕੇ ਜਗਤ ਦੁਖ ਹਰਨੇ ਨਮਿਤ ਸਾਂਈਂ ਦੇ ਨਾ ਤੇ ਲੱਗਾ ਖਰਚ ਕਰਨ। ਗੁਰੂ ਜੀ ਹੁਣ ਉਸਨੂੰ ਪ੍ਰੇਮ ਵਿਚ, ਸੁੱਚੇ ਨਾਮ ਅਭਜਾਸ ਵਿਚ ਤੇ ਸੁਰਤ ਦੇ ਤਜਾਗ ਵਿਚ ਪਰਪੱਕ ਦੇਖਕੇ ਅੱਗੇ ਨੂੰ ਟੁਰ ਗਏ। ਨਗਰ ਦੇ ਲੋਕੀਂ ਅਗੇ ਉਸ ਨੂੰ ਸਿੱਧਾ ਤੇ ਕਦੇ ਬੁੱਧੂ ਕਿਹਾ ਕਰਦੇ ਸੀ, ਹੁਣ ਵਧੇਰੇ ਆਖਣ ਲੱਗ ਪਏ, ਡਿੱਠਾ ਜੇ। ਸਾਧਾਂ ਨੂੰ ਘਰ ਲੈ ਗਿਆ ਸੀ, ਘਰ ਹੀ ਲੁਟਾ ਬੈਠਾ ਹੈ, ਟੱਬਰ ਬੀ ਮਾੜਾ ਆਖੇਸੁ। ਭਾਵੇਂ ਉਸਨੇ ਸਭ ਦੇ ਪੱਕੇ ਪ੍ਰਬੰਦ ਕਰਕੇ ਵਾਧੂ ਮਾਇਆ ਲੁਟਾਉਣੀ ਆਰੰਭੀ ਸੀ ਤਾਂ ਬੀ ਸਾਰੇ ਨਾ-ਖੁਸ਼ ਹੋਏ। ਪਰ ਉਸਦੀ ਪੱਕ ਗਈ ਸੁਰਤ ਨਾ ਡੋਲੀ ਸਗੋਂ ਹੋਰ ਅੰਤਰ-ਮੁਖ ਹੁੰਦੀ ਗਈ। ਉਹ ਟੱਬਰ ਵਿਚੋਂ ਕੇਵਲ ਪ੍ਰਸਾਦਿ ਪਾ ਲਿਆ ਕਰੇ ਤੇ ਬਾਕੀ ਸਮਾਂ ਨਾਮ ਸਿਮਰਨ ਤੇ ਨੇਕੀ ਕਰਨ ਤੇ ਲਾਇਆ ਕਰੇ। ਜਦ ਸਾਰਾ ਵਾਧੂ ਧਨ ਮੁੱਕ ਗਿਆ ਤਾਂ ਪਰਉਪਕਾਰ ਤੋਂ ਬੀ ਵਿਹਲਾ ਹੋ ਗਿਆ। ਭਾਣਾ ਐਸਾ ਵਰਤਿਆ ਕਿ ਕੁਛ ਮਹੀਨੇ ਮਗਰੋਂ ਉਸਦੇ ਬੱਚੇ ਤੇ ਇਸਤ੍ਰੀ ਇਕ ਇਕ ਕਰਕੇ ਕਾਲ-ਵੱਸ ਹੋ ਗਏ। ਰਹਿ ਗਿਆ ਇੱਕਲਾ ਬੋਟ, ਜੋ ਕਿ ਅਵਸਥਾ ਜਗਤ ਲਈ ਪਰਮ ਦੁਖਦਾਈ ਹੁੰਦੀ ਹੈ, ਪਰ ਉਸ ਨੇ ਜਾਤਾ ਕਿ ਸਾਂਈਂ ਨੇ ਹੁਣ ਸ਼ਾਯਦ ਮੈਨੂੰ ਸਾਰਾ ਆਪਣਾ ਕਰ ਲਿਆ ਹੈ। ਜੋ ਪਦਾਰਥ ਬਾਕੀ ਟੱਬਰ ਨਮਿੱਤ ਦਿਤਾ ਸੀ ਉਹ ਬੀ ਉਸ ਨੇ ਪਰਉਪਕਾਰ ਤੇ ਲਾ ਦਿਤਾ, ਤੇ ਆਪ ਮਜੂਰੀ ਕਰਨ ਤੇ ਆਪੇ ਨੂੰ ਲਾ ਦਿਤਾ। ਚਾਰ ਟਕੇ ਰੋਜ ਦਾ ਆਪਣਾ ਖਰਚ ਰਖ ਲਿਆ ਤੇ ਚਾਰ ਟਕੇ ਹੀ ਮਜੂਰੀ ਦੇ ਲੈਣੇ। ਆਖਣਾ ਭਾਈ ਚਾਰ ਟਕੇ ਲੈਣੇ ਹਨ। ਤਾਂ ਮਜੂਰੀ ਕਰਨੀ ਹੈ, ਚਾਰ ਘੜੀਆਂ ਦਾ ਮੁੱਲ ਇਹ ਹੈ, ਚਾਹੇ ਤੂੰ ਚਾਰ ਪਹਿਰ ਕਰਾ ਲੈ, ਮੇਰੀ ਮਜੂਰੀ ਚਾਰ ਟਕੇ ਤੋਂ ਵਧ ਨਹੀਂ, ਪਰ ਇਹ ਸ਼ਰਤ ਜ਼ਰੂਰੀ ਹੈ ਕਿ ਇਕ ਘੜੀ ਬੈਠ ਕੇ ਮੈਨੂੰ ਪਰਮੇਸ਼ਰ ਜੀ ਦਾ ਜਸ

ਸੁਣਾਇਆ ਕਰ, ਜੇ ਤੈਨੂੰ ਨਹੀਂ ਆਂਵਦਾ ਤਾਂ ਮੇਰੇ ਪਾਸੋਂ ਸੁਣਿਆ ਕਰ। ਇਹ ਅਨੋਖੀ ਮਜੂਰੀ ਟੁਰ ਪਈ। ਭਲਾ ਚਾਰ ਟਕੇ ਨੂੰ ਦਜਾਨਦਾਰ ਮਜੂਰ ਕਿਥੋਂ ਲੱਭ ਸਕਦਾ ਸੀ। ਇਸ ਬਹਾਨੇ ਸੋਮਾ ਸਿੱਖ ਆਪਣੇ ਸਤਿਸੰਗ ਦੀ ਪਾਹ ਲੋਕਾਂ ਨੂੰ ਲਾਉਣ ਲਗ ਪਿਆ। ਆਮ ਲੋਕ ਉਸ ਨੂੰ ਹਰਿ ਜਸ ਕੀਹ ਸੁਨਾਉਣ ਉਸੇ ਨੂੰ ਹੀ ਸੁਣਾਉਣਾ ਪਵੇ। ਉਹ ਸਮਝੇ ਕਿ ਮੇਰੇ ਜਨਮ ਦਾ ਪ੍ਰਯੋਜਨ ਸਿਰੇ ਚੜ੍ਹਦਾ ਹੈ। ਮੈਨੂੰ ਮਜੂਰੀ ਕਰਦਿਆਂ ਬੀ ਹਰਿ ਗੁਣ ਗਾਉਣ ਦਾ ਸਮਾਂ ਲੱਭਦਾ ਹੈ ਤੇ ਜੋ ਮੈਨੂੰ ਸੁਣਦੇ ਹਨ ਉਨ੍ਹਾਂ ਦੀ ਮਾਇਕ ਨੀਂਦ ਖੁਲ੍ਹਦੀ ਹੈ ਤੇ ਅੱਗਾ ਸੌਰਦਾ ਹੈ। ਚਾਰ ਟਕੇ ਲਿਆ ਕੇ ਆਟਾ ਖਰੀਦੇ, ਰੋਟੀ ਪਕਾਵੇ ਤੇ ਉਹ ਬੀ ਵੰਡ ਕੇ ਛਕੇ। ਇਕ ਦਿਨ ਕਿਸੇ ਰਾਜੇ ਦੇ ਵਗਾਰੀ ਮਜੂਰਾਂ ਵਿਚ ਉਸ ਨੂੰ ਮੱਲੋ ਮੱਲੀ ਫੜ ਕੇ ਲੈ ਗਏ, ਜਾਂ ਟਿਕਾਣੇ ਪੁੱਜੇ, ਮਜੂਰੀ ਮਿਲੀ ਤਾਂ ਉਸ ਨੇ ਚਾਰ ਟਕੇ ਲੈ ਲੀਤੇ ਤੇ ਬਾਕੀ ਮੋੜ ਦਿਤੇ। ਵਗਾਰ ਪਾਉਣ ਵਾਲੇ ਉਮਰਾ ਨੇ ਕਿਹਾ ਕਿਉਂ ਭਾਈ ਗੁੱਸੇ ਹੈਂ, ਹੋਰ ਪੈਸੇ ਚਾਹੀਦੇ ਹੈਨੀ ? ਤਾਂ ਉਸ ਨੇ ਕਿਹਾ ਮੇਰਾ ਨੇਮ ਹੈ ਮੈਂ ਇਸ ਤੋਂ ਵੱਧ ਮਜੂਰੀ ਨਹੀਂ ਲਿਆ ਕਰਦਾ, ਮੈਨੂੰ ਵੱਧ ਦੀ ਲੋੜ ਨਹੀਂ, ਚਾਹੇ ਮੈਂ ਚਾਰ ਘੜੀ ਮਜੂਰੀ ਕਰਾਂ ਚਾਹੇ ਚਾਰ ਪਹਰ। ਪਰ ਮੇਰੀ ਇਹ ਸ਼ਰਤ ਹੁੰਦੀ ਹੈ ਕਿ ਮੈਥੋਂ ਕੰਮ ਲੈਣ ਵਾਲਾ ਇਕ ਘੜੀ ਪਰਮੇਸ਼ਰ ਦਾ ਜਸ ਜਾਂ ਸੁਣਾਵੇਂ ਮੈਨੂੰ ਜਾਂ ਸੁਣੇ ਮੈਥੋਂ। ਸੋ ਅਜ ਇਹ ਗੱਲ ਨਹੀਂ ਪੁੱਗੀ, ਕਿਉਂ ਜੋ ਆਪ ਨੇ ਮਜੂਰ ਤੋਂ ਮਜੂਰੀ ਦਾ ਕੰਮ ਨਹੀਂ ਲਿਆ ਵਗਾਰ ਪਾਈ ਹੈ, ਜੋ ਡਾਢੇ ਦੀ ਕਾਰ ਹੈ, ਤੇ ਜਿਸ ਅਗੇ ਹੁਤ ਨਹੀਂ। ਪਰਮੇਸ਼ੁਰ ਤੇਰਾ ਭਲਾ ਕਰੇ। ਉਮਰਾਉ ਸੁਣ ਕੇ ਹੈਰਾਨ ਰਹਿ ਗਿਆ। ਆਖਣ ਲਗਾ, ਤੂੰ ਤਾਂ ਕੋਈ ਖ਼ੁਦਾ ਦਾ ਫਕੀਰ ਹੈਂ, ਮੇਰੀ ਖਤਾ ਮਾਫ਼ ਕਰ, ਮੇਰੇ ਜਮਾਂਦਾਰ ਨੇ ਭੁੱਲ ਕੀਤੀ ਕਿ ਤੇਰੇ ਜੈਸੇ ਨੇਕ ਬੰਦੇ ਨੂੰ ਵਗਾਰ ਪਾਈ। ਸੋਮੇ ਕਿਹਾ: ਭਾਈ ਮੈਂ ਤਾਂ ਮਜੂਰੀ ਕਰਨੀ ਸੀ ਚਾਹੇ ਵਗਾਰ ਦੀ ਚਾਹੇ ਖੁਸ਼ੀ ਦੀ ਸੋ ਹੋ ਗਈ, ਇਸ ਦਾ ਰੋਸ ਨਹੀਂ, ਪਰ ਸਤਿਸੰਗ ਦੀ ਘੜੀ ਨਹੀਂ ਲੱਭੀ। ਜੇ ਤੈਨੂੰ ਮੇਰੀ ਫਕੀਰੀ ਤੇ ਤਰਸ ਆਇਆ ਹੈ ਤੇ ਮੇਰੀ ਵਗਾਰ ਖਤਾ ਸਮਝੀ ਹਈ ਤਾਂ ਮੈਂ ਖਤਾ ਮਾਫ ਕੀਤੀ ਪਰ ਤਾਂ ਜੇ ਇਕ ਘੜੀ ਮੇਰੇ ਨਾਲ ਸਤਿਸੰਗ ਕਰ ਲਵੇਂ ਤਾਂ।

ਇਹ ਅਚਰਜ ਕਿਸਮ ਦੀ ਮੰਗ ਵੇਖਕੇ ਅਮੀਰ ਹੈਰਾਨ ਹੋਇਆ, ਤੇ ਆਖਣ ਲੱਗਾ: ਅੱਛਾ ਸਾਂਈਂ ਲੋਕ ਨਾਲੇ ਦੋ ਦੋ ਨਾਲੇ ਚੋਪੜੀਆਂ, ਕਰ ਮਿਹਰ ਤੇ ਸੁਣਾ ਅੱਲਾ ਤਆਲਾ ਦੀ ਕੋਈ ਗਲ ਬਾਤ; ਚਾਹੇ ਗੁਨਹਗਾਰ ਹਾਂ ਪਰ ਅੱਲਾ ਤੇ ਯਕੀਨ ਤਾਂ ਹੈ ਹੀ ਨਾ। ਇਹ ਸੁਣਕੇ ਆਪ ਬੈਠ ਗਏ ਤੇ ਵਾਰਤਾਲਾਪ ਕੀਤੀ। ਜਿਸ ਦਾ ਫਲ ਇਹ ਹੋਇਆ ਕਿ ਅਮੀਰ ਦੇ ਦਿਲ ਤੇ ਨਾਮ ਦੀ ਮਹਿਮਾ ਬੈਠ ਗਈ ਤੇ ਉਹ ਲਗ ਪਿਆ ਰੱਬ ਦੀ ਪਿਆਰ ਭਰੀ ਯਾਦ ਵਿਚ। ਇਸ ਤਰ੍ਹਾਂ ਇਸ ਗੁਰ ਨਾਨਕ ਦੇਵ ਦੇ ਸਾਜੇ ਸਾਧੂ ਨੇ ਆਪਣੇ ਡੁਲ੍ਹਦੇ ਪਿਆਰ ਦੇ ਉਮਾਹ ਵਿਚ ਕਈ ਲੋਕ ਗ਼ਫਲਤ ਦੀ ਨੀਂਦ ਤੋਂ ਜਗਾਕੇ ਸਾਂਈਂ ਦੇ ਰਾਹ ਪਾਏ। ਅਨੇਕਾਂ ਦੇ ਐਬ ਛੁਡਵਾਏ।

ਇਕ ਵੇਰ ਇਨ੍ਹਾਂ ਦੇ ਨਗਰ ਉਹ ਆਦਮੀ ਆਯਾ ਜੋ ਉਥੋਂ ਦੀਆਂ ਭੋਆਂ ਦਾ ਮਾਮਲਾ ਕੱਠਾ ਕਰਕੇ ਸਰਕਾਰੇ ਪੁਚਾਯਾ ਕਰਦਾ ਸੀ। ਕੁਛ ਦਿਨ ਉਸ ਨੂੰ ਆਇਆਂ ਹੋਏ ਸਨ ਕਿ ਉਸ ਨੂੰ ਘਰੋਂ ਸੁਨੇਹਾ ਆਇਆ ਕਿ ਤੁਰੰਤ ਘਰ ਆਓ ਅਤਿ ਜ਼ਰੂਰੀ ਕੰਮ ਹੈ। ਘਰ ਓਥੋਂ ਚੌਦਾਂ ਪੰਦਰਾਂ ਕੋਹਾਂ ਤੇ ਹੈਸੀ ਇਸ ਲਈ ਬੁਚਕਾ ਚੁਕਾ ਕੇ ਨਾਲ ਲਿਜਾਣ ਦੀ ਲੋੜ ਸੀ ਆਦਮੀ ਦੀ, ਸੋ ਜ਼ਿਮੀਂਦਾਰਾਂ ਦੇ ਪੈਂਚ ਨੇ ਇਸ ਸਿੱਖ ਨੂੰ ਚਾਰ ਟਕੇ ਦੇਣੇ ਕਰਕੇ ਅਜਾਰੇਦਾਰ ਦੇ ਨਾਲ ਟੋਰਿਆ। ਰਾਹ ਵਿਚ ਸਿੱਖ ਨੇ ਕਿਹਾ: ਭਾਈ ਇਹ ਪਿਆ ਏ ਬੁਚਕਾ ਮੈਂ ਅੱਗੋਂ ਜਾਣੋਂ ਹੁਣ ਸੰਗਦਾ ਹਾਂ। ਅਜਾਰੇਦਾਰ ਨੇ ਕਿਹਾ ਨਾ ਭਾਈ ਤੂੰ ਮਜੂਰੀ ਹੋਰ ਲੈ ਲਈਂ ਤੇ ਤੁਰਿਆ ਚਲ। ਸਿਖ ਨੇ ਕਿਹਾ: ਭਾਈ ! ਹੋਰ ਟਕੇ ਦੀ ਲੋੜ ਨਹੀਂ, ਪਰ ਅਗੇ ਮੈਂ ਤਾਂ ਚਲਦਾ ਹਾਂ ਜੇ ਤੂੰ ਰਬ ਦੀਆਂ ਗੱਲਾਂ ਕਰਦਾ ਚੱਲੇ ਜਾਂ ਸੁਣਦਾ ਚਲੇਂ। ਮੈਥੋਂ ਭੁਲ ਹੋਈ ਕਿ ਟੁਰਨ ਵੇਲੇ ਇਹ ਗੱਲ ਖਰੀ ਨਹੀਂ ਕੀਤੀ ਤੇ ਹੁਣ ਮੇਰਾ ਜੀ ਕਾਹਲਾ ਪੈਂਦਾ ਹੈ ਕਿ ਮੈਂ ਆਪਣਾ ਨੇਮ ਕਿਉਂ ਭੰਗ ਕੀਤਾ। ਅਜਾਰੇਦਾਰ ਨੇ ਖ਼ੁਸ਼ੀ ਨਾਲ ਗਲ ਮੰਨ ਲਈ ਤਾਂ ਸਾਂਈਂ ਗੁਣ


www.sikhbookclub.com

ਗਾਂਉਂਦੇ ਘਰ ਅੱਪੜੇ। ਸੋਮਾ ਜੀ ਰਾਤ ਓਥੇ ਉਸ ਦੇ ਘਰ ਹੀ ਰਹੇ, ਅਗਲੇ ਦਿਨ ਜਦ ਟੁਰਨ ਲੱਗੇ ਤਾਂ ਸੋਮੇ ਨੇ ਕਿਹਾ ਭਾਈ ਇਕ ਗੱਲ ਵੱਖ ਹੋ ਕੇ ਸੁਣ ਲੈ, ਦੱਸ ਤੇਰੀ ਆਰਬਲਾ ਕਿੰਨੀ ਹੈ? ਉਸ ਨੇ ਆਖਿਆ ਸਠਾਂ ਬਰਸਾਂ ਦੀ।

ਸੋਮੇਂ ਨੇ ਕਿਹਾ: ਸੁਣ ਰੱਬ ਤੋਂ ਘੁੱਸ ਰਹੇ ਬੰਦੇ! ਤੂੰ ਸੱਠ ਬਰਸ ਨੇਕੀ ਦੇ ਕੰਮ ਨਹੀ ਕੀਤੇ, ਦੱਸ ਤੇਰੇ ਮਾੜੇ ਕੀਤੇ ਹੋਏ ਕਿੰਞ ਵਿੜ ਝਿੜ ਹੋਣ, ਤੂੰ ਜੋਗ ਤਪ ਨਹੀਂ ਕੀਤੇ ਜੋ ਤੇਰੇ ਮਾੜੇ ਕਰਮ ਜੋਗ-ਅਗਨੀ ਨਾਲ ਦਗਧ ਹੋਣ, ਤੂੰ ਗਜਾਨ ਧਜਾਨ ਨਹੀਂ ਕੀਤੇ ਜੋ ਤੇਰੇ ਕਰਮਾਂ ਦੇ ਬੀਜਾਂ ਵਾਲੇ ਦਾਣੇ ਭੁੱਜ ਜਾਣ, ਤੂੰ ਰਬ ਜੀ ਨੂੰ ਪਜਾਰ ਨਹੀਂ ਕੀਤਾ, ਨਾਮ ਨਹੀਂ ਜਪਿਆ, ਸਿਫਤ ਸਲਾਹ ਨਹੀਂ ਕੀਤੀ ਜੋ ਤੂੰ ਲੇਖਿਆਂ ਹਿਸਾਬਾਂ ਵਿਚੋਂ ਉੱਚਾ ਉਠ ਜਾਂਦਾ। ਕਰਮ ਕਰੀਦਾ ਆਪ ਹੈ ਪਰ ਉਹ ਆਪਣੇ ਤੇ ਹੀ ਬਲੀ ਹੋ ਖੜੋਂਦਾ ਹੈ। ਦੇਖ ਕਰਮ ਕਰ ਕਰਕੇ ਸੁਭਾਵ ਬਣਾਈਦਾ ਹੈ, ਉਹ ਸੁਭਾਵ ਜਿੱਤਣਾ ਕਠਨ ਹੋ ਜਾਂਦਾ ਹੈ। ਇਸੇ ਤਰ੍ਹਾਂ ਕਰਮਾਂ ਵਿਚ ਵਾਸ਼ਨਾ ਦੇ ਖੀਜ ਹੁੰਦੇ ਹਨ ਜੋ ਫੇਰ ਫੇਰ ਉਗਦੇ ਹਨ, ਓਹ ਸਾੜਨੇ ਕਠਨ ਹੋ ਜਾਂਦੇ ਹਨ।

ਅਜਾਰੇਦਾਰ ਨੇ ਕਿਹਾ, ਸੋਝੀ ਨਹੀਂ ਪਈ, ਹੁਣ ਜਾਚ ਦੱਸੋਂ ਤਾਂ ਅਗੇ ਤੋਂ ਸ਼ੁਭ ਕਰਮ ਕਰਾਂ, ਰਬ ਡੇਰਾ ਭਲਾ ਕਰੇ। ਤਦ ਸਿੱਖ ਨੇ ਕਿਹਾ ਭਾਈ! ਹੁਣ ਤੂੰ ਕਿਹੜੇ ਵੇਲੇ ਕਰਮ ਕਰਨੇ ਹੈਨ, ਜੀਵਨ ਤਾਂ ਤੇਰਾ ਅਠ ਦਸ ਦਿਨ ਦਾ ਬਾਕੀ ਹੈ; ੬੦ ਬਰਸ ਦੇ ਕਰਮਾਂ ਨਾਲ ਹਫ਼ਤੇ ਅਸ਼ਰੇ ਦੇ ਕਰਮ ਕੀਕਣ ਭਿੜੀਵਣਗੇ? ਇਹ ਸੁਣ ਕੇ ਉਸ ਦਾ ਰੰਗ ਪੀਲਾ ਹੋ ਗਿਆ ਤਾ ਸਿੱਖ ਬੋਲਿਆ: ਭਾਈ, ਜੀਵ ਆਪਣੇ ਜੀਵਨ ਵਿਚ ਇਕ ਗਲ ਜਾਣਦਾ ਤਾਂ ਹੈ ਪਰ ਗਉਲਦਾ ਨਹੀਂ; ਉਹ ਹੈ ਮੌਤ। ਜੇ ਹਰ ਕੋਈ ਮੌਤ ਨੂੰ ਬਰਹੱਕ ਨਾ ਜਾਣੇ ਤਾਂ ਹੁਣ ਨਾਲੋਂ ਵਧੀਕ ਮਾੜੇ ਕਰਮ ਕਰੇ। ਇਹ ਤਾਂ ਮੌਤ ਦਾ ਅਨਗਉਲਿਆ ਭੌ ਦੁਨੀਆਂ ਦੇ ਆਚਰਣ ਤੇ ਅਸਰ ਰਖਦਾ ਹੈ, ਪਰ ਜੇ ਕੋਈ ਗਉਲਕੇ ਮੌਤ ਨੂੰ ਤੱਕੇ ਤਾਂ ਉਸ ਦਾ ਜੀਵਨ ਅਸਲੀ ਰੰਗ ਵਿਚ ਆ ਜਾਂਦਾ ਹੈ। ਤੂੰ ਹੁਣ ਜੀਵਨ ਦਾ ਅਸਲੀ ਮੁੱਲ ਵੇਖ ਲਿਆ ਹੈ ਜੋ ਤੈਨੂੰ ਮੌਤ ਸਾਹਮਣੇ ਦਿੱਸ ਪਈ ਹੈ। ਹੁਣ ਹੀ ਕੁਛ ਉਪਰਾਲਾ ਕਰ ਲੈ। ਹੁਣ ਵੇਲਾ ਕਰਮ ਨਾਲ ਬੱਧੇ ਹੋਏ ਕਰਮ ਨਾਲ ਛੁੱਟਣੇ ਦਾ ਨਹੀਂ, ਨਿਰਾ ਕਰਮਾਂ ਨਾਲ ਛੁੱਟ ਸਕਣਾ ਉਂਞ ਬੀ ਕਠਨ ਹੈ। ਨਾ ਹੁਣ ਤਪ ਹਠ ਜੋਗ ਦਾ ਸਮਾਂ ਹੈ। ਹੁਣ ਤਾਂ ਉਹ ਰਾਹ ਹੈ ਜੋ ਗੁਰੂ ਬਾਬੇ ਨਾਨਕ ਨੇ ਜਗਤ ਨੂੰ ਦਿੱਤਾ ਹੈ ਤੇ ਜਿਸ ਰਾਹੇ ਮੈਂ ਟੁਰ ਰਿਹਾ ਹਾਂ, ਸਭ ਤੋਂ ਸਰੇਸ਼ਟ ਹੈ ਹੀ ਉਹੋ ਰਾਹ। ਉਹ ਹੈ ਭਗਵੰਤ ਪਾਰਬ੍ਰਹਮ ਮਾਲਕ ਪਾਲਕ ਨੂੰ 'ਸਚ' ਸਮਝਣਾ ਤੇ ਉਸ ਦੇ ਨਾਮ ਦਾ ਆਰਾਧਨ ਕਰਨਾ ਤੇ ਉਸ ਵਲ ਮਨ ਜੋੜ ਪਿਆਰ ਦਾ ਰੁਖ ਬੰਨ੍ਹ ਬੰਨ੍ਹ ਯਾਦ ਕਰਨਾ। ਦੇਖ ਰਾਹ ਵਿਚ ਤੇ ਰਾਤ ਤੇਰੇ ਘਰ ਵਿਚ ਜੋ ਅਸਾਂ ਰਬ ਜੀ ਦੇ ਗੁਣ ਗਾਏ ਹਨ ਓਹ ਦਰ ਕਬੂਲ ਪੈਣੇ ਹਨ। ਪਰ ਉਹ ਮੈਂ ਜੋਰੀ ਜੋਰੀ ਤੇਰੇ ਸੁਆਸ ਸੁਫਲਾਏ ਹਨ। ਹੁਣ ਜੋ ਤੂੰ ਆਪਣੀ ਹੁੱਬ ਨਾਲ, ਰਬ ਦੇ ਭਉ ਤੇ ਭਾਉ ਨਾਲ ਉਸਦੇ ਗੁਣ ਗਾਉਣੇ ਹਨ ਤੇ ਪਿਆਰ ਨਾਲ ਯਾਦ ਕਰਨਾ ਹੈ ਏਹ ਤੇਰੇ ਆਤਮਾ ਨੂੰ ਉੱਚਾ ਲੈ ਜਾਣਗੇ, ਕਰਮ ਫਾਸ ਕਟੀਵੇਗੀ, ਮੇਰਾ ਗੁਰੂ ਤੇਰੀ ਸਾਇਤਾ ਕਰੇਗਾ। ਲਗ ਪਉ ਤੇ ਹੋਰ ਸੁਆਸ ਬਿਰਥਾ ਨਾ ਗੁਆਉ। ਤਾਂ ਅਜਾਰੇਦਾਰ ਰੋ ਪਿਆ, ਆਖਣ ਲੱਗਾ ਵਿਜੋਰਾ ਪੈਂਦਾ ਹੁੰਦਾ ਸੀ ਮੋਹ ਮਾਇਆ ਦਾ ਕਿ ਕਿਵੇਂ ਇਹ ਬਣੀ ਰਹੇ ਤੇ ਵਧਦੀ ਰਹੇ, ਹੁਣ ਉਹ ਬੰਧਨ ਭਾਸਦੀ ਹੈ; ਕਿ ਕਿਸ ਜੀਵਨ ਪਿੱਛੇ ਛਲਵਲ ਕੀਤੇ, ਤੇ ਮਾਇਆ ਜੋੜੀ! ਪਰ ਹੇ ਆਪਣੇ ਗੁਰੂ ਦੇ ਪਿਆਰੇ ਸਿੱਖ ਸੱਤਾਂ ਅੱਠਾਂ ਦਿਨਾਂ ਦੇ ਮੇਰੇ ਸਾਂਈਂ ਸਿਮਰੇ ਨਾਲ ਕੀਹ ਬਣਸੀ, ਕਰਮ ਮੇਰੇ ਅਣਗਿਣਵੇਂ ਹਨ ਜੋ ਮਾੜੇ ਹਨ।

ਸਿੱਖ ਬੋਲਿਆ:- ਦੇਖ ਬਈ! ਤੂੰ ਵੱਡਾ ਹੈਂ ਕਿ ਬਖਸ਼ਣਹਾਰ?

ਅਜਾਰੇਦਾਰ-ਕਰਤਾਰ ਬਖਸ਼ਣਹਾਰ।

ਸਿਖ ਬੋਲਿਆ:-ਅਮਿਤ, ਅਨੰਤ, ਅਰ ਵਡਾ ਕਰਤਾਰ ਹੈ ਕਿ ਤੇਰੇ ਕਰਮ? ਤੂੰ ੬੦ ਬਰਸ ਵਿਚ

ਜੇ ਭਲਾ ਸੁਆਸ ਸੁਆਸ ਹੀ ਮਾੜੇ ਕੰਮ ਕੀਤੇ ਹੋਣ ਤਾਂ ਬੀ ਉਹ ਗਿਣਤੀ ਵਿਚ ਹੋਏ; ਭਾਵੇਂ ਬਹੁਤੇ ਬਣਨਗੇ ਪਰ ਅਣਗਿਣਤ ਨਹੀਂ ਹੋਣਗੇ। ਪਰ ਕਰਤਾਰ ਅਗਣਤ ਹੈ, ਉਸ ਦੀ ਮਿਹਰ ਅਗਣਤ ਹੈ। ਦੇਖ ਸਾਗਰ ਵਡਾ ਹੈ ਕਿ ਬੋਹਿਥਾ? ਤੂੰ ਆਪੇ ਕਹੇਂਗਾ ਕਿ ਸਾਗਰ। ਸੋਚ: ਰੱਬ ਸਾਗਰ ਹੈ, ਸਾਡੇ ਕਰਮਾ ਰੂਪੀ ਅਨੇਕ ਬੇੜੇ ਉਸ ਵਿਚ ਡੁਬ ਤਰ ਸਕਦੇ ਹਨ। ਇਹ ਗਲ ਤੂੰ ਕਿਉਂ ਨਹੀਂ ਸਮਝੀ, ਇਹ ਹੈ ਮੂਰਖਤਾ ਜਿਸ ਵਿਚ ਜਗਤ ਡੁਬਾ ਹੈ ਤੇ ਮੋਹ ਮਾਇਆ ਵਿਚ ਚਾਤੁਰ ਬਣਦਾ ਹੈ।

ਅਜਾਰੇਦਾਰ ਨੂੰ ਹੋਸ਼ ਆ ਗਈ, ਠੰਢਾ ਸਾਹ ਲੈ ਕੇ ਆਖਿਆ-ਸਚ ਕਿਹਾ ਨੇ ਪਰ ਡਰ ਲਗਦਾ ਹੈ ਕੀਤੀਆਂ ਤੋਂ।........ਕਾਮਨੂੰ ਕੀਤੇ ਜੇ ਰਹਿਣਾ ਨਹੀਂ ਸੀ ਸਦਾ।

ਸਿਖ-ਦੇਖ ਭਾਈ! ਇਹੋ ਭੁੱਲ ਹੈ ਜੋ ਸਭ ਨੂੰ ਵਿਆਪਦੀ ਹੈ। ਤੂੰ ਹੁਣ ਇਉਂ ਹਾਵਾ ਨਾ ਕਰ। ਹਾਵਾ ਕਰ ਅਰਦਾਸ ਰੂਪ ਵਿਚ, ਸਾਂਈਂ ਦੇ ਦਰ ਅਰਜ਼ੋਈਆਂ ਕਰ ਬਖਸ਼ੀਵਣ ਦੀਆਂ। ਗੁਣ ਗਾ ਬਖਸ਼ਨਹਾਰ ਦੇ: ਧੰਨ ਤੂੰ ਧੰਨ ਤੂੰ ਕਰਕੇ ਮਨ ਨੂੰ ਰੰਗ ਵਿਚ ਲਿਆ ਤੇ 'ਵਾਹਿਗੁਰੂ' ਕਹਿਕੇ ਉਸ ਦਾਤੇ ਨੂੰ ਸੁਆਸ ਸੁਆਸ ਸਿਮਰ ਤੇ ਧਯਾਨ ਉਸ ਵਲ ਲਾ, ਇਉਂ ਜਿਤਨੇ ਸੁਆਸ ਬਾਕੀ ਹੈਨ ਸਫਲਾ ਲੈ। ਕਰਮ ਮਾਰਗ ਵਾਲੇ ਹਿਸਾਬ ਇਉਂ ਕਰਦੇ ਹਨ ਕਿ ਤੇਰੇ ਕਰਮ ਗਿਣੇ ਜਾਣਗੇ ਜੋ ਸਾਰੇ ਮਾੜੇ ਹਨ; ਹੁਣ ਦੀਆਂ ਚੰਗੀਆਂ ਘੜੀਆਂ ਦੇ ਬਦਲੇ, ਜੋ ਸਤਿਸੰਗ ਦੀਆਂ ਹਨ, ਥੋੜਾ ਚਿਰ ਬੈਕੁੰਠ ਮਿਲੇਗਾ, ਮਾੜਿਆਂ ਕਰਮਾਂ ਬਦਲੇ ਢੇਰ ਚਿਰ ਦੁਖ ਮਿਲਣਗੇ। ਸੋ ਉਸ ਹਿਸਾਬ ਤੂੰ ਪਹਿਲੇ ਧਰਮ ਰਾਜ ਤੋਂ ਬੈਕੁੰਠ ਮੰਗੀਂ ਤਾਂ ਜੋ ਓਥੇ ਗਿਆ ਮੁੜ ਨਾ ਪਰਤੀਵੇਂ; ਓਥੇ ਧਰਮਰਾਜ ਦਾ ਜ਼ੋਰ ਨਹੀਂ ਚਲਦਾ। ਪਰ ਜੋ ਹਿਸਾਬ ਬੇ-ਹਿਸਾਬੀ ਦਾ ਮੇਰੇ ਗੁਰ ਨਾਨਕ ਨੇ, ਕਹੋ 'ਧੰਨ ਗੁਰ ਨਾਨਕ' 'ਧੰਨ ਗੁਰ ਨਾਨਕ' ਨੇ ਦਿਤਾ ਹੈ ਉਹ ਹੈ ਸਿੱਧਾਂ ਸਾਂਈਂ ਦੀ ਸ਼ਰਨ ਪੈ ਜਾਣਾ। ਉਸ ਦੇ ਗੁਣ ਗਾਇਨ ਵਿਚ ਲਗ ਜਾਣਾ, ਉਸ ਦੇ ਨਾਮ ਵਿਚ ਪੈ ਜਾਣਾ, ਉਸ ਦੇ ਪਿਆਰ ਦਾ ਜਾਗ ਪੈਣਾ। ਇਹ ਹੈ ਉਸ ਦੀ ਸ਼ਰਨ ਲੈਣੀ, ਚੰਬੜਨਾ ਨਾਮ ਨੂੰ, ਨਾਮ ਨੂੰ ਚੰਬੜਨਾ ਨਾਮੀ ਨੂੰ ਚੰਬੜਨਾ ਹੈ, ਨਾਮੀ ਨਾਲ ਚੰਬੜੇ ਨੂੰ ਕਉਣ ਤੋੜੇ। ਕਰਮ ਆਪੇ ਪਰੇ ਰਹਿ ਜਾਂਦੇ ਹਨ ਤੇ ਦਗਧ ਹੁੰਦੇ ਹੈਨ- ਗੁਰੂ ਬਾਬੇ ਦਾ ਆਸਾ ਰਾਗ ਵਿਚ ਫੁਰਮਾਣ ਹੈ:-

*ਲੋਕਾ ਮਤ ਕੋ ਫਕੜਿ ਪਾਇ॥ਲਖ ਮੜਿਆ ਕਰਿ ਏਕਠੇ ਏਕ ਰਤੀ ਲੇ ਭਾਹਿ॥* (ਆਸਾ:ਮ:੧-੩੨)

ਇਕ ਰਤੀ ਭਰ ਅੱਗ ਨਾਲ ਕਾਠ ਦੇ ਸੈਂਕੜੇ ਢੇਰ ਸੜ ਜਾਂਦੇ ਹਨ ਜਿਵੇਂ, ਤਿਵੇਂ ਨਾਮ ਤੇ ਨਾਮੀ ਤੋਂ ਪ੍ਰਾਪਤ ਹੋਈ ਮਿਹਰ ਪਾਪਾਂ ਦੇ ਮੜ੍ਹੇ ਸਾੜ ਘੱਤਦੀ ਹੈ, ਫੇਰ ਸਾਂਈਂ ਨਾਮ ਨਾਲ ਚੰਬੜਿਆ ਸਾਂਈਂ ਨੂੰ ਚੰਬੜ ਹੀ ਗਿਆ ਸਮਝੋ। ਕਹੋ ਧੰਨ ਗੁਰੂ ਨਾਨਕ!

*'ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥*
*ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥੧॥* (ਜਪੁਜੀ)

ਅਜਾਰੇਦਾਰ ਤੇ ਭਉ ਪੈ ਗਿਆ ਸੀ, ਭਉ ਨੇ ਵੈਰਾਗ ਲਾ ਦਿੱਤਾ, ਰੁਖ਼ ਤੇ ਰਾਗ (ਪ੍ਰੇਮ) ਲਗ ਗਿਆ ਸਾਂਈਂ ਨਾਲ, ਲਗ ਪਿਆ ਨਾਮ ਵਿਚ ਤ੍ਰੁਟ ਕੇ ਤਨੋਂ ਮਨੋਂ, ਇਉਂ ਸਿਮਰਨ ਵਿਚ ਡੁੱਬਾ, ਸੁਆਸ ਕਰ ਗਿਆ ਪੂਰੇ, ਸੱਤਵੇਂ ਦਿਨ ਚਲ ਬਸਿਆ। ਹਾਂ ਡੁੱਬਾ ਹੋਇਆ ਗ਼ਰੀਬ ਤਰ ਨਿਕਲਿਆ-

*ਜੋ ਕੋ ਡੂਬੈ ਫਿਰਿ ਹੋਵੈ ਸਾਰ॥* (ਧਨਾ:ਮ:੧)

ਫੁਰਮਾਣ ਹੈ:- *ਗੁਰ ਮਿਲਿ ਭਉਜਲੁ ਲੰਘੀਐ ਦਰਗਹ ਪਤਿ ਪਰਵਾਣੁ॥*
*ਨਾਨਕ ਤੇ ਮੁਖ ਉਜਲੇ ਧੁਨਿ ਉਪਜੈ ਸਬਦੁ ਨੀਸਾਣੁ॥੪॥੨੨॥* (ਸਿਰੀ: ਮ:੧)

ਸਾਧ ਸੰਗਤ ਜੀ, ਇਸ ਤਰ੍ਹਾਂ ਗੁਰ ਨਾਨਕ ਦੇ ਸਾਧੂ ਦੇ ਪ੍ਰੇਮ ਨਾਲ ਅਨੇਕਾਂ ਲੋਕ ਭੈ ਸਾਗਰ ਤੋਂ ਤਰੇ। ਭਾਈ ! ਦੁਨੀਆਂ ਦੇ ਹਿਸਾਬ ਜੋ ਕਮ-ਅਕਲ ਸੀ, ਅਰਥਾਤ ਖਲ ਸੀ, ਮੂਰਖ ਸੀ, ਉਹ ਦੇਖੋ *'ਗੁਰ ਭੇਟਿ ਪੁਨੀਤਾ'* ਨਾਲ ਇਲਾਹੀ ਅਕਲਾਂ ਵਿਚ ਕੀਕੂੰ ਦਾ ਚਤੁਰ ਹੋ

ਗਿਆ। ਕਿਸ ਚਤੁਰਾਈ ਭਰੀ ਵਕੱਤ੍ਰਤਾ ਨਾਲ[1] ਉਸ ਨੇ ਇਨ੍ਹਾਂ ਦੋ ਜੀਵਾਂ ਨੂੰ ਕਲਜਾਣ ਦੇ ਰਸਤੇ ਪਾਇਆ। ਤੇ ਹੋਰ ਅਨੇਕਾਂ ਨੂੰ ਜਿਨ੍ਹਾਂ ਦੇ ਹਾਲ ਲਿਖੇ ਯਾ ਰਵਾਇਤੀ ਸਾਡੇ ਤੱਕ ਨਹੀਂ ਅੱਪੜੇ, ਸੰਵਾਰਿਆ; ਹਾਂ, ਜੀਓ ਆਖੋ:-

*'ਪਿੰਗੁਲ ਪਰਬਤ ਪਾਰਿ ਪਰੇ ਖਲ ਚਤੁਰ ਬਕੀਤਾ'*

ਸੰਤ ਕਿਹਾ ਕਰਦੇ ਸਨ ਕਿ ਸੋਮੇ ਨੂੰ ਗੁਰੂ ਜੀ ਨੇ ਫੇਰ ਕਰਤਾਰ ਪੁਰ ਸੱਦ ਲਿਆ ਤੇ 'ਭਾਈ ਸੋਮਾ' ਨਾਮ ਇਸ ਨਾਮੀ ਤੇ ਪਰਉਪਕਾਰੀ ਨੂੰ ਬਖਸ਼ਿਆ, ਇਸ ਗੁਰਸਿਖ ਦਾ ਜੀਵਨ ਜਪਦਿਆਂ ਜਪਾਉਂਦਿਆਂ ਸਫਲ ਹੋਇਆ।

ਲਓ ਗੁਰੂ ਕੇ ਪਿਆਰਿਓ! ਹੁਣ ਗਾਵੋਂ ਪ੍ਰੇਮ ਨਾਲ ਮੇਰੇ ਨਾਂਲ ਇਹ ਤੁਕ- *'ਐਸੀ ਭਗਤਿ ਗੋਵਿੰਦ ਕੀ ਕੀਟਿ ਹਸਤੀ ਜੀਤਾ॥'* ਗੁਰੂ ਕੇ ਦਰੋਂ ਕੀਰਤਨ ਯਾ ਸਿਫਤ ਸਲਾਹ ਕਹੋ ਯਾ ਹਰੀ ਜਸ ਕਹੋ ਪ੍ਰਾਪਤ ਹੁੰਦਾ ਹੈ, ਦੂਜੀ ਸ਼ੈ ਨਾਮ ਮਿਲਦਾ ਹੈ, ਦੋਹਾਂ ਦੇ ਅਮਲ ਨੂੰ ਕਹੀਦਾ ਹੈ ਭਗਤੀ। ਇਹ ਭਗਤੀ ਕਲਜਾਣ ਦਾਤੀ ਹੈ। ਇਸੇ ਨਾਲ ਸਾਡੀ ਬੁੱਧੀ ਨਿਰਮਲ ਹੋ ਕੇ ਆਤਮ ਵਿਸ਼ੈਣੀ ਹੋ ਜਾਂਦੀ ਹੈ। ਪਹਿਲੋਂ ਬੁੱਧੀ ਕੀੜੀ ਸਮਾਨ ਹੁੰਦੀ ਹੈ ਪਰ ਉਹ ਕੀੜੀ ਭਗਤੀ ਦੇ ਬਲ ਨਾਲ ਐਸੀ ਬਲਵਾਨ ਹੋ ਜਾਂਦੀ ਹੈ ਕਿ ਅਗਜਾਨ ਰੂਪੀ ਹਾਥੀ ਨੂੰ ਜਿੱਤ ਲੈਂਦੀ ਹੈ। ਹਾਂ ਜੀ-*'ਐਸੀ ਭਗਤਿ ਗੋਵਿੰਦ ਕੀ ਕੀਟਿ ਹਸਤੀ ਜੀਤਾ'*। ਜਦ ਅਗਜਾਨ ਜਿੱਤ ਹੋ ਗਿਆ ਤਾਂ ਸਾਡੇ ਤੇ ਸਾਂਈਂ ਦੇ ਵਿਚਕਾਰ ਦਾ ਪੜਦਾ ਟੁੱਟ ਗਿਆ। ਇਹ ਪ੍ਰਤਾਪ ਹੈ ਸਾਧ ਸੰਗ ਦਾ। ਹੁਣ ਗੁਰੂ ਇਤਿਹਾਸ ਵਿਚ ਤੱਕੋ ਗੁਰੂ ਬਾਬੇ ਦੇ ਕੌਤਕ ਕਿ ਕਿਵੇਂ ਵਰਤੋਂ ਵਿਚ ਕੀਟੀ ਨੇ ਹਸਤੀ ਨੂੰ ਜਿੱਤ ਲਿਆ। ਗੁਰੂ ਨਾਨਕ ਦੇਵ ਜੀ ਆਸਾਮ ਦਾ ਦੌਰਾ ਕਰਦੇ ਜਦ ਹੇਠਾੜ ਨੂੰ ਗਏ ਤਾਂ ਆਪ ਦੇ ਸਤਿਸੰਗ ਵਿਚ ਇਕ ਗਰੀਬ ਬਾਢੀ ਆਇਆ। 'ਬਾਢੀ' ਤਰਖਾਣ ਨੂੰ ਆਖਦੇ ਹਨ ਜੋ ਲੱਕੜੀ ਦੀ ਤੁੱਛ ਮੁੱਛ ਦਾ ਕੰਮ ਕਰਦਾ ਭਾਈ ਲਾਲੋਂ ਵਾਂਙੂ ਕਿਰਤੀ ਸੀ। ਇਹ *'ਗੁਰ ਭੇਟਿ ਪੁਨੀਤਾ'* ਕਰਕੇ ਇਤਨਾ ਉੱਚਾ ਹੋ ਗਿਆ ਕਿ ਗੁਰ ਜੀ ਨੇ ਮੰਜੀ ਬਖਸ਼ੀ। ਉਸੇ ਦੇਸ਼ ਵਿਚ ਗੁਰੂ ਜੀ ਨੇ ਅਨੇਕਾਂ ਰਾਜੇ ਭਲੇ ਪਾਸੇ ਲਾਏ। ਛੋਟੇ ਛੋਟੇ ੧੮ ਰਾਜੇ ਮਨ ਨਾਲ ਨਾਲ ਇਲਾਕਿਆਂ ਦੇ, ਸਭ ਵਿਚ ਸੁਲ੍ਹਾ ਸ਼ਾਂਤੀ ਵਾਰਤਾ ਕੇ ਗੁਰੂ ਬਾਬੇ ਨੇ ਸੁਧਰ ਸੈਣ ਰਾਜੇ ਨੂੰ ਰਾਜਿਆਂ ਦਾ ਮੁਖੀਆ ਥਾਪਿਆ। ਜਦੋਂ ਗੁਰੂ ਜੀ ਟੁਰਨ ਲੱਗੇ ਤਾਂ ਦੁਨੀਆਂ ਦੇ ਹਿਸਾਬ ਵਿਚ ਮਾਇਆ ਦੀ ਕਮੀ ਕਰਕੇ ਝੰਡਾ ਜੋ ਕੀੜੀ ਸਮਾਨ ਸੀ ਉਸ ਨੂੰ ਹਾਥੀ ਸਮਾਨ ਉੱਚਾ ਕਰ ਦਿੱਤਾ। ਆਪ ਨੇ ਉਸ ਵੇਲੇ ਸੁਧਰਸੈਣ ਰਾਜੇ ਨੂੰ ਫੁਰਮਾਇਆ-"ਹੇ ਰਾਜਾ ਸੁਧਰਸੈਣ ਦੇਖੇਂ ਮਤ ਝੰਡੇ ਦੀ ਰੀਸ ਕਰਦਾ ਹੋਵੇਂ, ਮਤ ਕਦੇ ਰਾਜ ਤੇਜ ਵਿਚ ਆਇ ਜਾਵੈਂ, ਤੂੰ ਜਾਣ[2]।" ਤਾਂ ਰਾਜਾ ਸੁਧਰਸੈਣ ਹੱਥ ਜੋੜ ਖੜਾ ਹੋਇਆ ਅਤੇ ਆਖਿਓਸੁ-"ਗੁਰੂ ਜੀ ਮੈਂ ਰਾਜ ਬੀ ਇਸ ਨੂੰ ਦੇਂਦਾ ਹਾਂ ਅਤੇ ਮੈਂ ਤੁਸਾਡੇ ਨਾਲ ਵਿਚਰਦਾ ਹਾਂ, ਐਸਾ ਵਕਤ ਮੈਨੂੰ ਕਦ ਹੱਥ ਆਂਵਦਾ ਹੈ।"[2]; ਤਦ ਗੁਰੂ ਨਾਨਕ ਜੀ ਕਹਿਆ-- "ਸੁਣ ਰਾਜਾ ਸੁਧਰਸੈਣ ਅਸਾਂ ਏਥੇ ਜੋ ਝੰਡੇ ਬਾਢੀ ਨੂੰ ਬਹਾਇਆ ਹੈ ਸੋ ਮੰਜੀ ਅਸਾਂ ਦੀ ਹੈ ਅਤੇ ਤੈਨੂੰ ਜੋ ਇਕ ਛਤਰ ਰਾਜ ਦਿੱਤਾ ਹੈ ਸੋ ਰਾਜ ਬੀ ਅਸਾਡਾ ਹੈ, ਤੈਨੂੰ ਰਾਜ ਤੇ ਮੰਜੀ ਦੋਵੇਂ ਦਿੱਤੇ ਹਨ ਤੇ ਝੰਡਾ ਅਸਾਨੂੰ ਕਰ ਦੇਖਣਾ[2]।" ਸੋ ਦੇਖ ਲਓ ਜਨਮ ਸਾਖੀ ਦੀ ਇਸ ਲਿਖਤ ਤੋਂ ਕਿ ਬਿਨਾਂ ਜੰਗ ਕੀਤੇ, ਬਿਨਾਂ ਨੀਤੀ ਵਰਤੇ *'ਗੁਰ ਭੇਟਿ ਪੁਨੀਤਾ'* ਨਾਲ ਕੀਟੀ ਸਮਾਨ ਨੀਵੇਂ ਝੰਡੇ ਨੇ ਗੋਬਿੰਦ ਭਗਤੀ ਦੇ ਬਲ ਨਾਲ ਹਸਤੀ ਸਮਾਨ ਰਾਜਿਆਂ ਉਤੇ ਉਨ੍ਹਾਂ ਤੋਂ ਉਚੇਰਾ ਮਰਤਬਾ ਪਾ ਲਿਆ। ਇਸ ਝੰਡੇ ਦੀ, ਜੋ ਗੁਰੂ ਨਾਨਕ ਨੇ ਸਾਧੂ ਬਣਾਇਆ ਤੇ ਮੰਜੀ ਬਖਸ਼ੀ, ਸੰਗਤ ਨਾਲ ਅਨੇਕਾਂ ਜੀਵ ਤਰੇ। ਹਾਂ

---

1. ਚਤੁਰਬਕੀਤਾ ਦੇ ਦੋ ਅਰਥ ਲਾਉਂਦੇ ਹਨ:- ੧. ਚਤੁਰ ਕੀਤਾ, ੨. ਚਤੁਰ ਵਕਤਾ (ਬਣਾ ਦਿੱਤਾ) ਇਸ ਵਿਚ 'ਬਣਾ ਦਿੱਤਾ' ਯਾ 'ਹੋ ਗਿਆ' ਉਪਰੋਂ ਲਾਉਣਾ ਪੈਂਦਾ ਹੈ।

2. ਪੁਰਾਤਨ ਜਨਮ ਸਾਖੀ।


www.sikhbookclub.com

ਪਿਆਰਿਓ *"ਐਸੀ ਭਗਤਿ ਗੋਵਿੰਦ ਕੀ ਕੀਟਿ ਹਸਤੀ ਜੀਤਾ।'*

ਹੁਣ ਲਓ ਵੀਚਾਰ ਅਗਲੀ ਤੁਕ ਦਾ। ਭਗਤੀ ਦੁਆਰਾ ਜੋ ਜੋ ਜੀਵ ਵਾਹਿਗੁਰੂ ਜੀ ਨੇ ਆਪਣੇ ਕਰ ਲਏ ਉਹਨਾਂ ਨੂੰ 'ਅਭੈ ਦਾਨੁ' ਦਿੱਤਾ। *'ਜੋ ਜੋ ਕੀਨੋ ਆਪਨੋ ਤਿਸੁ ਅਭੈ ਦਾਨੁ ਦੀਤਾ'।* ਗੱਜ ਕੇ ਉਚਾਰੋ ਭਾਈਓ- *'ਜੋ ਜੋ ਕੀਨੋ ਆਪਨੋ ਤਿਸੁ ਅਭੈ ਦਾਨੁ ਦੀਤਾ'।* ਗੁਰੂ ਜੀ ਸਾਡੀ ਆਸ ਬਨ੍ਹਾਉਂਦੇ ਹਨ ਕਿ ਜਿਸ ਜਿਸ ਨੂੰ ਉਹ ਆਪਣੇ ਕਰ ਲੈਂਦਾ ਹੈ ਉਸ ਉਸ ਨੂੰ ਅਭੈ ਪਦ ਦੇਂਦਾ ਹੈ। ਜੇ ਅੱਗੇ ਅਭੈ ਦਾਨ ਦੇਂਦਾ ਸੀ ਤਾਂ ਹੁਣ ਬੀ ਦਏਗਾ, ਸਿਦਕ ਤੇ ਅਮਲ ਲੋੜੀਏ! ਵੀਚਾਰ ਕਰੋ, ਗੁਰੂ ਜੀ ਨੇ ਵਾਹਿਗੁਰੂ ਜੀ ਨੂੰ *'ਨਿਰਭਉ ਜਪੈ ਸਗਲ ਭਉ ਮਿਟੈ'*। ਸੋ ਜੋ ਭਗਤੀ ਕਰਕੇ ਸਾਂਈਂ ਦੇ ਹੋ ਜਾਣਗੇ ਉਹ ਨਿਰਭਉ ਹੋ ਜਾਣਗੇ। ਜਿਵੇਂ ਦੇਖੋ ਮਰਦਾਨਾ ਮਰਾਸੀ ਜੋ ਨਿਕੀ ਨਿਕੀ ਗੱਲ ਤੋਂ ਡਰ ਉਠਦਾ ਸੀ, ਗੁਰੂ ਦੀ ਮਿਹਰ ਨਾਲ ਅਭੈ ਹੋ ਗਿਆ। ਬੂੜੇ (ਭਾਈ ਬੁੱਢੇ) ਨੂੰ ਜੋ ਜ਼ੁਲਮ ਵੇਖਕੇ ਮੌਤ ਤੋਂ ਡਰਿਆ ਸੀ ਮੌਤ ਦੇ ਭੈ ਤੋਂ ਪਾਰ ਕੀਤਾ। ਤਾਰੂ ਪੋਪਟ ਬੀ ਨਿਕੀਆਂ ਲਕੜਾਂ ਨੂੰ ਛੇਤੀ ਅੱਗ ਲਗਦੀ ਵੇਖਕੇ ਡਰਿਆ ਸੀ ਕਿ ਮਤਾਂ ਮੌਤ ਮੈਨੂੰ ਛੇਤੀ ਆ ਗ੍ਰਸੇ, ਇਸ ਡਰ ਕਰਕੇ ਕੀਰਤਨ ਸੁਣਨ ਆਇਆ ਕਰੇ ਗੁਰੂ ਕੇ ਸਤਿਸੰਗ ਵਿਚ, ਇਸਨੂੰ ਬੀ ਗੁਰੂ ਜੀ ਨੇ ਨਾਮ ਦਾਨ ਬਖਸ਼ ਕੇ ਅਭੈ ਦਾਨ ਦਿਤਾ। ਗਲ ਕੀ, ਹਰ ਸਿੱਖ ਜੋ ਸ਼ਰਨ ਆਇਆ, ਭਾਈ ਲਾਲੋ ਤੋਂ ਲੈਕੇ ਰਾਜਾ ਸ਼ਿਵਨਾਭ ਤਕ ਸਾਰੇ ਭਗਤੀ ਕਰਕੇ ਅਭੈ ਪਦ ਨੂੰ ਪ੍ਰਾਪਤ ਹੋਏ। ਸਾਧ ਸੰਗਤ ਜੀ! ਅਸੀਂ ਬੀ ਜੇ ਭਜਨ ਕਰਾਂਗੇ, ਗੁਰੂ ਕੀ ਸਰਣ ਲਵਾਂਗੇ, ਸਤਿਪੁਰਖ ਦਾ ਸਤਿਸੰਗ ਕਰਾਂਗੇ, ਤਾਂ *'ਅਭੈ ਪਦੁ ਦਾਨੁ ਸਿਮਰਨੁ ਸੁਆਮੀ ਕੋ ਪ੍ਰਭ ਨਾਨਕ ਬੰਧਨ ਛੋਰਿ'* ਅਵਸਥਾ ਗੁਰੂ ਨਾਨਕ ਦੇਵ ਸਾਨੂੰ ਬਖਸ਼ੇਗਾ। ਤਾਂਤੇ ਆਓ ਪਜਾਰ ਨਾਲ ਗਾਂਵੀਏ:-

*ਜੋ ਜੋ ਕੀਨੋ ਆਪਨੋ ਤਿਸੁ ਅਭੈ ਦਾਨੁ ਦੀਤਾ।'*

ਹੁਣ ਲਓ ਸਾਧ ਸੰਗਤਿ ਜੀ-**'ਸਿੰਘੁ ਬਿਲਾਈ'** ਕੀਕੂੰ **'ਹੋਇ ਗਇਓ'**। ਸ਼ੇਰ ਬਿਲੀ ਕੀਕੂੰ ਹੋ ਗਿਆ? ਲਿਖਿਆ ਹੈ 'ਹੋਇ ਗਇਓ'-ਹੋ ਗਿਆ। ਜਿਵੇਂ ਵਜਾਕਰਣੀ ਆਖੇਗਾ ਪੁਲਿੰਗ ਕ੍ਰਿਆ ਹੈ*।

ਸਿੰਘ ਦਾ ਅਰਥ ਹੈ ਸ਼ੇਰ, ਸ਼ੇਰ ਦਾ ਲੱਛਣਾ ਬ੍ਰਿਤੀ ਨਾਲ ਭਾਵ ਹੈ ਅਹੰਕਾਰ। ਜੈਸਾ ਕਿ ਵਾਕ ਹੈ *'ਜਬ ਲਗ ਸਿੰਘੁ ਰਹੈ ਬਨ ਮਾਹਿ॥ ਤਬ ਲਗ ਬਨੁ ਫੂਲੈ ਹੀ ਨਾਹਿ।'* ਜਦ ਤਕ ਹੰਕਾਰ ਹਿਰਦੇ ਵਿਚ ਹੈ ਤਦ ਤਕ ਦੈਵੀ ਸੰਪਦਾ ਦੇ ਗੁਣ ਕਰਕੇ ਹਿਰਦਾ ਪ੍ਰਫੁੱਲਤ ਨਹੀਂ ਹੁੰਦਾ। ਇਸੇ ਤਰਾਂ ਇਥੇ ਭਾਵ ਹੈ ਕਿ ਸਾਧੂ ਦੇ ਸੰਗ ਕਰਕੇ ਹੰਕਾਰ ਜੋ ਹਿਰਦੇ ਵਿਚ ਵਸਦਾ ਹੈ ਕਿਸੇ ਸ਼ੁਭ ਗੁਣ ਨੂੰ ਸਿਰੇ ਨਹੀਂ ਪਹੁੰਚਣ ਦੇਂਦਾ, ਉਹ ਬਿੱਲੀ ਸਮਾਨ ਨਿੰਮ੍ਰਤਾ ਵਿਚ ਪਲਟ ਜਾਂਦਾ ਹੈ। ਆਪ ਕਹੋਗੇ ਸ਼ੇਰ ਕੱਟੇ ਮਾਰ ਕੇ ਖਾਂਦਾ ਹੈ ਬਿੱਲੀ ਚੂਹੇ ਮਾਰ ਖਾਂਦੀ ਹੈ ਫਰਕ ਕੀ ਹੋਇਆ? ਸੋ ਪਿਆਰਿਓ ਵੀਚਾਰ ਕਰੋ, ਪੰਚਮ ਗੁਰੂ ਜੀ ਇਥੇ ਆਮ ਬਿੱਲੀ ਦੇ ਲੱਛਣ ਲੈ ਕੇ ਵਰਣਨ ਨਹੀਂ ਕਰ ਰਹੇ, ਪਰ ਉਹ ਬਿੱਲੀ ਲੈ ਰਹੇ ਹਨ ਜਿਸ ਦੇ ਲੱਛਣ ਆਪ ਹੀ ਪੰਚਮ ਗੁਰੂ ਜੀ ਨੇ ਆਪਣੀ ਬਾਣੀ ਵਿਚ ਇਕ ਥਾਂ ਐਉਂ ਕੀਤੇ ਹਨ, *'ਦੀਸਤ ਮਾਸੁ ਨ ਖਾਇ ਬਿਲਾਈ॥* ਮਹਾਰਾਜ ਦਸਦੇ ਹਨ ਕਿ ਜਦ *'ਕਰਣਹਾਰ ਪ੍ਰਭੁ ਹਿਰਦੈ ਵੂਠਾ॥'* ਤਦ *'ਦੀਸਤ ਮਾਸੁ ਨ ਖਾਇ ਬਿਲਾਈ॥'* ਅਰਥਾਤ ਉਹ ਬਿੱਲੀ ਜਿਸ ਦੇ ਹਿਰਦੇ ਕਰਣਹਾਰ ਵਸ ਗਿਆ ਹੈ ਉਹ ਹੁਣ ਆਪਣੇ ਕ੍ਰੂਰ ਸੁਭਾਵ ਤੋਂ ਰਹਤ ਹੋ ਗਈ। ਬਿੱਲੀ ਨੂੰ 'ਗੁਰਬਹ ਮਿਸਕੀਨ' ਗ੍ਰੀਬ ਬਿੱਲੀ ਬੀ ਆਖਦੇ ਹਨ, ਕਿਉਂ? ਜੋ ਬਾਹਰੋਂ ਉਸਦੀ ਮਿਸਕੀਨੀ ਪੂਰੀ ਹੁੰਦੀ ਹੈ ਪਰ ਜਦ ਉਸ ਦੀ ਬ੍ਰਿਤੀ ਵਿਚੋਂ ਕ੍ਰੂਰਤਾ ਦੂਰ ਹੋ ਗਈ ਤਾਂ ਉਹ ਸਚਮੁਚ ਮਿਸਕੀਨ ਹੋ ਗਈ, ਸੋ ਏਥੇ ਬਿੱਲੀ ਦਾ ਭਾਵ

---

* ਬਿੱਲੀ ਰੂਪ ਜੀਵ ਸ਼ੇਰ ਰੂਪ ਈਸ਼੍ਵਰ ਹੋ ਗਿਆ, ਬੀ ਅਰਥ ਲਾ ਲੈਂਦੇ ਹਨ।


www.sikhbookclub.com

ਸਚ-ਮੁਚ ਮਿਸਕੀਨੀ ਯਾ ਨਿੰਮ੍ਰਤਾ ਹੈ। ਭਾਵ ਇਹ ਹੈ ਜੀਓ ਕਿ ਸਾਧੂ ਦੇ ਸੰਗ ਦਾ ਇਹ ਅਸਰ ਹੁੰਦਾ ਹੈ ਕਿ ਹਿਰਦੇ ਦਾ ਹੰਕਾਰ ਨਿੰਮ੍ਰਤਾ ਵਿਚ ਪਲਟ ਜਾਂਦਾ ਹੈ। ਪਰ ਇਹ ਨਿੰਮ੍ਰਤਾ ਹੀਣ-ਪੁਣਾ, ਅਪਾਹਜਪੁਣਾ ਯਾ ਨਿਤਾਣ ਪੁਣਾ ਨਹੀਂ ਹੈ, ਇਉਂ ਹਉਂ ਹੰਕਾਰ ਦੇ ਅਭਾਵ ਮਗਰੋਂ ਸ਼ੁਧ ਆਪੇ ਦੇ ਆਪੇ ਵਿਚ ਇਸਥਿਤ ਹੋ ਜਾਣ ਦੀ ਸਮ ਅਵਸਥਾ ਹੈ। ਇਸ ਨਿੰਮ੍ਰਤਾ ਵਾਲੇ ਫਿਰ ਤ੍ਰਿਣ ਅਰਥਾਤ ਕਖ ਸਮਾਨ ਨਜ਼ਰ ਆਉਂਦੇ ਮੇਰੂ ਤੁੱਲ ਉਚੇ ਦਿਸ ਆਉਂਦੇ ਹਨ। ਹੁਣ ਜੇ ਇਤਿਹਾਸ ਵਿਚ ਨਜ਼ਰ ਮਾਰੋ ਤਾਂ ਕੌਡੇ ਰਾਖਸ਼ ਵਰਗੇ ਮਾਣਸ ਖਾਣੇ ਨਿਰਦਈ ਹਉਂ ਹੰਕਾਰ ਨਾਲ ਬਫਾਉਂਦੇ ਕਿਸ ਤਰ੍ਹਾਂ ਆਪਣੇ ਕ੍ਰੂਰ ਕਰਮ ਛੱਡ ਕੇ ਨਿੰਮ੍ਰੀਭੂਤ ਹੋ ਗਏ! ਸਾਖੀ ਸਭ ਨੂੰ ਪਤਾ ਹੈ। ਵਿਸਥਾਰ ਕਰਨੇਂ ਦਾ ਸਮਾਂ ਨਹੀਂ। ਕੌੜਾ ਐਉਂ ਸੀ ਜਿਵੇਂ--

*'ਸਕਤਾ ਸੀਹੁ ਮਾਰੇ ਸੈ ਮਿਰਿਆ ਸਭ ਪਿਛੈ ਪੈ ਖਾਇ॥ ਹੋਇ ਸਤਾਣਾ ਘੁਰੈ ਨ ਮਾਵੈ ਸਾਹਿ ਗਇਐ ਪਛੁਤਾਇ॥'* (ਮਲਾਰ ਕੀ ਵਾ:ਮ:੧-੧੯-੧੨੮੬)

ਇਸ ਤਰ੍ਹਾਂ ਦਾ ਸਤਾਣਾ ਸ਼ੇਰ ਕੌਡਾ ਕਿਸ ਤਰ੍ਹਾਂ ਨਿੰਮ੍ਰਤਾ ਵਿਚ ਆਗਿਆ। ਇਸੀ ਤਰ੍ਹਾਂ ਮਲਕ ਭਾਗੋ ਵਰਗਾ ਹੰਕਾਰੀ ਕੀਕੂੰ ਗੁਰੂ ਕੀ ਸ਼ਰਣ ਪੈ ਕੇ ਸੰਵਰ ਗਿਆ। ਇਸ ਪ੍ਰਕਾਰ ਇਕ ਨਹੀਂ ਅਨੇਕਾਂ ਹੰਕਾਰੀਆਂ ਨੂੰ ਗੁਰੂ ਜੀ ਨੇ ਆਪ ਤੇ ਗੁਰੂ ਕੇ ਸਾਜੇ ਨਿਵਾਜੇ ਸਾਧੂਆਂ ਗੁਰਮੁਖਾਂ ਨੇ ਸਤਿਸੰਗ ਵਿਚ ਲਿਆ ਕੇ ਨਿੰਮ੍ਰਤਾ ਵਿਚ ਲਿਆਂਦਾ।

ਇਕ ਕ੍ਰੋੜੀਆ ਨਾਮੇ ਵਡਾ ਅਮੀਰ ਤੇ ਹੁੱਦੇਦਾਰ ਸੀ ਉਹ ਖੁਦ ਗੁਰੂ ਜੀ ਨੂੰ ਦਰਯਾ ਦੇ ਕਿਨਾਰੇ, ਜਿਥੇ ਆਪ ਡੇਰੇ ਪਾ ਕੇ ਆਰਾਮ ਕਰ ਰਹੇ ਸੇ, ਉਠਾ ਦੇਣ ਲਈ ਘੋੜੀ ਚੜ੍ਹ ਟੁਰਿਆ ਤਾਂ ਘੋੜੀ ਨੱਚ ਖੜੋਤੀ ਤੇ ਨਾ ਟੁਰੇ। ਜਾਂ ਅਗਲੇ ਦਿਨ ਫੇਰ ਚੜ੍ਹਿਆ ਤਾਂ ਦਿੱਸੇ ਭਲੀਵੇ ਕੁਛ ਨਾ। ਨੈਣ ਦੇਖਣੋ ਰਹਿ ਚੁਕੇ ਤਾਂ ਬਹਿ ਗਿਆ ਤਾਂ ਲੋਕਾਂ ਆਖਿਆ-- ਹੇ ਸਾਡੇ ਵਡੇ! ਅਸੀਂ ਡਰਦੇ ਮਾਰੇ ਕੂੰਦੇ ਕੁਛ ਨਹੀਂ ਪਰ ਸਚ ਇਹ ਹਈ ਕਿ ਗੁਰੂ ਨਾਨਕ ਅਸਲ ਗੁਰੂ ਧੁਰੋਂ ਆਇਆ ਹੈ। ਦਿਲ ਵਿਚ ਨੀਵਾਂ ਹੋ, ਅਰਦਾਸ ਕਰ, ਤੇਰੇ ਨੈਣ ਖੁੱਲ੍ਹ ਵੈਸਣ, ਤੂੰ ਪਰਤਾ ਕੇ ਤੱਕ ਲੈ। ਸੋ ਉਸ ਨੇ ਐਸਾ ਕੀਤਾ ਤਾਂ ਨੈਣ ਖੁਲ੍ਹ ਪਏ। ਦੇਖੋ ਇਸ ਨੇ *'ਗੁਰਿ ਭੇਟਿ ਪੁਨੀਤਾ'* ਅਜੇ ਦੇਹ ਨਾਲ ਨਹੀਂ ਕੀਤਾ; ਖਿਆਲ ਵਿਚ ਹੀ ਗੁਰੂ ਕਾ ਸਤਿਸੰਗ ਕੀਤਾ ਤਾਂ ਸੁਖੀ ਹੋ ਗਿਆ। ਇਹ ਸ਼ੇਰ ਜੋ ਗੁਰੂ ਨੂੰ ਦੂਰ ਕਰਨ ਟੁਰਿਆ ਸੀ ਫੇਰ ਮਿਸਕੀਨ ਹੋਕੇ ਚਰਨਾਂ ਤੇ ਆਣ ਢੱਠਾ! ਸਾਧ ਸੰਗਤ ਜੀ ਕਰਤਾਰ ਪੁਰ ਵਾਲੀ ਜ਼ਿਮੀਂ ਇਸੇ ਭੇਟਾ ਕੀਤੀ ਸੀ। ਇਹ ਗੁਰੂ ਕਾ ਸਿੱਖ ਹੋ ਕੇ ਕਲਜਾਨ ਪ੍ਰਾਪਤ ਹੋਇਆ ਤੇ ਗੁਰ ਕੀ ਸੰਗਤ ਤੇ ਸਾਧੂਆਂ ਦੇ ਆਰਾਮ ਤੇ ਸੇਵਾ ਦਾ ਭਾਗੀ ਹੋਇਆ। ਇਸ ਤਰ੍ਹਾਂ ਕਿੰਨੇ ਹੀ ਪ੍ਰਸੰਗ ਹਨ।

ਹੁਣ ਲਓ *'ਤ੍ਰਿਣੁ ਮੇਰੁ ਦਿਖੀਤਾ'* ਦਾ ਕੀਹ ਅਰਥ ਹੈ। ਆਮ ਜੀਵਾਂ ਦੇ ਅੰਦਰ ਜੋ ਰਬ ਜੀ ਤੇ ਵਿਸ਼ਵਾਸ ਹੈ ਤ੍ਰਿਣੁ (ਕਖ) ਸਮਾਨ ਥੋੜਾ ਹੈ। ਸਾਧੂ ਦੇ ਸੰਗ ਤੇ ਪ੍ਰਤਾਪ ਕਰਕੇ ਉਹ ਮੇਰੂ ਸਮਾਨ ਵਡਾ ਹੋ ਗਿਆ। ਸਾਧੂ ਦੇ ਸੰਗ ਵਿਚ ਪ੍ਰਫੁੱਲਤ ਹੁੰਦਾ ਹੈ, ਇਸ ਨਾਲ ਅੰਦਰ 'ਹੈ' ਦਾ ਭਾਵ ਬੱਝਦਾ ਹੈ! 'ਹੈ' ਉਹੋ ਸ਼ੈ ਹੈ ਜਿਸ ਨੂੰ ਗਿਆਨੀ 'ਸਤਜ' ਆਖਦੇ ਹਨ! ਇਹ ਅੰਦਰ ਸਤਜ ਦੀ ਪ੍ਰਤੀਤੀ ਵਾਹਿਗੁਰੂ ਵਿਚ ਪ੍ਰਤੱਖ ਵਿਸ਼ਵਾਸ ਹੈ। ਪੰਜਵੇ ਸਤਿਗੁਰਾਂ ਦਾ ਵਾਕ ਹੈ *"ਜਾਕੈ ਰਿਦੈ ਬਿਸ੍ਵਾਸ ਪ੍ਰਭ ਆਇਆ॥ ਤਤੁ ਗਿਆਨ ਤਿਸੁ ਮਨਿ ਪ੍ਰਗਟਾਇਆ॥'* ਸੋ ਭਾਈ ਵਿਸ਼ਵਾਸ ਦਾ ਬਿੰਦੂ ਮੇਰੂ ਪਰਬਤ ਸਮਾਨ ਵਡਾ ਹੋ ਕੇ ਤਤ ਗਜਾਨ ਬਣ ਜਾਂਦਾ ਹੈ ਐਉਂ*। ਹੁਣ ਲਓ ਸਿਖ ਇਤਿਹਾਸ ਵਿਚ: ਕਿ ਤ੍ਰਿਣ ਕਹੀਏ ਕੱਖਾਂ ਵਰਗੇ ਬੇ ਗਉਲੇ ਲੋਕ ਸਤਿਸੰਗ ਨੂੰ ਪ੍ਰਾਪਤ ਹੋ ਕੇ ਮੇਰੂ ਸਮਾਨ ਉੱਚੇ ਤੇ ਵੱਡੇ ਕੀਕੂੰ ਹੋ ਗਏ।

---

* ਅਉਂ ਬੀ ਅਰਥ ਕਰਦੇ ਹਨ : ਮੇਰੂ ਵਰਗਾ ਵੱਡਾ ਦਿਸਦਾ ਸੰਸਾਰ ਤੁੱਛ ਹੋ ਭਾਸਦਾ ਹੈ। ਯਾ ਕੱਖ ਵਾਂਙੂ ਡੋਲਦਾ ਮਨ ਪਹਾੜ ਵਾਂਙੂ ਅਡੋਲ ਹੋ ਦਿੱਸਦਾ ਹੈ।

ਦੇਖੋ ਇਤਿਹਾਸ ਵੱਲ ਜਦ ਗੁਰੂ ਨਾਨਕ ਦੇਵ ਜੀ ਨੇ ਕਰਤਾਰ ਪੁਰ ਬੱਧਾ ਤੇ ਓਥੇ ਟਿਕ ਗਏ ਤਾਂ ਨੇੜੇ ਕਿਤੇ ਇਕ ਛਪਰੀਆਂ ਦਾ ਟਿਕਾਣਾ ਸੀ। ਏਥੋਂ ਇਕ ਦਿਨ ਇਕ ਗਰੀਬ ਬਾਲਕ, ਜੋ ਗਊਆਂ ਚਾਰਦਾ ਸੀ ਆਇਆ ਤੇ ਆਖਣ ਲੱਗਾ, ਹੇ ਫਕੀਰ ਸਾਂਈਂ। ਡਰ ਲਗਦਾ ਹੈ, ਮੇਰਾ ਡਰ ਦੂਰ ਕਰੋ। ਤਾਂ ਸਤਿਗੁਰਾਂ ਪੁਛਿਆ: ਡਰ ਕਿਸ ਤੋਂ? ਆਖਣ ਲੱਗਾ : ਮੌਤ ਤੋਂ। ਤਾਂ ਗੁਰੂ ਜੀ ਪੁਛਿਆ: ਕਿਵੇਂ ਬਈ? ਆਖਣ ਲੱਗਾ: ਸਾਡੇ ਪਿੰਡ ਜਰਵਾਣੇ ਆਏ ਸਨ, ਕੱਚੀ ਪੱਕੀ ਡੱਡਰੀ ਸਾਰੀ ਫਸਲ ਵੱਢਕੇ ਲੈ ਗਏ। ਮੈਨੂੰ ਸੋਚ ਫੁਰੀ: ਮੌਤ ਬੀ ਜਰਵਾਣੀ ਸੁਣੀ ਹੈ, ਬਾਲ ਬੁੱਢੇ ਜੁਆਨ ਨੂੰ ਫੜ ਲੈ ਜਾਂਦੀ ਹੈ, ਜੇ ਮੈਨੂੰ ਬੀ ਆ ਪਈ ਤਾਂ ਕੀਹ ਕਰਸਾਂ? ਏਤ ਕਾਰਣ ਡਰਦਾ ਹਾਂ। ਗੁਰੂ ਜੀ ਨੇ ਮਿਹਰ ਕੀਤੀ, ਇਸ ਨੂੰ ਆਗਿਆ ਕੀਤੀ ਕਿ ਅੰਮ੍ਰਿਤ ਵੇਲੇ ਜਾਗਕੇ ਇਸ਼ਨਾਨ ਕਰ ਲਿਆ ਕਰ ਤੇ ਨਾਮ ਜਪਿਆ ਕਰ, ਤੇਰਾ ਡਰ ਦੂਰ ਹੋ ਜਾਏਗਾ। ਇਹ ਕਹਿਕੇ ਨਾਮ ਦਾਨ ਦਿੱਤਾ। ਇਹ ਬਾਲਕ ਜਿਸ ਦਾ ਨਾਉਂ ਬੂੜਾ ਸੀ ਉਸੇ ਤਰ੍ਹਾਂ ਕਰਨ ਲਗ ਪਿਆ। ਇਹ ਫਿਰ ਰੋਜ ਸਵੇਰੇ ਵਾਰ ਦਾ ਕੀਰਤਨ ਸੁਣਨ ਗੁਰਦੁਆਰੇ ਆਇਆ ਕਰੇ। ਅੰਤ ਇਕ ਦਿਨ ਗੁਰੂ ਕੇ ਦੁਆਰੇ ਹੀ ਰਹਿ ਪਿਆ। ਹੁੰਦੇ ਹੁੰਦੇ ਇਹ ਆਤਮ ਆਰੂੜ ਹੋ ਕੇ ਗੁਰਮੁਖ ਪਦ ਨੂੰ ਪਹੁੰਚ ਗੁਰੂ ਕੀ ਸੰਗਤ ਵਿਚ ਇਹ ਮੁਖੀਆ ਹੋ ਗਿਆ, ਫੇਰ ਗੁਰਮੁਖਾਂ ਵਿਚੋਂ ਬੀ ਮੁਖੀਆ ਹੋ ਗਿਆ; ਐਥੋਂ ਤਾਂਈਂ ਕਿ ਕਿ ਜਦ ਗੱਦੀ ਗੁਰੂ ਅੰਗਦ ਦੇਵ ਜੀ ਨੂੰ ਮਿਲੀ ਤਾਂ ਮੱਥੇ ਤੇ ਤਿਲਕ ਲਾਉਣ ਦੀ ਵਡਿਆਈ ਗੁਰੂ ਨਾਨਕ ਦੇਵ ਜੀ ਨੇ ਇਸ ਭਾਈ (ਬੂੜੇ) ਬੁੱਢੇ ਨੂੰ ਬਖਸ਼ੀਸ਼। ਛੇ ਸਤਿਗੁਰਾਂ ਤਕ ਇਹ ਗੱਦੀ ਸਮੇਂ ਤਿਲਕ ਦੇਂਦਾ ਰਿਹਾ ਤੇ ਗੁਰੂ ਘਰ ਵਿਚ ਮੁਖੀਆ ਰਿਹਾ ਮਾਨੋਂ ਗੁਰੂ ਪਾਤਸ਼ਾਹ ਦਾ ਵਜ਼ੀਰ। ਛੇਵੇਂ ਸਤਿਗੁਰਾਂ ਨੂੰ ਵਿਦਯਾ ਇਸੇ ਨੇ ਪੜ੍ਹਾਈ। ਦੇਖੋ, ਉਹ ਬੱਚਾ ਬੂੜਾ, ਜੋ ਗਊਆਂ ਦਾ ਚਰਵਾਹਾ ਸੀ, ਇਕ ਤ੍ਰਿਣ ਸਮਾਨ ਸੀ, ਉਹ ਮੇਰੂ ਪਰਬਤ ਸਮਾਨ ਉੱਚਾ ਤੇ ਕੀਮਤੀ ਹੋ ਗਿਆ। ਇਹ ਹੈ ਮਹਿਮਾ *'ਗੁਰਿ ਭੇਟਿ ਪੁਨੀਤਾ'* ਦੀ। ਇਸ ਮੇਰੂ ਸਮਾਨ ਉੱਚੇ ਭਾਈ ਬੁੱਢੇ ਦਾ ਡੇਰਾ *ਰਮਦਾਸ** ਪਿਆ, ਜਿਥੇ ਇਸ ਨੇ ਸਤਿਸੰਗ ਦਾ ਪਰਵਾਹ ਚਲਾਇਆ। ਇਸ ਸਾਧੂ ਪੁਰਖ ਦੇ ਸਤਿਸੰਗ ਤੋਂ ਇਤਨੇ ਲੋਕ ਵਾਹਿਗੁਰੂ ਜੀ ਦੇ ਮਗਾਰ ਲੱਗੇ ਕਿ ਵੱਖਰੀ ਪੋਥੀ ਬਣੀ ਹੋਈ ਹੈ। ਇਸ ਵੇਲੇ ਸਮਾਂ ਨਹੀਂ ਕਿ ਮੈਂ ਸਾਰੇ ਵਰਣਨ ਕਰ ਸਕਾਂ, ਆਓ ਪਿਆਰਿਓਂ ਗਾਂਵੀਏਂ :-

*'ਸਿੰਘੁ ਬਿਲਾਈ ਹੋਇ ਗਇਓ ਤ੍ਰਿਣੁ ਮੇਰੁ ਦਿਖੀਤਾ॥'*

ਅਗਲੀ ਤੁਕ ਹੁਣ ਸਾਡੇ ਸ਼ਬਦ ਦੀ ਇਹ ਹੈ--

*'ਸ੍ਰਮੁ ਕਰਤੇ ਦਮ ਆਢ ਕਉ ਤੇ ਗਨੀ ਧਨੀਤਾ।'*

ਅਰਥ ਇਹ ਹੈ ਕਿ ਮੁਸ਼ੱਕਤਾਂ ਕਰਦੇ ਸਨ ਜਿਹੜੇ ਅੱਧੀ ਦਮੜੀ ਲਈ ਓਹ ਰੱਜੇ ਹੋਏ ਧਨਵਾਨ ਹੋ ਗਏ। ਇਸਦਾ ਭਾਵ ਇਉਂ ਹੈ ਕਿ ਜੋ ਨਾਮ ਪਦਾਰਥ ਤੋਂ ਵਿਰਵੇ ਸਨ ਓਹ ਸਤਿਸੰਗ ਨੂੰ ਪ੍ਰਾਪਤ ਹੋ ਕੇ ਗਯਾਨਵਾਨ ਤੇ ਪੂਰਨ ਪ੍ਰੇਮ ਸਰੂਪ ਹੋ ਗਏ। ਦੇਖੋ ਸਾਧ ਸੰਗਤ ਜੀ! ਕਸ਼ਮੀਰ ਵਿਚ ਇਕ ਬ੍ਰਹਮਦਾਸ ਨਾਮੇ ਪੰਡਿਤ ਸੀ, ਸ਼ਾਸਤ੍ਰ ਵਿਦਯਾ ਵਿਖੇ ਅਤਿ ਦਾ ਨਿਪੁਨ। ਉਸਦੇ ਨਾਲ ਦੋ ਊਠ ਪੁਸਤਕਾਂ ਦੇ ਰਹਿਣ ਤੇ ਗਲ ਵਿਚ ਠਾਕੁਰ ਦੀ ਪ੍ਰਿਤਮਾ ਲਟਕੇ ਜੋ ਹਰ ਵੇਲੇ ਪੂਜਾ ਹੁੰਦੀ ਰਹੇ ਤੇ ਹਰ ਵੇਲੇ ਧਿਆਨ ਖਿੱਚੀਂਦਾ ਰਹੇ, ਪਰ ਸ਼ਾਂਤਿ ਨਾ ਲੱਭੀਓਸੁ। ਤਰਲੇ ਲਵੇ ਜੋ ਹਰਿ ਧਨ ਦੀ ਕੋਈ ਕੌਡੀ ਦਮੜੀ ਲੱਭੇ। ਜਦ ਗੁਰੂ ਨਾਨਕ ਦੇਵ ਜੀ ਨੂੰ ਮਿਲਕੇ *'ਗੁਰ ਭੇਟਿ ਪੁਨੀਤਾ'* ਹੋ ਗਿਆ ਤਾਂ ਉਸਨੇ ਪੁਸਤਕਾਂ ਬੇਲੋੜੀਆਂ ਸਮਝੀਆਂ। ਲਿਖਿਆ ਹੈ-- "ਤਬ ਆਇ ਗੁਰੂ ਬਾਬੇ ਦੀ ਪੈਰੀਂ ਪਇਆ, ਦੋਵੇਂ ਊਠ ਪੁਰਾਣਾ ਦੇ ਸੁਟ ਪਾਏ। ਗੁਰੂ ਗੁਰੂ ਲਗਾ ਜਪਣਿ। ਸੰਗਤਾਂ ਦੀ ਚਰਣ ਰੇਣੁ ਹੋਆ"। ਦੇਖੋ ਸੰਗਤਿ ਜੀਓ! ਜਦ ਇਹ ਨਾਮ ਧਨ ਵਲੋਂ ਕੰਗਾਲ ਨਾਮ ਧਨ ਦਾ ਪਾਤ੍ਰ ਹੋ ਗਿਆ ਤਾਂ 'ਸੰਗਤ ਦੀ

---

* ਇਹ ਟਿਕਾਣਾ ਅੰਮ੍ਰਿਤਸਰ ਜ਼ਿਲ੍ਹੇ ਤਸੀਲ ਅਜਨਾਲਾ ਵਿਚ ਰਾਵੀ ਦੇ ਉਰਾਰਲੇ ਪਾਸੇ ਹੈ। ਬਾਬਾ ਬੁੱਢਾ ਜੀ ਦੀ ਸਮਾਧ ਏਥੇ ਹੀ ਹੈ।


www.sikhbookclub.com

ਚਰਣ ਰੇਣੁ ਹੋਆ' ਲਿਖਿਆ ਹੈ। ਮੁੱਢ ਵਿਚ ਇਸੇ ਸਤਿ ਪੁਰਖ ਦੇ ਸਤਿਸੰਗ ਤੋਂ ਕਸ਼ਮੀਰ ਵਿਚ ਸਿੱਖੀ ਫੈਲੀ ਸਾਜੇ। ਹਾਂ ਸਾਧ ਸੰਗਤਿ ਜੀ ! ਇਸ ਭਲੇ ਪੁਰਖ, ਇਸ ਸਾਧੂ ਦੇ ਅਸੀਂ ਬੀ ਸਾਰੇ ਰਿਣੀ ਹਾਂ। ਜੋ ਇਸ ਪਰਥਾਇ ਗੁਰੂ ਬਾਬੇ ਦੇ ਵਾਕ ਹੋਏ ਸੋ ਗੁਰੂ ਬਾਬੇ ਨੇ ਵਾਰ ਮਲਾਰ ਵਿਚ ਲਿਖ ਦਿਤੇ। ਓਹ ਵਾਰ ਗੁਰੂ ਅਰਜਨ ਦੇਵ ਜੀ ਦੀ ਮਿਹਰ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਚੜ੍ਹਾਈ ਗਈ ਤੇ ਅਸਾਂ ਤਕ ਅੱਪੜੀ। ਇਹ ਤਾਂ ਪਰਮਾਰਥਿਕ ਕੰਗਾਲਤਾ ਤੇ ਅਮੀਰੀ ਦੀ ਵਿਥਜਾ ਦੱਸੀ ਹੈ; ਹੁਣ ਲਓ ਸੰਸਾਰਕ ਕੰਗਾਲਤਾਈ ਤੇ ਅਮੀਰੀ; ਇਕ ਵੇਰ ਗੁਰੂ ਬਾਬਾ ਤੇ ਮਰਦਾਨਾ ਸਫਰ ਵਿਚ ਸਨ ਤਾਂ ਦੇਹੁੰ ਲਹਿਣੇ ਤੇ ਗਿਆ ਤੇ ਅੰਨ ਪਾਣੀ ਤੋਂ ਸੁਖਸਾਂਦ ਹੀ ਰਹੀ ਕਿ ਇੰਨੇ ਨੂੰ ਇਕ ਛੋਲਿਆਂ ਦਾ ਖੇਤ ਆ ਗਿਆ। ਇਕ ਨੌਜਵਾਨ ਗ਼ਰੀਬ ਹੋਲਾਂ ਭੁੰਨ ਰਿਹਾ ਸੀ। ਮਰਦਾਨੇ ਦੇ ਜੀ ਆਈ ਕਿ ਕੁਛ ਬੂਟੇ ਭੁੰਨੇ ਹੋਏ ਮੰਗ ਲਵੀਏ, ਤਾਂ ਗੁਰੂ ਬਾਬਾ ਮੁਸਕ੍ਰਾਇਆ। ਇੰਨੇ ਨੂੰ ਹੋਲਾਂ ਭੁੰਨਣ ਵਾਲਾ ਪਾਲੀ ਆਪੇ ਹੀ ਹੋਲਾਂ ਲੈ ਕੇ ਆ ਗਿਆ ਤੇ ਮੱਥਾ ਟੇਕ ਕੇ ਆਖਣ ਲੱਗਾ : ਆਓ ਬੈਠੋ ਸਾਂਈਂ ਲੋਕੋ ! ਆਓ ਜੀਉ ਆਇਆਂ ਨੂੰ, ਆਓ ! ਇਹ ਹੋਲਾਂ ਖਾ ਲਓ, ਗਰਮਾ ਗਰਮ ਹਨ। ਇਹ ਸੁਣਕੇ ਉਸ ਦੇ ਖੇਤ ਵਿਚ ਸੁਥਰੇ ਥਾਂ ਬੈਠ ਗਏ ਤੇ ਹੋਲਾਂ ਲੈ ਲਈਆਂ। ਜਦ ਮਰਦਾਨੇ ਨੇ ਮੂੰਹ ਪਾਈਆਂ ਤਾਂ ਗੱਭਰੂ ਦੇ ਜੀ ਆਈ ਜੋ ਜਾ ਕੇ ਘਰੋਂ ਰੋਟੀ ਲੈ ਆਵਾਂ ਜੋ ਏਹਨਾਂ ਦੇ ਮੂੰਹ ਪਵੇ ਨਾਲੇ ਦੇਹੁੰ ਲੱਥਦਾ ਪਿਆ ਏ, ਮੀਂਹ ਕਣੀ ਕਰਕੇ ਪਾਲਾ ਫੇਰ ਫੇਰ ਮੁੜਦਾ ਏ, ਕੋਈ ਬਸਤ੍ਰ ਲਿਆਵਾਂ ਜਾਂ ਘਰ ਲੈ ਚਲਾਂ ਜੋ ਇਨ੍ਹਾਂ ਨੂੰ ਰਾਤ ਔਖ ਨਾ ਹੋਵੇ। ਜਾਂ ਇਹ ਸੋਚਕੇ ਉਹ ਟੁਰ ਪਿਆ ਤਾਂ ਗੁਰੂ ਬਾਬੇ ਆਖਿਆ: ਬਹਿ ਜਾ ਬੱਚਾ ! ਤੂੰ ਜੋ ਬੜੇ ਪਿਆਰ ਨਾਲ ਸਾਨੂੰ ਹੋਲਾਂ ਖੁਆਈਆਂ ਹਨ ਇਹ ਰੋਟੀ ਚਾਵਲ ਨਹੀਂ ਇਹ ਤਾਂ ਨਾਨਾ ਪ੍ਰਕਾਰ ਦੇ ਪਕਵਾਨਾਂ ਤੁੱਲ ਹੈ। ਬੱਚਾ ! ਭਾਉ ਪਰਵਾਨ ਹੈ, ਬਾਕੀ ਸਭ ਉਦਰ ਪੂਰਨ ਹੈ ਕਿਸੇ ਭੋਜਨ ਨਾਲ ਹੋ ਗਈ। ਇਸ ਤੇਰੀ ਸੁਥਰੀ ਭੋਂ ਉਤੇ ਤੇਰੇ ਆਦਰ ਕੀਤੇ ਨਾਲ ਆ ਬੈਠੇ ਹਾਂ; ਇਹ ਤੇਰਾ ਸੱਥਰ ਹੀ ਸਾਡੇ ਲਈ ਤੁਲਾਈ ਹੈ, ਹਾਂ ਬਈ ਇਹ ਲੇਫ ਹੈ, ਆ ਹੁਣ ਆ, ਸਾਡੇ ਪਾਸ ਬਹਿਜਾ*, ਘਰ ਨਾ ਜਾਹ। ਆ ਤੈਨੂੰ ਵਾਹਿਗੁਰੂ ਦੀ ਸਿਫਤ ਤੇ ਧਨ ਨਾਲ ਬੀ ਰਜਾ ਦੇਈਏ, ਆ ਬਹਿ ਜਾ ਹੇ ਸੁਲਤਾਨ! ਸਾਡੇ ਪਾਸ ਤੇ ਸੁਣ।

ਇਸ ਤਰ੍ਹਾਂ ਇਸ ਪਾਲੀ ਬੱਚੇ ਪਰ ਦਾਤ ਹੋਈ ਤੇ ਇਹ ਕੰਗਾਲ ਸਚਮੁਚ ਪਾਤਸ਼ਾਹੀ ਨੂੰ ਪਹੁੰਚਾ, ਇਸ ਦੀ ਪਾਤਸ਼ਾਹੀ ਦਾ ਪਤਾ ਤਵਾਰੀਖ ਖਾਲਸਾ ਵਿਚ ਸੰਤ ਗਿਆਨ ਸਿੰਘ ਗਿਆਨੀ ਜੀ ਨੇ ਦਿੱਤਾ ਹੈ ਕਿ ਓਹ ਮਨਕੇਰੇ ਦਾ ਖਾਨ ਹੋਇਆ; ਪੱਛੋਂ ਵਾਲੇ ਪਾਸੇ। ਸਾਧ ਸੰਗਤ ਜੀ ! ਖਾਨ ਇਕ ਤਰ੍ਹਾਂ ਦੇ ਰਾਜੇ ਹੀ ਹੁੰਦੇ ਹਨ। ਇਸਦੀ ਕਥਾ ਜਨਮ ਸਾਖੀ ਤੇ ਤਵਾਰੀਖ ਖਾਲਸਾ ਵਿਚ ਦਿਤੀ ਹੈ ਕਿ ਇਕ ਖਾਨ ਬੇਅਉਲਾਦ ਮਰ ਗਿਆ, ਵਾਰਸ ਕੋਈ ਸੀ ਨਹੀਂ, ਅਹਿਲਕਾਰ ਨੇਕ ਸਨ। ਆਪੋ ਵਿਚ ਖਾਨ ਦਾ ਰਾਜ ਲੈਣ ਦੇ ਲਾਲਚ ਵਿਚ ਨਾ ਆਏ ਤੇ ਸਲਾਹ ਕੀਤੀ ਓਨੇ ਕਿ ਸਵੇਰੇ ਜੋ ਨਗਰ ਵਿਚ ਪਹਿਲੋਂ ਆਦਮੀ ਵੜੇ, ਚਾਹੇ ਕੋਈ ਹੋਵੇ, ਓਹ ਖ਼ੁਦਾ ਦਾ ਘੱਲਿਆ ਸਮਝ ਕੇ ਖਾਨ ਥਾਪ ਲਿਆ ਜਾਵੇ। ਅਗਲੇ ਦਿਨ ਮੂੰਹ ਹਨੇਰੇ ਇਹੋ ਪਾਲੀ ਬਾਲਕਾ ਸਭ ਤੋਂ ਪਹਿਲੇ ਅਪਣੇ ਖੇਤਾਂ ਤੋਂ ਘਰ ਨੂੰ ਆਇਆ ਤਾਂ ਅਹਿਲਕਾਰਾਂ ਨੇ ਖਾਨ ਥਾਪ ਲਿਆ। ਸੋ ਹੋਲਾਂ ਭੁੰਨਦਾ ਗ਼ਰੀਬ ਸੁਲਤਾਨ ਹੋ ਗਿਆ। ਇਹੋ ਜੇਹੇ ਗੁਰੂ ਘਰ ਵਿਚ ਕਈ ਪ੍ਰਸੰਗ ਹੋਏ ਹਨ। ਤੀਜੇ ਪਾਤਸ਼ਾਹ ਨੇ ਦੀਵਾਲੀਏ ਨੂੰ ਦਿੱਲੀ ਘੱਲਕੇ ਰੰਗੋ ਸ਼ਾਹ ਬਨਾ ਦਿਤਾ। ਇਹ ਜੋ ਪਟਿਆਲੇ, ਨਾਭੇ, ਜੀਂਦ ਦੇ ਰਾਜੇ ਹਨ ਇਨ੍ਹਾਂ ਦੇ ਵਡੇ ਜੋ ਬਾਲਕ ਸਨ ਛੇਵੇਂ, ਸਤਵੇਂ ਗੁਰ ਜੀ ਦੀ ਚਰਣ ਸ਼ਰਣ ਆਏ। ਸਤਵੇਂ ਪਾਤਸ਼ਾਹ ਨੇ ਵਰ ਦਿਤਾ ਤੂੰ ਰਾਜਾ ਹੋ ਜਾਵੇਂਗਾ। ਸੋ ਹੋ ਗਏ ਤੇ ਗੁਰੂ ਘਰ ਨਾਲ ਇਨ੍ਹਾਂ ਦੀ ਇਤਨੀ ਪ੍ਰੀਤਿ ਹੋਈ ਕਿ ਦਸਵੇਂ ਪਾਤਸ਼ਾਹ ਨੇ ਵਰ ਦਿਤਾ-

---

* ਇਸ ਪਰਥਾਇ ਹੋਇਆ ਵਾਕ ਪ੍ਰ: ਜਨਮ ਸਾਖੀ ਨੇ ਐਉਂ ਲਿਖਿਆ ਹੈ-''ਸਥਰੁ ਤੇਰਾ ਲੇਫ ਨਿਹਾਲੀ ਭਾਉ ਤੇਰਾ ਪਕਵਾਨੁ॥ ਨਾਨਕ ਸਿਫਤੀ ਤ੍ਰਿਪਤਿਆ ਬਹੁ ਰੇ ਸੁਲਤਾਨ॥''

'ਤੇਰਾ ਘਰ ਮੇਰਾ ਘਰ ਅਸੈ॥' ਇਨ੍ਹਾਂ ਰਾਜਿਆਂ ਵਿਚ ਬਾਬਾ ਆਲਾ ਸਿੰਘ, ਮਹਾਰਾਜਾ ਕਰਮ ਸਿੰਘ ਆਦਿਕ ਪੂਰੇ ਸਾਧੂ ਹੋਏ ਹਨ, ਜਿਨ੍ਹਾਂ ਦੇ ਰਾਜ ਸੁਖ ਤੇ ਕਾਰਨਾਮਿਆਂ ਨੂੰ ਲੋਕੀਂ ਹੁਣ ਤਕ ਯਾਦ ਕਰਦੇ ਹਨ। ਨਾਲੇ ਰਾਜੇ ਸਨ ਨਾਲੇ ਸਾਧੂ। ਪਟਿਆਲੇ ਰਿਆਸਤ ਤੋਂ ਸਿਖ ਪੰਥ ਨੂੰ ਹਰ ਵੇਲੇ ਸਹਾਯਤਾ ਮਿਲਦੀ ਰਹੀ ਹੈ। ਇਸੀ ਤਰ੍ਹਾਂ ਭਾਈ ਭਗਤੂ ਗੁਰੂ ਕੇ ਸਿਖ ਸਨ ਤੇ ਮਾਇਆ ਵਲੋਂ ਸਾਧਾਰਣ ਸਨ। ਆਪਦੇ ਵੰਸ਼ਜ ਭਾਈ ਉਦੇ ਸਿੰਘ ਜੀ ਕੈਥਲ ਦੇ ਰਾਜੇ ਹੋ ਗਏ। ਨਾ ਕੇਵਲ ਰਾਜ ਕਮਾਇਆ ਸਾਧੂਗੀਰੀ ਵੀ ਨਾਲ ਕਮਾਈ। ਆਪ ਦੇ ਸਾਧੂ ਗੁਣਾਂ ਦਾ ਸਦਕਾ ਸਿਖ ਇਤਿਹਾਸ ਦਾ ਵਡਾ ਗ੍ਰੰਥ 'ਗੁਰ ਪ੍ਰਤਾਪ ਸੂਰਯ' ਲਿਖਿਆ ਗਿਆ ਤੇ ਸਾਡੇ ਤਕ ਅੱਪੜਿਆ ਹੈ ਤੇ ਹਜ਼ਾਰਾਂ ਜੀਵਾਂ ਨੂੰ ਗੁਰ ਯਸ਼ ਸੁਣਾ ਕੇ ਭਗਤੀ ਦੇ ਰਸਤੇ ਪਾਉਣ ਦਾ ਕਾਰਣ ਬਣਿਆ ਹੈ। ਜੇ ਭਾਈ ਉਦੈ ਸਿੰਘ ਜੀ ਗੁਰੂ ਇਤਿਹਾਸ ਦੀ ਸੇਵਾ ਦੇ ਸ਼ੌਕ ਵਿਚ ਨਾ ਹੁੰਦੇ ਤਾਂ ਸੂਰਜ ਪ੍ਰਕਾਸ਼ ਲਿਖਿਆ ਜਾਣਾ ਸ਼ਾਇਦ ਨਾ ਹੀ ਹੋ ਸਕਦਾ। ਇਹ ਹਨ ਨਿਰਧਨਤਾ ਤੋਂ ਅਮੀਰੀ ਵਿਚ ਪਹੁੰਚਣ ਦੇ ਨਮੂਨੇ, ਤੋਂ ਉਨ੍ਹਾਂ ਦੀ ਅਮੀਰੀ ਦੇ 'ਸਮੇਂ ਦੇ ਲੋਕਾਂ' ਨੂੰ ਤੇ ਸਾਧਗੀਰੀ ਦਾ ਫਲ 'ਸਾਡੇ ਤਕ' ਅੱਪੜਿਆ ਹੈ।

ਸਤਿਸੰਗ ਦੀ ਮਹਿਮਾਂ ਦੇ ਕਈ ਪਹਿਲੂ ਦਿਖਲਾਕੇ ਹੁਣ ਗੁਰੂ ਮਹਾਰਾਜ ਜੀ ਫੁਰਮਾਉਂਦੇ ਹਨ *'ਕਵਨ ਵਡਾਈ ਕਹਿ ਸਕਉ ਬੇਅੰਤ ਗੁਨੀਤਾ'*, ਅਰਥਾਤ ਗੁਣ ਬੇਅੰਤ ਹਨ ਇਸ ਲਈ ਸਤਿਸੰਗ ਦੀ ਸਾਰੀ ਵਡਿਆਈ ਵਰਣਨ ਨਹੀਂ ਹੋ ਸਕਦੀ, ਜੋ ਉਪਰ ਕਹੀ ਹੈ ਓਹ ਜੀਵਾਂ ਦੀ ਕਲਿਆਨ ਹਿਤ ਆਖੀ ਹੈ। ਆਪ ਨੇ ਸੁਖਮਨੀ ਸਾਹਿਬ ਵਿਚ ਫੁਰਮਾਯਾ ਹੈ: *'ਕੋਟਿ ਅਪ੍ਰਾਧ ਸਾਧ ਸੰਗਿ ਮਿਟੈ॥'* ਸਾਧ ਸੰਗਤ ਜੀ ! ਆਪ ਵੀਚਾਰ ਕਰਕੇ ਇਨਸਾਨ ਦੇ ਸੁਭਾਵ ਤੋਂ ਦੁਨੀਆਂ ਦੇ ਵਰਤਾਰੇ ਵਲ ਤੱਕੋ ਕਿ ਸੰਗਤ ਦਾ ਗੁਣ, ਜੈਸੀ ਸੰਗਤ ਹੋਵੇ ਜੀਵ ਸੁਭਾਵਕ ਹੀ ਗ੍ਰਹਣ ਕਰਦਾ ਹੈ। ਮਾੜੇ ਕਰਮੀਂ ਜੋ ਲਗੇ ਮਾੜੀਆਂ ਸੰਗਤਾਂ ਵਿਚ ਬੈਠ ਬੈਠ ਕੇ ਲਗੇ, ਚੰਗੇ ਜੋ ਹੋਏ ਸੋ ਭਲੀਆਂ ਸੁਹਬਤਾਂ ਵਿਚ ਬਹਿਕੇ। ਇਸੇ ਤਰ੍ਹਾਂ ਸਤਿਸੰਗ ਵਿਚ ਪ੍ਰਾਪਤ ਹੋ ਕੇ ਜੀਵ ਪਹਿਲੋਂ ਮਾੜਿਆਂ ਕਰਮਾਂ ਤੇ ਘ੍ਰਿਣਾ ਕਰਦਾ ਹੈ ਫੇਰ ਸ਼ੁਭ ਕਰਮ ਕਰਦਾ ਹੈ, ਫੇਰ ਨਾਮ ਦੀ ਕਦਰ ਸਿੱਖਦਾ ਹੈ ਐਉਂ ਭਵਜਲ ਤੋਂ ਤਰ ਜਾਂਦਾ ਹੈ। ਪੰਚਮ ਪਾਤਸ਼ਾਹ ਦਾ ਵਾਕ ਹੈ। *"ਸਾਧ ਸੰਗਿ ਭਜੁ ਪਰਮਾਨੰਦ"॥* ਕਿਉਂ ? ਗੁਰ ਪੰਚਮ ਜੀ ਫੁਰਮਾਉਂਦੇ ਹਨ: **"ਸੁਭਰ ਭਰੇ ਪ੍ਰੇਮ ਰਸ ਰੰਗਿ॥ ਉਪਜੈ ਚਾਉ ਸਾਧ ਕੈ ਸੰਗਿ।"**

ਹੁਣ ਆਓ ਜੀ ! ਗੁਰੂ ਤੋਂ, ਜਿਸ ਦੀ ਭੇਟਿ ਪੁਨੀਤਾ ਕਰਨ ਵਾਲੀ ਹੈ ਦਾਨ ਮੰਗੀਏ ! ਮੰਗੀਏ ਏਸੇ ਵਾਕ ਵਾਲੇ ਸ਼ਬਦ ਦੀ ਛੇਕੜਲੀ ਤੁਕ ਦੁਆਰਾ:- *ਕਰਿ ਕਿਰਪਾ ਮੁਹਿ ਨਾਮੁ ਦੇਹੁ ਨਾਨਕ ਦਰਸਰੀਤਾ॥'* ਹੇ ਵਾਹਿਗੁਰੂ ਹੇ ਸੱਚੇ ਪਾਤਸ਼ਾਹ, ਹੇ ਗੁਰੂ ਨਾਨਕ ਦੇਵ, ਕ੍ਰਿਪਾ ਕਰਕੇ ਮੈਨੂੰ 'ਨਾਮ ਦੇਹੁ', ਹਾਂ ਨਾਮ ਦਾਨ ਦੇਹੁ ਦਾਤਾ ! ਮੈਂ, ਹੇ ਵਾਹਿਗੁਰੂ, ਤੇਰੇ ਦਰ ਦਾ ਗੁਲਾਮ ਹਾਂ, ਦਾਸ ਹਾਂ* ਮੇਰਾ ਦਾਹਵਾ ਕੇਵਲ ਇਤਨਾ ਮਾਤ੍ਰ ਹੈ ਕਿ ਮੈਂ ਤੇਰੇ ਦਰ ਦਾ ਗ਼ੁਲਾਮ ਹਾਂ। ਤੇਰੇ ਦਰ ਆਸਾਂ ਲਾਈ ਬੈਠਾ ਹਾਂ ਚਿਰੋਕੀਆਂ, ਸੱਚੇ ਪਾਤਸ਼ਾਹ! ਹੇ ਪੁਨੀਤ ਸਤਿਗੁਰੂ ! ਮੈਨੂੰ ਆਪਣੇ ਦਰੋਂ ਘਰੋਂ ਦਾਨ ਦੇਹ ਕਿ ਮੇਰੀ ਨਾਮ ਵਿਚ ਲਿਵ ਲਗ ਜਾਵੇ। ਬਖਸ਼ ਹੇ ਦਾਤਾ। ਹਾਂ ਅਰਦਾਸ ਕਰੋ ਖਾਲਸਾ ਜੀ ! ਮਨ ਜੋੜਕੇ *'ਕਰਿ ਕਿਰਪਾ ਮੁਹਿ ਨਾਮੁ ਦੇਹੁ....।'*

ਸਾਧ ਸੰਗਤ ਖਾਲਸਾ ਜੀ ! ਅਜ ਕਥਾ ਜੋ ਗੁਰੂ ਜੀ ਨੇ ਬਖਸ਼ੀ ਦਾਸ ਨੇ ਕੀਤੀ ਤੇ ਆਪ ਨੇ ਸੁਣੀ ਹੈ ਸਾਡੇ ਰਸਨਾ ਸ੍ਰਵਣ ਦੋਇ ਪਵਿੱਤ੍ਰ ਹੋਏ ਹਨ, ਗੁਰੂ ਜਸ ਦੀ ਪਾਵਨ ਛੋਹ ਨਾਲ। ਕਥਾ ਗੁਰਬਾਣੀ ਦੀ ਸੀ ਪਰ ਗੁਰਪੁਰਬ ਹੋਣ ਕਰਕੇ ਸੱਚੇ ਪਾਤਸ਼ਾਹ ਨੇ ਕਥਾ ਐਸੀ ਬਖਸ਼ੀ ਜੋ ਗੁਰਪੁਰਬ ਦੀ ਕਥਾ ਬੀ

---

* ਪਾਠ 'ਦਰਸ ਰੀਤਾ' ਕਰਕੇ ਅਰਥ ਐਉਂ ਬੀ ਲਾ ਲੈਂਦੇ ਹਨ:- ੧. ਦਰਸ਼ਨ ਤੋਂ ਖਾਲੀ ਹਾਂ। ੨. ਦਰਸ਼ਨ ਦੀ ਰੀਤਿ ਇਹੋ ਹੈ।

 www.sikhbookclub.com

ਹੋ ਗਈ। ਹੁਣ ਪਿਆਰਿਓ ! ਅਮਲ ਕਰੋ, ਕਮਾਈ ਕਰੋ ਨਾਮ ਦੀ ਜੋ ਨਾਮੀ ਪ੍ਰਾਪਤ ਹੋਵੇ।

*'ਸੁਨਤ ਕਮਾਵਤ ਹੋਤ ਉਧਾਰ॥'*

ਸੁਣਕੇ ਕਮਾਈ ਕੀਤਿਆਂ ਜੀਵ ਦਾ ਉਧਾਰ ਹੁੰਦਾ ਹੈ, ਗੁਰੂ ਸੱਚਾ ਪਾਤਸ਼ਾਹ ਇਹ ਦਾਸ ਨੂੰ ਤੇ ਆਪ ਸਾਹਿਬਾਂ ਸਾਰਿਆਂ ਨੂੰ ਕਿਰਪਾ ਕਰਕੇ ਨਾਮ ਦਾ ਪਜਾਰ ਬਖਸ਼ੇ।

***ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ॥ ਸਾਵਧਾਨ ਏਕਾਗਰ ਚੀਤ॥*** (ਸੁਖਮਨੀ)

||||❖||||

## ੧੧: ਕ੍ਰਿਤਾਰਥ ਜੀਵਨ*

ਰਜ਼ਾਈ ਦੀ ਰਜ਼ਾ ਵਿਚ ਰਾਜ਼ੀ ਹੋਣ ਦੀ ਔਧੀ। ਨਿਆਂ ਤੇ ਰਹਿਮ। ਹੁਕਮ ਤੇ ਕਰਮ। ਈਮਾਨਦਾਰੀ। ਪਾਪ ਪੁੰਨ ਕਰਮਾਂ ਦਾ ਪ੍ਰੇਰਕ। ਭੇਖੀਆਂ ਦੀ ਦਸ਼ਾ। ਕਿਰਤਾਰਥ ਅਵਸਥਾ।

੧.

੧੯੪੭ ਦੇ ਅਤਜਾਚਾਰਾਂ ਦੇ ਦਿਨਾਂ ਵਿਚ ਜਦ ਹਿੰਦੂ ਸਿਖ ਵਸੋਂ ਪੱਛਮੀ ਪੰਜਾਬ ਤੋਂ ਤਸੀਹੇ ਭੋਗ ਭੋਗ, ਆਪਣੇ ਮਿਠੇ ਪਜਾਰੇ ਕੁਹਾ ਕੁਹਾ, ਘਰ ਬਾਹਰ ਲੁਟਾ ਲੁਟਾ, ਜ਼ਿਮੀਆਂ ਬਾਗ ਖੁਹਾ ਖੁਹਾ, ਗੁਰਦੁਆਰੇ ਤੇ ਆਸਰਮ ਰੱਬੀ ਤਕਵੇ ਤੇ ਛਡ ਛਡਾ ਭੰਨੇ ਪੂਰਬੀ ਪੰਜਾਬੀ ਨੂੰ ਆ ਰਹੇ ਸਨ, ਤਦੋਂ ਖਾਲਸਾ ਕਾਲਜ ਅੰਮ੍ਰਿਤਸਰ ਵਿਚ ਇਹਨਾਂ ਨੂੰ ਪਹਿਲਾਂ ਟਿਕਾਣਾ ਸੁਖੱਲਾ ਸਾਹ ਲੈਣ ਦਾ ਮਿਲਦਾ ਸੀ। ਇਥੇ ਕਈ ਵੇਰ ੩੦ ਹਜ਼ਾਰ ਤੋਂ ਉਪਰ ਵੀਰ ਕੱਠੇ ਹੋ ਜਾਂਦੇ ਸਨ। ਏਥੋਂ ਫੇਰ ਅਗੇ ਨੂੰ ਟੁਰਦੇ ਸਨ। ਕੁਛ ਨੂੰ ਸਹਾਰਾ ਤਰਨ ਤਾਰਨ ਵਿਦਜ਼ਾਲਯ ਤੇ ਚੀਫ ਖਾਲਸਾ ਦੀਵਾਨ ਦੇ ਅੰਮ੍ਰਿਤਸਰ ਵਾਲੇ ਟਿਕਾਣੇ ਵਿਚ ਮਿਲ ਜਾਂਦਾ ਸੀ, ਫੇਰ ਸਜਣ ਅਗੇ ਨੂੰ ਟੁਰ ਜਾਂਦੇ ਸਨ। ਇਹਨਾਂ ਦਿਨਾਂ ਵਿਚ ਇਕ ਦਿਨ ਕੁਛ ਮਾਈਆਂ ਖਾ: ਕਾਲਜ ਦੇ ਟਿਕਾਣੇ ਬੈਠੀਆਂ ਆਪਣੇ ਦੁਖੜੇ ਕਹਿ ਸੁਣ ਤੇ ਅੱਥਰੂ ਭਰ ਰਹੀਆਂ ਸਨ। ਇਕ ਮਾਈ ਕੋਲ ਹੀ ਚੁਪ ਬੈਠੀ ਸੀ। ਇਹਨਾਂ ਵਿਚੋਂ ਇਕ ਨੇ ਪੁਛਿਆ: 'ਬੀਬੀ ਤੂੰ ਸੁਖੀ ਆਈ ਜਾਪਦੀ ਹੈਂ, ਤੇਰਾ ਕੁਛ ਨਹੀਂ ਨਾ ਵਿਣਛਿਆ ? ਸਹੀ ਸਲਾਮਤ ਆਏ ਹੋ ਨਾ?' ਉਸਨੇ ਕਿਹਾ: 'ਗੁਰ ਮੇਹਰ ਨਾਲ ਸਲਾਮਤ ਆਈ ਹਾਂ।' ਤਾਂ ਉਹਨਾਂ ਮਾਈਆਂ ਨੇ ਪੁਛਿਆ 'ਮਾਈ ਤੇਰਾ ਕੀਹ ਕੁਛ ਸਲਾਮਤ ਆਇਆ ਹੈ?' ਉਹ ਮਾਈ ਬੋਲੀ, 'ਦੋ ਨੈਣ, ਦੋ ਬਾਹਾਂ, ਦੋ ਲੱਤਾਂ ਸਾਰਾ ਸਰੀਰ ਤੇ ਸਿਰ ਦਾ ਸਾਈਂ ਸਲਾਮਤ ਆਏ ਹਨ।' ਹਰਿਆਨ ਹੋ ਕੇ ਪਹਿਲੀ ਨੇ ਪੁਛਿਆ: 'ਤੇ ਧਨ, ਮਾਲ, ਘਰ ਬਾਰ, ਡੰਗਰ ਭੌਂ ਤੇਰਾ ਕੁਛ

---

* ਇਹ ਲੇਖ ਗੁਰਪੁਰਬ ਪੁੰਨਮ ਸੰ: ਗੁ: ਨਾਨਕ ਸਾਹਿਬ ੪੮੩ (੧੩ ਨਵੰਬਰ ੧੯੫੧) ਨੂੰ ਖਾ: ਟ੍ਰੈ: ਸੁ: ਦੇ ਟ੍ਰੈਕਟ ਨੰ: ੧੧੪੯ ਦੁਆਰਾ ਪ੍ਰਚਾਰਿਤ ਹੋਇਆ ਸੀ।

 www.sikhbookclub.com

ਨਹੀਂ ਵਿਕ੍ਰਛਿਆ ?' ਤਾਂ ਉਸ ਮਾਈ ਨੇ ਕਿਹਾ 'ਜਦੋਂ ਜੰਮੇ ਸਾਂ ਬਿਨਾਂ ਮਾਲ ਭੋਆਂ ਦੇ ਆਏ ਸਾਂ, ਕਮਾਈਆਂ ਕੀਤੀਆਂ, ਵਾਹਿਗੁਰੂ ਨੇ ਬਰਕਤਾਂ ਪਾਈਆਂ, ਸਭ ਕੁਛ ਹੋ ਗਿਆ। ਹੁਣ ਜੇ ਦੇਣ ਹਾਰੇ ਨੇ ਲੈ ਲਿਆ ਹੈ ਤੇ ਸਰੀਰ ਸਲਾਮਤ ਹਨ ਤਾਂ ਬਰਕਤਾਂ ਪਾਏਗਾ; ਸਭ ਕੁਛ ਹੋ ਜਾਏਗਾ। ਅਸੀਂ ਤਾਂ ਗਰੀਬ ਹੋ ਗਏ ਹਾਂ, ਪਰ ਉਸ ਦੇ ਘਰ ਕਾਹਦੀ ਕਮੀ ਹੈ। ਗੁਰੂ ਨੇ ਸਾਨੂੰ ਰੱਬ ਉਤੇ ਤਕਵਾ, ਮਨ ਵਿਚ ਸਾਹਸ ਤੇ ਡੌਲਿਆਂ ਵਿਚ ਬਲ ਬਖਸ਼ਿਆ ਹੈ, ਗੁਰੂ ਭਲੀ ਕਰੇਗਾ।'

ਫਿਰ ਉਸ ਬੀਬੀ ਨੇ ਪੁਛਿਆ-ਤੇਰਾ ਜੀਅ ਜੰਤ ਸਲਾਮਤ ਆਇਆ ਹੈ ?

ਮਾਈ-ਹਾਂ ਸਲਾਮਤ ਗਿਆ ਤੇ ਸਲਾਮਤ ਆਯਾ ਹੈ।

ਸਾਰੀਆਂ ਹਰਿਆਨ ਹੋ ਕੇ ਤੱਕਣ ਲੱਗ ਪਈਆਂ।

ਇਕ ਬੀਬੀ-ਕਿਵੇਂ ਮਾਈ ? ਸਮਝੇ ਨਹੀਂ ਪਈ ਗੱਲ !

ਮਾਈ-ਬੀਬਿਆ ! ਦੋ ਪੁਤਰ ਤੇ ਇਕ ਜਵਾਈ ਸ਼ਹੀਦ ਹੋਏ ਹਨ। ਪਰ ਤ੍ਰੈਏ ਧਰਮ ਸਲਾਮਤ ਲੈ ਕੇ ਗਏ ਹਨ। ਮਰਦਾ ਹੈ ਉਹ ਜੋ ਧਰਮ ਛੋੜਕੇ ਜੀਉਂਦਾ ਹੈ; ਜੀਉਂਦਾ ਹੈ ਉਹ ਜੋ ਧਰਮ ਨਾਲ ਲੈ ਕੇ ਮਰਦਾ ਹੈ।

ਹੁਣ ਤਾਂ ਸਾਰੀਆਂ ਕੁਛ ਸ਼ੋਕ ਤੇ ਕੁਛ ਹਰਿਆਨੀ ਵਿਚ ਆ ਕੇ ਕਾਹਲੀਆਂ ਪੈ ਕੇ ਬੋਲ ਉਠੀਆਂ:- ਕਿਵੇਂ ਕਿਵੇਂ, ਮਾਤਾ ਜੀਓ, ਕਿਵੇਂ ?

'ਕਿਵੇਂ ਕਿਵੇਂ' ਦੀਆਂ ਕਿੰਨੀਆਂ ਅਵਾਜ਼ਾਂ ਸੁਣਕੇ ਮਾਈ ਤੱਕੀ ਚੁਫੇਰੇ ਤੇ ਬੋਲੀ-ਮੁਸਲਮਾਨਾਂ ਨੇ ਮੇਰੇ ਤ੍ਰੈਹਾਂ ਲਾਲਾਂ ਨੂੰ ਆਖਿਆ ਕਿ ਮੁਸਲਮਾਨ ਹੋ ਜਾਓ ਤਾਂ ਬੈਠੇ ਰਹੋ। ਘਰ ਬਾਰ, ਧਨ ਧਾਮ ਕੋਈ ਨਹੀਂ ਲੁਟਾਂਗੇ, ਸਾਡੇ ਦੀਨ ਭਾਈ ਬਣ ਜਾਓ। ਮੇਰੇ ਤਿੰਨਾਂ ਗੁਰੂ ਕਿਆਂ ਲਾਲਾਂ ਨੇ ਕਿਹਾ: ਭਾਈ ਤੁਰਕੋ ! ਸਭ ਨੇ ਮਰਨਾ ਹੈ, ਸਭ ਨੇ ਲੇਖੇ ਦੇਣੇ ਹਨ, ਏਸ ਜ਼ੁਲਮੀ ਦੇ ਤੁਸੀਂ ਬੀ ਲੇਖੇ ਭਰੋਗੇ। ਤੁਹਾਡਾ ਦੀਨ ਜੋ ਮੁਜ਼ਲੂਮਾਂ ਦੇ 'ਕਤਲ' ਨੂੰ ਦੀਨ ਸਮਝਦਾ ਹੈ, ਦੀਨ ਨਹੀਂ ਹੈ, ਇਹ ਜ਼ੁਲਮੀ ਹੈ, ਜ਼ੁਲਮੀ ਬੇਦੀਨੀ ਹੈ। ਅਸੀਂ ਦਇਆ ਧਰਮ ਵਾਲੇ ਸੂਰੇ ਗੁਰੂ ਦੇ ਸਿਖ ਹਾਂ, ਅਸਾਂ ਧਰਮ ਲੈ ਕੇ ਉਸਦੀ ਹਜ਼ੂਰੀ ਵਿਚ ਜਾਣਾ ਹੈ ਖੁਸ਼ੀ ਨਾਲ ਮਾਰ ਦਿਓ, ਅਸੀਂ ਧਰਮ ਨਹੀਂ ਹਾਰਨਾ ਤੇ ਧਰਮ ਹਾਰਕੇ ਚੰਦ ਰੋਜ਼ਾ ਜ਼ਿੰਦਗੀ ਨੂੰ ਨਹੀਂ ਬਚਾਉਣਾ। ਬੇਤਰਸ ਕਾਤਲਾਂ ਨੇ ਤ੍ਰੈਏ ਲਾਲ ਛੁਰਿਆਂ ਨਾਲ ਕੋਹ ਘੱਤੇ। ਸੋ ਬੀਬੀਓ ! ਮੇਰੀਆਂ ਤੇ ਮੇਰੇ ਪਤੀ ਜੀ ਦੀਆਂ ਅੱਖਾਂ ਦੇ ਸਾਹਮਣੇ ਮੇਰੇ ਬੱਚੇ ਤੇ ਜਵਾਈ ਧਰਮ ਸਲਾਮਤ ਲੈ ਕੇ ਵਾਹਿਗੁਰੂ ਗੁਰੂ ਕਲਗੀਆਂ ਵਾਲੇ ਦੇ ਦੇਸ਼ ਨੂੰ ਟੁਰ ਗਏ ਤੇ ਓਥੇ ਜਾ ਸਲਾਮਤ ਤੇ ਸੁਖੀ ਬੈਠੇ ਹਨ। ਅਸੀਂ ਏਥੇ ਸਲਾਮਤ ਪੁੱਜ ਗਏ ਹਾਂ।

ਬੀਬੀ ਬੜਾ ਸ਼ੋਕ ਹੈ ! ਪਰ ਮਾਈ ਜੀ ! ਜਦ ਕਾਤਲਾਂ ਨੇ ਤੁਹਾਡੇ ਸਾਹਮਣੇ ਤੁਹਾਡੇ ਲਾਲ ਕੋਹੇ ਤਾਂ ਤੁਸੀਂ ਕਿਵੇਂ ਬਚ ਰਹੇ ? ਓਹ ਤਾਂ ਕਿਸੇ ਨੂੰ ਛੋੜਦੇ ਨਹੀਂ ਐਸੇ ਲਹੂ ਤਿਹਾਏ ਹਨ।

ਮਾਈ-ਠੀਕ ਜਿਸ ਵੇਲੇ ਬੱਚੇ ਕਤਲ ਹੋਏ ਜਾਨਾਂ ਤੋੜ ਰਹੇ ਸਨ, ਅਸੀਂ ਗੁਰੂ ਕਾ ਭਾਣਾ ਵਰਤਦਾ ਦੇਖਕੇ ਆਪ ਸ਼ਹਾਦਤ ਲਈ ਮਨ ਨੂੰ ਤਿਆਰ ਕਰ ਚੁਕੇ ਸਾਂ ਤਾਂ ਦੋ ਲਾਰੀਆਂ ਫ਼ੌਜੀ ਸਿਪਾਹੀਆਂ ਦੀਆਂ ਪੁਜ ਪਈਆਂ, ਉਨ੍ਹਾਂ ਦਾ ਆਗੂ ਸਿਖ ਮੇਜਰ ਸੀ। ਓਹ ਫੌਜੀ ਸਾਨੂੰ ਤੇ ਪਿੰਡ ਦੇ ਬਾਕੀ ਬਚਿਆਂ ਖੁਚਿਆਂ ਜ਼ਖਮੀਆਂ ਨੂੰ ਲੱਦਕੇ ਲੈ ਆਏ। ਕਾਤਲ ਉਹਨਾਂ ਨੂੰ ਦੇਖਦੇ ਹੀ ਭੱਜ ਗਏ ਸਨ। ਅਸਾਂ ਟੁਰਨ ਤੋਂ ਪਹਿਲੋਂ ਆਪਣੇ ਤ੍ਰੈਹਾਂ ਬੱਚਿਆਂ ਦੀਆਂ ਸ਼ਹੀਦ ਹੋ ਚੁਕੀਆਂ ਦੇਹੀਆਂ ਇਕ ਥਾਂ ਕਰਕੇ ਘਰ ਨੂੰ ਅੱਗ ਲਾ ਦਿਤੀ ਕਿ ਇਨ੍ਹਾਂ ਦਾ ਦਾਹ ਸੰਸਕਾਰ ਹੋ ਜਾਏ ਤੇ ਪਵਿੱਤਰ ਦੇਹੀਆਂ ਸਾਡੇ ਪਿਛੋਂ ਰੁਲਣ ਨਾ। ਵਕਤ ਥੋੜਾ ਸੀ, ਹੋਰ ਕੁਛ ਬਣ ਨਹੀਂ ਸੀ ਸਕਦਾ। ਸਰਕਾਰੀ ਲਾਰੀਆਂ ਵਾਲੇ ਸੂਰਮੇਂ ਕਾਹਲ ਕਰਦੇ ਸਨ। ਸੋ ਅਸੀਂ ਗੁਰੂ ਦੀ ਦਾਤ ਗੁਰੂ ਕੇ ਹਵਾਲੇ ਕਰਕੇ ਟੁਰ ਆਏ। ਦੂਰ ਵਾਟ ਤਕ ਸਾਨੂੰ ਆਪਣੇ ਘਰ ਦੀਆਂ ਲਾਟਾਂ ਦਿਸਦੀਆਂ ਸਨ ਤੇ ਅਸੀਂ ਸ਼ੁਕਰ ਕਰਦੇ ਸਾਂ ਕਿ ਪਜਾਰਿਆਂ


www.sikhbookclub.com

ਦੀਆਂ ਦੇਹੀਆਂ ਦੀ ਬੀ ਗਤੀ ਹੋ ਗਈ, ਰੁਲਣ ਦਾ ਸਮਾਂ ਨਾ ਆਇਆ।

ਇਸ ਪ੍ਰਕਾਰ ਦੀਆਂ ਗਲਾਂ ਕੁਛ ਵੱਧ ਘੱਟ ਵੇਰਵੇ ਨਾਲ ਕਈਆਂ ਨੇ ਸੁਣੀਆਂ ਤੇ ਉਹ ਹੁੰਦੇ ਹੁੰਦੇ ਇਕ ਸਾਧੂ ਬਿਰਤੀ ਵਾਲੇ ਗੁਰ ਸਿਖ* ਪਾਸ ਕੁਛ ਹੋਰ ਵਧ ਘਟ ਕੇ ਪਹੁੰਚੀਆਂ। ਸਾਧੂ ਨੇ ਉਪਰ ਕਥੇ ਵਾਕ ਤੇ ਹੋਰ ਬੀਰਤਾ ਦੇ ਸਿਖਾਂ ਦੇ ਵਾਕੇ ਇਕ ਸੰਗਤ ਵਿਚ ਸੁਨਾਏ। ਉਸ ਸਾਧੂ ਤੋਂ ਸਿਖਾਂ ਨੇ ਪੁਛਿਆ ਸੀ ਕਿ ਜੀਓ ਐਸੀਆਂ ਹੋਣੀਆਂ ਸਾਡੇ ਬਾਬ ਕਿਉਂ ਵਰਤੀਆਂ ? ਤਦ ਉਸ ਸਾਧੂ ਨੇ ਕਿਹਾ ਸੀ ਕਿ ਇਸ 'ਕਿਉਂ' ਦਾ ਉੱਤਰ ਵਾਹਿਗੁਰੂ ਜਾਣਦਾ ਹੈ। ਸਿੱਖ ਲੋਕ ਐਸੇ ਭਾਣੇ ਕਿਸੇ ਮਨ ਦੇ ਰੁਖ ਵਿਚ ਝੱਲਦੇ ਹਨ, ਉਹ ਇਸ ਦਾਸ ਤੋਂ ਸੁਣ ਲਓ। ਤਦ ਉਸ ਸਾਧੂ ਬ੍ਰਿਤੀ ਵਾਲੇ ਨੇ ਉਪਰ ਕਥੀ ਵਾਰਤਾ ਤੇ ਉਸ ਮਾਈ ਦੇ ਸਿਦਕ ਦੀ ਗਲ ਬਾਤ ਸੁਣਾਈ ਸੀ ਕਿ ਇਤਨਾ ਕਸ਼ਟ ਸਹਾਰਕੇ ਉਹ ਸਾਰੀ ਹੋਣੀ ਨੂੰ ਕਿਸ ਜੋਰੇ ਦੇ ਸਿਦਕ ਵਿਚ ਲੈ ਰਹੀ ਸੀ। ਇਹ ਵਾਰਤਾ ਸੁਣਕੇ ਸਭਨਾਂ ਦੇ ਦਿਲ ਭਰ ਆਏ ਤੇ ਸਿਦਕ ਵਿਚ ਹੋ ਗਏ। ਪਰ ਇਕ ਗੱਭਰੂ ਨੇ ਪੁਛਿਆ: ਸੰਤ ਜੀ ! ਦੱਸੋ ਤਾਂ ਸਹੀ ਇਹ ਕੁਛ ਕਿਉਂ ਹੁੰਦਾ ਹੈ ? ਤਦ ਸਾਧੂ ਨੇ ਕਿਹਾ: ਭਾਈ ਮੈਂ ਅਜੇ ਸਾਧਨਾਂ ਵਿਚ ਲਗਾ ਹਾਂ ਤੇ ਪਰਮਾਰਥ ਵਿਚ ਬੱਚਾ ਹਾਂ। ਮੇਰੇ ਕੰਨੀ ਜੋ ਵਾਜਾਂ ਗੁਰਮੁਖਾਂ ਤੋਂ ਪੈਂਦੀਆਂ ਹਨ ਏਹ ਹਨ ਕਿ ਸਾਡੇ ਭੈੜੇ ਕਰਮਾਂ ਨੂੰ ਭੈੜੇ ਫਲ ਲਗਦੇ ਹਨ, ਕਰਮ ਪਿਛਲੇ ਹੁਣ ਦੇ ਰਲਕੇ। ਫੇਰ ਹੁਕਮ ਵਰਤਦਾ ਹੈ ਕਰਮਾਂ ਨੂੰ ਤੋਲਣ ਤੇ ਭਾਣੇ ਵਰਤਾਉਣ ਵਾਲ। 'ਹੁਕਮ' ਹੈ ਹੁਕਮੀ ਦਾ, 'ਕਿਵੇਂ ਤੇ ਕਿਸ ਤਰ੍ਹਾਂ।' ਉਹੋ ਜਾਣਦਾ ਹੈ, ਦ੍ਰਿਸ਼ਟਾਂਤ ਕੋਈ ਪੂਰੇ ਨਹੀਂ ਢੁੱਕਦੇ ਪਰ ਦ੍ਰਿਸ਼ਟਾਂਤਾਂ ਤੋਂ ਕੁਛ ਸੋਝੀ ਪੈ ਜਾਂਦੀ ਹੈ। ਦੇਖੋ ਦੁਨੀਆਂ ਦੀ ਅਦਾਲਤ ਜੁਰਮ ਤੋਲਕੇ ਸਜ਼ਾ ਦੇਂਦੀ ਹੈ। ਅਦਾਲਤ ਦਾ ਹੁਕਮ ਪਾਤਸ਼ਾਹ ਦਾ ਹੁਕਮ ਹੁੰਦਾ ਹੈ, ਕਿਉਂਕਿ ਅਦਾਲਤਾਂ ਉਹੋ ਥਾਪਦਾ ਹੈ।

ਗਭਰੂ-ਫੇਰ ਉਸੇ ਹੁਕਮੀ ਵਿਚ ਰਹਿਮ ਤਾਂ ਨਾ ਹੋਯਾ ?

ਸਾਧੂ-ਰਹਿਮ ਤੇ ਪਜਾਰ ਤਾਂ ਉਸਦਾ ਸਰੂਪ ਹੈ, ਵੈਰ ਤਾਂ ਉਸ ਵਿਚ ਹੈ ਹੀ ਨਹੀਂ, ਉਹ ਨਿਰਵੈਰ ਤੇ ਨਿਰਭਉ ਹੈ। ਉਹ ਤਾਂ ਮੇਹਰ ਹੀ ਕਰਦਾ ਹੈ ਤੇ ਰਹਿਮ ਵਰਤਦਾ ਹੈ ਤੋਲਣ ਵੇਲੇ। ਸਗੋਂ ਉਸਨੂੰ ਇਹ ਵੀ ਵਸੀਕਾਰ ਹੈ ਕਿ ਚਾਹੇ ਤਾਂ ਪਾਪ ਖਿਨ ਵਿਚ ਬਖਸ਼ ਦੇਵੇ-***ਅਸੰਖ ਖਤੇ ਖਿਨ ਬਖਸਨਹਾਰਾ!***

ਗਭਰੂ-ਏਹ ਹੋ ਨਹੀਂ ਸਕਦਾ, ਨਾਲੇ ਨਿਆਂ ਨਾਲੇ ਰਹਿਮ ਪਜਾਰ !

ਸਾਧੂ-ਹੈ ਤਾਂ ਇਹੋ ਗਲ, ਪਰ ਮੈਂ ਨਾ ਸਮਝ ਸਕਦਾ ਤੇ ਨਾ ਸਮਝਾ ਸਕਦਾ ਹਾਂ, ਦ੍ਰਿਸ਼ਟਾਂਤ ਇਕ ਲੈ ਲਓ ਤਾਂ ਸਮਝੋ ਕੁਝ ਪੈ ਜਾਏਗਾ। ਉਹ ਇਹ ਹੈ ਕਿਸੇ ਆਦਮੀ ਨੂੰ ਹਾਈਕੋਰਟ ਖੂਨ ਕਰਨ ਦੇ ਬਦਲੇ ਫਾਂਸੀ ਦਾ ਹੁਕਮ ਦੇਂਦੀ ਹੈ। ਓਹ ਪਾਤਸ਼ਾਹ ਪਾਸ ਰਹਿਮ ਦੀ ਅਪੀਲ ਕਰਦਾ ਹੈ। ਜੇ ਚਾਹੇ ਤਾਂ ਪਾਤਸ਼ਾਹ ਉਸਨੂੰ ਛਡ ਦੇਂਦਾ ਹੈ, ਚਾਹੇ ਸਜ਼ਾ ਕਮ ਕਰ ਦੇਂਦਾ ਹੈ, ਇਹ ਹੈ ਕਿ ਨਹੀਂ ?

ਗੱਭਰੂ-ਹਾਂ, ਇਹ ਤਾਂ ਹੈ।

ਸਾਧੂ, ਦੇਖੋ ਨਿਆਂ ਹੋ ਗਿਆ, 'ਪਾਤਸ਼ਾਹ ਦੀ ਅਦਾਲਤ' ਨੇ ਕੀਤਾ। ਰਹਿਮ ਹੋ ਗਿਆ ਪਾਤਸ਼ਾਹ ਨੇ ਛਡ ਦਿਤਾ, ਜੇ ਕਿਸੇ ਨੂੰ ਨਾ ਛਡੇ ਤਾਂ ਓਹ 'ਨਾ ਰਹਿਮ' ਨਹੀਂ ਕਹੀਦਾ। ਫੇਰ ਇਸੇ ਤੋਂ ਅਨੁਮਾਨ ਲਾ ਲਓ। ਅਨੰਤ ਰਬ ਜੀ ਕਿਸੇ ਸਾਡੀ ਮਿਤਵਾਲੀ ਅਕਲ ਦੀ ਤੱਕੜੀ ਤੇ ਨਹੀਂ ਤੁਲ ਸਕਦੇ। ਜਦ ਸਾਡੇ ਜੀਵਾਂ ਵਿਚ ਨਿਆਂ ਤੇ ਰਹਿਮ ਕੱਠੇ ਹੋ ਸਕਦੇ ਹਨ ਤਾਂ ਉਹ ਪਰਮ ਬ੍ਰਹਮ ਪਰਮੇਸੁਰ ਵਿਚ ਕਿਉਂ ਨਹੀਂ ਹੁੰਦੇ ! ਉਸਦੇ ਕਰਨੇ ਤਾਂ ਅਸੀਂ ਸਮਝ ਹੀ ਨਹੀਂ ਸਕਦੇ।

---

* ਇਸ ਲੇਖ ਵਿਚ ਸੰਤ ਬਿਮਲਾ ਸਿੰਘ ਜੀ ਦਾ ਨਾਮ ਨਹੀਂ ਦਿੱਤਾ ਪਰ ਜੋ ਕਥਨ ਇਸ ਸੰਤ ਜਾਂ ਸਾਧੂ ਦੁਆਰਾ ਪ੍ਰਗਟਾਏ ਹਨ-ਓਹ ਐਸੀ ਹੀ ਕਿਸੇ ਗੁਰਮੁਖ ਹਸਤੀ ਦੀ ਰਸਨਾ ਤੋਂ ਹੋਏ ਸਹੀ ਹੁੰਦੇ ਹਨ।


www.sikhbookclub.com

ਗੱਭਰੂ--ਠੀਕ ਹੈ, ਪਰ ਮਨ ਡੋਲਦਾ ਹੀ ਹੈ।

ਸਾਧੂ-ਦੁਖ ਜੋ ਡਾਢੇ ਪਾਏ, ਮਨ ਡੋਲਣਾ ਹੋਇਆ। ਮਨ ਅਡੋਲ ਸਮੇਂ ਨਾਲ ਹੋਸੀ ਯਾ 'ਗੁਰੂ ਬਾਣੀ ਤੇ ਨਾਮ' ਨਾਲ ਛੇਤੀ ਹੋਸੀ। ਪਰ ਜੇ ਤੁਸੀਂ ਇਸ ਪ੍ਰਕਾਰ ਦੀ ਹੋਣੀ ਤੇ ਇਕ ਸਾਖੀ ਸੁਣਨੀ ਚਾਹੋ ਤਾਂ ਮੈਂ ਸਤਿਗੁਰੂ ਨਾਨਕ ਦੇਵ ਜੀ ਦੇ ਦਰ ਵਰਤੀ ਸੁਣਾ ਦੇਂਦਾ ਹਾਂ।

ਸਾਰੀ ਬੈਠੀ ਸੰਗਤ--ਕਿਰਪਾ, ਕਿਰਪਾ, ਕਿਰਪਾ।

ਤਾਂ ਸੰਤ ਜੀ ਬੋਲੇ :-ਦੇਖੋ ਪੁਰਾਤਨ ਜਨਮ ਸਾਖੀ ਵਿਚ ਇਕ ਸਾਖੀ ਲਿਖੀ ਹੈ, ਜਦ ਬਾਬਰ ਬੜੀ ਬੇ-ਤਰਸੀ ਨਾਲ ਸੈਦਪੁਰ ਦੀ ਕਤਲਾਮ ਕਰ ਚੁਕਾ ਤੇ ਕੁਛ ਦਿਨ ਬੀਤੇ ਤਾਂ ਮਰਦਾਨੇ ਦੀ ਗਲ ਬਾਤ ਗੁਰੂ ਨਾਨਕ ਦੇਵ ਜੀ ਨਾਲ ਫੇਰ ਛਿੜ ਪਈ।

ਐਉਂ ਲਿਖਿਆ ਹੈ ਪੁਰਾਤਨ ਜਨਮ ਸਾਖੀ ਵਿਚ :-

"ਤਬ ਇਕ ਦਿਨ ਮਰਦਾਨੇ ਅਰਜੁ ਕੀਤਾ, ਆਖਿਓਸੁ: 'ਜੀ ਇਹ ਤਾਂ ਇਕਸੈ ਵਿਗਾੜਿਆ, ਅਤੈ ਇਤਨੇ ਕਿਉਂ ਮਾਰੇ ?' ਤਬ ਗੁਰੂ ਬਾਬੈ ਆਖਿਆ, 'ਮਰਦਾਨਿਆ ! ਉਸ ਦਰਖ਼ਤ ਤਲੈ ਜਾਇ ਸਉਂ, ਜਾਂ ਉਠਹਿੰਗਾ ਤਾਂ ਜਵਾਬ ਦੇਹਿੰਗੇ'। ਤਬ ਮਰਦਾਨਾ ਜਾਇ ਸੁੱਤਾ, ਤਾਂ ਏਕ ਬੂੰਦ ਚਿਕਣਾਈ ਕੀ ਪਈ ਥੀ ਸੀਨੇ ਉਪਰਿ, ਰੋਟੀ ਖਾਂਦਿਆਂ। ਜਿਉਂ ਸੁਤਾ ਥਾ, ਤਿਉਂ ਕੀੜੀਆਂ ਆਇ ਲਗੀਆਂ। ਇਕ ਜੋ ਕੀੜੀ ਲੜੀ ਸੁਤੇ ਹੋਏ ਨੂੰ ਤਾਂ ਹਥਿ ਨਾਲ ਸਭੇ ਮਲਿ ਸਟੀਆਂ। ਤਾਂ ਬਾਬੈ ਆਖਿਆ, 'ਕਿਆ ਕੀਤੋ ਵੇ ਮਰਦਾਨਿਆ:' ਤਾਂ ਮਰਦਾਨੈ ਆਖਿਆ : 'ਜੀ ਕੋਈ ਹਿਕ ਜੋ ਲੜੀ ਸਭੇ ਮਰਿ ਗਈਆਂ'। ਤਾਂ ਬਾਬਾ ਹਸਿਆ, ਆਖਿਉਸੁ 'ਮਰਦਾਨਿਆਂ : ਇਵੇਂ ਹੀ ਮਰਦੀ ਆਈ, ਇਕਸ ਦਾ ਸਦਕਾ'। ਤਾਂ ਮਰਦਾਨਾ ਆਇ ਪੈਰੀਂ ਪਇਆ*।"

੨.

ਸੋ ਖਾਲਸਾ ਜੀ ! ਜੋ ਗਲਾਂ ਸਾਡੀ ਸਮਝ ਤੋਂ ਪਰੇ ਹੋਣ ਉਨ੍ਹਾਂ ਲਈ ਕਾਮ ਨੂੰ ਸਿਰ ਖਪਾਉਣਾ ਹੋਇਆ, ਕਾਫੀ ਹੈ ਸਮਝਣੇ ਲਈ ਸਾਡੇ ਕਰਮ ਤੇ ਸਾਂਈਆਂ ਜੀ ਦਾ ਹੁਕਮ ਜੋ ਕਿਸੇ ਅਜੀਬ ਢੰਗ ਨਾਲ ਕੰਮ ਕਰ ਰਹੇ ਹਨ।

*ਹੁਕਮਿ ਚਲਾਏ ਆਪਣੈ ਕਰਮੀ ਵਹੈ ਕਲਾਮ॥* *(ਸਾਰੰਗ ਵਾ: ਮ: ੧)*

ਦੋ ਗਲਾਂ ਹੋਈਆਂ-੧--ਹੁਕਮ ਤੇ ੨-ਕਰਮ।

੧. ਹੁਕਮ ਸਾਡੇ ਵੱਸ ਦੀ ਸ਼ੈ ਨਹੀਂ, ਉਸ ਨੂੰ ਹੁਕਮੀ ਤੇ ਛਡੋ, ਜਿਵੇਂ ਚਾਹੇ ਅਪਨੀ ਸਰਵੱਗਤਾ ਵਿਚ, ਅਪਨੀ ਮਿਹਰ ਵਿਚ, ਅਪਨੀ ਸਰਬ ਸ਼ਕਤੀਮਾਨਤਾ ਵਿਚ ਪਿਆ ਵਰਤੇ। ਤੁਸੀਂ ਉਸ ਅਗੇ ਅਰਦਾਸ ਕਰੋ, ਸਦਾ ਮੇਹਰ ਮੰਗੋ, ਬਾਣੀ ਪੜ੍ਹੋ, ਵੀਚਾਰ ਕੇ ਪੜ੍ਹੋ, ਬਾਣੀ ਦਾ ਕੀਰਤਨ ਸੁਣੋ, ਬਾਣੀ ਤੇ ਪਹਿਰਾ ਦਿਓ; ਨਾਮ ਨਾਲ ਆਪਣੇ ਕਰਤਾ ਪੁਰਖ ਦੀ ਹਜ਼ੂਰੀ ਵਿਚ ਰਹੋ:-

*ਜੋ ਹੋਆ ਹੋਵਤ ਸੋ ਜਾਨੈ॥ ਪ੍ਰਭ ਅਪਨੇ ਕਾ ਹੁਕਮੁ ਪਛਾਨੈ॥* *(ਗਉੜੀ ਸੁਖਮਨੀ)*

੨. ਦੂਜੀ ਗਲ ਹੈ ਕਰਮ। ਇਸ ਕਰਮ ਦਾ ਮਤਲਬ ਸ਼ਾਸਤ੍ਰ ਵਿਚ ਲਿਖੇ ਕਰਮ ਕਾਂਡੀ ਕਰਮਾਂ ਤੋਂ ਨਹੀਂ, ਜੋ ਕਈ ਵਿਰੋਧੀ ਪਖਾਂ ਵਿਚ ਵਰਨਣ ਹੋਏ ਹਨ ਤੇ ਜੋ ਸਕਾਮ ਹੁੰਦੇ ਹਨ ਤੇ ਜਿਨ੍ਹਾਂ ਦੇ ਕਰਦਿਆਂ ਅਹੰਕਾਰ ਤੇ ਸ੍ਵਾਰਥ ਪਰਤਾ (ਖ਼ੁਦਗਰਜੀ) ਵਧਦੀ ਹੈ-ਪਰ ਮੇਰਾ ਭਾਵ ਹੈ ਨਿਰਮਲ ਕਰਮ-'ਮਨ ਨਿਰਮਲ ਕਰਮ ਕਰਿ।' ਇਹ ਹਨ ਨੇਕ ਕੰਮ, ਇਖ਼ਲਾਕੀ ਕਰਮ, ਸ਼ਰੇਸਟਾਚਾਰ ਦੇ ਕਰਮ; ਆਚਰਨ ਉਚਾ ਸੁਚਾ ਰੱਖਣਾ। ਇਹ ਗੁਰੂ ਨਾਨਕ ਦੇਵ ਜੀ ਦਾ, ਜਿਨ੍ਹਾਂ ਦਾ ਕੱਲ ਅਵਤਾਰ ਦਿਨ ਹੈ, ਪਹਿਲਾ ਹੁਕਮ ਹੈ। ਮਨ ਨੂੰ ਮੈਲਿਆਂ ਕਰਨ ਵਾਲੇ ਕੰਮ ਨਾ ਕਰੋ; ਮਨ ਨੂੰ ਉੱਜਲ ਕਰਨ

* ਪੁਰਾਤਨ ਜਨਮ ਸਾਖੀ, ਸਾਖੀ ੩੫ਵੀਂ।


www.sikhbookclub.com

ਵਾਲੇ ਕੰਮ ਕਰੋ। ਇਹੋ ਸਾਡੇ ਮਾੜੇ ਕਰਮ ਪਾਪ ਤੇ ਕਸਮਲ ਕਹੀਦੇ ਹਨ, ਇਹਨਾਂ ਦਾ ਫਲ ਹੀ ਦੁੱਖ ਹੁੰਦਾ ਹੈ, ਚਾਹੇ ਕਿਸੇ ਸ਼ਕਲ ਵਿਚ ਮਿਲੇ। ਹੁਣ ਮੈਂ ਤੁਹਾਨੂੰ ਇਕ ਮਿਸਾਲ, ਇਸੇ ੧੯੪੭ ਦੇ ਘੱਲੂਘਾਰੇ ਵਿਚ ਵਰਤੀ ਦੱਸਦਾ ਹਾਂ। ਇਕ ਸਜਨ ਮੈਨੂੰ ਕਹਿਣ ਲਗਾ ਕਿ ਜੀ ਅਸਾਂ ਕੀਹ ਪਾਪ ਕੀਤੇ ਸਨ ਕਿ ਸਾਨੂੰ ਐਡਾ ਦੰਡ ਮਿਲਿਆ ? ਮੈਂ ਸੁਣਕੇ ਮੁਸਕ੍ਰਾ ਦਿਤਾ। ਉਸਨੇ ਫੇਰ ਮੈਨੂੰ ਜ਼ਰਾ ਤਕੜਾ ਹੋ ਕੇ ਦੋ ਤਿੰਨ ਵੇਰ ਇਹੋ ਗਲ ਆਖੀ, ਮੈਂ ਉਸਨੂੰ ਕਿਹਾ; ਭਾਈ ਹੋਰ ਕੋਈ ਮੈਨੂੰ ਪਿਆ ਪੁਛੇ ਪਰ ਤੁਸੀਂ ਨਾ ਪੁਛੋ। ਕਹਿਣ ਲਗਾ: ਜ਼ਰੂਰ ਪੁਛਣਾ ਹੈ। ਮੈਂ ਕਿਹਾ ਤੁਸੀਂ ਧਨੀ ਪੁਰਖ ਹੋ, ਸੁਣਕੇ ਗੁੱਸੇ ਨਾ ਹੋਵੋ ਤਾਂ ਮੈਂ ਤੁਹਾਡਾ ਧਿਆਨ ਕਰਮਾਂ ਦੀ ਵੰਨਗੀਮਾਤ੍ਰ ਵਲ ਦੁਆ ਦਿਆਂ। ਸਾਰੇ ਦੁਖੀ ਲੋਕਾਂ ਦੇ ਪਾਪ ਪੁੰਨ ਬਾਬਤ ਮੈਂ ਕੁਛ ਕਹਿ ਨਹੀਂ ਸਕਦਾ। ਪੱਛਮੀ ਪੰਜਾਬ ਵਿਚ ਬੇਗਿਣਤ ਧਰਮੀ, ਪੁੰਨੀ, ਨੇਮੀ, ਪ੍ਰੇਮੀ, ਸ਼ੁਧ ਆਤਮਾ ਮਰੇ ਹਨ। ਅਨੇਕਾਂ ਸਤਵੰਤੀਆਂ ਆਪ ਤੇ ਖੇਲ ਗਈਆਂ ਹਨ। ਪਰ ਤੁਹਾਡਾ ਕੁਛ ਪਤਾ ਲਗ ਜਾਣ ਕਰਕੇ ਇਕ ਗਲ ਵੰਨਗੀ ਮਾਤਰ ਚੇਤਾਉਂਦਾ ਹਾਂ। ਉਹ ਕਹਿਣ ਲਗਾ : ਕਰੋ ਗਲ, ਮੈਂ ਗੁੱਸਾ ਨਹੀਂ ਕਰਨ ਲਗਾ। ਮੈਂ ਕਿਹਾ; ਤੁਸੀਂ ਜ਼ਰਾ ਵੇਲੇ ਸਿਰ ਪੱਛਮੀ ਪੰਜਾਬ ਵਿਚੋਂ ਨਿਕਲ ਆਏ ਤੇ ਪੂਰਬੀ ਪੰਜਾਬ ਵਿਚ ਆ ਟਿਕੇ ਸਾਓ ਤੇ ਚੋਖਾ ਕੁਛ ਬਚਾ ਲਿਆਏ ਸਾਓ। ਲੱਖ ਰੁਪੈ ਦੇ ਤਾਂ ਨੋਟ ਤੁਹਾਡੇ ਪਾਸ ਸਨ। ਸੋਨਾ ਚਾਂਦੀ ਬੀ ਸੀ। ਇਧਰ ਪੂਰਬੀ ਪੰਜਾਬ ਵਿਚ ਆ ਕੇ ਤੁਸਾਂ ਇਕ ਆਪਣੇ ਮਿਤਰ ਪਾਸ, ਜੋ ਬੜਾ ਹੀ ਇੱਜਤ ਵਾਲਾ ਖਾਲਸਾ ਸੀ, ਇਹ ਸਭ ਕੁਛ ਅਮਾਨਤ ਰਖੇ। ਜਦ ਉਸ ਨੇਕ ਬੰਦੇ ਨੇ ਸਭ ਕੁਛ ਅਮਾਨਤ ਰਖ ਲਿਆ ਤਾਂ ਇਕ ਦਿਨ ਫੇਰ ਜਦ ਤੁਸੀਂ ਉਸ ਮਿਤਰ ਨੂੰ ਮਿਲਣ ਗਏ ਸਾਓ ਤਾਂ ਤੁਸਾਡੀ ਅਮਾਨਤ ਰਖਣ ਵਾਲੇ ਖਾਲਸੇ ਨੇ ਕਿਹਾ ਸੀ, ਭਾਈ ਮੈਨੂੰ ਪਤਾ ਲਗਾ ਹੈ ਕਿ ਤੂੰ ਕਿਸੇ ਇਕ ਦਾ ਪੰਜ ਸਤ ਹਜ਼ਾਰ ਰੁਪੱਯਾ ਕਰਜ਼ਾ ਦੇਣਾ ਹੈ ਜੋ ਤੂੰ ਆਪਣੇ ਸ਼ਹਿਰ ਹੁੰਦਿਆਂ ਉਧਾਰਾ ਲਿਆ ਸੀ, ਉਹ ਅਦਾ ਕਰ ਦੇ। ਤੁਸਾਂ ਸੁਣਕੇ ਕੁਛ ਘਬਰਾ ਖਾਧਾ ਤੇ ਫੇਰ ਆਖਿਆ ਸੀ; 'ਮਿਤ੍ਰ ਜੀ ! ਰਹਿਣ ਦਿਓ ਇਹ ਗੱਲਾਂ। ਹੁਣ ਸਾਥੋਂ ਕਿਸ ਨੇ ਮੰਗਣਾ ਹੈ ਤੇ ਕਿਸ ਨੇ ਦੇਣਾ ਹੈ, ਉਜੜ ਪੁਜੜ ਆਏ ਹਾਂ'। ਤਦ ਅਮਾਨਤ ਰਖਣ ਵਾਲੇ ਨੇ ਤੁਸਾਨੂੰ ਕਿਹਾ, 'ਤੁਸਾਡੇ ਪਾਸ ਹੈ, ਦੇ ਸਕਦੇ ਹੋ, ਦੇ ਦਿਓ; ਮੇਰੇ ਖਿਆਲ ਵਿਚ ਤੁਸੀਂ ਬਿਨਾਂ ਢੂੰਢੀ ਵੱਢੀਜੇ ਦੇ, ਦੇ ਸਕਦੇ ਹੋ, ਦੇ ਦਿਓ ਤਾਂ ਭਲਾ ਹੈ।' ਫੇਰ ਤੁਸਾਂ ਕਿਹਾ-'ਇਸ ਰਕਮ ਦਾ ਤੁਸਾਡੇ ਬਿਨਾਂ ਕਿਸ ਨੂੰ ਪਤਾ ਹੈ ?' ਅਮਾਨਤ ਰਖਣ ਵਾਲੇ ਨੇ ਤੁਸਾਨੂੰ ਜ਼ਰਾ ਕੁ ਮੱਥੇ ਵੱਟ ਪਾ ਕੇ ਕਿਹਾ ਸੀ; 'ਇਹੋ ਹੈ ਆਪਦੀ ਦਿਆਨਤਦਾਰੀ ? ਲੋਕ ਤੁਸਾਡੇ ਪਾਸ ਅਮਾਨਤਾਂ ਰਖਦੇ ਹੁੰਦੇ ਸਨ, ਇਸੇ ਭਲੇਮਣਸਊ ਤੇ ? ਤੁਸੀਂ ਨਹੀਂ ਜਾਣਦੇ ਕਿ ਜਿਸਦਾ ਤੁਸਾਂ ਦੇਣਾ ਹੈ ਉਹ ਥਾਂ ਐਸੀ ਨਹੀਂ ਕਿ ਤੁਸੀਂ ਈਮਾਨ ਹਾਰਦੇ ਹੋਏ ਓਥੇ ਈਮਾਨ ਹਾਰੋ। ਤੁਸੀਂ ਜਦ ਪਰਾਇਆਂ ਦੇ ਮਾਲ ਨੂੰ ਆਪਣਾ ਸਮਝਦੇ ਹੋ ਫੇਰ ਤੁਸੀਂ ਸਿਖੀ ਦਾ ਮਾਣ ਕਰਦੇ ਹੋ ? ਤੁਸੀਂ ਪੁੱਛਦੇ ਸਾਓ ਕਿ ਅਸਾਂ ਕੇਹੜੇ ਪਾਪ ਕੀਤੇ ਹਨ ਜੋ ਸਾਡੇ ਤੇ ਵਬਾਲ ਆਇਆ, ਇਹ ਨਮੂਨਾ ਹੈ ਤੁਸਾਡੇ ਪੁੰਨ ਕਰਮਾਂ ਦਾ। ਇੰਨਾਂ ਦੁਖ ਪਾ ਕੇ ਬੀ ਤੁਸਾਂ ਗੁਰੂ ਕਾ ਹੁਕਮ ਨਹੀਂ ਕਮਾਇਆ, ਜੋ ਇਹ ਹੈ-

*ਪਰਾਈਂ ਅਮਾਣ ਕਿਉਂ ਰਖੀਐ ਦਿਤੀ ਹੀ ਸੁਖੁ ਹੋਇ॥*

*(ਵਾਰ ਸਾਰੰਗ ਸਲੋਕ ਮ: ੩)*

ਫੇਰ ਸੰਤ ਜੀ ਕੁਛ ਚਿਰ ਚੁਪ ਰਹਿਕੇ ਬੋਲੇ:-ਪਜਾਰੇ ਸਜਣੋ ! ਐਸੇ ਐਸੇ ਕਰਮ ਜੋ ਕਰੀਦੇ ਹਨ, ਮਾੜੇ ਨਹੀਂ ਸਮਝੀਦੇ। ਹੁਣ ਤੁਹਾਨੂੰ ਮੈਂ ਇਸੇ ਤਰ੍ਹਾਂ ਦੀ ਸਚਮੁਚ ਦੀ ਹੋਈ ਇਕ ਵਾਰਤਾ 'ਨਿਰਮਲ ਕਰਮ' ਦੀ ਦੱਸਣੀ ਚਾਹੁੰਦਾ ਹਾਂ, ਜਿਨ੍ਹਾਂ ਦੇ ਕਰਨ ਨਾਲ ਸਾਡਾ ਮਨੁੱਖੀ ਧਰਮ ਪੂਰਾ ਹੁੰਦਾ ਹੈ, ਅਸੀਂ ਸਿਖ ਕਹਿਲਾਉਣ ਦੇ ਹੱਕਦਾਰ ਹੁੰਦੇ ਹਾਂ-

ਇਕ ਸਿੱਖ ੧੯੪੭ ਵਿਚ ਪਛਮੀ ਪੰਜਾਬ ਵਿਚੋਂ ਉਜੜਕੇ ਇਧਰ ਆਇਆ। ਮਾਇਆ ਨਾਲ ਅਤਿ ਹੀ ਥੁਹੜੀ ਆਈ ਜੋ ਥੋੜੇ ਦਿਨਾਂ ਵਿਚ ਹੀ ਮੁੱਕ ਗਈ। ਆਖਰ ੯੦ ਕੁ ਰੁਪਏ ਦਾ ਸੋਨਾ

ਇਸਤ੍ਰੀ ਪਾਸ ਰਹਿ ਗਿਆ ਸੀ, ਉਹ ਵੇਚਕੇ ਇਕ ਨਿੱਕਾ ਜਿਹਾ ਕਿੱਤਾ ਸ਼ੁਰੂ ਕਰ ਦਿੱਤਾ। ਕਿੱਤੇ ਵਿਚ ਬਰਕਤ ਪੈ ਗਈ ਤੇ ਵਧ ਟੁਰਿਆ। ਸਾਲ ਭਰ ਵਿਚ ਛੇ ਸੱਤ ਹਜ਼ਾਰ ਰੁਪਿਆ ਕਮਾਈ ਦਾ ਹੋ ਗਿਆ। ਇਸ ਸਜਨ ਪੁਰਖ ਪਾਸ ਆਪਣੇ ਸ਼ਹਿਰ ਵਿਚ ਲੋਕੀਂ ਆਪਣੇ ਥੋੜੇ ਥੋੜੇ ਰੁਪਏ ਅਮਾਨਤ ਰਖ ਜਾਇਆ ਕਰਦੇ ਸਨ; ਜਿਨ੍ਹਾਂ ਦਾ ਇਹ ਵਿਆਜ ਦਿਆ ਕਰਦਾ ਸੀ ਤੇ ਆਪਣੇ ਕੰਮੀਂ ਰੁਪਿਆ ਵਰਤਿਆ ਕਰਦਾ ਸੀ। ਕੋਈ ਰੁਪਿਆ ਆ ਮੰਗੇ ਤੇ ਵਿਆਜ ਸਮੇਤ ਮੋੜ ਦਿਆ ਕਰਦਾ ਸੀ। ਪੱਛਮੀ ਪੰਜਾਬ ਵਿਚੋਂ ਹੁਣ ਕੰਗਾਲ ਹੋ ਕੇ ਇਧਰ ਪੂਰਬੀ ਪਾਸੇ ਆਇਆ ਤਾਂ ਅਮਾਨਤਾਂ ਵਾਲਿਆਂ ਨੂੰ ਕਿਥੋਂ ਦੇਵੇ, ਪਰ ਇਸਦਾ ਮਨ ਦੁਖਦਾ ਸੀ ਕਿ ਇਹ ਪੰਡ ਮੈਂ ਕਿਉਂ ਚਾਈ ਸੀ ? ਜਦੋਂ ਇਸਦਾ ਵਪਾਰ ਚਲ ਪਿਆ ਤੇ ਕੁਛ ਰਕਮ ਜਮ੍ਹਾਂ ਹੋ ਗਈ ਤਾਂ ਇਸਨੇ ਪਹਿਲਾ ਕੰਮ ਇਹ ਕੀਤਾ ਕਿ ਜਿਸ ਜਿਸਦੇ ਰੁਪਏ ਅਮਾਨੀ ਇਸ ਪਾਸ ਜਮ੍ਹਾਂ ਸਨ, ਸਭ ਨੂੰ ਹੌਲੀ ਹੌਲੀ ਬੁਲਾ ਬੁਲਾ ਕੇ ਅਦਾ ਕਰ ਦਿਤੇ। ਦੁਨੀਆਂ ਦੇ ਦਾਨੇ ਇਸਨੂੰ ਕਹਿ ਰਹੇ ਕਿ ਪਹਿਲਾਂ ਆਪਣਾ ਆਪ ਤਾਂ ਖੜਾ ਲਓ, ਤੁਹਾਥੋਂ ਕੋਈ ਅਮਾਨਤ ਰਖਣ ਵਾਲਾ ਨਾਲਸ਼ ਕਰਕੇ ਰੁਪੈ ਨਹੀਂ ਲੈ ਸਕਦਾ ਤੇ ਇਖਲਾਕੀ ਤੌਰ ਤੇ ਬੀ ਤੁਸੀਂ ਦੇਣ ਦੇ ਜ਼ਿੰਮੇਂਵਾਰ ਨਹੀਂ, ਕਿਉਂਕਿ ਤੁਸੀਂ ਨਾਲ ਥੋੜਾ ਲਿਆਏ ਹੋ, ਉਹ ਤਾਂ ਸਭ ਦਾ ਪਿਛੇ ਰਿਹਾ। ਕਈਆਂ ਨੇ ਕਿਹਾ ਭਾਈ ਇਹ 'ਵਿਸ਼ ਮੇਜਰ' ਹੈ ਅਰਥਾਤ ਰੱਬ ਦਾ ਕਰਨਾ ਹੈ ਕਿ ਰੁਪੈ ਪਿਛੇ ਲੁਟੇ ਪੁਟੇ ਗਏ, ਕਾਨੂੰਨ ਦੀ ਰਖਯਾ ਤੁਹਾਡੇ ਪੱਖ ਵਿਚ ਹੈ। ਇਸਨੇ ਕਿਹਾ: ਸੱਚ ਕਹਿ ਰਹੇ ਹੋ, ਮੇਰੇ ਅੰਦਰ ਇਕ ਕਾਨੂੰਨ ਸਚੇ ਹਾਕਮ ਦਾ ਕੰਮ ਕਰ ਰਿਹਾ ਹੈ, ਉਹ ਆਖਦਾ ਹੈ ਕਿ ਦੇਣਾ ਤੇਰੇ ਰੱਬ ਨੂੰ ਖੁਸ਼ ਕਰੇਗਾ, ਤੇਰੀ ਆਤਮਾ ਨੂੰ ਖੇੜੇਗਾ। ਭਾਈ, ਮੈਂ ਸਿਖ ਹਾਂ, ਮੇਰੇ ਗੁਰੂ ਕਾ ਕਾਨੂੰਨ ਕਹਿ ਰਿਹਾ ਹੈ:-

*'ਪਰਾਈ ਅਮਾਣ ਕਿਉ ਰਖੀਐ ਦਿਤੀ ਹੀ ਸੁਖੁ ਹੋਇ॥'* *(ਵਾਰ ਸਾਰੰਗ ਸਲੋਕ ਮ: ੩)*

ਇਸ ਸਜਣ ਪੁਰਖ ਨੇ ਨਾ ਕੇਵਲ ਅਮਾਨਤਾਂ ਅਦਾ ਕੀਤੀਆਂ, ਕਮਾਈ ਦਾ ਦਸਵੰਧ ਵੀ, ਜੋ ਬਣਦਾ ਸੀ, ਗੁਰੂ ਅਰਪਨ ਖਰਚ ਕੀਤਾ।

ਹੁਣ ਤੁਸੀਂ ਵੀਚਾਰ ਲਓ ਕਿ ਦੋਹਾਂ ਸਜਣਾਂ ਦੇ ਕਰਮਾਂ ਵਿਚ ਕਿੰਨਾਂ ਕੁ ਫਰਕ ਹੈ ਤੇ ਇਹ ਆਪੋ ਆਪਣਾ ਫਲ ਦੇਣ ਕਿ ਨਾ ਦੇਣ ?

ਸੋ ਮੇਰੀ ਜਾਚੇ ਤੁਸੀਂ ਸਮਝ ਗਏ ਹੋਸੋ ਕਿ ਜੋ ਮੈਂ ਕਿਹਾ ਸੀ ਕਿ ਸਾਡਾ ਫਰਜ਼ ਹੈ ਨਿਰਮਲ ਕਰਮ ਕਰਨੇ। ਇਹ ਮੈਂ ਦੋ ਸਚਮੁਚ ਦੀਆਂ ਹੋ ਬੀਤੀਆਂ ਵਾਰਤਾ ਤੋਂ ਦੱਸਿਆ ਹੈ ਕਿ 'ਮਨ ਨਿਰਮਲ ਕਰਮ ਕਰਿ' ਦਾ ਕੀਹ ਅਰਥ ਹੈ।

ਦੂਜੀ ਮਤਿ ਜੋ ਸ੍ਰੀ ਗੁਰੂ ਨਾਨਕ ਦੇਵ ਜੀ, ਸਾਨੂੰ ਪਯਾਰ ਕਰਨ ਵਾਲੇ ਗੁਰੂ ਨੇ ਦਿਤੀ ਹੈ ਉਹ ਹੈ 'ਬਾਣੀ'। ਕਲ ਗੁਰੂ ਬਾਬੇ ਦਾ ਅਵਤਾਰ ਦਿਨ ਹੈ, ਉਸ ਦੀ ਬਾਣੀ ਉਸ ਦਾ ਰੂਪ ਹੈ। ਜਦ ਓਹ ਪਯਾਰਾ ਦੇਹ ਵਿਚ ਸੀ ਤਾਂ ਆਪਣੇ ਹਿਰਦੇ ਦਾ ਪ੍ਰਕਾਸ਼ ਇਨਾਂ ਭਾਵਾਂ ਵਿਚ ਹੀ ਦਿਆ ਕਰਦਾ ਸੀ, ਜੋ ਇਸ ਬਾਣੀ ਵਿਚ ਲਿਖੇ ਹਨ। ਸੋ ਇਹੋ ਉਸਦਾ 'ਹਿਰਦਾ' ਬਾਣੀ ਦੇ ਰੂਪ ਵਾਲਾ ਸਾਡੇ ਕੋਲ ਹੈ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਵਿਚ। ਤੁਸੀਂ ਜਾਣਦੇ ਹੋ ਕਿ ਅਸੀਂ 'ਸ੍ਰੀ ਗੁਰੂ' ਕਹਿੰਦੇ ਹਾਂ ਇਸ ਬਾਣੀ ਦੀ ਪਾਵਨ ਚੀਜ਼ ਨੂੰ। ਇਹ ਗੁਰੂ ਚਾਨਣ ਦਾਤਾ ਹੈ-''*ਗੁਰਬਾਣੀ ਇਸੁ ਜਗ ਮਹਿ ਚਾਨਣ*''। ਜੇ ਆਪ ਜੀ ਰੋਜ਼ ਬਾਣੀ ਪੜ੍ਹੋ, ਵਿਚਾਰੋ ਤੇ ਕੀਰਤਨ ਸੁਣੋ ਤਾਂ ਤੁਹਾਨੂੰ ਗੁਰੂ ਮਤਿ ਪ੍ਰਾਪਤ ਹੁੰਦੀ ਰਹੇ, ਮਨ ਉੱਜਲ ਹੁੰਦਾ ਰਹੇ; ਸੁਰਤ ਜੁੜਦੀ ਰਹੇ। ਹਾਂ ਬਾਣੀ ਦੇ ਕੀਰਤਨ ਨਾਲ ਚਿਤ ਬ੍ਰਿਤੀ ਜੁੜਦੀ ਹੈ ਤੇ ਯੋਗ ਵਾਲਾ ਕੰਮ ਹੋ ਜਾਂਦਾ ਹੈ।

***ਜੋਗ ਬਨਿਆ ਤੇਰਾ ਕੀਰਤਨ ਗਾਈ।*** *(ਆਸਾ ਮਹਲਾ ੫)*

ਤੀਸਰੀ ਸ਼ੈ ਜੋ ਗੁਰੂ ਬਾਬਾ ਸਾਨੂੰ ਬਖਸ਼ਦਾ ਹੈ 'ਨਾਮ' ਹੈ, ਜੋ ਸਾਨੂੰ ਪੰਜ ਗੁਰਮੁਖਾਂ ਦੇ ਕੀਤੇ ਅੰਮ੍ਰਿਤ ਸੰਸਕਾਰ ਦੁਆਰਾ ਪ੍ਰਾਪਤ ਹੋ ਜਾਂਦਾ ਹੈ। ਹਾਂ, ਇਹ ਗੁਰੂ ਕੀ ਬਾਣੀ ਨਾਮ ਵਿਚ ਲੈ ਜਾਂਦੀ

ਹੈ। ਨਾਮ ਜੋ ਕੰਨਾਂ ਨਾਲ ਸੁਣਿਆ ਤੇ ਜੀਭ ਨਾਲ ਜਪਿਆ, ਗੁਰਬਾਣੀ ਉਸਨੂੰ ਹਿਰਦੇ ਵਿਚ ਲੈ ਜਾਂਦੀ ਹੈ। ਯਥਾ :-

*'ਇਹ ਬਾਣੀ ਜੋ ਜੀਅਹੁ ਜਾਣੈ ਤਿਸੁ ਅੰਤਰਿ ਰਵੈ ਹਰਿ ਨਾਮਾ'॥*

*(ਬਿਲਾਵਲ ਮਹਲਾ ੩)*

ਇਸ ਨਾਮ ਦੀ ਕਮਾਈ ਆਤਮਾ ਨੂੰ ਸਰੀਰ ਤੇ ਮਨ ਤੋਂ ਵੱਖਰਾ ਦੱਸਦੀ ਹੈ! ਸਰੀਰ ਨਾਲ ਅਭੇਦ ਹੋਇਆ ਬੰਦਾ; ਮਾਇਆ ਵਿਹ ਲਿਪਟਿਆ ਬੰਦਾ; ਜੇ ਹੁਣੇ ਦੱਸੇ ਤ੍ਰੈਏ ਸਾਧਨ ਕਰ ਲਵੇ ਤਾਂ ਉਹ ਅਪਣੇ ਆਤਮਾ ਦੀ ਲੱਖਤਾ ਵਿਚ ਆ ਜਾਂਦਾ ਹੈ ਤੇ ਫੇਰ ਪਰਮਾਤਮ ਦੇਵ ਨੂੰ ਲਖ ਲੈਂਦਾ ਹੈ:

ਅੰਮ੍ਰਿਤ ਛਕਣ ਵੇਲੇ ਚਾਰ ਅਮੋਲਕ ਵਸਤਾਂ ਪ੍ਰਾਪਤ ਹੁੰਦੀਆਂ ਹਨ-ਨਾਮ, ਬਾਣੀ, ਰਹਿਤ, ਪੰਥ ਸੇਵਾ। ਗੁਰ ਸਿਖ ਸੁਚਾ ਆਚਰਣ ਬਸਰ ਕਰਦਾ, ਬਾਣੀ ਪੜ੍ਹਦਾ ਵੀਚਾਰਦਾ ਤੇ ਕੀਰਤਨ ਵਿਚ ਸੁਣਦਾ, ਗਾਉਂਦਾ, ਨਾਮ ਜਪਦਾ; ਤੇ ਸਿਮਰਦਾ ਰਹਿਤ ਦਾ ਧਾਰਣੀ ਹੁੰਦਾ ਹੈ। ਇਸੇ ਨਾਲ ਉਸਦੇ ਉਪਰਲੇ ਗੁਣ ਬਚਦੇ ਹਨ ਤੇ ਪੰਥ ਵਿਚ ਸਾਂਝੀਵਾਲ ਰਹਿੰਦਾ ਹੈ ਤੇ ਸਾਂਝੀਵਾਲ ਰਹਿ ਕੇ ਪੰਥ ਸੇਵਾ ਕਰਦਾ ਹੈ; ਜਿਸ ਕਰਕੇ ਇਹ ਨਾਮ ਵਿਚ ਲਗੇ ਜੀਵਾਂ ਦਾ ਮਦਦਗਾਰ ਹੋ ਜਾਂਦਾ ਹੈ ਤੇ ਅਣਲਗੇ ਲੋਕਾਂ ਨੂੰ ਬਾਣੀ ਨਾਮ ਤੇ ਸ਼ੁਭ ਆਚਰਣ ਵਿਚ ਲਾ ਕੇ ਉਪਕਾਰ ਕਰਦਾ ਹੈ ਤੇ ਸਤਿਗੁਰੂ ਦਾ ਏਹ ਵਾਕ ਪੜ੍ਹਕੇ ਇਹ ਕੰਮ ਕਰਦਾ ਆਪਣੇ ਜਨਮ ਨੂੰ ਸਫਲ ਸਮਝਦਾ ਹੈ। ਵਾਕ ਇਹ ਹੈ:-

*'ਜਨੁ ਨਾਨਕ ਧੂੜਿ ਮੰਗੈ ਤਿਸੁ ਗੁਰ ਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ'॥*

*(ਵਾਰ ਗਉ: ਮ: ੪)*

ਦੇਖੋ ਕੇਡਾ ਸੁਖੱਲਾ ਰਸਤਾ ਗੁਰੂ ਬਾਬੇ ਨੇ ਦੱਸਿਆ ਹੈ, ਜਿਸ ਨਾਲ ਕਿ ਸਾਡੇ ਕਰਮ ਨਿਹਮਲ ਹੋ ਜਾਂਦੇ ਹਨ, ਮਨ ਸ੍ਵਛ ਹੋ ਜਾਂਦਾ ਹੈ, ਆਤਮਾ ਮਨ ਤੇ ਸ਼ਰੀਰ ਤੋਂ ਅਪਣੇ ਆਪ ਨੂੰ ਵੱਖ ਪ੍ਰਤੀਤ ਕਰਨ ਲਗ ਜਾਂਦਾ ਹੈ। ਸਿਖ, ਜੇ ਇਸ ਤਰ੍ਹਾਂ ਅਪਣਾ ਫਰਜ਼ ਪੂਰਾ ਕਰੀ ਚਲੇ ਤਾਂ ਹੁਣ ਹੁਕਮੀ ਦਾ ਕੰਮ ਬਾਕੀ ਹੈ ਕਿ ਉਹ ਸਾਨੂੰ ਮਿਹਰ ਕਰਕੇ ਸਾਡੀ ਆਤਮਾ ਨੂੰ ਆਪਣੀ ਚਰਨ ਸ਼ਰਨ ਵਿਚ ਆਪਣੇ ਨਾਲ ਮੇਲ ਲਵੇ। ਜਿਸ ਅਵਸਥਾ ਨੂੰ ਬਾਬਾ ਜੀ ਨੇ ਆਪ ਫੁਰਮਾਇਆ ਹੈ:-

*'ਤੰਤੈ ਕਉ ਪਰਮ ਤੰਤੁ ਮਿਲਾਇਆ ਨਾਨਕ ਸਰਣਿ ਤੁਮਾਰੀ॥'* *(ਸੋਰਠਿ ਮ: ੧-੬)*

ਸਾਡਾ ਫ਼ਰਜ਼ ਹੈ ਤੇ ਅਰਦਾਸ ਕਰੀਏ ਕਿ ਗੁਰੂ ਨਿਬਾਹੇ ਕਿ:-

੧. *ਨਿਰਮਲ ਕਰਮ ਕਰੀਏ-ਮਨ ਨਿਰਮਲ ਕਰਮ ਕਰਿ।* *(ਧਨਾ: ਮ: ੫-੨੯)*

੨. ਬਾਣੀ:-*ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆਂ ਸਿਰਿ ਬਾਣੀ।* *(ਰਾਮਕਲੀ ਮ: ੩ ਅਨੰਦ)*

੩. ਨਾਮ:-*ਜਪਿ ਜਨ ਸਦਾ ਸਦਾ ਦਿਨੁ ਰੈਣੀ॥ ਸਭ ਤੇ ਊਚ ਨਿਰਮਲ ਇਹ ਕਰਣੀ।*

*(ਗਉ: ਮ: ੫ ਸੁਖਮਨੀ)*

੩.

ਇਹ ਸਾਰਾ ਉਪਦੇਸ਼ ਸੁਣਕੇ ਸਾਰੇ ਸਰੋਤੇ ਬਹੁਤ ਪ੍ਰਸੰਨ ਹੋਏ ਤੇ ਆਪੋ ਵਿਚ ਕੁਛ ਗਲਾਂ ਕਰਨ ਲਗ ਪਏ। ਫੇਰ ਉਨ੍ਹਾਂ ਵਿਚੋਂ ਇਕ ਨੇ ਕਿਹਾ ਕਿ ਜੀਓ ਜੀ ! ਅਸਾਂ ਸਾਰਿਆਂ ਦੀ ਇਕ ਅਰਜੋਈ ਹੈ।

ਸਾਧੂ ਨੇ ਕਿਹਾ-ਕਹੋ ਭਾਈ ! ਆਗਿਆ ਕਰੋ !

ਸਿੱਖ-ਕਲ ਜੀਓ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਧਾਰਨੇ ਦਾ ਗੁਰਪੁਰਬ ਹੈ। ਹਾਂ ਤਾਂ ਅਸੀਂ ਏਥੇ ਥੋੜੇ ਪਰ ਸਿਖਾਂ ਨੂੰ ਹੁਕਮ ਹੈ 'ਭਾਇ ਭਗਤਿ ਗੁਰਪੁਰਬ ਕਰੰਦੇ' ਅਸਾਂ ਨੇ ਕੱਲ ਸ੍ਰੀ ਗੁਰੂ ਜੀ ਦਾ ਗੁਰਪੁਰਬ ਮਨਾਉਣਾ ਹੈ। ਜੇ ਆਪ ਜੀ ਖੇਚਲ ਕਰੋ ਤਾਂ ਓਥੇ ਕੋਈ ਕਥਾ ਗੁਰੂ ਜੀ ਦੀ ਸੁਣਾਓ ਜਿਸ ਕਰਕੇ ਸਾਡੇ ਕੰਨ ਬੀ ਪਵਿਤ੍ਰ ਹੋਣ। ਆਪ ਦੀ ਰਸਨਾ ਪਵਿਤਰ ਹੈ ਹੀ, ਕਿਉਂਕਿ ਲਿਖ਼ਆ ਹੈ:-*ਪ੍ਰਭ ਜੀ ਬਸਹਿ ਸਾਧਿ ਕੀ ਰਸਨਾ।*

*(ਸੁਖਮਨੀ)*

ਸਾਧੂ-ਪਵਿਤਰ ਨਾਮ ਨਿਰੰਕਾਰ ਦਾ ਹੈ ਜੋ ਨਾਮ ਨਿਰੰਜਨ ਹੈ। ਜਿਥੇ ਛੋਹੇਗਾ ਪਵਿਤ੍ਰ ਕ੍ਰ ਦੇਵੇਗਾ। ਪਵਿੱਤਰ ਹਰੀ ਕੀਰਤਨ ਹੈ, ਜਿਥੇ ਹੋਏਗਾ ਪਵਿਤ੍ਰਤਾ ਵਰਸੇਗੀ। ਬਾਕੀ ਸਾਧ ਸੰਗਤਿ ਦੀ ਆਗਿਆ ਕੌਣ ਮੋੜ ਸਕਦਾ ਹੈ; ਸਮਾਂ ਦੱਸ ਦਿਓ ਤਾਂ ਦਾਸ ਸਮੇਂ ਸਿਰ, ਗੁਰੂ ਭਾਵੇ ਤਾਂ, ਪਹੁੰਚ ਪਵੇਗਾ।

ਇਹ ਸੁਣਕੇ ਆਪਦਾ ਧੰਨਵਾਦ ਹੋਇਆ ਤੇ ਵਕਤ ਦੱਸਿਆ ਗਿਆ।

ਅਗਲੇ ਦਿਨ ਆਪ ਜੀ ਦੀਵਾਨ ਵਿਚ ਹਾਜ਼ਰ ਹੋ ਗਏ, ਕੀਰਤਨ ਮਗਰੋਂ ਆਪ ਜੀ ਆਗਿਆ ਪਾ ਕੇ ਸ੍ਰੀ ਗੁਰੂ ਜੀ ਦੀ ਤਾਬਿਆ ਆ ਬੈਠੇ ਤਾਂ ਆਪ ਨੇ ਮਨੋਹਰ ਸੁਰ ਵਿਚ ਗੁਰੂ ਵਾਕ ਲਿਆ। ਵਾਕ ਲੈ ਕੇ ਰੁਮਾਲ ਓੜ੍ਹਾ ਦਿਤਾ ਤੇ ਬੋਲੇ:-

ਗੁਰੂ ਕੇ ਪਿਆਰੇ ਸਿਦਕ ਵਾਨੋ ! ਸਚੇ ਪਾਤਸ਼ਾਹ ਨੇ ਜੋ ਵਾਕ ਅਜ ਬਖਸ਼ਿਆ ਹੈ ਇਹ ਸਾਨੂੰ ਸਾਰਿਆਂ ਨੂੰ ਰਹਨੁਮਾਈ ਲਈ ਬਖਸ਼ਿਆ ਹੈ, ਇਹ ਹੁਕਮ ਹੈ ਜਿਸ ਤੇ ਅਸਾਂ ਕਾਰਬੰਦ ਹੋਣਾ ਹੈ ਅਜ ਤੇ ਰੋਜ਼।

ਫਿਰ ਦੇਖੋ ਇਹ ਵਾਕ ਐਸਾ ਆਇਆ ਹੈ ਕਿ ਜਿਸ ਪਰਥਾਇ ਇਹ ਹੋਇਆ ਸੀ ਉਸਦੀ ਸਾਖੀ ਬੀ ਜਨਮ ਸਾਖੀ ਵਿਚ ਲਿਖੀ ਹੋਈ ਹੈ। ਸੋ ਸ਼ਬਦ ਦਾ ਅਰਥ ਭਾਵ ਤੇ ਉਹ ਸਾਖੀ ਜੋ ਜਨਮ ਸਾਖੀ ਵਿਚ ਲਿਖੀ ਹੈ ਇਸ ਕਥਾ ਵਿਚ, ਜੋ ਦਾਸ ਨੇ ਹੁਣ ਕਰਨੀ ਹੈ, ਦੋਏ ਆ ਜਾਣਗੇ।

ਜਦੋਂ ਸ੍ਰੀ ਗੁਰੂ ਜੀ ਦੇਸ਼ਾਟਨ ਕਰਕੇ ਤੇ ਜੀਵਾਂ ਦਾ ਉਧਾਰ ਕਰਕੇ ਦੇਸ਼ ਆਏ ਤਾਂ ਇਕ ਦਿਨ ਆਪ ਜੀ ਬੈਠੇ ਸਨ। ਜਾਪਦਾ ਹੈ ਕਿ ਗੁਰੂ ਕੇ ਦਰਬਾਰ ਵਿਚ ਕੀਰਤਨ ਹੋ ਚੁਕਾ ਸੀ ਤੇ ਆਪ ਜੀ ਸਾਧ ਸੰਗਤਿ ਤੇ ਬਾਹਰੋਂ ਆਏ ਪਿਆਰਿਆਂ ਵਿਚ ਸੁਭਾਇਮਾਨ ਹੋਏ ਕਿਸੇ ਕਿਸੇ ਵੇਲੇ ਕੋਈ ਵਾਕ ਸਿਖਯਾ ਦੇ ਭਰੇ ਹੋਏ ਕਰਦੇ ਪਏ ਸਨ ਕਿ ਅਚਾਨਕ ਪੰਜ ਸਤ ਜਣਿਆਂ ਦੀ ਇਕ ਟੋਲੀ ਆ ਗਈ। ਇਹ ਕੋਈ ਕੁਛ ਠਹਿਰੇ ਹੋਏ ਸੁਭਾਵ ਵਾਲੇ ਸਨ ਤੇ ਮੱਥੇ ਸ਼ਰਧਾ ਵਾਲੇ ਸਨ। ਇਨ੍ਹਾਂ ਦੇ ਨਾਲ ਇਕ ਗੁਰੂ ਕਾ ਸਿਖ ਸੀ। ਉਸਨੇ ਅਰਜ਼ ਕੀਤੀ; 'ਸ੍ਰੀ ਦਾਤਾ ਜੀਓ ! ਏਹ ਸਾਰੇ ਭਗਤ ਹਨ ਅਤੇ ਆਪ ਜੀ ਦੇ ਦਰਸ਼ਨਾਂ ਨੂੰ ਦੂਰੋਂ ਆਏ ਹਨ'। 'ਸ੍ਰੀ ਗੁਰੂ ਜੀ ਨੇ ਮਸਤਕ ਡਿਠੇ ਤਾਂ ਪਛਾਣ ਕੀਤੀ ਕਿ ਹੈਨ ਤਾਂ ਮੇਰੇ ਮਾਲਕ ਦੀਆਂ ਦਰ ਪ੍ਰਾਪਤੀ ਦੇ ਸ਼ੌਕ ਵਾਲੀਆਂ ਸੁਹਣੀਆਂ ਯਤਨ ਕਰਦੀਆਂ, ਪਰ ਨਿਸਚੇ ਦੇ ਘਰ ਦੇ ਦਰਵਾਜ਼ਿਆਂ ਕੋਲ ਫਿਰਦੀਆਂ, ਲਭਦੀਆਂ ਖੜਕਾਉਂਦੀਆਂ ਤੇ ਉਡੀਕਦੀਆਂ ਕੰਤ ਮਹੇਲੀਆਂ ਵਾਂਙੂ। ਸੋਹਣੇ ਸਾਹਿਬਾਂ ਨੇ ਆਦਰ ਦੇ ਕੇ ਬਹਾਲ ਲਿਆ ਤੇ ਕੁਸ਼ਲ ਆਨੰਦ ਪੁੱਛੀ। ਫੇਰ ਗੁਰੂ ਜੀ ਨੇ ਆਪਣੇ ਪਹਿਲੇ ਪ੍ਰਸ਼ਨ ਕਰਤੇ ਨਾਲ ਗਲਬਾਤ ਸ਼ੁਰੂ ਕਰ ਦਿਤੀ, ਜੋ ਗਲਬਾਤ ਕਿ ਭਗਤਾਂ ਦੇ ਆਉਣ ਤੇ ਆਦਰ ਦੇਣ ਵਿਚ ਰੁਕ ਗਈ ਸੀ। ਇਹ ਗਲਬਾਤ ਕੋਈ ਦੋ ਇਕ ਘੜੀ ਵਿਚ ਮੁੱਕੀ। ਹੁਣ ਭਗਤਾਂ ਨੇ ਸਮਝਿਆ ਕਿ ਸਾਡੀ ਗਲ ਛੇੜਨੀ ਠੀਕ ਹੋਸੀ, ਤਦ ਉਨ੍ਹਾਂ ਵਿਚੋਂ ਇਕ ਨੇ ਅਦਬ ਨਾਲ ਕਿਹਾ:-ਗੋਸਾਈਂ ਪ੍ਰਭੋ ! ਕੁਛ ਬਿਨਯ ਕਰਨੀ ਹੈ।

ਸਾਹਿਬ ਬੋਲੇ:-'ਜੋ ਦਿਲ ਆਵੇ ਪੁਛੋ ਜੀ !' ਤਾਂ ਉਨ੍ਹਾਂ ਵਿਚੋਂ ਵਡਕੇ ਨੇ ਪੁਛਿਆ:-

ਭਗਤ-ਜੀਵ ਦੇਹ ਧਾਰਕੇ ਕੁਛ ਨਾ ਕੁਛ ਕਰਦਾ ਹੈ, ਉਹ ਯਾ ਪੁੰਨ ਹੁੰਦਾ ਹੈ ਯਾ ਪਾਪ, ਯਾ ਕੁਛ ਵਿਚ ਵਿਚਾਲੇ। ਪੁੰਨ ਤਾਂ ਹੋਯਾ ਚੰਗਾ ਤੇ ਪਾਪ ਮਾੜਾ। ਇਸ ਮਾੜੇ ਵਲੋਂ ਬਚਣ ਦਾ ਜਤਨ ਕਰਦਿਆਂ ਕੋਈ ਪੇਸ਼ ਨਹੀਂ ਜਾਂਦੀ। ਮਾਯਾ ਦੇ ਮਗਰ ਸਭੇ ਭੱਜੇ ਫਿਰਦੇ ਹਨ। ਆਪ ਇਹ ਕਿਰਪਾ ਕਰਕੇ ਦੱਸੋ ਕਿ ਇਹ ਪ੍ਰਾਣੀ ਆਪਣੇ ਲਾਲਚ ਲਗਾ ਇਹ ਕਰਮ ਪਿਆ ਕਰਦਾ ਹੈ ਕਿ ਕੋਈ ਇਸ ਤੋਂ ਕਰਾਉਂਦਾ ਹੈ ? ਤੇ ਮਾਯਾ ਵਸ ਫਿਰਦਿਆਂ ਦੀ ਕਲਯਾਣ ਕੀਕੂੰ ਹੋਵੇ ?

ਤਦ ਸਤਿਗੁਰੂ ਜੀ ਉਨ੍ਹਾਂ ਵਲ ਮਿਹਰ ਨਾਲ ਤੱਕੇ ਤੇ ਆਖਣ ਲਗੇ-ਤੁਸਾਂ ਜੀ ਨੇ ਠੀਕ ਕਿਹਾ ਹੈ ਕਿ ਇਹ ਜੀਵ ਯਾ ਪਾਪ ਕਰਦਾ ਹੈ ਯਾ ਪੁੰਨ ਤੇ ਫੇਰ ਗਲਬਾਤ ਬੀ ਪਾਪ ਪੁੰਨ ਦੀ ਕਰਦਾ


www.sikhbookclub.com

ਰਹਿੰਦਾ ਹੈ, ਜੋ ਕੁਛ ਕਰੂ ਉਸੇ ਦਾ ਜ਼ਿਕਰ ਜ਼ਕਾਰ ਕਰੇਗਾ ਨਾ ! ਸੋ ਭਗਤ ਜਨੋਂ ! ਪਾਪ ਪੁੰਨ ਤਾਂ ਹੀ ਕਰਦਾ ਹੈ ਜੇ ਅੰਦਰੋਂ ਮਨ ਪ੍ਰੇਰਦਾ ਹੈ! ਮਨ ਦਾ ਰੁਖ ਬਾਹਰਮੁਖੀ ਹੈ, ਇਹ ਸਰੀਰ ਦੀ ਪਾਲਣਾ ਤੇ ਰਖਜਾ ਆਦਿ ਵਿਚ ਰਚਿਆ ਰਹਿੰਦਾ ਹੈ। ਸੋ ਇਸ ਵਿਚ ਜੋ 'ਮਨਸਾ' ਉਪਜਦੀ ਹੈ ਉਹ ਇਸੇ ਦੀ ਉਪਜਾਈ ਉਪਜੀ ਬਾਹਰਮੁਖੀ ਕੰਮ ਕਰਦੀ ਹੈ। ਇਹ ਮਨਸਾ ਹੁੰਦੀ ਹੈ ਆਪਣੇ ਸਰੀਰ ਦੇ ਸੁਖ ਲੈਣ ਵਿਚ ਰੱਤੀ ਹੋਈ। ਇਹ ਕਮਾਈ ਕਰਕੇ ਸਰੀਰਕ ਲੋੜਾਂ ਤੇ ਬੱਸ ਨਹੀਂ ਕਰਦੀ। ਜਿੰਨਾਂ ਕੁਛ ਲੋੜਾਂ ਲਈ ਇਹ ਕੱਠਾ ਕਰਾ ਲੈਂਦੀ ਹੈ ਉਸਤੋਂ ਅਗੇ ਹੋਰ ਲੈਣ ਵਲ ਸਰੀਰ ਨੂੰ ਦੁੜਾਉਂਦੀ ਹੈ, ਤ੍ਰਿਪਤ ਨਹੀਂ ਹੁੰਦੀ। ਫੇਰ ਕੱਠਾ ਕਰਨ ਵਿਚ ਪਾਪ ਪੁੰਨ ਦੇ ਵੀਚਾਰ ਵੀ ਛਡ ਦੇਂਦੀ ਹੈ; ਕੱਠਾ ਕਰਕੇ ਆਪੂੰ ਤ੍ਰਿਪਤ ਨਹੀਂ ਹੁੰਦੀ ਤੇ ਮਾਨ ਹੰਕਾਰ ਵਿਚ ਹੋਰਨਾਂ ਨੂੰ ਦੁਖਾਉਂਦੀ ਹੈ। ਸੋ ਫਲ ਆਪਣੇ ਲਈ ਭੀ ਚੰਗਾ ਨਾ ਹੋਇਆ ਤੇ ਦੂਇਆਂ ਲਈ ਭੀ ਦੁਖਦਾਈ ਹੋਇਆ। ਫੇਰ ਇਕ ਗਲ ਸੋਚੋ ਹੋਰ ਕਿ ਧਨ ਪਾ ਕੇ ਜੀਵ ਜੋ ਭੋਗ ਬਿਲਾਸ ਕਰਦਾ, ਖੁਸ਼ੀਆਂ ਮਨਾਉਂਦਾ ਹੈ। ਫੇਰ ਉਹ ਧਨ ਵੀ ਮਰਨ ਵੇਲੇ ਏਥੇ ਹੀ ਰਹਿ ਜਾਂਦਾ ਹੈ। ਓਸ ਧਨ ਨੂੰ ਸਾਂਭਦੇ ਹਨ ਹੋਰ ਲੋਕੀ ਤੇ ਭੋਗ ਬਿਲਾਸਾਂ ਵਿਚ ਆਇਆ ਸੁਆਦ ਆਨੰਦ ਬੀ ਨਾਲ ਨਹੀਂ ਜਾਂਦਾ, ਭੋਗਣ ਵਾਲਾ ਸਰੀਰ ਸੁਆਹ ਦੀ ਢੇਰੀ ਹੋ ਜਾਂਦਾਹੈ। ਇਸ ਤਰ੍ਹਾਂ ਦੁਖ ਦੇਂਦਾ ਦੁਖ ਦੇ ਕਾਰਣ ਪਾਪ ਨੂੰ ਮਨ ਵਿਚ ਸੰਸਕਾਰਾਂ ਦੀ ਸ਼ਕਲ ਵਿਚ ਲੈਕੇ ਟੁਰ ਜਾਂਦਾ ਹੈ। ਜੀਉਂਦੇ ਜੀ ਜਦੋਂ ਕਿਤੇ ਪਾਪ ਪੁੰਨ ਦੀਆਂ ਵੀਚਾਰਾਂ ਕਰਦਾ ਸੀ ਓਹ ਫੋਕੀਆਂ ਵਕਤ ਲੰਘਾਊ ਗੱਲਾਂ ਹੁੰਦੀਆਂ ਸਨ। ਜੇ ਕੋਈ ਪੁੰਨ ਕਰਮ ਕਰ ਗਿਆ ਤਾਂ ਓਹ ਨਿਰਮਲ ਕਰਮ ਨਹੀਂ ਸਨ, ਉਹ ਤਾਂ ਕਰਮ ਕਾਂਡੀ ਕਰਮ ਸਨ ਜੋ ਕਾਮਨਾਂ ਵਿਚ ਆ ਕੇ ਸੁਰਗਾਂ ਦੇ ਭੋਗਾਂ ਦੀਆਂ ਵਾਸ਼ਨਾਂ ਧਾਰਕੇ ਕੀਤੇ ਸਨ। ਸੋ ਭਗਤ ਜਨੋਂ ! ਐਸੇ ਮਾਇਆ ਪਰੇਮੀ ਜੀਵਾਂ ਦਾ ਕਲਿਆਨ ਕੀਕੂੰ ਹੋ ਸਕਦਾ ਹੈ ? ਹਾਂ, ਜੇ ਓਹ ਗੁਰੂ ਮਤਿ ਵਿਚ ਆ ਜਾਣ, ਸਤਿਗੁਰ ਦੇ ਉਪਦੇਸ਼ ਦੇ ਧਾਰਨੀ ਹੋ ਜਾਣ ਤਾਂ ਰਸਤਾ ਇਹ ਹੈ ਕਿ ਉਸ ਉਪਦੇਸ਼ ਵਿਚ ਇਨ੍ਹਾਂ ਨੂੰ ਆਪਣੇ ਰੋਜ਼ ਦੇ ਕਰਮ ਨਿਰਮਲ ਕਰਨ ਦਾ ਉਪਦੇਸ਼ ਮਿਲੇਗਾ, ਫਿਰ ਨਾਮ ਦੀ ਕਮਾਈ ਕਰਨੇ ਦਾ ਉਪਦੇਸ਼ ਮਿਲੇਗਾ। ਇਹ ਜੋ ਨਾਮ ਧਨ ਹੈ ਸੋ ਸੱਚਾ ਧਨ ਹੈ ਤੇ ਜੀਵ ਦੇ ਨਾਲ ਜਾਂਦਾ ਹੈ, ਕਿਉਂਕਿ ਇਹ ਮਨ ਵਿਚ ਅਵਿਛੜ ਪ੍ਰਵੇਸ਼ ਕਰ ਜਾਂਦਾ ਹੈ, ਸੋ ਜੀਵ ਦੇ ਨਾਲ ਚਲਾ ਜਾਂਦਾ ਹੈ।

ਭਗਤ ਫੇਰ ਜੀ ਨਾਮ ਨਾਲ ਭਗਵਾਨ ਰੀਝ ਪੈਂਦਾ ਹੈ ਤਾਂ ਇਸ ਬਿਧ ਤੇ ਇਸ ਕਾਰਣ ਕਲਜਾਣ ਹੁੰਦੀ ਹੈ ?

ਗੁਰੂ ਜੀ-ਭਾਈ ! ਪਾਪ ਜੋ ਕਰੀਦੇ ਹਨ ਉਹਨਾਂ ਨਾਲ ਮਨ ਮੈਲਾ ਹੋ ਜਾਂਦਾ ਹੈ। ਓਹ ਮੈਲ ਨਿਰਮਲ ਪਾਸੇ ਨਹੀਂ ਜਾਣ ਦੇਂਦੀ। ਸੋ ਮੈਲ ਕੱਟਣੀ ਜ਼ਰੂਰੀ ਹੁੰਦੀ ਹੈ। ਓਹ ਮੈਲ 'ਨਾਮ' ਕੱਟਦਾ ਹੈ। ***'ਬਿਨੁ ਸਬਦੈ ਨਹੀ ਉਤਰੈ ਮੈਲੁ*'*** ਫੇਰ ਨਾਮ, ਜਿਸ ਦਾ ਕਿ ਨਾਮ ਹੈ, ਉਸ ਵਲ ਲੈ ਜਾਂਦਾ ਹੈ, ਉਸਦੀ ਸ਼ਰਣ ਵਿਚ ਹਜ਼ੂਰੀ ਵਿਚ ਰੱਖਦਾ ਹੈ। ਨਾਮ ਨਾਲ 'ਸੁਚੇ' ਹੋ ਗਏ ਮਨ ਨੂੰ ਸੱਚਾ ਪਰਮੇਸ਼ੁਰ ਭਾਉਂਦਾ ਹੈ। ਉਸ ਭਾਵਨੀ (ਕਹੋ, ਪ੍ਰੇਮ ਕਹੋ) ਨਾਲ ਪ੍ਰਭੂ ਜੀ ਨੂੰ ਮਿਲ ਪੈਂਦਾ ਹੈ। ਅਨੰਤ ਪ੍ਰਭੂ ਜੀ ਉਸਨੂੰ ਆਪ ਮੇਲ ਲੈਂਦੇ ਹਨ। ਪਰੇਮੀ ਲੋਕ ਇਸ ਨੂੰ ਮੁਕਤੀ ਆਖਦੇ ਹਨ।

ਸਾਧ ਸੰਗਤ ਜੀ ! ਇਹ ਜੋ ਕੁਛ ਮੈਂ ਗੁਰੂ ਦਾ ਉਪਦੇਸ਼ ਭਗਤਾਂ ਪ੍ਰਤੀ ਹੋਇਆ ਆਪ ਨੂੰ ਸੁਣਾਇਆ ਹੈ, ਉਸ ਸ਼ਬਦ ਦੀ ਪਹਿਲੀ ਪਉੜੀ ਵਿਚ ਹੈ ਜੋ ਮੈਂ ਹੁਣੇ ਵਾਚਿਆ ਸੀ। ਸੋ ਸਮਝੋ ਕਿ ਅਜ ਸਾਡੇ ਤਾਂਈਂ ਇਹ ਉਪਦੇਸ਼ ਗੁਰੂ ਸਾਹਿਬ ਵਲੋਂ ਹੋਇਆ ਹੈ, ਲਓ ਸੁਣੋ ਫੇਰ, ਪਹਿਲੀ ਪਉੜੀ, ਰਹਾਉ ਤੇ ਦੂਜੀ ਪਉੜੀ ਜਿਸ ਦੀ ਵਿਆਖਿਆ ਮੈਂ ਸੁਣਾਈ ਹੈ:-

---

* ਬਿਲਾਵਲ ਮਹਲਾ ੧


www.sikhbookclub.com

*ਮਨ ਕਾ ਕਹਿਆ ਮਨਸਾ ਕਰੈ॥ ਇਹੁ ਮਨੁ ਪੁੰਨ ਪਾਪੁ ਉਚਰੈ॥ ਮਾਇਆ ਮਦਿ ਮਾਤੇ ਤ੍ਰਿਪਤਿ ਨ ਆਵੈ॥ ਤ੍ਰਿਪਤਿ ਮੁਕਤਿ ਮਨਿ ਸਾਚਾ ਭਾਵੈ॥੧॥ ਤਨੁ ਧਨੁ ਕਲਤੁ ਸਭ ਦੇਖੁ ਅਭਿਮਾਨਾ॥ ਬਿਨੁ ਨਾਵੈ ਕਿਛੁ ਸੰਗਿ ਨ ਜਾਨਾ॥ ੧॥ ਰਹਾਉ॥ ਕੀਰਹਿ ਰਸ ਭੋਗ ਖੁਸੀਆ ਮਨ ਕੇਰੀ॥ ਧਨੁ ਲੋਕਾਂ ਤਨੁ ਭਸਮੈ ਢੇਰੀ॥ ਖਾਕੂ ਖਾਕੁ ਰਲੈ ਸਭੁ ਫੈਲੁ॥ ਬਿਨੁ ਸ਼ਬਦੈ ਨਹੀਂ ਉਤਰੈ ਮੈਲੁ॥੨॥* (ਬਿਲਾ: ਮ: ੧-ਅਸ਼੍ਟ-੨)

ਇਹ ਸੁਣ ਕੇ ਭਗਤ ਜਨਾਂ ਨੇ ਇਕ ਸੁਹਣਾ ਸਾਹ ਲਿਆ ਜਿਵੇਂ ਕੋਈ ਮਨ ਵਿਚ ਸਹੂਲਤ ਪ੍ਰਤੀਤ ਕਰਦਾ ਹੈ। ਫੇਰ ਮੁਖੀਏ ਨੇ ਅਰਜ਼ੋਈ ਕੀਤੀ-

ਜੀ, ਏਹ ਜੋ ਭਗਤੀਏ ਲੋਕ ਰਾਸਾਂ ਪਾਉਂਦੇ ਗੀਤ ਗਾਉਂਦੇ ਤੇ ਨਚਦੇ ਟਪਦੇ ਹੈਨ, ਇਹ ਭਗਵਾਨ ਦੀ ਭਗਤੀ ਹੀ ਕਰਦੇ ਹਨ ਨਾਂ ! ਇਹ ਆਪ ਦੇ ਕਹੇ ਅਨੁਸਾਰ ਮੁਕਤ ਹੋ ਜਾਣਗੇ ?

ਤਾਂ ਸ੍ਰੀ ਗੁਰੂ ਜੀ ਬੋਲੇ:-ਭਗਤ ਜਨੋ ! ਇਹ ਜੋ ਪਖਾਵਜਾਂ ਲੈ ਕੇ ਤਾਲ ਦੇ ਦੇ ਨੱਚਦੇ ਟੱਪਦੇ ਤੇ ਨਾਲ ਵਾਜੰਤ ਲੈ ਕੇ ਨਾਨਾਂ ਰਾਗਾਂ ਵਿਚ ਪਾ ਪਾ ਕੇ ਗੀਤ ਗਾਉਂਦੇ ਹਨ ਮਨੋ ਕੂੜੇ ਹੁੰਦੇ ਹਨ, ਕਿਉਂਕਿ ਇਨ੍ਹਾਂ ਦੀ ਬਿਰਤੀ ਮਾਇਆ ਵਲ ਹੁੰਦੀ ਹੈ। ਮਾਇਆ ਤ੍ਰੈ ਗੁਣਾਂ ਵਿਚ ਵਰਤਦੀ ਹੈ, ਸੋ ਮਾਇਆ ਦੇ ਪ੍ਰੇਮ ਵਿਚ ਰਾਗ ਵਜਾ ਕੇ ਤ੍ਰੈ ਗੁਣ ਹੀ ਵਧਦੇ ਹਨ, ਇਹਨਾਂ ਤ੍ਰੈ ਗੁਣਾਂ ਦੇ ਵਾਧੇ ਨਾਲ ਜੋ ਪਹਿਲਾਂ ਇਨ੍ਹਾਂ ਦੇ ਮਨਾਂ ਵਿਚ 'ਮਨਮਤਿ' ਸੀ ਉਹ 'ਦੁਰਮਤਿ' ਬਣ ਜਾਂਦੀ ਹੈ। ਫਲ ਇਹ ਕਿ ਜਨਮ ਮਰਨ ਦੀ ਪੀੜਾ ਦੂਰ ਨਹੀਂ ਹੁੰਦੀ ਸਗੋਂ ਦਵੈਤ ਭਾਵਨਾ ਪੱਕੀ ਹੁੰਦੀ ਜਾਂਦੀ ਹੈ, ਕਰਤਾਰ ਤੋਂ ਵਿੱਥ ਵਧਦੀ ਜਾਂਦੀ ਹੈ ਤੇ ਜਨਮ ਲੈ ਕੇ ਬਿਨਸਦੇ ਰਹਿਣ ਦਾ ਚੱਕ੍ਰ ਨਹੀਂ ਮਿਟਦਾ। ਭਾਈ, ਭਗਤ ਜਨੋਂ ! ਐਸੇ ਲੋਕਾਂ ਲਈ ਬੀ ਦਾਰੂ ਉਹੋ ਹੈ ਕਿ ਹਰੀ ਦੇ ਗੁਣ ਗਾਵਨ ਪਰ ਗੁਰਮੁਖ ਤੋਂ ਜਾਚ ਸਿਖ ਕੇ। ਗੁਰਮੁਖ ਕੀ ਜਾਚ ਦੱਸੇਗਾ ? ਤ੍ਰੈ ਗਲਾਂ (੧) ਨਿਰਮਲ ਕਰਮ ਕਰੋ (੨) ਕਰਤਾਰ ਦੇ ਗੁਣ ਕਰਤਾਰ ਦੇ ਪ੍ਰੇਮ ਵਿਚ ਕਰਤਾਰ ਪ੍ਰਾਪਤੀ ਲਈ ਗਾਉਂ ਤੇ (੩) ਨਾਮ ਆਰਾਧਦਾ ਕਰਤਾਰ ਦੀ ਹਜ਼ੂਰੀ ਵਿਚ ਵੱਸੋ। ਸੋ ਗੁਰਮੁਖ ਦੇ ਸਤਿਸੰਗ ਵਿਚ ਰਹਿਣਾ ਪਰਮ ਲਾਹੇਵੰਦ ਹੈ ਜੋ ਸਮੇਂ ਸਮੇਂ ਉੱਕਣ ਨਾ ਦੇਵੇਗਾ। ਦਾਰੂ ਤਾਂ ਗੁਣ ਗਾਉਣ ਵਿਚ ਹੈ ਪਰ ਗੁਣ ਗਾਇਨ ਦਿਲ ਅੰਦਰ 'ਮਾਇਆ' ਦੀ ਕੁੰਡੀ ਲਾ ਕੇ ਕੀਤਾ, ਆਪਣੀ ਕਲਜਾਣ ਨਹੀਂ ਕਰਦਾ।

ਕੁਛ ਪਲਾਂ ਚੁਪ ਰਹਿਕੇ ਸਾਧੂ ਜੀ ਫੇਰ ਬੋਲੇ: ਗੁਰੂ ਕੇ ਪ੍ਰੇਮੀਓ ! ਇਹ ਜੋ ਸਤਿਗੁਰ ਦੀ ਵਾਰਤਾਲਾਪ ਦਾਸ ਨੇ ਸੁਣਾਈ ਹੈ, ਇਹ ਜੋ ਵਾਕ ਪ੍ਰਾਪਤ ਹੋਇਆ ਸੀ ਉਸੇ ਦੀ ਤੀਜੀ ਪਉੜੀ ਦੀ ਵਜਾਖਜਾ ਤੇ ਸਾਖੀ ਦੀ ਕਥਾ ਸੀ। ਉਹ ਪਉੜੀ ਮੈਂ ਫੇਰ ਪੜ੍ਹਦਾ ਹਾਂ ਜੋ ਆਪ ਜੀ ਦੇ ਹਿਰਦੇ ਵਿਚ ਲੰਘ ਜਾਵੇ:-

*ਗੀਤ ਰਾਗ ਘਨ ਤਾਲ ਸਿ ਕੂਰੇ॥ ਤ੍ਰਿਹੁ ਗੁਣ ਉਪਜੈ ਬਿਨਸੈ ਦੂਰੇ॥*
*ਦੂਜੀ ਦੁਰਮਤਿ ਦਰਦੁ ਨ ਜਾਇ॥ ਛੂਟੈ ਗੁਰਮੁਖਿ ਦਾਰੂ ਗੁਣ ਗਾਇ॥੩॥* (ਬਿਲ:ਮ:੧:ਅਸ਼੍ਟ-੨)

ਸਤਿਗੁਰ ਦੇ ਬਚਨ ਸੁਣਕੇ ਫੇਰ ਮੁਖੀਏ ਭਗਤ ਨੇ ਹਥ ਜੋੜਕੇ ਹੋਰ ਅਰਜ਼ ਕੀਤੀ:-

ਇਕ ਖਾਸ ਤਰਕੀਬ ਨਾਲ ਧੋਤੀ ਪਹਿਨਦੇ ਹਨ, ਇਕ ਖਾਸ ਖਾਸ ਤਰ੍ਹਾਂ ਦੇ ਤਿਲਕ ਲਾਉਂਦੇ ਹਨ; ਇਕ ਖਾਸ ਖਾਸ ਤਿਥਾਂ ਪੁਰਬਾਂ ਤੇ ਨ੍ਹਾਉਂਦੇ ਸ਼ਾਸਤਰਾਂ ਦੀ ਘੋਖਨਾ ਕਰਦੇ ਪੰਡਤ ਬੀ ਹੈਨ। ਇਕ ਮਾਲਾ ਰੁਦ੍ਰਾਖ ਦੀ ਪਹਿਨਦੇ ਹਨ ਇਕ ਤੁਲਸੀ ਦੀ ਪਹਿਨਦੇ ਵੈਸ਼ਨਵ ਅਖਵਾਉਂਦੇ ਹਨ। ਇਸ ਤਰ੍ਹਾਂ ਜੈਨੀ, ਬੋਧੀ, ਅਨੇਕ ਮਤ ਤੇ ਸੰਪ੍ਰਦਾਵਾਂ ਹਨ, ਦੱਸੋ ਜੀਓ ! ਗਤੀ ਕਿਸ ਦੀ ਹੋਵੇਗੀ ?

ਸ੍ਰੀ ਗੁਰੂ ਜੀ ਮੁਸਕਰਾਏ ਤੇ ਬੋਲੇ: ਭਾਈ ! ਜਿਤਨੇ ਵਿਖੇਵੇਂ ਹਨ ਇਹ ਮਾਇਆ ਪਈ ਹੋਈ ਦੀ ਮਾਨੋ ਨਿਸ਼ਾਨੀ ਹਨ। ਅਸਲੀਅਤ ਵੱਖੋ ਵੱਖ ਨਹੀਂ, ਓਹ ਇਕੋ ਹੈ, ਜਿਸ ਨੇ ਉਸਨੂੰ ਫੜਿਆ ਹੈ ਉਹੋ ਪਾਰਗਿਰਾਮੀ ਹੁੰਦਾ ਹੈ। ਜਿਸ ਦੇ ਅੰਦਰ ਕ੍ਰੋਧ ਆਦਿ ਪੰਜੇ ਮਹਾਂਬਲੀ ਪ੍ਰਬਲ ਹਨ, ਉਹ

ਮਾਇਆ ਵਿਚ ਹੈ। ਉਸਨੂੰ ਮਾਨੋ ਮਾਇਆ ਦਾ ਇਕ ਨਸ਼ਾ ਚੜ੍ਹ ਰਿਹਾ ਹੈ। ਜਦ ਤਰ੍ਹਾਂ ਤਰ੍ਹਾਂ ਨਾਲ ਮੋਹ ਲੈਣ ਵਾਲੀ ਮਾਇਆ ਆਪਣਾ ਮਦ ਚਾੜ੍ਹ ਰਹੀ ਹੋਵੇ ਤਾਂ ਓਹ ਸਾਰੇ ਮਤ ਮਤਾਤਰਾਂ ਤੇ ਸੰਪ੍ਰਦਾਵਾਂ ਵਾਲੇ, ਸਮਝ ਲਓ ਕਿ, ਇਕ ਨਟਸ਼ਾਲਾ ਵਿਚ ਨਟ ਵਿਦਜਾ ਪੜ੍ਹ ਰਹੇ ਹਨ। ਜਿਨ੍ਹਾਂ ਦੇ ਅੰਦਰ ਨਾਮ ਹੈ, ਉਹਨਾਂ ਦੇ ਅੰਦਰ ਅਸਲੀਅਤ ਆ ਗਈ ਹੈ। ਉਹਨਾਂ ਦਾ ਮਾਯਾ ਦਾ ਨਸ਼ਾ ਤ੍ਰੁਟ ਰਿਹਾ ਹੈ ਯਾ ਤ੍ਰੁਟ ਗਿਆ ਹੈ। ਹਾਂ, ਜਿਨ੍ਹਾਂ ਨੇ ਗੁਰੂ ਨੂੰ ਮਿਲਕੇ ਕਰਤਾਰ ਦੀ ਭਗਤੀ ਧਾਰਨ ਕਰ ਲਈ ਹੈ ਓਹ ਆਤਮ ਸੁਖ ਵਿਚ ਆਏ ਹਨ। ਇਸ ਤੋਂ ਬਿਨਾਂ ਜੋ ਅੰਤਰ ਮਾਇਆ ਰਖਕੇ ਭੇਖ ਧਾਰ ਰਹੇ ਤੇ ਸੰਪ੍ਰਦਾਈ ਵਖੇਵੇਂ ਸਿਖ ਰਹੇ ਤੇ ਜਗਤ ਨੂੰ ਤਜਾਗੀ ਵਿਰਾਗੀ, ਸਾਧੂ, ਪੂਜ, ਸਿਧ, ਮੁਨੀ ਬਣ ਬਣਕੇ ਦਿਖਾ ਰਹੇ ਹਨ ਓਹ ਨਟ ਵਾਂਙੂ ਨਾਟਕ ਵਿਦਜਾ ਸਿਖ ਰਹੇ ਤੇ ਨਾਟ ਕਰ ਰਹੇ ਹਨ ਤੇ ਨਟ ਵਾਂਙੂ ਮਾਇਆ ਪ੍ਰਾਪਤੀ ਦੇ ਨਸ਼ੇ ਵਿਚ ਗੁੱਟ ਹਨ, ਪਰਮਪਦ ਦੇ ਉਹ ਜਾਣੂ ਨਹੀਂ ਹਨ। ਪਰ ਇਹਨਾਂ ਲਈ ਬੀ ਕਰਤਾਰ ਦੇ ਘਰ ਦੇ ਦਰਵਾਜ਼ੇ ਬੰਦ ਨਹੀਂ ਹਨ। ਏਹ ਭੀ ਮਾਇਆ ਤੋਂ ਛੁਟ ਕੇ ਮੁਕਤ ਹੋ ਸਕਦੇ ਹਨ। ਇਹਨਾਂ ਦਾ ਦਾਰੂ ਭੀ ਉਹ ਹਰੀ ਦਾ ਗੁਨ ਗਾਜਣ ਹੈ, ਪਰ ਜੇ ਗੁਰਮੁਖ ਦੀ ਆਗਿਆ ਵਿਚ ਗੁਰਮਤਿ ਅਨੁਸਾਰ ਕੀਰਤਨ ਕਰਨ। ਉਹ ਗੁਰਮਤਿ ਇਹ ਹੈ ਕਿ ਮਾਯਾ ਦੀ ਵਾਸ਼ਨਾ ਛਡ ਕੇ ਹਰੀ ਕੀਰਤਨ ਕਰਨ ਤੇ ਆਪਣੇ ਸਿਰਜਨਹਾਰ ਵਲ ਧਜਾਨ ਕਰਕੇ ਉਸਨੂੰ ਸੁਨਾਉਣ।

ਸਾਧ ਸੰਗਤ ਜੀ! ਇਹ ਗੁਰੂ ਜੀ ਦੀ ਵਾਰਤਾਲਾਪ ਜੋ ਮੈਂ ਖੁਹਲਕੇ ਸੁਣਾਈ ਹੈ ਸ੍ਰੀ ਸਤਿਗੁਰੂ ਜੀ ਨੇ ਐਉਂ ਉਸ ਸ਼ਬਦ ਵਿਚ ਗੁੰਦੀ ਹੈ, ਜੋ ਮੈਂ ਹੁਣੇ ਆਪ ਨੂੰ ਸੁਣਾਇਆ ਹੈ। ਇਹ ਉਸ ਸ਼ਬਦ ਦੀ ਚੋਥੀ ਪਉੜੀ ਹੈ, ਲਓ ਕੰਨ ਪਵਿੱਤਰ ਕਰੋ, ਫੇਰ ਸੁਣੋਂ :-

*ਧੋਤੀ ਊਜਲ ਤਿਲਕੁ ਗਲਿ ਮਾਲਾ॥ ਅੰਤਰਿ ਕ੍ਰੋਧੁ ਪੜਹਿ ਨਾਟਸ਼ਾਲਾ॥*
*ਨਾਮੁ ਵਿਸਾਰਿ ਮਾਇਆ ਮਦੁ ਪੀਆ॥ ਬਿਨੁ ਗੁਰ ਭਗਤਿ ਨਾਹੀ ਸੁਖੁ ਥੀਆ॥੪॥੨*

*(ਬਿਲਾ:ਮ:੧:ਅਸ੍ਰ-੨)*

ਸਤਿਨਾਮ ਸ੍ਰੀ ਵਾਹਿਗੁਰੂ ਉਚਾਰੋ ਗੁਰੂ ਕੇ ਪਿਆਰਿਓ!

ਹੁਣ ਭਗਤਾਂ ਦੇ ਆਗੂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਅਗੇ ਹੱਥ ਬੰਨ੍ਹਕੇ ਹੋਰ ਪ੍ਰਸ਼ਨ ਕੀਤਾ :-

ਜੀਓ ਜੀ! ਦੇਖਣ ਵਿਚ ਆਇਆ ਹੈ ਕਿ ਇਕ ਮਹਾਂ ਪੁਰਖ ਠਾਕੁਰ ਜੀ ਦਾ ਪਿਆਰਾ ਹੈ; ਉਸਦਾ ਸਤਿਸੰਗ ਕਰਕੇ ਕੋਈ ਜਗਜਾਸੂ ਉਸਨੂੰ ਸ਼ਿਸ਼ ਹੋ ਕੇ ਮਿਲਦਾ ਹੈ ਤੇ ਦੀਖਜਾ ਲੈਕੇ ਗੁਰੂ ਬਣਾ ਲੈਂਦਾ ਹੈ। ਜਦ ਕੁਛ ਅਭਜਾਸ ਨਾਲ ਰੰਚਕ ਸਿਧੀ ਆ ਜਾਂਦੀ ਹੈ ਤਾਂ ਆਪੂੰ ਕੁਛ ਬਣ ਬਹਿੰਦਾ ਹੈ ਤੇ ਗੁਰੂ ਦਾ ਕਿਹਾ ਬੀ ਨਹੀਂ ਮੰਨਦਾ, ਸਗੋਂ ਮੂੰਹ ਹੀ ਫੇਰ ਲੈਂਦਾ ਹੈ ਤੇ ਜਗਤ ਵਿਚ ਉਸਦੀ ਚਲ ਵੀ ਜਾਂਦੀ ਹੈ। ਚੇਲੇ ਬਾਲੇ, ਧਨ ਪਦਾਰਥ ਬੀ ਦੇਖੀਦੇ ਹਨ ਕਿ ਦੁਆਲੇ ਆ ਜਾਂਦੇ ਹੈਨ। ਸੁਆਮੀ ਜੀ! ਓਹ ਲੋਕ ਕਿਉਂ ਵਧਦੇ ਫੁਲਦੇ ਹੈਨ, ਉਹ ਤਾਂ ਪਤਿਤ ਹੋਏ!

ਸ੍ਰੀ ਗੁਰੂ ਜੀ ਬੋਲੇ:-ਭਾਈ, ਦੁਨੀਆਂ ਵਿਚ ਜਿਵੇਂ ਮਾਇਆ ਪ੍ਰੇਮੀ ਈਸ਼੍ਵਰ ਤੋਂ ਬੇਮੁਖ ਲੋਕ ਅਮੀਰ ਹੋਏ ਦੇਖੀਦੇ ਹਨ, ਓਸੇ ਗੇਣਤੀ ਵਿਚ ਇਹ ਹੋ ਜਾਂਦੇ ਹਨ। ਗਾਜਕਾਂ ਤੇ ਬੋਲਕਾਂ ਨੂੰ ਜੇ ਮਾਇਆ ਬਹੁਤੀ ਆ ਰਹੀ ਹੈ, ਜੇ ਚੇਲੇ ਬਟੂਤੇ ਬਣ ਰਹੇ ਹਨ, ਜੇ ਨਾਮਣਾ ਚੰਗਾ ਹੋ ਰਿਹਾ ਹੈ ਤਾਂ ਨਿਰਾ ਇਹ ਗਲ ਕੋਈ ਪੱਕੀ ਨਿਸ਼ਾਨੀ ਸਦਗਤੀ ਦੀ ਨਹੀਂ! ਉਨ੍ਹਾਂ ਦੇ ਇਸ ਐਸ਼੍ਵਰਜ ਵਲ ਨਾ ਤੱਕੋ, ਇਹ ਤਾਂ ਮਾਜਕ ਵਡਿੱਤ ਹੈ, ਉਹਨਾਂ ਦਾ ਅੰਤ ਤੱਕੋ। ਹਾਂ ਜੀ, ਉਨ੍ਹਾਂ ਦੀ ਤੁਸੀਂ ਅੰਤ੍ਰੀਵਗਤੀ ਤੇ ਅੰਤ ਤੱਕੋ। ਅੰਤ੍ਰੀਵ ਗਤੀ ਕੀਹ ਹੋ ਰਹੀ ਹੈ? ਕਿ ਓਹ ਚੇਲਿਆਂ ਦੇ ਲਿਹਾਜ਼ ਕਰਦੇ, ਮਾਯਾ ਪਿਛੇ ਗੁੱਝੀਆਂ ਖਾਤਰਾਂ ਕਰਦੇ, ਉਹਨਾਂ ਦੇ ਮਾਨੋਂ ਭਾਰ ਢੋਂਦੇ ਖੋਤੇ ਸਮਾਨ ਹਨ! ਵਿਰੋਧੀ ਲੋਕਾਂ ਤੇ ਹੋਰ ਮਤਾਂ ਵਾਲਿਆਂ ਨਾਲ ਝਗੜਦੇ, ਬਹਿਸਾਂ ਕਰਦੇ, ਓਹ ਕੂਕਰਾਂ ਸਮਾਨ ਲੌਂਦੇ ਹਨ। ਪਾਪੀ ਪੁਰਸ਼ਾਂ ਦੇ ਅੰਨ ਖਾਂਦੇ ਆਪਣੀ ਥੋੜੀ ਬਹੁਤ ਕੀਤੀ ਘਾਲ ਵੰਞਾਉਂਦੇ, ਉਹਨਾਂ ਦੇ ਗੰਦੇ ਪ੍ਰਭਾਵ ਲੈ ਲੈਕੇ ਸੂਰ ਦੀ ਨਜਾਈਂ ਮਲ ਭੱਖੀ ਹੋ ਜਾਂਦੇ ਹਨ। ਜੇ ਕਹੋ ਓਹ ਚੌਂਕੜੇ ਮਾਰਕੇ ਬੈਠਦੇ ਹਨ, ਬਿਨ ਹਿਲੇ ਬੈਠੇ -


www.sikhbookclub.com

ਸਮਾਧੀਆਂ ਵਿਚ ਲਗਦੇ ਹਨ, ਬਿਨ ਨ੍ਹਾਤੇ ਧੋਤੇ ਉਜਲੇ ਲਗਦੇ ਹਨ, ਇਨ੍ਹਾਂ ਦੀ ਇਹ ਬੈਠਕ ਕੁਛ ਸਾਰਦੀ ਹੈ ਕਿ ਨਹੀਂ? ਇਸਦਾ ਵਿਚਾਰ ਇਹ ਹੈ ਕਿ ਗੁਰੂ ਤੋਂ ਬੇਮੁਖ ਹੋਕੇ ਓਹ ਕਰਤਾਰ ਪ੍ਰੇਮੀ ਨਾ ਰਹੇ। ਨਿਰੰਜਨ ਪ੍ਰਭੂ ਦੀ ਮਾਯਾ ਉਹਨਾਂ ਦੇ ਅੰਦਰ ਪ੍ਰਧਾਨ ਹੋ ਜਾਂਦੀ ਹੈ। ਤਦ ਜੋ ਸਮਾਧੀ ਲਾਈ ਨੇ ਓਹ ਬਿੱਲੇ ਵਤ ਨੇ, ਜੋ ਚੂਹੇ ਦੀ ਖੁੱਡ ਦੇ ਲਾਗੇ ਹੱਥ ਪੈਰ ਖਾਸ ਤਰ੍ਹਾਂ ਸੰਕੋਚਕੇ ਅਹਿੱਲ ਬੈਠਦਾ ਹੈ, ਅੱਖਾਂ, ਮੀਟੀ ਰਖਦਾ ਹੈ, ਰਤਾ ਸਰਕ ਦੀ ਆਵਾਜ਼ ਆਵੇ ਤਾਂ ਖੁਹਲਦਾ ਹੈ। ਜੇ ਕੁਛ ਨਾ ਦਿੱਸੇ ਤਾਂ ਅੱਖਾਂ ਮੀਟ ਲੈਂਦਾ ਹੈ, ਜੇ ਦਿੱਸ ਪਵੇ ਚੂਹਾ ਖੁੱਡ ਵਿਚੋਂ ਸਿਰੀ ਬਾਹਰ ਕਢਦਾ ਹੈ, ਤਾਂ ਬਿਜਲੀ ਦੀ ਫੁਰਤੀ ਨਾਲ ਝਪਟਦਾ ਤੇ ਉਸਨੂੰ ਗਿੱਚੀ ਤੋਂ ਨਪੜਕੇ ਖਿੱਚ ਲੈਂਦਾ ਹੈ। ਸੋ ਭਾਈ! ਉਹਨਾਂ ਦੀਆ ਬੈਠਕਾਂ ਸਮਾਧੀਆਂ ਨਹੀਂ ਹੁੰਦੀਆਂ। ਇਸ ਕਰਕੇ ਉਨ੍ਹਾਂ ਨੂੰ 'ਮੰਜਾਰ' ਅਰਥਾਤ 'ਬਿੱਲੇ' ਦੀ ਸਮਾਧੀ ਕਹੀਦਾ ਹੈ। ਮਾਇਆ ਚੂਹੇ ਦੇ ਨਪੜਨੇ ਲਈ 'ਬਿਲਾੜ ਬੈਠਕ ਹੁੰਦੀ ਹੈ। ਇਹ ਤਾਂ ਹੈ ਉਨ੍ਹਾਂ ਦੀ ਹੋਣ ਵਾਲੀ ਅੰਤ੍ਰੀਵ ਹਾਲਤ। ਸਰੀਰ ਛੋੜਕੇ ਵਾਸ਼ਨਾਂ ਅਨੁਸਾਰ ਵਾਸ਼ਨਾ ਰੱਸੀ ਨਾਲ ਬੱਧਿਆਂ ਉਨ੍ਹਾਂ ਦੀ ਭੁਆਟੀ ਜੂਨਾਂ ਵਿਚ ਹੋਵੇਗੀ। ਜੈਸੀ ਜੈਸੀ ਬ੍ਰਿਤੀ ਮਾਯਕ ਵਾਸ਼ਨਾ ਨਾਲ ਹੋ ਗਈ ਹੁੰਦੀ ਹੈ ਵੈਸੀ ਵੈਸੀ ਜੂਨ ਦੇ ਸਰੀਰ ਵਿਚ ਰੁਚੀ ਅਨੁਸਾਰ ਜਾ ਪਹੁੰਚਣਗੇ। ਮਰਕੇ ਓਹ ਸੂਕਰ, ਸੁਆਨ, ਗਰਧਭ, ਮੰਜਾਰ ਜੂਨ ਦਾ ਸੁਆਦ ਚੱਖਣਗੇ। ਜੇ ਓਹ ਮਾਨੁਖ ਸਰੀਰ ਵਿਚ ਆਉਣਗੇ ਤਾਂ ਉਤਮ ਜਨਮ ਨਹੀਂ ਹੋਵੇਗਾ। ਉਹਨਾਂ ਦਾ ਜਨਮ ਮਲੇਛਾਂ ਚੰਡਾਲਾਂ ਆਦਿ ਨੀਚ ਜਾਤੀਆਂ ਤੇ ਨੀਚ ਕਰਮਾਂ ਵਾਲਿਆਂ ਦੇ ਘਰ ਹੋਵੇਗਾ। ਕਿਉਂਕਿ ਓਹ ਮਰਕੇ ਸੁਤੰਤਰ ਨਹੀਂ ਹੋਏ। ਆਪਣੀਆਂ ਕੀਤੀਆਂ ਕਰਤੂਤਾਂ ਦੇ ਸੰਸਕਾਰਾਂ ਤੇ ਲੋਚੀਆਂ ਵਾਸ਼ਨਾਂ ਤੇ ਬਣ ਗਈਆਂ ਰੁਚੀਆਂ ਅਨੁਸਾਰ ਅੰਦਰੋਂ ਪਰਾਈ ਮਾਇਆ ਨੂੰ ਲੋਚਦੇ ਪਰਾਈਆਂ ਮੈਲਾਂ ਚਾਉਂਦੇ ਨਾਮ ਵਿਹੂਣੇ ਨੀਚ ਹੋ ਚੁਕੇ ਹੁੰਦੇ ਹਨ।

ਸੰਤ ਜੀ ਇਥੇ ਆ ਕੇ ਚੁਪ ਹੋ ਗਏ। ਫੇਰ ਇਕ ਲੰਮਾ ਸਾਹ ਲੈ ਕੇ ਬੋਲੇ:-ਸਾਧ ਸੰਗਤ ਜੀ! ਆਓ ਅਸੀਂ ਸਾਰੇ ਗੁਰੂ ਕੀ ਹਜ਼ੂਰੀ ਵਿਚ ਬੈਠੇ ਹੁਣ ਸਮਝ ਲਈਏ ਕਿ ਜੋ ਕੁਛ ਅਸੀਂ ਸੋਚ ਰਹੇ ਹਾਂ ਤੇ ਕਰ ਰਹੇ ਹਾਂ, ਏਹ ਵਾਸ਼ਨਾਂ ਅੰਦਰ ਸੰਸਕਾਰ ਬਣਕੇ ਬਹਿ ਜਾਂਦੀਆਂ ਹਨ। ਉਹੋ ਕੁਛ ਭੋਗਣ ਲਈ ਉਨ੍ਹਾਂ ਹੀ ਭੋਗ ਜਾਮਿਆਂ ਵਿਚ ਲੈ ਜਾਂਦੀਆ ਹਨ। ਅਸੀਂ ਆਪਣੀ ਅਗਲੀ ਹਾਲਤ ਜੋ ਮਰਕੇ ਹੋਣੀ ਹੈ ਤੇ ਫੇਰ ਜਨਮ ਮਿਲਨਾ ਹੈ ਉਹ ਹੁਣ ਆਪ ਘੜ ਰਹੇ ਹਾਂ। ਸੋ ਗੁਰੂ ਕਾ ਉਪਦੇਸ਼ ਸੁਣਕੇ ਹੁਣ ਵੇਲਾ ਹੈ ਹਰੀ ਨਾਮ ਨਾਲ ਉਤਮ ਵਾਸ਼ਨਾ ਵਾਲੇ ਹੋਣ ਦਾ ਤੇ ਫੇਰ ਨਿਰਵਾਸ ਹੋ ਜਾਣ ਦਾ।

ਹੁਣ ਸੰਤ ਜੀ ਚੁਪ ਹੋ ਗਏ। ਇਕ ਖੰਘੂਰਾ ਲੈ ਕੇ ਤੇ ਸਤਿਨਾਮ ਸ੍ਰੀ ਵਾਹਿਗੁਰੂ ਜੀ ਆਖਕੇ ਫੇਰ ਬੋਲੇ:- ਗੁਰੂ ਪ੍ਰੇਮਿਓ! ਉਪਰਲੀ ਵਾਰਤਾਲਾਪ, ਜੋ ਦਾਸ ਨੇ ਵਿਸਥਾਰ ਨਾਲ ਸੁਣਾਈ ਹੈ, ਸ੍ਰੀ ਗੁਰੂ ਜੀ ਨੇ ਐਉਂ ਆਪ ਉਸੇ ਸ਼ਬਦ ਵਿਚ ਲਿਖੀ ਹੈ, ਜਿਸ ਪਉੜੀ ਦਾ ਪਾਠ ਮੈਂ ਫੇਰ ਦੂਹਰੀ ਵੇਰ ਆਪ ਨੂੰ ਸੁਣਾਉਂਦਾ ਹਾਂ:-

*ਸੂਕਰ ਸੁਆਨ ਗਰਧਭ ਮੰਜਾਰਾ॥ ਪਸੂ ਮਲੇਛ ਨੀਚ ਚੰਡਾਲਾ॥*
*ਗੁਰ ਤੇ ਮੁਹੁ ਫੇਰੇ ਤਿਨ੍ ਜੋਨਿ ਭਵਾਈਐ॥ ਬੰਧਨ ਬਾਧਿਆ ਆਈਐ ਜਾਈਐ॥੫॥*

(ਬਿਲ:ਮ:੧:ਅਸ੍ਟ-੨)

ਇਹ ਉਪਦੇਸ ਸੁਣਕੇ ਭਗਤ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਪੁਛਿਆ :- ਹੇ ਗੁਰੋ! ਜੋ ਪੁਰਖ ਸਤਿਗੁਰੂ ਨੂੰ ਮਿਲਕੇ ਸਤਜ ਉਪਦੇਸ਼ ਲੈਕੇ ਨਾਮ ਨੂੰ ਧਾਰਨ ਕਰ ਲੈਂਦੇ ਹਨ ਤੇ ਸਚੇ ਦਿਲ ਨਾਲ ਸਿਮਰਨ ਕਰਦੇ ਤੇ ਗੁਰੂ ਦੇ ਉਪਦੇਸ਼ ਵਿਚ ਲਗ ਨਿਮਰਲ ਕਰਮ ਕਰਨ ਵਿਚ ਯਤਨ ਕਰਦੇ ਹਨ, ਉਹਨਾਂ ਦਾ ਅੰਤ ਕੀਹ ਹੁੰਦਾ ਹੈ? ਤਾਂ ਗੁਰੂ ਜੀ ਬੋਲੇ: ਭਗਤ ਜਨੋ ! ਇਹ ਤਾਂ ਸਿਧੀ ਗਲ ਹੈ। ਗੁਰੂ ਨੂੰ ਕੋਈ ਭੁਖ ਚੇਲੇ ਬਨਾਉਣ ਦੀ ਤੇ ਆਪ ਕੁਛ ਬਣਨ ਦੀ ਨਹੀਂ, ਉਹ ਤਾਂ ਤ੍ਰਿਲੋਕ ਦੀ ਮਾਯਾ ਤੋਂ ਉਦਾਸ ਹੈ ਤੇ ਵਾਹਿਗੁਰੂ ਪ੍ਰੇਮ ਵਿਚ ਮਾਲਾ ਮਾਲ ਹੈ। ਗੁਰੂ ਨੇ ਤਾਂ 'ਦੇਣ' ਦਾ ਸਬਦ ਪੜ੍ਹਿਆ ਹੁੰਦਾ ਹੈ। ਓਹ ਹਰ ਆਏ ਸੁਆਲੀ ਨੂੰ ਦੇਂਦੇ ਹਨ, ਅਰ ਸਭ ਤੋਂ ਉਤਮ ਪਦਾਰਥ ਨਾਮ ਦੇਂਦੇ ਹਨ।


www.sikhbookclub.com

ਰਤਨ ਪਦਾਰਥ ਹੈ ਨਾਮ। ਏਹ ਦੇ ਦਾਤੇ ਹਨ। ਦਾਤਾ ਹੀ ਦੁਖ ਕੱਟ ਸਕਦਾ ਹੈ। ਜਿਸਦੀ ਸੁਰਤ ਵਿਚ ਮਾਇਆ ਦੀ, ਨਾਮਣੇ ਦੀ ਮੰਗ ਹੈ, ਉਹ ਆਪ ਮੰਗਤਾ ਹੈ, ਚਾਹੋ ਧਨ ਪਾਤ੍ਰ ਹੈ, ਸੁਰਤ ਜੁ ਯਾਚਨਾ ਵਿਚ ਹੋਈ।

ਸੋ ਭਾਈ! ਨਾਮ ਪਦਾਰਥ ਪਾਕੇ, ਜੋ ਗੁਰੂ ਦੀ ਆਗਿਆ ਵਿਚ ਨਾਮ ਦੀ ਕਮਾਈ ਕਰਦਾ ਹੈ ਓਹ ਹਰਿ ਧਨ ਪਾ ਲੈਂਦਾ ਹੈ ਤੇ ਅੰਦਰੋਂ ਬਾਹਰੋਂ ਸੁਖੀ ਹੋ ਜਾਂਦਾ ਹੈ। ਉਸਦਾ ਇਹ ਜੀਉਣ ਉਸਨੂੰ ਸੁਆਦਲਾ ਹੋ ਜਾਂਦਾ ਹੈ। ਓਹ ਅਗੋਂ ਨੇਕੀ ਤੇ ਨਾਮ ਵੰਡਦਾ ਹੈ, ਉਸ ਥੋਂ ਜਗਤ ਸੁਖੀ ਹੁੰਦਾ ਹੈ, ਕਿਉਂ ਜੋ ਓਹ ਹਰਿ ਧਨ ਦਾ ਧਨੀ ਹੋ ਗਿਆ ਹੈ। ਸਰੀਰ ਛਡਣ ਮਗਰੋਂ ਓਹ ਹਿਰਦੇ ਵਿਚ ਇਹ ਨਾਮ ਪਦਾਰਥ ਨਾਲ ਲੈ ਕੇ ਜਾਏਗਾ, ਕਿਉਂਕਿ 'ਨਾਮ' ਪ੍ਰਾਪਤ ਹੋਕੇ ਕਮਾਈ ਨਾਲ ਸਦੈਵੀ ਹੋ ਜਾਂਦਾ ਹੈ ਤੇ ਨਾਮੀ ਪੁਰਖ ਸਦਾ ਲਈ ਕ੍ਰਿਤਾਰਥ ਹੋ ਜਾਂਦਾ ਹੈ। ਐਉਂ ਓਹ ਨਾਮ ਨਾਲ ਦਰਗਾਹ ਵਿਚ *"ਸਣ ਨੀਸਾਣੈ"* ਜਾਂਦਾ ਹੈ। ਜੋ ਸਦ ਨੀਸਾਣੇ ਜਾਂਦੇ ਹਨ ਉਨ੍ਹਾਂ ਨੂੰ ਦਰਗਾਹ ਵਿਚ ਕੋਈ ਰੋਕ ਨਹੀਂ ਹੁੰਦੀ। ਰੋਕ ਕਾਹਦੀ? ਉਨ੍ਹਾਂ ਨੂੰ ਪੁੱਛ ਹੀ ਕੋਈ ਨਹੀਂ ਹੁੰਦੀ। ਉਹ ਤਾਂ ਦਰਗਾਹ ਵਿਚ ਪੂਰਨ ਮਿਝਿਆ ਹੋਇਆ ਜਾਂਦਾ ਹੈ, ਹਾਂ, ਉਹ ਦਰਗਾਹ ਵਿਚ ਕਮਾਲ ਨੂੰ ਪਹੁੰਚਾ ਹੋਇਆ ਜਾਂਦਾ ਹੈ।

ਸੰਤ ਜੀ ਨੇ ਫੇਰ ਇਕ ਦੋ ਪਲਾਂ ਚੁਪ ਕਰਕੇ ਆਖਿਆ:- ਸਤਿਨਾਮ ਸ੍ਰੀ ਵਾਹਿਗੁਰੂ! ਜੀਓ ਸਾਧ ਸੰਗਤ ਜੀ! ਇਹ ਜੋ ਵਾਰਤਲਾਪ ਮੈਂ ਸੁਣਾਈ ਹੈ ਸਤਿਗੁਰੂ ਨਾਨਕ ਦੇਵ ਜੀ ਨੇ ਆਪ ਛੇਵੀਂ ਪਉੜੀ ਵਿਚ ਗੁੰਦ ਕੇ ਲਿਖੀ ਹੈ; ਉਸੇ ਸ਼ਬਦ ਵਿਚ ਜੋ ਅਜ ਵਾਕ ਵਿਚ ਆਇਆ ਹੈ, ਉਹ ਪਉੜੀ ਫੇਰ ਸੁਣ ਲਓ:-

*ਗੁਰ ਸੇਵਾ ਤੇ ਲਹੈ ਪਦਾਰਥੁ॥ ਹਿਰਦੈ ਨਾਮੁ ਸਦਾ ਕਿਰਤਾਰਥੁ॥*
*ਸਾਚੀ ਦਰਗਹ ਪੂਛ ਨ ਹੋਇ॥ ਮਾਨੈ ਹੁਕਮੁ ਸੀਝੈ ਦਰਿ ਸੋਇ॥੬॥*

(ਬਿਲ:ਮ:੧:ਅਸ਼੍ਟ-੨)

ਸਤਿਗੁਰ ਜੀ ਦਾ ਇਹ ਵਾਕ ਸੁਣਕੇ ਭਗਤ ਜੀ ਨੇ ਪੁੱਛਣਾ ਕੀਤੀ ਕਿ ਹੇ ਨਿਰੰਕਾਰ ਦੇ ਰੂਪ! ਇਹ ਕਿਰਤਾਰਥ ਅਵਸਥਾ, ਜਿਸ ਨਾਲ ਦਰਗਾਹ ਵਿਚ ਪੁੱਛ ਨਹੀਂ ਹੁੰਦੀ, ਕਿਵੇਂ ਪ੍ਰਾਪਤ ਹੁੰਦੀ ਹੈ ਤਾਂ ਸ੍ਰੀ ਗੁਰੂ ਜੀ ਦੇ ਮੁਖਾਰਬਿੰਦ ਨੇ ਰਤਨ ਵਰਖਾ ਫੇਰ ਕੀਤੀ:- ਹੇ ਭਗਤ ਜਨੋਂ! ਉਹ ਕਿਰਤਾਰਥ ਅਵਸਥਾ ਨਿਰੰਜਨ ਕਰਤਾ ਪੁਰਖ ਨੂੰ ਪਛਾਣਨ ਨਾਲ ਪ੍ਰਾਪਤ ਹੁੰਦੀ ਹੈ। ਇਹ ਦੱਸ ਚੁਕੇ ਹਾਂ ਕਿ ਉਸ ਦੀ ਪਛਾਣ ਨਾਮ ਨਾਲ ਹੁੰਦੀ ਹੈ ਤੇ ਨਾਮ ਸਤਿਗੁਰ ਮਿਲੇ ਤੇ ਮਿਲਦਾ ਹੈ। ਸੋ ਜਦ ਨਾਮ ਪ੍ਰਾਪਤ ਹੋ ਜਾਏ ਤਾਂ ਉਸਦੀ ਘਾਲ ਕਰੇ। ਫਿਰ ਮਨ ਉਜਲ ਹੋਏਗਾ ਤੇ ਉਸ ਨਿਰੰਕਾਰ ਦੇ ਹੁਕਮ ਦੀ ਸੋਝੀ ਹੋ ਆਵੇਗੀ। ਐਸਾ ਪੁਰਖ ਬਾਕੀ ਜੀਵਨ ਫੇਰ ਹੁਕਮ ਪਛਾਣਕੇ ਹੁਕਮ ਵਿਚ ਟੁਰਦਿਆਂ ਬਿਤਾਵੇਗਾ ਤੇ ਸਦਾ ਕਰਤਾ ਪੁਰਖ ਦੀ ਰਜ਼ਾ ਵਿਚ ਟੁਰੇਗਾ। ਜਦ ਹੁਕਮ ਦੀ ਪਛਾਣ ਕਮਾਲ ਨੂੰ ਅੱਪੜਦੀ ਹੈ ਤਾਂ ਉਹਦਾ ਵਾਸਾ ਸੱਚੀ ਦਰਗਾਹ ਵਿਚ ਹੋ ਜਾਂਦਾ ਹੈ, ਨਾ ਕੇਵਲ ਮਰਕੇ, ਓਹ ਜੀਉਂਦੇ ਜੀ ਹੀ ਓਥੋਂ ਦਾ ਵਾਸੀ ਹੋ ਜਾਂਦਾ ਹੈ, ਕਿਉਂਕਿ ਉਸਦਾ 'ਕਾਲ' ਅਰਥਾਤ ਮੌਤ ਤੇ 'ਬਿਕਾਲ' ਅਰਥਾਤ ਜਨਮ ਦੋਏ ਨਾਸ਼ ਹੋ ਚੁਕੇ ਹੁੰਦੇ ਹਨ; ਸ਼ਬਦ ਦੀ ਕਮਾਈ ਕਰਕੇ। ਸ਼ਬਦ ਨਾਲ ਜਨਮ ਮਰਨ ਦੀ ਫਾਹੀ ਤ੍ਰੁਟ ਜਾਂਦੀ ਹੈ*! ਗੁਰੂ ਕੇ ਪਿਆਰਿਓ! ਇਹ ਵਾਰਤਾਲਾਪ ਸ੍ਰੀ ਗੁਰੂ ਜੀ ਨੇ ਅਜ ਵਾਲੇ ਸ਼ਬਦ ਵਿਚ ਐਉਂ ਗੁੰਥਨ ਕੀਤੀ ਹੈ,--

*ਸਤਿਗੁਰੁ ਮਿਲੈ ਤ ਤਿਸ ਕਉ ਜਾਣੈ॥ ਰਹੈ ਰਜਾਈ ਹੁਕਮੁ ਪਛਾਣੈ॥*
*ਹੁਕਮੁ ਪਛਾਣਿ ਸਚੈ ਦਰਿ ਵਾਸੁ॥ ਕਾਲ ਬਿਕਾਲ ਸਬਦਿ ਭਏ ਨਾਸੁ॥੭॥*

(ਬਿਲ:ਮ:੧:ਅਸ਼੍ਟ-੨)

ਹੁਣ ਭਗਤ ਜੀ ਨੇ ਸੀਸ ਨਿਵਾਇਆ ਤੇ ਫੇਰ ਹੱਥ ਜੋੜਕੇ ਅਰਜ਼ੋਈ ਕੀਤੀ:- ਅਸੀਂ ਪਿਛੇ ਭੇਖਾਂ ਦੇ, ਸੰਪ੍ਰਦਾਵਾਂ ਤਯਾਗੀਆਂ ਦੇ ਕਥਨ ਕਰਕੇ ਪੁਛਣਾ ਕੀਤੀ ਸੀ, ਸਾਡੀ ਸਮਝੇ ਪਿਆ ਹੈ ਕਿ

* ਮਨੁ ਮੇਰੋ ਗਜੁ ਜਿਹਵਾ ਮੇਰੀ ਕਾਤੀ॥ ਮਪਿ ਮਪਿ ਕਾਟਉ ਜਮ ਕੀ ਫਾਸੀ (ਆਸਾ ਨਾਮਦੇਵ ਜੀ)


www.sikhbookclub.com

ਆਪ ਨੇ ਬਚਨ ਰਲਵੇਂ ਦੋਹਾਂ ਲਈ ਕੀਤੇ ਹਨ ਕਿ ਚਾਹੋ ਗ੍ਰਿਹਸਤੀ ਹੈ, ਚਾਹੇ ਤਜਾਗੀ ਹੈ, ਨਾਮ ਨੇ ਕਿਰਤਾਰਥ ਅਵਸਥਾ ਦੇਣੀ ਹੈ। ਪਰ ਫੇਰ ਦੁਬਾਰਾ ਪੁੱਛਣ ਨੂੰ ਜੀ ਕਰਦਾ ਹੈ ਕਿ ਕੀ ਇਹ ਉਪਦੇਸ਼ ਗ੍ਰਿਹਸਤੀ ਲਈ ਬੀ ਸੀ? ਤਾਂ ਸ੍ਰੀ ਗੁਰੂ ਜੀ ਬੋਲੇ:-ਭਗਤ ਜਨੋਂ! ਇਹ ਉਪਦੇਸ਼ ਚਹੁੰ ਵਰਨਾਂ ਨੂੰ, ਅਵਰਨਾਂ ਨੂੰ ਹੈ, ਤੁਸਾਂ ਗ੍ਰਿਹਸਤੀ ਲਈ ਖਾਸ ਪੁਛਿਆ ਹੈ; ਸੋ ਇਹ ਹੈ ਉਤਰ:- ਗ੍ਰਿਹਸਤੀ ਉਹ ਹੈ ਜੋ ਕਿਰਤ, ਵਪਾਰ, ਮਜੂਰੀ, ਖੇਤੀ, ਨੌਕਰੀ ਆਦਿ ਕਰਕੇ ਕਮਾਈ ਕਰਦਾ ਹੈ ਤੇ ਪਦਾਰਥ ਵਾਲਾ ਹੁੰਦਾ ਹੈ, ਚਾਹੋ ਥੋੜਾ ਚਾਹੇ ਬਹੁਤਾ। ਚਾਹੋ ਕੁਝ ਨਾ ਕਰੇ ਤੇ ਮਾਤਾ ਪਿਤਾ ਦਾ ਕੱਠਾ ਕੀਤਾ ਮਿਲ ਜਾਵੇ ਸੂ। ਹੁਣ ਜੇ ਉਹ ਕਲਜਾਣ ਚਾਹੁੰਦਾ ਹੈ ਤੇ ਕਿਰਤਾਰਥ ਅਵਸਥਾ ਦਾ ਲੋੜਕੂ ਹੈ ਤਾਂ ਚਾਹੀਦਾ ਹੈ ਕਿ ਉਹ ਪਦਾਰਥਾਂ ਤੇ ਕੁਟੰਬ ਦੇ ਵਿਚ ਵੱਸਦਾ ਮਨ ਨੂੰ ਅਤੀਤ ਰੱਖੇ। ਵਿਚ ਵਸਦਾ ਅਤੀਤ ਕਿਂਵ ਹੋਵੇ? ਇਸਦੀ ਜੁਗਤ ਇਹ ਹੈ:- ਮਾਲ, ਧਨ, ਸੱਜਣ, ਸਾਕ, ਸਭ ਉਸ ਨਿਰੰਕਾਰ ਦੇ ਜਾਣੇ; ਐਥੋਂ ਤਾਂਈਂ ਕਿ ਤਨ ਮਨ ਜੀਉ ਪਿੰਡ ਸਭ ਉਸ ਦੀ ਦਾਤ ਜਾਣੇ। ਜਗਤ ਵਿਚ ਐਉਂ ਰਹੇ ਜਿਵੇਂ ਸਫਰ ਵਿਚ ਕਿਸੇ ਸਰਾਂ ਵਿਚ ਰਹੀਦਾ ਹੈ। ਸਰਾਂ ਵਿਚ ਆਪਣੇ ਸਾਰੇ ਸੁਖ ਲਈ ਪ੍ਰਬੰਧ ਕਰੀਦਾ ਹੈ, ਪਰ ਜਾਣੀਦਾ ਹੈ ਕਿ ਏਥੇ ਸਦਾ ਨਹੀਂ ਰਹਿਣਾ, ਜਿਥੇ ਪਹੁੰਚਣਾ ਹੈ ਤਾਂਘ ਉਥੋਂ ਦੀ ਹੁੰਦੀ ਹੈ। ਸਰਾਂ ਦੇ ਸੁਖ ਦੇ ਸਾਮਾਨ ਕਰਦਾ ਕਦੇ ਸਰਾਂ ਦੇ ਸੁਖਾਂ ਵਿਚ ਗਾਫਲ ਨਹੀਂ ਹੋ ਬਹਿੰਦਾ, ਵਤਨ ਦੀ ਤਾਂਘ ਲਗੀ ਰਹਿੰਦੀ ਹੈ। ਇਹ ਹੈ ਗ੍ਰਿਹਸਤ ਵਿਚ ਅਤੀਤ ਰਹਿਣੇ ਦਾ ਦ੍ਰਿਸ਼ਟਾਂਤ। ਗ੍ਰਿਹਸਤੀ ਸਾਰੇ ਪਦਾਰਥਾਂ ਤੇ ਪਿਆਰਾਂ ਵਿਚ ਬੈਠਾ ਇਹ ਸਮਝੇ ਕਿ ਇਹ ਸਭ ਕੁਛ ਮੇਰੇ ਪਰਮੇਸ਼ਰ ਦਾ ਹੈ ਤੇ ਮੈਂ ਬੀ ਪਰਮੇਸ਼ਰ ਦਾ ਹਾਂ ਤੇ ਮੇਰਾ ਓਹੋ ਪਰਮੇਸ਼ਰ ਹੈ ਹੋਰ ਕੋਈ ਨਹੀਂ। ਉਸ ਪਰਮੇਸ਼ਰ ਨਾਲ ਪਜਾਰ ਕਰਦਿਆਂ ਉਸਦੀ ਹਜ਼ੂਰੀ ਵਾਸਾ ਲੱਭ ਪੈਂਦਾ ਹੈ। ਜੀਉਂਦੇ ਜੀ ਉਸ ਤੋਂ ਵਿਛੁੜਦਾ ਨਹੀਂ, ਆਪੇ ਨਾਲ ਮਿਲਿਆ ਕਰਤਾਰ ਨੂੰ ਉਹ ਸਹੀ ਕਰਨ ਲਗ ਪੈਂਦਾ ਹੈ। ਇਉਂ ਜੀਉਂਦੇ ਜੀ ਕੰਮ ਕਾਜ ਕਰਦਾ ਉਸ ਵਿਚ ਸਮਾਇਆ ਰਹਿੰਦਾ ਹੈ, ਜਦ ਮਰਦਾ ਹੈ ਤਾਂ ਉਸ ਨੇ ਕਿਥੇ ਜਾਣਾ ਹੋਇਆ। ਉਹ ਤਾਂ ਸਦਾ ਸਮਾਇਆ ਰਹਿੰਦਾ ਮਰ ਕੇ ਬੀ ਸਮਾਇਆ ਹੀ ਹੁੰਦਾ ਹੈ। ਉਸਨੂੰ ਕਹਿਣਾ ਕਿ ਕਿਤੇ ਜਾਏਗਾ ਤੇ ਆਵੇਗਾ, ਬਣਦਾ ਨਹੀਂ। ਉਹ ਸਦਾ ਸਮਾ ਰਿਹਾ, ਜੀਉਂਦੇ ਮੋਏ, ਸਮਾਈ ਰੰਗ ਵਿਚ ਹੈ, ਵੱਖ ਹੁੰਦਾ ਹੀ ਨਹੀਂ। ਏਹ ਉਪਦੇਸ਼ ਗੁਰੂ ਜੀ ਨੇ ਅਠਵੇਂ ਅੰਕ ਵਿਚ ਐਉਂ ਉਚਾਰਿਆ ਹੈ; ਸੁਣੋ ਮੈਂ ਫੇਰ ਵਾਚਦਾ ਹਾਂ।

*ਰਹੈ ਅਤੀਤੁ ਜਾਣੈ ਸਭੁ ਤਿਸਕਾ॥ ਤਨੁ ਮਨੁ ਅਰਪੈ ਹੈ ਇਹੁ ਜਿਸਕਾ॥*
*ਨਾ ਓਹੁ ਆਵੈ ਨਾ ਓਹੁ ਜਾਇ॥ ਨਾਨਕ ਸਾਚੇ ਸਾਚਿ ਸਮਾਇ॥੮॥੨॥-੮੩੨*

(ਬਿਲਾ:ਮ:੧:ਅਸ਼ੂ-੨)

ਇਹ ਸੁਣਕੇ ਸਾਰੇ ਭਗਤ ਗੁਰੂ ਦੇ ਚਰਨੀ ਪੈ ਗਏ ਤੇ ਅਰਜ਼ੋਈ ਕੀਤੀ ਕਿ ਸਾਨੂੰ ਨਾਮ ਦਾਨ ਬਖਸ਼ੋ। ਤਦ ਗੁਰੂ ਜੀ ਨੇ ਉਹਨਾਂ ਤੇ ਮੇਹਰ ਕਰਕੇ 'ਨਾਮ' ਬਖਸ਼ਿਆ। ਜਨਮ ਸਾਖੀ ਵਿਚ ਲਿਖਜਾ ਹੈ ਕਿ ਓਹ ਨਾਮ ਜਪਦੇ ਅੰਤ ਪਰਮ ਗਤੀ ਨੂੰ ਪ੍ਰਾਪਤ ਹੋਏ। ਇਹ ਕਹਿਕੇ ਸੰਤ ਜੀ ਨੇ ਕਥਾ ਦੇ ਭੋਗ ਤੇ ਅੰਤ ਵਾਕ ਏਹ ਆਖੇ:-

ਖਾਲਸਾ ਜੀ, ਮਾਈ ਭਾਈ, ਸੰਤ ਗ੍ਰਿਹਸਤੀ ਸਜਣੋ ! ਅਜ ਉਸ ਨੈਣਾਂ ਵਾਲੇ ਸਤਿਗੁਰੂ ਦਾ ਅਵਤਾਰ ਦਿਨ ਹੈ। ਅਜ ਤੁਸਾਂ ਸਤਿਗੁਰਾਂ ਦੇ ਮੁਖਾਰਬਿੰਦ ਤੋਂ ਉਚਰਿਆ ਉਪਦੇਸ ਸੁਣਿਆ ਹੈ। ਇਹੋ ਸਮਝੋ ਕਿ ਅਜ ਸੁਹਣੇ ਬਾਬਲ ਗੁਰੂ ਬਾਬਾ ਸਤਿਗੁਰ ਨਾਨਕ ਦੇਵ ਜੀ ਨੇ ਇਹ ਸ਼ਬਦ ਸਾਨੂੰ ਆਪ ਆਕੇ ਦਿਤਾ ਹੈ। ਇਸਨੂੰ ਧਾਰਨ ਕਰੋ। ਅਜ ਨਾਮ ਧਾਰਨ ਵਾਲੇ ਹੋ ਜਾਓ। ਅੰਮ੍ਰਿਤ ਛਕੋ ਤੇ ਨਾਮ ਬਾਣੀ ਦੀ ਦਾਤ ਸਤਿਗੁਰ ਤੋਂ ਪ੍ਰਾਪਤ ਕਰ ਲਓ। ਨਾਮ ਨੂੰ ਪ੍ਰਾਪਤ ਹੋ ਕੇ ਨਾਮ ਦੀ ਕੀਮਤ ਕੂਤ ਨੂੰ ਹੋਰ ਕੀਮਤੀ ਲਖ ਲਓ। ਇਸ ਬਿਨਾਂ 'ਕਿਰਤਾਰਥ' ਅਵਸਥਾ ਨਹੀਂ ਲੱਭਦੀ। ਇਸਦੇ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਚਰਣ ਸ਼ਰਣ ਬੈਠ ਕੇ ਰੋਜ਼ ਸਚੇ ਗੁਰੂ ਦਾ ਸਤਿਸੰਗ ਕਰੋ, ਰੋਜ਼ ਉਪਦੇਸ ਸੁਣੋ


www.sikhbookclub.com

ਜੋ ਤੁਹਾਡੇ ਅੰਦਰ ਨਾਮ ਪ੍ਰਪੱਕ ਹੁੰਦਾ ਰਹੇ। ਗੁਰਮਤਿ ਸਾਰੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹੈ। ਇਹ ਚਾਨਣ ਦਾਤਾ ਹੈ:-

*'ਗੁਰਬਾਣੀ ਇਸੁ ਜਗ ਮਹਿ ਚਾਨਣੁ॥'*

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਛੱਡਕੇ ਤੁਸੀਂ ਦੈਵੀ ਚਾਨਣੇ ਥੋਂ ਵਾਂਜੇ ਜਾਓਗੇ। ਰੋਜ਼ ਪਾਠ ਕਰੋ, ਵੀਚਾਰੋ, ਕੀਰਤਨ ਸੁਣੋ, ਕਰੋ, ਆਪਣੇ ਦੁਆਲੇ ਜਿੰਨਾ ਹੋ ਸਕੇ ਰੂਹਾਨੀ ਵਾਯੂ ਮੰਡਲ ਬਣਾਓ। ਗ੍ਰਿਹਸਤ ਵਿਚ ਵਸਦੇ, ਵਾਹਿਗੁਰੂ ਨੂੰ ਲਖਦੇ, ਉਸਦੀ ਹਜ਼ੂਰੀ ਵਿਚ ਵੱਸਦੇ ਉਤਮ ਆਚਰਣ, ਨੇਕ ਜੀਵਨ, ਦਾਤਾ ਜੀਵਨ ਬਸਰ ਕਰੋ, ਇਹ ਹੈ ਜੋ ਗੁਰਪੁਰਬ ਮਨਾਉਣਾ ਤੇ ਮਨਾਕੇ ਕਿਰਤਾਰਥ ਹੋ ਜਾਣਾ। ਅੱਜ ਦੇ ਆਏ ਗੁਰੂਵਾਕ ਦੇ ਹਰ ਅੰਗ ਤੇ ਅਮਲ ਕਰੋ।

## ਮੇਰੀ ਅੰਤਮ ਪ੍ਰਾਰਥਨਾਂ

ਸਭ ਮਾਈ ਭਾਈ ਦੀ ਸੇਵਾ ਵਿਚ ਇਹ ਪ੍ਰਾਰਥਨਾ ਹੈ ਕਿ ਆਪਣਾ ਆਚਰਣ ਉਚਾ ਤੇ ਸੁਚਾ ਬਣਾਓ, ਜਿਸ ਨੂੰ ਦੂਜੀ ਬੋਲੀ ਵਿਚ ਕਹੀਦਾ ਹੈ ਕਿ ਆਪਣਾ 'ਕੈਰੈਕਟਰ' (Character) ਉਚਾ ਸੁਚਾ ਬਣਾਓ। ਕੈਰੈਕਟਰ ਨੀਹਾਂ ਹਨ, ਜਿਨ੍ਹਾਂ ਤੇ ਨਾਮ ਦਾ ਮਹੱਲ ਉਸਰਦਾ ਹੈ। ਨੀਹਾਂ ਤੇ ਮਹੱਲ ਦੁਇ ਵਸਤਾਂ ਬਾਣੀ ਦੇ 'ਪਾਠ' 'ਵੀਚਾਰ' ਨਾਲ ਪ੍ਰਾਪਤ ਹੁੰਦੀਆਂ ਹਨ। ਗੁਰਬਾਣੀ ਕੈਰੈਕਟਰ ਦਾ ਉਪਦੇਸ਼ ਤੇ ਉਤਸ਼ਾਹ ਬਖਸ਼ਦੀ ਹੈ।

*ਇਹ ਬਾਣੀ ਜੋ ਜੀਅਹੁ ਜਾਣੈ ਤਿਸੁ ਅੰਤਰਿ ਰਵੈ ਹਰਿ ਨਾਮਾ॥* (ਬਿਲਾਵਲ ਮ: ੩-੪)

*ਸ੍ਰੀ ਵਾਹਿਗੁਰੂ ਜੀ ਕਾ ਖਾਲਸਾ ਸ੍ਰੀ ਵਾਹਿਗੁਰੂ ਜੀ ਕੀ ਫਤਹ॥*

॥ ਇਤੀ ॥

## ਸੰਤ ਬਿਮਲਾ ਸਿੰਘ ਭਾਗ ਪਹਿਲਾ ਸਮਾਪਤ


www.sikhbookclub.com